


ਪਰਤਖੁ ਹਰਿ
ਸਤਿਬੀਰ ਸਿੰਘ

Sri Satguru Jagjit Singh Ji eLibrary NamdhariElibrary@gmail.com

੨

# ਪਰਤਖੵ ਹਰਿ

Sri Satguru Jagjit Singh Ji eLibrary NamdhariElibrary@gmail.com

# ਪਰਤਖੁ ਹਰਿ

(ਜੀਵਨੀ ਗੁਰੂ ਅਰਜਨ ਦੇਵ ਜੀ)

www.archive.org/details/namdhari

ਸਤਿਬੀਰ ਸਿੰਘ

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ-144008

Sri Satguru Jagjit Singh Ji eLibrary NamdhariElibrary@gmail.com

*Partakh Har*
*(Life of Guru Arjan Dev Ji)*

by PRINCIPAL SATBIR SINGH

Published by :
New Book Co., Mai Hiran Gate, Jalandhar. Ph : 2280045, 3093190, 2284325

www.archive.org/details/namdhari

ਪਹਿਲੀ ਵਾਰ : 1977, ਦੂਜੀ ਵਾਰ : 1982, ਤੀਜੀ ਵਾਰ : 1985, ਚੌਥੀ ਵਾਰ : 1991,
ਪੰਜਵੀਂ ਵਾਰ : 1995, ਛੇਵੀਂ ਵਾਰ : 2000, ਸਤਵੀਂ ਵਾਰ : 2005

ਮੁੱਲ : 85 ਰੁਪਏ

ਪ੍ਰਕਾਸ਼ਕ : ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
Ph : 2280045, 3093190, 2284325
Fax : 0181-2234081
E-mail : newbookco@hotmail.com

ਛਾਪਕ : ਸਹਿਗਲ ਪ੍ਰਿੰਟਰਜ਼, ਦੁਆਬਾ ਚੌਕ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ ਸ਼ਹਿਰ।

www.archive.org/details/namdhari

ਸੁੰਦਰੀ, ਸਿਮਰਨ ਅਤੇ ਹਰਿਕੀਰਤ

ਨੂੰ

ਇਸ ਆਸ ਅਤੇ ਅਰਦਾਸ

ਨਾਲ

ਕਿ ਮਾਤ ਭਾਨੀ ਜੀ ਦੀ ਅਸੀਸ

ਮਿਲੇ

Sri Satguru Jagjit Singh Ji eLibrary NamdhariElibrary@gmail.com

# ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ

## (ਚੌਥਾ ਐਡੀਸ਼ਨ ਛਪ ਆਉਣ 'ਤੇ)

ਗੁਰੂ ਅਰਜਨ ਦੇਵ ਜੀ ਐਸੇ ਗੁਰ ਪਾਤਸ਼ਾਹ ਹਨ ਜਿਨ੍ਹਾਂ ਦਾ ਜਨਮ ਹੀ ਗੁਰ ਵਾਤਾਵਰਣ ਵਿਚ ਹੋਇਆ। ਪਲੇ ਨਾਨਾ ਗੁਰੂ ਅਮਰ ਦਾਸ ਜੀ ਦੀ ਗੋਦੀ ਅਤੇ ਪਰਵਾਨ ਪਿਤਾ ਗੁਰੂ ਰਾਮ ਦਾਸ ਜੀ ਪਾਸ ਰਹਿ ਚੜ੍ਹੇ। ਪੰਚਮ ਪਿਤਾ ਦੀ ਕਰਣੀ ਦੇਖ ਹੀ ਭਟ ਕਲਸਹਾਰ ਨੇ ਕਹਿਆ ਸੀ :

**ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ।**

ਗੁਰੂ ਨਾਨਕ ਦੇਵ ਜੀ ਨੇ ਬਸੰਤ ਰਾਗ ਵਿਚ ਫ਼ਰਮਾਇਆ ਹੈ ਕਿ ਸੰਸਾਰ ਨੂੰ ਅਜੇ ਤੱਕ ਇਹ ਸੂਝ ਨਹੀਂ ਆਈ ਕਿ ਅੰਦਰ ਅਗਨ ਹੁੰਦੇ ਵੀ ਖਿੜਨਾ ਕਿਵੇਂ ਹੈ? ਸਾਗਰ ਵਰਗਾ ਵਿਸ਼ਾਲ ਹੋ ਕੇ ਸਾਮੰਚੇ ਕਿਵੇਂ ਰਹਿਣਾ ਹੈ ਅਤੇ ਤਪਸ਼ ਦੇ ਸੋਮੇ ਲਾਗੇ ਰਹਿ ਸੀਤਲਤਾ ਕਾਇਮ ਕਿਵੇਂ ਰੱਖਣੀ ਹੈ :

**ਭੀਤਰਿ ਅਗਨਿ ਬਨਾਸਪਤਿ ਮਉਲੀ**
**ਸਾਗਰੁ ਪੰਡੈ ਪਾਇਆ।**
**ਚੰਦੁ ਸੂਰਜੁ ਦੁਇ ਘਰ ਹੀ ਭੀਤਰਿ**
**ਐਸਾ ਗਿਆਨੁ ਨ ਪਾਇਆ।**

ਇਸ ਗਿਆਨ ਦੇ ਪਾਵਣਹਾਰੇ ਦੀ ਪਰਤੱਖ ਮੂਰਤ 'ਪਰਤਖ੍ਯ ਹਰਿ' ਗੁਰੂ ਅਰਜਨ ਦੇਵ ਜੀ ਹੀ ਸਨ।

ਕਿਹੜਾ ਸੀ ਜੋ ਤੱਤਾ ਨਹੀਂ ਹੋਇਆ। ਜ਼ਰਾ ਤੱਕੋ ਖਾਂ! ਜਹਾਂਗੀਰ ਤੱਤਾ। ਸ਼ਹਿਜ਼ਾਦਾ ਖ਼ੁਰੱਮ (ਸ਼ਾਹਜਹਾਨ) ਗਰਮ। ਮੁੱਲਾਂ ਤੱਤੇ।

ਭਗਤ ਕਾਨ੍ਹਾ ਵਰਗੇ ਅੱਗ ਬਗੋਲੇ। ਅਨਾਇਤ ਖ਼ਾਂ ਤੱਤਾ। ਕੁਲੀਜ ਖ਼ਾਂ ਗਰਮ। ਸੁਲਹੀ ਤੱਤਾ। ਸੁਲਬੀ ਉਬਲਿਆ ਹੋਇਆ। ਵੱਡਾ ਭਰਾ ਪ੍ਰਿਥੀ ਚੰਦ ਤੱਤਾ। ਭਰਜਾਈ ਕਰਮੋ ਤੱਤੀ। ਮਹੀਨਾ ਜੇਠ ਦਾ ਤੱਤਾ। ਅੱਗ ਤੱਤੀ। ਪਾਣੀ ਉਬਲਦਾ। ਦੇਗ ਉਬਾਲੇ ਖਾਂਦੀ। ਰੇਤ ਤੱਤੀ। ਰੇਤ ਪਾਉਣ ਵਾਲਾ ਭੜਭੂੰਜਾ ਤੱਤਾ। ਇਥੋਂ ਤੱਕ ਕਿ ਮੀਆਂ ਮੀਰ ਵਰਗਾ ਵੀ ਤੱਤਾ ਹੋ ਗਿਆ ਪਰ ਸਿਰਫ਼ ਜੇ ਕੋਈ ਠੰਡਾ ਹੈ ਤਾਂ ਗੁਰੂ ਅਰਜਨ ਦੇਵ ਜੀ।

ਸੋ ਮੈਂ ਮਹਿਸੂਸ ਪਿਆ ਕਰਦਾ ਹਾਂ ਕਿ ਅੱਜ ਦੇ ਝੁਲਸੇ ਹੋਏ ਮਾਹੌਲ ਵਿਚ ਜੇ ਪੂਰਨ ਧਿਆਨ ਦੇਹ ਕੋਈ ਜੀਵਨੀ ਪੜ੍ਹਨ ਦੀ ਲੋੜ ਹੈ ਤਾਂ ਉਹ ਪੰਜਵੇਂ ਪਾਤਸ਼ਾਹ ਦੀ ਹੈ। ਉਨ੍ਹਾਂ ਦੀ ਜੀਵਨੀ ਹੀ ਸਾਨੂੰ ਰਾਹ ਦੱਸਦੀ ਹੈ ਕਿ ਜਦ ਸਭ ਤੱਤ ਵਿਰੋਧੀ ਹੋ ਜਾਣ ਤਾਂ ਸਹਿਜ ਕਿਵੇਂ ਰੱਖਣਾ ਹੈ।



Sri Satguru Jagjit Singh Ji eLibrary NamdhariElibrary@gmail.com

ਅੱਜ 'ਪਰਤਖ੍ ਹਰਿ' ਦੀ ਚੌਥੀ ਐਡੀਸ਼ਨ ਨਵੇਂ ਵਾਧਿਆਂ ਤੇ ਸੋਧਾਂ ਨਾਲ ਪਾਠਕਾਂ ਹੱਥ ਦੇ ਕੇ ਮੈਨੂੰ ਬੜੀ ਤਸੱਲੀ ਹੋ ਰਹੀ ਹੈ।

ਮੈਨੂੰ ਇਹ ਦੱਸ ਲਿਖ ਪ੍ਰਸੰਨਤਾ ਹੋ ਰਹੀ ਹੈ ਕਿ ਭਾਸ਼ਾ ਵਿਭਾਗ ਪੰਜਾਬ ਨੇ ਸ਼੍ਰੋਮਣੀ ਲੇਖਕ ਦਾ ਸਨਮਾਨ ਤੇ ਇੱਕੀ ਹਜ਼ਾਰ ਦਾ ਜੋ ਪੁਰਸਕਾਰ ਦਿੱਤਾ ਹੈ, ਇਹ ਗੁਰ-ਜੀਵਨੀਆਂ ਦਾ ਸਤਿਕਾਰ ਤਾਂ ਹੈ ਹੀ ਪਰ ਨਾਲ ਪ੍ਰੇਰਨਾ ਵੀ ਹੈ ਕਿ ਗੁਰੂ ਦਰ ਦਾ ਢਾਡੀ ਬਣ ਗੁਣ ਗਾਂਦਾ ਰਵ੍ਹਾਂ।

ਗੁਰੂ ਗ੍ਰੰਥ ਸਾਹਿਬ ਦੇ ਸਾਰ ਵਿਸਥਾਰ ਨੂੰ ਭਾਵੇਂ ਪੂਰਨ ਪਹਿਲ ਦੇ ਰਿਹਾ ਹਾਂ ਪਰ ਫਿਰ ਵੀ ਕੁਝ ਹੋਰ ਕਾਰਜ ਧਿਆਨ ਖਿੱਚ ਹੀ ਲੈਂਦੇ ਹਨ। 'ਕਥਾ ਪੁਰਾਤਨ ਇਉਂ ਸੁਣੀ' ਦੀਆਂ ਬਾਕੀ ਚਾਰ ਜਿਲਦਾਂ ਅਗਲੇ ਦੋ ਸਾਲਾਂ ਵਿਚ ਲਿਖ ਛਾਪ ਦੇਣ ਦਾ ਪੱਕਾ ਇਰਾਦਾ ਹੈ। ਸਚਿਤ੍ਰ ਗੁਰ ਜੀਵਨੀਆਂ ਵੀ ਪੂਰਨ ਕਰਨੀਆਂ ਹਨ। ਸਰੀਰ ਨੂੰ ਵੀ ਕੁਝ ਖੇਚਲ ਹੋਈ ਹੈ ਪਰ ਅਰਦਾਸ ਹੈ ਕਿ ਵਾਹਿਗੁਰੂ ਮਿਹਰ ਦੀ ਦ੍ਰਿਸ਼ਟੀ ਪਾ ਕੇ ਸਾਰੇ ਕਾਰਜ ਸਿਰੇ ਚੜ੍ਹਾਈ ਜਾਵੇ ਅਤੇ ਹਉਂ ਦਾ ਦਾਅ ਨਾ ਪੈਣ ਦੇਵੇ।

ਤੇਰੇ ਭਰੋਸੈ ਪਿਆਰੇ ਮੈ ਲਾਡ ਲਡਾਇਆ।
ਭੂਲਹਿ ਚੂਕਹਿ ਬਾਰਿਕ, ਤੂੰ ਹਰਿ ਪਿਤਾ ਮਾਇਆ।

ਜੂਨ ੧੫, ੧੯੯੧ —ਸਤਿਬੀਰ ਸਿੰਘ
ਪਟਿਆਲਾ।



Sri Satguru Jagjit Singh Ji eLibrary NamdhariElibrary@gmail.com

# ਤੀਜੇ ਐਡੀਸ਼ਨ ਸਬੰਧੀ

'ਪਰਤਖ੍ਹ ਹਰਿ' ਦਾ ਦੂਜਾ ਐਡੀਸ਼ਨ ਪਾਠਕਾਂ ਦੀ ਮੰਗ ਕਾਰਨ ਉਸੇ ਤਰ੍ਹਾਂ ਛਾਪ ਦਿੱਤਾ ਸੀ ਅਤੇ ਤੀਜੇ ਨੂੰ ਵੀ ਉਵੇਂ ਹੀ ਛਾਪਣ ਲਈ ਜ਼ੋਰ ਪੈ ਰਹਿਆ ਸੀ, ਪਰ ਮੈਂ ਸਮਝਦਾ ਸਾਂ ਕਿ ਵਾਧੇ ਕਰਨੇ ਜ਼ਰੂਰੀ ਹਨ। ਖ਼ਾਸ ਕਰ **ਸ੍ਰੀ ਹਰਿਮੰਦਰ ਸਾਹਿਬ ਦੀ ਅਸਥਾਪਣਾ, ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝਣ ਦਾ ਬ੍ਰਿਤਾਂਤ** ਅਤੇ ਸ਼ਹੀਦੀ ਦੇ ਅਧਿਆਇ ਨੂੰ ਨਵੀਆਂ ਲੱਭਤਾਂ ਦੀ ਰੌਸ਼ਨੀ ਵਿਚ ਸੋਧ ਕੇ ਲਿਖਣਾ ਅਵੱਸ਼ ਸੀ।

ਸੇਂਟ ਜੈਰੋਮ ਜ਼ੇਵੀਅਰ ਨੇ ਜੋ 25 ਸਤੰਬਰ 1606 ਈ: ਨੂੰ ਸ਼ਹਾਦਤ ਤੋਂ ਤਕਰੀਬਨ ਚਾਰ ਮਹੀਨਿਆਂ ਪਿੱਛੋਂ ਲਿਖਿਆ, ਬੜਾ ਭਾਵ-ਪੂਰਤ ਹੈ। ਉਸਨੂੰ ਤਰਜਮੇ ਸਮੇਤ ਸ਼ਾਮਲ ਕੀਤਾ ਹੈ। ਟਾਈਟਲ ਵੀ ਹੋਰ ਦਿਲ-ਖਿੱਚਵਾਂ ਬਣਵਾਇਆ ਹੈ। ਆਸ ਹੈ ਕਿ ਪਾਠਕ ਇਸ ਐਡੀਸ਼ਨ ਨੂੰ ਪਹਿਲੇ ਜਿਤਨਾ ਹੀ ਆਦਰ ਦੇਣਗੇ।

ਗੁਰੂ ਗ੍ਰੰਥ ਸਾਹਿਬ ਦੇ ਸਾਰ-ਵਿਸਥਾਰ ਦੀ ਪਹਿਲੀ ਜਿਲਦ ਛਪਣ ਉਪਰੰਤ ਸਨੇਹ-ਸੁਨੇਹਾ ਹਰ ਪਾਸੋਂ ਮਿਲ ਰਹਿਆ ਹੈ ਕਿ ਰਹਿੰਦੀਆਂ ਵੀ ਛੇਤੀ ਹੀ ਛਾਪਣ ਦਾ ਉਪਰਾਲਾ ਕਰਨਾ। ਸਾਰਾ ਧਿਆਨ ਉਧਰ ਹੀ ਹੈ ਅਤੇ ਪੂਰਨ ਯਕੀਨ ਹੈ ਕਿ ਦੂਜੀ ਜਿਲਦ 'ਸਿਰੀ ਰਾਗ ਸੰਪੂਰਣ', ਇਸੇ ਸਾਲ ਪਾਠਕਾਂ ਦੇ ਹੱਥ ਆ ਜਾਵੇਗੀ। ਨਾਲ ਇਹ ਵੀ ਕੋਸ਼ਿਸ਼ ਹੈ ਕਿ ਜਿਨ੍ਹਾਂ ਹੋਰ ਪੁਸਤਕਾਂ ਦੇ ਖਰੜੇ ਮੁਕੰਮਲ ਹਨ, ਉਹ ਵੀ ਛਾਪ ਦਿੱਤੀਆਂ ਜਾਣ ਤਾਂ ਕਿ ਸਿੱਖੀ ਦੇ ਮੁੱਢਲੇ ਸਿਧਾਂਤਾਂ ਬਾਰੇ ਸੰਕੁਚਵੇਂ ਢੰਗ ਵਿਚ ਵੀ ਪਤਾ ਲਗਦਾ ਰਹੇ। ਗੁਰੂ ਮਿਹਰ ਦਾ ਹੱਥ ਸਿਰ 'ਤੇ ਰੱਖੇ :

**ਤੁਝ ਹੀ ਕੀਆ ਜੰਮਣ ਮਰਣਾ ॥**
**ਗੁਰ ਤੇ ਸਮਝ ਪੜੀ ਕਿਆ ਡਰਣਾ ॥**

ਪਹਿਲਗਾਮ — ਦਾਸ—

ਜੂਨ ੨੯, ੧੯੮੫ — ਸਤਿਬੀਰ ਸਿੰਘ



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਆਪੇ ਤਰਸੁ ਪਇਓਈ

'ਪਰਤਖੁ ਹਰਿ' ਜੀਵਨੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਪੂਰਣ ਹੋਣ 'ਤੇ ਇਹ ਹੀ ਕਹਿਣਾ ਹੈ : ਨਿਰਗੁਨਿਆਰੇ ਕੋ ਗੁਣ ਨਾਹੀ ਆਪੇ ਤਰਸੁ ਪਇਓਈ, ਤਰਸ ਪਇਆ ਮਿਹਰਾਮਤ ਹੋਈ' ਅਤੇ ਪੰਚਮ ਪਿਤਾ ਦੀ ਸਾਖੀ ਮੁਕੰਮਲ ਹੋਈ। ਜੀਵਨੀ ਲਿਖਦਿਆਂ, 'ਆਖਣ ਵਾਲਾ ਕਿਆ ਵੇਚਾਰਾ। ਸਿਫਤੀ ਭਰੇ ਤੇਰੇ ਭੰਡਾਰਾ', ਦੀਆਂ ਤੁਕਾਂ ਹੀ ਮੁੜ-ਮੁੜ ਸਾਹਮਣੇ ਆਉਂਦੀਆਂ ਰਹੀਆਂ। ਕਵੀ ਭਾਈ ਸੰਤੋਖ ਸਿੰਘ ਜੀ ਨੇ ਇਕ ਥਾਵੇਂ ਲਿਖਿਆ ਹੈ ਕਿ ਐਸਾ ਅਚਰਜ ਰੂਪ ਧਾਰ ਕੇ ਗੁਰੂ ਅਰਜਨ ਦੇਵ ਜੀ ਜਗਤ ਵਿਚ ਆ ਕੇ ਪ੍ਰਕਾਸ਼ ਦੇ ਰਹੇ ਹਨ ਕਿ ਪ੍ਰਮਾਣ ਨਹੀਂ ਜਾਣਿਆ ਜਾ ਸਕਦਾ ਕਿ ਆਪ ਦੇ ਪ੍ਰਕਾਸ਼ ਦਾ ਕਿਤਨਾ ਕੁ ਵਿਸਥਾਰ ਹੈ :

'ਅਰਜ ਨ ਜਾਨਯੋ ਜਾਇ ਕੇਤੋ ਹੈ ਬਿਥਾਰ ਤੇਰੋ
ਐਸੋ ਰੂਪ ਧਾਰਿ ਆਏ ਰਾਜੈ ਗੁਰ ਅਰਜਨ'

ਜਿਉਂ-ਜਿਉਂ ਮੈਂ ਗੁਰ-ਇਤਿਹਾਸ, ਗੁਰ-ਜੀਵਨੀਆਂ ਅਤੇ ਗੁਰ-ਗਾਥਾ ਲਿਖ ਰਹਿਆ ਹਾਂ, ਇਹ ਖ਼ਿਆਲ ਪਰਪੱਕ ਹੋਈ ਜਾ ਰਹਿਆ ਹੈ ਕਿ ਗੁਰ-ਸਾਖੀ ਦੇ ਚਾਨਣ ਬਿਨਾਂ ਰਾਹ ਸੁਖਾਲਾ ਨਹੀਂ ਹੁੰਦਾ। ਮਹਲੇ ਪੰਜਵੇਂ ਦੀ ਹੀ ਤੁਕ ਹੈ :

'ਗੁਰ ਸਾਖੀ ਕਾ ਉਜੀਆਰਾ।
ਤਾਂ ਮਿਟਿਆ ਸਗਲ ਅੰਧਾਰਾ।'

ਕਿਤਨੀਆਂ ਹੀ ਗੁੰਝਲਾਂ, ਰਮਜ਼ਾਂ ਗੁਰੂ ਦੇ ਬਚਨ ਖੋਲ੍ਹ ਦੇਂਦੇ ਹਨ ਅਤੇ ਕਿਤਨੀਆਂ ਹੀ ਅਟਕਾਂ ਹਟ ਜਾਂਦੀਆਂ ਹਨ। ਇਕ ਉਦਾਹਰਣ ਇਥੇ ਦੇਣੀ ਚੋਖੀ ਉਚਿਤ ਰਹੇਗੀ। ਗੁਰੂ ਅਰਜਨ ਜੀ ਕੋਲੋਂ ਭਾਈ ਜੋਧਾ ਨਾਮ ਦੇ ਇਕ ਸਿੱਖ ਨੇਂ ਪੁੱਛਿਆ ਕਿ ਬਾਣੀ ਪੜ੍ਹਦਿਆਂ ਮਨ ਨਹੀਂ ਠਹਿਰਦਾ, ਇਹ ਚਿੰਤਾ ਖਾਈ ਜਾਂਦੀ ਹੈ। ਮਹਾਰਾਜ ਨੇ ਬਚਨ ਕੀਤਾ, 'ਅੱਗੇ ਤਾਂ ਤੁਸੀਂ ਮਨ ਦੇ ਸੁਭਾਅ ਨੂੰ ਨਹੀਂ ਸੀ ਜਾਣਦੇ, ਹੁਣ ਤਾਂ ਵਾਕਫ਼ ਹੋ ਗਏ ਹੋ—ਜਦ ਜਾਣ ਗਏ ਕਿ ਮਨ ਨਹੀਂ ਠਹਿਰਦਾ ਤਾਂ ਉਪਰਾਲਾ ਵੀ ਕਰੋਗੇ।' ਪਈ ਪੀਡੀ ਗੰਢ ਇਕ ਬਚਨ ਨਾਲ ਹੀ ਖੋਲ੍ਹ ਦਿੱਤੀ।

ਸ਼ਹਾਦਤ ਲਿਖਣ ਵੇਲੇ ਹਰ ਲੱਭਤ, ਲਿਖਤ ਅਤੇ ਸਰੋਤ ਨੂੰ ਵਾਚ ਕੇ ਹੀ ਨਿਰਣੇ ਲਏ ਹਨ। ਮੈਨੂੰ ਵਿਸ਼ਵਾਸ ਹੈ ਕਿ ਪਾਠਕ ਇਸ ਪੁਸਤਕ ਨੂੰ ਵੀ ਪਹਿਲੀਆਂ ਵਾਂਗ ਹੀ ਪਿਆਰ ਦੇਣਗੇ। 'ਪਰਬਤੁ ਮੇਰਾਣੁ' (ਜੀਵਨੀ ਗੁਰੂ ਅਮਰ ਦਾਸ ਜੀ) ਵੀ ਤਿਆਰ ਹੈ ਅਤੇ ਉਸ ਨੂੰ ਛਾਪ ਕੇ ਤੀਜੇ ਪਾਤਸ਼ਾਹ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ (੧੯੭੯) ਤੋਂ ਪਹਿਲਾਂ ਹੀ ਭੇਟ ਕਰ ਕੇ ਪਾਠਕਾਂ ਦੀ ਖ਼ੁਸ਼ੀ ਲਵਾਂਗਾ।

ਸਰਦਾਰ ਇੰਦਰਜੀਤ ਸਿੰਘ ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ ਇਨ੍ਹਾਂ ਜੀਵਨੀਆਂ ਦੇ



Sri Satguru Jagjit Singh Ji eLibrary NamdhariElibrary@gmail.com

ਕਾਰਜ ਨੂੰ ਛੇਤੀ ਮੁਕਾਉਣ ਦੀ ਸਦਾ ਪ੍ਰੇਰਨਾ ਦਿੰਦੇ ਰਹਿੰਦੇ ਹਨ ਤਾਂ ਕਿ ਗੁਰੂ ਗ੍ਰੰਥ ਸਾਹਿਬ ਦੇ ਸਾਰ-ਵਿਸਥਾਰ ਦਾ ਕਾਰਜ ਹੱਥੀਂ ਲੈ ਕੇ ਨੇਪਰੇ ਚੜ੍ਹਾ ਸਕਾਂ। ਕਿਰਤ ਸੁਤੰਤਰ ਹੋਈ ਹੈ। ਪੂਰਨ ਆਸ ਹੈ ਕਿ ਅਗਲੇ ਦੋ ਸਾਲਾਂ ਵਿਚ ਦਸ ਗੁਰੂ ਸਾਹਿਬਾਨ ਦੀਆਂ ਪਾਵਨ ਜੀਵਨੀਆਂ ਛਪ ਕੇ ਤਿਆਰ ਹੋ ਜਾਣਗੀਆਂ। ਛੇ ਛਪ ਕੇ ਪਾਠਕਾਂ ਹੱਥੀਂ ਪੁੱਜ ਚੁੱਕੀਆਂ ਹਨ। ਸੰਪੂਰਨ ਹੋਣ 'ਤੇ ਦਸ ਜਿਲਦਾਂ ਵਿਚ ਤਕਰੀਬਨ, ਦੋ ਹਜ਼ਾਰ ਤਿੰਨ ਸੌ ਸਫ਼ਾ ਹੋ ਜਾਏਗਾ। ਗੁਰੂ-ਥਾਪੀ ਦੀ ਹੀ ਇਹ ਰਹਿਮਤ ਹੈ।

ਮੈਨੂੰ ਇਹ ਲਿਖਣ ਵਿਚ ਸਦਾ ਪ੍ਰਸੰਨਤਾ ਹੁੰਦੀ ਹੈ ਕਿ ਪਹਿਲਗਾਮ ਜਾ ਕੇ ਮਹੀਨਿਆਂ ਦਾ ਕਾਰਜ ਦਿਨਾਂ ਵਿਚ ਹੋ ਜਾਂਦਾ ਹੈ। ਇਕ ਤਾਂ ਉਥੇ ਇਕਾਂਤ ਹੈ ਅਤੇ ਦੂਜੇ ਵੀਰ ਨਰਿੰਦਰ ਜੀ, ਅੰਮੀ ਜੀ ਅਤੇ ਭਾਪਾ ਜੀ ਅਜਿਹਾ ਸੁਖਾਵਾਂ ਵਾਤਾਵਰਣ ਬਣਾ ਦਿੰਦੇ ਹਨ ਕਿ ਕਲਮ ਰੁਕਦੀ ਹੀ ਨਹੀਂ। ਇਹ ਪੁਸਤਕ ਵੀ ਉੱਥੇ ਹੀ ਲਿਖੀ ਹੈ।

ਸਰਦਾਰ ਮਹਿਤਾਬ ਸਿੰਘ ਨੂੰ ਭਾਵੇਂ ਸੁਘੜ, ਸੁਚੱਜੇ ਅਤੇ ਜਵਾਨੀਆਂ ਮਾਣਦੇ ਬੇਟੇ ਸਰਦਾਰ ਹਰਜੀਤ ਸਿੰਘ ਦੇ ਕਾਰ ਹਾਦਸੇ ਵਿਚ ਅਚਾਨਕ ਅਕਾਲ-ਚਲਾਣੇ ਨਾਲ ਅਕਹਿ, ਅਸਹਿ ਸੱਟ ਵੱਜੀ ਹੈ, ਪਰ ਉਨ੍ਹਾਂ ਨੇ ਭਾਣੇ ਨੂੰ ਮਿੱਠਾ ਕਰ ਜਾਣ ਹੌਸਲਾ ਰੱਖਿਆ। ਇਸ ਪੁਸਤਕ ਦੀ ਛਪਵਾਈ ਵਿਚ ਵੀ ਢਿੱਲ ਨਾ ਪੈਣ ਦੇਣੀ ਉਨ੍ਹਾਂ ਦੇ ਦ੍ਰਿੜ੍ਹ ਚਿੱਤ ਦੀ ਹੀ ਉਦਾਹਰਣ ਹੈ। ਮੇਰੀ ਇਹ ਹੀ ਅਰਦਾਸ ਹੈ ਕਿ ਕਿਸੇ ਬਾਪ ਨੂੰ ਜਵਾਨ ਬੱਚੇ ਦਾ ਦੁੱਖ ਨਾ ਦਿਖਾਏ ਅਤੇ ਜੇ ਭਾਣਾ ਵਰਤਾਉਣਾ ਹੀ ਸੂ ਤਾਂ ਆਤਮਕ ਬਲ ਵੀ ਅਥਾਹ ਦਾ ਬਖ਼ਸ਼ੇ।

ਮੇਰੀਆਂ ਸਭ ਪੁਸਤਕਾਂ ਦੇ, ਸਿਵਾਇ ਦੋ ਤੋਂ, ਟਾਈਟਲ ਸਰਦਾਰ ਦਲੀਪ ਸਿੰਘ ਦੇ ਬੁਰਸ਼ਾਂ ਨੇ ਬਣਾਏ ਹਨ। ਉਹ ਵੀ ਇਸ ਸਾਲ ਗੁਰੂ-ਪਿਆਰੇ ਹੋ ਗਏ ਹਨ। ਮੈਂ ਢੂੰਡ-ਭਾਲ ਵਿਚ ਹੀ ਹਾਂ ਕਿ ਇਹ ਕਾਰਜ ਕਿਸਨੂੰ ਸੌਂਪਾਂ। ਇਸ ਪੁਸਤਕ ਦਾ ਟਾਈਟਲ ਇਕ ਉਭਰਦੇ ਆਰਟਿਸਟ ਸ੍ਰੀ ਬੋਧ ਰਾਜ ਨੇ ਬਣਾਇਆ ਹੈ। ਚੰਗੀਆਂ ਛੁਹਾਂ ਦਿੱਤੀਆਂ ਹਨ। ਆਸ ਕਰਦਾ ਹਾਂ ਕਿ ਇਹ ਕਲਮ ਵੀ ਸਲਾਹੀ ਜਾਏਗੀ।

ਪੁਸਤਕ ਮੈਂ ਆਪਣੀਆਂ ਬੱਚੀਆਂ ਸੁੰਦਰਜੀਤ ਕੌਰ, ਸਿਮਰਨ ਕੌਰ ਅਤੇ ਹਰਕੀਰਤ ਕੌਰ ਨੂੰ ਇਸ ਆਸ ਤੇ ਅਰਦਾਸ ਨਾਲ ਭੇਟ ਕਰ ਰਹਿਆ ਹਾਂ ਕਿ ਉਨ੍ਹਾਂ ਨੂੰ ਮਾਤ ਭਾਨੀ ਜੀ ਦੀ ਅਸੀਸ ਮਿਲੇ। ਰਜ਼ਾ ਤੋਂ ਬਗੈਰ ਸਜ਼ਾ ਹੀ ਸਜ਼ਾ ਹੈ।

ਜਸਪਾਲ ਜੀ ਨੇ ਮੇਰੀ ਪੜ੍ਹਾਈ ਲਿਖਾਈ ਵਿਚ ਕਦੇ ਵਿਘਨ ਨਹੀਂ ਪੈਣ ਦਿੱਤਾ। ਭਾਵੇਂ ਉਨ੍ਹਾਂ ਨੂੰ ਕਿਤਨੀਆਂ ਹੀ ਖੇਚਲਾਂ ਹੁੰਦੀਆਂ ਹਨ, ਪਰ ਉਹ ਕਦੇ ਮਹਿਸੂਸ ਨਹੀਂ ਹੋਣ ਦੇਂਦੇ :

ਘਰਿ ਮਹਿ ਸੂਖ, ਬਾਹਰਿ ਫੁਨਿ ਸੂਖਾ।

ਕਰਨਾਲ, ਅਕਤੂਬਰ ੧੯੭੭ —ਸਤਿਬੀਰ ਸਿੰਘ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਆਰਸੀ

1. ਗੋਇੰਦਵਾਲ ਵਿਖੇ ਗਿਆਰਾਂ ਸਾਲ 17-26
ਪ੍ਰਕਾਸ਼ 17; ਨੁਹਾਰ 18; ਮਾਤਾ ਭਾਨੀ 19; ਪਿਤਾ ਗੁਰੂ ਰਾਮ ਦਾਸ ਜੀ 21; ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ 22; ਵਿੱਦਿਆ 23; ਗੋਇੰਦਵਾਲ ਵਿਚ ਗਿਆਰਾਂ ਸਾਲ 24; ਗੁਰੂ ਰਾਮ ਦਾਸ ਜੀ ਦੀ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣੀ 26

2. ਗੁਰੂ ਪਿਤਾ ਦੀ ਛਾਂ ਹੇਠ ਸੱਤ ਸਾਲ 27-47
ਸ੍ਰੀ ਅੰਮ੍ਰਿਤਸਰ ਦੀ ਅਸਥਾਪਣਾ 27; ਨਗਰ ਉਸਾਰੀ 29; ਗੁਰੂ ਅਰਜਨ ਦੇਵ ਜੀ ਦੀ ਅੰਮ੍ਰਿਤਸਰ ਵਿਖੇ ਕਾਰ 30; ਅਨੰਦ ਕਾਰਜ 31; ਲਾਹੌਰ ਜਾਣ ਦਾ ਹੁਕਮ 32; ਬੀਬੀ ਭਾਨੀ ਦੇ ਬਚਨ 37; ਲਾਹੌਰ ਵਿਖੇ 38; ਗੁਰੂ ਗੱਦੀ ਦੀ ਜ਼ਿੰਮੇਵਾਰੀ 41; ਪ੍ਰਿਥੀ ਚੰਦ ਜਰ ਬਰ ਗਯੋ 42; ਗੁਰੂ ਰਾਮ ਦਾਸ ਜੀ ਦਾ ਜੋਤੀ ਜੋਤ ਸਮਾਉਣਾ 44; ਦਸਤਾਰ-ਬੰਦੀ 46

3. ਉਸਾਰੀ ਫੇਰ ਲਵਾਈ ਅੰਮ੍ਰਿਤਸਰ 48-70
ਪਹਿਲਾ ਉਪਦੇਸ਼ 48; ਉਸਾਰੀ ਫੇਰ ਲਵਾਈ ਅੰਮ੍ਰਿਤਸਰ 50; ਭਾਈ ਬਹਿਲੋ ਸਭ ਤੋਂ ਪਹਿਲੋਂ 50; ਨਿੱਤ ਦੀ ਕਾਰ 52; ਪ੍ਰਿਥੀਚੰਦ ਦੀਆਂ ਸਾਜ਼ਸ਼ਾਂ ਤੇ ਨਾਕਾਬੰਦੀ 54; ਸੱਤਾ ਤੇ ਬਲਵੰਡ ਜੀ ਦਾ ਛੱਡ ਜਾਣਾ 55; ਭਾਈ ਗੰਗਾ ਰਾਮ ਦੀ ਸ਼ਰਧਾ 55; ਭਾਈ ਗੁਰਦਾਸ ਜੀ ਦਾ ਆਗਰੇ ਤੋਂ ਆਉਣਾ 56; ਖਿਮਾ ਹੀ ਖਿਮਾ 59; ਸੰਤੋਖਸਰ ਨੂੰ ਵੀ ਸੰਪੂਰਨ ਕਰਨਾ 59; ਭਾਈ ਆਦਮ ਦੀ ਨਿਰਮਾਣ ਸੇਵਾ 61; ਭਾਈ ਮੰਝ 62

4. ਗੁਰ ਸਮੁੰਦ ਨਦੀ ਸਭਿ ਸਿੱਖੀ 71-87
ਸਿਖ ਸੰਗਤਿ ਸਭ ਨਾਵੈ 71; ਗ੍ਰਿਹਸਤ ਉੱਚਾ ਤੇ ਸੌਖਾ ਰਾਹ 72; ਧਰਮਸਾਲ ਦੀ ਝਾਕ-ਵਿਹੁ ਖੰਡਹੁ ਪਾਜ 73; ਭਾਈ ਜੋਧਾ, ਭਾਈ ਜੱਲੋ 73; ਜੀਵਨ ਦੇਣ ਵਿਚ ਹੈ 74; ਜੀਵਨ ਉਧਾਰ 74; ਪਹਿਲੇ ਮਨ ਪ੍ਰਬੋਧੈ ਅਪਣਾ 74; ਸਨਮੁੱਖ ਤੇ ਗੁਰਮੁੱਖ 75; ਗੁਰੂ ਨਾਨਕ ਬ੍ਰਹਮ ਸਰੂਪ 76; ਸਹਿਕਰਮੀ, ਨਹਿਕਰਮੀ 77; ਸੇਵਾ ਕਰਹੁ ਹੋਇ ਮਨ ਦੀਨ 79; ਭਾਈ ਬੁੱਧੂ 79; ਗੁਰਬਾਣੀ ਦਾ ਪਾਠ-ਵਿਚਾਰ ਹੀ ਸਾਰੇ ਤਪ 80; ਸਿਮਰਹੁ ਵਾਹਿਗੁਰੂ ਦੁੱਖ ਹਾਨਾ 82; ਮਨ ਕਾਬੂ, ਨਿਮਰ ਤੇ ਤ੍ਰਿਸ਼ਨਾ ਰਹਿਤ ਕਿਵੇਂ ਹੋਏ 83; ਭਾਈ ਬੋਹੜੂ ਦੀ ਘਾੜਤ ਘੜੀ 85; ਕੀਰਤਨ ਨਿਰਮੋਲਕ ਹੀਰਾ 85



Sri Satguru Jagjit Singh Ji eLibrary NamdhariElibrary@gmail.com

5. ਹਰਿਮੰਦਰ ਸਤਿਗੁਰ ਸਾਜਿਆ 88-10
ਸ੍ਰੀ ਹਰਿਮੰਦਰ ਸਾਹਿਬ ਦੀ ਅਸਥਾਪਣਾ 88; ਸ੍ਰੀ ਅੰਮ੍ਰਿਤਸਰ ਦੀ ਮਹੱਤਤਾ ਤੇ ਹਰਿਮੰਦਰ ਸਾਹਿਬ ਦੀ ਮਹਿਮਾ 95; ਭਾਈ ਕਲਿਆਨਾ 98; ਕਰਮ ਤੇ ਮਿਹਰ 99

6. ਮਾਝਾ ਦੁਆਬਾ ਫੇਰੀ ਤੇ ਉਸਾਰੀ ਦੇ ਹੋਰ ਕਾਰਜ 101-11
ਮਾਝਾ ਫੇਰੀ 101; ਜੰਡਿਆਲਾ, ਭਾਈ ਹਿੰਦਾਲ 102; ਖਡੂਰ ਸਾਹਿਬ ਦਾਤੂ ਜੀ ਦਾ ਪਛਤਾਵਾ 102; ਗੋਇੰਦਵਾਲ 103; ਚੋਲ੍ਹਾ ਸਾਹਿਬ 103; ਭਲੀ ਸੁਹਾਵੀ ਛਾਪਰੀ 103; ਤਰਨਤਾਰਨ ਨਗਰ ਦੀ ਅਸਥਾਪਣਾ 104; ਪਹਿਲਾ ਕੋਹੜੀ ਘਰ 105; ਮਾਹਿ ਦਿਵਸ ਮੂਰਤ ਭਲੇ 106; ਬਾਬਾ ਸ੍ਰੀ ਚੰਦ ਨਾਲ ਮੁਲਾਕਾਤ 107; ਦੁਆਬੇ ਵਿਚ 107; ਸੁਲਤਾਨਪੁਰ ਲੋਧੀ 108; ਡੱਲਾ ਵਾਸੀ ਸੰਗਤਿ ਭਾਰੀ 108; ਕਰਤਾਰਪੁਰ ਦਾ ਵਸਾਉਣਾ 109; ਗੰਗਸਰ 110; ਵਾਪਸੀ ਸ੍ਰੀ ਅੰਮ੍ਰਿਤਸਰ 110; ਅਰਦਾਸ ਤੇ ਵਰ 111; ਵਡਾਲੀ ਡੇਰੇ 113; ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ 113

7. ਵਾਰ ਤੇ ਵਾਰ 115-12
ਮਨਸੂਬੇ ਤੇ ਹਮਲੇ 115; ਦਾਈ ਫੱਤੋ ਨੂੰ ਲਾਲਚ ਦੇ ਪ੍ਰਿਥੀ ਚੰਦ ਦਾ ਭੇਜਣਾ 115; ਸਪੇਰੇ ਦਾ ਜ਼ਹਿਰੀਲਾ ਸੱਪ ਛੱਡਣਾ 116; ਖਿਡਾਵੇ ਦਾ ਦਹੀਂ ਵਿਚ ਜ਼ਹਿਰ ਦੇਣ ਦਾ ਯਤਨ 117; ਹਾਣੀ ਰਾਹੀਂ ਹੱਲਾ 118; ਸੀਤਲਾ ਤੇ ਰਖਿਆ ਬਿਹਾਰੀ 119; ਬੀਰਬਲ ਦੀ ਧਮਕੀ ਅਤੇ ਅੰਤ 121; ਸੁਲਬੀ ਦਾ ਚੜ੍ਹ ਆਉਣਾ 122 ਸੁਲਹੀ ਕਾ ਹਾਥੁ ਕਹੀ ਨ ਪਹੁਚੈ 123

8. ਲਾਹੌਰ ਫੇਰੀ, ਨਨਕਾਣਾ ਸਾਹਿਬ ਦਰਸ਼ਨ ਅਤੇ ਸ਼ਾਹ ਅਕਬਰ ਮੇਲ 126-13
ਲਾਹੌਰ ਫੇਰੀ 126; ਤਾਇਆ ਸਿਹਾਰੀ ਮੱਲ 127; ਭਾਈ ਸਾਈਂ ਦਿੱਤਾ ਤੇ ਸੈਦੋ 127; ਮੁਜੰਗਾਂ ਦੀ ਸੰਗਤ 128; ਐਸੋ ਕੌਣ ਬਲੀ ਰੇ 128; ਮੀਆਂ ਮੀਰ ਜੀ ਤੇ ਹੋਰ ਫ਼ਕੀਰਾਂ ਦਾ ਆਉਣਾ 129; ਵਜ਼ੀਰ ਖ਼ਾਨ ਦਾ ਦਰਬਾਰ ਹਾਜ਼ਰ ਹੋਣਾ 129; ਨਨਕਾਣਾ ਸਾਹਿਬ ਦੇ ਦਰਸ਼ਨਾਂ ਨੂੰ 130; ਜੰਬਰ 131; ਚੂਣੀਆਂ 131; ਅਕਬਰ ਮੇਲ 131

9. ਫਿਰ ਅੰਮ੍ਰਿਤਸਰ ਪਰਚਾਰ ਤੇ ਵਪਾਰ ਲਈ ਉਤਸ਼ਾਹ 134-14
ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਦੇ ਉਪਾਅ 134; ਘੋੜਿਆਂ ਦੇ ਵਪਾਰ ਲਈ ਉਚੇਚੀ ਪ੍ਰੇਰਨਾ 135; ਸਿੱਖ ਦੇ ਦਰਸ਼ਨ 136;



Sri Satguru Jagjit Singh Ji eLibrary NamdhariElibrary@gmail.com

ਸਰਹੰਦ ਦੇ ਭਾਈ ਭੀਵਾ ਤੇ ਭਾਈ ਰੂਪ ਚੰਦ 137; ਕਾਬਲ ਦੇ ਭਾਈ ਭਾਨਾ ਤੇ ਰੇਖ ਦੇਉ 137; ਭਾਈ ਮਾਧੋ 138; ਥਾਨੇਸਰ ਦੇ ਭਾਈ ਨੰਦਾ ਵਿੱਠੜ ਤੇ ਸਾਮੀ ਦਾਸ ਜੀ 139; ਅਭਿਆਸ ਅਵੱਸ਼ 140; ਹਥਿਆਰ ਪਕੜਨੇ ਹੈਨਿ 140; ਸਿੱਖ ਕਰਮਕਾਂਡਾਂ ਤੋਂ ਉੱਚਾ 141; ਚੌਧਰੀਆਂ ਨੂੰ ਸੱਚ ਵੱਲ ਲਗਾਉਣਾ 142; ਸੁਧਾਸਰ ਨਾਵੋ ਸ਼ਬਦ ਵਿਚਾਰਹੁ 142; ਮਰਯਾਦਾ ਪੱਕੀ ਕਰਨੀ 142; ਬਾਬਾ ਬੁੱਢਾ ਜੀ ਪਾਸ (ਗੁਰੂ) ਹਰਿਗੋਬਿੰਦ ਜੀ ਨੂੰ ਪੜ੍ਹਨੇ ਪਾਉਣਾ 143; ਸਭ ਸਿਧਨ ਕੀਆ ਪ੍ਰਣਾਮ 144

10. **ਸ਼ਬਦ ਪ੍ਰਕਾਸ਼, ਆਦਿ (ਗੁਰੂ) ਗਰੰਥ ਸਾਹਿਬ ਦੀ ਬੀੜ ਬੰਨ੍ਹਣੀ** 145-165

ਬੀੜ ਬੰਨ੍ਹਣ ਦਾ ਨਿਰਣਾ 145; ਰਾਮਸਰ ਦੀ ਉਚੇਚੀ ਉਸਾਰੀ 151; ਭਾਈ ਬੰਨੋ ਦੀ ਉਚੇਚੀ ਨਿਯੁਕਤੀ 151; ਤਰਤੀਬ 152; ਸੰਭਾਲਾਂ 154; ਸੰਪੂਰਨਤਾ 157; ਸ੍ਰੀ ਹਰਿਮੰਦਰ ਸਾਹਿਬ ਆਦਿ ਗੁਰੂ ਗ੍ਰੰਥ ਦਾ ਪ੍ਰਕਾਸ਼ 159; ਬਾਬਾ ਬੁੱਢਾ ਜੀ ਦੀ ਨਿਯੁਕਤੀ 160; ਮਹੱਤਤਾ 162

11. **ਸ਼ਿਕਾਇਤਾਂ** 166-171

ਅਕਬਾਰ ਪਾਸ ਸ਼ਿਕਾਇਤਾਂ 166; ਅਕਬਰ ਦੀ ਮ੍ਰਿਤੂ 167; ਚੰਦੂ ਦਾ ਰਿਸ਼ਤਾ ਮੋੜਨਾ 168; ਬਾਬਾ ਪ੍ਰਿਥੀ ਚੰਦ ਦਾ ਅਕਾਲ ਚਲਾਣਾ 170

12. **ਸ਼ਹਾਦਤ** 172-195

ਲੱਗੇਗਾ ਸੀਸ, ਇਹ ਨਿਸਚਾ ਆਇਆ 172; ਨਕਸ਼ਬੰਦੀਆਂ ਦੀ ਚੁੱਕ ਚੁਕਾਈ 179; ਖ਼ੁਸਰੋ ਦੀ ਬਗ਼ਾਵਤ 183; ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ 185; ਗੁਰੂ ਹਰਿਗੋਬਿੰਦ ਜੀ ਨੂੰ ਗੁਰਗੱਦੀ 187 ਸ਼ਹੀਦੀ ਬੱਧੇ ਹੋਏ ਹੀ ਦਿੱਤੇ ਨਦੀ ਰੁੜ੍ਹਾਇ 188; ਸ਼ਹੀਦ ਦੀ ਜੋ ਮੌਤ ਹੈ, ਕੌਮ ਦੀ ਹਯਾਤ ਹੈ 194

13. **ਪਰਤਖੵ ਹਰਿ—ਸਮੁੱਚੇ ਜੀਵਨ 'ਤੇ ਝਾਤ** 196-216

ਗੁਰੂ ਅਰਜੁਨੁ ਪੁਰਖ ਪ੍ਰਮਾਣੁ 196; ਬਾਰਹਮਾਹ ਤੇ ਸੁਖਮਨੀ 210; ਗ੍ਰਿਹਸਤੀ ਮਹਿ ਬਡਾ ਗ੍ਰਿਹਸਤੀ 213; ਦੋਹਿਤਾ 213; ਸਪੁੱਤਰ 214; ਭਰਾ 214; ਪਤੀ 215; ਪਿਤਾ 215; ਸਿੱਖ ਸਮਾਨ ਕੋਊ ਨਹੀਂ ਨਾਤਾ 215



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# 1

# ਗੋਇੰਦਵਾਲ ਵਿਖੇ ਗਿਆਰਾਂ ਸਾਲ

(ਗੁਰੂ) ਅਰਜਨ ਦੇਵ ਜੀ ਦਾ ਪ੍ਰਕਾਸ਼, ਗੋਇੰਦਵਾਲ ਵਿਖੇ, ਮਾਤਾ ਭਾਨੀ ਜੀ ਦੀ ਕੁੱਖੋਂ,

**ਪ੍ਰਕਾਸ਼**

(ਗੁਰੂ) ਰਾਮ ਦਾਸ ਜੀ ਦੇ ਘਰ 15 ਅਪ੍ਰੈਲ, 1563 ਈ: ਨੂੰ ਹੋਇਆ। ਉਸ ਸਮੇਂ ਗੁਰਗੱਦੀ 'ਤੇ ਗੁਰੂ ਅਮਰ ਦਾਸ ਜੀ ਬਿਰਾਜਮਾਨ ਸਨ। ਗੁਰੂ ਅਮਰ ਦਾਸ ਜੀ ਰਿਸ਼ਤੇ ਵਿਚ (ਗੁਰੂ) ਅਰਜਨ ਦੇਵ ਜੀ ਦੇ ਨਾਨੇ ਲੱਗਦੇ ਸਨ। ਆਪਣੀ ਪੁੱਤਰੀ ਭਾਨੀ ਜੀ ਦੇ ਘਰ ਤੀਜੇ ਪੁੱਤਰ ਦਾ ਜਨਮ ਸੁਣ ਕੇ, ਬੱਚੀ ਦੇ ਗ੍ਰਹਿ ਵਿਖੇ ਨਵ-ਜਨਮੇ ਬਾਲਕ ਨੂੰ, ਅਸੀਸ ਦੇਣ ਲਈ ਗਏ। ਬੱਚੇ ਨੂੰ ਕੁੱਛੜ ਲੈਂਦੇ ਹੀ ਤੀਜੇ ਪਾਤਸ਼ਾਹ ਨੇ ਫ਼ਰਮਾਇਆ : 'ਇਹ ਭਾਰੀ ਪੁਰਖ ਹੋਵੇਗਾ।' ਬੰਸਾਵਲੀ ਨਾਮਾ ਕ੍ਰਿਤ ਭਾਈ ਕੇਸਰ ਸਿੰਘ ਛਿੱਬਰ ਅਨੁਸਾਰ, 'ਭਾਰੀ ਪੁਰਖ ਦਾ ਬਚਨ ਸੀ ਕੀਤਾ' ਅਤੇ ਇਹ ਵੀ ਲਿਖਿਆ ਮਿਲਦਾ ਹੈ ਕਿ 'ਨਾਨਕ ਜੀ ਕੋ ਲਗੈ ਪਿਆਰਾ।' ਬਾਬਾ ਮੋਹਨ ਜੀ ਵੱਡੇ ਮਾਮਾ ਜੀ ਸਨ ਅਤੇ ਵਿਰਕਤ ਸੁਭਾਉ ਦੇ ਸਨ, ਇਸ ਬਾਲਕ ਨੂੰ ਬਹੁਤ ਚਾਹੁੰਦੇ ਸਨ। ਪਿੱਛੋਂ ਜਦ ਗੁਰੂ ਅਰਜਨ ਦੇਵ ਜੀ ਨੇ ਸੁਰਤਿ ਸੰਭਾਲੀ ਤਾਂ ਉਹ ਵੀ ਬਾਬਾ ਮੋਹਨ ਜੀ ਦਾ ਦਿਲੋਂ ਸਤਿਕਾਰ ਤੇ ਹਿਤ ਕਰਦੇ ਸਨ। ਸੰਤ ਤੇ ਸਾਧ ਦੇ ਸਾਰੇ ਗੁਣ, ਉਹ ਬਾਬਾ ਮੋਹਨ ਜੀ ਵਿਚ ਦੇਖ ਰਹੇ ਸਨ। ਬੰਸਾਵਲੀ-ਨਾਮਾ ਦੇ ਹੀ ਸ਼ਬਦਾਂ ਵਿਚ :

**ਗੁਰੂ ਅਰਜਨ ਜੀ ਦਾ ਮੋਹਨ ਨਾਲ ਵਡਾ ਸੀ ਪਿਆਰ।**
**ਪੁੱਤਰ ਮਾਮੇ ਦਾ ਲਗੇ, ਭਾਈ ਸਾਧ ਸੰਤ ਦਾ ਹਿਤਕਾਰ।**

*(ਚਰਨ ਪੰਜਵਾਂ)*

(ਗੁਰੂ) ਅਰਜਨ ਦੇਵ ਜੀ ਦੇ ਦੋ ਵੱਡੇ ਭਰਾ ਬਾਬਾ ਪ੍ਰਿਥੀ ਚੰਦ ਜੀ ਤੇ ਬਾਬਾ ਮਹਾਂਦੇਵ ਜੀ ਸਨ। ਪ੍ਰਿਥੀ ਚੰਦ ਜੀ ਦਾ ਜਨਮ ਸੰਨ 1557 ਈ: ਨੂੰ ਤੇ ਮਹਾਂਦੇਵ ਜੀ ਦਾ 1560 ਈ: ਨੂੰ ਗੋਇੰਦਵਾਲ ਵਿਖੇ ਹੀ ਹੋਇਆ ਸੀ। ਪ੍ਰਿਥੀ ਚੰਦ ਜੀ ਇਸ ਹਿਸਾਬ ਨਾਲ (ਗੁਰੂ) ਅਰਜਨ ਦੇਵ ਜੀ ਤੋਂ 6 ਸਾਲ ਵੱਡੇ ਸਨ। ਪ੍ਰਿਥੀ ਚੰਦ ਜੀ ਦੇ ਸੁਭਾਅ ਬਾਰੇ ਲਿਖਿਆ ਹੈ ਕਿ ਉਹ ਬਚਪਨ ਤੋਂ ਹੀ ਸੇਵਾ ਵਿਚ ਲੱਗ ਗਏ ਸਨ, ਪਰ ਜਦ ਗੁਰੂ ਰਾਮ ਦਾਸ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਉਨ੍ਹਾਂ ਸੇਵਾ ਨਾਲ ਬੰਦੋਬਸਤ ਵੀ ਸੰਭਾਲਣਾ



Sri Satguru Jagjit Singh Ji eLibrary NamdhariElibrary@gmail.com

ਅਰੰਭ ਕਰ ਦਿੱਤਾ ਸੀ। ਉਹ ਗੁਰੂ-ਗੱਦੀ ਨੂੰ ਜ਼ਿੰਮੇਵਾਰੀਂ ਨਾਲੋਂ ਐਸ਼ਵਰਯ ਦੀ ਸ਼ੈਅ ਜਾਣਨ ਲੱਗ ਪਏ। ਮਹਾਂਦੇਵ ਜੀ ਦੁਨੀਆਂ ਨੂੰ ਬੰਧਨ ਅਤੇ ਸੇਵਾ ਨੂੰ ਗ਼ੈਰ-ਜ਼ਰੂਰੀ ਸਮਝਦੇ ਸਨ। ਸਾਰੀ ਉਮਰ ਆਪ ਜੀ ਨੇ ਸ਼ਾਦੀ ਨਾ ਕੀਤੀ। ਸੋ ਇਹ ਕੋਈ ਅਚਰਜ ਵਾਲੀ ਗੱਲ ਨਹੀਂ ਸੀ ਕਿ ਗੁਰੂ ਅਮਰ ਦਾਸ ਜੀ ਇਸ ਆਪਣੇ ਦੋਹਿਤੇ ਨੂੰ ਬਾਣੀ ਦਾ ਬੋਹਿਥਾ ਕਹਿ ਕੇ ਪੁਕਾਰਦੇ ਹੋਣ। ਉਨ੍ਹਾਂ ਭਵਿਸ਼ ਵਾਕ ਵੀ ਕਹਿ ਦਿੱਤੇ ਸਨ ਕਿ 'ਦੋਹਿਤਾ ਬਾਣੀ ਕਾ ਬੋਹਿਥਾ।'

ਮੈਕਾਲਫ਼ ਦਾ ਕਹਿਣਾ ਹੈ ਕਿ ਉਨ੍ਹਾਂ 'ਪਾਣੀ ਦਾ ਬੋਹਿਥਾ' ਕਿਹਾ, ਜਿਸ ਦਾ ਭਾਵ ਸੀ ਕਿ ਭਵ ਸਾਗਰ ਤੋਂ ਪਾਰ ਉਤਰਨ ਲਈ ਇਨ੍ਹਾਂ ਦੀ ਕਰਣੀ ਜਹਾਜ਼ ਹੋਵੇਗੀ। ਬੰਸਾਵਲੀ-ਨਾਮਾ ਨੇ ਵੀ ਇਹ ਲਿਖਿਆ ਹੈ ਕਿ ਜਦ ਪ੍ਰਿਥੀ ਚੰਦ ਨੂੰ ਆਪਣੀਆਂ ਕਰਤੂਤਾਂ ਕਰ ਗੁਰ-ਗੱਦੀ ਨਾ ਮਿਲੀ ਤਾਂ ਉਹ ਬਹੁਤ ਝਗੜੇ। ਗੁਰੂ ਰਾਮ ਦਾਸ ਜੀ ਨੇ ਕਿਹਾ ਕਿ ਝਗੜਨ ਦਾ ਕੋਈ ਲਾਭ ਨਹੀਂ, ਗੁਰੂ ਅਰਜਨ ਨੂੰ ਥਾਪੀ ਮੇਰੇ ਨਾਲੋਂ ਵੀ ਪਹਿਲਾਂ ਗੁਰੂ ਅਮਰ ਦਾਸ ਜੀ ਲਗਾ ਗਏ ਸਨ। ਪ੍ਰਿਥੀ ਚੰਦ ਨੂੰ ਚੌਥੇ ਪਾਤਸ਼ਾਹ ਸਮਝਾ ਰਹੇ ਸਨ :

**ਜੋ ਬਚਨ ਵਡਿਆਂ ਦਾ ਮੰਨੇ ਤਿਨੇ ਹੀ ਜੀਤਾ।**
**ਅਰਜਨ ਹੈ ਨਿਕੜਾ ਮੈਂ ਭੀ ਜਾਣਾ।**
**ਤੂੰ ਹੈਂ ਵੱਡਾ ਬੁਧੀਵਾਨ ਸਿਆਣਾ।**
**ਇਸ ਨੂੰ ਮੈਂ ਨਹੀਂ ਦਿੱਤੀ ਗੁਰਿਆਈ।**
**ਇਹ ਥਾਪੀ ਇਸ ਨੂੰ ਨਾਨੇ ਹੈ ਲਾਈ।**

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ (ਗੁਰੂ) ਅਰਜਨ ਦੇਵ ਜੀ ਦਾ ਆਉਣਾ ਮਾਇਆ-ਮੱਦ ਵਿਚ ਗ੍ਰਸਿਆਂ ਨੂੰ ਉਖੇੜ ਧਰਮ ਵੱਲ ਲਗਾਉਣਾ ਸੀ। ਗੁਰੂ ਅਰਜਨ ਦੇਵ ਜੀ ਮਨੁੱਖ ਕੁਲ ਵਿਚ ਚੰਦ੍ਰਮਾ ਵਤ ਪ੍ਰਕਾਸ਼ਮਾਨ ਹਨ, ਜਿਨ੍ਹਾਂ ਦੇ ਵਾਕ ਚੰਦਨ ਵਰਗੇ ਠੰਡੇ ਤੇ ਮੋਹ-ਗ੍ਰਸਿਆਂ ਲਈ ਮੁਕਤੀ ਦੇ ਦਾਤੇ ਹਨ :

**ਸ੍ਰੀ ਸਤਿਗੁਰੂ ਅਰਜਨ ਕੁਲ ਚੰਦਾ।**
**ਚੰਦਨ ਸਮ ਬਰ ਸੀਤ ਮੁਕੰਦਾ।**

ਗੁਰੂ ਜੀ ਆਤਮ ਅਨੰਦ ਦੇ ਮੇਘ ਹਨ, ਮੋਹ ਨੂੰ ਕੱਟਣ ਵਾਲੇ ਹਨ ਅਤੇ ਸਮੂਹ ਸੁਖਾਂ ਦੇ ਦਾਤੇ ਹਨ :

**ਕਦ[1] ਅਨੰਦ ਬਿਮੋਹ ਨਿਕੰਦ।**
**ਕੰਦਲ ਸੁਖਦ, ਤਿਨਹੁ ਪਦ ਬੰਦਿ।**

ਗੁਰੂ ਅਰਜਨ ਜੀ ਦੀ ਨੁਹਾਰ ਬਾਰੇ ਕਿਹਾ ਗਿਆ ਹੈ ਕਿ ਆਪ ਜੀ ਦਾ ਮੱਥਾ ਚੌੜਾ

**ਨੁਹਾਰ**

ਅਤੇ ਨੂਰਾਨੀ, ਨੈਨ ਲਿਸ਼ਕਦੇ, ਬੁੱਲ੍ਹ ਛੋਟੇ ਪਰ ਜਦ ਕੁਝ ਬੋਲਦੇ ਤਾਂ ਇਜ ਪ੍ਰਤੀਤ ਹੁੰਦਾ ਹੈ ਕਿ ਅੰਮ੍ਰਿਤ ਝੜ ਰਹਿਆ ਹੈ। ਕੱਦ ਕਾਠ ਚੰਗਾ ਵੱਡਾ ਤੇ ਸਰੀਰ ਦੇ ਭਾਰੇ ਸਨ। ਸਾਖੀ ਵੀ ਆਉਂਦੀ ਹੈ ਕਿ ਛੋਟੇ ਹੀ ਸਨ ਕਿ ਇਕ ਵਾਰ ਗੇਂਦ ਉੱਛਲ ਕੇ ਉਸ ਕਮਰੇ ਵਿਚ ਜਾ ਪਿਆ ਜਿੱਥੇ ਗੁਰੂ

1. ਬੱਦਲ

Sri Satguru Jagjit Singh Ji eLibrary NamdhariElibrary@gmail.com

ਅਮਰ ਦਾਸ ਜੀ ਬਿਸਰਾਮ ਪਏ ਕਰਦੇ ਸਨ। ਗੇਂਦ ਲੈਣ ਲਈ ਜਦ ਰਿੜ੍ਹਦੇ-ਰਿੜ੍ਹਦੇ ਉਸ ਕਮਰੇ ਵਿਚ ਪੁੱਜੇ ਤਾਂ ਗੇਂਦ ਨੂੰ ਕਮਰੇ ਵਿਚ ਨਾ ਦੇਖ ਕੇ ਜਾਤਾ ਨੇ ਕਿ ਇਹ ਮੰਜੇ 'ਤੇ ਹੋਵੇਗਾ। ਮੰਜਾਂ ਉੱਚਾ ਤੇ ਆਪ ਨਿੱਕੇ। ਸੋ ਮੰਜੇ ਦੇ ਪਾਵੇ ਨੂੰ ਫੜ ਕੇ ਐਸਾ ਜ਼ੋਰ ਦਾ ਹਿਲਾਇਆ ਕਿ ਗੁਰੂ ਅਮਰ ਦਾਸ ਜੀ ਦੀ ਜਾਗ ਖੁਲ੍ਹ ਗਈ ਅਤੇ ਸਹਿਜ ਸੁਭਾਅ ਗੁਰੂ ਜੀ ਨੇ ਵਾਕ ਉਚਾਰਿਆ :

**ਇਹ ਕਿਹੜਾ ਵੱਡਾ ਪੁਰਖ ਹੈ ਭਾਰੀ।**
**ਜਿਸ ਮੰਜੀ ਹਿਲਾਈ ਸਾਡੀ ਸਾਰੀ।**

ਇਤਨਾ ਬਚਨ ਪਏ ਕਰਦੇ ਸਨ ਕਿ ਮਾਤਾ ਭਾਨੀ ਜੀ ਪੁੱਜ ਗਏ ਤੇ ਕਹਿਣ ਲੱਗੇ : 'ਦੋਹਿਤਾ ਜੇ ਦੋਹਿਤਾ', ਤਾਂ ਆਪ ਜੀ ਨੇ ਦੂਜਾ ਬਚਨ ਉਚਾਰਿਆ :

'ਦੋਹਿਤਾ ਬਾਣੀ ਕਾ ਬੋਹਿਥਾ' ਅਤੇ ਫਿਰ ਚੁੱਕ ਛਾਤੀ ਨਾਲ ਲਗਾਇ ਕਿਹਾ :

**ਭਾਗੀ ਗੁਰੂ ਜਗ ਮੇਂ ਬਿਦਤੈ ਹੈ।**
**ਬਾਣੀ ਕੋ ਬੋਹਿਥ ਬਡ ਹਵੈ ਹੈ।**

ਨਾਲ ਹੀ ਫ਼ਰਮਾਇਆ :

**ਹੋਵਹੁਗੇ ਤੁਮਹੂੰ ਗੁਰ ਭਾਰੇ।**

ਬੀਬੀ ਭਾਨੀ[1] ਗੁਰੂ ਅਮਰ ਦਾਸ ਜੀ ਦੀ ਛੋਟੀ ਬੱਚੀ ਸੀ। ਮਹਾਨ ਕੋਸ਼ ਦੇ ਕਹਿਣ

### ਮਾਤਾ ਭਾਨੀ

ਮੁਤਾਬਿਕ ਆਪ ਜੀ ਦਾ ਜਨਮ ਬਾਸਰਕੇ, 21 ਮਾਘ 1591 ਨੂੰ ਹੋਇਆ ਸੀ। ਲਤੀਫ਼[2] ਦੇ ਲਿਖਣ ਅਨੁਸਾਰ ਉਨ੍ਹਾਂ ਦਾ ਨਾਂ ਮੋਹਿਣੀ ਸੀ ਪਰ ਕਿਉਂਕਿ ਗੁਰੂ ਪਿਤਾ ਦੀ ਰਜ਼ਾ ਵਿਚ ਰਹਿ ਕੇ ਅਨੰਦ ਮਾਣਦੇ ਸਨ, ਸਾਰੇ ਭਾਨੀ ਕਹਿਣ ਲੱਗ ਪਏ ਸਨ। ਵੱਡੀ ਭੈਣ ਦਾ ਨਾਂ ਦਾਨੀ ਸੀ। ਮਹਿਮਾ ਪ੍ਰਕਾਸ਼ ਦਾ ਕਹਿਣਾ ਹੈ ਕਿ ਬੀਬੀ ਭਾਨੀ ਜੀ ਅੰਮ੍ਰਿਤ ਵੇਲੇ ਉੱਠਦੇ, ਗੁਰੂ ਅਮਰ ਦਾਸ ਜੀ ਨੂੰ ਇਸ਼ਨਾਨ ਕਰਾਂਦੇ ਤੇ ਗੁਰੂ ਪਿਤਾ ਦੇ ਸੁੱਖ ਦਾ ਹਰ ਸਮੇਂ ਖ਼ਿਆਲ ਰੱਖਦੇ :

**ਜਬ ਪਹਰ ਰਾਤ ਰਹੈ ਅੰਮ੍ਰਿਤ ਵੇਲਾ।**
**ਗੁਰ ਕਰੈ ਇਸ਼ਨਾਨ ਭਗਤ ਸੁਖ ਕੇਲਾ।**
**ਤਿਸੀ ਸਮੇਂ ਬੀਬੀ ਜੀ ਦਰਸ਼ਨ ਕਰੈ।**
**ਗੁਰ ਕੀ ਭਗਤ ਸਦ ਹਿਰਦੇ ਧਰੈ।**

ਉਨ੍ਹਾਂ ਦੀ ਸੇਵਾ ਤੋਂ ਹੀ ਖ਼ੁਸ਼ ਹੋ ਕੇ ਗੁਰੂ ਅਮਰ ਦਾਸ ਜੀ ਨੇ ਆਪਣੀ ਉਮਰ ਦੇ ਸੱਤ ਸਾਲ ਗੁਰੂ ਰਾਮ ਦਾਸ ਜੀ ਨੂੰ ਦਿੱਤੇ ਸਨ। ਸਾਖੀ ਆਉਂਦੀ ਹੈ ਕਿ ਸਵੇਰੇ ਸਾਰ ਹੀ ਗੁਰੂ ਅਮਰ ਦਾਸ ਜੀ ਆਪਣੇ ਬਿਸਰਾਮ ਅਸਥਾਨ ਤੋਂ ਵਿਹੜੇ ਵਿਚ ਆਏ ਜਿੱਥੇ ਨਨਾਣ ਭਰਜਾਈ, ਬੀਬੀ ਭਾਨੀ ਜੀ ਅਤੇ ਬੀਬੀ ਆਤਮਾ ਦੇਵੀ (ਮੋਹਰੀ ਜੀ ਦੇ ਘਰੋਂ), ਕੰਮ ਕਾਜ ਵਿਚ ਲੱਗੇ ਹੋਏ ਸਨ। ਗੁਰੂ ਅਮਰ ਦਾਸ ਜੀ ਨੇ ਬੱਚੀ ਨੂੰ ਆਵਾਜ਼ ਦੇਹ ਕਿਹਾ :

---

1. ਵਿਸਥਾਰ ਲਈ ਮੇਰੀ ਪੁਸਤਕ 'ਪੁਰਾਤਨ ਇਤਿਹਾਸਕ ਜੀਵਨੀਆਂ' ਦੇਖੋ।
2. ਹਿਸਟਰੀ ਆਫ਼ ਦੀ ਪੰਜਾਬ, ਪੰਨਾ 252) ।

Sri Satguru Jagjit Singh Ji eLibrary NamdhariElibrary@gmail.com

ਧੀਏ ਭਾਨੀਏ ਜੇ ਸਾਈਂ ਦੀ ਰਜ਼ਾ ਵਰਤੇ, ਰਾਮ ਦਾਸ
ਗੁਜ਼ਰ ਜਾਏ ਤਾਂ ਸੱਚੀ ਦੱਸੀਂ ਬੇਟਾ ਤੂੰ ਕੀਹ ਕਰੇਂ।

ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

ਰਾਮ ਦਾਸ ਅਬ ਤਨ ਪਰਹਰੈ।
ਕਹ ਪੁਤਰੀ ਕਯਾ ਤਬਿ ਤੂੰ ਕਰੈ।

ਇਸ ਸੁਣਦੇ ਸਾਰ ਬੀਬੀ ਭਾਨੀ ਜੀ ਨੇ ਸਿਰ ਝੁਕਾ ਦਿੱਤਾ ਤੇ ਕੋਈ ਕਿੰਤੂ ਨਾ ਕੀਤਾ ਤਾਂ ਉਸ ਸਮੇਂ ਗੁਰੂ ਦਾਤੇ ਨੇ ਫ਼ੁਰਮਾਇਆ :

ਆਪਨ ਆਰਬਲਾ ਅਬਿ ਮੈਂ ਦੇਵੋਂ।

ਗੁਰੂ ਅਮਰ ਦਾਸ ਜੀ ਜੋਤਿ ਜੋਤ ਸਮਾ ਗਏ ਅਤੇ ਆਪਣੀ ਆਯੂ ਦੇ 6 ਸਾਲ ਗਿਆਰਾਂ ਮਹੀਨੇ, 17 ਦਿਨ ਗੁਰੂ ਰਾਮ ਦਾਸ ਜੀ ਨੂੰ ਦੇ ਗਏ। ਬੀਬੀ ਭਾਨੀ ਜੀ ਦੇ ਨਿਸ਼ਚੇ ਦੀ ਹੀ ਇਹ ਜਿੱਤ ਸੀ। ਉਹ ਕਿਹੜੀ ਕਰਾਮਾਤ ਹੈ ਜੋ ਰਜ਼ਾ ਨਹੀਂ ਕਰ ਸਕਦੀ। ਭਾਨੀ ਜੀ ਨੇ ਸਿਰ ਦੇ ਸਾਈਂ ਲਈ ਸੱਤ ਸਾਲ ਲਏ ਜ਼ਰੂਰ ਪਰ ਸੱਤ ਸ਼ਹੀਦੀਆਂ ਆਪਣੇ ਪ੍ਰਵਾਰ ਵਿਚ ਲਈਆਂ। ਭਾਈ ਗੁਰਦਾਸ ਜੀ ਨੇ ਇਸੇ ਲਈ ਇਸ਼ਾਰਾ ਕੀਤਾ ਸੀ : 'ਹੋਰਸਿ ਅਜਰ ਨ ਜਰਿਆ ਜਾਵੇ।' ਪਹਿਲਾਂ ਆਪਣੇ ਜਿਗਰ ਦੇ ਟੋਟੇ ਨੂੰ ਇਸ ਭਾਣੇ ਦੀ ਵੇਦੀ ਪਰਵਾਨ ਚੜ੍ਹਾਇਆ। ਫਿਰ ਗੁਰੂ ਤੇਗ਼ ਬਹਾਦਰ, ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਚਾਰੇ ਸਾਹਿਬਜ਼ਾਦੇ ਧਰਮ ਹੇਤ ਭੇਟ ਕੀਤੇ। ਲੋਕੀਂ ਪੁੱਛਦੇ ਹਨ ਕਿ ਗੁਰੂ ਅਰਜਨ ਦੇਵ ਜੀ ਇਤਨੀਆਂ ਔਕੜਾਂ, ਦੁੱਖਾਂ, ਹਮਲਿਆਂ ਤੇ ਸ਼ਹੀਦੀ ਵੇਲੇ ਵੀ 'ਤੇਰਾ ਕੀਆ ਮੀਠਾ ਲਾਗੈ' ਹੀ ਕਿਉਂ ਬੋਲਦੇ ਰਹੇ ? ਉਨ੍ਹਾਂ ਪੁੱਛਾਂ ਦਾ ਉੱਤਰ ਸਿਰਫ਼ ਇਤਨਾ ਹੈ ਕਿ 'ਉਹ ਭਾਨੀ ਦੇ ਜਾਏ ਸਨ, ਭਾਣੇ ਨੂੰ ਮਿੱਠਾ ਕਰ ਕੇ ਮੰਨਣਾ ਉਨ੍ਹਾਂ ਦੇ ਅੰਗ-ਅੰਗ ਵਿਚ ਸਮਾਇਆ ਹੋਇਆ ਸੀ।' ਗੁਰੂ ਅਮਰ ਦਾਸ ਜੀ ਨੇ ਇਹ ਹੁਕਮ ਵੀ ਕੀਤਾ ਸੀ :

ਤੁਮ ਕੁਖ ਜੋ ਅਵਤਾਰ।
ਸਭ ਜਗਤ ਤਾਰਨਹਾਰ।

ਬੀਬੀ ਭਾਨੀ ਜੋ ਅਸੀਸ ਗੁਰੂ ਅਰਜਨ ਜੀ ਨੂੰ ਦੇਂਦੇ ਸਨ, ਸਾਡੀ ਖ਼ੁਸ਼ਕਿਸਮਤੀ ਨੂੰ ਪਿੱਛੋਂ ਗੁਰੂ ਅਰਜਨ ਜੀ ਨੇ ਬਾਣੀ ਰੂਪ ਵਿਚ ਦਰਜ ਕਰ ਦਿੱਤੀ। ਮਾਤਾ ਭਾਨੀ ਜੀ ਅਸੀਸ ਦੇਂਦੇ ਹਨ : 'ਹੇ ਪੁੱਤਰ! ਤੈਨੂੰ ਮਾਂ ਦੀ ਇਹੋ ਅਸੀਸ ਹੈ ਕਿ ਤੈਨੂੰ ਪਰਮਾਤਮਾ ਅੱਖ ਝਮਕਣ ਜਿਤਨੇ ਸਮੇਂ ਲਈ ਵੀ ਨਾ ਭੁੱਲੇ, ਤੂੰ ਸਦਾ ਜੱਗ ਦੇ ਮਾਲਕ ਦਾ ਨਾਮ ਜਪਦਾ ਰਹੇਂ :

ਪੂਤਾ ਮਾਤਾ ਕੀ ਅਸੀਸ।
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ
ਸਦਾ ਭਜਹੁ ਜਗਦੀਸ॥ ਰਹਾਉ॥

ਫਿਰ ਫ਼ਰਮਾਇਆ :

ਸਤਿਗੁਰ ਤੁਮ ਕਉ ਹੋਇ ਦਇਆਲਾ
ਸੰਤ ਸੰਗ ਤੇਰੀ ਪ੍ਰੀਤ॥

Sri Satguru Jagjit Singh Ji eLibrary NamdhariElibrary@gmail.com

ਕਾਪੜ ਪਤਿ ਪਰਮੇਸਰੁ ਰਾਖੀ
ਭੋਜਨ ਕੀਰਤਨ ਨੀਤਿ॥

ਭਾਵ—ਸਤਿਗੁਰੂ ਤੇਰੇ ਉੱਤੇ ਦਇਆਵਾਨ ਰਹੇ। ਗੁਰੂ ਨਾਲ ਪਿਆਰ ਹੋਵੇ। ਜਿਵੇਂ ਕੱਪੜਾ ਮਨੁੱਖ ਦਾ ਪੜਦਾ ਢੱਕਦਾ ਹੈ, ਤਿਵੇਂ ਪਰਮਾਤਮਾ ਤੇਰੀ ਇੱਜ਼ਤ ਰੱਖੇ। ਸਦਾ ਕੀਰਤਨ ਹੀ ਤੇਰੀ ਆਤਮਾ ਦੀ ਖ਼ੁਰਾਕ ਹੋਵੇ।

ਫਿਰ ਹੋਰ ਅਸੀਸ ਦੇਂਦੇ ਕਿਹਾ : ਬੇਟਾ ਨਾਮ ਜੋ ਜੀਵਨ ਦੇਂਦਾ ਹੈ, ਉਹ ਸਦਾ ਪੀਂਦਾ ਰਵ੍ਹੇਂ। ਆਤਮਕ ਖ਼ੁਸ਼ੀਆਂ ਦੇ ਭੰਡਾਰ ਕੋਲ ਹੋਣ ਨਾਲ ਸੱਭੇ ਆਸਾਂ ਪੂਰੀਆਂ ਰਹਿੰਦੀਆਂ ਹਨ। ਆਤਮਕ ਅਨੰਦ ਕੋਲ ਰਹਿਣ ਨਾਲ ਚਿੰਤਾ ਕਦੇ ਵੀ ਜ਼ੋਰ ਨਹੀਂ ਪਾ ਸਕਦੀ :

'ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹੁ
ਹਰਿ ਸਿਮਰਤ ਅਨੰਦ ਅਨੰਤਾ॥
ਰੰਗ ਤਮਾਸ਼ਾ ਪੂਰਨ ਆਸਾ
ਕਬਹਿ ਨ ਬਿਆਪੈ ਚਿੰਤਾ॥'

ਇਸ ਦਿੱਤੀ ਹੋਈ ਅਸੀਸ ਨੂੰ ਪੜ੍ਹ ਕੇ, ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਜੀਵਨ ਕਿਵੇਂ ਸਵਾਰਿਆ ਢਾਲਿਆ ਜਾ ਰਹਿਆ ਸੀ। ਉਹ ਨਾਮ ਦੀ ਮੂਰਤ, ਰਜ਼ਾ ਦੀ ਸੂਰਤ, ਕੀਰਤਨ ਦੇ ਭੰਡਾਰ, ਬਾਣੀ ਦੇ ਬੋਹਿਥ, ਸਦਾ ਆਤਮਿਕ ਆਨੰਦ ਵਿਚ ਤੇ ਉਸ ਖੇੜੇ ਵਿਚ ਰਹੇ ਜਿਸ ਨੂੰ ਅਬਿਨਾਸੀ ਖੇਮ ਕਿਹਾ ਜਾਂਦਾ ਹੈ।

ਮਾਤਾ ਭਾਨੀ ਜੀ ਜੇ ਰਜ਼ਾ ਦੀ ਮੂਰਤ ਸਨ ਤਾਂ ਗੁਰੂ ਰਾਮ ਦਾਸ ਜੀ ਨਿਮਰਤਾ ਦੇ ਪੁੰਜ ਸਨ। ਰਿਸ਼ਤੇ ਵਿਚ ਆਪ ਗੁਰੂ ਅਮਰ ਦਾਸ ਜੀ ਦੇ ਦਾਮਾਦ ਸਨ। ਪਰ ਰਿਸ਼ਤੇ ਵਿਚ ਜਵਾਈ ਹੁੰਦਿਆਂ ਆਪ ਜੀ ਨੇ ਲਗਾਤਾਰ 27 ਵਰ੍ਹੇ ਜੋ ਗੁਰੂ ਘਰ, ਸੰਗਤਾਂ, ਬਾਉਲੀ ਸਾਹਿਬ ਤੇ ਹੋਰ ਸੇਵਾ ਕੀਤੀ, ਉਸ ਤੋਂ ਪ੍ਰਗਟ ਹੁੰਦਾ ਹੈ ਕਿ ਦੁਨਿਆਵੀ ਸੰਬੰਧਾਂ ਨੂੰ ਗੁਰੂ ਜੀ ਰਿਸ਼ਤੇ ਸਾਂਵੇਂ ਕੋਈ ਥਾਂ ਨਹੀਂ ਦਿੰਦੇ ਸਨ। ਕਿਆ ਸੋਹਣਾ ਲਿਖਿਆ ਹੈ ਬੰਸਾਵਲੀ-ਨਾਮਾ ਵਾਲੇ ਨੇ ਕਿ

**ਪਿਤਾ ਗੁਰੂ ਰਾਮ ਦਾਸ**

ਸਾਕ ਨ ਜਾਤਾ ਹਿਰਦੇ ਰਖਿਆ ਸੇਵਕੀ ਭਾਉ।
ਚਚਲਾਈ ਚਤ੍ਰਾਈ ਨ ਖੇਡਣ ਹਸਣ ਦਾ ਚਾਉ।
ਪ੍ਰੀਤ ਚਰਨਾਂ ਦੀ ਸੇਵਕੀ ਰਖੀ।
ਬਿਨਾ ਸਤਿਗੁਰ ਹੋਰ ਨ ਦੇਖਣਾ ਅਖੀ।
ਬਰਸ ਅਠਾਈ ਸੇਵਕੀ ਕੀਤੀ ਸਹੁਰੇ ਨ ਜਾਤੇ।[1]

ਜਦ ਕਦੇ ਕਿਸੇ ਸ਼ਰੀਕ ਨੇ ਆ ਕੇ ਕੁਝ ਕਿਹਾ ਤਾਂ ਆਪ ਜੀ ਨੇ ਮੂੰਹ ਤੋੜ ਜਵਾਬ ਦਿੱਤਾ ਕਿ ਉਹ ਕੀ ਜਾਣਦੇ ਹਨ ਸਿੱਖੀ ਰਿਸ਼ਤੇ ਨੂੰ। ਪਿਤਾ ਦੀ ਕਮਾਈ ਬੇਟੇ ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਸੀ।

1. ਬ੍ਰਿਤਾਂਤ ਗੁਰੂ ਰਾਮ ਦਾਸ ਜੀ (ਬੰਸਾਵਲੀ-ਨਾਮਾ)।

Sri Satguru Jagjit Singh Ji eLibrary NamdhariElibrary@gmail.com

ਭੱਟਾਂ ਨੇ ਗੁਰੂ ਅਰਜਨ ਜੀ ਦੀ ਉਪਮਾ ਵਿਚ ਉਚਾਰਿਆ ਹੈ ਕਿ 'ਤੈ ਜਨਮਤ ਗੁਰਮ
ਬ੍ਰਹਮ ਪਛਾਣਿਉ ॥' ਇਹ ਨਿਰਾ ਉਪਮ
ਵਾਕ ਨਹੀਂ, ਇਤਿਹਾਸਕ ਸੱਚਾਈ
(ਗੁਰੂ) ਅਰਜਨ ਦੇਵ ਜੀ ਪਹਿਲੇ ਗੁਰੂ ਸਨ ਜੋ ਗੁਰੂ ਸਵਾਰੇ ਵਾਤਾਵਰਨ ਵਿਚ
ਰਹੇ ਸਨ। ਗੁਰੂ ਅੰਗਦ ਦੇਵ ਜੀ, ਭਾਈ ਲਹਿਣਾ ਦੇ ਰੂਪ ਵਿਚ ਕਰਤਾਰਪੁਰ ਗੁਰੂ ਨਾ
ਦੇਵ ਜੀ ਕੋਲ ਸਤਾਰਾਂ ਸਾਲ ਦੀ ਆਯੂ ਵਿਚ ਆਏ ਸਨ। ਪਹਿਲਾਂ ਉਹ ਦੇਵੀ-
ਸਨ, ਜਗਰਾਤੇ ਕਰਾਂਦੇ ਅਤੇ ਜਾਗੋ ਰੱਖਦੇ ਸਨ। ਗੁਰੂ ਨਾਨਕ ਦੇਵ ਜੀ ਦੀ ਚਰਨ
ਪਾ ਪਹਿਲਾਂ ਅੰਗੇ ਗਏ ਅਤੇ ਫਿਰ ਅੰਗੇ-ਖ਼ੁੱਦ, ਗੁਰੂ ਅੰਗਦ ਸਾਹਿਬ ਬਣੇ।

**ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ**

ਇਸੇ ਤਰ੍ਹਾਂ ਗੁਰੂ ਅਮਰ ਦਾਸ ਜੀ 62 ਸਾਲ ਦੀ ਉਮਰ ਵਿਚ ਖਡੂਰ ਸਾਹਿਬ,
ਅੰਗਦ ਦੇਵ ਜੀ ਕੋਲ ਆਏ ਸਨ। ਜਵਾਨੀ ਦੇ ਪਿੱਛੋਂ ਦੇ ਕਈ ਸਾਲ ਤੀਰਥਾਂ ਦੇ ਇਸ਼ਨ
ਅਤੇ ਕਰਮ ਕਾਂਡ ਕਰਦਿਆਂ ਹੀ ਗੁਜ਼ਾਰ ਦਿੱਤੇ। ਖਡੂਰ ਸਾਹਿਬ ਇਕ ਐਸੀ ਘਾਲ ਘ
ਕਿ ਗੁਰਗੱਦੀ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਪ੍ਰਾਪਤ ਹੋਈ। ਉਸ ਸਮੇਂ ਉਨ੍ਹਾਂ ਦੀ ਉਮਰ
ਕੁ ਸਾਲ ਦੀ ਸੀ।

ਗੁਰੂ ਰਾਮ ਦਾਸ ਜੀ ਗੋਇੰਦਵਾਲ 11 ਸਾਲ ਦੀ ਉਮਰ ਵਿਚ ਆਏ ਸਨ
ਨਦਰ-ਕਰਮ ਬਹੁਤ ਪਿੱਛੋਂ ਜਾ ਕੇ ਹੋਈ ਸੀ। ਨਿਰੋਲ ਗੁਰੂ ਅਰਜਨ ਦੇਵ ਜੀ ਹੀ
ਜਿਨ੍ਹਾਂ ਨੂੰ ਜਨਮ ਤੋਂ ਹੀ ਗੁਰੂ-ਨਾਨਾ, ਗੁਰੂ ਅਮਰ ਦਾਸ ਜੀ ਦੀ ਗੋਦ ਪ੍ਰਾਪਤ
ਇਕ ਤਾਂ ਗੋਇੰਦਵਾਲ ਉਂਜ ਹੀ ਗੋਬਿੰਦਪੁਰੀ ਸਮ ਸੀ, ਦੂਜੇ ਸੇਵਾ ਦਾ ਐਸਾ ਮਹ
ਕੁੰਭ ਲੱਗਾ ਰਹਿੰਦਾ ਸੀ ਕਿ ਆਈਆਂ ਸੰਗਤਾਂ ਜਨਮ-ਜਨਮ ਦੀ ਲੱਗੀ ਮੈਲ
ਜਾਂਦੀਆਂ ਸਨ। ਇਸੇ ਤਰ੍ਹਾਂ (ਗੁਰੂ) ਅਰਜਨ ਦੇਵ ਜੀ ਅਸੀਸਾਂ ਤੇ ਵਰ ਪ੍ਰਾਪਤ
ਰਹੇ ਸਨ। ਇਕ ਹੋਰ ਐਸੀ ਸਾਖੀ ਵੀ ਆਉਂਦੀ ਹੈ ਕਿ ਇਕ ਵਾਰ ਰਿੜ੍ਹਦੇ ਬਾ
(ਗੁਰੂ) ਅਰਜਨ ਲੰਗਰ ਵਿਚ ਆ ਗਏ। ਗੁਰੂ ਅਮਰ ਦਾਸ ਜੀ ਨੂੰ ਪ੍ਰਸ਼ਾਦਿ ਛਕਦੇ
ਉਨ੍ਹਾਂ ਪਾਸ ਪੁੱਜੇ ਅਤੇ ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ ਇਕ ਥਾਂ 'ਤੇ ਪਿਆ ਓਗ
ਉਰਾਂ ਪਰਾਂ ਖਿਲਾਰਨ ਲੱਗ ਪਏ। ਸੇਵਾਦਾਰ ਨੇ ਵੇਖਦੇ ਸਾਰ ਬਾਲਕ ਅਰਜਨ ਨੂੰ
ਲਿਆ ਤੇ ਬਾਹਰ ਬਰਾਂਡੇ ਵਿਚ ਛੱਡ ਆਇਆ। ਥੋੜ੍ਹੀ ਦੇਰ ਬਾਅਦ ਹੀ (ਗੁਰੂ) ਅਰ
ਦੇਵ ਫਿਰ ਉਸੇ ਥਾਂ ਲੰਗਰ ਵਿਚ ਆ ਗਏ ਅਤੇ ਹੋਰ ਲਿਆਂਦੇ ਥਾਲ ਵਿਚ ਪਏ ਪ੍ਰ
ਨੂੰ ਖਿਲੇਰਨ ਲੱਗ ਪਏ। ਹੁਣ ਜਦ ਸੇਵਾਦਾਰ ਬਾਲਕ (ਗੁਰੂ) ਅਰਜਨ ਜੀ ਨੂੰ
ਲੈ ਜਾਣ ਲੱਗਾ ਤਾਂ ਗੁਰੂ ਅਮਰ ਦਾਸ ਜੀ ਨੇ ਆਪ ਜੀ ਨੂੰ ਆਪਣੀ ਗੋਦ ਵਿਚ
ਲਿਆ ਅਤੇ ਬਚਨ ਕੀਤਾ : 'ਠਹਿਰ ਓਇ, ਥਾਲ ਦਿਆ ਮਾਲਕਾ'! ਇਹ ਸਾਰੀ ਸ
ਅਤੇ ਬਚਨ (ਗੁਰੂ) ਅਰਜਨ ਦੇਵ ਜੀ ਦਾ ਸੁਭਾਅ ਕਰਮ ਦ੍ਰਿੜ੍ਹਾ ਰਹੇ ਸਨ। ਥਾਲ
ਪਈ ਹੋਈ ਵਸਤੂ ਇਕ ਲਈ ਨਹੀਂ ਸਭਨਾਂ ਲਈ ਹੈ। ਇਸ ਗੁਣ ਨੂੰ ਦੇਖ ਕੇ

1. ਓਗਰਾ ਉਸ ਪ੍ਰਸ਼ਾਦ ਨੂੰ ਕਹਿੰਦੇ ਹਨ ਜਿਸ ਨੂੰ ਸੱਤ ਅਨਾਜ ਰਲਾ ਕੇ, ਉਬਾਲ ਕੇ ਬ
ਲੂਣ ਮਿਰਚ ਦੇ ਬਣਾਇਆ ਜਾਂਦਾ ਹੈ। ਗੁਰੂ ਅਮਰ ਦਾਸ ਜੀ ਇਸ ਦਾ ਹੀ ਸੇਵਨ ਕ
ਸਨ।

Sri Satguru Jagjit Singh Ji eLibrary NamdhariElibrary@gmail.com

ਨੇ ਉਚਾਰਿਆ ਸੀ : 'ਜੱਗ ਤਾਰਨ ਕੋ ਅਵਤਾਰ ਬਣਾਇਓ'। ਆਪ ਨੇ ਵੀ ਜਦ ਜਗਤ ਉਧਾਰ ਲਈ ਇਕ ਥਾਲ, ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਪਰੋਸ ਕੇ ਲੁਕਾਈ ਸਾਹਮਣੇ ਰੱਖਿਆ ਤਾਂ ਉਸ ਦਾ ਧੁਰਾ ਵੀ 'ਸਭਸ ਉਧਾਰੋ' ਸੀ।

**ਵਿੱਦਿਆ**

ਗੁਰਮੁਖੀ ਅੱਖਰ (ਗੁਰੂ) ਅਰਜਨ ਦੇਵ ਜੀ ਨੇ ਆਪਣੇ ਨਾਨੇ ਗੁਰੂ ਅਮਰ ਦਾਸ ਜੀ ਕੋਲੋਂ ਸਿੱਖੇ। ਦੇਖ-ਰੇਖ ਬਾਬਾ ਬੁੱਢਾ ਜੀ ਦੀ ਸੀ। ਮੋਹਰੀ ਜੀ ਨੇ ਗਣਿਤ ਤੇ ਹੋਰ ਵਿੱਦਿਆ ਸਿਖਾਈ। ਆਪ ਜੀ ਦੇ ਸਹਿਪਾਠ ਭਾਈ ਗੁਰਦਾਸ ਜੀ ਅਤੇ ਭਾਈ ਸਾਵਨ ਮੱਲ ਸਨ। ਦੇਵ ਨਾਗਰੀ ਪਿੰਡ ਦੀ ਚਾਟਸਾਲ ਤੋਂ ਪਾਂਧੇ ਪਾਸੋਂ ਸਿੱਖੀ। ਫ਼ਾਰਸੀ ਅੱਖਰ ਪਿੰਡ ਦੇ ਮਕਤਬ ਵਿਚੋਂ ਸਿੱਖੇ। ਸੰਸਕ੍ਰਿਤ ਦ ਗਿਆਨ ਪੰਡਿਤ ਬੇਣੀ ਪਾਸੋਂ ਪ੍ਰਾਪਤ ਕੀਤਾ। ਇਹ ਉਹ ਹੀ ਬੇਣੀ ਹੈ ਜਿਸ ਨੂੰ ਪਹਿਲ ਵਿੱਦਿਆ ਦਾ ਬਹੁਤ ਹੰਕਾਰ ਸੀ, ਪਰ ਗੁਰੂ ਅਮਰ ਦਾਸ ਜੀ ਦੇ ਚਰਨਾਂ ਵਿਚ ਆਉਣ ਨਾਲ ਗੁਰਸਿੱਖ ਹੋਇਆ। ਬਾਬਾ ਮੋਹਨ ਜੀ ਨੇ ਇਨ੍ਹਾਂ ਨੂੰ ਧਿਆਨ ਜੋੜਨ ਦੀ ਵਿਧ ਬਚਪਨ ਵਿਚ ਹੀ ਸਿਖਲਾ ਦਿੱਤੀ ਸੀ। ਦੁਨਿਆਵੀ ਤੇ ਪਰਮਾਰਥਕ ਗਿਆਨ ਉਨ੍ਹ ਛੋਟੀ ਉਮਰੇ ਹੀ ਪ੍ਰਾਪਤ ਕਰ ਲਿਆ। ਕੀਰਤਨ (ਗੁਰੂ) ਅਰਜਨ ਦੇਵ ਜੀ ਆਪੇ ਕਰਨ ਲੱਗ ਪਏ ਸਨ। ਸਰਮਾਇਆ-ਇ-ਇਸ਼ਰਤ ਦੇ ਲਿਖਾਰੀ ਨੇ ਲਿਖਿਆ ਹੈ ਕਿ ਗੁ ਅਰਜਨ ਦੇਵ ਜੀ ਸਿਰੰਦਾ ਬਹੁਤ ਸੁੰਦਰ ਵਜਾਂਦੇ ਸਨ। ਰਾਗਾਂ ਦੇ ਕਿਤਨੇ ਮਾਹਿਰ ਸਨ ਇਹ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਰਾਗਾਂ ਦੇ ਵੱਖ-ਵੱਖ ਭੇਦਾਂ ਤੋਂ ਜਾਣਿਆ ਜ ਸਕਦਾ ਹੈ। ਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਵਿਚ 'ਬਹੁ ਸਾਸਤ੍ਰ ਬਹੁ ਸਿਮ੍ਰਿਤ ਪੇਖੇ ਸਰਬ ਢਢੋਲ' ਦਾ ਵਰਨਣ ਕਰਨਾ ਤੇ ਹੋਰ ਥਾਵਾਂ 'ਤੇ 'ਕੀਏ ਕਰਮ ਅਨੇਕਾ' ਦ ਸੰਕੇਤ ਦੇਣਾ, ਕਤੇਬ ਕੁਰਾਨ ਦਾ ਸਾਰ ਕੁਝ ਕੁ ਤੁਕਾਂ ਵਿਚ ਦੇ ਜਾਣਾ, ਪ੍ਰਗਟ ਕਰਨ ਲਈ ਕਾਫੀ ਹੈ ਕਿ ਉਹ ਹਰ ਵਿੱਦਿਆ 'ਤੇ ਪੂਰਾ ਕਾਬੂ ਪਾ ਚੁੱਕੇ ਸਨ। ਵੱਖ-ਵੱਖ ਬੋਲੀਅ ਨੂੰ ਉਸੇ ਮੁਹਾਵਰੇ ਲਈ ਵਰਤਣਾ ਵੀ ਪ੍ਰਗਟਾਂਦਾ ਹੈ ਕਿ ਭਾਸ਼ਾਵਾਂ ਦੇ ਅੰਤਰੀਵ ਭਾ ਨੂੰ ਜਾਣ ਗਏ ਸਨ। ਆਪ ਜੀ ਇਕ ਨਿਪੁੰਨ ਚਿੱਤਰਕਾਰ ਵੀ ਸਨ। ਲਾਹੌਰ ਤੋਂ ਜ ਆਪ ਜੀ ਨੇ ਗੁਰ-ਪਿਤਾ ਨੂੰ ਪਾਤੀ ਲਿਖੀ ਸੀ ਤਾਂ ਕੇਵਲ ਕਾਗ਼ਜ਼ 'ਤੇ 'ਪਪੀਹੇ' ਦ ਮੂਰਤ ਬਣਾ ਕੇ ਭੇਜੀ ਸੀ। ਇਧਰੋਂ ਗੁਰੂ ਰਾਮ ਦਾਸ ਜੀ ਨੇ 'ਮੇਘਲਾ' ਦਾ ਚਿੱਤਰ ਬਣ ਕੇ ਭੇਜਿਆ ਸੀ ਜੋ ਇਸ ਗੱਲ ਦਾ ਪ੍ਰਗਟਾਵਾ ਕਰ ਰਿਹਾ ਸੀ ਕਿ ਮੇਘ ਦੇ ਵਰ੍ਹਣ ਨਾ ਹੀ ਪਪੀਹੇ ਨੂੰ ਸਵਾਂਤ ਬੂੰਦ ਮਿਲੇਗੀ। ਉਸਾਰੀ ਦੇ ਕਾਰਜਾਂ ਵਿਚ ਸੇਵਾ ਕਰਕੇ ਪੂ ਹਿੱਸਾ ਲੈ ਰਹੇ ਸਨ। ਆਪ ਜੀ ਉਸਾਰੀ ਕਲਾ, ਸ਼ਿਲਪ ਕਲਾ ਵਿਚ ਵੀ ਨਿਪੁੰਨ ਗਏ ਸਨ। ਹਰਿਮੰਦਰ ਸਾਹਿਬ, ਤਰਨਤਾਰਨ, ਲਾਹੌਰ ਡੱਬੀ ਬਾਜ਼ਾਰ ਤੇ ਬਾਉਲੀ ਸਾਹਿ ਅਤੇ ਦੀਵਾਨ-ਖ਼ਾਨਾ, ਨਗਰ ਤਰਨਤਾਰਨ, ਕਰਤਾਰਪੁਰ, ਸ੍ਰੀ ਅੰਮ੍ਰਿਤਸਰ ਤੇ ਖ਼ਾਸ ਕ ਕਰਤਾਰਪੁਰ ਦਾ ਸ਼ੀਸ਼ ਮਹਿਲ ਅਤੇ ਲਗਾਏ ਬਾਗ਼, ਢੁਕਵੀਆਂ ਉਦਾਹਰਣਾਂ ਹਨ

ਘੋੜ ਸਵਾਰੀ ਦੇ ਗੁਰੂ ਜੀ ਮਾਹਰ ਸਨ। ਨੇਜ਼ਾ ਬਾਜ਼ੀ ਉਹਨਾਂ ਵਰਗੀ ਕੋਈ ਕ ਨਹੀਂ ਸੀ ਸਕਦਾ। ਇਸ ਦਾ ਚਮਤਕਾਰ ਸਭ ਨੇ ਉਸ ਸਮੇਂ ਡਿੱਠਾ ਜਦ ਪਿੰਡ 'ਮਉ ਵਾਲਿਆਂ ਕਿਹਾ ਕਿ ਸਾਡੀ ਰੀਤ ਹੈ ਕਿ ਵਿਆਹੁਣ ਵਾਲੇ ਲੜਕੇ ਨੂੰ ਨੇਜ਼ਾ ਬਾਜ਼

ਕਰ ਕੇ ਦੱਬੀ ਕਿੱਲੀ ਪੁੱਟਣੀ ਪੈਂਦੀ ਹੈ। ਪਿੰਡ ਵਾਲਿਆਂ ਚਲਾਕੀ ਇਹ ਕੀਤੀ ਕਿ ਜੰਡ ਦੇ ਦਰੱਖ਼ਤ ਨੂੰ ਕੱਟ ਕੇ ਕਿੱਲੀ ਜਿਹੀ ਬਣਾ ਦਿੱਤੀ ਸੀ ਜਿਸ ਦੀਆਂ ਜੜ੍ਹਾਂ ਡੂੰਘੀਆਂ ਸਨ। (ਗੁਰੂ) ਅਰਜਨ ਦੇਵ ਜੀ ਨੇ ਇਕੋ ਹੱਲੇ ਵਿਚ ਕਿੱਲੀ ਨੁਮਾ ਜੰਡ ਨੂੰ ਜੜ੍ਹੋਂ ਉਖਾੜ ਦਿੱਤਾ ਸੀ। ਇਤਨਾ ਕੁਝ ਪ੍ਰਾਪਤ ਕਰ ਕੇ ਨਿੰਮ੍ਰਤਾ ਹੱਥੋਂ ਨਾ ਛੱਡੀ। ਲੰਗਰ ਦੇ ਜੂਠੇ ਬਰਤਨ ਆਪੂੰ ਸਾਫ਼ ਕਰਦੇ। ਸੰਗਤਾਂ ਦੀ ਗਾਤ ਨੂੰ ਮੁੱਠੀ-ਚਾਪੀ ਕਰਦੇ ਅਤੇ ਹੱਥੀਂ ਸੇਵਾ ਕਰ ਕੇ ਖ਼ੁਸ਼ ਹੁੰਦੇ।

ਗੁਰੂ ਅਮਰ ਦਾਸ ਜੀ ਜਿਵੇਂ ਸਿੱਖੀ ਦੇ ਬੂਟੇ ਦੀ ਸੰਭਾਲ ਕਰ ਰਹੇ ਸਨ ਤੇ ਨਵੇਂ ਪਿਰ

**ਗੋਇੰਦਵਾਲ ਵਿਚ ਗਿਆਰਾਂ ਸਾਲ**

ਮੱਲ ਰਹੇ ਸਨ, ਉਸ ਨੂੰ ਚੰਗੀ ਤਰ੍ਹਾਂ (ਗੁਰੂ) ਅਰਜਨ ਦੇਵ ਜੀ ਜਾਣ ਸਮਝ ਗਏ ਸਨ। ਗੁਰੂ ਅਮਰ ਦਾਸ ਜੀ ਆਪੂੰ ਆਨੰਦ ਸਰੂਪ ਸਨ ਅਤੇ ਐਸੇ ਉਪਰਾਲੇ ਕੀਤੇ ਸਨ ਕਿ ਗੋਇੰਦਵਾਲ ਸੱਚਮੁੱਚ ਹੀ ਗੋਬਿੰਦਪੁਰੀ ਸਮ ਹੋ ਗਿਆ। ਉਥੇ ਨਾ ਜਾਤ-ਪਾਤ ਦਾ ਵਿਤਕਰਾ ਸੀ, ਨਾ ਕਿਸੇ ਨੂੰ ਭੁੱਖ ਤ੍ਰੇਹ ਸਤਾਂਦੀ ਸੀ। ਨਾ ਕੋਈ ਰੋਗੀ ਸੀ ਅਤੇ ਨਾ ਕਿਸੇ ਨੂੰ ਜਵਾਨੀ ਵਿਚ ਮੌਤ ਦਾ ਦੁੱਖ ਸਤਾਂਦਾ ਸੀ। ਕਿਸੇ ਚੋਰ, ਡਾਕੇ, ਧਾੜਵੀ, ਠੱਗ ਜਾਂ ਬਿਪਤਾ ਦਾ ਭੈ ਨਹੀਂ ਸੀ। ਵਿਧਵਾ ਨੂੰ ਕਦੇ ਕਿਸੇ ਰੋਂਦੇ ਗੋਇੰਦਵਾਲ ਨਹੀਂ ਸੀ ਸੁਣਿਆ, ਸਗੋਂ ਕਿਧਰੇ ਕੋਈ ਵਿਧਵਾ ਹੋਈ ਵੀ ਤਾਂ ਗੁਰੂ ਜੀ ਨੇ ਗੋਇੰਦਵਾਲ ਬੁਲਾ ਕੇ ਵਰ ਢੂੰਡ ਵਿਆਹ ਕਰਾ ਦਿੱਤਾ। ਮਹਿਮਾ ਪ੍ਰਕਾਸ਼ ਨੇ ਬਹੁਤ ਸੁੰਦਰ ਲਿਖਿਆ ਹੈ :

> **ਰਾਜ ਗੁਰ ਅਮਰਦਾਸ ਜੀ ਦਾ ਆਹਾ।**
> **ਨ ਕੋਈ ਬੈਠੇ ਵਿਧਵਾ, ਨ ਪਿਤਾ ਅਗੇ ਪੁਤ ਫ਼ਨਾਹ।**
> **ਚੋਰ, ਧਾੜ, ਜਲ, ਅਗਨ, ਅਉੜ, ਕੁਛ ਬਿਘਨ ਨ ਹੋਈ।**
> **ਜਗਤਿ ਮੈਂ ਚੈਨ ਆਰਾਮ ਦੁਖੀ ਰਹੇ ਨ ਕੋਈ।**

ਬੰਸਾਵਲੀ-ਨਾਮਾ ਦੀ ਵੀ ਗਵਾਹੀ ਹੈ :

> **ਬਚਨ ਕੀਤਾ ਗੁਰੂ ਕੇ ਰਾਜ**
> **ਵਿਚ ਮਾਪਿਆਂ ਅੱਗੇ ਪੁਤ ਨ ਮਰਸੀ।**
> **ਵਿਧਵਾ ਨਾਰ ਨ ਸਤਿਗੁਰ ਕਰਸੀ।**

(ਗੁਰੂ) ਅਰਜਨ ਦੇਵ ਜੀ, ਨਾਨਕ ਗੁਰੂ ਜੀ ਦੀ ਗੋਦ ਵਿਚ ਬੈਠ ਇਹ ਵੀ ਜਾਣ ਗਏ ਸਨ ਕਿ ਸਾਰਾ ਜ਼ੋਰ ਸ਼ਬਦ ਵਿਚਾਰ 'ਤੇ ਹੀ ਦਿੱਤਾ ਜਾ ਰਹਿਆ ਹੈ। ਇਸ ਧਰਮ ਵਿਚ ਮੂਰਤੀ-ਪੂਜਾ ਜਾਂ ਬੁੱਤ-ਪੂਜਾ ਦੀ ਕੋਈ ਗੁੰਜਾਇਸ਼ ਨਹੀਂ। ਇਹ ਭਗਤੀ ਨਿਰਾਲੀ ਅੱਲਾਹ ਦੀ ਹੈ। ਫਿਰ ਜਗਤ ਸਬੰਧੀ ਵੀ ਬਿਲਕੁੱਲ ਨਰੋਏ ਤੇ ਵੱਖਰੇ ਖ਼ਿਆਲ ਗੁਰੂ ਜੀ ਦੇ ਰਹੇ ਸਨ। ਇਸ ਗੱਲ ਦੀ ਪਰਤੀਤੀ ਵੀ ਕਰਵਾ ਰਹੇ ਸਨ ਕਿ ਗ੍ਰਿਹਸਤ ਦੇ ਫ਼ਰਜ਼ ਨਿਭਾਉਂਦਿਆਂ ਹੋਇਆਂ ਉਦਾਸ ਬਿਰਤੀ ਦੁਆਰਾ ਮਾਇਆ ਦੀ ਪਕੜ ਤੋਂ ਉੱਤੇ ਰਹਿਣਾ ਹੈ। 'ਗ੍ਰਿਹਿ ਕੁਟੰਬ ਮਹਿ ਸਦਾ ਉਦਾਸ' ਉਨ੍ਹਾਂ ਦਾ ਮੁੱਖ ਵਾਕ ਸੀ। ਸ਼ਾਸਤਰ ਸੰਸਾਰ ਨੂੰ ਦੁੱਖ ਹੀ ਮੰਨਦੇ ਹਨ। ਸ਼ਾਸਤਰਾਂ ਦਾ ਕਹਿਣਾ ਸੀ ਕਿ ਅਸਲ ਸੁਖ ਵਿਸ਼ਨੂੰ ਦੇ ਪਰਮ ਧਾਮ ਵਿਚ ਹੈ, ਇਸ ਜਗਤ ਵਿਚ ਨਹੀਂ। ਆਪ ਜੀ ਇਹ ਦ੍ਰਿੜ੍ਹਾ ਰਹੇ ਸਨ ਕਿ ਅੱਲਾਹ

Sri Satguru Jagjit Singh Ji eLibrary NamdhariElibrary@gmail.com

ਦੀ ਨਿਰਾਲੀ ਭਗਤੀ ਨਾਲ, ਜਗਤ ਸਬੰਧੀ ਵੀ ਦ੍ਰਿਸ਼ਟੀ ਬਦਲ ਜਾਂਦੀ ਹੈ। ਆਪ ਜੀ ਦਾ ਫ਼ੁਰਮਾਨ ਸੀ :

**ਆਪਿ ਬਸੰਤੁ ਜਗਤੁ ਸਭ ਵਾੜੀ॥**
**ਨਾਨਕ ਪੂਰੈ ਭਾਗਿ, ਭਗਤਿ ਨਿਰਾਲੀ॥** *(ਬਸੰਤ ਮਹਲਾ ੩)*

ਫਿਰ ਆਪ ਜੀ ਜਿਹੜੀ ਘਾਲ ਸਿੱਖਾਂ ਨੂੰ ਦ੍ਰਿੜ੍ਹਾ ਰਹੇ ਸਨ, ਗੁਰੂ ਅਰਜਨ ਦੇਵ ਜੀ ਉਸ ਨੂੰ ਅਪਣਾ ਕੇ ਦੱਸ ਵੀ ਰਹੇ ਸਨ। ਰਹਿਣੀ-ਬਹਿਣੀ ਬਾਰੇ ਉਪਦੇਸ਼ ਮਹਿਮਾ ਪ੍ਰਕਾਸ਼ ਨੇ ਇੰਜ ਦਰਸਾਇਆ ਹੈ :

**ਸੁਨ ਬਿਨੈ ਸੰਗਤ ਪ੍ਰਭ ਕਰਨ ਧਾਰ।**
**ਗੁਰਬਚਨ ਦਿਰੜੇ ਸੇ ਮਮ ਸਿਖ ਪਿਆਰ।**
**ਪਹਰ ਰਾਤ ਪਿਛਲੀ ਜਬ ਰਹੈ।**
**ਕਰ ਇਸ਼ਨਾਨ ਇਕੰਤ ਹੋਇ ਬਹੈ।**
**ਗੁਰ ਸਰੂਪ ਹਿਰਦੇ ਮੈ ਧਾਰੇ।**
**ਗੁਰਬਾਨੀ ਮਨ ਮਾਹਿ ਬਿਚਾਰੇ।**
**ਮਨ ਦਿਰੜ ਸੁਰਤ ਇਕਾਗਰ ਰਾਖੇ।**
**ਪਰ ਨਿੰਦਾ ਝੂਠ ਕਬਹੂੰ ਨਹੀਂ ਭਾਖੇ।**[1]

ਸਿੱਖੀ ਦੇ ਫੈਲਾਅ ਨੂੰ ਇਕੋ ਜਿਹਾ ਸਿੱਖਿਆ-ਜਲ ਪਹੁੰਚਾਣ ਲਈ ਮੰਜੀਆਂ ਦੀ ਅਸਥਾਪਨਾ ਤੇ ਸਿੱਖਾਂ ਵਲੋਂ ਕੀਤੀ ਜਾ ਰਹੀ ਘਾਲ (ਗੁਰੂ) ਅਰਜਨ ਦੇਵ ਜੀ ਆਪੂੰ ਦੇਖ ਰਹੇ ਸਨ ਅਤੇ ਪਿਤਾ ਦੀ ਕੀਤੀ ਘਾਲ ਨਾਲ ਤਾਂ ਅਮਿਟ ਛਾਪ ਬਾਲਕ ਅਰਜਨ 'ਤੇ ਪੈ ਰਹੀ ਸੀ। ਫਿਰ ਉਹ ਇਹ ਵੀ ਦੇਖ ਰਹੇ ਸਨ ਕਿ ਇਤਨਾ ਪ੍ਰਤਾਪ, ਤੇਜ, ਬਲ ਹੁੰਦਿਆਂ ਗੁਰੂ ਜੀ ਨਿੰਮ੍ਰਤਾ ਵਿਚ ਕਿਵੇਂ ਵਿਚਰਦੇ ਰਹਿੰਦੇ ਹਨ ਅਤੇ ਸੰਸਾਰੀ ਸੁਖ ਆਪ ਜੀ ਦੇ ਪਿੱਛੇ ਭੱਜਦੇ ਹਨ, ਪਰ ਗੁਰੂ ਅਮਰ ਦਾਸ ਜੀ ਕਿਰਤ ਕਰ ਕੇ ਹੀ ਪ੍ਰਸ਼ਾਦ ਛਕਦੇ ਸਨ। ਗੁਰੂ ਨਾਨਕ ਦੇਵ ਜੀ ਪੂਰਨੇ ਪਾ ਗਏ ਸਨ। ਗੁਰੂ ਅੰਗਦ ਦੇਵ ਜੀ ਉਨ੍ਹਾਂ 'ਤੇ ਹੀ ਟੁਰਦੇ ਰਹੇ। ਗੁਰੂ ਅੰਗਦ ਦੇਵ ਜੀ ਵਾਣ ਵੱਟ ਵੇਚ ਗੁਜ਼ਾਰਾ ਕਰਦੇ। ਗਵਾਹੀ ਹੈ :

**ਵਾਣ ਵਟ ਕਰਨ ਗੁਜ਼ਰਾਨ।**
**ਬਿਨਾ ਆਪਣੀ ਕਿਰਤ ਪਾਨ ਨ ਖਾਨ।**

ਲਤੀਫ਼ ਨੇ ਲਿਖਿਆ ਹੈ ਕਿ ਗੁਰੂ ਅਮਰ ਦਾਸ ਜੀ ਵੀ ਲੂਣ ਤੇਲ ਦੀ ਹੱਟੀ ਪਾ ਗੁਜ਼ਾਰੇ ਲਈ ਕਿਰਤ ਕਰਦੇ ਸਨ।[2] ਗੁਰੂ ਅਰਜਨ ਦੇਵ ਜੀ ਦੀ ਜਦ ਆਰਥਕ ਦੀਨ ਦਸ਼ਾ ਭਾਈ ਗੁਰਦਾਸ ਜੀ ਨੇ ਦੇਖੀ ਸੀ ਤਾਂ ਗੁਰੂ ਜੀ ਨੇ ਇਹ ਹੀ ਬਚਨ ਕੀਤੇ ਸਨ :

**ਗੁਰਤਾ ਕੁਛ ਧਨ ਹਿਤ ਨਹਿ ਲੀਨੀ।**

ਗੁਰੂ ਦਰਬਾਰ ਵਿਚ ਰਾਜਿਆਂ ਤੇ ਸ਼ਾਹਾਂ ਨੂੰ ਝੁਕਦੇ ਗੁਰੂ ਅਰਜਨ ਦੇਵ ਜੀ ਦੇਖ

---

1. ਮਹਿਮਾ ਪ੍ਰਕਾਸ਼, ਭਾਗ ਦੂਜਾ, ਪੰਨਾ 243 ।
2. ਹਿਸਟਰੀ ਆਫ਼ ਪੰਜਾਬ, ਪੰਨਾ 221।

Sri Satguru Jagjit Singh Ji eLibrary NamdhariElibrary@gmail.com

ਰਹੇ ਸਨ। ਜਦ ਅਕਬਰ ਗੁਰੂ ਦਰਬਾਰ ਹਾਜ਼ਰੀ ਭਰਨ ਆਇਆ ਤਾਂ ਉਸ ਸਮੇਂ ਆਪ ਜੀ ਦੀ ਆਯੂ ਕੇਵਲ ਦਸ ਸਾਲ ਦੀ ਸੀ। ਸਾਰੇ ਵਾਰਤਾਲਾਪ ਆਪ ਜੀ ਨੇ ਕੰਨੀਂ ਸੁਣੇ ਸਨ। ਜਦ ਅਕਬਰ ਨੇ ਕਿਹਾ ਸੀ, 'ਫ਼ਕੀਰ ਸਾਂਈਂ ਕੁਛ ਕਹ ਫ਼ਰਮਾਇਆ' ਤਾਂ ਆਪ ਜੀ ਨੇ ਬਚਨ ਕੀਤਾ, 'ਚਾਹ ਕੁਛ ਨਹੀਂ ਹਮਾਰੇ।' ਇਹ (ਗੁਰੂ) ਅਰਜਨ ਦੇ ਭਾਵਕ ਬਾਲਕ ਮਨ 'ਤੇ ਉਕਰਿਆ ਜਾ ਰਿਹਾ ਸੀ ਕਿ ਜਿਸ ਨੇ ਵੀ ਇਹ ਗੁਰ-ਗੱਦੀ ਦੀ ਜ਼ਿਮੇਵਾਰੀਂ ਉਠਾਉਣੀ ਹੈ, ਉਸ ਨੂੰ ਦੁਨੀਆਂ ਤੋਂ ਬੇਮੁਹਤਾਜ ਹੋਣਾ ਪੈਣਾ ਹੈ। ਕਨਿੰਘਮ ਦਾ ਕਹਿਣਾ ਹੈ ਕਿ ਗੁਰੂ ਅਮਰ ਦਾਸ ਜੀ ਨੂੰ ਵੀ ਸ਼ੀਲ ਅਕਬਰ ਵਿਚ ਇਕ ਸੁਰਤਿ ਵਾਲੇ ਸਰੋਤੇ ਦੀ ਝਾਤ ਪਈ ਸੀ।[1]

ਬਾਉਲੀ ਸਾਜ ਜਿਵੇਂ ਜਾਤ ਪਾਤ ਜੜ੍ਹੋਂ ਹੀ ਉਖੇੜ ਦਿੱਤੀ ਸੀ, ਉਸ ਦਾ ਪ੍ਰਭਾਵ ਵੀ ਅਮਿਟ ਸੀ। ਫਿਰ ਜਿਸ ਸਹਿਜ ਪੰਘੂੜੇ ਝੂਲ ਗੁਰੂ ਅਮਰ ਦਾਸ ਜੀ ਜੋਤੀ ਜੋਤ ਸਮਾਏ ਸਨ, ਉਸ ਦਾ ਦ੍ਰਿਸ਼ ਅੱਖਾਂ ਸਾਹਮਣੇ ਰਹਿਆ। ਗੁਰੂ ਅਮਰ ਦਾਸ ਜੀ ਦਾ ਅੰਤਮ ਉਪਦੇਸ਼ 'ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ' ਅਤੇ 'ਮੈਂ ਪਿਛੈ ਕੀਰਤਨ ਕਰਿਅਹੁ ਨਿਰਬਾਨ ਜੀਉ' (ਗੁਰੂ) ਅਰਜਨ ਦੇਵ ਜੀ ਨੂੰ ਕਦੇ ਨਾ ਭੁੱਲੇ। ਗਿਆਨੀ ਗਿਆਨ ਸਿੰਘ ਜੀ ਨੇ ਇਨ੍ਹਾਂ ਗਿਆਰਾਂ ਸਾਲਾਂ ਦੇ ਪ੍ਰਭਾਵ ਬਾਰੇ ਲਿਖਿਆ ਹੈ ਕਿ (ਗੁਰੂ) ਅਰਜਨ ਦੇਵ ਜੀ ਇਸ ਵਾਤਾਵਰਨ ਵਿਚ ਰਹਿ, ਗੁਰੂ ਗੋਦ ਵਿਚ ਪਲ, ਇਕ ਧੀਰਜੀ ਦੂਰ-ਅੰਦੇਸ਼ੀ, ਸਤੋਗੁਣੀ ਤੇ ਸਰਬ ਪ੍ਰਕਾਰ ਈਸ਼ਵਰੀ ਬੁੱਧ ਵਾਲੇ ਪੁਰਸ਼ ਬਣ ਗਏ ਸਨ। ਉਹ ਜਾਣ ਗਏ ਸਨ ਕਿ ਗੁਰਗੱਦੀ ਕੁਝ ਗ੍ਰਹਿਣ ਕਰਨਾ ਨਹੀਂ, ਸਗੋਂ ਦੇਣਾ ਹੈ ਆਪਣੇ ਸੁਖਾਂ ਵਿਚੋਂ ਦਾਨ, ਸੰਗਤਾਂ ਨੂੰ ਪ੍ਰਭੂ ਪ੍ਰੇਮ ਵਿਚ ਲਗਾ ਕੇ ਪਾਪਾਂ ਤੋਂ ਦੂਰ ਕਰਨਾ।

**ਗੁਰੂ ਰਾਮਦਾਸ ਜੀ ਦੀ ਗੁਰ-ਗੱਦੀ ਦੀ ਜ਼ਿਮੇਵਾਰੀ ਸੰਭਾਲਣੀ**

ਗੁਰੂ ਅਮਰ ਦਾਸ ਜੀ ਨੇ ਆਪਣੀ ਹੱਥੀਂ ਗੁਰ-ਗੱਦੀ ਦੀ ਜ਼ਿਮੇਵਾਰੀ ਗੁਰੂ ਰਾਮ ਦਾਸ ਜੀ ਨੂੰ ਪਹਿਲੀ ਸਤੰਬਰ 1514 ਈ: ਨੂੰ ਦਿੱਤੀ। ਬਾਬਾ ਮੋਹਨ ਜੀ ਕੁਝ ਰਿਸਾਇ ਪਰ ਪਿੱਛੋਂ ਚੁੱਪ ਕਰ ਗਏ ਅਤੇ ਇਕਾਂਤ ਵਾਸ ਹੋ ਗਏ। ਬਾਬਾ ਮੋਹਰੀ ਨੇ ਗੁਰੂ ਪਿਤਾ ਦੇ ਹੁਕਮ ਅੱਗੇ ਸਿਰ ਨਿਵਾਇਆ। ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਵੱਸਣ ਤੇ ਵਸਾਉਣ, ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰ ਦਾਸ ਜੀ ਨੂੰ ਖਡੂਰ ਸਾਹਿਬ ਛੱਡ ਗੋਇੰਦਵਾਲ ਜੋਤ ਜਗਾਉਣ ਦਾ ਹੁਕਮ ਦਿੱਤਾ ਸੀ, ਇਸੇ ਤਰ੍ਹਾਂ ਗੁਰੂ ਅਮਰ ਦਾਸ ਜੀ ਨੇ 'ਸ਼ਹਿਰ ਅੰਮ੍ਰਿਤਸਰ ਕਰਨ ਦਾ ਹੁਕਮ ਦਿੱਤਾ।' ਸੋ ਛੇਤੀ ਹੀ ਗੋਇੰਦਵਾਲ ਛੱਡ ਗੁਰੂ ਰਾਮ ਦਾਸ ਜੀ ਨਾਲ ਹੀ, ਗੁਰੂ ਅਰਜਨ ਦੇਵ ਜੀ, ਸ੍ਰੀ ਅੰਮ੍ਰਿਤਸਰ ਵੱਸਣ ਵਸਾਉਣ ਲਈ ਆ ਗਏ।

1. ਠੀਕ ਸ਼ਬਦ ਹਨ : ਐਟਿੰਟਵ ਲਿਸਨਰ ਇਨ ਦੀ ਟਾਲਰੈਂਟ ਅਕਬਰ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

2

# ਗੁਰੂ ਪਿਤਾ ਦੀ ਛਾਂ ਹੇਠ ਸੱਤ ਸਾਲ

**ਸ੍ਰੀ ਅੰਮ੍ਰਿਤਸਰ ਦੀ ਅਸਥਾਪਣਾ**

ਗੁਰੂ ਅਮਰ ਦਾਸ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਹੁਕਮ ਕੀਤਾ ਸੀ ਕਿ ਜਿਸ ਥਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੇ ਚਰਨਾਂ ਨਾਲ ਪੁੰਨੀਤ ਕੀਤਾ ਸੀ, ਉਥੇ ਹੀ ਨਵਾਂ ਸ਼ਹਿਰ ਬਣਾਉਣਾ। ਇਸ ਹੁਕਮ 'ਤੇ ਟੁਰਦੇ ਉਹ ਨਗਰ ਸਾਜਣ ਲਈ ਆਏ ਅਤੇ ਸ਼ਹਿਰ ਦਾ ਨਾਂ 'ਗੁਰੂ ਕਾ ਚੱਕ' ਰੱਖਿਆ। ਪਿੱਛੋਂ ਇਸੇ ਦਾ ਹੀ ਨਾਂ ਰਾਮਦਾਸ ਪੁਰਾ ਤੇ ਫਿਰ ਅੰਮ੍ਰਿਤਸਰ ਪ੍ਰਸਿੱਧ ਹੋਇਆ। ਇਸ ਦੀ ਮੋਹੜੀ ਹਾੜ ਦੀ ਸੰਗਰਾਂਦ ਵਾਲੇ ਦਿਨ ਸੰਮਤ 1674 (1577 ਈ:) ਨੂੰ ਰੱਖੀ ਸੀ।

ਗੁਰੂ ਅਮਰ ਦਾਸ ਜੀ ਆਪੂੰ ਅੰਮ੍ਰਿਤਸਰ ਦਾ ਮੋਟਾ-ਮੋਟਾ ਖਾਕਾ ਖਿੱਚ ਕੇ ਦੇ ਗਏ ਸਨ। ਉਨ੍ਹਾਂ ਦੇ ਹੀ ਬਚਨ, ਸਲੋਕ ਵਾਰਾਂ ਤੇ ਵਧੀਕ ਵਿਚ ਗੁਰੂ ਗ੍ਰੰਥ ਸਾਹਿਬ ਵਿਖੇ ਦਰਜ ਹਨ ਕਿ ਲਾਹੌਰ ਕੇਵਲ ਇਕ ਸ਼ਹਿਰ ਹੈ ਪਰ ਜੋ ਅੰਮ੍ਰਿਤਸਰ ਉਸਰੇਗਾ, ਉਹ ਮਨੁੱਖ ਜਾਤੀ ਲਈ ਕਲਿਆਣਕਾਰੀ ਹੋਵੇਗਾ। ਅੰਮ੍ਰਿਤਸਰ ਦੀ ਵਸੋਂ, ਸ਼ਹਿਰ ਦੀ ਤੜਕ-ਭੜਕ ਵਿਚ ਵਾਹਿਗੁਰੂ ਨਹੀਂ ਵਿਸਾਰੇਗੀ :

> ਲਾਹੌਰ ਸਹਿਰ ਅੰਮ੍ਰਿਤਸਰ ਸਿਫਤੀ ਦਾ ਘਰੁ।

ਭਾਈ ਮਨੀ ਸਿੰਘ ਜੀ ਦੇ ਕਥਨ ਅਨੁਸਾਰ ਗੁਰੂ ਅਮਰ ਦਾਸ ਜੀ ਨੇ ਕਿਹਾ ਸੀ : 'ਪੁਰਖਾ! ਕੋਈ ਤੀਰਥ ਮਦਰ ਦੇਸ਼ ਵਿਚ ਕਰੀਏ ਜੋ ਤਰਲੋਕੀ ਦੇ ਸਭਨਾਂ ਦਾ ਫਲ ਹੋਵਹਿ', ਜਿਸ ਦੇ ਇਸ਼ਨਾਨ ਕਰਨ ਦੇ ਫਲ 'ਤੇ ਇਹ ਵੀ ਲਿਖਿਆ ਮਿਲਦਾ ਹੈ ਕਿ ਗੁਰੂ ਅਮਰ ਦਾਸ ਜੀ ਨੇ ਮੋਹਨ ਜੀ ਤੇ ਮੋਹਰੀ ਜੀ ਦੇ ਸਾਰੇ ਪਰਵਾਰ ਨੂੰ ਕਿਹਾ :

> ਹਮ ਕੋ ਗੁਰ ਕੀ ਆਗਿਆ ਹੈ,
> ਸੁਧਾ ਸਰੋਵਰ ਕੋ ਬਨਾਵਨਿ
> ਤੁਮ ਭੀ ਆਇਸ ਕਰੋ ਘਲਾਵਨਿ। *(ਸੂਰਜ ਪ੍ਰਕਾਸ਼)*

ਗਿਆਨੀ ਗਿਆਨ ਸਿੰਘ ਜੀ ਦਾ ਕਹਿਣਾ ਹੈ ਕਿ ਇਹ ਉਹੀ ਥਾਂ ਹੈ ਜਿੱਥੋਂ (ਗੁਰੂ) ਅਮਰ ਦਾਸ ਗੁਰੂ ਅੰਗਦ ਦੇਵ ਜੀ ਲਈ ਬੂਟੀ ਲੈ ਕੇ ਗਏ ਸਨ ਤੇ ਲਗਾਉਣ ਨਾਲ



Sri Satguru Jagjit Singh Ji eLibrary NamdhariElibrary@gmail.com

ਰਿਸਦਾ ਅੰਗੂਠਾ ਨਰੋਆ ਹੋਇਆ ਸੀ। ਸੂਰਜ ਪ੍ਰਕਾਸ਼ ਦੇ ਲਿਖੇ ਅਨੁਸਾਰ ਗੁਰੂ ਅਮਰ ਦਾਸ ਜੀ ਨੇ ਹੀ ਹੁਕਮ ਕੀਤਾ ਸੀ :

ਗ੍ਰਾਮ ਤੁੰਗ ਤੇ ਅਹੈ ਉਚੇਰੇ।
ਗਿਲਵਾਲੀ ਤੇ ਲਖਹੁ ਪਰੇਰੇ॥ ੯॥

ਹੈ ਸੁਲਤਾਨ ਪਿੰਡ ਜਿਸ ਨਾਮੂ।
ਤਿਸ ਤੇ ਪਸ਼ਚਮ ਦਿਸ਼ ਅਭਿਰਾਮੂ।

ਤਹਾ ਜਾਇ ਕਰਿ ਗ੍ਰਾਮ ਬਸਾਵਹੁ।
ਸੁੰਦਰ ਆਪਨੇ ਸਦਨ ਬਨਾਵਹੁ॥ ੧੦॥

ਇਥੋਂ ਤੱਕ ਕਿਹਾ ਸੀ ਕਿ ਜਿਤਨਾ ਧਨ ਲੱਗੇ ਬਾਬਾ ਬੁੱਢਾ ਜੀ ਪਾਸੋਂ ਲੈ ਲੈਣਾ।

ਗਜ਼ਟੀਅਰ ਅੰਮ੍ਰਿਤਸਰ ਦੇ ਕਥਨ ਅਨੁਸਾਰ 100 ਰੁਪਏ ਵੱਟੇ ਤੁੰਗ ਪਿੰਡ ਦੇ ਜ਼ਿਮੀਂਦਾਰਾਂ ਕੋਲੋਂ ਇਹ ਥਾਂ ਖ਼ਰੀਦੀ, ਜਿੱਥੇ ਅੰਮ੍ਰਿਤਸਰ ਦੀ ਅਸਥਾਪਣਾ ਕੀਤੀ। ਅਕਬਰ ਵਲੋਂ ਬੀਬੀ ਭਾਨੀ ਦੇ ਨਾਂ ਲਗਾਈ ਜ਼ਮੀਨ ਭਾਵੇਂ ਲਾਗੇ ਹੀ ਸੀ, ਪਰ ਉਸ ਥਾਂ 'ਤੇ ਸ਼ਹਿਰ ਵਸਾਉਣਾ ਉਚਿਤ ਨਾ ਜਾਤਾ। ਗੁਰੂ ਰਾਮ ਦਾਸ ਜੀ ਨੇ ਫ਼ੁਰਮਾਇਆ ਸੀ :

'ਫ਼ਕੀਰਾਂ ਦੀ ਜਗੀਰ ਚਾਰ ਚੱਕ ਹੈ। ਅਸੀਂ ਗੁਰੂ ਘਰ ਨੂੰ ਕਿਸੇ ਦਾ ਜਗੀਰਦਾਰ ਨਹੀਂ ਕਰਨਾ ਚਾਹੁੰਦੇ। ਜਿਸ ਤਰ੍ਹਾਂ ਮੇਘ ਬਰਸੇ ਤੇ ਸਾਵਨ ਵਿਚ ਮੱਛਰ, ਬ੍ਰਿਖ ਸਰਪ ਪੈਦਾ ਹੋ ਕੇ ਦੁਖਦਾਈ ਹੁੰਦੇ ਹਨ, ਐਸੀ ਜਗੀਰ ਭੀ ਕਾਮ, ਕ੍ਰੋਧ, ਲੋਭ, ਮੋਹ, ਈਰਖਾ, ਬਖੀਲੀ, ਪ੍ਰਾਧੀਨਤਾ ਲੜਾਈ ਝਗੜੇ ਪੈਦਾ ਕਰਨ ਵਾਲੀ ਹੈ।'

ਇਹ ਟਪਲਾ ਹੈ ਕਿ ਅੰਮ੍ਰਿਤਸਰ ਉਸ ਅਸਥਾਨ 'ਤੇ ਵਸਾਇਆ ਜੋ ਜ਼ਮੀਨ ਅਕਬਰ ਵਲੋਂ ਬੀਬੀ ਭਾਨੀ ਜੀ ਨੂੰ ਦਿੱਤੀ ਗਈ ਸੀ।

ਮਹਿਮਾ ਪ੍ਰਕਾਸ਼ ਨੇ ਠੀਕ ਲਿਖਿਆ ਹੈ ਕਿ ਇਹ ਥਾਂ ਜਿੱਥੇ ਤਾਲ, ਨਗਰ ਵਸਾਇਆ, ਸੁਲਤਾਨਵਿੰਡ ਦੀ ਜੂਹ ਸੀ ਤੇ ਇਹ ਦੇਖ ਕੇ ਹੀ ਗੁਰੂ ਰਾਮ ਦਾਸ ਜੀ ਨੇ ਕਿਹਾ ਸੀ ਕਿ ਇਹ ਹੀ ਪੁੰਨੀਤ ਥਾਂ ਹੈ, ਅਸੀਂ ਸਿਰਫ਼ ਪ੍ਰਗਟ ਕਰ ਰਹੇ ਹਾਂ। ਇਹ ਆਰਥਿਕ ਕੇਂਦਰ ਵੀ ਹੋਵੇਗਾ ਤੇ ਅਧਿਆਤਮਿਕ ਚਾਨਣ ਮੁਨਾਰਾ ਵੀ। 'ਜਗ ਮੁਕਤ ਭੁਗਤ ਕੋ ਬਨੇ ਸਮਾਜ।' ਉਥੇ ਪਹਿਲਾਂ ਸਰੋਵਰ ਬਣਾਇਆ, ਫਿਰ ਰਿਹਾਇਸ਼ੀ ਮਕਾਨ, ਬਾਜ਼ਾਰ ਤੇ ਦੀਵਾਨ-ਖ਼ਾਨੇ, ਮਹੱਲ ਤੇ ਟਿਕਾਣੇ :

'ਭਗਤ ਸਰੋਵਰ ਅੰਮ੍ਰਿਤ ਭਰਾ।
ਗੁਰ ਸ੍ਰੀ ਮੁਖ ਨਾਮ ਅੰਮ੍ਰਿਤਸਰ ਧਰਾ।'[1]

ਭਾਈ ਕੇਸਰ ਸਿੰਘ ਜੀ ਲਿਖਦੇ ਹਨ ਕਿ ਪਹਿਲਾਂ-ਪਹਿਲਾਂ ਇਸ ਤੀਰਥ ਦੇ ਦੋ ਨਾਂ ਪੈ ਗਏ ਸਨ। ਕੋਈ ਰਾਮ ਦਾਸ ਸਰ ਤੇ ਕੋਈ ਅਮਰਸਰ ਕਹਿੰਦਾ ਸੀ ਪਰ ਛੇਤੀ

1. ਮਹਿਮਾ ਪ੍ਰਕਾਸ਼, ਪੰਨਾ 292, ਛਾਪਕ ਭਾਸ਼ਾ ਵਿਭਾਗ, ਪਟਿਆਲਾ।

Sri Satguru Jagjit Singh Ji eLibrary NamdhariElibrary@gmail.com

ਹੀ ਸਾਰੇ ਅੰਮ੍ਰਿਤਸਰ ਹੀ ਕਹਿਣ ਲੱਗ ਪਏ :

**ਦੁਇ ਨਾਮ ਤੀਰਥ ਦੇ ਪਏ ਸੰਸਾਰ।**
**ਕੋਈ ਕਹੈ ਰਾਮਦਾਸ ਸਰ।**
**ਕੋਈ ਕਹੈ ਅਮਰਸਰ ਉਚਾਰ।**

ਪਰ ਜਦ ਗੁਰੂ ਅਰਜਨ ਦੇਵ ਜੀ ਨੇ ਆ ਕੇ ਫੇਰ ਉਸਾਰੀ ਲਵਾਈ ਤਾਂ ਨਾਂ ਅੰਮ੍ਰਿਤਸਰ ਪੈ ਚੁੱਕਾ ਸੀ।

**ਉਸਾਰੀ ਫੇਰ ਲਵਾਈ ਅੰਮ੍ਰਿਤਸਰ।**
**ਨਾਲੇ ਸਰਿ ਬਣੇ, ਨਾਲੇ ਬਣੇ ਨਗਰ ਵਿਚ ਘਰ।**

ਭਾਈ ਗੁਰਦਾਸ ਜੀ ਦੀ ਅਕੱਟ ਗਵਾਹੀ ਹੁੰਦਿਆਂ, ਹੋਰ ਕਿਸੇ ਰਾਇ ਨੂੰ ਦੋਹਰਾਣ ਦੀ ਲੋੜ ਨਹੀਂ ਰਹਿ ਜਾਂਦੀ। ਉਨ੍ਹਾਂ ਦਾ ਲਿਖਣਾ ਹੈ ਕਿ ਇਹ ਸਰੋਵਰ ਖੁਦਵਾਉਣ ਦਾ ਸਭ ਉੱਦਮ ਗੁਰੂ ਰਾਮ ਦਾਸ ਜੀ ਦਾ ਸੀ ਅਤੇ ਉਨ੍ਹਾਂ ਹੀ ਅੰਮ੍ਰਿਤਸਰ ਉਸਾਰਿਆ।

**ਪੂਰਨ ਤਾਲ ਖਟਾਇਆ, ਅੰਮ੍ਰਿਤਸਰ ਵਿਚ ਜੋਤ ਜਗਾਵੈ॥**

ਅੰਮ੍ਰਿਤਸਰ ਦੀ ਮਹੱਤਤਾ ਦ੍ਰਿੜ੍ਹਾਉਂਦੇ ਬਚਨ ਕੀਤੇ ਕਿ ਪੰਛੀ ਉੱਡਦੇ ਉੱਤੋਂ ਲੰਘਦੇ ਵੀ ਮੁਕਤ ਹੋਣਗੇ :

**ਇਸ ਸਰੋਵਰ ਉਪਰ ਉਡਤੇ ਜਾਏ।**
**ਕੋਈ ਪੰਛੀ ਸਹਜ ਸੁਭਾਇ।**
**ਬਿਨਾ ਜਤਨ ਸੁਭਗਤ ਕੋ ਪਾਏ।**
**ਪਾਇ ਭਗਤ ਹਰਿ ਚਰਨ ਸਮਾਏ।**

ਇਹ ਬਚਨ ਵੀ ਕੀਤਾ ਕਿ ਇਹ ਤਾਂ ਮੁਕਤ ਭੁਗਤ ਦੀ ਸੀੜ੍ਹੀ ਹੀ ਬਣਾਈ ਹੈ।

ਸਿੱਖਾਂ ਦੀ ਭਗਤ ਮਾਲ ਵਿਚ ਵੀ ਜ਼ਿਕਰ ਹੈ ਕਿ ਭਾਈ ਪੈੜਾ ਤੇ ਸੰਘਰ ਜੀ ਗੁਰੂ ਅਰਜਨ ਜੀ ਪਾਸ ਆਏ ਤਾਂ ਉਨ੍ਹਾਂ ਸ੍ਰੀ ਅੰਮ੍ਰਿਤਸਰ ਦੀ ਮਹੱਤਤਾ ਪੁੱਛੀ। ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ : ਤੀਜੇ ਪਾਤਸ਼ਾਹ ਨੇ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਬਚਨ ਕੀਤਾ ਸੀ, 'ਪੁਰਖਾ ਕਲਿਜੁਗ ਦੇ ਜੀਆਂ ਦੀਆਂ ਆਰਜਾਵਾਂ ਛੋਟੀਆਂ ਹੋਣਗੀਆਂ ਅਤੇ ਬੁੱਧਾਂ ਮੋਟੀਆਂ। ਸੋ ਐਸਾ ਤੀਰਥ ਬਣਾਇਆ ਜਾਵੇ ਜਿੱਥੇ ਉਨ੍ਹਾਂ ਨੂੰ ਥੋੜ੍ਹੇ ਚਿਰ ਵਿਚ ਹੀ ਜੀਵਨ ਰਾਹ ਬਿਬੇਕ ਬੁੱਧੀ ਮਿਲੇ।' ਸੋ ਅੰਮ੍ਰਿਤਸਰ ਇਸ ਕਾਰਨ ਸਾਜਿਆ ਹੈ।

ਇਕ ਵਾਰੀ ਫੇਰ ਭਾਈ ਜੋਧ ਤੇ ਭਾਈ ਦੇਸੀ ਜੀ ਦੇ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ : ਸ੍ਰੀ ਅੰਮ੍ਰਿਤਸਰ ਨਿਰੰਕਾਰ ਦੀ ਪੁਰੀ ਹੈ ਅਤੇ ਨਾਮ ਦਾ ਤੀਰਥ ਹੈ।

ਸਰੋਵਰ ਦੇ ਬਣ ਜਾਣ ਨਾਲ ਰੌਣਕਾਂ ਹੋ ਗਈਆਂ ਸਨ। ਪਹਿਲਾਂ ਲਾਗੇ ਮਕਾਨ ਬਣਾਏ।

**ਨਗਰ ਉਸਾਰੀ**

ਫਿਰ ਇਰਦ-ਗਿਰਦ ਬਾਜ਼ਾਰ ਤੇ ਹੱਟੀਆਂ ਬਣਵਾਈਆਂ। 52 ਕਿੱਤਿਆਂ ਦੇ ਵਪਾਰੀ, ਕਾਰੀਗਰਾਂ ਤੇ ਹੋਰ ਮਾਹਿਰਾਂ ਨੂੰ ਉਚੇਚਾ ਸੱਦ ਕੇ ਵਸਾਇਆ। ਸਭ ਤੋਂ ਪਹਿਲਾਂ ਗੁਰੂ ਕਾ ਬਾਜ਼ਾਰ ਹੀ ਬਣਿਆ ਲਗਦਾ

Sri Satguru Jagjit Singh Ji eLibrary NamdhariElibrary@gmail.com

ਹੈ ਅਤੇ ਉਥੇ ਹੀ ਆਪਣੇ ਰਹਿਣ ਲਈ ਟਿਕਾਣਾ ਬਣਾਇਆ, ਜੋ ਪਿੱਛੋਂ ਗੁਰੂ ਕਾ ਮਹੱਲ ਕਰਕੇ ਜਾਣਿਆ ਗਿਆ। ਭਾਈ ਭਗਤੂ ਤੇ ਭਾਈ ਬਹਿਲੋ ਨੇ ਉਚੇਚੀ ਸੇਵਾ ਕੀਤੀ। ਭਾਈ ਸਾਲੋ ਜੀ ਨੇ ਆਪਣੇ ਰਿਸ਼ਤੇਦਾਰਾਂ, ਸੰਗੀਆਂ ਤੇ ਨੇੜੇ ਵਰਤਾਵੇ ਵਾਲਿਆਂ ਨੂੰ ਪ੍ਰੇਰ ਕੇ ਥਾਵਾਂ ਲੈ ਦਿੱਤੀਆਂ। ਭਾਈ ਚੰਦਰ ਭਾਨ ਤੇ ਭਾਈ ਰੂਪ ਰਾਮ ਵੀ ਭਾਈ ਸਾਲੋ ਜੀ ਨਾਲ ਆਏ ਸਨ। ਇਨ੍ਹਾਂ ਦੋਵਾਂ ਨੇ ਵੀ ਕਈਆਂ ਨੂੰ ਉਤਸ਼ਾਹਿਤ ਕੀਤਾ। ਕੁਝ ਮਹੀਨਿਆਂ ਵਿਚ ਹੀ ਨਗਰੀ ਘੁੱਘ ਵੱਸ ਗਈ। 'ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ' ਇਸੇ ਪਾਸੇ ਦੀ ਗਵਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਬਾਬਾ ਸ੍ਰੀ ਚੰਦ ਜੀ ਇਸ ਨਗਰੀ ਵਿਚ ਆਏ, ਜਿੱਥੇ ਉਹ ਗੁਰੂ ਰਾਮ ਦਾਸ ਜੀ ਦੀ ਨਿੰਮ੍ਰਤਾ ਦੇਖ ਪ੍ਰਭਾਵਤ ਹੋਏ, ਉਥੇ ਘੁੱਘ ਵੱਸਦਾ ਸ਼ਹਿਰ ਦੇਖ ਕੇ ਫ਼ਰਮਾਇਆ :

**ਤੁਮਰੀ ਮਹਿਮਾ ਅਧਿਕ ਹੈ**
**ਕਹੀਏ ਕਾਹਿ ਬਨਾਇ।**
**ਤੁਮਰੇ ਸਰ ਮਹਿ ਜੋ ਮਜਹਿ**
**ਪਾਪੀ ਭੀ ਗਤਿ ਪਾਇ॥ ੮॥**

*(ਸੂਰਜ ਪ੍ਰਕਾਸ਼, ਰਾਸ ਦੂਜੀ, ਅੰਸ਼ ੧੪)*

ਸਭ ਤੋਂ ਵੱਡੀ ਗੱਲ ਸਿੱਖਾਂ ਨੂੰ ਅੰਮ੍ਰਿਤਸਰ ਦੀ ਸ਼ਕਲ ਵਿਚ ਕੇਂਦਰ ਮਿਲ ਗਿਆ ਜੋ ਪਿੱਛੋਂ ਸਾਂਝਾ ਕੌਮੀ ਵਿਰਸਾ ਦਰਸਾਉਣ ਤੇ ਪ੍ਰਗਟਾਉਣ ਦਾ ਨੁਕਤਾ ਸਿੱਧ ਹੋਇਆ। ਲਤੀਫ਼ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਦੀ ਅਸਥਾਪਣਾ ਨਾਲ, ਐਸਾ ਧੁਰਾ ਬਣ ਗਿਆ ਜਿਸ ਗਿਰਦ ਇਕੱਠੇ ਹੋ ਕੇ ਸਿੱਖ ਆਪਣੇ ਦੁੱਖ-ਸੁਖ ਸਾਂਝੇ ਕਰ ਸਕਦੇ ਸਨ। ਸਿੱਖਾਂ ਨੂੰ ਇਕ ਥਾਂ 'ਤੇ ਬੈਠਣ ਦਾ ਵੱਲ ਆਇਆ ਤੇ ਉਥੋਂ ਹੀ ਇਕ ਬਾਟੇ ਅੰਮ੍ਰਿਤ ਪਾਉਣ ਲਈ ਉਹ ਤਿਆਰ ਹੋਏ। 'ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ' ਹੁਣ ਸਿੱਖਾਂ ਦੀ ਨਿੱਤ ਦੀ ਅਰਦਾਸ ਦਾ ਹਿੱਸਾ ਹੈ।

**ਗੁਰੂ ਅਰਜਨ ਦੇਵ ਜੀ ਦੀ ਅੰਮ੍ਰਿਤਸਰ ਵਿਖੇ ਕਾਰ**

(ਗੁਰੂ) ਅਰਜਨ ਜੀ ਆਪੂੰ ਦਿਨ ਰਾਤ ਸੇਵਾ, ਸਿਮਰਨ, ਕੀਰਤਨ ਤੇ ਨਾਮ ਅਭਿਆਸ ਵਿਚ ਜੁੱਟੇ ਰਹਿੰਦੇ। ਇਹ ਉਹ ਆਪੂੰ ਦੇਖਦੇ ਕਿ ਕੋਈ ਕੱਚੀ ਪਿੱਲੀ ਇੱਟ ਨਾ ਲੱਗ ਜਾਏ। ਜਿੱਥੇ ਰਤਾ ਕੁ ਢਿੱਲ ਦੇਖਦੇ ਆਪੂੰ ਦੂਰ ਕਰਦੇ। ਦੂਜੇ ਪਾਸਾ ਬਾਬਾ ਪ੍ਰਿਥੀ ਚੰਦ ਜੀ ਵੀ ਸੇਵਾ ਵਿਚ ਲੱਗਦੇ ਦਿੱਸਦੇ, ਪਰ ਮਸੰਦਾਂ ਨਾਲ ਵਰਤਣ ਵਰਤਾਉਣ, ਹਿਸਾਬ-ਕਿਤਾਬ ਰੱਖਣ ਰਖਾਉਣ ਤੇ ਹਦਾਇਤ ਦੇਣ ਲੈਣ ਵਿਚ ਬਹੁਤਾ ਸਮਾਂ ਗੁਜ਼ਾਰਦੇ। ਉਹ ਮੰਜੀਆਂ ਦੇ ਪੁਰਖਾਂ, ਮੁਖੀ ਮਸੰਦਾਂ ਨਾਲ ਨੇੜ ਦੇ ਸੰਬੰਧ ਕਰ ਰਹੇ ਸਨ। ਵਿੱਦਿਆ ਤੇ ਬੁੱਧੀਮਤਾ ਤਾਂ ਹੈ ਹੀ ਸੀ, ਇਸ ਨਾਲ ਚਤੁਰਾਈ ਰਲਾ ਲਈ। ਪ੍ਰਬੰਧ ਤਾਂ ਪੂਰਾ ਉਨ੍ਹਾਂ ਦੇ ਹੀ ਹੱਥ ਸੀ। ਇਸ ਤਰ੍ਹਾਂ ਉਨ੍ਹਾਂ ਨੇ ਯਕੀਨ ਕਰ ਲਿਆ ਕਿ ਗੁਰ-ਗੱਦੀ ਦੇ ਮਾਲਕ ਉਹ ਹੀ ਹੋਣਗੇ। ਗੁਰੂ ਰਾਮ ਦਾਸ ਜੀ ਤਾਂ ਅੰਦਰਲੇ ਨੂੰ ਪੜ੍ਹਨ ਵਾਲੇ ਸਨ। ਉਹ ਦੇਖ ਰਹੇ ਸਨ ਕਿ ਸੇਵਾ ਕਰਦੇ-ਕਰਦੇ ਪ੍ਰਿਥੀ ਚੰਦ ਆਪਣਾ ਹੱਕ ਵੀ ਜਤਲਾ ਜਾਂਦਾ ਹੈ। ਗੁਰੂ ਜੀ ਨੇ ਕਈ ਵਾਰੀ ਬੈਠ ਸਮਝਾਇਆ ਕਿ ਜਿਸ ਵਿਅਕਤੀ ਨੇ ਮਨੁੱਖਾਂ

ਸਾਹਮਣੇ ਮਨੁੱਖਤਾ ਦੇ ਪੂਰਨੇ ਪਾਉਣੇ ਹਨ, ਉਸ ਨੂੰ ਇਹ ਗੱਲਾਂ ਨਹੀਂ ਸੋਭਦੀਆਂ। ਇਕ ਵਾਰੀ ਤਾਂ ਗੋਲਕ ਦੀ ਮਾਇਆ ਗਿਣਦੇ ਪ੍ਰਿਥੀ ਚੰਦ ਨੂੰ ਆਖ ਵੀ ਦਿੱਤਾ ਸੀ ਕਿ ਗੋਲਕ ਗਿਣਦੇ-ਗਿਣਦੇ ਉਸ ਹੱਥ ਕਾਲੇ ਕਰ ਲਏ ਹਨ, ਕਿਧਰੇ ਮਨ ਵੀ ਤਾਂ ਕਾਲਾ ਨਹੀਂ ਕਰ ਬੈਠਾ। ਇਨ੍ਹਾਂ ਗੱਲਾਂ ਦਾ ਹੁਣ ਪ੍ਰਿਥੀ ਚੰਦ 'ਤੇ ਅਸਰ ਹੋਣ ਵਾਲਾ ਨਹੀਂ ਸੀ। ਉਸ ਜਾਲ ਉਣ ਲਇਆ ਸੀ।

ਇਧਰ ਗੁਰੂ ਅਰਜਨ ਜੀ ਦੇਖ ਜਾਣ ਗਏ ਸਨ ਕਿ ਇਹ ਘਾਲ ਤੇ ਬਖ਼ਸ਼ਿਸ਼ ਦੀ ਵਸਤੂ ਹੈ, ਹੱਕ ਜਤਾਉਣ ਤੇ ਹੱਕ ਲੈਣ ਦੀ ਨਹੀਂ। ਉਨ੍ਹਾਂ ਦੇਖਿਆ ਸੀ ਕਿ ਪਿਤਾ ਗੁਰੂ ਰਾਮ ਦਾਸ ਜੀ ਨੇ ਗੁਰੂ ਜਾਣ ਸੇਵਾ ਕੀਤੀ ਸੀ, ਸਹੁਰਾ ਨਹੀਂ ਸੀ ਜਾਤਾ। ਸਾਰੀ ਉਮਰ ਸੇਵਕ ਸਿੱਖ ਹੀ ਬਣੇ ਰਹੇ : **'ਬਰਸ ਅਠਾਈ ਸੇਵਕੀ ਕੀਤੀ, ਸਹੁਰੇ ਨਹੀਂ ਜਾਤੇ'** ਇਹ ਕੋਈ ਛੋਟੀ ਗੱਲ ਨਹੀਂ ਸੀ। ਉਨ੍ਹਾਂ ਧਾਰ ਲਿਆ ਸੀ ਕਿ ਹੁਣ ਪੁੱਤਰ-ਪੁਣੇ ਦੇ ਮਾਣ ਵਿਚ ਨਹੀਂ ਆਉਣਾ। ਸੇਵਕ ਸਿੱਖ ਹੀ ਬਣਨਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਕ ਪੁੱਛ ਦੇ ਉੱਤਰ ਵਿਚ ਕਿਹਾ ਸੀ :

**ਸਿੱਖ ਨਹੀਂ ਕੋਈ (ਗੁਰੂ) ਅੰਗਦ ਜੇਹਾ ਹੋਆ।**
**ਟਹਲੀਆ ਨਹੀਂ ਕੋਈ (ਗੁਰੂ) ਅਮਰਦਾਸ ਜੇਹਾ ਬਣ ਖੜੋਇਆ।**
**ਸਾਕ ਨਹੀਂ ਕੋਈ ਰਾਮ ਦਾਸ ਜੈਸਾ।**
**ਪੁੱਤਰ ਨਹੀਂ ਕੋਈ ਅਰਜਨ ਵੈਸਾ।**

ਗੁਰੂ ਅਰਜਨ ਦੇਵ ਜੀ ਦਾ ਅਨੰਦ ਕਾਰਜ ਬੀਬੀ ਰਾਮ ਦੇਈ (ਗੰਗਾ ਦੇਵੀ ਜੀ) ਸਪੁੱਤਰੀ

**ਅਨੰਦ ਕਾਰਜ**

ਭਾਈ ਕ੍ਰਿਸ਼ਨ ਚੰਦ ਜੀ ਨਾਲ ਪਿੰਡ ਮਉ (ਦੁਆਬਾ) ਵਿਖੇ ਲਗਪਗ ਗਿਆਰਾਂ ਸਾਲ ਦੀ ਉਮਰ ਵਿਚ ਹੋਇਆ। ਇਹ ਕਹਿਣਾ ਨਿਰਮੂਲ ਲਗਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਦੋ ਵਿਆਹ ਸਨ। ਜਦ ਸੂਰਜ ਪ੍ਰਕਾਸ਼ ਦਾ ਲਿਖਾਰੀ ਗੁਰੂ ਹਰਿਗੋਬਿੰਦ ਜੀ ਦੀ ਸ਼ਾਦੀ ਦਾ ਜ਼ਿਕਰ ਕਰਦਾ ਹੈ ਤਾਂ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਦੀ ਨਾਨਕੀ ਛੱਕ ਪਿੰਡ ਮਉ ਤੋਂ ਆਈ। ਪਿੰਡ ਮਉ ਵਿਚ ਗੰਗਾ ਦੇਵੀ ਜੀ ਦੇ ਹੀ ਪੇਕੇ ਸਨ।

ਕੁੜਮਾਈ ਵੀ ਗੁਰੂ ਅਮਰ ਦਾਸ ਜੀ ਨੇ ਆਪ ਕੀਤੀ ਸੀ ਤੇ ਸ਼ਾਦੀ ਵੀ ਉਨ੍ਹਾਂ ਦੇ ਹੁੰਦਿਆਂ ਹੀ ਹੋਈ ਸੀ। ਬੰਸਾਵਲੀ-ਨਾਮੇ ਦਾ ਕਹਿਣਾ ਹੈ ਕਿ ਨਾਨੇ ਆਪਣੇ ਹੱਥੀਂ ਸੇਹਰੇ ਦਿੱਤੇ ਅਤੇ ਥਾਪੀ ਲਾਈ।

ਜਦ ਪਿੰਡ ਪੁੱਜੇ ਤਾਂ ਪਿੰਡ ਵਾਲਿਆਂ ਆਪਣੀ ਰੀਤ ਦੱਸੀ ਕਿ ਪਹਿਲਾਂ ਵਰ ਨੂੰ ਨੇਜ਼ਾ-ਬਾਜ਼ੀ ਕਰ ਕੇ ਕਿੱਲੀ ਪੁੱਟਣੀ ਪੈਂਦੀ ਹੈ। ਪਿੰਡ ਵਾਲਿਆਂ ਜੰਡ ਨੂੰ ਕੱਟ ਕੇ ਕਿੱਲੀ ਬਣਾਈ ਸੀ। ਗੁਰੂ ਅਰਜਨ ਦੇਵ ਜੀ ਨੇ ਇਕੋ ਵਾਰ ਨਾਲ ਕਿੱਲੀ ਜੜ੍ਹੋਂ ਸਮੇਤ ਉਖਾੜ ਸੁੱਟੀ। ਦੇਖਣ ਵਾਲੇ ਹੈਰਾਨ ਰਹਿ ਗਏ। ਜੋੜੀ ਵੀ ਅਨੂਪਮ ਬਣੀ। ਇਕ ਛੋਟੇ ਬੇਟੇ ਦੀ ਸ਼ਾਦੀ ਕਰ ਕੇ ਸਾਰੇ ਪਾਸੇ ਉਤਸ਼ਾਹ ਤੇ ਚਾਅ ਸੀ। ਗੰਗਾ ਜੀ ਵੀ ਧਰਮੀ, ਨੇਮੀ ਤੇ ਸ਼ੀਲ ਸੁਭਾਅ ਦੇ ਸਨ। ਇਹ ਯਾਦ ਰਵ੍ਹੇ ਕਿ ਬਾਬਾ ਪ੍ਰਿਥੀ ਚੰਦ ਜੀ ਦੀ ਸ਼ਾਦੀ ਪਿੰਡ ਹਹੇਰ (ਨੇੜੇ ਲਾਹੌਰ) ਬੀਬੀ ਕਰਮੋਂ (ਸਾਹਿਬਾਣੀ ਭਗਵਾਨ) ਨਾਲ ਹੋਈ ਸੀ। ਮਹਾਂਦੇਵ

Sri Satguru Jagjit Singh Ji eLibrary NamdhariElibrary@gmail.com

ਜੀ ਸਾਰੀ ਉਮਰ ਕੁਆਰੇ ਰਹੇ।

ਦੇਖਣ ਨੂੰ ਲਾਹੌਰ ਜਾਣ ਦਾ ਹੁਕਮ ਸਰਲ ਤੇ ਸਹਿਜ ਸੁਭਾਇ ਸੀ ਪਰ ਇਸ ਵਿਚ ਬਹੁਤ ਰਹੱਸ ਸੀ। ਇਹ ਪ੍ਰੀਖਿਆ ਦੀ ਘੜੀ ਸੀ। ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪਣ ਦਾ ਨਿਰਣਾ ਲੈਣਾ ਸੀ। ਲਾਹੌਰ ਜਾਣ ਦੇ ਹੁਕਮ ਦੀ ਵਾਰਤਾ ਨਾ ਸਿਰਫ਼ ਵਿਸਥਾਰ ਮੰਗਦੀ ਹੈ, ਸਗੋਂ ਵਿਆਖਿਆ ਵੀ। ਅਰੰਭ ਵਿਚ ਹੀ ਲਿਖ ਦੇਣਾ ਠੀਕ ਰਵ੍ਹੇਗਾ ਕਿ ਇਹ ਪਰਚਾ ਪਾਉਣ ਵਾਲੇ ਦੀ ਮਰਜ਼ੀ ਹੈ ਕਿ ਔਖਾ ਪਾਏ ਜਾਂ ਸੌਖਾ। ਜੇ ਪਰਚਾ ਇੱਥੇ ਦੇਖਣ ਨੂੰ ਸੌਖਾ ਹੈ ਤਾਂ ਘਾਲ ਕਰੜੀ ਸੀ। ਉੱਧਰ ਜੇ ਅੰਮ੍ਰਿਤ ਛਕਾਉਣ ਵੇਲੇ ਪਰਚਾ ਕਠਿਨ ਸੀ ਤਾਂ ਘਾਲ ਸਹਿਜ ਵਾਲੀ ਸੀ। ਇਥੇ ਕੋਈ ਲਾਹੌਰ ਸ਼ਾਦੀ 'ਤੇ ਜਾਣ ਦੀ ਗੱਲ ਨਹੀਂ ਸੀ ਹੋ ਰਹੀ, ਇਹ ਦੇਖਿਆ ਜਾ ਰਹਿਆ ਸੀ ਕਿ ਗੁਰੂ ਦਾ ਹੁਕਮ ਸਿਰ ਮੱਥੇ 'ਤੇ ਕੌਣ ਮੰਨਦਾ ਹੈ। ਗੁਰੂ ਰਾਮ ਦਾਸ ਜੀ ਦੀ ਦਿਬ ਦ੍ਰਿਸ਼ਟੀ ਦੇਖ ਰਹੀ ਸੀ ਕਿ ਅੱਜ ਇਸੇ ਲਾਹੌਰ ਵਿਖੇ ਸ਼ਾਦੀ ਦੇ ਵਾਜੇ ਸਨ, ਕੱਲ੍ਹ ਇਸੇ ਲਾਹੌਰ ਵਿਚ ਤੱਤੀ ਤਵੀ 'ਤੇ ਬੈਠਣਾ ਹੈ। ਅੱਜ ਜੋ ਗੁਰੂ ਦੇ ਆਖੇ ਲੱਗ ਕੇ ਲਾਹੌਰ ਨਹੀਂ ਜਾਂਦਾ, ਕੱਲ੍ਹ ਗੁਰੂ ਸੰਗਤ, ਪੰਗਤ ਨੂੰ ਆਂਚ ਨਾ ਲੱਗੇ, ਤੱਤੀ ਤਵੀ 'ਤੇ ਕਿਸ ਤਰ੍ਹਾਂ ਬੈਠੇਗਾ। ਜੋ ਅੱਜ ਪ੍ਰਿਥੀ ਚੰਦ ਲਾਹੌਰ ਜਾਣ ਦੇ ਪੈਂਡੇ ਦੇ ਰਾਹ ਗਰਮੀ-ਗਰਮੀ ਕਹਿੰਦਾ ਹੈ, ਕੱਲ੍ਹ ਦੇਗਾਂ ਵਿਚ ਉਬਾਲੇ ਕਿਵੇਂ ਖਾਏਗਾ। ਪ੍ਰਿਥੀ ਚੰਦ ਨੇ ਜਿੱਥੇ ਹੋਰ ਕਈ ਮਨਤਕਾਂ ਦਿੱਤੀਆਂ ਸਨ, ਉਥੇ ਇਕ ਇਹ ਵੀ ਕਿਹਾ ਸੀ : 'ਨਿੱਤ ਮਗ ਤਾਮਸ ਹੋਵਤਿ ਮਹਾਂ' ਭਾਵ ਰਾਹ ਦੀ ਇਤਨੀ ਗਰਮੀ ਹੈ ਕਿ ਜਾਣ ਨਹੀਂ ਹੁੰਦਾ।

**ਲਾਹੌਰ ਜਾਣ ਦਾ ਹੁਕਮ**

ਇਤਿਹਾਸ ਦੱਸਦਾ ਹੈ ਕਿ ਸਮੇਂ-ਸਮੇਂ ਗੁਰੂ ਸਾਹਿਬਾਨ ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪਣ ਵੇਲੇ ਪਹਿਲਾਂ ਪ੍ਰੀਖਿਆ ਲੈਂਦੇ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਵੀ ਪਰਖ ਪ੍ਰੀਖਿਆ ਤੋਂ ਬਾਅਦ ਗੁਰ-ਗੱਦੀ ਆਪਣੇ ਪੁੱਤਰਾਂ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਚੰਦ ਜੀ ਵਿੱਚੋਂ ਕਿਸੇ ਇਕ ਨੂੰ ਵੀ ਨਾ ਦੇ ਕੇ ਨਵੀਂ ਪਿਰਤ ਪਾਈ ਸੀ, ਜਿਸ ਨੂੰ ਗੁਰੂ ਘਰ ਦੇ ਰਬਾਬੀ ਸੱਤਾ ਤੇ ਬਲਵੰਡ ਜੀ ਨੇ 'ਹੋਰਿਓ ਗੰਗ ਵਹਾਈਐ' ਕਿਹਾ। ਭਾਈ ਗੁਰਦਾਸ ਜੀ ਨੇ 'ਬਾਬਾਣੈ ਘਰ ਨਵੀਂ ਚਾਲ' ਕਹਿ ਵਾਰ ਲਿਖੀ। ਬਾਬਾ ਸ੍ਰੀ ਚੰਦ ਜੀ ਦਾ ਤੇ ਬਾਬਾ ਲਖਮੀ ਚੰਦ ਜੀ ਦਾ ਰੋਸ ਸੁਭਾਵਕ ਸੀ, ਪਰ ਸਮਾਂ ਪਾ ਚੁੱਪ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕਹਿ ਦਿੱਤਾ ਸੀ, ਇਹ ਗੁਰ-ਗੱਦੀ ਤਾਂ ਪ੍ਰਮੇਸ਼ਰ ਵਲੋਂ ਮਿਲੀ ਹੁੰਡੀ ਹੈ, ਜੋ ਉਨ੍ਹਾਂ ਸੇਵਕ ਨੂੰ ਤਾਰਨੀ ਹੈ ਅਤੇ ਸੇਵਕ ਡਿੱਠਾ ਭਾਈ ਲਹਿਣਾ। ਸੋ ਇਹ ਗੁਰ-ਗੱਦੀ ਦੀ ਜ਼ਿੰਮੇਵਾਰੀ ਹਮੇਸ਼ਾ ਹੀ ਸੇਵਕ ਨੂੰ ਮਿਲਣੀ ਸੀ ਨਾ ਕਿ ਪੁੱਤਰ, ਪੋਤਰੇ, ਦਾਮਾਦ, ਦਾਦੇ ਜਾਂ ਕਿਸੇ ਰਿਸ਼ਤੇਦਾਰਾਂ ਨੂੰ। ਜੇ ਪੁੱਤਰ, ਪੋਤਰਾ, ਦਾਮਾਦ ਜਾਂ ਦਾਦਾ ਸੇਵਕ ਡਿੱਠਾ ਤਾਂ ਜ਼ਿੰਮੇਵਾਰੀ ਉਸ ਨੂੰ ਦੇ ਕੇ ਜੋਤੀ ਜੋਤਿ ਸਮਾਏ।

ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਦੇ ਪੁੱਤਰਾਂ ਬਾਬਾ ਦਾਤੂ ਜੀ ਤੇ ਦਾਸੂ ਜੀ ਨੇ ਬਹੁਤ ਹੀ ਗੁੱਸਾ, ਰੋਸਾ ਕੀਤਾ ਜਦ ਗੁਰ-ਗੱਦੀ ਦੀ ਜ਼ਿੰਮੇਵਾਰੀ ਗੁਰੂ ਅਮਰ ਦਾਸ ਜੀ ਨੂੰ ਦਿੱਤੀ ਗਈ। ਦਾਤੂ ਜੀ ਨੇ ਤਾਂ ਗੋਇੰਦਵਾਲ ਆ ਲੱਤ ਤੱਕ ਕੱਢ ਮਾਰੀ, ਪਰ ਗੁਰੂ ਜੀ ਨੇ ਜਦ ਪੈਰ ਪਕੜ ਕਿਹਾ ਸੀ ਕਿ ਉਨ੍ਹਾਂ ਦੇ ਹੱਡ ਕਰੜੇ ਹਨ, ਪੈਰ ਕੂਲੇ

Sri Satguru Jagjit Singh Ji eLibrary NamdhariElibrary@gmail.com

ਹੋਣ ਨਾਲ ਕੋਈ ਚੋਟ ਤਾਂ ਨਹੀਂ ਲੱਗੀ ਤਾਂ ਉਹ ਐਸੀ ਮਾਨਸਿਕ ਪੀੜਾ ਨਾਲ ਗ੍ਰਸੇ ਗਏ ਕਿ ਚੈਨ ਹੀ ਨਾਂਹ ਆਇਆ। ਮਾਤਾ ਖੀਵੀ ਜੀ ਨੇ ਬਖ਼ਸ਼ ਬਖ਼ਸ਼ਵਾ ਦਿੱਤਾ। ਦਾਤੂ ਜੀ ਜਾਣ ਗਏ ਕਿ ਇਹ ਗੱਦੀ ਵਿਰਾਸਤ ਨਹੀਂ। ਸਮਾਂ ਪਾ ਕੇ ਉਹ ਵੀ ਚੁੱਪ ਕਰ ਗਏ। ਗੁਰੂ ਅਮਰ ਦਾਸ ਜੀ ਨੇ ਜਦ ਇਹ ਨਿਰਣਾ ਲੈ ਲਿਆ ਕਿ ਗੁਰੂ ਗੱਦੀ ਦੀ ਜ਼ਿੰਮੇਵਾਰੀ ਗੁਰੂ ਰਾਮ ਦਾਸ ਜੀ ਨੂੰ ਦੇਣੀ ਹੈ ਤਾਂ ਬਾਬਾ ਮੋਹਨ ਜੀ ਨੇ ਬਹੁਤ ਰੋਸ ਮਨਾਇਆ, ਬਹੁਤ ਛਿੱਥੇ ਪਏ। ਇਥੋਂ ਤੱਕ ਕਿ 'ਕਮਲੇ' ਹੀ ਹੋ ਗਏ। ਬਾਬਾ ਮੋਹਰੀ ਜੀ ਨੇ ਗੁਰੂ ਅਮਰ ਦਾਸ ਜੀ ਦੇ ਅੰਤਲੇ ਸਮੇਂ ਉਨ੍ਹਾਂ ਸਾਹਮਣੇ ਹੀ ਗੁਰੂ ਰਾਮ ਦਾਸ ਜੀ ਅੱਗੇ ਸਿਰ ਨਿਵਾ ਕੇ ਸਨਮੁਖ ਹੋਣ ਦਾ ਮਾਣ ਪ੍ਰਾਪਤ ਕਰ ਲਿਆ। ਪਿੱਛੋਂ ਬਾਬਾ ਮੋਹਨ ਜੀ ਵੀ ਚੁੱਪ ਕਰ ਗਏ।

ਹੁਣ ਸਭ ਤੋਂ ਵੱਡੀ ਔਕੜ ਗੁਰੂ ਰਾਮ ਦਾਸ ਜੀ ਲਈ ਸੀ। ਤਿੰਨ ਪੁੱਤਰ ਗੁਰੂ ਵਾਤਾਵਰਣ ਵਿਚ ਪਲ ਵੱਡੇ ਹੋਏ ਸਨ। ਦੇਖਣ ਨੂੰ ਤਿੰਨੇ ਹੀ ਸੇਵਾ, ਸਿਮਰਨ ਤੇ ਘਾਲ ਕਰ ਰਹੇ ਸਨ। ਓਪਰੀ ਨਜ਼ਰ ਵਾਲੇ ਦਾ ਭੁਲੇਖਾ ਖਾ ਜਾਣਾ ਕੁਦਰਤੀ ਸੀ। ਮਸੰਦ ਇਸ ਭੁਲੇਖੇ ਨੂੰ ਹੋਰ ਵਧਾ ਰਹੇ ਸਨ। ਜਦ ਗੁਰੂ ਰਾਮ ਦਾਸ ਜੀ ਦਾ ਅੰਤ ਸਮਾਂ ਨੇੜੇ ਆਉਣ ਲੱਗਾ ਤਾਂ ਉਨ੍ਹਾਂ ਰਤਾ ਕੁ ਕਸਵੱਟੀ 'ਤੇ ਲਗਾ ਘਸਾਈ ਕੀਤੀ ਤਾਂ 'ਖੋਟਾ ਢਬੂਆ' ਉੱਘੜ ਗਿਆ। ਤਿੰਨਾਂ ਦੇ ਸੁਭਾਅ ਅਨੁਸਾਰ ਬਣੇ ਕਰਮ ਸਾਹਮਣੇ ਆ ਗਏ। 'ਰਾਮ ਕਸਵੱਟੀ' ਸਿਰਫ਼ ਗੁਰੂ ਅਰਜਨ ਦੇਵ ਜੀ ਹੀ ਸਹਾਰ ਸਕੇ।

ਗੁਰੂ ਨਾਨਕ ਦੇਵ ਜੀ ਨੇ ਜਦ ਆਪਣੇ ਪੁੱਤਰਾਂ ਨੂੰ ਪਹਿਲਾਂ ਵਰਾਂਡੇ ਵਿਚੋਂ ਮੋਈ ਹੋਈ ਚੂਹੀ, ਫਿਰ ਟੋਏ ਵਿਚੋਂ ਕਟੋਰਾ ਕੱਢਣ ਲਈ ਹੁਕਮ ਕੀਤਾ ਸੀ ਤਾਂ ਉਹ ਦੇਖ ਰਹੇ ਸਨ ਕਿ ਪੁੱਤਰਪੁਣੇ ਦਾ ਮਾਣ ਮੁੱਕਾ ਹੈ ਜਾਂ ਨਹੀਂ ਤੇ ਦੂਜੇ ਪਾਸੇ ਗੁਰੂ ਅੰਗਦ ਦੇਵ ਜੀ ਨੇ ਹਰ ਹੁਕਮ ਦੀ ਪਾਲਣਾ ਕਰਕੇ ਦੱਸ ਦਿੱਤਾ ਸੀ, ਗੁਰੂ ਸੇਵਾ ਹੀ ਧਰਮ ਹੈ।

ਗੁਰੂ ਅੰਗਦ ਦੇਵ ਜੀ ਨੇ ਜਦ ਆਪਣੇ ਪੁੱਤਰਾਂ ਨੂੰ ਹੰਕਾਰ ਦੀ ਟੀਸੀ ਚੜ੍ਹੇ ਦੇਖ ਲਿਆ ਸੀ ਅਤੇ ਇਹ ਵੀ ਪਰਤਾ ਲਿਆ ਸੀ ਕਿ ਗੁਰੂ ਅਮਰ ਦਾਸ ਜੀ ਨੂੰ ਕੁੜਮ ਦੇ ਰਿਸ਼ਤੇ ਦਾ ਮਾਣ ਨਹੀਂ।

ਗੁਰੂ ਅਮਰ ਦਾਸ ਜੀ ਨੇ ਆਪਣੇ ਵਿਸ੍ਰਾਮ ਲਈ ਥੜ੍ਹੇ ਬਣਾਉਣ ਵੇਲੇ ਹੀ ਪ੍ਰਤੱਖ ਦੇਖ ਲਿਆ ਸੀ ਕਿ ਸਿਵਾਇ ਗੁਰੂ ਰਾਮ ਦਾਸ ਜੀ ਦੇ 'ਹੁਕਮ' ਦੇ ਅਰਥਾਂ ਨੂੰ ਕੋਈ ਹੋਰ ਨਹੀਂ ਜਾਣਦਾ।

ਹੁਣ ਪਰਚਾ ਗੁਰੂ ਰਾਮ ਦਾਸ ਜੀ ਨੇ ਤਿੰਨਾਂ ਪੁੱਤਰਾਂ ਨੂੰ ਪਾ ਦਿੱਤਾ। ਲਾਹੌਰ ਵਿਖੇ ਗੁਰੂ ਰਾਮ ਦਾਸ ਜੀ ਦੇ ਤਾਏ ਦੇ ਪੁੱਤਰ ਸਿਹਾਰੀ ਮੱਲ ਦੇ ਲੜਕੇ ਦੀ ਸ਼ਾਦੀ ਸੀ। ਗੁਰੂ ਰਾਮ ਦਾਸ ਜੀ ਇਕ ਤਾਂ ਸ੍ਰੀ ਅੰਮ੍ਰਿਤਸਰ ਦੀ ਉਸਾਰੀ ਵਿਚ ਰੁੱਝੇ ਹੋਏ ਸਨ, ਦੂਜੇ ਉਹ ਸਮਝਦੇ ਸਨ ਕਿ ਉਨ੍ਹਾਂ ਦੇ ਲਾਹੌਰ ਜਾਣ ਨਾਲ ਸਿਹਾਰੀ ਮੱਲ ਜੀ ਨੂੰ ਤੇ ਕੁੜਮਾਂ ਨੂੰ ਬਹੁਤ ਖੇਚਲਾਂ ਹੋਣਗੀਆਂ। 'ਸੰਗਤਿ ਮੇਲ ਹੋਹਿ ਸਮੁਦਾਇ। ਕਿਮਿ ਸਮਧੀ ਸਭਿ ਕਰਹਿ ਸੰਭਾਰੀ।' ਤੀਜੇ, ਜੋ ਸੰਗਤਾਂ ਸ੍ਰੀ ਅੰਮ੍ਰਿਤਸਰ ਦਰਸ਼ਨ ਨੂੰ ਆਉਣਗੀਆਂ ਉਨ੍ਹਾਂ ਨੂੰ ਵੀ ਖੇਚਲਾਂ ਹੋਣਗੀਆਂ ਕਿਉਂਕਿ ਉਹ ਗੁਰ-ਦਰਸ਼ਨ ਲਈ ਲਾਹੌਰ ਜਾਣਗੀਆਂ। ਮਜਬੂਰੀ ਸੁਣ ਕੇ ਸਿਹਾਰੀ ਮੱਲ ਜੀ ਨੇ ਕਿਹਾ ਕਿ ਗੁਰੂ ਪੁੱਤਰਾਂ ਨੂੰ ਭੇਜ ਦਿਓ।

ਆਪ ਜੀ ਨੇ ਪਹਿਲਾਂ ਪ੍ਰਿਥੀ ਚੰਦ ਨੂੰ ਕਿਹਾ ਕਿ ਨੇੜੇ ਦੇ ਰਿਸ਼ਤੇ ਦੀ ਸ਼ਾਦੀ ਹੈ, ਤੁਸੀਂ

ਜਾਓ। ਇਧਰ ਪਰਚਾ ਪੈ ਚੁੱਕਾ ਸੀ। ਪ੍ਰਿਥੀ ਚੰਦ ਜੋ ਚਤੁਰ ਬੁੱਧੀ ਦਾ ਮਾਲਕ ਸੀ, ਹਿਸਾਬ ਲਗਾਉਣ ਲੱਗਾ ਕਿ ਗੁਰੂ ਰਾਮ ਦਾਸ ਜੀ ਦਾ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆ ਰਹਿਆ ਹੈ, ਕਿਉਂਕਿ ਗੁਰੂ ਅਮਰ ਦਾਸ ਜੀ ਦੀ ਬਖ਼ਸ਼ੀ ਉਮਰ ਦੇ ਸਾਲ ਮੁੱਕਣ ਵਾਲੇ ਹਨ। ਉਸ ਇਹ ਜਾਤਾ ਕਿ ਗੁਰੂ ਜੀ ਨੇ ਉਸ ਨੂੰ ਵੱਖ ਕਰਨ ਦੀ ਵਿਉਂਤ ਬਣਾਈ ਹੈ। ਹੁਕਮ ਸੁਣ ਕੇ ਕਹਿਣ ਲੱਗਾ : ਤੁਸੀਂ ਦੇਖ ਤਾਂ ਰਹੇ ਹੋ ਕਿ ਕਿਤਨਾ ਕੰਮ ਜ਼ਿੰਮੇਂ ਹੈ। ਹਜ਼ਾਰਾਂ ਦਾ ਰੋਜ਼ ਲੈਣ ਦੇਣ ਹੈ। ਇਹ ਕੌਣ ਕਰੇਗਾ ? ਜ਼ਰਾ ਭਰ ਵਿਹਲ ਨਹੀਂ।

**ਆਪ ਬਿਲੋਕਤ ਹੋ ਸਭਿ ਸਮੇਂ।**
**ਰਹਤ ਕਾਜ ਜਿਸ ਬਿਧ ਕੇ ਹਮੇ।**
**ਦੇਨ ਲੇਨ ਨਿਤ ਹਜ਼ਾਰਨਿ।**
**ਇਕ ਆਵਤ ਇਕ ਕਰਤਿ ਪਧਾਰਨ।** *(ਰਾਸ ਦੂਜੀ, ਅੰਸ਼ ੧੫)*

ਗੁਰੂ ਰਾਮ ਦਾਸ ਜੀ ਨੇ ਕਿਹਾ : ਕੋਈ ਗੱਲ ਨਹੀਂ, ਕੰਮ ਕੋਈ ਹੋਰ ਸੰਭਾਲ ਲਵੇਗਾ। ਫਿਰ ਪ੍ਰਿਥੀ ਚੰਦ ਬੋਲ ਉੱਠੇ : ਪਿਤਾ ਜੀ, ਆਪ ਜੀ ਨੂੰ ਤਾਂ ਕੁਝ ਪਤਾ ਨਹੀਂ। ਤੁਸੀਂ ਤਾਂ ਬੇਪ੍ਰਵਾਹ ਹੋ। ਤੁਹਾਨੂੰ ਵਾਧ ਘਾਟ ਨਾਲ ਕੁਝ ਨਹੀਂ ਹੈ। ਫਿਰ ਰਾਹ ਦੀ ਇਤਨੀ ਗਰਮੀ ਹੈ ਕਿ ਜਾਣ ਵੀ ਨਹੀਂ ਹੋਣਾ। ਹੋਰ ਵਿਆਹ ਸ਼ਾਦੀਆਂ 'ਤੇ ਸ਼ੋਰ ਬਹੁਤ ਹੁੰਦਾ ਹੈ। ਮੈਂ ਤਾਂ ਸ਼ਾਂਤੀ ਚਾਹੁੰਦਾ ਹਾਂ :

**ਮਹਾਂ ਕੁਲਾਹਲ ਬੀਚ ਬਰਾਤ।**
**ਮੋਹਿ ਸੁਹਾਇਨਿ ਰਹਿ ਚਿਤ ਸ਼ਾਂਤ।**

ਗੁਰੂ ਰਾਮ ਦਾਸ ਜੀ ਮੁਸਕਰਾ ਕੇ ਚੁੱਪ ਕਰ ਗਏ। ਪ੍ਰੀਖਿਆਕਾਰ ਨੇ ਪਰਖ ਲਿਆ, ਸੇਵਾ ਰਾਹੀਂ ਨਿੰਮ੍ਰਤਾ ਉਪਜਣੀ ਚਾਹੀਦੀ ਸੀ, ਪਰ ਉਸ ਦੀ ਥਾਂ ਤਾਂ ਹੰਕਾਰ ਨੇ ਲੈ ਲਈ ਹੈ। ਪ੍ਰਿਥੀ ਚੰਦ ਗੱਲ-ਗੱਲ ਵਿਚ ਹਸਤੀ ਤੇ ਹੋਂਦ ਜਤਾ ਰਹੇ ਸਨ। ਫਲ ਤਾਂ ਨਿੰਮ੍ਰਤਾ ਨੂੰ ਲੱਗਦਾ ਹੈ, ਪਰ ਉਹ ਤਾਂ ਝਾੜੀ ਚਲਿਆ ਜਾ ਰਿਹਾ ਸੀ। ਸੇਵਾ ਕਰ ਕੇ ਉਹ ਹੱਕ ਜਤਲਾਂਦੇ ਸਨ। ਬਾਬਾ ਬੁੱਢਾ ਜੀ ਨੇ ਇਕ ਵਾਰ ਪ੍ਰਿਥੀ ਚੰਦ ਨੂੰ ਆਖਿਆ ਵੀ ਸੀ : ਪ੍ਰਿਥੀ ਚੰਦ, ਬਿਨਾਂ ਨਿੰਮ੍ਰਤਾ ਦੇ ਸੇਵਾ ਸੋਭਾ ਨਹੀਂ ਪਾਂਦੀ। ਇਹ ਸੇਵਾ ਕਾਹਦੀ, ਤੂੰ ਤਾਂ ਹੰਕਾਰੀ ਹੋ ਰਹਿਆ ਹੈਂ :

**ਬਿਨਾ ਨਿੰਮ੍ਰਤਾ ਹੋਇ ਨ ਸੇਵਾ।**
**ਸੇਵਾ ਕਹਾ ਮਹਾ ਅਹੰਮੇਵਾ।**

ਗੁਰੂ ਰਾਮ ਦਾਸ ਜੀ ਨੇ ਵੀ ਸਮਝਾਂਦੇ ਕਿਹਾ : ਸ਼ਰਧਾ ਸਭ ਦਾ ਮੂਲ ਹੈ। ਸ਼ਰਧਾ ਤੋਂ ਹੀ ਪ੍ਰੇਮ ਦੀ ਕੋਂਪਲ ਫੁੱਟਦੀ ਹੈ। ਪ੍ਰੇਮ ਹੀ ਸੁਖਦਾਈ ਹੈ। ਸੇਵਾ ਤਾਂ ਉਪਰਲੀ ਛਿੱਲ ਹੈ, ਜੋ ਸ਼ਰਧਾ ਤੇ ਪ੍ਰੇਮ ਨੂੰ ਜ਼ਾਇਆ ਨਹੀਂ ਹੋਣ ਦੇਂਦੀ। ਸ਼ਰਧਾ, ਪ੍ਰੇਮ ਤੇ ਸੇਵਾ ਤੋਂ ਹੀ ਵੈਰਾਗ ਉਪਜਦਾ ਹੈ ਅਤੇ ਵੈਰਾਗ ਨੂੰ ਹੀ ਹਰੀ ਨਾਮ ਦਾ ਫਲ ਲੱਗਦਾ ਹੈ।

**'ਸ਼ਰਧਾ ਸਭ ਕੀ ਮੂਲ ਮਹਾਨੀ।**
**ਅੰਕੁਰ ਪ੍ਰੇਮ ਹੋਤਿ ਸੁਖਦਾਈ॥ ੫੬॥**

Sri Satguru Jagjit Singh Ji eLibrary NamdhariElibrary@gmail.com

ਤੁਚ ਸੇਵਾ ਜਿਸ ਕੋ ਦਿਢ ਕਰਤਾ।
ਕਾਂਡ[1] ਬਡੇ ਵੈਰਾਗ ਪ੍ਰਿਵਿਰਤਾ।
ਹਰਿ ਕਾ ਨਾਮ ਸੁ ਮਨ ਤੇ ਫੂਲਾ।
ਸਤਿ ਸੰਗਤਿ ਮਹਿ ਸ਼ੋਭਤ ਝੂਲਾ।" *(ਰਾਸ ੨, ਅੰਸ਼ ੨੨)*

ਫਿਰ ਸਾਧ ਸੰਗਤ ਵਿਚ ਜਾ ਕੇ ਇਹ ਫਲ ਹੀ ਬ੍ਰਿਛ ਬਣ ਕੇ ਝੂਲਦਾ ਹੈ ਅਤੇ ਸਾਰੇ ਸੰਸਾਰ ਵਿਚ ਸ਼ੋਭਾ ਪਾਂਦਾ ਹੈ। ਇਸ ਨੂੰ ਦੈਵੀ, ਦੁਨਿਆਵੀ, ਬਿਬੇਕ ਤੇ ਗਿਆਨ ਦੇ ਅਨੇਕਾਂ ਗੁਣਾਂ ਵਾਲੇ ਪੱਤੇ ਲੱਗਦੇ ਹਨ, ਜਿਸ ਨਾਲ ਇਹ ਬ੍ਰਿਛ ਹੋਰ ਘਣ-ਛਾਵਾਂ ਹੋ ਜਾਂਦਾ ਹੈ :

ਦੈਵਿ ਸੰਪਦਾ ਗੁਣ ਜਿ ਅਨੇਕਾ।
ਗੁਣ ਦਲ ਕਲਿਤ ਸੁ ਬਲਿਤ ਬਿਬੇਕਾ।

ਇਸ ਘਣ-ਛਾਵੇਂ ਦਰੱਖ਼ਤ ਦੀ ਛਾਂ ਮਾਨਣ ਕਰਕੇ ਹੀ ਫਿਰ 'ਆਤਮ ਗਿਆਨ' ਦਾ ਸੁੰਦਰ ਫਲ ਲੱਗਦਾ ਹੈ ਅਤੇ ਆਤਮ ਗਿਆਨੀ ਨੂੰ ਅਤਿ ਅਨੰਦ ਰਸ ਮਿਲਦਾ ਹੈ। ਕ੍ਰੋੜਾਂ ਕਲਪ ਬ੍ਰਿਛ, ਜੋ ਮਨ ਇਛੇ ਫਲ ਦੇਣ ਵਾਲੇ ਆਖੇ ਜਾਂਦੇ ਹਨ, ਇਸ ਦੇ ਤੁਲ ਨਹੀਂ ਹੋ ਸਕਦੇ। ਇਹ ਸਭ ਪ੍ਰਭੂ ਦੀ ਮਿਹਰ ਦਾ ਸਦਕਾ ਹੈ :

ਆਤਮ ਗਿਆਨ ਲਗਯੋ ਫਲ ਸੁੰਦਰ।
ਅਤ ਅਨੰਦ ਰਸ ਜਿਸ ਕੇ ਅੰਦਰ।
ਕੋਟਿ ਕਲਪਤਰੁ ਹੋਤ ਨ ਪੱਤਰ।[2]
ਪ੍ਰਭੂ ਕ੍ਰਿਪਾ ਤੇ ਲਹੈ ਸੁ ਅੰਤਰ। *(ਰਾਸ ਦੂਜੀ, ਅੰਸ਼ ੨੨)*

ਪਰ ਪ੍ਰਿਥੀ ਚੰਦ ਜੀ ਨਿੰਮ੍ਰਤਾ ਦੀ ਥਾਂ ਈਰਖਾ, ਚੁਗਲੀ, ਬਖੀਲੀ, ਨਿੰਦਾ, ਹੱਕ ਦੀ ਹੀ ਗੱਲ ਕਰਦੇ ਸਨ। ਫਿਰ ਗੁਰੂ ਰਾਮ ਦਾਸ ਜੀ ਨੇ ਆਪਣੇ ਦੂਜੇ ਸਪੁੱਤਰ ਬਾਬਾ ਮਹਾਂਦੇਵ ਜੀ ਨੂੰ ਲਾਹੌਰ ਜਾਣ ਲਈ ਕਿਹਾ। ਉਹ ਦੁਨੀਆਂ ਨੂੰ ਦੁੱਖਾਂ ਦਾ ਘਰ, ਰਿਸ਼ਤਿਆਂ ਨੂੰ ਬੰਧਨ ਸਮਝਦੇ ਸਨ। ਹੁਕਮ ਸੁਣ ਕੇ ਕਹਿਣ ਲੱਗੇ, ਕੌਣ ਕਿਸ ਦਾ ਸਾਕ ਹੈ? ਕਿਸ ਪਾਸ ਮੈਂ ਜਾਵਾਂ। ਮੇਰੀ ਤਾਂ ਕਿਸੇ ਨਾਲ ਸਾਂਝ ਜਾਂ ਰਿਸ਼ਤੇਦਾਰੀ ਨਹੀਂ। ਨਾਂਹ ਹੀ ਮੈਂ ਰਿਸ਼ਤੇ ਮੰਨਦਾ ਹਾਂ ਅਤੇ ਨਾਂਹ ਹੀ ਅੱਗੋਂ ਬਣਾਉਣਾ ਚਾਹੁੰਦਾ ਹਾਂ :

"ਸੁਣ ਕਰ ਬੋਲਯੋ ਮਸਤ ਸੁਭਾਉ।
ਕੋ ਬੰਧੁ ਕਿਸ ਕੇ ਕਿਤ ਜਾਉ।
ਨਹਿ ਮੇਰੀ ਕਿਸ ਸਾਥ ਚਿਨਾਰੀ।
ਨਹਿ ਚਾਹੋਂ ਮੈਂ ਕਰਨ ਅਗਾਰੀ"॥ ੩॥ *(ਰਾਸ ਦੂਜੀ, ਅੰਸ਼ ੧੯)*

ਫਿਰ ਮਹਾਂਦੇਵ ਜੀ 'ਉਪਦੇਸ਼ ਦਾਤਾ' ਬਣ ਬੈਠੇ ਤੇ ਗੁਰੂ ਰਾਮ ਦਾਸ ਜੀ ਨੂੰ ਕਹਿਣ ਲੱਗੇ ਕਿ ਦੁਨੀਆਂ ਵਿਚ ਸੰਬੰਧੀਆਂ ਦੀ ਕੀ ਹਾਲਤ ਹੈ। ਸਾਰੇ ਹੀ ਆਪਣੀ ਗ਼ਰਜ਼

1. ਟਾਹਣੇ।
2. ਬਰਾਬਰ।

Sri Satguru Jagjit Singh Ji eLibrary NamdhariElibrary@gmail.com

ਕੱਢਦੇ ਹਨ। ਧਨ-ਹੀਣ ਰਿਸ਼ਤੇਦਾਰ ਦੇ ਕੋਈ ਨੇੜੇ ਨਹੀਂ ਜਾਂਦਾ, ਧਨੀ ਪੁਰਸ਼ ਦੇ ਬਹੁਤੇਰੇ ਬਣ ਜਾਂਦੇ ਹਨ। ਅੱਜ ਅਮੀਰ ਰਿਸ਼ਤੇਦਾਰੀ ਦੀ ਸ਼ਾਦੀ ਹੈ ਤਾਂ ਯਾਦਾਂ ਆ ਰਹੀਆਂ ਹਨ :

**ਕਯਾ ਸਨਬੰਧੁ ਕੀ ਗਤਿ ਅਹੈ।**
**ਆਪਨੋ ਹਿਤ ਸਭਿ ਹੇਰਤਿ ਰਹੈ।**
**ਦਰਬ ਹੀਨ ਪਿਖਿ ਹੋਰਿ ਨ ਨੇਰੇ।**
**ਧਨੀ ਪੁਰਸ਼ ਕੇ ਬਨਹਿ ਘਨੇਰੇ॥ ੪॥**

ਫਿਰ ਪ੍ਰਿਥੀ ਚੰਦ ਵਾਂਗ ਹੀ ਖਿੱਝ ਕੇ ਕਿਹਾ : ਮੇਰੇ ਕੋਲੋਂ ਉਥੇ ਨਹੀਂ ਜਾਇਆ ਜਾਂਦਾ। ਇਹ ਸਭ ਵਿਖਾਵਾ ਹੈ, ਵਿਅਰਥ ਹੈ ਤੇ ਜਾਣ ਦਾ ਉੱਦਮ ਕਰਨਾ ਹੀ ਫ਼ਜ਼ੂਲ ਹੈ :

**ਮੋ ਤੇ ਨਹਿ ਤਹਿ ਜਾਯਹੁ ਜਾਇ।**
**ਆਵਨ ਜਾਵਨ ਸ਼੍ਰਮ ਕੋ ਪਾਇ।**

ਗੁਰੂ ਰਾਮ ਦਾਸ ਜੀ ਨੇ ਫਿਰ ਮੁਸਕਰਾ ਦਿੱਤਾ। ਉਹਨਾਂ ਦੇਖ ਲਿਆ ਕਿ ਐਸੇ ਅਟੰਕ ਸੁਭਾਅ ਵਾਲਾ ਦੂਜੇ ਦੇ ਦੁੱਖ-ਸੁਖ ਦਾ ਕਿਵੇਂ ਭਾਈਵਾਲ ਹੋ ਸਕਦਾ ਸੀ। ਗ੍ਰਹਸਤੀ ਨੇ ਤਾਂ ਨਿੱਤ ਅਗਵਾਈ ਲੈਣੀ ਹੈ। ਮਹਾਂਦੇਵ ਵਰਗਾ ਸੰਗਤ ਦੀ ਅਗਵਾਈ ਕਿਵੇਂ ਕਰ ਸਕਦਾ ਹੈ।

ਜਦ ਕੋਲ ਬੁਲਾ ਕੇ ਗੁਰੂ ਰਾਮ ਦਾਸ ਜੀ ਨੇ (ਗੁਰੂ) ਅਰਜਨ ਦੇਵ ਜੀ ਨੂੰ ਲਾਹੌਰ ਜਾਣ ਦਾ ਹੁਕਮ ਕੀਤਾ ਤਾਂ ਗੁਰੂ ਅਰਜਨ ਦੇਵ ਜੀ ਨੇ ਨਾ ਸਿਰਫ਼ ਸਿਰ-ਮੱਥੇ ਮੰਨਿਆ ਸਗੋਂ ਹੱਥ ਜੋੜ ਕੇ ਜੋ ਭਾਵ ਪੂਰਤ ਸ਼ਬਦ ਕਹੇ, ਅਸਲ ਵਿਚ ਉਹ ਹੀ ਪਰਖ ਪ੍ਰੀਖਿਆ ਦਾ ਸਿੱਟਾ ਸੀ ਤੇ ਆਉਣ ਵਾਲੇ ਕੱਲ੍ਹ ਦਾ ਸੂਚਕ ਸੀ। (ਗੁਰੂ) ਅਰਜਨ ਦੇਵ ਜੀ ਨੇ ਕਿਹਾ : ਇਹ ਤਾਂ ਪਿਤਾ ਜੀ, ਤੁਸੀਂ ਮੈਨੂੰ ਸੁਹਾਵਣੇ ਕਾਰਜ ਟੋਰ ਰਹੇ ਹੋ, ਜਿੱਥੇ ਨਿਰੀ ਖ਼ੁਸ਼ੀ ਹੀ ਖ਼ੁਸ਼ੀ ਹੈ। ਜਿੱਥੇ ਜਾਵਣ ਵਿਚ ਜਿੰਦ ਖ਼ਤਰੇ ਵਿਚ ਪਵੇ ਬੇਸ਼ੱਕ ਉਥੇ ਜਾਣ ਦੀ ਭੀ ਆਗਿਆ ਕਰੋ, ਉਥੇ ਵੀ ਜਾਣ ਵਿਚ ਪਿਤਾ ਜੀ, ਦੇਰੀ ਨਹੀਂ ਲਾਵਾਂਗਾ। ਮੈਂ ਪ੍ਰਾਣ ਦੇ ਕੇ ਵੀ ਉਥੇ ਜਾਣ ਤੋਂ ਨਹੀਂ ਝਿਜਕਾਂਗਾ। ਅਸਲ ਵਿਚ ਗੱਲ ਹੀ ਪ੍ਰਾਣ ਦੇਣ, ਸ਼ਹਾਦਤ ਲੈਣ, ਦੇਗ ਵਿਚ ਉਬਾਲੇ ਤੇ ਤੱਤੀ ਤਵੀ ਦੀ ਹੋ ਰਹੀ ਸੀ :

**"ਪਿਤਾ ਗੁਰੂ ਕੇ ਸੁਣ ਪ੍ਰਮਾਨੇ।**
**ਹਾਥਿ ਜੋਰ ਕਰਿ ਬਾਕ ਬਖਾਨੇ।**
**ਇਹ ਤੋ ਸੁਗਮ ਕਾਜ ਮਹਿ ਮੋਹਿ।**
**ਪਠਹੁ ਆਪ ਜਹਿ ਆਨੰਦੁ ਹੋਹਿ॥ ੧੧॥**
**ਜਹਿ ਜਾਵਨ ਮਹਿ ਜੀਵਨ ਸੰਸੈ।**
**ਤਿਹ ਆਇਸੁ ਮੁਝ ਦੇਹੁ ਨਿਸੰਸੈ।**
**ਦੇਰ ਨ ਕਰੋ ਪਿਤਾ ਜੀ ਉਹਾਂ।**
**ਪ੍ਰਾਨ ਦੇਉ ਮੈਂ ਤੂਰਨ ਤਹਾਂ"॥ ੧੨॥** *(ਰਾਸ ਦੂਜੀ, ਅੰਸ਼ ੧੬)*

ਗੁਰੂ ਰਾਮ ਦਾਸ ਜੀ ਦੇ ਨੇਤ੍ਰਾਂ ਵਿਚ ਖ਼ੁਸ਼ੀ ਦੇ ਆਂਸੂ ਆ ਗਏ ਤੇ ਉਸੇ ਵੇਲੇ ਕਹਿ

Sri Satguru Jagjit Singh Ji eLibrary NamdhariElibrary@gmail.com

ਦਿੱਤਾ : ਇਹ ਸਰਲ ਸੁਭਾਉ ਵਾਲਾ ਹੈ। ਇਹ ਹੀ ਪੰਡ ਉਠਾਉਣ ਜੋਗ ਹੋਵੇਗਾ। ਇਹ ਹੀ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਤੋਂ ਵੀ ਨਹੀਂ ਝਿਜਕੇਗਾ। ਗੁਰੂ ਰਾਮ ਦਾਸ ਜੀ ਨੇ ਪਰਖ ਲਿਆ। ਗੁਰੂ ਰਾਮ ਦਾਸ ਜੀ ਨੇ ਦੇਖਣ ਨੂੰ ਅਤਿ ਸੁਖਾਲਾ ਪਰਚਾ ਪਾਇਆ ਪਰ ਅਸਲ ਵਿਚ ਕਰੜਾ ਇਮਤਿਹਾਨ ਸੀ, ਜਿਸ ਵਿਚ ਕੇਵਲ ਗੁਰੂ ਅਰਜਨ ਜੀ ਹੀ ਪੂਰੇ ਉਤਰੇ।

ਫਿਰ ਇਹ ਹੀ ਬਚਨ ਭਰੀ ਸੰਗਤ ਵਿਚ ਪਿੱਛੋਂ ਕਹੇ ਸਨ : ਪੁੱਤਰਾਂ ਵਿਚੋਂ ਇਸੇ (ਗੁਰੂ) ਅਰਜਨ ਦੇਵ ਨੇ ਹੀ ਗੱਲ ਸਮਝੀ ਤੇ ਰੱਬੀ ਆਗਿਆ ਜਾਣੀ। ਆਗਿਆ ਮੰਨੀ। ਇਹ ਗੁਰਿਆਈ ਦੀ ਜ਼ਿੰਮੇਵਾਰੀ ਚੁੱਕਣ ਜੋਗ ਹਨ। ਇਨ੍ਹਾਂ ਵਿਚ ਹੰਕਾਰ ਲੇਸ ਮਾਤ੍ਰ ਵੀ ਨਹੀਂ। ਗੁਰਿਆਈ ਦੀ ਅਜਰ ਵਸਤੂ ਨੂੰ ਇਹ ਹੀ ਜਰ ਸਕਣਗੇ।

**'ਪੁਤਰਨ ਬਿਖੈ ਟੇਕ ਇਨ ਰਾਖੀ।**
**ਰਹਿ ਆਇਸੁ ਮਹਿ ਦਰਸ਼ਨ ਕਾਂਖੀ।**
**ਸਰਬ ਸਹਾਰਹਿ ਗੁਰਤਾ ਭਾਰ।**
**ਅਜਰ ਜਰਹਿ ਗੋ, ਕਹਿ ਹੰਕਾਰਿ'। ੧੧।** *(ਰਾਸ ਦੂਜੀ, ਅੰਸ਼ ੨੦)*

ਜਦ ਬਾਬਾ ਬੁੱਢਾ ਜੀ ਕੋਲੋਂ ਰਾਇ ਪੁੱਛੀ ਤਾਂ ਉਨ੍ਹਾਂ ਵੀ ਇਹ ਕਿਹਾ : ਅਰਜਨ ਜੀ ਸੁਸ਼ੀਲ ਤੇ ਸੱਚਮੁੱਚ ਸਲਾਹੁਣ-ਯੋਗ ਹਨ। ਹੰਕਾਰ ਇਨ੍ਹਾਂ ਦੇ ਕਦੇ ਨੇੜੇ ਨਹੀਂ ਆਇਆ। ਇਨ੍ਹਾਂ ਵਰਗਾ ਸੇਵਾ ਦਾ ਪੁੰਜ ਵੀ ਹੋਰ ਕੋਈ ਨਹੀਂ ਡਿੱਠਾ, ਜਿਸ ਨੇ ਗੁਰੂ ਦੇ ਹੁਕਮ ਵਿਚ ਨਿਵਾਸ ਹੀ ਕਰ ਲਿਆ ਹੋਵੇ :

**ਲਗਯੋ ਸਰਾਹਨਿ ਸ਼ੀਲ ਬਿਸਾਲਾ।**
**ਲੇਸ਼ ਹੰਕਾਰ ਨਹੀਂ ਕਿਸ ਕਾਲਾ। ੧੬।**
**ਇਨ ਸਮ ਸੇਵਕ ਅਵਰ ਨ ਥੀਉ।**
**ਜਿਸ ਆਇਸ ਮੈ ਵਾਸਾ ਕੀਉ।**

ਫਿਰ ਸਾਧ ਸੰਗਤ ਨੇ ਵੀ ਖ਼ੁਸ਼ੀ ਮਨਾਈ ਤੇ ਕਿਹਾ ਸੀ ਕਿ ਗੁਰੂ ਅਰਜਨ ਦੇਵ ਜੀ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਦੇਣ ਨਾਲ ਇੰਜ ਪ੍ਰਤੀਤ ਹੋ ਰਹਿਆ ਹੈ ਕਿ ਕਲਪ ਬ੍ਰਿਛ ਘਰ ਵਿਚ ਹੀ ਪੈਦਾ ਹੋ ਗਿਆ ਹੈ : 'ਲਹਯੋ ਕਲਪਤਰ ਮਾਨੋ ਭੌਨ।'

ਲਾਹੌਰ ਜਾਣ ਵੇਲੇ ਗੁਰੂ ਰਾਮ ਦਾਸ ਜੀ ਨੇ ਇਹ ਆਗਿਆ ਵੀ ਕੀਤੀ, ਜਦ ਤੱਕ ਅਸੀਂ ਨਾ ਕਹੀਏ, ਤੁਸੀਂ ਨਹੀਂ ਆਉਣਾ : 'ਹਮਰੈ ਕਹੈ, ਆਵਨੋ ਇਤੋ।' ਇਹ ਵੀ, ਗੁਰੂ ਰਾਮ ਦਾਸ ਜੀ ਕਹਿੰਦੇ ਹਨ, ਤਾਂ ਕੀਤਾ ਸੀ ਕੇਵਲ ਦੇਖਣ ਲਈ ਕਿ ਹੁਕਮ 'ਤੇ ਕਿੱਥੋਂ ਤੱਕ ਫੁੱਲ ਚੜ੍ਹਾਣਗੇ : 'ਹਮ ਨੇ ਆਗਯਾ ਦੀਨਸਿ ਤਾਹਿ। ਤਿਸ ਮਹਿ ਨਿਸ਼ਚਲ ਰਹੈ ਕਿ ਨਾਹਿ।'

### ਬੀਬੀ ਭਾਨੀ ਦੇ ਬਚਨ

ਲਾਹੌਰ ਜਾਣ ਵੇਲੇ (ਗੁਰੂ) ਅਰਜਨ ਦੇਵ ਜੀ ਮਾਤਾ ਭਾਨੀ ਜੀ ਨੂੰ ਚਰਨ ਬੰਦਨਾ ਕਰਨ ਗਏ। ਮਾਤਾ ਜੀ ਨੇ ਜਿੱਥੇ ਅਸੀਸਾਂ ਦਿੱਤੀਆਂ, ਉਥੇ ਯਾਦ ਕਰਵਾਇਆ ਕਿ ਭਾਵੇਂ ਪਿਤਾ ਅਮਰ ਦਾਸ ਜੀ ਦਾ ਵਰ ਹੈ, ਪਰ ਮਿਲੇਗੀ ਸੇਵਕ ਨੂੰ ਹੀ। ਪ੍ਰਿਥੀ ਚੰਦ ਦਾ ਸੁਭਾਅ ਹੰਕਾਰੀ ਹੋ ਗਿਆ

Sri Satguru Jagjit Singh Ji eLibrary NamdhariElibrary@gmail.com

ਹੈ। ਪਿਤਾ ਦੇ ਹੁਕਮ 'ਤੇ ਨਹੀਂ ਟੁਰਦਾਂ। ਮਹਾਂਦੇਵ ਨੂੰ ਲੱਥੀ ਚੜ੍ਹੀ ਦੀ ਨਹੀਂ ਹੈ। ਇਹ ਬੇਟਾ ਕਦੇ ਨਹੀਂ ਭੁੱਲਣਾ ਕਿ ਗੁਰੂ ਨਾਨਕ ਦੇਵ ਜੀ ਨੇ ਦਾਸ ਨੂੰ ਹੀ ਦਿੱਤੀ। ਪੁੱਤਰਾਂ ਵੱਲ ਤੱਕਿਆ ਨਹੀਂ। ਤਿਵੇਂ ਹੀ ਗੁਰੂ ਅੰਗਦ ਦੇਵ ਜੀ ਨੇ ਪਿਤਾ, ਤੀਜੇ ਪਾਤਸ਼ਾਹ ਜੀ ਨੂੰ ਦਿੱਤੀ ਸੀ ਤੇ ਉਨ੍ਹਾਂ ਪਤੀ ਨੂੰ ਸੇਵਾ ਦਾ ਪੁੰਜ ਦੇਖ ਹੀ ਦਿੱਤੀ। ਮੇਰੀ ਇਕ ਹੀ ਖ਼ਾਹਿਸ਼ ਹੈ ਕਿ ਉਨ੍ਹਾਂ ਜਿਹੀ ਹੀ ਘਾਲ ਤੁਸੀਂ ਘਾਲੋ ਤਾਂਕਿ ਇਹ ਗੁਰਿਆਈ ਹੁਣ ਪੁੱਤਰ ਨੂੰ ਮਿਲੇ। ਇਕ ਤੇਰੇ 'ਤੇ ਹੀ ਭਰੋਸਾ ਹੈ :

**'ਹੇ ਸੁਤ ! ਸ੍ਰੀ ਨਾਨਕ ਜੀ ਆਦਿ।**
**ਦਈ ਦਾਸਿ ਕਹੁ ਕਿਯ ਅਹਿਲਾਦ।**
**ਤਿਮ ਸ੍ਰੀ ਅੰਗਦ ਅਰ ਪਿਤ ਮੇਰੇ।**
**ਦੇਤਿ ਭਏ ਪਿਖਿ ਸੇਵ ਘਨੇਰੇ॥ ੧੯॥**
**ਤਿਨ ਕੇ ਸਮ ਤੁਮ ਘਾਲਹੁ ਘਾਲ।'** *(ਰਾਸ ਦੂਜੀ, ਅੰਸ਼ ੧੯)*

ਇਹ ਵੀ ਕਦੇ ਬੇਟਾ ਜੀ ਨਾਂਹ ਭੁੱਲਣਾ ਕਿ ਗੁਰੂਆਂ ਵਿਚ ਮੋਹ ਨਹੀਂ ਹੈ। ਉਨ੍ਹਾਂ ਲਈ ਪੁੱਤ, ਧੀ, ਰਿਸ਼ਤਾ ਕੁਝ ਨਹੀਂ। ਉਹ ਸਿਰਫ਼ ਰੀਝਦੇ ਹਨ ਸੇਵਕ ਦੀ ਸੇਵਾ 'ਤੇ :

**ਨਹੀਂ ਗੁਰਨਿ ਕੈ ਮੋਹ ਕਦਾਈ।**
**ਰੀਝਹਿ ਸੇਵਕ ਦੇ ਬਡਾਈ॥ ੮॥**

ਫਿਰ ਦੋਵੇਂ ਭਰਾਵਾਂ ਨੂੰ ਮੱਥਾ ਟੇਕ ਕੇ ਲਾਹੌਰ ਚਲੇ ਗਏ।

### ਲਾਹੌਰ ਵਿਖੇ

ਲਾਹੌਰ ਪੰਜਾਬ ਦਾ ਇਕ ਪ੍ਰਸਿੱਧ ਸ਼ਹਿਰ ਸੀ। ਆਗਰੇ ਬਾਅਦ ਲਾਹੌਰ ਹੀ ਦੂਜਾ ਵੱਡਾ ਸ਼ਹਿਰ ਹਿੰਦੁਸਤਾਨ ਵਿਚ ਗਿਣਿਆ ਜਾਂਦਾ ਸੀ। ਸੈਲਾਨੀ ਮਿਸਟਰ ਥਾਮਸਨ ਹਰਬਰਟ ਨੇ ਲਿਖਿਆ ਸੀ 'ਲਾਹੌਰ ਦਾ ਮੁਕਾਬਲਾ ਜੇ ਹਿੰਦੁਸਤਾਨ ਦੇ ਕਿਸੇ ਦੂਜੇ ਸ਼ਹਿਰ ਨਾਲ ਕੀਤਾ ਜਾ ਸਕਦਾ ਹੈ ਤਾਂ ਉਹ ਆਗਰਾ ਹੀ ਹੈ। ਅੱਠ ਮਹੀਨੇ ਮੌਸਮ ਸੁਹਾਵਣਾ ਰਹਿੰਦਾ ਹੈ। ਬਾਜ਼ਾਰ ਰੌਣਕ ਵਾਲੇ ਤੇ ਪੱਕੇ ਹਨ। ਇਨ੍ਹਾਂ ਨੂੰ ਰਾਵੀ ਦੇ ਪਾਣੀ ਨਾਲ ਧੋਤਾ ਜਾਂਦਾ ਹੈ। ਵਸਤੂਆਂ ਦੀ ਭਰਮਾਰ ਹੈ। ਐਸਾ ਖ਼ੂਬਸੂਰਤ ਤੇ ਹਮਵਾਰ ਸ਼ਹਿਰ ਕਿਧਰੇ ਘੱਟ ਹੀ ਹੈ।' ਲਾਹੌਰ ਫ਼ਕੀਰਾਂ, ਪੀਰਾਂ ਅਤੇ ਕਈ ਸਿਲਸਿਲਿਆਂ ਦੇ ਮੁਖੀਆਂ ਦਾ ਵੀ ਘਰ ਸੀ। ਗੁਰੂ ਅਰਜਨ ਦੇਵ ਜੀ ਦਾ ਲਾਹੌਰ ਵਿਖੇ ਹੀ ਮੇਲ ਮੀਆਂ ਮੀਰ ਜੀ ਨਾਲ ਹੋਇਆ। ਕਾਦਰੀਆ ਸਿਲਸਿਲੇ ਦੇ ਮੁਖੀ ਸ਼ਾਹ ਬਿਲਾਵਲ ਵੀ ਇੱਥੇ ਹੀ ਮਿਲੇ। ਸ਼ਾਹ ਹੁਸੈਨ, ਛੱਜੂ, ਕਾਹਨਾ ਤੇ ਪੀਲੂ ਵੀ ਲਾਹੌਰ ਹੀ ਰਹਿੰਦੇ ਸਨ। ਮੁੱਲਾ ਸ਼ਾਹ ਬਦਖਸ਼ਾਨੀ ਨਾਲ ਵੀ ਮੇਲ ਇੱਥੇ ਹੀ ਹੋਇਆ ਲਗਦਾ ਹੈ।

ਜਦ ਸ਼ਾਦੀ ਤੋਂ ਵਿਹਲੇ ਹੋਏ ਤਾਂ ਸਾਰਾ ਸਮਾਂ ਸੰਗਤਾਂ ਵਿਚ ਉਤਸ਼ਾਹ ਭਰਨ ਤੇ ਗੁਰੂ ਅਸਥਾਨ ਬਣਾਉਣ ਵੱਲ ਦੇਣ ਲੱਗੇ। ਗੁਰੂ ਰਾਮ ਦਾਸ ਜੀ ਦਾ ਪ੍ਰਕਾਸ਼ ਜਿਸ ਥਾਂ ਚੂਨਾ ਮੰਡੀ ਹੋਇਆ ਸੀ, ਉਥੇ ਹੀ ਰੋਜ਼ ਦੀਵਾਨ ਲਗਾਉਣ ਲੱਗ ਪਏ। ਉਸਾਰੀ ਵੀ ਅਰੰਭ ਕਰ ਦਿੱਤੀ। ਬਾਕੀ ਜੋ ਸਮਾਂ ਮਿਲਦਾ ਭਗਤਾਂ, ਫ਼ਕੀਰਾਂ, ਪੀਰਾਂ ਤੇ ਪੁੱਜੇ ਪੁਰਸ਼ਾਂ ਨਾਲ ਗੁਜ਼ਾਰਦੇ। ਇਤਿਹਾਸ ਨੇ ਖ਼ਾਸ ਕਰ ਮੀਆਂ ਮੀਰ ਤੋਂ ਇਲਾਵਾ ਹਾਜੀ ਨਿਆਮਤ

Sri Satguru Jagjit Singh Ji eLibrary NamdhariElibrary@gmail.com

ਅਲਾਹ, ਨੱਥਾ ਲਾਹੌਰੀ, ਖ਼ੁਆਜਾ ਬਿਹਾਰੀ, ਮੁੱਲਾ ਮੁਹੰਮਦ ਸਿਆਲਕੋਟੀ, ਮੁੱਲਾ ਰੂਹੀ ਦਾ ਜ਼ਿਕਰ ਕੀਤਾ ਹੈ।

ਗੁਰੂ ਰਾਮ ਦਾਸ ਜੀ ਸੋਆਂ ਪੁੱਜ ਰਹੀਆਂ ਸਨ। ਉਹ ਜਾਣਦੇ ਸਨ ਕਿ ਕਈ ਮਹੀਨੇ ਵੀ ਹੋ ਗਏ ਹਨ, ਪਰ ਗੁਰੂ ਰਾਮ ਦਾਸ ਜੀ ਨੇ ਫਿਰ ਬੁਲਾਉਣਾ ਮੁਨਾਸਬ ਨਾ ਸਮਝਿਆ ਕਿਉਂਕਿ ਉਹ ਇਹ ਦੇਖ ਰਹੇ ਸਨ ਕਿ 'ਆਗਿਆ ਵਿਚ ਪੱਕਾ ਰਹਿੰਦਾ ਹੈ ਜਾਂ ਨਹੀਂ।'

(ਗੁਰੂ) ਅਰਜਨ ਦੇਵ ਜੀ ਹੁਕਮ ਦੀ ਉਡੀਕ ਵਿਚ ਹੀ ਸਮਾਂ ਕੱਟ ਰਹੇ ਸਨ। ਧਿਆਨ ਹਰ ਵੇਲੇ ਗੁਰੂ ਚਰਨਾਂ ਵੱਲ ਸੀ। ਆਖ਼ਿਰ ਪ੍ਰੇਮ ਇਤਨਾ ਵਧ ਗਿਆ ਕਿ ਨੈਣ ਵੀ ਭਰ ਆਏ :

**ਮਹਾ ਪ੍ਰੀਤ ਤੇ ਚਿਤ ਉਮਗਾਵੈ।**
**ਲੋਚਨ ਭਰੇ ਨੀਰ ਝਲਕਾਵੈ।**

ਪਰ ਕਹਿੰਦੇ ਕੁਝ ਨਹੀਂ ਸਨ, ਮਤਾਂ ਗੁਰੂ ਜੀ ਦਾ ਹੁਕਮ 'ਹਮਰੈ ਕਹੈ, ਆਵਨੋ ਇਹੇ ਉਲੰਘਿਆ ਜਾਵੇ। ਜਦ ਗੁਰੂ-ਦਰਸ਼ਨਾਂ ਦੀ ਤਾਂਘ ਹੱਦਾਂ ਟੱਪਣ ਲੱਗੀ ਤਾਂ ਆਪ ਜੀ ਨੇ ਚਾਤ੍ਰਿਕ ਦੀ ਇਕ ਤਸਵੀਰ ਇਕ ਕਾਗ਼ਜ਼ 'ਤੇ ਬਣਾ ਕੇ ਅੰਮ੍ਰਿਤਸਰ ਭੇਜੀ। ਗੁਰੂ ਰਾਮ ਦਾਸ ਜੀ ਨੇ ਉੱਤਰ ਵਜੋਂ 'ਮੇਘ ਬਾਣ' ਲਿਖ ਵਾਪਸ ਭੇਜ ਦਿੱਤੀ। (ਗੁਰੂ) ਅਰਜਨ ਦੇਵ ਜੀ ਜਾਣ ਗਏ ਕਿ ਜਦ ਗੁਰੂ ਮੇਘ ਬਾਣ ਛੱਡੇਗਾ, ਚਾਤ੍ਰਿਕ ਨੂੰ ਸਵਾਂਤੀ ਬੂੰਦ ਮਿਲੇਗੀ। ਅਜੇ ਹੋਰ ਉਡੀਕਣ ਦਾ ਇਸ਼ਾਰਾ ਸੀ :

**"ਸ੍ਰੀ ਅਰਜਨ ਲਾਹੌਰ ਤੇ ਚਾਤ੍ਰਿਕ ਕੀ ਤਸਵੀਰ।**
**ਪ੍ਰਗਟ ਕਰਨ ਆਪਣੀ ਦਸ਼ਾ ਭੇਜੀ ਸਤਿਗੁਰ ਤੀਰ।**
**ਰਾਮ ਦਾਸ ਸਤਿਗੁਰੂ ਮੇਘ ਬਾਣ ਲਿਖ ਦੀਨ।**
**ਸ੍ਰੀ ਅਰਜਨ ਅਨੰਦ ਭੈ, ਵਾਂਛਤ ਉੱਤਰ ਦੀਨ।"**

ਸਮਾਂ ਹੋਰ ਬੀਤਣ ਨਾਲ ਵਿਛੋੜਾ ਅਸਹਿ ਹੋਈ ਜਾਏ। ਕਦੇ ਉੱਚੀ ਸੁਰ ਨਾਲ ਕੀਰਤਨ ਕਰਦੇ ਅਤੇ ਗੁਰ ਮਹਿਮਾ ਕਰਦੇ-ਕਰਦੇ ਸੰਗਤ ਵਿਚ ਹੀ ਨੈਣਾਂ ਵਿਚ ਜਲ ਵਹਿ ਤੁਰਦਾ :

**ਕਬਿ ਗਾਵਤ ਗਦ ਗਦ ਸੁਰ ਹੋਵਤਿ।**
**ਪਿਤਾ ਪਰਮ ਪ੍ਰਿਯ ਨਿਕਟ ਨ ਜੋਵਤ।**
**ਕਬਿ ਸੰਗਤਿ ਮਹਿ ਗੁਰ ਗੁਨ ਕਹੈ।**
**ਕਮਲ ਬਿਲੋਚਣ ਤੇ ਜਲ ਬਹੈ।**

ਹੁਣ (ਗੁਰੂ) ਅਰਜਨ ਦੇਵ ਜੀ ਨੇ ਇਕ ਖ਼ਤ ਲਿਖਣ ਦਾ ਨਿਰਣਾ ਲਿਆ। ਆਪਣੀ ਮਾਨਸਿਕ ਦਸ਼ਾ ਦੱਸੀ। ਪ੍ਰਿਥੀ ਚੰਦ ਜੀ ਨੇ ਗੁਰੂ ਜੀ ਤੱਕ ਪੁੱਜਣ ਹੀ ਨਾ ਦਿੱਤਾ; ਸਗੋਂ ਗੁਰੂ ਰਾਮ ਦਾਸ ਜੀ ਦੇ ਕੰਨ ਭਰਨੇ ਸ਼ੁਰੂ ਕੀਤੇ ਕਿ ਲਾਹੌਰ ਜਾ ਕੇ ਕੋਈ ਸੁਖ ਸੁਨੇਹਾ ਵੀ ਨਹੀਂ ਭੇਜਿਆ। ਉਥੇ ਗੁਰੂ ਬਣ ਬੈਠਾ ਹੈ। ਗੁਰੂ ਜੀ ਨੇ ਦੂਜੀ ਪਾਤੀ ਲਿਖੀ। ਪ੍ਰਿਥੀ ਚੰਦ ਨੇ ਉਹ ਭੀ ਹਥਿਆ ਲਈ ਤੇ ਲਿਆਉਣ ਵਾਲੇ ਸਿੱਖ ਨੂੰ ਕਿਹਾ ਕਿ ਉਹ ਬਾਹਰ ਉਡੀਕੇ, ਉਹ ਅੰਦਰੋਂ ਉੱਤਰ ਲੈ ਕੇ ਆਉਂਦਾ ਹੈ। ਚਿੱਠੀ ਉਸ ਕੀ ਪਹੁੰਚਾਣੀ ਸੀ। ਉੱਤਰ

Sri Satguru Jagjit Singh Ji eLibrary NamdhariElibrary@gmail.com

ਕੋਲੋਂ ਬਣਾ ਕੇ ਸਿੱਖ ਨੂੰ ਦੇ ਦਿੱਤਾ ਕਿ ਗੁਰੂ ਜੀ ਕਹਿੰਦੇ ਹਨ ਕਿ ਅਰਜਨ ਨੂੰ ਕਹਿ ਦੇਣਾ ਕਿ ਧਰਮਸ਼ਾਲਾ ਬਣਵਾਵੇ, ਸਤਿ ਸੰਗਤਿ ਦੇ ਦਰਸ਼ਨ ਹੀ ਉਸ ਦੇ ਦਰਸ਼ਨ ਹਨ। ਅਸਲ ਵਿਚ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆ ਰਹਿਆ ਸੀ। ਪ੍ਰਿਥੀ ਚੰਦ ਖ਼ਿਆਲ ਕਰਦਾ ਸੀ ਕਿ ਅਰਜਨ ਦੇ ਉਥੇ ਅੰਮ੍ਰਿਤਸਰ ਨਾ ਹੋਣ ਕਾਰ ਗੁਰੂ-ਗੱਦੀ ਦੀ ਜ਼ਿੰਮੇਵਾਰੀ ਉਸ ਨੂੰ ਮਿਲ ਜਾਵੇਗੀ :

**ਸਮਾਂ ਸਮੀਪ ਆਇ ਸੋ ਗਇਉ।**
**ਗੁਰਤਾ ਤਿਲਕ ਤਬਹਿ ਮੈਂ ਲਇਉ।**

ਇਕ ਵਾਰੀ ਗੱਦੀ ਹੱਥ ਆ ਗਈ, ਫਿਰ ਕੋਈ ਖੋਹਣ ਵਾਲਾ ਨਹੀਂ। ਪਰ ਉ ਭੁੱਲ ਗਿਆ ਕਿ ਛਲ ਬਲ ਨਾਲ ਵੀ ਕਿਸੇ ਨੂੰ ਗੁਰ-ਪਦਵੀ ਜਿਹੀ ਮਹਾਨ ਵਸਤੂ ਮਿਲ ਹੈ। ਤੀਜੀ ਚਿੱਠੀ (ਗੁਰੂ) ਅਰਜਨ ਜੀ ਨੇ ਬੜੀ ਇਹਤਿਹਾਤ ਨਾਲ ਸਿੱਖ ਨੂੰ ਪੱਕੀ ਕ ਕੇ ਭੇਜੀ ਕਿ ਕੇਵਲ ਗੁਰੂ ਪਿਤਾ ਜੀ ਦੇ ਹੱਥ ਦੇਣੀ। ਅੰਕ ਤੀਜਾ ਪੜ੍ਹ ਕੇ ਗੁਰੂ ਜ ਨੇ ਚਿੱਠੀ ਲਿਆਉਣ ਵਾਲੇ ਨੂੰ ਪੁੱਛਿਆ ਕਿ ਪਹਿਲੀਆਂ ਦੋ ਕਿੱਥੇ ਹਨ ਤਾਂ ਉਸ ਦੱਸਿਅ ਕਿ ਪ੍ਰਿਥੀ ਚੰਦ ਜੀ ਨੇ ਲੈ ਲਈਆਂ ਸਨ ਤੇ ਆਪ ਜੀ ਵਲੋਂ ਉੱਤਰ ਵੀ ਪਹੁੰਚਾਂਦੇ ਰ ਹਨ। ਭਰੇ ਦਰਬਾਰ ਵਿਚ ਹੀ ਗੁਰੂ ਜੀ ਨੇ ਪ੍ਰਿਥੀ ਚੰਦ ਨੂੰ ਪੁੱਛਿਆ ਕਿ ਪਹਿਲੀਅ ਦੋ ਚਿੱਠੀਆਂ ਕਿੱਥੇ ਹਨ ਤਾਂ ਖਿਝ ਕੇ ਕਹਿਣ ਲੱਗਾ ਕਿ ਮੈਂ ਕੀ ਕਰਨੀਆਂ ਹਨ ਇ ਚਿੱਠੀਆਂ ਲੈ ਕੇ। ਮੈਂ ਕਿਹੜਾ ਦੋ ਉਂਗਲਾਂ ਕਾਗ਼ਜ਼ ਨਾਲ ਗੁੱਡੀ ਚੜ੍ਹਾ ਲੈਣੀ ਹੈ। ਇ ਕਿਹੜੀ ਹੁੰਡੀ ਹੈ ਜਿਸ ਨੂੰ ਛੁਪਾ ਕੇ ਮੈਂ ਧਨ ਲੈਣਾ ਹੈ। ਗੱਲ ਤਾਂ ਇਤਬਾਰ ਦੀ ਸ ਗੁਰੂ ਪਿਤਾ ਨੂੰ ਉਹ ਜਾਣੀ-ਜਾਣ ਨਹੀਂ ਸੀ ਗਿਣਦਾ। ਤਿੰਨ ਵਾਰ ਪਿਤਾ ਦੇ ਬਚ ਉਲਟਾਏ :

**'ਪਿਤਾ ਗੁਰ ਕੋ ਸਰਬਗਯ ਨ ਜਾਣਾ।'**

ਗੁਰੂ ਜੀ ਨੇ ਇਕ ਸੇਵਕ ਨੂੰ ਪ੍ਰਿਥੀ ਚੰਦ ਦੇ ਘਰ ਭੇਜਿਆ ਤਾਂ ਕਾਗ਼ਜ਼ ਉਸਦ ਕਮੀਜ਼ ਵਿਚੋਂ ਹੀ ਕੱਢ ਦਿੱਤੇ। ਫਿਰ ਮਹਾਰਾਜ ਨੇ ਸਭ ਨੂੰ ਸੁਣਾ ਕੇ ਕਿਹਾ : ਇ ਕੈਸੀ ਗੁਰਮੁਖਤਾਈ ਹੈ। ਇਹ ਕੈਸੀ ਗ਼ਰੀਬੀ ਦੱਸਦਾ ਰਹਿਆ ਹੈ। ਦੇਖੋ ਜੋ ਕਪਟ ਗੀਨ ਬਣਦਾ ਸੀ, ਅਸਲ ਵਿਚ ਮੀਨਾ ਹੈ :

**ਬਡੋ ਗ਼ਰੀਬ ਕਪਟ ਤੇ ਹੀਣਾ।**
**ਨਹੀਂ ਕੁਟਿਲਤਾ ਦੀਰਘ ਮੀਣਾ।**[1]

ਫਿਰ ਫ਼ਰਮਾਇਆ : ਇਹ ਹੈ ਤੇਰਾ ਆਚਰਣ, ਜਿਸ ਦੇ ਸਹਾਰੇ ਗੱਦੀ ਦਾ ਸੁਪਨ ਲੈਂਦਾ ਰਹਿਆ ਹੈਂ। ਤੇਰੇ ਵਿਚ ਵਾਸ਼ਨਾ ਤ੍ਰਿਸ਼ਨਾ ਦੀ ਹੀ ਭੀੜ ਹੈ। ਤੇਰੇ ਵਿਚ ਪਕ ਹੀ ਪਕੜ ਹੈ। ਗੁਰਿਆਈ ਤਾਂ ਦੇਣ ਮਾਰਗ ਹੈ : 'ਨਹੀਂ ਉਚ ਪਦ ਇਸ ਕੇ ਭਾਗ

1. ਰਾਜਪੂਤਾਨੇ ਵਿਚ ਲੁੱਟ-ਮਾਰ ਕਰਨ ਵਾਲੀ ਇਕ ਜਾਤੀ ਦਾ ਨਾਂ ਮੀਣਾ ਹੈ। ਮਾਲਵੇ ਵਿਚ ਸਿੰਙਾਂ ਬਗ਼ੈਰ ਬੈਲ ਨੂੰ ਵੀ ਕਹਿੰਦੇ ਹਨ। ਮੀਸਣਾ ਵੀ ਕਿਹਾ ਜਾਂਦਾ ਹੈ। ਮਹਾ ਕੋਸ਼ ਵਿਚ ਮੀਣਾ ਦੇ ਅਰਥ ਮਿਨ੍ਹਾਂ, ਕਪਟੀ, ਜੋ ਮਨ ਦੇ ਛਲ ਪ੍ਰਗਟ ਨਾ ਹੋਣ ਦੇਵੇ, ਲਿਖਿਆ ਹੈ।

Sri Satguru Jagjit Singh Ji eLibrary NamdhariElibrary@gmail.com

ਇਹ ਛਲ ਬਲ ਕਰ ਚਾਹਤਿ ਗੁਰਿਆਈ। ਇਹ ਧਨ ਹੀ ਇਕੱਠਾ ਕਰਦਾ ਰਹਿਆ ਹੈ ਤੇ ਜਗਤ ਭਰ ਦੀ ਚਤੁਰਾਈ ਹੀ ਸਿੱਖਦਾ ਰਹਿਆ ਹੈ :

**'ਕਰਿ ਹੰਕਾਰ, ਨ ਕਥਿ ਬਚ ਮਾਨਾ।**
**ਧਨ ਕੋ ਸਾਂਭਤਿ ਰਹਯੋ ਮਹਾਨਾ।**
**ਜਗ ਬਿਵਹਾਰਨ ਮਹਿ ਚਤੁਰਾਈ।**
**ਇਕ ਭੀ ਗੁਣ ਨਹਿ ਲੇ ਗੁਰਿਆਈ।'** *(ਰਾਸ ਦੂਜੀ, ਅੰਸ਼ ੨੧)*

ਬਾਬਾ ਬੁੱਢਾ ਜੀ ਨੇ ਵੀ ਕਿਹਾ ਕਿ ਗੁਰੂ ਗੱਦੀ ਲਾਇਕ ਗੁਰੂ ਅਰਜਨ ਜੀ ਹੀ ਹਨ। ਗੁਰਤਾ ਦਾ ਭਾਰ ਉਹ ਹੀ ਚੁੱਕ ਸਕਦੇ ਹਨ, ਜਿਨ੍ਹਾਂ ਵਿਚ ਅਥਾਹ ਦਾ ਧੀਰਜ ਤੇ ਸ਼ੀਲ ਬਲ ਹੈ। ਹੁਕਮ ਵਿਚ ਹੀ ਗੁਰੂ ਅਰਜਨ ਜੀ ਸਮਾਇ ਰਹਿੰਦੇ ਹਨ। ਸੋ ਗੁਰੂ ਰਾਮ ਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਹੋਰ ਪੰਜ ਸਿੱਖਾਂ ਨੂੰ ਨਾਲ ਲੈ ਜਾ ਕੇ ਲਾਹੌਰ ਤੋਂ ਲਿਆਉਣ ਤਾਂ ਕਿ ਆਉਂਦੇ ਸਾਰ ਗੁਰੂ ਗੱਦੀ ਦੀ ਜ਼ਿਮੇਵਾਰੀ (ਗੁਰੂ) ਅਰਜਨ ਦੇਵ ਜੀ ਨੂੰ ਸੌਂਪੀ ਜਾਏ।

ਬਾਬਾ ਬੁੱਢਾ ਜੀ ਆਦਰ ਨਾਲ (ਗੁਰੂ) ਅਰਜਨ ਦੇਵ ਜੀ ਨੂੰ ਲਾਹੌਰ ਤੋਂ ਲੈ ਕੇ ਆਏ ਅਤੇ ਭਰੇ ਦਰਬਾਰ ਵਿਚ ਸਿੱਖੀ ਮਰਿਆਦਾ ਅਨੁਸਾਰ ਉਨ੍ਹਾਂ ਤਿਲਕ ਲਗਾਇਆ ਤੇ ਗੁਰੂ ਰਾਮ ਦਾਸ ਜੀ ਨੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ, ਮੱਥਾ ਟੇਕਿਆ ਅਤੇ ਪਰਕਰਮਾ ਕੀਤੀ।

**ਗੁਰੂ ਗੱਦੀ ਦੀ ਜ਼ਿਮੇਵਾਰੀ**

ਗੋਸ਼ਟ ਮਿਹਰਵਾਨ ਦੇ ਸ਼ਬਦਾਂ ਅਨੁਸਾਰ : ਤਬ ਗੁਰੂ ਰਾਮ ਦਾਸ ਜੀ ਸੰਮਤ 1638 ਭਾਦਉ ਸੁਦੀ ਤਿੰਨ **ਸ਼ਬਦ ਕੀ ਥਾਪਨਾ** ਗੁਰੂ ਅਰਜਨ ਕਉ ਦੇ ਕਰਿ ਸੱਚ ਖੰਡ ਕਉ ਸਿਧਾਰੇ। ਇਸ ਹਿਸਾਬ ਨਾਲ 28 ਅਗਸਤ, 1581 ਬਣਦਾ ਹੈ। ਦੋ ਦਿਨ ਹੋਰ ਗੁਰੂ ਰਾਮ ਦਾਸ ਜੀ ਸ੍ਰੀ ਅੰਮ੍ਰਿਤਸਰ ਰਹੇ ਸਨ। ਤੀਜੇ ਦਿਨ 31 ਅਗਸਤ ਨੂੰ ਗੋਇੰਦਵਾਲ ਆ ਗਏ ਸਨ। ਗੁਰੂ ਅਰਜਨ ਦੇਵ ਜੀ ਨਾਲ ਹੀ ਸਨ। ਇਕ ਰਾਤ ਸਿਰਫ਼ ਆਪ ਜੀ ਗੋਇੰਦਵਾਲ ਰਹੇ ਅਤੇ ਅਗਲੇ ਦਿਨ ਭਾਵ ਪਹਿਲੀ ਸਤੰਬਰ 1581 ਨੂੰ ਜੋਤੀ ਜੋਤ ਸਮਾ ਗਏ। ਗਵਾਹੀ ਹੈ :

**ਇਕ ਦਿਨ ਬਸਿ ਕੈ ਗੋਇੰਦਵਾਲਾ।**
**ਤਨ ਤਜਿ ਗਏ ਬੈਕੁੰਠ ਕ੍ਰਿਪਾਲਾ।** *(ਰਾਜ ਦੂਜੀ, ਅੰਸ਼ ੨੫)*

ਗੁਰੂ ਗੱਦੀ ਦੀ ਜ਼ਿਮੇਵਾਰੀ ਸੌਂਪਦੇ ਚੌਥੇ ਪਾਤਸ਼ਾਹ ਨੇ ਬਚਨ ਕੀਤੇ ਕਿ ਗੁਰੂ ਅਰਜਨ ਦੇਵ ਜੀ ਮੇਰਾ ਹੀ ਰੂਪ ਹਨ। ਹੁਣ ਸਭ ਨੇ ਇਨ੍ਹਾਂ ਨੂੰ ਹੀ ਗੁਰੂ ਜਾਣਨਾ। ਇਹ ਹੀ ਦੁਖ ਹਰਤਾ ਤੇ ਸੁਖ ਦਾਤੇ ਹਨ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਵੀ ਇਹ ਦਰਜ ਹੈ ਕਿ 'ਰਾਮ ਦਾਸ, ਪੂਰਨ ਪੁਰਖ ਸਮਾਂ ਅੰਤ ਨਿੱਜ ਜਾਨ। ਨਿੱਜ ਗੁਰਿਆਈ ਤਬ ਦਈ ਅਰਜਨ ਗੁਰ ਪਛਾਣ।' ਗਿਆਨੀ ਠਾਕੁਰ ਸਿੰਘ ਨੇ 'ਗੁਰ ਦੁਆਰਾ ਦਰਸ਼ਨ' ਵਿਚ ਲਿਖਿਆ ਹੈ ਕਿ ਇਹ ਸਾਰੀ ਵਾਰਤਾ ਗੁਰ ਕੇ ਮਹਲ ਵਿਖੇ ਹੋਈ ਸੀ। ਦੀਵਾਨ ਵੀ ਉੱਥੇ ਹੀ ਸਾਜਿਆ ਸੀ ਅਤੇ ਜ਼ਿਮੇਵਾਰੀ ਵੀ ਉਥੇ ਹੀ ਸੌਂਪੀ ਗਈ ਸੀ।

Sri Satguru Jagjit Singh Ji eLibrary NamdhariElibrary@gmail.com

ਇਹ ਸਭ ਦੇਖ ਕੇ ਪ੍ਰਿਥੀ ਚੰਦ ਸੜ ਬਲ ਗਿਆ। ਉਹ ਪਹਿਲਾਂ ਬਾਬਾ ਬੁੱਢਾ ਜੀ ਨਾਲ

**ਪ੍ਰਿਥੀ ਚੰਦ ਜਰ ਬਰ ਗਯੇ**

ਬਹੁਤ ਖਹਿਬੜਿਆ। ਡਰਾਵੇ ਦਿੱਤੇ ਅਤੇ ਇਥੋਂ ਤੱਕ ਕਿਹਾ 'ਸਭ ਕੀ ਕਰੀ ਉਲਟ ਅਬ ਦੈ ਹੋ।' ਬਾਬਾ ਜੀ ਸ਼ਾਂਤ ਚਿੱਤ ਰਹੇ ਤੇ ਉਸ ਨੂੰ ਸਮਝਾਉਣ ਲੱਗੇ ਕਿ ਤੁਸਾਂ ਟੇਕ ਪਦਾਰਥਾਂ, ਮੁਲਾਕਾਤਾਂ, ਸਹਸ ਸਿਆਣਪਾਂ, ਮਸੰਦਾਂ ਤੇ ਝੂਠੀਆਂ ਬਾਹਾਂ 'ਤੇ ਰੱਖੀ। ਕਦੇ ਗੁਰਮਤਿ ਗ੍ਰਹਿਣ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਹ ਵਸਤੂ ਬਖ਼ੀਲੀਆਂ ਨਾਲ ਹੱਥ ਨਹੀਂ ਆਉਂਦੀ। ਨਿੰਮ੍ਰਤਾ ਵਾਲੇ ਦੀ ਹੀ ਝੋਲੀ ਪੈਂਦੀ ਹੈ :

**ਕਰੈਂ ਬਖੀਲੀ ਹਾਥ ਨ ਆਵੈ।**
**ਗਹਹਿ ਨਿੰਮਰਤਾ ਬਾਂਛਤ ਪਾਵੈਂ।**

ਹੁਣ ਵੀ ਗੁਰੂ ਦੀ ਸ਼ਰਨ ਪੈ ਜਾ। ਉਨ੍ਹਾਂ ਦੇ ਕੀਤੇ 'ਤੇ ਫੁੱਲ ਚਾੜ੍ਹ। ਜਿਵੇਂ ਹੁਕਮ ਦੇਣ ਤਿਵੇਂ ਹੀ ਕਰ। ਉਥੋਂ ਪ੍ਰਿਥੀ ਚੰਦ ਗੁਰੂ ਰਾਮ ਦਾਸ ਜੀ ਪਾਸ ਆਇਆ। ਇੱਥੇ ਵੀ ਉੱਚਾ-ਉੱਚਾ ਬੋਲਣ ਲੱਗਾ। ਮਹਾਰਾਜ ਨੇ ਧੀਰਜ ਨਾਲ ਸਮਝਾਇਆ : ਬੇਟਾ! ਪਿਤਾ ਨਾਲ ਝਗੜੇ ਪਾਉਣੇ ਠੀਕ ਨਹੀਂ। ਜਿਸ ਨੇ ਜੰਮਿਆ ਪਾਲਿਆ ਹੈ ਤਿਸ ਨਾਲ ਝਗੜਨਾ ਤਾਂ ਬਹੁਤ ਹੀ ਮੰਦਾ ਕਰਮ ਹੈ :

**ਕਾਹੇ ਪੂਤ ਝਗਰਤ ਹਉ ਸੰਗਿ ਬਾਪ॥**
**ਜਿਨ ਕੇ ਜਣੇ ਬਡੀਰੇ ਤੁਮ ਹਉ**
**ਤਿਨ ਸਿਉ ਝਗਰਤ ਪਾਪ॥ ਰਹਾਉ॥**

ਪ੍ਰਿਥੀ ਚੰਦ ਨੇ ਗੁਰੂ ਰਾਮ ਦਾਸ ਜੀ ਨੂੰ ਇਹ ਵੀ ਕਿਹਾ ਸੀ ਕਿ ਤੁਹਾਨੂੰ ਤੇ ਤੁਹਾਡੇ ਪੁੱਤਰ ਗੁਰੂ ਅਰਜਨ ਨੂੰ ਐਸਾ ਕਸ਼ਟ ਦਿਆਂਗਾ ਕਿ ਸਾਰੇ ਦੇਖਦੇ ਹੀ ਰਹਿਣਗੇ। ਮਹਾਰਾਜ ਨੇ ਫੁਰਮਾਇਆ, ਜਿਸ ਧਨ, ਬਾਹਵਾਂ ਤੇ ਜ਼ੋਰ ਦਾ ਜ਼ਿਕਰ ਨਿੱਤ ਕਰਦੇ ਹੋ, ਉਹ ਧਨ ਕਦੇ ਵੀ ਕਿਸੇ ਦਾ ਆਪਣਾ ਨਹੀਂ ਬਣਿਆ। ਹਰ ਇਕ ਮਨੁੱਖ ਮਾਇਆ ਦਾ ਚਸਕਾ ਅੰਤ ਵੇਲੇ ਇਕ ਖਿਨ ਪਲ ਵਿਚ ਹੀ ਛੱਡ ਜਾਂਦਾ ਹੈ। ਜਦੋਂ ਛੱਡਦਾ ਹੈ ਫਿਰ ਛੱਡਣ ਦਾ ਹਾਹੁਕਾ ਲੱਗਦਾ ਹੈ। ਇਸ ਦਾ ਡਰ ਨ ਦੇਹ। ਇਹ ਤੇਰਾ ਹੀ ਮਾਰੂ ਬਣੇਗਾ :

**ਜਿਸੁ ਧਨ ਕਾ ਤੁਮ ਗਰਬੁ ਕਰਤ ਹਉ**
**ਸੋ ਧਨ ਕਿਸਹਿ ਨ ਆਪ॥**
**ਖਿਣ ਮਹਿ ਛੋਡ ਜਾਇ ਬਿਖਿਆ ਰਸੁ**
**ਤਉ ਲਾਗੈ ਪਛੁਤਾਪ॥** *(ਸਾਰੰਗ ਮਹਲਾ ੫, ਘਰ ਤੀਜਾ)*

ਪ੍ਰਿਥੀ ਚੰਦ ਦੀ ਆਤਮਾ ਨੂੰ ਵੀ ਟੁੰਬਿਆ ਤੇ ਕਿਹਾ : ਬੇਟਾ! ਉਂਜ ਤਾਂ ਆਪਣੇ ਅੰਦਰ ਦੀ ਫਿਟਕਾਰ ਨੂੰ ਉਹੀ ਮਨੁੱਖ ਜਾਣਦਾ ਹੈ ਜਿਸ ਦੇ ਹਿਰਦੇ ਵਿਚ ਇਹ ਬਖ਼ੀਲੀ ਵਾਲੀ ਦਸ਼ਾ ਵਾਪਰਦੀ ਹੈ, ਪਰ ਤੁਸੀਂ ਜਗਤ ਦੇ ਗੁਰੂ ਨਾਨਕ ਪਾਤਸ਼ਾਹ ਨੂੰ ਭੀ ਪੁੱਛ ਕੇ ਵਿਚਾਰ ਕਰ ਵੇਖੋ। ਇਹ ਯਕੀਨੀ ਬਾਤ ਹੈ ਕਿ ਜਗਤ ਦੇ ਸ਼ੁਰੂ ਤੋਂ ਲੈ ਕੇ ਕਦੇ ਭੀ ਕਿਸੇ ਮਨੁੱਖ ਨੇ ਮਹਾਂ-ਪੁਰਸ਼ਾਂ ਨਾਲ ਈਰਖਾ ਦੇ ਰਾਹੀਂ (ਆਤਮਿਕ ਜੀਵਨ ਦਾ ਧਨ) ਨਹੀਂ ਲੱਭਾ। ਆਪਣੇ ਵੱਡਿਆਂ ਨਾਲ ਨਿੰਮ੍ਰਤਾ ਭਾਵਨਾ ਰੱਖਿਆਂ ਹੀ ਸੰਸਾਰ ਸਮੁੰਦਰ

ਤੋਂ ਪਾਰ-ਉਤਾਰਾ ਹੁੰਦਾ ਹੈ :

ਜਿਸ ਘਰ ਵਿਰਤੀ ਸੋਈ ਜਾਣੈ
ਜਗਤ ਗੁਰੂ ਨਾਨਕ ਪੂਛ ਕਰਹੁ ਬਿਚਾਰਾ॥
ਚਹੁ ਪੀੜੀ ਆਦਿ ਜੁਗਾਦਿ ਬਖੀਲੀ
ਕਿਨੈ ਨ ਪਾਇਓ,
ਹਰਿ ਸੇਵਕ ਭਾਇ ਨਿਸਤਾਰਾ॥ *(ਸੂਹੀ ਮਹਲਾ*

ਬੰਸਾਵਲੀ-ਨਾਮਾ ਵਾਲਾ ਕਹਿੰਦਾ ਹੈ ਕਿ ਗੁਰੂ ਰਾਮ ਦਾਸ ਜੀ ਨੇ ਫਿਰ ਪ੍ਰਿਥੀ ਚੰ
ਨੂੰ ਕਿਹਾ : ਜਿਵੇਂ ਵੱਡਿਆਂ ਦਾ ਕਹਿਆ

ਮੋਹਨ ਮੋਹਰੀ ਹੈ ਮੰਨ ਲਿਆ
ਤੁਸਾਨੂੰ ਭੀ ਚਾਹੀਏ ਤਿਉ ਹੀ ਕੀਆ।

ਇਨ੍ਹਾਂ ਬਚਨਾਂ ਦਾ ਬਾਬਾ ਪ੍ਰਿਥੀ ਚੰਦ 'ਤੇ ਅਜਿਹਾ ਪ੍ਰਭਾਵ ਪਿਆ ਕਿ ਉਸ
ਗੁਰੂ ਅਰਜਨ ਦੇਵ ਜੀ ਅੱਗੇ ਸਿਰ ਝੁਕਾ ਦਿੱਤਾ। ਇਹ ਵਕਤੀ ਸੀ ਅਤੇ ਦੁਬਿਧਾ ਉ
ਨੇ ਬਣਾਈ ਰੱਖੀ :

ਗੁਰੂ ਰਾਮ ਦਾਸ ਜੀ ਪ੍ਰਿਥੀਏ ਹੈ ਮਨਾਇਆ।
ਸਭਨਾ ਨੂੰ ਗੁਰੂ ਅਰਜਨ ਦੇ ਪੈਰੀ ਪਾਇਆ।
ਪਰ ਮਨ ਪ੍ਰਿਥੀਏ ਦੇ ਦੁਬਿਧਾ ਰਹੀ।
ਉਸ ਵੇਲੇ ਤਾਂ ਮੰਨੀ ਪਿਉ ਦੀ ਕਹੀ।

ਦੁਬਿਧਾ ਦਾ ਪ੍ਰਗਟਾਵਾ, ਪ੍ਰਿਥੀ ਚੰਦ ਨੇ ਜ਼ਹਿਰ ਉਗਲ ਕੇ ਕੀਤਾ ਜਦ ਤੀਜੇ ਦਿ
ਗੋਇੰਦਵਾਲ ਵਿਖੇ ਸਾਹਿਬ ਗੁਰੂ ਰਾਮ ਦਾਸ ਜੀ ਜੋਤਿ ਜੋਤੀ ਸਮਾ ਗਏ। ਉਸ ਨੇ
ਪ੍ਰਚਾਰ ਕਰਨਾ ਚਾਹਿਆ ਕਿ ਗੁਰੂ ਅਰਜਨ ਨੇ ਗੁਰੂ ਰਾਮ ਦਾਸ ਜੀ ਨੂੰ ਜ਼ਹਿਰ ਦੇ
ਮਾਰ ਦਿੱਤਾ ਹੈ। ਦੋ ਦਿਨ ਵੀ ਸਬਰ ਨਹੀਂ ਕੀਤਾ। ਪੂਜਾ ਦੇ ਲਾਲਚ ਵਿਚ ਗੁਰੂ-ਪਿ
ਨੂੰ ਮਾਰ ਦਿੱਤਾ :

ਗੁਰਤਾ ਤਿਲਕ ਭਲੋ ਇਨ ਪਾਯੋ।
ਦੁਇ ਦਿਨ ਬਿਤੇ ਨ ਬਿਸ ਕੋ ਖਵਾਯੋ॥ ੧੧॥
ਪੂਜਵਾਵਨ ਕੋ ਲਾਲਚ ਕਰਿ ਕੈ।
ਮਾਰਯੋ ਪਿਤਾ ਕਪਟ ਕੋ ਧਰਿ ਕੈ।
ਇਸ ਬਿਧਿ ਤੇ ਨਹਿ ਗੁਰੂ ਬਨ ਜੈ ਹੈ।
ਘੋਰ ਪਾਪ ਕੋ ਫਲ ਇਹੁ ਪੈ ਹੈ। (੨)

ਪਰ ਸਾਰੀ ਜੁੜੀ ਸੰਗਤ ਜਾਣਦੀ ਸੀ ਕਿ ਪ੍ਰਿਥੀਆ ਆਪਣੇ ਅੰਦਰਲੇ ਦਾ
ਬਾਹਰ ਕੱਢ ਰਹਿਆ ਹੈ। ਗੁਰੂ ਰਾਮ ਦਾਸ ਜੀ ਤਾਂ ਜਾਂਦੀ ਵਾਰੀ ਵੀ ਭਰੀ ਸੰਗਤ ਵਿ
ਬਚਨ ਕਰ ਗਏ ਸਨ :

ਸਤਿਨਾਮ ਦਾ ਧਿਆਨ ਕਰਨਾ। ਗੁਰੂ ਅਰਜਨ ਵਿਚ ਚਾਰਾਂ ਹੀ ਗੁਰਾਂ ਦੇ ਦਰ
ਕਰਨੇ। ਕੋਈ ਭੇਦ ਨਹੀਂ ਹੈ। ਇਹ ਸਮੁੰਦਰ ਵਾਂਗ ਸ਼ਾਂਤ ਤੇ ਰਤਨਾਂ ਨਾਲ ਭਰੇ ਹ

Sri Satguru Jagjit Singh Ji eLibrary NamdhariElibrary@gmail.com

ਇਸ ਨਾਲ ਜੋ ਵੈਰ ਕਮਾਏਗਾ, ਉਸ ਦਾ ਬਣਨਾ ਤਾਂ ਇਕ ਪਾਸੇ, ਦੀਨ ਦੁਨੀਆਂ ਵਿਚ ਦੁੱਖ ਪਾਏਗਾ :

**ਇਸ ਕੈ ਸੰਗ ਜੋ ਰਚੈ ਖੁਟਾਈ।**
**ਪੁਜਹਿ ਨ ਦੀਨ ਦੁਨੀ ਦੁੱਖ ਪਾਈ।** *(ਰਾਸ ਦੂਜੀ, ਅੰਸ਼ ੨੩)*

ਆਪਣੇ ਵਲੋਂ ਸਾਰੇ ਝਗੜੇ ਨਿਬੇੜ ਅਤੇ ਆਪਣਾ ਅੰਤਮ ਸਮਾਂ ਨੇੜੇ ਜਾਣ, ਗੁਰੂ ਰਾਮ

**ਗੁਰੂ ਰਾਮ ਦਾਸ ਜੀ ਦਾ ਜੋਤੀ ਜੋਤ ਸਮਾਉਣਾ**

ਦਾਸ ਜੀ ਗੋਇੰਦਵਾਲ ਚਲੇ ਗਏ। ਗੁਰੂ ਅਰਜਨ ਦੇਵ ਜੀ ਤੇ ਹੋਰ ਮੁਖੀ ਸਿੱਖ ਨਾਲ ਹੀ ਸਨ। ਪ੍ਰਿਥੀ ਚੰਦ ਤੇ ਮਹਾਂਦੇਵ ਨੇ ਅੰਮ੍ਰਿਤਸਰ ਰਹਿਣਾ ਹੀ ਉਚਿਤ ਸਮਝਿਆ। ਪਹਿਲੀ ਸਤੰਬਰ, 1518 ਨੂੰ ਅੰਮ੍ਰਿਤ ਵੇਲੇ ਗੁਰੂ ਰਾਮ ਦਾਸ ਜੀ ਉੱਠੇ। ਬਾਉਲੀ ਵਿਖੇ ਇਸ਼ਨਾਨ ਕੀਤਾ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਪਿੱਛੋਂ ਫਿਰ ਫ਼ਰਮਾਇਆ ਕਿ ਗੁਰੂ ਅਰਜਨ ਚਾਰ ਗੁਰੂ ਸਾਹਿਬਾਨ ਦਾ ਰੂਪ ਹੈ। ਰੱਤਾ ਭਰ ਵੀ ਭੇਦ ਨਾ ਜਾਣਨਾ :

**ਏਕ ਰੂਪ ਪੰਚਹੁ ਕੋ ਜਾਨਹੁ।**
**ਭੇਦ ਰਤੀਕ ਨਹੀਂ ਮਨ ਠਾਨਹੁ।**

ਫਿਰ ਗੁਰੂ ਅਰਜਨ ਦੇਵ ਜੀ ਵੱਲ ਮੂੰਹ ਕਰਕੇ ਉਚੇਚਾ ਕਿਹਾ : ਅੰਮ੍ਰਿਤਸਰ ਨੂੰ ਪੱਕਾ ਕਰਨਾ। ਇਹ ਗੁਰੂ ਅਮਰ ਦਾਸ ਜੀ ਦਾ ਹੁਕਮ ਸੀ ਅਤੇ ਮੇਰੀ ਇੱਛਾ ਹੈ। ਉਥੇ ਵਿਚਕਾਰ ਹਰਿਮੰਦਰ ਵੀ ਉਸਾਰਨਾ ਜੋ ਸੱਚਮੁੱਚ ਪ੍ਰਭੂ ਨੂੰ ਪਾਉਣ ਦਾ ਸਾਧਨ ਹੋਵੇ। ਹਰਿਮੰਦਰ ਬਿਲਕੁੱਲ ਇਸ ਤਰ੍ਹਾਂ ਸੋਭਾ ਪਾਵੇ ਕਿ ਦੇਖਣ ਵਾਲੇ ਨੂੰ ਪ੍ਰਤੀਤ ਹੋਵੇ ਕਿ ਪ੍ਰਭੂ ਦਾ ਬਿਬਾਨ ਮਾਨੋਂ ਆਕਾਸ਼ ਵਿਚ ਟਿਕਿਆ ਹੈ :

**ਚਹੁ ਦਿਸ਼ ਤੇ ਸੋਪਾਨਿ[1] ਬਨਾਵਹੁ।**
**ਹਰਿਮੰਦਰ ਸੁੰਦਰ ਉਸਰਾਵਹੁ॥ ੫੫॥**
**ਤਾਲ ਬਿਖੈ ਸ਼ੋਭਾ ਹੁਇ ਐਸੇ।**
**ਹਰਿ ਬਿਮਾਨ ਥਿਤ ਨਭ ਮਹਿ ਜੈਸੇ।** *(ਰਾਸ ਦੂਜੀ, ਅੰਸ਼ ੨੮)*

ਗੁਰੂ ਅਰਜਨ ਜੀ ਨੇ ਸੀਸ ਨਿਵਾਇਆ ਤੇ ਬੇਨਤੀ ਕੀਤੀ ਕਿ ਆਪ ਜੀ ਦੀ ਬਖ਼ਸ਼ਸ਼ ਨਾਲ ਐਸਾ ਹੀ ਹੋਵੇਗਾ। 'ਕਰਨ ਕਰਾਵਨ ਮੈਂ ਤੁਮ ਜੋਰ'। ਫਿਰ ਮੋਹਨ ਜੀ ਤੇ ਮੋਹਰੀ ਜੀ ਨੂੰ ਕਿਹਾ : ਤੁਸੀਂ ਦੋਵੇਂ ਈਰਖਾ ਰਹਿਤ ਅਤੇ ਨਿਰਛਲ ਹੋ। ਹੁਣ ਗੁਰੂ ਅਰਜਨ ਜੀ ਵਿਚ ਵੀ ਫ਼ਰਕ ਨਾ ਕਰਨਾ। ਮੋਹਰੀ ਜੀ ਨੇ ਉਸੇ ਸਮੇਂ ਉੱਠ ਕੇ ਗੁਰੂ ਅਰਜਨ ਜੀ ਦੇ ਪੈਰੀਂ ਹੱਥ ਲਗਾਇਆ। ਗੁਰੂ ਅਰਜਨ ਜੀ ਨੇ 'ਧੰਨ ਮੋਹਰੀ' ਕਿਹਾ।

ਅਜੇ ਬਚਨ ਹੋ ਰਹੇ ਸਨ ਕਿ ਬੀਬੀ ਭਾਨੀ ਜੀ ਨੇ ਸੰਗਤ ਵਿਚ ਹੀ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਵੀ ਆਗਿਆ ਬਖ਼ਸ਼ੋ ਕਿ ਨਾਲ ਹੀ ਪ੍ਰਾਣ ਤਿਆਗਾਂ :

---

1. ਪਉੜੀਆਂ

Sri Satguru Jagjit Singh Ji eLibrary NamdhariElibrary@gmail.com

ਮੈਂ ਰਾਵਰ ਕੇ ਸੰਗ ਸਿਧਾਰੋਂ।
ਤੁਮ ਬਿਨ ਨਹੀਂ ਜੀਵਯੋਂ ਧਾਰੋਂ।

ਗੁਰੂ ਰਾਮ ਦਾਸ ਜੀ ਨੇ ਕਿਹਾ ਕਿ ਸਰੀਰ ਵਾਹਿਗੁਰੂ ਜੀ ਨੇ ਬਣਾਇਆ ਹੈ। ਜਿਸ ਪ੍ਰਭੂ ਨੇ ਬਣਾਇਆ ਹੈ, ਉਸੇ ਦਾ ਹੱਕ ਤੇ ਕਾਰਜ ਹੈ, ਲੈਣ ਦਾ। ਫਿਰ ਕਹਿਣ ਲੱਗੇ : ਹੇ ਬਹੁਤ ਜੱਸ ਵਾਲੀ, ਮਹਾਂ ਜਸੇ, ਤੇਰੇ ਸਮਾਨ ਕੋਈ ਵਿਰਲਾ ਹੀ ਹੈ ਜਿਸ ਦੇ ਪਿਤਾ ਗੁਰੂ ਅਮਰ ਦਾਸ ਜੀ ਹਨ। ਤੁਸਾਂ ਬਹੁਤ ਸ਼ੋਭਾ ਖੱਟੀ ਹੈ। ਤੇਰੇ 'ਤੇ ਸਾਡੀ ਬਹੁਤ ਖ਼ੁਸ਼ੀ ਹੈ, ਜਿਵੇਂ ਅਸਾਂ ਕਿਹਾ ਤਿਵੇਂ ਤੁਸੀਂ ਕਰਦੇ ਰਹੇ :

ਪੁੰਨ ਤੁਵ ਪਰ ਪ੍ਰਸੰਨ ਹਮ ਰਹੇ।
ਮਾਨਹਿ ਤਥਾ ਜਥਾ ਬਚ ਕਹੇ।

ਫਿਰ ਤੇਰੇ ਘਰ ਗੁਰੂ ਅਰਜਨ ਜੀ ਵਰਗਾ ਬੇਟਾ ਹੋਇਆ ਹੈ। ਤੁਹਾਡਾ ਅਜੇ ਸਰੀਰ ਵਿਚ ਰਹਿਣਾ ਜ਼ਰੂਰੀ ਹੈ। ਤੁਸਾਂ ਹੀ ਇਸ ਵਧ ਰਹੀ ਈਰਖਾ ਨੂੰ ਰੋਕਣਾ ਹੈ, ਜੋ ਪ੍ਰਿਥੀ ਚੰਦ ਨੇ ਉਠਾਉਣੀ ਹੈ। ਤੁਸੀਂ ਰਾਗ ਦਵੈਖ ਤੋਂ ਉੱਚੇ ਹੋ। ਤੁਸੀਂ ਸਭ ਨੂੰ ਸੇਵਾ ਵਿਚ ਲਗਾ ਧੀਰਜ ਵੰਡਦੇ ਰਹਿਣਾ।

ਫਿਰ ਸਾਰੀ ਸੰਗਤ ਨੂੰ ਸੰਬੋਧਨ ਕਰ ਕੇ ਕਿਹਾ : ਜਾਣ ਪਿੱਛੋਂ ਕਿਸੇ ਸੋਗ ਜਾਂ ਬਿਉਗ ਨਾ ਕਰਨਾ। ਨਿਰੋਲ ਕੀਰਤਨ ਤੇ ਭਜਨ ਹੀ ਕਰਨਾ :

ਮਮ ਪਾਛੇ ਭਜਨ ਕੀਰਤਨ ਕਰਨਾ।
ਸੋਕ ਬਿਉਗ ਮਨ ਮੋ ਨਹੀਂ ਧਰਨਾ। *(ਮਹਿਮਾ ਪ੍ਰਕਾਸ਼, ਸਾਖੀ ਅੱਠ)*

ਇਤਨੇ ਬਚਨ ਕਹਿ ਕੇ ਬਾਬਾ ਬੁੱਢਾ ਜੀ ਵੱਲ ਦੇਖਿਆ ਅਤੇ ਬੈਠੇ-ਬੈਠੇ ਹੀ ਗੁਰੂ ਅਰਜਨ ਜੀ ਅੱਗੇ ਸਿਰ ਝੁਕਾਇਆ ਅਤੇ ਸਮਾਧੀ ਸਥਿਤ ਹੋ ਗਏ। ਚਿਹਰੇ ਵੱਲ ਦੇਖਿਆਂ ਇੰਜ ਪਿਆ ਲੱਗੇ ਕਿ ਲੀਨ ਹੋ ਰਹੇ ਹਨ। ਜਲ ਜਿਵੇਂ ਜਲ ਵਿਚ, ਅਗਨ-ਅਗਨ ਵਿਚ ਤੇ ਪਉਣ ਆਕਾਸ਼ ਵਿਚ ਸਮਾਂਦੀ ਹੈ :

ਤਬ ਅਦਭੁਤ ਚਲਤ ਦਿਆਲ ਗੁਰ ਕੀਨ।
ਜੋਤ ਮਾਹਿ ਜੋਤ ਭਈ ਲੀਨ।
ਜੈਸੇ ਜਲ ਮਹਿ ਜਲ ਮਿਲ ਜਾਇ।
ਅਗਨ ਮਹਿ ਜਿਉ ਅਗਨ ਸਮਾਇ।
ਜਿਮ ਅਕਾਸ਼ ਪਵਨ ਹੋਇ ਲੀਨ।
ਅਚਰਜ ਲੀਲਾ ਸਤਿਗੁਰ ਕੀਨ।[1]

ਸਭ ਪਾਸੇ ਸੁਗੰਧੀ ਫੈਲ ਰਹੀ ਸੀ। ਅਕਾਸ਼ ਗੁਲਾਬੀ ਭਾਅ ਮਾਰਨ ਲੱਗ ਪਿਆ ਸੀ। ਹਵਾ ਵਿਚ ਜੈ-ਜੈ ਦੀ ਆਵਾਜ਼ ਆ ਰਹੀ ਸੀ। ਇਹ ਲਗਦਾ ਸੀ ਕਿ ਕੋਈ ਫੁੱਲਾਂ ਦੀ ਵਰਖਾ ਕਰ ਰਹਿਆ ਹੈ। ਐਸਾ ਮਹਿਸੂਸ ਹੋ ਰਿਹਾ ਸੀ ਕਿ ਵਾਯੂ ਦੀ ਥਾਂ 'ਤੇ ਵਾਤਾਵਰਣ ਆਤਮ ਭਰਪੂਰ ਹੋ ਗਿਆ ਹੈ। ਬੀਬੀ ਭਾਨੀ ਜੀ ਪਤੀ ਪਾਸ ਬੈਠੇ ਸ਼ਬਦ ਲੀਨ ਹੋਏ

1. ਮਹਿਮਾ ਪ੍ਰਕਾਸ਼

Sri Satguru Jagjit Singh Ji eLibrary NamdhariElibrary@gmail.com

ਬੈਠੇ ਸਨ। ਧੀਰਜ ਦੀ ਮੂਰਤ ਬਣੇ ਬੈਠੇ ਸਨ। ਕੋਈ ਰੁਦਨ ਜਾਂ ਰੋਣਾ ਨਹੀਂ :

**ਧਰੀ ਧੀਰ ਭਾਨੀ ਨਹਿ ਰੋਈ।**
**ਬੈਠ ਪਤੀ ਸਮੀਪੀ ਹੋਈ।**

ਦੇਵਨੇਤ ਨਾਲ ਰੱਬੀ ਰਬਾਬੀ ਤੇ ਢੂੰਢਾਊ ਵੀ ਉਥੇ ਪੁੱਜੇ ਹੋਏ ਸਨ। ਉਨ੍ਹਾਂ ਦੇ ਆਗੂ ਕਲ੍ਹਸਹਾਰ ਨੇ ਗਵਾਹੀ ਭਰੀ ਹੈ :

**ਦੇਵਪੁਰੀ ਮਹਿ ਗਯਉ, ਆਪ ਪ੍ਰਮੇਸ਼ਰ ਭਾਯਉ।**
**ਹਰਿ ਸਿੰਘਾਸਨ ਦੀਅਉ, ਸਿਰੀ ਗੁਰ ਤਹ ਬੈਠਾਯਉ।**
**ਰਹਸ ਕੀਅਉ ਸੁਰ ਦੇਵ, ਤੋਹਿ ਜਸ ਜਯ ਜਯ ਜੰਪਹਿ।**
**ਅਸੁਰ ਗਏ ਤੇ ਭਾਗਿ, ਪਾਪ ਤਿਨ ਭੀਤਰਿ ਕੰਪਹਿ।**
**ਕਾਟੇ ਸੁ ਪਾਪ ਤਿਨ ਨਰਹੁ ਕੇ, ਗੁਰ ਰਾਮਦਾਸ ਜਿਨ ਪਾਇਯਉ।**
**ਛਤ੍ਰ ਸਿੰਘਾਸਨ ਪਿਰਥਮੀ, ਗੁਰੂ ਅਰਜਨ ਕਉ ਦੇ ਆਇਯਉ।**

ਇਧਰ ਸਾਰੇ ਮਹਾਰਾਜ ਦੇ ਅੰਤਮ ਸੰਸਕਾਰ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਸਨ ਤੇ ਉਧਰੋਂ ਜੋਤੀ ਜੋਤ ਸਮਾਉਣ ਦੀ ਖ਼ਬਰ ਸੁਣ ਕੇ ਪ੍ਰਿਥੀ ਚੰਦ ਤੇ ਬੀਬੀ ਕਰਮੋਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਦੋ ਦਿਨ ਵੀ ਅਰਜਨ ਨੇ ਸਬਰ ਨਹੀਂ ਕੀਤਾ, ਜ਼ਹਿਰ ਦੇ ਕੇ ਪਿਤਾ ਨੂੰ ਮਾਰ ਦਿੱਤਾ ਹੈ। 'ਦੋ ਦਿਨ ਬਿਤੇ ਨ ਬਿਸ ਕੋ ਖ੍ਵਾਯੋ' ਚੰਗੇ ਭਲੇ ਅੰਮ੍ਰਿਤਸਰ ਤੋਂ ਆਏ ਸਨ, ਹੋਰ ਜ਼ਹਿਰ ਤੋਂ ਇਲਾਵਾ ਕੀ ਕਾਰਨ ਹੋ ਸਕਦਾ ਹੈ। ਮੋਹਰੀ ਜੀ ਨੇ ਜਦ ਇਹ ਜ਼ਹਿਰੀਲੀ ਬਾਤ ਸੁਣੀ ਤਾਂ ਪ੍ਰਿਥੀ ਚੰਦ ਤੇ ਕਰਮੋਂ ਦੋਵਾਂ ਨੂੰ ਬਹੁਤ ਝਾੜਿਆ ਤੇ ਕਿਹਾ, 'ਮੁਨਾਸਬ ਵਾਕ ਬੋਲਣੇ ਚਾਹੀਦੇ ਹਨ। ਇਹ ਸਮਾਂ ਗੁਰੂ ਬਚਨਾਂ 'ਤੇ ਤੁਰਨ ਦਾ ਹੈ ਨਾ ਕਿ ਈਰਖਾ ਦਰਸਾਉਣ ਦਾ।'

ਬਿਆਸਾ ਕਿਨਾਰੇ ਹੀ ਗੁਰੂ ਜੀ ਦੀ ਦੇਹ ਦਾ ਸਸਕਾਰ ਕੀਤਾ ਗਿਆ।

'ਬਿਆਸਾ ਕੰਢੇ ਭਇਆ ਸਿਸਕਾਰ' ਦੀ ਗਵਾਹੀ ਮਹਿਮਾ ਪ੍ਰਕਾਸ਼ ਨੇ ਭਰੀ ਹੈ। ਉਥੇ ਹੀ ਗੁਰਦੁਆਰਾ ਦੇਹਰਾ ਸਾਹਿਬ ਬਣਿਆ ਸੀ ਪਰ ਪਿੱਛੋਂ ਬਿਆਸਾ ਰੋੜ੍ਹ ਕੇ ਲੈ ਗਈ।

## ਦਸਤਾਰ-ਬੰਦੀ

ਗੁਰੂ ਗੱਦੀ ਦੀ ਜ਼ਿੰਮੇਵਾਰੀ ਤਾਂ ਪਹਿਲਾਂ ਹੀ ਗੁਰੂ ਰਾਮ ਦਾਸ ਜੀ ਆਪੂੰ ਸੌਂਪ ਗਏ ਸਨ ਪਰ ਦਸਤਾਰ-ਬੰਦੀ ਦੀ ਮਰਿਆਦਾ ਕਰਨ ਲਈ ਸੰਗਤਾਂ ਨੇੜੇ-ਦੂਰ ਤੋਂ ਪੁੱਜ ਗਈਆਂ। ਰੱਬੀ ਰਾਹ ਦੇ ਢੰਢਾਊਆਂ ਭੱਟਾਂ ਨੇ ਸਭ ਕੁਝ ਅੱਖੀਂ ਡਿੱਠਾ ਤੇ ਫਿਰ ਉਚਾਰਿਆ ਸੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਅਰਜਨ ਦੇਵ ਜੀ ਦੇ ਸ਼ਾਂਤ ਚਿੱਤ ਸੁਭਾਅ ਦਾ ਉਨ੍ਹਾਂ ਉਚੇਚਾ ਜ਼ਿਕਰ ਕੀਤਾ ਹੈ। ਪ੍ਰਿਥੀ ਚੰਦ ਨੇ ਕਿਤਨੇ ਹੀ ਹਥਿਆਰ ਵਰਤੇ, ਪਰ ਗੁਰੂ ਦੀ ਨਿੰਮ੍ਰਤਾ ਅੱਗੇ ਕੋਈ ਵੀ ਨਾ ਚੱਲ ਸਕਿਆ।

ਪ੍ਰਿਥੀ ਚੰਦ ਦੀ ਹੁਣ ਇਕ ਹੀ ਖ਼ਾਹਿਸ਼ ਸੀ ਕਿ ਪੱਗ ਉਸ ਨੂੰ ਬੰਨ੍ਹੀ ਜਾਏ ਤਾਂ ਕਿ ਗੁਰੂ ਦਾ ਵਾਰਸ ਕਹਿਲਾ ਸਕੇ। ਦੁਬਿਧਾ ਵਧਦੀ ਸੁਣ ਕੇ ਇਹ ਹੀ ਮਤਾ ਪਕਾਇਆ ਗਿਆ ਕਿ ਪ੍ਰਿਥੀ ਚੰਦ ਨੂੰ ਵੱਡੇ ਹੋਣ ਦੇ ਨਾਤੇ ਇਕ ਪੱਗ ਦਿੱਤੀ ਜਾਏ ਤੇ ਗੁਰਿਆਈ

Sri Satguru Jagjit Singh Ji eLibrary NamdhariElibrary@gmail.com

ਦੀ ਜ਼ਿੰਮੇਵਾਰੀ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਕਾਰਨ ਦੂਜੀ ਉਨ੍ਹਾਂ ਨੂੰ। ਬਾਬਾ ਸ੍ਰੀ ਚੰਦ ਜੀ ਨੇ ਦੋ ਹੀ ਭਿਜਵਾਈਆਂ :

**'ਸ੍ਰੀ ਚੰਦ ਜੇ ਦੋਇ ਪਗ ਭਿਜਵਾਈ।**
**ਇਕ ਪ੍ਰਿਥੀਏ ਨੂੰ, ਇਕ ਗੁਰੂ ਅਰਜਨ ਨੂੰ ਆਈ।'**

ਭਰੇ ਦੀਵਾਨ ਵਿਚ ਇਕ ਪੱਗ ਬਾਬਾ ਪ੍ਰਿਥੀ ਚੰਦ ਨੂੰ ਬੰਨ੍ਹ ਦਿੱਤੀ ਗਈ ਤੇ ਦੂਜੀ ਗੁਰੂ ਅਰਜਨ ਦੇਵ ਜੀ ਨੂੰ ਭੇਟ ਕਰ ਦਿੱਤੀ ਗਈ :

**ਮਰਨੇ ਦੀ ਪੱਗ ਪ੍ਰਿਥੀਏ ਬੱਧੀ।**
**ਗੁਰਿਆਈ ਪੱਗ ਅਰਜਨ ਲੱਧੀ।**

ਗੁਰਿਆਈ ਦੀ ਪੱਗ ਵੀ ਉਸ ਅੱਗੇ ਵਧ ਕੇ ਗੁਰੂ ਜੀ ਦੇ ਹੱਥੋਂ ਖੋਹ ਲਈ, ਪਰ ਗੁਰੂ ਅਰਜਨ ਦੇਵ ਜੀ ਸ਼ਾਂਤ ਤੇ ਅਡੋਲ ਰਹੇ; ਸਗੋਂ ਫ਼ਰਮਾਇਆ : ਤੁਸੀਂ ਵੱਡੇ ਭਰਾ ਹੋ। ਇਕੱਠੇ ਪਲ ਵੱਡੇ ਹੋਏ ਹਾਂ। ਛਿਮਾ ਧਾਰਨ ਕਰੋ। ਕ੍ਰੋਧ ਵੈਰ ਤਿਆਗ ਦਿਉ। ਪਿਆਰ ਦਾ ਵਤੀਰਾ ਰੱਖੋ, ਪੱਗ ਦਾ ਕੀ ਹੈ?

**'ਲੇਹ ਪਾਗ ਸਿਰ ਊਪਰ ਧਾਰਹੁ।' ਮੈਨੂੰ ਨਿੱਕਾ ਵੀਰ ਜਾਣੋ।**

ਸਾਰੀ ਸੰਗਤ ਹੈਰਾਨ ਹੋ ਰਹੀ ਸੀ ਤੇ ਇਕ ਜ਼ਬਾਨ ਕਹਿ ਉੱਠੀ :

**ਨਿਰਹੰਕਾਰ ਸ਼ਾਂਤ ਚਿਤ ਧੀਰ।**
**ਹਰਖ ਸ਼ੋਕ ਨਹਿ ਲੇਸ਼ ਗੰਭੀਰ।**

ਪਰ ਪ੍ਰਿਥੀ ਚੰਦ ਜੀ ਸੜਦੇ ਹੀ ਰਹੇ।

ਗੁਰੂ ਰਾਮ ਦਾਸ ਜੀ ਦੇ ਹੁਕਮ ਅਨੁਸਾਰ ਕਿ ਸ੍ਰੀ ਅੰਮ੍ਰਿਤਸਰ ਦੀ ਪੂਰਨ ਸੇਵਾ ਕਰਾਉਣੀ, ਗੁਰੂ ਅਰਜਨ ਦੇਵ ਜੀ ਸ੍ਰੀ ਅੰਮ੍ਰਿਤਸਰ ਆ ਗਏ। ਪ੍ਰਿਥੀ ਚੰਦ ਵੀ ਸਾਰਾ ਟੱਬਰ ਲੈ ਕੇ ਉਥੇ ਪੁੱਜ ਗਿਆ। ਪਹਿਲਾਂ ਤਾਂ ਲੋਕਾਂ ਨੇ ਵਰਜਿਆ ਪਰ ਬਾਬਾ ਮਿਹਰ ਚੰਦ ਤੇ ਮਾਣਕ ਚੰਦ, ਜੋ ਗੁਰੂ ਨਾਨਕ ਦੇਵ ਜੀ ਦੇ ਪੋਤਰੇ ਸਨ, ਨੇ ਸਮਝਾਇਆ ਕਿ ਉਥੇ ਜਾਣ ਦਾ ਕੋਈ ਹਰਜ ਨਹੀਂ, ਪਰ ਝਗੜਾ ਖੜ੍ਹਾ ਨਾ ਕਰਨਾ। ਜੋ ਪਿਤਾ ਗੁਰੂ ਰਾਮ ਦਾਸ ਜੀ ਆਖ ਗਏ ਹਨ, ਮੰਨਣਾ ਸਾਡਾ ਫ਼ਰਜ਼ ਹੈ। ਪਰ ਪ੍ਰਿਥੀ ਚੰਦ ਇਹ ਹੀ ਕਹਿੰਦਾ ਰਹਿਆ ਕਿ ਜਿੱਥੇ ਗੁਰੂ ਅਰਜਨ ਜੀ ਜਾਵੇਗਾ, ਮੈਂ ਉਥੇ ਹੀ ਟੱਬਰ ਲੈ ਕੇ ਜਾਵਾਂਗਾ। 'ਜਿੱਥੇ ਇਹ ਜਾਵਨ, ਪ੍ਰਿਥੀਆ ਟੱਬਰ ਲੈ ਕੇ ਸਾਰਾ ਉਥੇ ਹੀ ਜਾਇ।'

# 3

# ਉਸਾਰੀ ਫਿਰ ਲਵਾਈ ਅੰਮ੍ਰਿਤਸਰ

**ਪਹਿਲਾ ਉਪਦੇਸ਼**

ਮਹਿਮਾ ਪ੍ਰਕਾਸ਼ ਦੇ ਲਿਖਾਰੀ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਵੇਲੇ ਇਹ ਹੀ ਹੁਕਮ ਕੀਤਾ ਸੀ ਕਿ 'ਗੁਰਮੁਖ ਪੰਥ ਹਰਿ ਕੋ ਰਚੋ' ਤੇ ਉਸੇ ਹੁਕਮ ਅਨੁਸਾਰ ਹੀ ਗੁਰਬਾਣੀ ਦੀ ਸੰਭਾਲ, ਗੁਰਮੁਖੀ ਅੱਖਰਾਂ ਦਾ ਪ੍ਰਚਾਰ, ਗੁਰਮੁਖ ਪੰਥ ਦੀ ਸਾਜਨਾ ਕੀਤੀ ਤਾਂਕਿ ਸਿੱਖ ਸੁਖਾਲੇ ਇਸ ਰਾਹ 'ਤੇ ਟੁਰ ਸਕਣ। ਗਵਾਹੀ ਹੈ :

**ਸਤ ਬਚਨ ਸਤਿਗੁਰ ਮਨ ਧਾਰ।**
**ਤਬ ਗੁਰਮੁਖ ਪੰਥ ਅਛਰ ਲਿਖੇ ਸੁਚਾਰ।**
**ਗੁਰਮੁਖ ਵਚਨ ਲਿਖ ਪੋਥੀ ਕਰਾ।**
**ਜੈ ਜੈ ਗੁਰਮੁਖ ਪੰਥ ਜਗ ਧਰਾ।** *(ਸਾਖੀ ਦੂਜੀ, ਮਹਿਮਾ ਪ੍ਰਕਾਸ਼)*

ਗੁਰੂ ਅਮਰ ਦਾਸ ਜੀ ਨੇ ਪੰਥ ਸੁਖਾਲਾ ਕਰਨ ਲਈ ਹੀ ਊਚ-ਨੀਚ ਦਾ ਭੇਦ ਜੜ੍ਹੋਂ ਸਾੜਿਆ। ਸਹਿਜ, ਸੱਚ ਤੇ ਦ੍ਰਿੜ੍ਹਤਾ ਪੰਥ ਨੂੰ ਬਖ਼ਸ਼ੀ। ਗੁਰੂ ਰਾਮ ਦਾਸ ਜੀ ਨੇ ਅੰਮ੍ਰਿਤਸਰ ਦਾ ਕੇਂਦਰ ਬਣਾਇਆ।

'ਹੁਣ ਹੱਥ ਆਈ ਘਰ ਅਰਜਨੈ' ਅਤੇ ਉਨ੍ਹਾਂ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਨੂੰ ਆਈਆਂ ਸੰਗਤਾਂ ਨੂੰ ਪਹਿਲਾ ਉਪਦੇਸ਼ ਇਹ ਦਿੱਤਾ ਕਿ ਪੂਰਨ ਭਗਤਿ ਅਤੇ ਨਿਮਰਤਾ ਦਾ ਰਾਹ ਨਾਮ, ਦਾਨ ਅਤੇ ਇਸ਼ਨਾਨ ਦ੍ਰਿੜ੍ਹ ਕਰਨਾ ਹੈ। ਮਹਿਮਾ ਪ੍ਰਕਾਸ਼ ਦੇ ਹੀ ਸ਼ਬਦਾਂ ਵਿਚ :

**ਸਭ ਸੰਗਤਿ ਕੋ ਉਪਦੇਸ਼ ਹੋਇ।**
**ਸੁਭ ਕਰਮ ਕਰੋ ਮਨ ਪ੍ਰੀਤ।**
**ਨਾਮ ਦਾਨ ਇਸ਼ਨਾਨ, ਇਹ ਪੂਰਨ ਭਗਤੀ ਬਿਨੀਤ।**[1]

---

1. ਸਾਖੀ ਦੂਜੀ, ਪਾਤਸ਼ਾਹ ਪੰਜਵੇਂ ਕੀਆ।



Sri Satguru Jagjit Singh Ji eLibrary NamdhariElibrary@gmail.com

ਨਾਮ ਦਾ ਭਾਵ ਹੈ ਸਦਾ ਵਾਹਿਗੁਰੂ ਵੱਲ ਮੂੰਹ ਰੱਖਣਾ। ਉਸ ਦੀ ਹੋਂਦ ਦਾ ਅਹਿਸਾਸ
ਮੱਠਾ ਨਹੀਂ ਪੈਣ ਦੇਣਾ। ਸਦਾ ਵਾਹਿਗੁਰੂ ਦੀ ਹਜ਼ੂਰੀ ਮਾਣਨੀ। ਦਾਨ ਦਾ ਭਾਵ ਹੈ
ਦੁਨੀਆਂ ਵੱਲ ਮੂੰਹ ਕਰਕੇ ਸੁਖ ਮਨਾਉਣਾ। ਪਕੜ ਗਵਾਵਣੀ। ਆਪਣੇ ਸੁਭਾਅ ਵਿਚ
ਆਤਮਿਕ ਰੰਗ ਭਰਨਾ। ਇਸ਼ਨਾਨ ਦਾ ਭਾਵ ਹੈ, ਆਪਣੇ ਵੱਲ ਮੂੰਹ। ਰੋਜ਼ ਆਪ
ਸਵਾਰਨਾ। ਉਦਾਸ ਨਹੀਂ ਹੋਣਾ। ਸੁਚੇਤ ਰਹਿਣਾ। ਵਿਹਲੜ ਤੇ ਆਲਸੀ ਨਹੀਂ ਹੋਣਾ
ਫਿਰ ਫ਼ਰਮਾਇਆ ਕਿ ਇਹ ਸ਼ਾਂਤੀ, ਜਿਸ ਲਈ ਸੰਸਾਰ ਭਟਕ ਰਹਿਆ ਹੈ, ਕਿਧਰੇ ਬਾਹਰ
ਨਹੀਂ, ਅੰਦਰ ਹੀ ਹੈ। ਪਹਿਲਾਂ ਅੰਦਰਲਾ ਸ਼ਾਂਤ ਕਰਨਾ ਜ਼ਰੂਰੀ ਹੈ। ਘਰ, ਜੰਗਲ ਨੂੰ
ਇਕੋ ਜਿਹਾ ਜਾਣਨਾ ਹੈ। ਘਰ ਬੈਠਿਆਂ ਉਦਾਸ ਰਹਿਣਾ ਹੈ। ਜੰਗਲਾਂ ਵਿਚ ਭਟਕਣ
ਦੀ ਲੋੜ ਨਹੀਂ। ਹਿਰਦੇ ਅੰਦਰ ਤਾਂ ਕੇਵਲ ਇਕ ਪ੍ਰਮਾਤਮਾ ਨੂੰ ਵਸਾਉਣਾ ਹੈ। ਸਿਰਫ਼
ਉਸ ਨੂੰ ਪਿਆਰ ਕਰਨਾ ਹੈ। ਬਾਹਰ ਦੁਨਿਆਵੀ ਕੰਮ ਕਰੀ ਜਾਣੇ ਹਨ। ਠੱਪ ਨਹੀਂ
ਦੇਣੇ। ਇਹ ਅੰਦਰ ਤੇ ਬਾਹਰ ਦੀ ਖੇਡ ਹੈ, ਜੋ ਦੋ ਮੈਦਾਨਾਂ ਵਿਚ ਇਕੋ ਵੇਲੇ ਖੇਡਣ
ਦੀ ਜਾਚ ਗੁਰੂ ਨਾਨਕ ਨੇ ਸਿਖਲਾਈ ਹੈ। ਅੰਦਰ ਦੀ ਏਕਤਾ ਅਤੇ ਬਾਹਰ ਦੀ ਅਨੇਕਤਾ
ਦੋਨਾਂ ਨੂੰ ਬਰਾਬਰ ਚਲਾਈ ਟੁਰੀ ਜਾਣਾ ਹੈ। ਵਾਧ ਘਾਟ ਨਹੀਂ ਹੋਣ ਦੇਣੀ। ਜੇ ਕਸਰ
ਪੈ ਜਾਏ ਤਾਂ ਉਸੇ ਦਮ ਠੀਕ ਕਰ ਲੈਣਾ ਹੈ। ਫ਼ਰਕ ਪਿਆ ਨਹੀਂ ਕਿ ਚਿੱਤ ਦੀ ਸਥਿਰਤਾ
ਗਈ ਨਹੀਂ। ਉਹ ਪਿਆ ਫ਼ਰਕ ਠੀਕ ਕਰਨਾ ਜ਼ਰੂਰੀ ਹੈ। ਸਹਿਜ ਜੋਗ ਤੋਂ ਹੁਣ ਰਾਜ
ਜੋਗ ਵੱਲ ਵਧਣਾ ਹੈ। ਸਹਿਜ ਜੋਗ ਇਕ ਛਾਬੇ ਦੀ ਚੀਜ਼ ਹੈ ਅਤੇ ਰਾਜ ਜੋਗ ਦੋ
ਪਲੜੇ ਦਾ ਤਰਾਜ਼ੂ ਹੈ, ਜਿਸ ਨੂੰ ਸਾਵਾਂ ਤੋਲਣਾ ਅਤੇ ਜੋਖਣਾ ਹੈ। ਸਮਾਜਕ ਪਹਿਲੂ
ਵੱਲ ਵੀ ਖ਼ਾਸ ਧਿਆਨ ਦੇਣਾ ਹੈ। ਸਮੱਸਿਆਵਾਂ ਤੋਂ ਦੂਰ ਨਹੀਂ ਭੱਜਣਾ। ਪ੍ਰਾਪਤ
ਆਤਮਕ ਉੱਚਤਾ ਨਾਲ ਇਰਦ-ਗਿਰਦ ਨੂੰ ਵੀ ਉਚਿਆਣਾ ਹੈ। ਐਸੀ ਜੀਵਨ-ਜਾਚ
ਦਾ ਨਾਂ ਹੀ ਰਾਜ ਜੋਗ ਹੈ। ਸਿੱਖ ਘਰ ਵਿਚ ਹੱਠ ਯੋਗ ਨੂੰ ਕੋਈ ਥਾਂ ਨਹੀਂ। ਆਪਣੇ
ਤਜਰਬੇ ਨੂੰ ਬਚਨਾਂ ਵਿਚ ਉਚਾਰਦੇ ਕਿਹਾ :

**ਥਿਰ ਥਿਰ ਚਿਤ ਥਿਰ ਹਾਂ।**
**ਬਨੁ ਗ੍ਰਿਹੁ ਸਮਸਰਿ ਹਾਂ।**
**ਅੰਤਰਿ ਏਕ ਪਿਰ ਹਾਂ।**
**ਬਾਹਰਿ ਅਨੇਕ ਧਰਿ ਹਾਂ।**
**ਰਾਜਨ ਜੋਗੁ ਕਰਿ ਹਾਂ।**
**ਕਹੁ ਨਾਨਕ ਲੋਗ ਅਲੋਗੀ ਰੀ ਸਖੀ। ੨।** *(ਆਸਾ ਮਹਲਾ ਪ*

ਇਹ ਵੀ ਫ਼ਰਮਾਇਆ ਕਿ ਰਸਨਾ ਨਾਲ ਉਸ ਦਾ ਜਾਪ ਕਰਨਾ, ਮਨ ਨਾਲ ਉਸ
ਨੂੰ ਪਿਆਰਨਾ, ਗੁਰੂ ਹੁਕਮ ਨੂੰ ਹਿਰਦੇ ਧਾਰਨਾ ਅਤੇ ਮਾਇਆ ਵਲੋਂ ਮਨ ਹੋੜਦੇ ਰਹਿਣ
ਨਾਲ, ਉਸ ਪ੍ਰਭੂ ਦਾ ਦੀਦਾਰ ਸਹਿਲੇ ਹੋ ਜਾਂਦਾ ਹੈ :

**ਗੋਬਿੰਦ ਗੋਬਿੰਦ ਕਰਿ ਹਾਂ।**
**ਹਰਿ ਹਰਿ ਮਨਿ ਪਿਆਰਿ ਹਾਂ।**
**ਗੁਰਿ ਕਹਿਆ ਸੁ ਚਿਤਿ ਧਰਿ ਹਾਂ।**

Sri Satguru Jagjit Singh Ji eLibrary NamdhariElibrary@gmail.com

ਅਨ ਸਿਉ ਤੋਰਿ ਫੇਰਿ ਹਾਂ।
ਐਸੇ ਲਾਲਨੁ ਪਾਇਓ ਰੀ ਸਖੀ। ੧। ਰਹਾਉ। (ਆਸਾ ਮਹਲਾ

ਸ੍ਰੀ ਅੰਮ੍ਰਿਤਸਰ ਪੁੱਜਦੇ ਸਾਰ ਸੰਗਤਾਂ ਨੂੰ ਮਸੰਦਾਂ ਰਾਹੀਂ ਮੰਜੀ ਬਰਦਾਰਾਂ ਨੂੰ ਹੁਕਮ-ਨ

**ਉਸਾਰੀ ਫੇਰ ਲਵਾਈ ਅੰਮ੍ਰਿਤਸਰ**

ਭੇਜੇ ਕਿ ਸ੍ਰੀ ਅੰਮ੍ਰਿਤਸਰ ਦੀ ਉਸਾਰੀ ਉਸੇ ਤਰ੍ਹਾਂ ਜਾਰੀ ਅਤੇ ਸੰਗਤਾਂ ਹੁੰਮ-ਹੁਮਾ ਕੇ ਸੇਵਾ ਲਈ ਪੁੱਜਣ ਅਤੇ ਕਾਰ ਭੇਟਾ ਭੇਜਣ।

ਤਾਲ ਨੂੰ ਪੱਕਾ ਕਰਨ ਦੀ ਵਿਉਂਤ ਵੀ ਬਣਾ ਲਈ। ਸ਼ਹਿਰ ਦੀ ਉਸਾਰੀ ਉਚੇਚੇ ਪ੍ਰਬੰਧ ਕੀਤੇ। ਸੰਗਤਾਂ ਵੀ ਦੂਰੋਂ-ਨੇੜਿਓਂ ਸੇਵਾ ਕਰਨ ਲਈ ਪੁੱਜਣ ਲੱਗੀਅ ਮਹਿਮਾ ਪ੍ਰਕਾਸ਼ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਦਾ ਬਹੁਤਾ ਵਿਸਥਾਰ ਗੁਰੂ ਅਰਜ ਜੀ ਨੇ ਹੀ ਕੀਤਾ। ਦੂਰੋਂ-ਦੂਰੋਂ ਆ ਕੇ ਤਾਲ ਪੱਕਾ ਕਰਨ ਤੇ ਹੋਰ ਸੇਵਾਵਾਂ ਵਿਚ ਜੁ ਸੰਗਤਾਂ ਅਨੰਦ ਪ੍ਰਾਪਤ ਕਰਦੀਆਂ :

ਦੇਸ ਦੇਸ ਸੋ ਸਿੱਖ ਤਹ ਆਵੈ
ਖੋਦੇ ਮਾਟੀ ਸੀਸ ਉਠਾਵੈ।
ਰੋਗ ਸੋਕ ਸਭ ਹੋਹਿ ਬਿਵਰਤ।

ਆਪ ਜੀ ਸੰਗਤਾਂ ਨੂੰ ਇਹ ਹੀ ਕਹਿੰਦੇ ਕਿ ਇਹ ਸਭ ਕਾਰ ਗੁਰੂ ਸਾਹਿਬਾਨ ਹੁਕਮ ਮੁਤਾਬਿਕ ਹੋ ਰਹੀ ਹੈ। ਇਸ ਵਿਚ ਚੂਕ ਨਹੀਂ ਪੈਣ ਦੇਣੀ :

ਗੁਰੂ ਨਾਨਕ ਗੁਰੂ ਅੰਗਦ ਖਾਸ।
ਅਮਰ ਦੇਵ ਸ੍ਰੀ ਗੁਰੂ ਰਾਮਦਾਸ।
ਚਾਰੋਂ ਗੁਰ ਕੀ ਮਰਜ਼ੀ ਸੰਗਾ।
ਪ੍ਰਗਟਾਯੋ ਤੀਰਥੁ ਇਹੁ ਚੰਗਾ।[1]

ਉਂਜ ਤਾਂ ਸੰਗਤਾਂ ਹਰ ਪਾਸਿਓਂ ਸ੍ਰੀ ਅੰਮ੍ਰਿਤਸਰ ਆ ਕੇ ਸੇਵਾ ਕਰ ਰਹੀਆਂ ਸਨ ਅ

**ਭਾਗੀ ਬਹਿਲੋ ਸਭ ਤੋਂ ਪਹਿਲੋਂ**

ਕੁਝ ਦਿਨ ਟਿਕਦੀਆਂ ਵੀ ਸਨ, ਪਰ ਭਾਈ ਬਹਿਲੋ ਇ ਐਸਾ ਸਿੱਖ ਹੈ ਜਿਸ ਸੇਵਾ ਦੀ ਹੱਦ ਦਰਸਾ ਕੇ ਗੁਰੂ ਮਹਾਰ ਕੋਲੋਂ 'ਸਭ ਤੋਂ ਪਹਿਲੋਂ' ਹੋਣ ਦਾ ਵਰ ਤੇ ਬਖ਼ਸ਼ਿਸ਼ ਲਏ

ਮਹਿਮਾ ਪ੍ਰਕਾਸ਼ ਦੇ ਲਿਖਾਰੀ ਨੇ ਉਨ੍ਹਾਂ ਦਾ ਨਾਂ ਬਹਿਲੋਲ ਕਰ ਕੇ ਲਿਖਿਆ ਹੈ। ਜ ਉਹ ਵੀ ਫਫੜਾ ਹੀ ਲਿਖਦੇ ਹਨ। ਲੱਖੀ ਜੰਗਲ ਦੇ ਉਹ ਵਸਨੀਕ ਸਨ। ਜਦ ਬਖ਼ਸ਼ਿ ਲੈ ਕੇ ਪਿੰਡ ਮੁੜੇ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਨੇ 'ਬਹਲੋ' ਕਹਿ ਨਿਵਾਜਿਆ। ਫਿਰ ਸਭ ਬਹਿਲੋਲ ਦੀ ਥਾਂ ਬਹਿਲੋ ਕਹਿਣ ਲੱਗ ਪਏ :

ਭਇਆ ਬਖਸ਼ ਸਿਧ ਸਾਜ।
ਬਹਿਲੋਲ ਪੂਰਨ ਕਾਜ।

---

1. ਮਹਿਮਾ ਪ੍ਰਕਾਸ਼, ਸਾਖੀ ਪਾਤਸ਼ਾਹ ਪੰਜਵੇਂ ਕੀ।

Sri Satguru Jagjit Singh Ji eLibrary NamdhariElibrary@gmail.com

ਧਰ ਭਾਈ ਬਹਲੋ ਨਾਮ।
ਰਿਧ ਸਿਧ ਦੀਨੀ ਤਾਮ। (ਸਾਖੀ ਤੀਜੀ

ਪਹਿਲਾਂ ਬਹਿਲੋ ਜੀ ਸਖੀ ਸਰਵਰ ਦੇ ਪੁਜਾਰੀ ਸਨ। ਭਟਕਣਾ ਮੁੱਕੀ ਨਹੀਂ ਸੀ ਸਾਥ ਨਾਲ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਨੂੰ ਆਏ। ਭਟਕਣਾ ਦੇ ਮਹਾਰਾਜ ਨੇ ਕਿਹਾ, ਸਭ ਤੋਂ ਜ਼ਰੂਰੀ ਸ਼ਰਧਾ ਹੈ। ਇਹ ਭਗਤੀ ਵੀ ਛਿੱਲ ਨਿਆਈਂ ਹੈ

'ਸ਼ਰਧਾ ਮੂਲ, ਭਗਤਿ ਤੁਚ ਸਾਰੇ।'

ਐਸੀ ਬਚਨਾਂ ਦੀ ਚੋਟ ਲੱਗੀ ਕਿ ਘਰ ਦਾ ਖ਼ਿਆਲ ਛੁੱਟ ਗਿਆ। ਨੀਂਦ, ਭੁੱਖ ਆਲਸ ਸਭ ਤਿਆਗ ਕੇ ਦਿਨ-ਰਾਤ ਸੇਵਾ ਵਿਚ ਜੁੜੇ ਰਹਿੰਦੇ।[1] ਪ੍ਰਸ਼ਾਦ ਲਈ ਰਸਦ ਘਰੋਂ ਲੈ ਕੇ ਆਂਦੇ। ਲੰਗਰ ਵਿਚੋਂ ਜੇ ਪ੍ਰਸ਼ਾਦ ਮੂੰਹ ਲਗਾਉਣਾ ਵੀ ਹੁੰਦਾ ਤਾਂ ਜੂਠੀਆਂ ਪੱਤਲਾਂ ਵਿਚੋਂ ਕਿਣਕਾ ਮਾਤਰ ਲੈ ਲੈਂਦੇ। ਇਸ ਲਗਨ ਨਾਲ ਸੇਵਾ ਕਰਦੇ ਕਿ ਸਭ ਹੈਰਾਨ ਹੁੰਦੇ। ਵੱਡੀ ਭਰਵੀਂ ਟੋਕਰੀ ਚੁੱਕ ਕੇ ਸਤਿਨਾਮ ਜਪਦੇ ਜਾਂਦੇ। ਮਸਤਕ ਖਿੜਿਆ ਰਹਿੰਦਾ :

ਵਾਹਿਗੁਰੂ ਮੁੱਖ ਉੱਚੇ ਕੇਰੇ।
ਸਿਰ ਮਾਈ ਭਾਰ ਨਾਚੇ ਲੇ ਫੇਰੇ।

ਗੁਰੂ ਅਰਜਨ ਦੇਵ ਜੀ ਨੇ ਤਾਲ ਪੱਕਾ ਕਰਵਾਉਣ ਲਈ ਉਚੇਚਾ ਇੱਟਾਂ ਦਾ ਆਵਾ ਲਗਾਇਆ ਸੀ। ਕਿਸੇ ਭਾਈ ਬਹਿਲੋ ਨੂੰ ਦੱਸ ਪਾਈ ਕਿ ਜੇ 'ਗੰਦ ਮੈਲਾ' ਅਗਨੀ ਨਾਲ ਭੱਠੇ ਵਿਚ ਪਾਇਆ ਜਾਏ ਤਾਂ ਇੱਟਾਂ ਪੱਕੀਆਂ, ਸੁਰਖ਼ ਤੇ ਸੋਹਣੀਆਂ ਹੁੰਦੀਆਂ ਹਨ :

ਬਿਸਟਾ ਸੋ ਕਰ ਇਨ ਮਹਿ ਪਇ।
ਤੇ ਆਛੀ ਪਾਕੀ ਹੋਇ ਲਾਲ।
ਘਸੇ ਨ ਫੂਟਹਿ ਤਤਕਾਲ।

ਇਹ ਸੁਣਦੇ ਸਾਰ ਨਗਰ ਦੇ 'ਸੁਪੰਚਾਂ' (ਚੂੜ੍ਹਿਆਂ) ਨੂੰ ਪਰੇਰਿਆ ਤੇ ਸਾਰਾ ਗੰਦ ਆਪੂੰ ਢੋਅ ਕੇ ਆਵੇ ਵਿਚ ਜਾ ਪਾਂਦੇ। ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦਾਂ ਵਿਚ :

ਸੂਪ (ਛੱਜ) ਫ਼ਾਹੁਰੀ ਹਾਥ ਲੈ, ਚੁੱਕ ਮੈਲਾ ਕੂਰਾ।
ਵੀਚ ਪੰਜਾਵੇ ਪਾਵਹੀ, ਜਯੋ ਪੱਕੇ ਪੂਰਾ।

ਜਦ ਆਵਾ ਪੱਕਿਆ ਅਤੇ ਇੱਟਾਂ ਲਾਲ ਤੇ ਪੱਕੀਆਂ ਗੁਰੂ ਜੀ ਨੇ ਦੇਖੀਆਂ ਤਾਂ ਉਨ੍ਹਾਂ ਪੁੱਛਿਆ ਕਿ ਇਹ ਕਿਸ ਤਰ੍ਹਾਂ ਬਣੀਆਂ ਹਨ ਤਾਂ ਦੱਸਣ ਵਾਲੇ ਦੱਸਿਆ ਕਿ ਭਾਈ ਬਹਲੋ ਦੇ ਉੱਦਮ ਕਾਰਨ ਹੋਇਆ ਹੈ ਤਾਂ ਗੁਰੂ ਜੀ ਨੇ ਭਾਈ ਜੀ ਨੂੰ ਸੰਗਤ ਵਿਚ ਬੁਲਾ ਕੇ ਅਸੀਸ ਤੇ ਵਰ ਦਿੱਤੇ ਅਤੇ ਫ਼ਰਮਾਇਆ :

---

1. ਛੁਦਾ ਪਿਪਾਸਾ ਨੀਂਦ ਨ ਜਾਨਹਿ।
ਆਲਸ ਬਿਨ ਸੇਵਾ ਸਵਧਾਨਹਿ।

Sri Satguru Jagjit Singh Ji eLibrary NamdhariElibrary@gmail.com

'ਕਬਹੂ ਤੁਮਰੋ ਬਚਨ ਨ ਟਲੇ।
ਭਾਈ ਬਹਲੋ, ਸਭ ਤੋਂ ਪਹਿਲੋ।'

ਉਥੋਂ ਉਹ ਮਾਲਵਾ ਦੇ ਪਰਚਾਰ ਵਿਚ ਜੁੱਟ ਪਏ। ਸੰਗਤਾਂ ਨਾਲ ਆ ਕੇ ਸੇਵਾ ਵੀ ਕਰਦੇ ਰਹਿੰਦੇ।

**ਨਿੱਤ ਦੀ ਕਾਰ** : ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਦੀਵਾਨ ਦੀ ਅਤੇ ਨਿੱਤ ਦੀ ਉਹ ਮਰਯਾਦਾ ਰੱਖੀ, ਜੋ ਗੁਰੂ ਰਾਮ ਦਾਸ ਜੀ ਦ੍ਰਿੜ੍ਹ ਕਰਾ ਗਏ ਸਨ।

ਆਪ ਜੀ ਪਹਿਰ ਰਾਤ ਰਹਿੰਦੀ ਜਾਗਦੇ। ਇਸ਼ਨਾਨ ਕਰ ਧਿਆਨ ਮਗਨ ਹੋ ਜਾਂਦੇ।

ਪਹਰ ਰਾਤ ਪਿਛਲੀ ਜਬ ਰਹੇ।
ਗੁਰ ਤਜੈ ਸੈਨ, ਜਾਗਰਤ ਗਨ ਗਹੈ।
ਕਰ ਸੋਚਾ ਚਾਰ ਹੋਇ ਸਨਾਨ।
ਦ੍ਰਿੜ੍ਹ ਮਨ ਆਸਨ ਨਿਜ ਪਦ ਧਿਆਨ।[1]

ਫਿਰ ਸਾਧ ਸੰਗਤ ਵਿਚ ਪੁੱਜਦੇ ਜਿੱਥੇ ਰਬਾਬੀਆਂ ਨੇ ਆਸਾ ਦੀ ਵਾਰ ਦਾ ਕੀਰਤਨ ਅਰੰਭ ਕੀਤਾ ਹੁੰਦਾ ਸੀ।[2] ਆਪ ਸੰਗਤਾਂ ਵਿਚ ਬੈਠ ਕੀਰਤਨ ਸੁਣਦੇ। ਕੀਰਤਨ ਨੂੰ ਆਪ ਬਹੁਤ ਮਹੱਤਤਾ ਦੇਂਦੇ ਸਨ। ਕਈ ਵਾਰ ਆਪੂੰ ਵੀ ਸਿਰੰਦਾ ਲੈ ਕੇ ਕੀਰਤਨ ਕਰਦੇ। ਆਪ ਜੀ ਫ਼ਰਮਾਇਆ ਕਰਦੇ ਸਨ ਕਿ ਆਸਾ ਦੀ ਵਾਰ ਸੁਣਨ ਨਾਲ ਕਲੂਖ ਨੱਸ ਜਾਂਦੇ ਹਨ। ਕੀਰਤਨ ਪ੍ਰਭੂ ਨਾਲ ਪ੍ਰੇਮ ਤੇ ਵਿਸ਼ਿਆਂ ਤੋਂ ਦੂਰ ਭਜਾਂਦਾ ਹੈ। 'ਪ੍ਰਭੁ ਸੋ ਰਾਗ, ਵਿਸ਼ਯ ਵੈਰਾਗ।' ਚਿੱਤ ਵਿਚ ਭਗਤੀ ਉਪਜਦੀ ਹੈ ਅਤੇ ਅੰਮ੍ਰਿਤ ਵੇਲੇ, ਅੰਮ੍ਰਿਤ ਕੀਰਤਨ ਰਾਹੀਂ ਅੰਮ੍ਰਿਤ ਮਿਲਦਾ ਹੈ :

ਉਪਜਹਿ ਚਿਤ ਮਹਿ ਭਗਤੀ ਲਾਗ।
ਅੰਮ੍ਰਿਤ ਕੋ ਸਮ, ਅੰਮ੍ਰਿਤ ਕਾਲ।[3]

ਕੀਰਤਨ ਦੀ ਸਮਾਪਤੀ ਤੇ ਆਪ ਜੀ ਸਿੰਘਾਸਨ 'ਤੇ ਬਿਰਾਜ ਜਾਂਦੇ। ਤਖ਼ਤ 'ਤੇ ਬੈਠ ਕੇ ਬਚਨ ਕਹਿੰਦੇ। ਜੀਅ ਦਾਨ ਬਖ਼ਸ਼ਦੇ ਤੇ ਭਗਤੀ ਵੱਲ ਲਗਾਉਂਦੇ, ਨਾਮ ਤੇ ਗਯਾਨ ਪ੍ਰਗਟ ਕਰਦੇ :

'ਗਯਾਨ ਸ਼ਬਦ ਕੋ ਮਹਦ ਪ੍ਰਕਾਸ਼ੇ।'

ਸਿੱਖਾਂ ਦੇ ਮਨਾਂ ਵਿਚ ਉਪਜੇ ਸ਼ੰਕੇ ਨਵਿਰਤ ਕਰਦੇ। ਜਿੱਥੇ ਕਿਸੇ ਨੂੰ ਅਟਕਿਆ ਦੇਖਿਆ, ਉਪਦੇਸ਼ ਦਾ ਚਾਬਕ ਮਾਰ ਅੱਗੇ ਟੋਰਦੇ। ਜਾਚ ਸਿਖਾਲਦੇ ਕਿ ਪਈ ਅਟਕ ਨੂੰ ਖ਼ਤਮ ਕਿਵੇਂ ਕਰਨਾ ਹੈ। ਫ਼ਰਮਾਂਦੇ : ਥੋੜ੍ਹੀ ਜਿਹੀ ਗੱਲ ਹੈ ਸੰਸਾਰ ਰੂਪੀ ਸੁਪਨੇ ਦੀ, ਇਸ ਵਿਚ ਘੜੀ-ਮੁੜੀ ਮਨ ਅਟਕਦਾ ਹੈ! 'ਥੋੜ੍ਹੀ ਬਾਤ ਅਲਪ ਸੁਪਨੇ ਕੀ ਬਹੁਰਿ ਬਹੁਰਿ

---

1. ਮਹਿਮਾ ਪ੍ਰਕਾਸ਼।
2. ਹੁਣ ਤੱਕ ਦਰਬਾਰ ਸਾਹਿਬ ਦੀ ਇਹ ਹੀ ਮਰਯਾਦਾ ਹੈ। ਕੀਰਤਨ ਪਹਿਲਾਂ ਅਰੰਭ ਹੋ ਜਾਂਦਾ ਹੈ। ਆਸਾ ਦੀ ਵਾਰ ਦੇ ਕੀਰਤਨ ਹੁੰਦੇ ਵਿਚ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਉਂਦੀ ਹੈ। ਫਿਰ ਵਾਕ ਹੁੰਦਾ ਹੈ। ਪਿੱਛੋਂ ਅਨੰਦ ਸਾਹਿਬ ਦਾ ਪਾਠ ਤੇ ਅਰਦਾਸ।
3. ਸੂਰਜ ਪ੍ਰਕਾਸ਼, ਰਾਸ ੨, ਅੰਸ਼ ੪੨।

Sri Satguru Jagjit Singh Ji eLibrary NamdhariElibrary@gmail.com

ਅਟਕਾਵਸਿ ਰੇ।' ਸੋ ਮਨੁੱਖ ਨੂੰ ਚਾਹੀਦਾ ਹੈ ਕਿ ਬਾਰ-ਬਾਰ ਆਪਣੀ ਬਿਰਤੀ ਨੂੰ ਮਾਇ
ਤੋਂ ਰੋਕੇ ਤੇ ਇਸ ਤਰ੍ਹਾਂ ਕਰੇ ਜਿਵੇਂ ਇਹ ਮਨ ਨੂੰ ਤੱਕੜੀ ਉੱਪਰ ਰੱਖ ਕੇ ਤੋਲ ਰਹਿ
ਹੈ :

**ਬਾਰੰਬਾਰ ਮਾਇਆ ਤੇ ਅਟਕੈ, ਲੈ ਨਰਜਾ ਤਨੁ ਤੋਲੈ ਦੇਵ।**

ਇਸ ਤਰ੍ਹਾਂ ਪਈ ਹੋਈ ਗੰਢ ਖੁਲ੍ਹ ਜਾਏਗੀ।

ਪ੍ਰਭੂ ਨੇ ਇਹ ਧਨ, ਜੋਬਨ, ਪੁੱਤਰ, ਇਸਤਰੀ, ਸੁਖ ਇਸ ਲਈ ਦਿੱਤੇ ਹਨ
ਦੇਖਿਆ ਕਰੇ ਕਿ ਮਨੁੱਖ ਇਨ੍ਹਾਂ ਵਿਚ ਰਹਿੰਦਾ ਵੀ ਨਿਰਲੇਪ ਹੋ ਸਕਦਾ ਹੈ ਕਿ ਨ
ਜੀਵ ਮੂਰਖਪੁਣੇ ਕਰ ਕੇ ਇਨ੍ਹਾਂ ਵਿਚ ਹੀ ਅਟਕ ਗਏ ਹਨ। ਅਟਕੇ ਹੋਇਆਂ ਨੂੰ ਇੰਦਰੀ
ਪ੍ਰੇਰ ਲੈਂਦੀਆਂ ਹਨ ਤੇ ਫਿਰ ਜਕੜੇ ਜਾਂਦੇ ਹਨ :

**'ਇਆ ਧਨ ਜੋਬਨ ਅਰੁ ਸੁਤ ਦਾਰਾ**
**ਪੇਖਨ ਕਉ ਜੋ ਦਇਓ।**
**ਤਿਨ ਹੀ ਮਾਹਿ ਅਟਕਿ ਜੋ ਉਰਝੇ**
**ਇੰਦਰੀ ਪ੍ਰੇਰਿ ਲਇਓ।'**

ਮਹਿਮਾ ਪ੍ਰਕਾਸ਼ ਵਾਲਾ ਕਹਿੰਦਾ ਹੈ ਕਿ ਜਦ ਉਪਦੇਸ਼ ਕਰਦੇ ਇੰਜ ਲੱਗਦਾ
ਗਿਆਨ ਦਾ ਸੂਰਜ ਚੜ੍ਹ ਗਿਆ ਹੈ :

**'ਜਿਮ ਉਦੇ ਹੋਇ ਗਿਆਨ ਕੋ ਭਾਨ।'**

ਸਭ ਦਾ ਆਤਮਿਕ ਹਨ੍ਹੇਰਾ ਦੂਰ ਹੁੰਦਾ, ਅਗਿਆਨ ਮਿਟਦਾ। ਰੋਸ਼ਨੀ ਮਿਲਦ

**'ਮੇਟਿ ਤਿਮਰ ਅਗਿਆਨ, ਉਜਿਆਰੋ ਮਨ ਸੋ ਕਰੇ।'**

ਇਸ ਤਰ੍ਹਾਂ ਉਪਦੇਸ਼ ਕਰਦੇ ਚੰਗਾ ਦਿਨ ਚੜ੍ਹ ਜਾਂਦਾ। ਬਿਲਾਵਲ ਦੀ ਚੌਂਕੀ ਲੱਗ
ਕੁਝ ਸਿੱਖ ਸੁਣਦੇ ਰਹਿੰਦੇ, ਪਰ ਆਪ ਜੀ ਲੰਗਰ ਪੁੱਜਦੇ। ਸੇਵਾ ਕਰਦੇ ਤੇ ਸਭ ਨੂੰ ਛ
ਵੇਲਾ ਕਰਾਉਂਦੇ, ਉਥੋਂ ਤਾਲ ਦੀ ਸੇਵਾ ਤੇ ਉਸਾਰੀ ਦੇ ਕੰਮ ਵਿਚ ਜੁੱਟ ਜਾਂਦੇ।
ਲੱਗੀ ਇੱਟ ਨੂੰ ਦੇਖਦੇ। ਕਿਧਰੇ ਪਿੱਲੀ, ਖਿੰਗਰਾਲੀ ਇੱਟ ਦੇਖਦੇ ਤਾਂ ਕਢਵਾ ਦਿੰ
ਆਪ ਜੀ ਸਮਝਾਂਦੇ ਕਿ ਇਹ ਸਰੋਵਰ ਸਦੀਵੀ ਕਾਲ ਤੱਕ ਰਹਿਣਾ ਹੈ। ਕੱਚੀ ਕ
ਨਾ ਕਰੋ। ਚੂਨੇ ਦਾ ਸਰਫ਼ਾ ਨਾ ਕਰੋ। ਮਸੰਦ ਉਸ ਸਮੇਂ ਵੀ ਖੁਟਿਆਈ ਕਰ ਜਾਂਦੇ ਸ
ਕਿਸੇ ਕਿਹਾ : ਜਿਵੇਂ ਤੁਸੀਂ ਬਣਾਉਣਾ ਚਾਹੁੰਦੇ ਹੋ, ਬਹੁਤ ਖ਼ਰਚ ਆਵੇਗਾ। ਧਨ
ਹੈ। ਮਹਾਰਾਜ ਨੇ ਕਿਹਾ : ਦਿਲ ਨਿੱਕਾ ਨਾ ਕਰੋ. ਸਤਿਗੁਰ ਦੀ ਜੇਬ ਬਹੁਤ ਵੱਡੀ

**"ਪੂਰਨ ਖੀਸਾ ਨਿਤ ਸਤਿਗੁਰ ਕੋ।**
**ਕਰਹੁ ਉਦਾਰ ਅਪਨੇ ਉਰ ਕੋ।"**

ਜਿੱਥੇ ਦੁੱਖ ਭੰਜਨੀ ਲਾਗੇ ਅਠਸਠ ਤੀਰਥ ਅਸਥਾਨ ਹੈ, ਉਥੇ ਆ ਬੈਠਦੇ
ਸਾਰੀਆਂ ਹਦਾਇਤਾਂ ਦੇਂਦੇ। ਅੰਮ੍ਰਿਤਸਰ ਦੀ ਉਸਾਰੀ ਲਈ ਪਹਿਲਾ ਟੱਕ ਗੁਰੂ ਰਾਮ
ਜੀ ਨੇ ਇੱਥੇ ਅਠਸਠ ਤੀਰਥ ਹੀ ਲਗਾਇਆ ਸੀ।

ਫਿਰ ਜਦ ਦੁਪਹਿਰ ਹੁੰਦੀ ਤਾਂ ਲੰਗਰ ਵਿਚ ਪੁੱਜਦੇ। ਸਭ ਦੇ ਪ੍ਰਸ਼ਾਦ ਪਾਉਣ ਉਪ

Sri Satguru Jagjit Singh Ji eLibrary NamdhariElibrary@gmail.com

ਆਪ ਪ੍ਰਸ਼ਾਦ ਛਕਦੇ। ਆਪਣੇ ਲਈ ਕੋਈ ਉਚੇਚ ਜਾਂ ਵੱਖਰਾਪਣ ਨਹੀਂ ਸੀ :

'ਪੁੰਨ ਹੋਇ ਪ੍ਰਸ਼ਾਦ ਲੰਗਰ ਪ੍ਰੂ ਜਾਵੈ।
ਅੰਮ੍ਰਿਤ ਭੋਗ ਸੰਗਤ ਭੋਗਾਵੈ।'[1]

ਪ੍ਰਸ਼ਾਦ ਪਾਉਣ ਉਪਰੰਤ ਥੋੜ੍ਹਾ ਚਿਰ ਬਿਸ੍ਰਾਮ ਕਰਦੇ ਅਤੇ ਫੇਰ ਉਸਾਰੀ ਦੇ ਕੰਮ ਦੇਖਣ ਲਈ ਗੁਰੂ ਬਾਜ਼ਾਰ, ਦੀਵਾਨਖ਼ਾਨੇ, ਸਰੋਵਰ ਜਾਂਦੇ। ਗੁਰੂ ਕਾ ਬਾਗ਼ ਵੀ ਆਪ ਜੀ ਨੇ ਲਗਵਾ ਦਿੱਤਾ ਸੀ। ਉਥੇ ਸ਼ਾਮ ਦਾ ਦੀਵਾਨ ਲੱਗਦਾ। ਇੱਥੇ ਵਿਚਾਰਵਾਨ, ਵਿਦਵਾਨਾਂ ਦੇ ਵਿਚਾਰ ਸੁਣਦੇ। ਜਾਨੋ ਜਿਵੇਂ 'ਭਗਤਿ ਗਿਆਨ ਕੀ ਵਰਖਾ ਹੋਇ।' ਜਿੱਥੇ ਕਿਤੇ ਵਿਚਾਰਾਂ ਨੂੰ ਅਨਿੱਖੜਿਆ ਦੇਖਦੇ, ਆਪਣੇ ਬਚਨਾਂ ਨਾਲ ਖੋਲ੍ਹ ਸਮਝਾਂਦੇ, ਸੇਧ ਦੇਈ ਚਲੀ ਜਾਂਦੇ। ਫਿਰ ਬਾਹਰ ਸੈਰ ਜਾਂਦੇ। ਮੁੜਦੇ ਸੋਦਰੁ ਦੀ ਚੌਕੀ ਲੱਗਦੀ ਤੇ ਸੋਹਿਲਾ ਦੇ ਪਾਠ ਉਪਰੰਤ ਰਾਤ ਆਰਾਮ ਕਰਨ ਲਈ ਕੋਠਾ ਸਾਹਿਬ ਚਲੇ ਜਾਂਦੇ। ਗੁਰੂ ਕੇ ਮਹਲ ਪ੍ਰਿਥੀ ਚੰਦ ਜੀ ਪਾਸ ਸਨ। ਸੱਚੀ ਗੱਲ ਹੈ, ਗੁਰੂ ਸਤਿ ਸੰਤੋਖ, ਸੁਸ਼ੀਲਤਾ, ਸੁੱਚ, ਸੁੰਦਰਤਾਈ, ਦਯਾ, ਛਿਮਾ, ਮੁਦਤਾ, ਮਹਾਂ ਕੋਮਲ, ਸਰਲਾਈ, ਅਨਸੂਯੂ (ਈਰਖਾ ਰਹਤ), ਧਰਮ ਤੇ ਧੀਰਜ ਦੀ ਮੂਰਤ ਸਨ ਤੇ ਸੰਗਤਾਂ ਵੀ ਗੁਰੂ-ਗੁਰੂ ਜਪ ਜੀਵਨ-ਰਾਹ ਸੁਖਾਲਾ ਕਰ ਰਹੀਆਂ ਸਨ।

ਗੁਰੂ ਅਰਜਨ ਦੇਵ ਜੀ ਤਾਂ ਉਸਾਰੀ ਦੇ ਕਾਰਜਾਂ ਵਿਚ ਜੁੱਟੇ ਹੋਏ ਸਨ ਪਰ ਗੁਰੂ ਜੀ ਦੇਖ ਰਹੇ ਸਨ ਕਿ ਸੰਗਤਾਂ ਹੁੰਮ-ਹੁਮਾ ਕੇ ਆ ਰਹੀਆਂ ਹਨ, ਕਾਰ ਭੇਟਾ ਵੀ ਆ ਰਹੀ ਹੈ, ਪਰ ਮਾਲ, ਸਾਮਾਨ, ਰਸਦ ਉਤਨੀ ਨਹੀਂ ਮਿਲਦੀ। ਗੱਲ ਇਹ ਹੋਈ ਸੀ ਕਿ ਪ੍ਰਿਥੀ ਚੰਦ ਜੀ ਨੇ ਮਸੰਦਾਂ ਨਾਲ ਇਹ ਬਣਤ ਬਣਾ ਲਈ ਸੀ ਕਿ ਕਾਰ ਭੇਟ ਸਿੱਧੀ ਉਸ ਪਾਸ ਪਹੁੰਚਾਈ ਜਾਏ। ਸੰਗਤਾਂ ਸਿਰਫ਼ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਨੂੰ ਜਾਣ। ਨਾਲ ਹੀ ਹਿਸਾਬ-ਕਿਤਾਬ ਲੈਣ ਦਾ ਗੁਰੂ ਰਾਮ ਦਾਸ ਜੀ ਦੇ ਵੇਲੇ ਤੋਂ ਹੀ ਪ੍ਰਿਥੀ ਚੰਦ ਹੱਥ ਸੀ। ਗੁਰੂ ਜੀ ਨੇ ਵੀ ਇਸ ਨੂੰ ਉਸੇ ਤਰ੍ਹਾਂ ਰਹਿਣ ਦਿੱਤਾ। ਹੁਣ ਉਸ ਨੇ ਜਾਲ ਇਤਨਾ ਬੁਣ ਲਿਆ ਸੀ ਕਿ ਮਸੰਦਾਂ ਦੀ ਉਗ੍ਰਾਹੀ ਕਰਨ ਸਾਰ ਹੀ ਆਪਣੇ ਹੋਰ ਨਿੱਜੀ ਸੇਵਕ ਭੇਜ ਦਿੰਦਾ ਜਾਂ ਰਾਹ ਵਿਚੋਂ ਹੀ ਕਾਰ ਭੇਟ ਲੈ ਕੇ ਰੱਖ ਲੈਂਦਾ। ਗੁਰੂ ਜੀ ਨੂੰ ਸਭ ਸੋਆਂ ਮਿਲ ਰਹੀਆਂ ਸਨ, ਪਰ ਧੀਰਜ ਦੀ ਮੂਰਤ ਨੇ ਕੁਝ ਨਾ ਕਿਹਾ। ਸੰਗਤਾਂ ਦਾ ਉਮਾਹ ਵਧ ਰਹਿਆ ਸੀ। ਉਧਰ ਲੰਗਰ ਵਿਚ ਰਸਦ ਸਾਮਾਨ ਨਾ ਪੁੱਜਣ ਕਾਰਨ ਲੰਗਰ ਦੀ ਹਾਲਤ ਮਸਤਾਨੀ ਹੁੰਦੀ ਜਾ ਰਹੀ ਸੀ। ਪ੍ਰਿਥੀ ਚੰਦ ਦਾ ਖ਼ਿਆਲ ਸੀ ਕਿ ਜਦ ਸੰਗਤਾਂ ਲੰਗਰ ਦੀ ਮਾੜੀ ਹਾਲਤ ਦੇਖਣਗੀਆਂ ਤਾਂ ਮੂੰਹ ਮੋੜ ਲੈਣਗੀਆਂ। ਲੰਗਰ ਦੀ ਹਾਲਤ ਇੱਥੋਂ ਤੱਕ ਵਿਗੜ ਗਈ ਕਿ ਪਹਿਲਾਂ ਇਕ ਡੰਗ ਦਾ ਪ੍ਰਸ਼ਾਦ ਪੱਕਣ ਲੱਗਾ ਤੇ ਫਿਰ ਸਿਰਫ਼ ਛੋਲਿਆਂ ਦਾ ਮੋਟਾ ਅੰਨ। ਆਪ ਜੀ ਨੇ ਪਹਿਲਾਂ ਆਪਣੀ ਸੁਪਤਨੀ ਗੰਗਾ ਦੇ ਜ਼ੇਵਰ ਵੇਚੇ। ਫਿਰ ਘਰ ਦਾ ਸਾਮਾਨ। ਫਿਰ ਗੋਇੰਦਵਾਲ ਤੋਂ ਬਾਬਾ ਮੋਹਨ ਜੀ ਤੇ ਮੋਹਰੀ ਜੀ ਕੋਲੋਂ ਕੁਝ ਰਕਮ ਮੰਗਵਾਈ, ਪਰ ਇੰਜ ਕਿਵੇਂ ਚਲਦੀ। ਆਮਦਨ ਦੇ ਦਰਵਾਜ਼ੇ ਬੰਦ ਤੇ ਖਰਚਾ ਦਿਨੋ-ਦਿਨ ਦੂਣਾ।

**ਪ੍ਰਿਥੀਚੰਦ ਦੀਆਂ ਸਾਜ਼ਸ਼ਾਂ ਤੇ ਨਾਕਾਬੰਦੀ**

1. ਮਹਿਮਾ ਪ੍ਰਕਾਸ਼, ਸਾਖੀ ੨੦, ਪਾਤਸ਼ਾਹੀ ਪੰਜ।

Sri Satguru Jagjit Singh Ji eLibrary NamdhariElibrary@gmail.com

ਪ੍ਰਿਥੀ ਚੰਦ ਨੇ ਇਕ ਹੋਰ ਵਾਰ ਕੀਤਾ। ਦੋਵਾਂ ਪਿਉ ਪੁੱਤਰਾਂ, ਸੱਤਾ ਜੀ ਤੇ ਬਲਵੰਡ ਜੀ ਨੂੰ ਚੁੱਕਿਆ ਕਿ ਗੁਰੂ ਕੋਲੋਂ ਹੁਣ ਤੁਸਾਂ ਕੀ ਲੈਣਾ ਹੈ। ਉਸ ਪਾਸ ਤਾਂ ਇਕ ਡੰਗ ਜੋਗਾ ਪ੍ਰਸ਼ਾਦ ਵੀ ਨਹੀਂ। ਕੁਝ ਉਨ੍ਹਾਂ ਨੂੰ ਹੁਣ ਮਨ-ਮਰਜ਼ੀ ਦੀ ਭੇਟ ਵੀ ਨਹੀਂ ਮਿਲ ਰਹੀ ਸੀ। ਸੱਤੇ ਦੀ ਲੜਕੀ ਦੀ ਸ਼ਾਦੀ ਸੀ। ਉਸ ਮੰਗਾਲੀ ਪਾਈ। ਗੁਰੂ ਜੀ ਨੇ ਮਜਬੂਰੀ ਦੱਸੀ ਤਾਂ ਉੱਚਾ ਨੀਵਾਂ ਬੋਲਣ ਲੱਗ ਪਏ। ਇਥੋਂ ਤੱਕ ਆਖ ਗਏ ਕਿ ਸਾਡੇ ਕਰਕੇ ਹੀ ਸੰਗਤਾਂ ਆਉਂਦੀਆਂ ਹਨ ਅਤੇ ਜੇ ਉਹ ਕੀਰਤਨ ਨਾ ਕਰਨ ਤਾਂ ਤੁਹਾਨੂੰ ਗੁਰੂ ਵੀ ਕੋਈ ਨਾ ਆਖੇ। ਗੁਰੂ ਨਾਨਕ ਤੇ ਹੋਰ ਗੁਰੂ ਸਾਹਿਬਾਨ ਨੂੰ ਉਨ੍ਹਾਂ ਹੀ ਜਗਤ-ਪ੍ਰਸਿੱਧ ਕੀਤਾ ਹੈ। ਗੁਰੂ ਅਰਜਨ ਜੀ ਨੇ ਬੜੀ ਨਿੰਮ੍ਰਤਾ ਨਾਲ ਸਮਝਾਇਆ, ਪਰ ਉਨ੍ਹਾਂ ਪਿੱਛੇ ਤਾਂ ਕੋਈ ਸ਼ਹਿ ਤੇ ਚੁੱਕ ਬੋਲ ਰਹੀ ਸੀ। ਜਦ ਹੋਰ ਕੁਬੋਲ ਬੋਲੇ ਤਾਂ ਆਪ ਜੀ ਨੇ ਹੁਕਮ ਕੀਤਾ : 'ਇਨ੍ਹਾਂ ਗੁਰੂ ਗਾਦੀ ਨਿੰਦੀ ਹੈ। ਸੋ ਇਨ੍ਹਾਂ ਨੂੰ ਮੱਥੇ ਨਾ ਲਗਾਇਆ ਜਾਏ।' ਆਪੂੰ ਸਿਰੰਦਾ ਪਕੜ ਗੁਰੂ ਜੀ ਕੀਰਤਨ ਕਰਨ ਲੱਗੇ। ਸੰਗਤਾਂ ਨਾਲ ਰਲ ਪਈਆਂ।

**ਸੱਤਾ ਤੇ ਬਲਵੰਡ ਜੀ ਦਾ ਛੱਡ ਜਾਣਾ**

ਜਦ ਪਿੱਛੋਂ ਥੋੜ੍ਹੇ ਹੀ ਦਿਨਾਂ ਵਿਚ ਭਾਈ ਗੁਰਦਾਸ ਜੀ ਦੇ ਆਉਣ ਨਾਲ ਪ੍ਰਿਥੀ ਚੰਦ ਜੀ ਦਾ ਭਰਮ ਜਾਲ ਟੁੱਟਾ ਤਾਂ ਉਹ ਕਿਸੇ ਪਾਸੇ ਦੇ ਨਾ ਰਹੇ। ਕੋਈ ਮੂੰਹ ਤੱਕ ਨਾ ਲਗਾਏ। ਅਖ਼ੀਰ ਦੋਵੇਂ ਪਿਉ-ਪੁੱਤ ਭਾਈ ਲੱਧਾ ਪਰਉਪਕਾਰੀ ਪਾਸ ਲਾਹੌਰ ਪੁੱਜੇ ਅਤੇ ਉਨ੍ਹਾਂ ਹੀ ਖਿਮਾ ਲੈ ਕੇ ਦਿੱਤੀ। ਉਨ੍ਹਾਂ ਖਿਮਾ ਮੰਗਣ ਵੇਲੇ ਇਕ ਵਾਰ ਗਾਈ, ਜੋ ਹੁਣ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਰਾਗ ਵਿਚ ਦਰਜ ਹੈ।

**ਭਾਈ ਗੰਗਾ ਰਾਮ ਦੀ ਸ਼ਰਧਾ** : ਮਸੰਦ, ਸਵਾਰਥੀ ਤੇ ਸੱਤੇ ਬਲਵੰਡ ਵਰਗੇ ਤਾਂ ਬੇ-ਸ਼ੱਕ ਗੁਰੂ-ਸਾਥ ਛੱਡ ਰਹੇ ਸਨ, ਪਰ ਸੰਗਤਾਂ ਵਿਚ ਭਾਈ ਗੰਗਾ ਰਾਮ ਵਰਗੇ ਵੀ ਸਨ, ਜੋ ਸਭ ਕੁਝ ਲੁਟਾ ਕੇ ਵੀ ਗੁਰੂ ਦੀ ਚਰਨ ਧੂੜ ਨੂੰ ਹੀ ਨੌਨਿਧ ਸਮਝਦੇ ਸਨ।

ਜਦ ਲੰਗਰ ਦਾ ਅੰਨ ਬਿਲਕੁੱਲ ਹੀ ਮੁੱਕ ਗਿਆ ਸੀ ਤਾਂ ਗੰਗਾ ਰਾਮ, ਜਜਮਾਨਾਂ ਪਾਸੋਂ ਆਪਣੀ ਉਗਰਾਹੀ ਕਰ ਕੇ ਬਾਜਰਾ ਦੇ ਭੰਡਾਰ ਬਠਿੰਡਾ ਤੋਂ ਲੈ ਕੇ ਵੇਚਣ ਲਈ ਜਾ ਰਹਿਆ ਸੀ। ਲੰਗਰ ਦੀ ਹਾਲਤ ਸੁਣ ਕੇ ਉਸ ਨੇ ਸੌ ਮਣ ਬਾਜਰਾ ਲੰਗਰ ਲਈ ਭੇਜਣਾ ਚਾਹਿਆ। ਮਹਾਰਾਜ ਨੇ ਕਿਹਾ :

**ਦਿਜ ਕੋ ਦਰਬ ਲੇਤਿ ਸੋ ਨਾਹੀ।**
**ਹਮਰੇ ਸਿਖ ਦੇਤਿ ਹਮਪਾਹੀ।**

ਮੁੱਲ ਲੈ ਲਵਾਂਗੇ ਤੇ ਵੈਸਾਖੀ 'ਤੇ ਮੁੱਲ ਤਾਰ ਦੇਵਾਂਗੇ। ਪੰਜ ਦਿਨ ਉਹ ਸੌ-ਸੌ ਮਣ ਭੇਜਦਾ ਰਿਹਾ। ਜਦ ਪਿੱਛੋਂ ਰਕਮ ਗੁਰੂ ਜੀ ਦੇਣ ਲੱਗੇ ਤਾਂ ਸਿੱਖੀ ਦੀ ਦਾਤ ਮੰਗੀ। ਵਾਪਸ ਬਠਿੰਡਾ ਜਾ ਕੇ ਮਹਾਰਾਜ ਨੂੰ ਲਿਖਿਆ ਕਿ ਉਹ ਵੀ ਹੁਣ ਕਿਰਤ ਕਰ ਕੇ ਰੋਟੀ ਖਾਂਦਾ ਹੈ। 'ਪ੍ਰੋਹਤ ਧਰਮ ਛੋਡ ਸਿਖ ਦੀਨੋ'। ਗੁਰੂ ਦੀ ਚਰਨੀਂ ਲੱਗਾ।

Sri Satguru Jagjit Singh Ji eLibrary NamdhariElibrary@gmail.com

### ਭਾਈ ਗੁਰਦਾਸ ਜੀ ਦਾ ਆਗਰੇ ਤੋਂ ਆਉਣਾ

ਭਾਈ ਗੁਰਦਾਸ ਜੀ ਆਗਰੇ ਵਿਖੇ ਸਿੱਖੀ ਪਰਚਾਰ ਵਿਚ ਜੁੱਟੇ ਹੋਏ ਸਨ। ਉਨ੍ਹਾਂ ਦੇ ਪਰਚਾਰ ਦਾ ਸਦਕਾ ਹੀ ਅਕਬਰ ਜਿਹੇ ਸ਼ਾਹ ਨੇ ਖੁੱਲ੍ਹ-ਦਿਲੀ ਵਾਲੇ ਵਿਚਾਰ ਅਪਣਾਏ ਸਨ। 1581 ਈ: ਨੂੰ ਹੀ ਅਕਬਰ ਨੇ ਦੀਨ-ਇ-ਇਲਾਹੀ ਦਾ ਐਲਾਨ ਕੀਤਾ ਸੀ ਅਤੇ 1581 ਈ: ਨੂੰ ਹੀ ਗੁਰੂ ਅਰਜਨ ਦੇਵ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਸੀ। ਜਦ ਅਕਤੂਬਰ ਅਖ਼ੀਰ ਗੁਰੂ ਰਾਮ ਦਾਸ ਜੀ ਦੇ ਜੋਤੀ ਜੋਤ ਸਮਾਉਣ ਦੀ ਖ਼ਬਰ ਪੁੱਜੀ ਤਾਂ ਆਪ ਜੀ ਨੇ ਪਰਚਾਰ ਦੇ ਕੰਮ ਨੂੰ ਸੰਕੋਚਿਆ ਤੇ ਅਗਲੇ ਸਾਲ ਹਾੜ (ਜੂਨ) ਨੂੰ ਸੰਗਤਾਂ ਸਮੇਤ ਗੋਇੰਦਵਾਲ ਵੱਲ ਚੱਲ ਪਏ।

ਪੜਾਅ ਕਰਦੇ, ਪੈਂਡਾ ਮੁਕਾਂਦੇ ਜਦ ਗੋਇੰਦਵਾਲ ਪਾਰ ਬਿਆਸਾ ਕਿਨਾਰੇ ਪੁੱਜੇ ਤਾਂ ਪਾਣੀ ਚੜ੍ਹਿਆ ਹੋਇਆ ਸੀ। ਸੰਗਤਾਂ ਬਿਹਬਲ ਹੋ ਰਹੀਆਂ ਸਨ। ਪਾਣੀ ਉਤਰਨ ਦਾ ਨਾਂ ਨਹੀਂ ਸੀ ਲੈਂਦਾ। ਜਦ ਇਕ ਸਿੱਖ ਨੇ :

> 'ਗੁਰ ਕਾ ਬਚਨੁ ਬਸੈ ਜੀਅ ਨਾਲੇ
> ਜਲਿ ਨਹੀਂ ਡੂਬੈ, ਤਸਕਰੁ ਨਹੀਂ ਲੇਵੈ
> ਭਾਹਿ ਨਾ ਸਾਕੈ ਜਾਲੇ॥ ੧॥ ਰਹਾਉ॥

ਉੱਚੀ ਜਿਹੀ ਪੜ੍ਹਿਆ ਤਾਂ ਸਭ ਦਾ ਨਿਸ਼ਚਾ ਬੱਝ ਗਿਆ। ਸਭ ਤੋਂ ਅੱਗੇ ਭਾਈ ਗੁਰਦਾਸ ਜੀ ਲੱਗੇ ਤੇ ਦਰਿਆ ਪਾਰ ਕੀਤਾ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

> ਪ੍ਰਥਮ ਗੁਰਦਾਸ ਆਗਾ ਸਭ ਲੀਨਾ।
> ਸਭ ਸੰਗਤ ਲੇ ਭਏ ਪਾਰ ਪ੍ਰਬੀਨਾ।

ਦੇਖਦੇ ਹੀ ਜਲ ਗੋਡੇ-ਗੋਡੇ ਹੋ ਗਿਆ :

> ਜਾਨੁ ਲਗ ਜਲ ਭਾ ਸਲਿਤਾ ਕੋ।

ਗੋਇੰਦਵਾਲ ਬਾਬਾ ਮੋਹਨ ਜੀ ਤੇ ਮੋਹਰੀ ਜੀ ਨੇ ਜੋ ਕੁਝ ਦੇਖਿਆ ਤੇ ਸੁਣਿਆ ਸੀ, ਭਾਈ ਗੁਰਦਾਸ ਜੀ ਨੂੰ ਦੱਸਿਆ। ਆਪ ਜੀ ਉਸੇ ਦਿਨ ਸ੍ਰੀ ਅੰਮ੍ਰਿਤਸਰ ਵੱਲ ਚੱਲ ਪਏ।

ਲੰਗਰ ਦੇ ਸਮੇਂ ਜਦ ਪ੍ਰਸ਼ਾਦਾ ਛਕਿਆ ਤਾਂ ਸੇਵਾਦਾਰ ਨੇ ਸੰਗਤ ਅੱਗੇ ਦੋ-ਦੋ ਛੋਲਿਆਂ ਦੀਆਂ ਰੋਟੀਆਂ ਲਿਆ ਰੱਖੀਆਂ :

> ਦੋਇ ਦੋਇ ਚਨਕ ਰੋਟਿਕਾ ਦੀਨਸਿ।
> ਬਰਤਾ ਗੁਰੂ ਦਾਸ ਸੋ ਲੀਨਸਿ।

ਸੰਗਤਾਂ ਨੇ ਤਾਂ ਸ਼ਰਧਾ ਨਾਲ ਛਕ ਲਈਆਂ ਪਰ ਭਾਈ ਗੁਰਦਾਸ ਜੀ, ਜਿਨ੍ਹਾਂ ਨੇ ਗੁਰੂ ਕਾ ਲੰਗਰ ਗੋਇੰਦਵਾਲ ਵਿਖੇ ਗੁਰੂ ਅਮਰ ਦਾਸ ਜੀ ਦਾ ਦੇਖਿਆ ਸੀ, ਵਿਚਾਰਨ ਲੱਗੇ ਕਿ ਇਹ ਕੀ ਹੋ ਰਿਹਾ ਹੈ।

ਪ੍ਰਸ਼ਾਦ ਛਕ ਕੇ ਅੰਦਰ ਪੁੱਜੇ ਜਿੱਥੇ ਬੀਬੀ ਭਾਨੀ ਜੀ ਆਪੂੰ ਲੰਗਰ ਪਕਾ ਰਹੇ ਸਨ। ਭਾਈ ਗੁਰਦਾਸ ਜੀ ਨੇ ਕਿਹਾ ਕਿ ਉਹ ਛੋਲਿਆਂ ਦੀਆਂ ਰੋਟੀਆਂ ਦੇਖ ਹੈਰਾਨ ਹੋਏ ਹਨ। ਮਾਤਾ ਭਾਨੀ ਜੀ ਨੇ ਕਿਹਾ : ਵੀਰ ਜੀ! ਤੁਸੀਂ ਛੋਲਿਆਂ ਦੀ ਰੋਟੀ ਦੀ ਗੱਲ

ਕਰਦੇ ਹੋ, 'ਕਹੂ ਸਮੇਂ ਇਹ ਭੀ ਨਹ ਪਾਵਤ।' ਜਿੱਥੇ ਕਦੀ ਇਤਨਾ ਲੰਗਰ ਚਲਦਾ ਸੀ ਕਿ ਪਸ਼ੂ ਪੰਛੀ ਤੇ ਜਲ ਜੀਵ ਰੱਜ-ਰੱਜ ਕੇ ਖਾਂਦੇ ਸਨ, ਹੁਣ ਪ੍ਰਿਥੀ ਚੰਦ ਦੇ ਬਖੇੜੇ ਕਾਰਨ ਇਹ ਹੋ ਗਿਆ ਹੈ। ਪ੍ਰਿਥੀ ਚੰਦ ਤੇ ਮਹਾਂਦੇਵ, ਪਿਤਾ ਨੂੰ ਦੁਨਿਆਵੀ ਲੋਕਾਂ ਵਾਂਗ ਪਿਤਾ ਹੀ ਸਮਝਦੇ ਰਹੇ। ਗੁਰੂ ਨਾਹੀ ਜਾਤਾ। ਜੇ ਗੁਰੂ ਅਰਜਨ ਵੀ ਅਜਿਹੇ ਹੁੰਦੇ ਤਾਂ ਗੁਰ-ਗੱਦੀ ਕੋਈ ਹੋਰ ਲੈ ਜਾਂਦਾ :

**ਤਿਨ ਕੇ ਸਮ ਸ੍ਰੀ ਅਰਜਨ ਕਰਤਾ।**
**ਲੇ ਕਰਿ ਜਾਤ ਅਪਰ ਕੋ ਗੁਰਤਾ।**
**ਸੇਵਕ ਹੀ ਇਹ ਵਸਤ ਸਦੀਵਾ।**
**ਕਰਿ ਦਾਵਾ ਕੋ ਗੁਰ ਨ ਥੀਵਾ।**[1]

'ਜੋ ਵੀ ਭੇਟਾਵਾਂ ਆਉਂਦੀਆਂ ਹਨ, ਉਹ ਪ੍ਰਿਥੀ ਚੰਦ ਪਾਸ ਰੱਖ ਲੈਂਦਾ ਹੈ। ਕਈ ਵਾਰੀ ਰਾਹ ਵਿਚ ਹੀ ਹਥਿਆ ਲੈਂਦਾ ਹੈ। ਸੰਗਤਾਂ ਨੂੰ ਲੰਗਰ ਵਿਚ ਭੇਜ ਦਿੰਦਾ ਹੈ। ਲੰਗਰ ਵਿਚ ਕੁਝ ਨਾ ਪੱਕੇ, ਸੰਗਤਾਂ 'ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਕੋਈ ਕੀ ਜਾਣੇ ਕਿ ਕਾਰ-ਭੇਟ ਕਿੱਥੇ ਜਾ ਰਹੀ ਹੈ। ਗੁਰੂ ਅਰਜਨ ਜੀ ਕੁਝ ਨਹੀਂ ਕਹਿੰਦੇ।' ਇਹ ਵਿੱਥਿਆ ਸੁਣ ਕੇ ਭਾਈ ਗੁਰਦਾਸ ਜੀ ਗੁਰੂ ਅਰਜਨ ਜੀ ਕੋਲ ਗਏ ਤੇ ਬੇਨਤੀ ਕਰਨ ਲੱਗੇ ਕਿ ਕੁਝ ਬਾਨ੍ਹਣੂ ਜ਼ਰੂਰ ਬੰਨ੍ਹਣਾ ਚਾਹੀਦਾ ਹੈ। ਇਸ ਤਰ੍ਹਾਂ ਕਿਵੇਂ ਚੱਲੇਗੀ। ਸੰਗਤਾਂ ਆਤਮਕ ਚਸ਼ਮੇਂ ਤੋਂ ਵਾਂਝੀਆਂ ਹੁੰਦੀਆਂ ਜਾਣਗੀਆਂ। ਗੁਰੂ ਜੀ ਨੇ ਫਿਰ ਵੀ ਇਹ ਹੀ ਕਿਹਾ ਕਿ ਗੁਰਤਾ ਕੋਈ ਧਨ ਪਦਾਰਥਾਂ ਲਈ ਨਹੀਂ ਹੈ। ਦਰਬ ਕੀ ਕਰਨਾ ਹੈ :

**ਗੁਰਤਾ ਕਛੁ ਧਨੁ ਹਿਤ ਨਹਿ ਲੀਨੀ।**
**ਤ੍ਰਿਸਨਾ ਕਰੀ ਚਹਿਯ ਮਨ ਹੀਨੀ।**
**ਸਰਬ ਕਾਰਨ ਕੇਰਿ ਬਿਨਾਸ।**
**ਕਯੋਂ ਹਮ ਕਰਹਿ ਦਰਬ ਕੀ ਆਸ।**

ਪਰ ਭਾਈ ਗੁਰਦਾਸ ਜੀ ਨੇ ਚੁੱਪ ਰਹਿਣਾ ਨਾ ਮੁਨਾਸਬ ਜਾਣਿਆ। ਪ੍ਰਸਿੱਧ ਸਿੱਖਾਂ ਭਾਈ ਬੁੱਢਾ ਜੀ, ਮੋਹਰੀ ਜੀ, ਭਾਈ ਸਾਲੋ ਅਤੇ ਹੋਰ ਸਿੱਖਾਂ ਨੂੰ ਨਾਲ ਲੈ ਕੇ ਪ੍ਰਿਥੀ ਚੰਦ ਪਾਸ ਗਏ ਤੇ ਸਮਝਾਇਆ ਕਿ ਉਹ ਠੀਕ ਨਹੀਂ ਕਰ ਰਿਹਾ। ਕਾਰ ਭੇਟ 'ਤੇ ਮੱਲ ਮਾਰਨੀ ਉਸ ਨੂੰ ਸ਼ੋਭਾ ਨਹੀਂ ਦਿੰਦੀ। ਉਸ ਨੇ ਬਜਾਇ ਸ਼ਰਮਿੰਦਗੀ ਦੇ ਭਾਈ ਗੁਰਦਾਸ ਜੀ ਨੂੰ ਵੀ ਜਲੀਆਂ ਕਟੀਆਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ। ਭਾਈ ਗੁਰਦਾਸ ਜੀ ਵੀ ਚੁੱਪ ਨਾ ਰਹੇ। ਪ੍ਰਿਥੀ ਚੰਦ ਨੂੰ ਕਿਹਾ ਕਿ ਗੁਰੂ ਰਾਮ ਦਾਸ ਜੀ ਠੀਕ ਆਖ ਗਏ ਸਨ ਕਿ ਤੂੰ ਮੀਣਾ ਹੋ ਗਿਆ ਹੈਂ। ਗੁਰੂ ਸੂਰਜ ਨੂੰ ਕੋਈ ਛੁਪਾ ਨਹੀਂ ਸਕਦਾ। ਇਹ ਬੱਦਲੀ ਜੋ ਤੂੰ ਧੋਖੇ ਦੀ ਚਾੜ੍ਹੀ ਹੋਈ ਹੈ ਇਹ ਬਹੁਤੀ ਦੇਰ ਨਹੀਂ ਰਹਿਣੀ। ਸਭ ਭਰਮ-ਭੁਲੇਖੇ ਉੱਡ ਜਾਣਗੇ। ਕਦੀ ਕੋਈ ਟਟਹਿਣਾ ਵੀ ਸੂਰਜ ਬਣ ਸਕਿਆ ਹੈ :

**ਪਟ ਬੀਜਨੋ ਥੀਵ, ਨਹ ਰਵ ਬੀਜਨੋ।**

---

1. ਇਨ੍ਹਾਂ ਬਚਨਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਗੁਰੂ ਗੱਦੀ ਕਿਸੇ ਦੀ ਵਿਰਾਸਤ ਨਹੀਂ ਸੀ, ਇਹ ਸੇਵਕ ਨੂੰ ਹੀ ਮਿਲੀ।

Sri Satguru Jagjit Singh Ji eLibrary NamdhariElibrary@gmail.com

ਗੁਰੂ ਅਰਜਨ ਦੇਵ ਜੀ ਦੇ ਸ਼ਾਂਤ ਸੁਭਾਅ ਕਾਰਨ ਜਿਤਨੀ ਤੂੰ ਮੌਜ ਉਡਾ ਚੁੱਕਾ, ਇਸ ਨੂੰ ਹੁਣ ਤੂੰ ਖ਼ਤਮ ਸਮਝ। ਜੇਕਰ ਕੁਝ ਬੱਚੇ ਰਾਤ ਨੂੰ ਖੇਡ ਪਾ ਕੇ ਬਾਦਸ਼ਾਹ ਵਜ਼ੀਰ ਬਣ ਜਾਣ ਤਾਂ ਕੀ ਉਹ ਬਾਦਸ਼ਾਹ ਹੋ ਜਾਂਦੇ ਹਨ? ਉਹ ਤਾਂ ਖਿਨ ਭਰ ਦੀ ਖੇਡ ਹੀ ਹੁੰਦੀ ਹੈ। ਇਹ ਖੇਡ ਵੀ ਮੁੱਕ ਚੁੱਕੀ ਹੈ। ਚੰਗਾ ਇਹ ਹੈ ਕਿ ਇਕੱਠੀ ਕੀਤੀ ਕਾਰ-ਭੇਟਾ ਗੁਰੂ ਚਰਨਾਂ 'ਤੇ ਰੱਖ ਦੇ। ਇਸ ਪ੍ਰਥਾਇ 'ਤੇ ਸੰਗਤਾਂ ਨੂੰ ਸੁਚੇਤ ਰਹਿਣ ਤੇ ਰੱਖਣ ਲਈ ਇਕ ਵਾਰ ਵੀ ਭਾਈ ਗੁਰਦਾਸ ਜੀ ਨੇ ਲਿਖੀ ਜੋ 'ਮੀਣਿਆਂ ਦੀ ਵਾਰ' ਕਰ ਕੇ ਜਾਣੀ ਜਾਂਦੀ ਹੈ।

ਹੋਰ ਧਾਂਧਲੀ ਨੂੰ ਠੱਲ੍ਹ ਪਾਉਣ ਲਈ ਮੁਖੀ ਸਿੱਖਾਂ ਨੂੰ ਨਾਕਿਆਂ ਤੇ ਬਿਠਲਾ ਦਿੱਤਾ ਕਿ ਸੰਗਤਾਂ ਨੂੰ ਸੁਚੇਤ ਕਰਨ। ਆਪ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਪਿੱਪਲੀ ਸਾਹਿਬ (ਪੁਤਲੀ ਘਰ) ਚਲੇ ਗਏ ਤੇ ਆਈਆਂ ਸੰਗਤਾਂ ਨੂੰ ਕਿਹਾ ਕਿ ਕਾਰ ਭੇਟ ਉਨ੍ਹਾਂ ਨੂੰ ਦੇ ਦੇਣ ਕਿਉਂਕਿ ਪ੍ਰਿਥੀ ਚੰਦ ਗੁਰੂ ਪਾਸ ਨਹੀਂ ਪੁੱਜਣ ਦਿੰਦਾ। ਜਦ ਕੁਝ ਨੇ ਕਿੰਤੂ ਕੀਤਾ ਤਾਂ ਭਾਈ ਸਾਹਿਬ ਨੇ ਕਿਹਾ ਕਿ ਪ੍ਰਿਥੀ ਚੰਦ ਪਾਸ ਖਾਲੀ ਹੱਥ ਜਾ ਕੇ ਦੇਖੋ ਤੇ ਸਹੀ ਕਿ ਉਹ ਤੁਹਾਡੇ ਨਾਲ ਕੀ ਸਲੂਕ ਕਰਦਾ ਹੈ। ਫਿਰ ਉਸੇ ਤਰ੍ਹਾਂ ਖ਼ਾਲੀ ਹੱਥ ਗੁਰੂ ਅਰਜਨ ਦੇਵ ਜੀ ਪਾਸ ਜਾਣਾ। ਕਾਰ ਭੇਟ ਤੁਹਾਡੀ ਸੁਰੱਖਿਅਤ ਹੈ।

ਜਦ ਸੰਗਤਾਂ ਪ੍ਰਿਥੀ ਚੰਦ ਪਾਸ ਪੁੱਜੀਆਂ ਤਾਂ ਸੰਗਤਾਂ ਨੂੰ ਖ਼ਾਲੀ ਹੱਥ ਦੇਖ ਕੇ ਬੁਰਾ ਭਲਾ ਕਹਿਣਾ ਸ਼ੁਰੂ ਕਰ ਦਿੱਤਾ ਅਤੇ ਨੱਸ ਜਾਣ ਲਈ ਕਿਹਾ :

**ਛੂਛੇ ਸਿਖਯ ਜਾਨਿ ਜਬ ਲਏ।**
**ਘੇਰੋ ਕਰਯੋ ਛੋਰਿ ਸਭ ਦਏ।**

ਉਥੋਂ ਜਦ ਸੰਗਤਾਂ ਗੁਰੂ ਅਰਜਨ ਦੇਵ ਜੀ ਪਾਸ ਦਰਸ਼ਨਾਂ ਨੂੰ ਆਈਆਂ ਤਾਂ ਸਭ ਦੇਖ ਕੇ ਹੈਰਾਨ ਹੋਏ ਕਿ ਗੁਰੂ ਜੀ ਸ਼ਾਂਤ ਚਿੱਤ ਕੀਰਤਨ ਕਰ ਰਹੇ ਹਨ। ਮਸਤਕ ਡਲ੍ਹਕਾਂ ਮਾਰ ਰਿਹਾ ਹੈ। ਤ੍ਰਿਸ਼ਨਾ ਨੇੜੇ ਤੱਕ ਨਹੀਂ :

**ਨਿਰ ਬਿਕਾਰ ਮਨ ਸ਼ਾਂਤ ਸਰੂਪ।**
**ਦੀਪਤਿ ਮਸਤਕ ਜੋਤ ਅਨੂਪ।**

ਪ੍ਰਿਥੀ ਚੰਦ ਦੀ ਸਾਜ਼ਸ਼ ਤੇ ਨਾਕਾਬੰਦੀ ਨਿਸਫਲ ਹੋ ਗਈ। ਪਿਸ਼ਾਵਰ ਦੇ ਭਾਈ ਲਾਲ ਚੰਦ, ਸ਼ਿਕਾਰਪੁਰ ਦੇ ਗਗਨ ਦਾਸ ਲਾਹੌਰ ਦੇ ਬਹਿਲ ਦਾਸ ਤੇ ਹੋਰ ਵੱਡੇ ਨਗਰਾਂ ਦੇ ਮਸੰਦ ਵੀ ਹੁਸ਼ਿਆਰ ਹੋ ਗਏ। ਸਾਰੇ ਪਾਸੇ ਹੁਕਮਨਾਮੇ ਵੀ ਭਿਜਵਾ ਦਿੱਤੇ ਕਿ ਕਾਰ ਭੇਟਾ ਸਿੱਧੀ ਗੁਰੂ ਤੱਕ ਪਹੁੰਚਾਓ ਅਤੇ ਮਸੰਦਾਂ ਨੂੰ ਚੇਤਾਵਨੀ ਵੀ ਭੇਜੀ ਕਿ ਜੇ ਉਨ੍ਹਾਂ ਕੁਤਾਹੀ ਕੀਤੀ ਤਾਂ ਪਦਵੀ ਤੋਂ ਖ਼ਾਰਜ ਸਮਝੇ ਜਾਣਗੇ :

**ਗੁਰ ਕੀ ਕਾਰ ਨਾ ਦੇਵਹਿ ਕੋਈ।**
**ਗੁਰਤਾ ਤੇ ਖਾਰਜ ਹੈ ਦਈ।**
**ਜੋ ਸਤਿਗੁਰ ਕੇ ਸਿੱਖ ਕਹਾਵੈ।**
**ਸ੍ਰੀ ਅਰਜਨ ਕੇ ਨਿਕਟ ਪੁਜਾਵੈ।**

ਇਸ ਕਰੜਾਈ ਦਾ ਸਿੱਟਾ ਇਹ ਨਿਕਲਿਆ ਕਿ ਪਾਜ ਉੱਘੜ ਗਿਆ ਤੇ ਪ੍ਰਿਥੀ

Sri Satguru Jagjit Singh Ji eLibrary NamdhariElibrary@gmail.com

ਚੰਦ ਵੱਲ ਕੋਈ ਜਾਵੇ ਹੀ ਨਾਂਹ।

**ਖਿਮਾਂ ਹੀ ਖਿਮਾਂ**—ਉਸਾਰੀ ਦੇ ਕੰਮ ਪਹਿਲੇ ਵਾਂਗ ਹੀ ਸ਼ੁਰੂ ਹੋ ਗਏ। ਲੰਗਰ ਅਤੁੱਟ ਵਰਤੇ ਜਾਣ ਲੱਗੇ। ਸੱਤੇ ਤੇ ਬਲਵੰਡ ਜੀ ਵੀ ਖਿਮਾਂ ਪਾ ਕੇ ਵਾਪਸ ਆ ਗਏ। ਹੁਣ ਉਤਸ਼ਾਹ ਦੇਖਣ ਵਾਲਾ ਸੀ।

ਪ੍ਰਿਥੀ ਚੰਦ ਦੀ ਇਹ ਦਸ਼ਾ ਬਣੀ ਕਿ ਮੂੰਹ ਤੱਕ ਕੋਈ ਨਾ ਲਗਾਏ। ਘਬਰਾਇਆ ਹੋਇਆ ਹੁਣ ਆਪੂੰ ਭਾਈ ਗੁਰਦਾਸ ਜੀ ਪਾਸ ਗਿਆ ਤੇ ਕਹਿਣ ਲੱਗਾ ਜਿਵੇਂ ਉਹ ਗੁਰੂ ਅਰਜਨ ਦੇਵ ਜੀ ਦਾ ਮਾਮਾ ਹੈ, ਤਿਵੇਂ ਹੀ ਉਸ ਦਾ ਹੈ। ਗੁਜ਼ਾਰੇ ਲਈ ਤਾਂ ਕੁਝ ਪ੍ਰਬੰਧ ਕਰ ਦੇਵੋ। ਗੁਰੂ ਜੀ ਨੇ ਜਦ ਉਸ ਦੀ ਮਾੜੀ ਦਸ਼ਾ ਸੁਣੀ ਤੇ ਰੋਟੀ ਤੋਂ ਆਤੁਰ ਡਿੱਠਾ ਤਾਂ ਦੋਵੇਂ ਭਰਾਵਾਂ ਲਈ ਪ੍ਰਬੰਧ ਕਰ ਦਿੱਤੇ।

ਦਿਆਲ ਮੂਰਤ ਨੇ ਨਗਰ ਦੀਆਂ ਦੁਕਾਨਾਂ ਦਾ ਕਿਰਾਇਆ ਤੇ ਮਸੂਲ ਪ੍ਰਿਥੀ ਚੰਦ ਨੂੰ ਦੇ ਦਿੱਤਾ। ਮਹਾਂਦੇਵ ਜੀ ਨੂੰ ਪਾਸੀਆਂ ਦੇ ਚੌਕ ਦੀ ਚੁੰਗੀ ਦੀ ਸਾਰੀ ਆਮਦਨ ਦੇ ਦਿੱਤੀ।

ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

ਕਛੁਕ ਦੁਕਾਨਨ ਕੋ ਤਹਿ ਭਾਰਾ।
ਅਰ ਜਗਾਤ ਜੋ ਆਇ ਬਾਜ਼ਾਰਾ।
ਸੋ ਸਭ ਪ੍ਰਥੀਏ ਕੋ ਤਬ ਦੀਨ।
(ਦੂਜੇ ਪਾਸੇ) ਚੌਕ ਪਾਸੀਆਂ ਕੋ ਜਹਿ ਚੀਨ।
ਮਹਾ ਦੇਵ ਕੋ ਸੋ ਥਲ ਦਯੋ।
ਧਨ ਜਗਾਤ ਕੋ ਤਿਸ ਨੇ ਲਯੋ।

ਇਸ ਪਾਸਿਉਂ ਹੁਣ ਕੁਝ ਸਾਲਾਂ ਲਈ ਨਿਸ਼ਚਿੰਤਾ ਹੋ ਗਈ। ਇਹ ਸ਼ਾਂਤੀ ਤਕਰੀਬਨ 15 ਸਾਲ ਬਣੀ ਰਹੀ। ਬਾਹਰੋਂ ਪ੍ਰਿਥੀ ਚੰਦ ਤੇ ਕਰਮੋਂ ਕੁਝ ਨਹੀਂ ਸਨ ਕਹਿੰਦੇ ਪਰ ਅੰਦਰੋਂ ਖੁਣਸ ਖਾਂਦੇ ਰਹਿੰਦੇ ਸਨ। ਉਹ ਕਈ ਵਾਰੀ ਕਹਿੰਦੇ ਸਨ ਕਿ :

ਕਰ ਲਉ ਗੁਰਾਈ
ਕਰੋ ਇਕੱਠੇ ਪੈਸੇ।
ਮਾਲ ਹੈ ਅਸਾਡਾ,
ਅਸਾਂ ਹੈ ਲੈਣਾ।
ਨਾ ਏਣਾ ਦਾ ਪੁੱਤ ਧੀ,
ਨਾਂਹ ਸਾਕ ਨਾ ਸੈਣਾ।

ਪਰ ਗੁਰੂ ਜੀ ਸੁਣੀ ਅਣਸੁਣੀ ਕਰੀ ਜਾਂਦੇ।

**ਸੰਤੋਖਸਰ ਨੂੰ ਵੀ ਸੰਪੂਰਨ ਕਰਨਾ**

ਸ੍ਰੀ ਅੰਮ੍ਰਿਤਸਰ ਦਾ ਤਾਲ ਪੂਰਾ ਹੋ ਜਾਣ 'ਤੇ ਗੁਰੂ ਜੀ ਨੇ ਸੰਤੋਖਸਰ ਦੀ ਖੁਦਵਾਈ ਤੇ ਪਕਿਆਈ ਵੱਲ ਧਿਆਨ ਦਿੱਤਾ। ਇਸ ਸਰ 'ਤੇ ਵੀ ਗੁਰੂ ਰਾਮ ਦਾਸ ਜੀ ਨੇ ਕੁਝ ਕੰਮ ਕਰਵਾਇਆ ਸੀ, ਪਰ ਜੋਤੀ ਜੋਤ ਸਮਾ ਜਾਣ ਨਾਲ ਵਿੱਚੇ ਅਧੂਰਾ ਰਹਿ ਗਿਆ ਸੀ। ਜਿੱਥੇ

Sri Satguru Jagjit Singh Ji eLibrary NamdhariElibrary@gmail.com

ਹੁਣ ਪੁਰਾਣੀ ਟਾਹਲੀ ਹੈ, ਗੁਰੂ ਰਾਮ ਦਾਸ ਜੀ ਉਸ ਹੇਠਾਂ ਬੈਠ ਕੇ ਕਾਰ ਕਰਾਉਂ
ਸਨ। ਹੁਣ ਇਹ ਟਾਹਲੀ ਸੰਤੋਖਸਰ ਕਿਨਾਰੇ ਉਸੇ ਤਰ੍ਹਾਂ ਦਰਸ਼ਨ ਦੇ ਰਹੀ ਹੈ।

ਜਦ ਨਵੇਂ ਸਿਰਿਉਂ ਆਪਣੀ ਨਿਗਰਾਨੀ ਹੇਠ ਖੁਦਵਾਈ ਅਰੰਭ ਕਰਾਈ ਤਾਂ ਹੇ
ਇਕ ਮੱਠ ਵਰਗੀ ਸ਼ੈ ਨਿਕਲੀ। ਆਪ ਜੀ ਨੇ ਬੜੇ ਇਹਤਿਆਤ ਨਾਲ ਉਸ
ਪੁਟਵਾਇਆ ਤਾਂ ਹੇਠਾਂ ਇਕ ਸਾਧੂ ਨੂੰ ਸਮਾਧੀ ਲਗਾਏ ਦੇਖਿਆ। ਗੁਰੂ ਜੀ ਦੀ ਦੱ
ਤਰਕੀਬ ਮੁਤਾਬਕ ਤੁਲਸੀ, ਮੱਖਣ ਤੇ ਪੁੱਟਣੀਆਂ ਦੀ ਰਲਵੀਂ ਮਾਲਸ਼ ਕਰਕੇ ਉਸ
ਪ੍ਰਾਣ ਚਲਾਏ ਗਏ। ਉਸਦੀ ਪੁੱਛ 'ਤੇ ਦੱਸਿਆ ਗਿਆ ਕਿ ਇਹ ਗੁਰੂ ਅਰਜਨ ਦੇ
ਜੀ ਦੀ ਰਹਿਮਤ ਹੋਈ ਹੈ। ਉਸ ਨੇ ਵੀ ਵਾਰਤਾ ਸੁਣਾਈ ਕਿ ਜਦ ਉਸ ਨੇ ਸ਼ਾਂਤ
ਪ੍ਰਾਪਤ ਕਰਨੀ ਚਾਹੀ ਤਾਂ ਉਸ ਦੇ ਸਿੱਖਿਆ ਦਾਤਾ ਨੇ ਕਿਹਾ ਸੀ ਕਿ ਜੇ ਸਦੀਵ
ਸ਼ਾਂਤੀ ਲੈਣੀ ਹੈ ਤਾਂ ਪ੍ਰਾਣ ਚੜ੍ਹਾ ਕੇ ਬੈਠ ਜਾ, ਸਮਾਂ ਪਾ ਕੇ ਤੇਰੀ ਕਲਪਨਾ ਪੂਰੀ ਹੋਵੇਗੀ
ਉਸ ਗੁਰੂ ਜੀ ਦੇ ਚਰਨ ਪਕੜੇ ਤੇ ਜੀਵਨ ਦਾਨ ਪਾਇਆ। ਅਸਲ ਗੱਲ ਹੈ ਕਿ ਜੋਗ
ਪ੍ਰਾਣਾਯਾਮੀ ਸੀ। ਵਿਦਵਾਨ ਸੀ ਪਰ ਜੀਅ ਦਾਨ ਨੂੰ ਪ੍ਰਾਪਤ ਨਹੀਂ ਸੀ ਹੋਇਆ। ਜੀ
ਦਾਨ 'ਪ੍ਰਸ਼ਾਦ' ਕ੍ਰਿਪਾ ਦੀ ਵਸਤੂ ਹੈ। ਇਸ ਪ੍ਰਸ਼ਾਦ ਲਈ ਬੈਠਾ ਸੀ ਜੋ ਸਿੱਖ ਗੁਰੂ ਕੋ
ਕ੍ਰਿਪਾ ਦ੍ਰਿਸ਼ਟੀ ਰਾਹੀਂ ਹਰ ਸਮੇਂ ਪਾ ਸਕਦਾ ਹੈ। ਉਸ 'ਤੇ ਵੀ ਗੁਰੂ ਜੀ ਨੇ ਕ੍ਰਿਪਾ ਦ੍ਰਿਸ਼
ਕੀਤੀ :

**ਇਸ ਪਹਿ ਕ੍ਰਿਪਾ ਦ੍ਰਿਸ਼ਟੀ ਗੁਰ ਹੇਰੀ।**
**ਕਰੀ ਬਿਨਾਸ ਮੋਹ ਕੀ ਬੇਰੀ।**
**ਸ਼ੁੱਧ ਗਿਆਨ ਜੋਗੀ ਉਰ ਜਾਗਾ।**
**ਜਨਮਾਦਿਨ ਮਦ ਪੀਵਤਿ ਤਯਾਗਾ।**

ਦਵੈਤ ਮਿਟ ਗਈ ਅਤੇ ਜੋ ਲੰਮੀ ਉਮਰ ਤੇ ਸਾਧਨਾ ਦਾ ਅਹੰਕਾਰ ਰੂਪੀ ਨਾ
ਸੀ, ਉਸਦਾ ਪੀਣਾ ਛੱਡ ਦਿੱਤਾ।

ਜੋਗੀ ਨੇ ਸਵਾਲਾਂ ਦਾ ਇਕ ਸਵਾਲ ਕੀਤਾ ਕਿ ਜਗਤ ਸੱਚ ਹੈ ਕਿ ਝੂਠ?
ਝੂਠ ਹੈ ਤਾਂ ਪ੍ਰਤੱਖ ਕਿਉਂ ਭਾਸਦਾ ਹੈ? ਜੇ ਸੱਚ ਹੈ ਤਾਂ ਚਲਾਇਮਾਨ ਕਿਉਂ ਹੈ?

ਗੁਰੂ ਜੀ ਨੇ ਉੱਤਰ ਵਜੋਂ ਫ਼ਰਮਾਇਆ : ਜਿਵੇਂ ਸੁਪਨਾ ਹੈ। ਸੁਪਨੇ ਦੀ ਸਮਰ
ਸੁਪਨੇ ਵਿਚ ਸੱਚ ਭਾਸਦੀ ਹੈ ਅਤੇ ਜਾਗਦਿਆਂ ਹੀ ਸਾਰੀ ਨਸ਼ਟ ਹੋ ਜਾਂਦੀ ਹੈ। ਤਿ
ਹੀ ਇਹ ਜਗਤ ਤੇ ਸਰੀਰ ਅਗਿਆਨ ਦੀ ਨੀਂਦ ਵਿਚ ਸੱਚ ਦਿਖਾਈ ਦੇਂਦੇ ਹ
ਅਤੇ ਗਿਆਨ ਪ੍ਰਾਪਤ ਹੋਇਆ ਦੂਰ ਹੋ ਜਾਂਦਾ ਹੈ। ਸੂਹੀ ਰਾਗ ਵਿਚ ਸ਼ਬਦ ਵ
ਉਚਾਰਿਆ :

**ਬਾਜੀਗਰਿ ਜੈਸੇ ਬਾਜੀ ਪਾਈ॥**
**ਨਾਨਾ ਰੂਪ ਭੇਖ ਦਿਖਲਾਈ॥**
**ਸਾਂਗ ਉਤਾਰਿ ਥੰਮਿਓ ਪਾਸਾਰਾ॥**
**ਤਬ ਏਕੋ ਏਕੰਕਾਰਾ॥**

... ... ...

Sri Satguru Jagjit Singh Ji eLibrary NamdhariElibrary@gmail.com

ਸਹਸ ਘਟਾ ਮਹਿ ਏਕੁ ਅਕਾਸੁ॥
ਘਟ ਫੂਟੇ ਤੇ ਓਹੀ ਪਰਗਾਸੁ॥
ਭਰਮ ਲੋਭ ਮੋਹ ਮਾਇਆ ਵਿਕਾਰ॥
ਭਰਮ ਛੂਟੇ ਤੇ ਏਕੰਕਾਰ॥ ੩॥

ਛੇਤੀ ਹੀ ਉਸ ਜੋਗੀ ਨੇ ਆਪਣਾ ਸਰੀਰ ਤਿਆਗ ਦਿੱਤਾ। ਤਵਾਰੀਖ਼ ਗੁਰੂ ਖ਼ਾਲਸਾ ਦਾ ਕਹਿਣਾ ਹੈ ਕਿ ਇਸ ਸਰ ਦੀ ਖੁਦਵਾਈ ਤੇ ਉਸਾਰੀ ਦਾ ਖ਼ਰਚ ਭਾਈ ਸੰਤੋਖ ਨਾਂ ਦੇ ਇਕ ਸਿੱਖ ਨੇ ਦਿੱਤਾ ਸੀ। ਇਹ ਸਰ ਕਿਧਰੇ 1588 ਈ: ਵਿਚ ਜਾ ਮੁਕੰਮਲ ਹੋਇਆ।

ਕੁਝ ਵੀ ਹੋਵੇ, ਸ੍ਰੀ ਅੰਮ੍ਰਿਤਸਰ ਦੇ ਸਾਰੇ ਸਰ ਕਿਸੇ ਖ਼ਿਆਲ ਅਤੇ ਆਦਰਸ਼ ਦੇ ਪ੍ਰਤੀਕ ਹਨ। ਜਿਵੇਂ ਅਨੰਦਪੁਰ ਦੇ ਸਾਰੇ ਕਿਲ੍ਹੇ ਇਹ ਦਰਸਾਂਦੇ ਹਨ ਕਿ ਅਨੰਦਪੁਰ ਤਾਂ ਹੀ ਬਣਿਆ ਰਵ੍ਹੇਗਾ ਜੇ ਇਹ ਛੇ ਨਾਵਾਂ ਵਾਲੇ ਕਿਲ੍ਹੇ ਮਜ਼ਬੂਤ ਹਨ। ਪਹਿਲਾ ਨਿਰਮੋਹ ਹੈ। ਭਾਵ ਪਕੜ ਛੱਡਣੀ ਹੋਵੇਗੀ। ਦੂਜਾ ਲੋਹ ਹੈ। ਟੇਕ ਕੇਵਲ ਇਕ ਦੀ। ਤੀਜਾ ਹੋਲਗੜ੍ਹ ਹੈ। ਸਦਾ ਸੁਚੇਤ ਹੋਣਾ ਹੋਵੇਗਾ। ਕਿਸ ਥਾਂ 'ਤੇ ਹਮਲਾ ਕਰਨਾ ਹੈ, ਇਸ ਦਾ ਗਿਆਨ ਹੋਣਾ ਜ਼ਰੂਰੀ ਹੈ। ਚੌਥਾ ਫ਼ਤਹਿਗੜ੍ਹ, ਨਿਸ਼ਚਾ ਅਟੱਲ। ਪੰਜਵਾਂ ਕੇਸਗੜ੍ਹ, ਜਥੇਬੰਦੀ ਦਾ ਅੰਗ ਬਣ ਮਰਿਆਦਾ ਨੂੰ ਭੰਗ ਨਹੀਂ ਹੋਣ ਦੇਣਾ। ਛੇਵਾਂ ਅਨੰਦਗੜ੍ਹ ਹੈ, ਜਿਸ ਨੂੰ ਫਿਰ ਕੋਈ ਜਿੱਤ ਨਹੀਂ ਸਕੇਗਾ।

ਇਸੇ ਤਰ੍ਹਾਂ ਜੇ ਹਰੀ ਦਾ ਦੀਦਾਰ ਕਰਨਾ ਹੈ ਤਾਂ ਪੰਜਾਂ ਸਰੋਵਰਾਂ ਦਾ ਇਸ਼ਨਾਨ ਜ਼ਰੂਰੀ ਹੈ। ਪਹਿਲਾਂ ਰਾਮ ਸਰ, ਫਿਰ ਬਿਬੇਕ ਸਰ, ਕੌਲ ਸਰ, ਸੰਤੋਖ ਸਰ ਤੇ ਅੰਮ੍ਰਿਤਸਰ। ਭਾਵ ਰਾਮ ਦਾ ਜਾਪ ਕਰਦੇ ਰਹਿਣਾ ਹੈ। ਬਿਬੇਕ ਬੁੱਧੀ ਦਾ ਮਾਲਕ ਬਣ ਕੇ, ਮਾਇਆ ਤੋਂ ਉੱਚਾ, ਕਉਲ ਫੁੱਲ ਵਾਂਗੂ, ਸੰਤੋਖ ਸਬਰ ਦਾ ਧਾਰਨੀ, ਮੌਤ ਨੂੰ ਹੱਸ ਜੱਫੀ ਪਾਉਣ ਵਾਲਾ ਹੀ, ਉਸ ਦਾ ਦੀਦਾਰ ਕਰ ਸਕਦਾ ਹੈ। ਸੋ ਇਹ ਜਚਦਾ ਨਹੀਂ ਕਿ ਕਿਸੇ ਇਕ ਵਿਅਕਤੀ ਦੇ ਨਾਂ 'ਤੇ ਸੰਤੋਖਸਰ ਬਣਾਇਆ ਹੋਵੇ।

### ਭਾਈ ਆਦਮ ਦੀ ਨਿਰਮਾਣ ਸੇਵਾ

ਅਨੇਕਾਂ ਹੀ ਸਿੱਖ ਹਰ ਸਮੇਂ ਸੇਵਾ ਵਿਚ ਜੁੱਟੇ ਰਹਿੰਦੇ ਸਨ ਤੇ ਬਖ਼ਸ਼ਸ਼ਾਂ ਪਾ ਕੇ ਘਰੀਂ ਮੁੜਦੇ ਸਨ। ਕਿਸੇ ਨੂੰ ਪੁੱਤ ਦੀ ਦਾਤ, ਕਿਸੇ ਨੂੰ ਧਨ ਦੀ, ਕਿਸੇ ਨੂੰ ਦੈਵੀ ਗੁਣਾਂ ਨਾਲ ਭਰ ਦੇਂਦੇ, ਕੋਈ ਸਰੀਰਕ ਰੋਗ ਹਰਦਾ, ਕੋਈ ਪ੍ਰਭੂ ਦੇ ਮਿਲਾਪ ਦਾ ਸੌਖਾ ਰਾਹ ਪਾਂਦਾ। ਕੋਈ ਨਾਮ ਧਨ ਪਾਉਂਦਾ ਤੇ ਕੋਈ ਪਾਪ ਦੀ ਬੇੜੀ ਕੱਟ ਕੇ ਇਖ਼ਲਾਕੀ ਜੀਵਨ ਪਾਉਂਦਾ। ਕਿਸੇ ਦੀ ਸਿਮਰਨ ਦੀ ਰੌ ਚੱਲ ਪੈਂਦੀ, ਕੋਈ ਭਗਤੀ ਦੇ ਚਾਰੇ ਅੰਗ ਜਾਣ ਜਾਂਦਾ। ਕੋਈ ਸਚੁ ਸੰਜਮ, ਦਾਨ ਇਸ਼ਨਾਨ ਦੀ ਮਹੱਤਤਾ ਦ੍ਰਿੜ੍ਹ ਕਰਦਾ ਤੇ ਕੋਈ ਮੋਹ ਦੀ ਫਾਹੀ ਕੱਟਦਾ। ਦੋਵਾਂ ਜਹਾਨਾਂ ਦੇ ਸੁਖ ਸਿੱਖਾਂ ਨੂੰ ਪ੍ਰਾਪਤ ਹੁੰਦੇ। ਪ੍ਰੇਮ ਭਗਤੀ ਵਿਚ ਲੱਗਦੇ :

ਕਿਹ ਵੈਰਾਗ, ਨਾਮ ਕਿਸ ਦੇਈ।
ਕਿਸ ਕੇ ਉਹ ਬਿਕਾਰ ਹਰਿ ਲੇਈ।
ਸ਼ਾਂਤਿ ਦਾਤ, ਕਿਸ ਧੀਰਜ ਖਿਮਾ।
ਦਯਾ ਸੰਤੋਸ਼, ਦਯੋ ਕਿਸ ਜਮਾਂ। ੧੪।

Sri Satguru Jagjit Singh Ji eLibrary NamdhariElibrary@gmail.com

ਭਾਉ ਭਗਤਿ ਸਿਮਰਨ ਸਤਿਨਾਮੂ।
ਨ੍ਹਾਨ ਦਾਨ, ਸੁਚਿ ਸੰਜਮ ਸਾਮੂ।
ਬ੍ਰਹਮ ਗਯਾਨ, ਕਿਸ ਕੇ ਉਠ ਦੇਤ।
ਕਿਸ ਹੰਤਾ ਮਮਤਾ ਹਰਿ ਲੇਤ। ੧੫।

*(ਸੂਰਜ ਪ੍ਰਕਾਸ਼, ਰਾਸ ਦੂਜੀ, ਅੰਸ਼ ੪੦)*

ਅਨੇਕਾਂ ਸਿੱਖਾਂ ਦਾ ਜ਼ਿਕਰ ਆਇਆ ਹੈ ਜੋ ਦਿਨ ਰਾਤ ਸੇਵਾ ਵਿਚ ਜੁੜੇ ਰਹਿੰਦੇ ਸਨ। ਭਾਈ ਮੰਝ, ਭਾਈ ਸਾਲੋ, ਭਾਈ ਬੰਨੋ ਦੀ ਸੇਵਾ ਖ਼ਾਸ ਧਿਆਨ ਮੰਗਦੀ ਹੈ ਤੇ ਉਸ 'ਤੇ ਉਚੇਚਾ ਵੀ ਲਿਖਿਆ ਜਾਏਗਾ, ਪਰ ਭਾਈ ਪੁਰੀਆ, ਚੂਹੜ, ਚੌਧਰੀ, ਭਾਈ ਪੈੜਾ, ਕ੍ਰਿਸ਼ਨਾ ਜੀ, ਬਾਲਾ ਜੀ, ਭਾਈ ਸਮੁੰਦਾ, ਬੂਲਾ ਚੇਤੀ, ਭਾਈ ਤੁਲਸੀਆ, ਭਾਈ ਲਾਲੂ, ਬਾਲੂ ਜੀ, ਗੋਰਖੂ, ਟੋਡਾ, ਗੋਇੰਦਾ ਜੀ, ਭਾਈ ਕੂਕਾ, ਮੋਹਣ ਜੀ, ਭਾਈ ਬਾਲਾ ਮਰਵਾਹ ਤੇ ਭਾਈ ਜੋਧਾ ਜੀ ਦੇ ਨਾਵਾਂ ਦਾ ਲਿਖਣਾ ਜ਼ਰੂਰੀ ਹੈ। ਇਸ ਤੋਂ ਅੰਦਾਜ਼ਾ ਹੋ ਸਕਦਾ ਹੈ ਕਿ ਸਿੱਖ ਕਿਸ ਚਾਅ ਨਾਲ ਸੇਵਾ ਵਿਚ ਲੱਗੇ ਹੋਏ ਸਨ।

ਬਾਬਾ ਆਦਮ ਜੀ ਦੀ ਸੇਵਾ ਵੀ ਅਨਿੰਨ ਸੀ। ਜਦ ਅੰਮ੍ਰਿਤਸਰ ਵਿਖੇ ਸਰਦੀ ਦਾ ਜ਼ੋਰ ਪਿਆ ਅਤੇ ਸੰਗਤਾਂ ਦੀ ਆਵਾਜਾਈ ਸਗੋਂ ਹੋਰ ਵਧ ਗਈ ਤਾਂ ਗਰਮ ਕੱਪੜਿਆਂ ਦਾ ਪ੍ਰਬੰਧ ਕਰਨਾ ਮੁਸ਼ਕਿਲ ਸੀ। ਭਾਈ ਆਦਮ ਜੀ ਨੇ ਕਠਿਨ ਸੇਵਾ ਆਪਣੇ ਜ਼ਿੰਮੇਂ ਲੈ ਲਈ। ਹਰ ਡੇਰੇ ਜਿੱਥੇ ਸੰਗਤਾਂ ਉਤਰੀਆਂ ਹੋਈਆਂ ਸਨ, ਆਪ ਲੱਕੜਾਂ ਦਾ ਢੇਰ ਲਗਾ ਦਿੰਦੇ। ਸਾਰੀ ਰਾਤ ਕਿਸੇ ਵੀ ਡੇਰੇ ਦੀ ਅੱਗ ਬੁਝਣ ਨਾ ਦਿੰਦੇ। ਗੁਰੂ ਜੀ ਨੇ ਭਰੇ ਦਰਬਾਰ ਵਿਚ ਪ੍ਰਸੰਸਾ ਦੇ ਸ਼ਬਦ ਆਖੇ ਤੇ ਇਤਨੀ ਕਠਿਨ ਘਾਲ ਘਾਲਣ ਵਾਲੇ ਦੇ ਸੰਗਤਾਂ ਨੂੰ ਦਰਸ਼ਨ ਕਰਾਏ। ਭਾਈ ਆਦਮ ਜੀ ਨੇ ਜਦ ਮੱਥਾ ਟੇਕਿਆ ਤਾਂ ਗੁਰੂ ਅਰਜਨ ਦੇਵ ਜੀ ਨੇ ਕਿਹਾ : ਤੇਰੀਆਂ ਇੱਛਾਂ ਪੂਰੀਆਂ ਹੋਈਆਂ। ਆਪਣੀ ਇੱਛਾ ਦੱਸ। ਉਸ ਕਿਹਾ : ਜੀ ਕੇਵਲ ਦਰਸ਼ਨਾਂ ਦੀ ਸਿੱਕ ਸੀ। ਮਹਾਰਾਜ ਨੇ ਫ਼ਰਮਾਇਆ : ਨਹੀਂ ਅਸਲ ਇੱਛਾ ਤੇਰੀ ਹੋਰ ਹੈ। ਉਸ ਹੱਥ ਜੋੜ ਬੇਨਤੀ ਕੀਤੀ ਕਿ ਆਪ ਜਾਣੀ-ਜਾਣ ਹੋ। ਘਰ ਸੰਤਾਨ ਨਹੀਂ ਹੈ। ਬਿਰਧ ਅਵਸਥਾ ਨੂੰ ਪਾਉਣ ਲੱਗਾ ਹਾਂ। ਮਹਾਰਾਜ ਨੇ ਫ਼ਰਮਾਇਆ ਕਿ ਸੰਤਾਨ ਤਾਂ ਤੇਰੇ ਘਰ ਨਹੀਂ ਸੀ ਪਰ ਸੰਗਤਾਂ ਪ੍ਰਸੰਨ ਕੀਤੀਆਂ ਹਨ ਇਸ ਲਈ 'ਨਿੱਜ ਅੰਸ਼' ਤੇ ਬੇਟਾ ਹੋਵੇਗਾ ਜੋ ਸਾਡਾ ਆਤਮ ਸਰੂਪ ਇਕ ਪ੍ਰਕਾਸ਼ ਹੈ, ਉਸ ਦੀ ਕਿਰਨ ਤੁਹਾਡੇ ਘਰ ਆਵੇਗੀ :

'ਇਹ ਕਾਰਨ ਤੇ ਮੈਂ ਨਿਜ ਅੰਸ਼।
ਜਨਮੋ ਤਵ ਗ੍ਰਿਹਿ ਬਿਰਧਹਿ ਬੰਸ।' *(ਰਾਸ ੨, ਅੰਸ਼ ੪੨)*

ਆਦਮ ਜੀ ਦੇ ਘਰ ਭਾਈ ਭਗਤੂ ਪੈਦਾ ਹੋਇਆ, ਜੋ ਛੋਟੀ ਉਮਰ ਤੋਂ ਹੀ ਭਗਤੀ ਵਿਚ ਲੱਗ ਗਿਆ ਸੀ। ਭਾਈ ਜੀ ਨੇ ਮਾਲਵਾ ਵਿਚ ਸਿੱਖੀ ਦਾ ਪਰਚਾਰ ਕੀਤਾ। ਅਨੇਕਾਂ ਨੂੰ ਜੀਵਨ ਦਾ ਸਹੀ ਮਾਰਗ ਦੱਸਿਆ।

**ਭਾਈ ਮੰਝ**—ਭਾਈ ਮੰਝ ਵੀ ਇਕ ਐਸੇ ਵਿਅਕਤੀ ਸਨ ਜਿਨ੍ਹਾਂ ਸੇਵਾ ਦੀ ਹੱਦ ਛੁਹ ਕੇ ਦੱਸੀ ਅਤੇ ਫਿਰ 'ਪਿਆਰਾ ਗੁਰੂ ਕੋ' ਬਣਿਆ।

Sri Satguru Jagjit Singh Ji eLibrary NamdhariElibrary@gmail.com

ਮਹਿਮਾ ਪ੍ਰਕਾਸ਼ ਨੇ ਸਾਖੀ ਸਤਵੀਂ, ਪਾਤਸ਼ਾਹੀ ਪੰਜਵੀਂ ਵਿਚ ਗੁਰੂ ਅਰਜਨ ਦੇਵ ਜੀ ਦਾ ਮੁੱਖ ਵਾਕ ਲਿਖਿਆ ਹੈ ਕਿ ਭਾਈ ਮੰਝ ਦੀ ਸੇਵਾ 'ਤੇ ਪ੍ਰਸੰਨ ਚਿੱਤ ਹੋ ਕੇ ਆਪ ਜੀ ਨੇ ਉਚਾਰਿਆ ਸੀ :

**ਮੰਝ ਪਿਆਰਾ ਗੁਰੂ ਕੋ,**
**ਗੁਰ ਮੰਝ ਪਿਆਰਾ।**
**ਮੰਝ ਗੁਰੂ ਕਾ ਬੋਹਿਥਾ,**
**ਜਗ ਲੰਘਣ-ਹਾਰਾ।**

ਇਧਰ ਭੱਟ 'ਕਲਿਜੁਗ ਜਹਾਜ਼ ਅਰਜੁਨ ਗੁਰੂ' ਕਹਿੰਦੇ ਹਨ, ਉੱਧਰ ਆਪ ਗੁਰੂ ਜੀ ਫ਼ਰਮਾਂਦੇ ਹਨ ਕਿ ਗੁਰੂ ਜੀ ਦਾ ਜਹਾਜ਼ ਭਾਈ ਮੰਝ ਹੈ। ਭਾਈ ਜੀ 'ਗੁਰੂ ਬੋਹਿਥਾ' ਕਿਵੇਂ ਬਣੇ ? ਇਸ ਵਾਰਤਾ ਨੂੰ ਪੜ੍ਹਨ-ਸੁਣਨ ਨਾਲ ਹੀ ਜਗਿਆਸੂ ਵਿਚੋਂ ਲੱਜਾ, ਖ਼ੁਦੀ, ਤਕੱਬਰ ਤੇ ਦੁਰਮਤ ਦਾ ਸ਼ੋਰ ਮੁੱਕਦਾ ਜਾਪੇਗਾ। ਗਵਾਹੀ ਵੀ ਹੈ :

**ਪ੍ਰੇਮ ਲਗਨ ਤਾ ਕੋ ਲਗੀ, ਮਗਨ ਰਹੇ ਨਿਸ ਭੋਰ।**
**ਲਜਾ ਖੁਦੀ ਤਿਕਬਰੀ, ਮਿਟ ਗਇਆ ਦੁਰਮਤ ਸ਼ੋਰ।**

ਭਾਈ ਜੀ ਨੇ ਇਹ ਜਹਾਜ਼ ਅਚੁੱਕ ਸ਼ਰਧਾ ਦੇ ਫੱਟਿਆਂ 'ਤੇ ਅਟੁੱਟ ਨਿੰਮ੍ਰਤਾ ਦੀਆਂ ਮੇਖਾਂ ਲਗਾ ਕੇ ਤਿਆਰ ਕੀਤਾ।

'ਇਸ਼ਆਤ ਇਸਲਾਮ' ਭਾਵ 'ਦੁਨੀਆਂ ਮੇਂ ਇਸਲਾਮ ਕਿਉਂ ਕਰ ਫੈਲੀ' ਪੁਸਤਕ ਵਿਚ ਮੌਲਾਣਾ ਹਬੀਬ-ਉਲ-ਰਹਿਮਾਨ ਨੇ ਲਿਖਿਆ ਹੈ ਕਿ ਨਿਰਾ ਇਹ ਕਹੀ ਜਾਣਾ ਕਿ ਇਸਲਾਮ ਬਜ਼ੋਰ ਸ਼ਮਸ਼ੀਰ ਫੈਲਿਆ, ਢੁੱਕਦਾ ਨਹੀਂ। ਇਸਲਾਮ ਦੇ ਫੈਲਣ ਦੇ ਕਾਰਨ ਵਿਚ ਜਿੱਥੇ ਉਸ ਦੇ ਉੱਚੇ ਅਸੂਲ ਸਨ, ਉੱਥੇ ਬਹੁਤਾ ਹਿੱਸਾ ਪੀਰਾਂ, ਫ਼ਕੀਰਾਂ ਤੇ ਸਖੀ ਸਰਵਰਾਂ ਦਾ ਹੈ। ਪੰਜਾਬ ਵਿਚ ਤਾਂ ਇਹ ਮੂੰਹ ਚੜ੍ਹੀ ਗੱਲ ਹੈ ਕਿ ਜਿਤਨੇ ਮੁਸਲਮਾਨ ਬਾਬਾ ਫ਼ਰੀਦ ਜੀ ਦੀ ਮਿੱਠੀ ਜ਼ਬਾਨ ਨੇ ਬਣਾਏ, ਉਤਨੇ ਸ਼ਾਇਦ ਔਰੰਗਜ਼ੇਬ ਦੀ ਕਠੋਰ ਤਲਵਾਰ ਵੀ ਨਹੀਂ ਬਣਾ ਸਕੀ। **ਤਲਵਾਰ ਦਾ ਜ਼ੋਰ, ਹਕੂਮਤ ਦਾ ਰੁਹਬ ਆਦਮੀ ਨੂੰ ਮਤੀਹ (ਅਧੀਨ) ਬਣਾ ਸਕਦਾ ਹੈ ਪਰ ਧਰਮ ਦਾ ਨਾਮ ਲੈਣਾ ਤਾਂ ਛੁੜਾ ਨਹੀਂ ਸਕਦਾ। ਜਬਰ ਸਰੀਰ ਤਾਂ ਕਾਬੂ ਕਰ ਸਕਦਾ ਹੈ ਪਰ ਰੂਹ ਨਹੀਂ**[1]। ਹਬੀਬ-ਉਲ-ਰਹਿਮਾਨ ਦਾ ਕਥਨ ਬਹੁਤ ਹੱਦ ਤੱਕ ਠੀਕ ਹੈ।

ਦੋ ਹੋਰ ਵੀ ਕਾਰਨ ਕਹੇ ਜਾ ਸਕਦੇ ਹਨ ਇਸਲਾਮ ਫੈਲਣ ਦੇ। ਇਕ, ਉੱਚ ਜਾਤੀਆਂ ਦੇ ਸ਼ੂਦਰ ਅਖਵਾਉਂਦੇ ਲੋਕਾਂ ਨਾਲ ਨਫ਼ਰਤ ਤੇ ਦੂਜੇ ਹਕੂਮਤ ਵਲੋਂ ਲਾਲਚ। ਜਾਤ-ਪਾਤ ਦੇ ਬੰਧਨ ਤਾਂ ਗੁਰੂ ਨਾਨਕ ਦੇਵ ਜੀ ਤੋੜ ਦੱਸ ਗਏ ਸਨ। ਲਾਲਚ ਵਿਚੋਂ ਕਿਰਤ ਦੀ ਮਹੱਤਤਾ ਦ੍ਰਿੜ੍ਹਾ ਕੇ ਕੱਢਿਆ। ਹੁਣ ਪੇਂਡੂ ਮਨਾਂ 'ਤੇ ਪੀਰਾਂ ਦੀ ਪਕੜ ਤੋੜਨੀ ਸੀ। ਇਹ ਕਾਰਜ ਗੁਰੂ ਅਰਜਨ ਦੇਵ ਜੀ ਨੇ ਸੰਭਾਲ ਲਿਆ।

---

1. ਇਸ ਦਾ ਪਰਤੱਖ ਚਮਤਕਾਰ 1984 ਨੂੰ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੌਰਾਨ ਡਿੱਠਾ। ਜਬਰ ਨਾਲ ਕੀਤੇ ਕਰਮਾਂ ਦਾ ਉਲਟਾ ਪ੍ਰਭਾਵ ਪਿਆ।

Sri Satguru Jagjit Singh Ji eLibrary NamdhariElibrary@gmail.com

ਪੰਜਾਬ ਵਿਚ ਲੋਕਾਂ ਨੂੰ ਇਸਲਾਮ ਦੇ ਦਾਇਰੇ ਵਿਚ ਲਿਆਉਣ ਦਾ ਕਾਰਨ ਜਿੱਥੇ ਪੀਰ ਸਨ, ਉਥੇ ਬਹੁਤਾ ਹੱਥ ਸਖੀ ਸਰਵਰਾਂ ਦਾ ਸੀ। ਪੰਜਾਬ ਦੀ ਬਹੁਤ ਜੱਟ ਵਸੋਂ ਦੇਖਣ ਨੂੰ ਹਿੰਦੂ ਸੀ, ਪਰ ਉਹ ਸਖੀ ਸਰਵਰਾਂ ਦੇ ਪ੍ਰਭਾਵ ਹੇਠਾਂ ਆ ਕੇ ਹਿੰਦੂ-ਪੁਣਾ ਛੱਡ ਚੁੱਕੀ ਸੀ। ਇਸਲਾਮ ਵਿਚ ਦਾਖ਼ਲ ਹੋਣ ਲਈ ਸਰਵਰੀਆ ਹੋਣਾ ਇਸਲਾਮ ਵੱਲ ਪਹਿਲਾ ਕਦਮ ਸਮਝਿਆ ਜਾਂਦਾ ਸੀ। ਸਰਵਰੀਆ ਨੂੰ ਸੁਲਤਾਨੀਆ ਵੀ ਕਹਿੰਦੇ ਸਨ ਕਿਉਂਕਿ ਇਸ ਲਹਿਰ ਚਲਾਉਣ ਵਾਲੇ ਬਾਨੀ ਨੂੰ ਸੁਲਤਾਨ ਕਿਹਾ ਜਾਂਦਾ ਸੀ।

ਸੁਲਤਾਨ ਦਾ ਅਸਲ ਨਾਂ ਸਯਦ ਅਹਿਮਦ ਸੀ। ਉਸਦਾ ਜਨਮ 1242 ਈ: ਨੂੰ ਹੋਇਆ ਕਿਹਾ ਜਾਂਦਾ ਹੈ। ਪਿਤਾ ਬਗ਼ਦਾਦ ਦਾ ਰਹਿਣ ਵਾਲਾ ਸੀ ਤੇ ਪਿਤਾ ਨੇ ਆਪਣਾ ਟਿਕਾਣਾ ਮੁਲਤਾਨ ਦੇ ਲਾਗੇ, ਪਿੰਡ ਸਿਆਲਕੋਟ ਵਿਚ ਕੀਤਾ। ਛੋਟੀ ਉਮਰੇ ਹੀ, ਸਯਦ ਅਹਿਮਦ ਬਾਰੇ ਇਹ ਪ੍ਰਸਿੱਧ ਕਰ ਦਿੱਤਾ ਗਿਆ ਕਿ ਉਸ ਨੂੰ ਖ਼ੁਦਾ ਹਜ਼ੂਰ ਸੁਲਤਾਨ ਦੇ ਦਰਸ਼ਨ ਹੋਏ ਹਨ ਤੇ ਅੱਲਾਹ ਹੁਕਮ ਕਰ ਗਿਆ ਹੈ ਕਿ ਥਾਂ-ਥਾਂ ਪੀਰਖ਼ਾਨੇ ਕਾਇਮ ਕੀਤੇ ਜਾਣ। ਕਈ ਥਾਵਾਂ 'ਤੇ ਪੀਰਖ਼ਾਨੇ ਬਣ ਗਏ। ਵੀਰਵਾਰ ਨੂੰ ਸੁਲਤਾਨੀਏ 'ਪੀਰਖ਼ਾਨੇ' ਇਕੱਠੇ ਹੁੰਦੇ ਤੇ ਭੇਟ ਚੜ੍ਹਾਉਂਦੇ। ਸੁਲਤਾਨ ਦੀ ਮੁੱਖ ਭੇਟਾ ਰੋਟੀ ਸੀ। ਇਹ ਵੱਡੀ ਰੋਟੀ, ਜਿਸ ਦਾ ਵਜ਼ਨ ਸਵਾ ਮਣ ਤੱਕ ਵੀ ਹੁੰਦਾ ਸੀ, ਜ਼ਮੀਨ ਤਪਾ ਕੇ ਸਹਿਜੇ-ਸਹਿਜੇ ਪਕਾਈ ਜਾਂਦੀ ਸੀ। ਇਸ ਨੂੰ ਗੁੜ ਨਾਲ ਚੋਪੜ ਕੇ ਪੀਰ ਅੱਗੇ ਰੱਖਦੇ ਸਨ। ਸੁਲਤਾਨ ਦਾ ਪੁਜਾਰੀ, ਭਿਰਾਈ ਦਰੂਦ ਪੜ੍ਹ ਕੇ ਆਪ ਕੁਝ ਆਪ ਰੱਖ ਲੈਂਦਾ ਸੀ ਅਤੇ ਬਾਕੀ ਉਪਾਸ਼ਕਾਂ ਨੂੰ ਦੇ ਦੇਂਦਾ ਸੀ। ਸੁਲਤਾਨ ਦੀ ਮ੍ਰਿਤੂ 1291 ਈ: ਨੂੰ ਹੋਈ ਤਾਂ ਉਸ ਦੀ ਕਬਰ ਡੇਰਾ ਗ਼ਾਜ਼ੀਖ਼ਾਨ ਤੋਂ 22 ਮੀਲ ਪੱਛਮ ਵੱਲ ਨਿਗਾਹੇ ਬਣਾਈ ਗਈ। ਸੁਲਤਾਨੀਏ ਜ਼ਿਆਰਤ ਲਈ ਨਿਗਾਹੇ ਹੀ ਜਾਂਦੇ ਸਨ। ਨਿਗਾਹੇ ਹੀ ਸੁਲਤਾਨ ਦੀ ਇਸਤਰੀ ਬੀਬੀ ਬਾਈ ਦੀ ਵੀ ਕਬਰ ਹੈ।

ਇਸ ਤੋਂ ਉੱਤਰ ਕੇ ਦੂਜਾ ਵੱਡਾ ਪੀਰਖ਼ਾਨਾ ਧੌਂਕਲ ਪਿੰਡ ਵਿਖੇ ਵਜ਼ੀਰਾਬਾਦ ਪਾਸ ਹੈ। ਕੁਝ ਦੇਰ ਸੁਲਤਾਨ ਧੌਂਕਲ ਵੀ ਟਿਕਿਆ ਸੀ। ਇਸ ਤੋਂ ਸੁਲਤਾਨੀਆਂ ਨੂੰ ਧੌਂਕਲੀਆ ਵੀ ਕਿਹਾ ਜਾਂਦਾ ਹੈ।

ਤੀਜਾ ਪ੍ਰਸਿੱਧ ਅਸਥਾਨ ਪੱਖੋਕੇ ਦੇ ਨੇੜੇ, ਨਹਿਰ ਕਿਨਾਰੇ, ਤਰਨਤਾਰਨ ਤੋਂ ਚੜ੍ਹਦੇ ਵੱਲ ਨਗਰ ਬੁੰਡਾਲਾ ਦੇ ਲਾਗੇ ਹੀ ਸੀ। ਕਹਿੰਦੇ ਹਨ ਕਿ ਇਹ ਨਹਿਰ ਸੁਲਤਾਨ ਦੇ ਜਤਨਾਂ ਨਾਲ ਬਣੀ ਸੀ। ਇਹ ਵੀ ਇਕ ਕਰਾਮਾਤ ਹੀ ਗਿਣੀ ਜਾਂਦੀ ਸੀ। ਕੋੜ੍ਹੀਆਂ ਲਈ ਨਹਿਰ ਦਾ ਜਲ ਸੁਖਾਵਾਂ ਕਿਹਾ ਜਾਂਦਾ ਸੀ। ਉਥੇ ਇਕ ਖੂਹ ਵੀ ਲਗਵਾਇਆ ਗਿਆ ਸੀ, ਜਿਸ ਦਾ ਇਸ਼ਨਾਨ ਜ਼ਰੂਰੀ ਸਮਝਿਆ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਨੇ ਸਾਫ਼ ਦੇਖ ਲਿਆ ਸੀ ਕਿ ਕਿਸੇ ਸਮੇਂ ਸਰਵਰੀਆਂ ਦਾ ਪ੍ਰਭਾਵ ਇਤਨਾ ਵਧ ਸਕਦਾ ਹੈ ਕਿ ਧਰਮ ਦੀ ਗੱਲ ਹੀ ਨਾ ਚੱਲੇ। ਕਨ੍ਹਈਆ ਲਾਲ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਸਰਵਰ ਨਾਲ ਸੁਲਤਾਨ ਦੀ ਵੱਡੀ ਗੱਦੀ 'ਤੇ ਗਏ ਸਨ ਤੇ ਉਨ੍ਹਾਂ ਨੇ ਕਬਰ ਪੂਜਾ ਤੋਂ ਵਰਜਿਆ ਸੀ। ਇਕ ਇਹ ਹੀ ਕਾਰਨ

Sri Satguru Jagjit Singh Ji eLibrary NamdhariElibrary@gmail.com

ਹੋ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਕਰਤਾਰਪੁ ਛੱਡ ਕੇ ਖਡੂਰ ਸਾਹਿਬ ਜੋਤ ਜਗਾਉਣ ਲਈ ਹੁਕਮ ਕੀਤਾ ਹੋਵੇ। ਫਿਰ ਗੋਇੰਦਵਾ ਦੇ ਵੱਸ ਜਾਣ ਨਾਲ ਇਨ੍ਹਾਂ ਦੇ ਰਸੂਖ਼ 'ਤੇ ਕਰਾਰੀ ਚੋਟ ਪਈ ਸੀ। ਨਿਗਾਹੇ ਜਾ ਲਈ ਦੁਆਬੇ ਨੂੰ ਗੋਇੰਦਵਾਲ ਤੋਂ ਹੀ ਹੋ ਕੇ ਜਾਣਾ ਪੈਂਦਾ ਸੀ।

ਗੁਰੂ ਅਰਜਨ ਦੇਵ ਜੀ ਨੇ ਇਹ ਸਭ ਵਿਚਾਰ ਕੇ ਹੀ ਤਰਨਤਾਰਨ ਦੀ ਅਸਥਾਪਨ ਕੀਤੀ ਸੀ। ਜੇ ਅਜਿਹਾ ਨਾ ਹੁੰਦਾ ਤਾਂ ਸ੍ਰੀ ਅੰਮ੍ਰਿਤਸਰ ਲਾਗੇ ਹੋਰ ਸ਼ਹਿਰ ਵਸਾਉ ਦੀ ਕੋਈ ਉਚੇਚ ਨਹੀਂ ਸੀ। ਸਰਵਰੀਏ ਨਿਗਾਹੇ ਜਾਣ ਤੋਂ ਪਹਿਲਾਂ ਪੱਖੋਕੇ ਸੁਲਤਾ ਦੇ ਚੇਲੇ ਫੱਤੇ ਦੀ ਕਬਰ ਤੋਂ ਹੋ ਕੇ ਜਾਂਦੇ ਸਨ। ਸੁਲਤਾਨ ਦੇ ਤਿੰਨ ਮੁਖੀ ਸੇਵਕਾਂ ਔਲਾਦ ਪੂਜਾ ਲੈਂਦੀ ਸੀ ਜੋ ਅੱਗੋਂ 1650 ਹਿੱਸਿਆਂ ਵਿਚ ਵੰਡੀਂਦੀ ਸੀ। ਫੱਤਾ ਤਿ ਮੁੱਖ ਚੇਲਿਆਂ ਵਿਚੋਂ ਇਕ ਸੀ।

ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ਾਂ ਨੇ ਸਾਰੇ ਇਲਾਕੇ ਨੂੰ ਹੀ ਸਰਵਰੀਆਂ ਚੁੰਗਲ ਵਿਚੋਂ ਕੱਢਿਆ। ਗੁਰੂ ਅਰਜਨ ਦੇਵ ਜੀ ਨੇ ਅਸਲ ਨਿਗਾਹ ਪ੍ਰਮਾਤਮਾ ਹੀ ਦੱਸੀ। ਉਸ ਦੀ ਨਿਗਾਹ ਵਿਚ ਆਉਣਾ ਹੀ ਗੁਰ-ਪੀਰ ਦੀ ਚਾਕਰੀ ਕਹੀ। ਰ ਵਿਚ ਰਾਜ਼ੀ ਰਹਿਣਾ ਉਸ ਦੀ ਹੀ ਨਿਗਾਹ ਹਾਸਲ ਕਰਨ ਲਈ ਪਹਿਲਾ ਕਦਮ ਕਿਹ ਧਾਗੇ, ਤਵੀਤ ਜਾਂ ਵੀਰਵਾਰ ਨੂੰ ਰੋਟ ਚੜ੍ਹਾ ਕੇ ਭੁੰਜੇ ਸੌਣ ਨਾਲ ਉਸ ਦੀ ਮਿਹਰ ਪਾਤਰ ਨਹੀਂ ਹੋਇਆ ਜਾ ਸਕਦਾ। ਖ਼ਲਕ ਦੀ ਸੇਵਾ ਉਸ ਤੱਕ ਪੁੱਜਣ ਦਾ ਸਿੱ ਰਾਹ ਦੱਸਿਆ। ਭਗਤ ਨਾਮ ਦੇਵ ਜੀ ਦੀ ਬਾਣੀ ਦਾ ਹਵਾਲਾ ਦੇਂਦੇ ਕਿਹਾ ਕਰ ਸਨ, ਹਿੰਦੂ ਅੰਨ੍ਹਾ ਹੋ ਗਿਆ ਹੈ। ਹਿੰਦੂ ਨੇ ਇਕ ਅੱਖ ਤਾਂ ਬ੍ਰਹਮ ਨੂੰ ਨਾ ਪਹਿਚਾਨ ਕਰਕੇ ਗਵਾ ਲਈ ਹੈ, ਦੂਜੀ ਇਸ਼ਟ ਬਾਰੇ ਆਪ ਹੀ ਕੋਹਝੀਆਂ, ਅਰਥਹੀਣ, ਅਸ਼ਰਧ ਗੱਲਾਂ ਕਰਕੇ ਨਸ਼ਟ ਕਰ ਲਈ ਹੈ। ਜਦ ਦੋਵੇਂ ਅੱਖਾਂ ਹੀ ਨਾ ਰਹੀਆਂ ਤਾਂ ਤੱਤਾਂ ਕਿਵੇਂ ਪਛਾਣੇਗਾ? ਲੋੜ ਇਕ ਅਕਾਲ ਪੁਰਖ ਨੂੰ ਮੰਨਣ ਤੇ ਉਸ ਦੀ ਬਣਾਈ ਲੋਕਾ ਨਾਲ ਪਿਆਰ ਕਰਨ ਦੀ ਹੈ। ਸ਼ਬਦ ਨੂੰ ਪਛਾਣਨਾ ਹੀ ਅਸਲ ਕਰਮ ਹੈ। ਅਕਾ ਪੁਰਖ ਦੀ ਥਾਵੇਂ ਗੋਰ, ਮੜ੍ਹੀ, ਗੁੱਗਾ, ਮੱਠ, ਪੀਰਖ਼ਾਨੇ ਨੂੰ ਪੂਜਣਾ ਵਿਅਰਥ ਕਰਮ ਇਹ ਸਭ ਜੜ੍ਹ ਪਦਾਰਥ ਹਨ। ਆਤਮਾ ਸੂਖਮ ਹੈ। ਪ੍ਰਮਾਤਮਾ ਤੱਕ ਪੁੱਜਣ ਦਾ ਖ਼ ਰਾਹ ਨਹੀਂ, ਜੋ ਲੁਕਾਈ ਅਪਣਾਅ ਰਹੀ ਹੈ।

ਭਾਈ ਮੰਝ ਜੀ, ਜਿਨ੍ਹਾਂ ਦਾ ਅਸਲ ਨਾਂ 'ਤੀਰਥਾ' ਸੀ, ਇਕ ਮੋਢੀ ਸੁਲਤਾਨ ਸਨ। ਗਿਆਨੀ ਗਿਆਨ ਸਿੰਘ ਅਨੁਸਾਰ 'ਦੁਆਬੇ ਬਿਸਤ ਵਿਚ, ਮੰਜਕੀ ਦਾ ਮੰ ਰਾਜਪੂਤ, ਤੀਰਥਾ ਨਾਮ ਹਰ ਵਰ੍ਹੇ ਨਿਗਾਹੇ ਸਰਵਰ ਪੀਰ ਦੀ ਯਾਤਰਾ ਜਮਾਤ ਨ ਲੈ ਕੇ ਕਰਨ ਜਾਇਆ ਕਰਦਾ ਸੀ।' ਭਾਈ ਮਨੀ ਸਿੰਘ ਜੀ ਦਾ ਕਹਿਣਾ ਹੈ ਕਿ ਉ ਇਕ ਧਨੀ ਚੌਧਰੀ ਸੀ। ਉਸ ਦੀ ਦੌਲਤ ਦੀਆਂ ਧੁੰਮਾਂ ਦੂਰ-ਦੂਰ ਤੱਕ ਪਈਆਂ ਹੋਈ ਸਨ। ਭਾਈ ਗੁਰਦਾਸ ਜੀ, ਗਿਆਰ੍ਹਵੀਂ ਵਾਰ ਵਿਚ ਭਾਈ ਮੰਝ ਜੀ ਨੂੰ ਪੁੰਨੂੰ (ਜੋ ਕਰਕੇ ਲਿਖਦੇ ਹਨ। 'ਮੰਝ ਪੁੰਨੂੰ ਪਰਵਾਨ ਹੈ', ਉਨ੍ਹਾਂ ਦੇ ਲਿਖੇ ਸ਼ਬਦ ਹਨ। ਭਾਈ ਮ

Sri Satguru Jagjit Singh Ji eLibrary NamdhariElibrary@gmail.com

ਦਾ ਪਿੰਡ ਕੰਗ ਮਾਈ ਸੀ, ਜਿਸ ਨੂੰ ਹੁਣ ਜ਼ਿਲ੍ਹਾ ਤੇ ਤਹਿਸੀਲ ਹੁਸ਼ਿਆਰਪੁਰ ਲੱਗਦੀ ਹੈ ਅਤੇ ਥਾਣਾ ਹਰਿਆਣਾ ਪੈਂਦਾ ਹੈ ਜੋ ਗੜ੍ਹਦੀਵਾਲਾ ਤੋਂ ਅਗਲਾ ਪਿੰਡ ਹੈ। ਹੁਸ਼ਿਆਰਪੁਰ ਸਟੇਸ਼ਨ ਤੋਂ ਕੰਗਮਾਈ ਗਿਆਰਾਂ ਕੁ ਮੀਲ ਹੈ।

ਮਹਾਨ ਕੋਸ਼ ਦੇ ਲਿਖਾਰੀ ਦਾ ਕਹਿਣਾ ਹੈ ਕਿ ਭਾਈ ਮੰਝ ਗੁਰੂ ਅਰਜਨ ਦੇਵ ਜੀ ਦਾ ਇਕ ਅਨਿੰਨ ਸੇਵਕ ਸੀ ਜੋ ਪਹਿਲਾਂ ਸੁਲਤਾਨੀਆਂ ਸੀ ਤੇ ਗੁਰਬਾਣੀ ਦੇ ਅਸਰ ਨਾਲ ਇਕ ਕਰਤਾਰ ਦਾ ਉਪਾਸ਼ਕ ਹੋਇਆ। ਇਨ੍ਹਾਂ ਨੇ ਸੇਵਾ ਕਰਨ ਦਾ ਅਜਿਹਾ ਨਮੂਨਾ ਦੱਸਿਆ ਕਿ ਭਾਈ ਮੰਜ (ਮੰਝ) ਦੀ ਸੇਵਾ ਸਿੱਖਾਂ ਲਈ ਉਦਾਹਰਣ ਰੂਪ ਹੋ ਗਈ। ਇਸ ਪ੍ਰੇਮੀ ਦਾ ਅਸਲ ਨਾਂ 'ਤੀਰਥਾ' ਸੀ ਪਰ ਗੋਤ ਦਾ ਨਾਮ ਕਰਕੇ ਮੰਜ ਜਾਂ ਮੰਝ ਪੈ ਗਿਆ। ਮੰਜ ਚੰਦਰਵੰਸ਼ੀ ਰਾਜਪੂਤਾਂ ਦੀ ਇਕ ਜਾਤ ਹੈ।[1] ਸਲਵਾਨ ਇਸੇ ਗੋਤ ਵਿਚ ਹੋਇਆ ਸੀ। ਇਸ ਦੀ ਕੁਲ ਵਿਚੋਂ ਹੀ ਭਾਈ ਮੰਝ ਹੋਏ।

ਇਸ ਨੇ ਸੁਲਤਾਨੀਏ ਦੇ ਪ੍ਰਭਾਵ ਹੇਠਾਂ ਆ ਕੇ ਪਿੰਡਾਂ ਵਿਚ ਪੀਰਖ਼ਾਨੇ ਬਣਵਾਏ। ਇਤਨੀ ਮੰਝ ਦੀ ਚੜ੍ਹਤ ਸੀ ਕਿ ਜਿੱਧਰ ਜਾਂਦੇ ਘੱਟ ਤੋਂ ਘੱਟ 500 ਸਾਥੀ ਨਾਲ ਹੁੰਦੇ।

ਮਹਿਮਾ ਪ੍ਰਕਾਸ਼ ਦੇ ਲਿਖਾਰੀ ਦਾ ਕਥਨ ਹੈ ਕਿ ਭਾਈ ਮੰਝ ਜੀ ਨੇ ਗੁਰੂ ਦੀ ਮਹਿਮਾ ਸੁਣ ਰੱਖੀ ਸੀ ਪਰ ਜਦੋਂ ਇਕ ਦਿਨ ਗੁਰਬਾਣੀ ਦਾ ਕੀਰਤਨ ਸੁਣਿਆ ਤਾਂ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਦਾ ਚਾਅ ਜਾਗਿਆ।

**'ਅਰ ਦਿਨ ਏਕ ਸੁਨੀ ਗੁਰਬਾਣੀ।**
**ਵੈਰਾਗ ਜੋਗ ਸੁੰਦਰ ਸਭ ਗਨੀ।**
**ਲਗਾ ਮਰਮ ਮਨ ਉਰ ਉਪਜਾਣੀ।**
**ਦਰਸ਼ਨ ਦੇਖਨ ਕੋ ਗੁਰ ਗਿਆਨੀ। ੪।**

*(ਸਾਖੀ ੭, ਗੁਰੂ ਅਰਜਨ)*

ਸੰਨ 1585 ਦੇ ਲਗਪਗ, ਜਦ ਸਾਥ ਸਮੇਤ ਨਿਗਾਹੋਂ ਤੋਂ ਹੋ ਕੇ ਵਾਪਸ ਪਿੰਡ ਜਾ ਰਹੇ ਸਨ ਕਿ ਸ੍ਰੀ ਅੰਮ੍ਰਿਤਸਰ ਗੁਰੂ-ਦਰਸ਼ਨਾਂ ਨੂੰ ਆਏ। ਸ੍ਰੀ ਅੰਮ੍ਰਿਤਸਰ ਵਿਖੇ ਸੇਵਾ, ਰਹਿਣੀ-ਬਹਿਣੀ, ਕਥਨੀ ਕਰਨੀ, ਇਕ ਦੇਖ ਕੇ ਧਰਤੀ ਤੇ ਸਤਿਯੁਗ ਦਾ ਪਰਤੱਖ ਪ੍ਰਮਾਣ ਡਿੱਠਾ। ਆਪਣੇ ਜਥੇ ਸਮੇਤ ਗੁਰੂ ਅਰਜਨ ਦੇਵ ਜੀ ਪਾਸ ਪੁੱਜੇ ਤੇ ਸਿੱਖੀ ਦੀ ਦਾਤ ਮੰਗੀ। ਮਹਾਰਾਜ ਨੇ ਕਿਹਾ : 'ਸਿੱਖ ਹੋਣਾ ਸਹਿਲ ਨਹੀਂ। ਸਿੱਖੀ ਵਾਲ ਨਾਲੋਂ ਬਰੀਕ ਤੇ ਖੰਡੇ ਦੀ ਧਾਰ ਨਾਲੋਂ ਤਿੱਖੀ ਹੈ, ਸਿੱਖੀ ਦਾ ਮੂਲ ਨਿੰਮ੍ਰਤਾ ਹੈ। ਤੂੰ ਸਰਵਰ ਨੂੰ ਆਪਣਾ ਪੀਰ ਬਣਾਇਆ ਹੋਇਆ ਹੈ। ਉਸ ਦਾ ਰਾਹ ਸੌਖਾ ਹੈ। ਇੱਥੇ ਲੋਕ ਲਾਜ ਤਜਣੀ ਪਵੇਗੀ। ਹੋ ਸਕਦਾ ਹੈ, ਇਹ ਸਭ ਚੌਧਰਪੁਣਾ ਵੀ ਨਾਂਹ ਰਹੇ।' ਜਦ ਮੰਝ ਨੇ ਹੱਠ ਕੀਤਾ ਤਾਂ ਆਪ ਜੀ ਨੇ ਭਾਵ ਪੂਰਤ ਬਚਨ ਕੀਤੇ : 'ਪੁਰਖਾ, ਸਿੱਖੀ ਤੇ ਸਿੱਖੀ ਨਹੀਂ ਟਿਕਦੀ।' ਉਸ ਰਮਜ਼ ਪਛਾਣ ਲਈ।

1. ਹੋਰ ਵਿਸਥਾਰ ਲਈ ਦੇਖੋ ਮੇਰੀ ਪੁਸਤਕ 'ਪੁਰਾਤਨ ਇਤਿਹਾਸਕ ਜੀਵਨੀਆਂ।'

Sri Satguru Jagjit Singh Ji eLibrary NamdhariElibrary@gmail.com

ਪਿੰਡ ਪੁੱਜਦਿਆਂ ਪਹਿਲਾਂ ਪੀਰਖ਼ਾਨਾ ਢਾਹਿਆ। ਧਰਮਸਾਲ ਦੀ ਉਸਾਰੀ ਅਰੰਭ ਕਰ ਦਿੱਤੀ। ਸਾਰੇ ਪਿੰਡ ਵਾਸੀ ਵਿਰੋਧੀ ਹੋ ਗਏ। ਕੁਝ ਨੇ ਡਰਾਇਆ ਵੀ ਕਿ 'ਪੀਰਖ਼ਾਨਾ' ਢਾਹੁਣ ਨਾਲ ਉਸ 'ਤੇ ਬਿਪਤਾਵਾਂ ਦੇ ਪਹਾੜ ਗਿਰਣਗੇ। ਦੇਵਨੇਤ ਉਸ ਦਾ ਮਾਲ ਡੰਗਰ ਵੀ ਮਰਨਾ ਸ਼ੁਰੂ ਹੋ ਗਿਆ। ਭਾਈ ਜੀ ਅਕਾਲਪੁਰਖ ਦੀ ਪੂਜਾ ਵਿਚ ਅਟਲ ਰਹੇ। ਸ਼ਿਕਾਇਤਾਂ ਕਰਕੇ ਉਸਦਾ ਚੌਧਰੀਪੁਣਾ ਵੀ ਖੋਹ ਲਿਆ ਗਿਆ। ਭਾਈ ਜੀ ਦ੍ਰਿੜ ਚਿੱਤ ਰਹੇ। ਲੋਕਾਂ ਨੂੰ ਇਹ ਹੀ ਕਹਿੰਦੇ ਰਹੇ ਕਿ ਰੁਕਾਵਟਾਂ ਹਟ ਰਹੀਆਂ ਹਨ। ਆਤਮਾ ਦੀ ਖ਼ੁਰਾਕ ਕੀਰਤਨ ਤੇ ਸ਼ਬਦ ਵਿਚਾਰ ਹੈ। ਆਰਥਿਕ ਸੰਕਟ ਵਧਦਾ ਗਿਆ। ਘਰ ਖਾਣ ਲਈ ਕੁਝ ਨਾ ਰਿਹਾ। ਘਾਹ ਵੇਚ ਕੇ ਗੁਜ਼ਾਰਾ ਕਰਦੇ ਰਹੇ। ਪ੍ਰੇਮ ਰੰਗਣ ਚੜ੍ਹ ਰਹੀ ਸੀ। ਇਕ ਵਾਰੀ ਲੋੜਵੰਦ ਨੇ ਗਿਆਰਾਂ ਰੁਪਏ ਮੰਗੇ ਤਾਂ ਆਪਣੀ ਲੜਕੀ ਵੇਚ ਉਸ ਦੀ ਲੋੜ ਪੂਰੀ ਕਰ ਦਿੱਤੀ। ਫਿਰ ਕਿਸੇ ਹੋਰ ਅਭਿਆਗਤ ਨੇ ਹੱਥ ਪਸਾਰਿਆ ਤਾਂ ਘਰ ਵਾਲੀ ਨੂੰ ਗਹਿਣੇ ਪਾ ਕੇ, ਉਸ ਦੀ ਲੋੜ ਪੂਰੀ ਕੀਤੀ। ਮਹਿਮਾ ਪ੍ਰਕਾਸ਼ ਦਾ ਲਿਖਣਾ ਹੈ ਕਿ ਸੁਪਤਨੀ ਨੇ ਭਾਈ ਜੀ ਨੂੰ ਚਿੰਤਾਤੁਰ ਦੇਖ ਕਿਹਾ ਸੀ ਕਿ ਉਸ ਨੂੰ ਬੇਸ਼ੱਕ ਗਿਰਵੀ ਰੱਖ ਦੇਵੇ, ਪਰ ਲੋੜਵੰਦ ਦੀ ਲੋੜ ਪੂਰੀ ਹੋਣੀ ਚਾਹੀਦੀ ਹੈ।

**ਇਕ ਸੁਗਮ-ਬਾਤ ਮੈਂ ਤੋਸੋ ਭਾਖੋਂ।**
**ਮੈਂ ਆਪਣੇ ਆਪ ਕੋ ਗਿਰਵੀ ਰਾਖੋਂ।**

ਇਥੇ ਮੈਂ ਇਤਨਾ ਜ਼ਰੂਰ ਕਹਿਣਾ ਹੈ ਕਿ ਮਿਥਿਹਾਸਕ ਹਰੀਸ਼ ਚੰਦਰ ਨੂੰ ਤਾਂ ਸਾਰੇ ਜਾਣਦੇ ਹਨ, ਪਰ ਇਤਿਹਾਸਕ ਮੰਝ ਬਾਰੇ ਅਸੀਂ ਲੋਕਾਂ ਨੂੰ ਜਾਣੂੰ ਹੀ ਨਹੀਂ ਕਰਾ ਸਕੇ। ਸਭ ਕੁਝ ਗਵਾ ਕੇ ਵੀ ਭਾਈ ਜੀ ਅਡੋਲ ਰਹੇ। ਸੇਵਾ ਸਿਮਰਨ ਤੋਂ ਸੰਕੋਚ ਨਾ ਕੀਤਾ।

ਹੁਣ ਸ੍ਰੀ ਅੰਮ੍ਰਿਤਸਰ ਵੱਲ ਮੂੰਹ ਕੀਤਾ। ਲੱਜ, ਮਾਨ, ਅਭਿਮਾਨ ਤਜ ਕੇ ਸੇਵਾ ਵਿਚ ਜੁੱਟ ਗਏ। ਸਵੇਰੇ ਕੀਰਤਨ ਤੇ ਕਥਾ ਸੁਣਨ ਉਪਰੰਤ ਗੁਰੂ ਮਹਾਰਾਜ ਦੇ ਘੋੜਿਆਂ ਲਈ ਘਾਹ ਖੋਤਰ ਕੇ ਲਿਆਂਦੇ। ਫਿਰ ਜੰਗਲ ਵਿਚ ਲੰਗਰ ਲਈ ਲੱਕੜਾਂ ਕੱਟ ਕੇ ਲੈ ਆਉਣ ਲਈ ਟੁਰ ਜਾਂਦੇ। ਪ੍ਰਸ਼ਾਦ ਲੰਗਰ ਤੋਂ ਛਕ ਲੈਂਦੇ, ਕੁਝ ਚਿਰ ਤਾਂ ਇਹ ਨੇਮ ਚਲਦਾ ਰਿਹਾ। ਇਕ ਦਿਨ ਪੰਜਵੇਂ ਪਾਤਸ਼ਾਹ ਨੇ ਭਾਈ ਜੀ ਤੋਂ ਪੁੱਛ ਹੀ ਲਿਆ ਕਿ ਪ੍ਰਸ਼ਾਦ ਕਿਥੋਂ ਖਾਂਦੇ ਹੋ? ਮੰਝ ਜੀ ਨੇ ਦੱਸਿਆ, ਲੰਗਰ ਤੋਂ। ਮਹਾਰਾਜ ਨੇ ਸੁਭਾਵਕ ਕਿਹਾ, 'ਇਹ ਤਾਂ ਫਿਰ ਮਜ਼ਦੂਰੀ ਹੀ ਹੋਈ।' ਭਾਈ ਜੀ ਕਿਰਤ ਦੀ ਮਹੱਤਤਾ ਸਮਝ ਗਏ। ਉਸ ਦਿਨ ਤੋਂ ਪਿੱਛੋਂ ਕਦੇ ਲੰਗਰ ਦਾ ਪ੍ਰਸ਼ਾਦਾ ਨਾ ਛਕਿਆ। ਲੰਗਰ ਵਿਚ ਲੱਕੜੀ ਉਸੇ ਪ੍ਰਕਾਰ ਲਿਆ ਕੇ ਪਾਂਦੇ ਰਹੇ। ਨਿਜ ਦੀ ਰੋਟੀ ਲਈ ਰਾਤ ਨੂੰ ਪੀਹਣ ਕਰ ਕੇ ਜੋ ਮਜ਼ਦੂਰੀ ਵਜੋਂ ਮਿਲਦਾ, ਉਸ ਨਾਲ ਗੁਜ਼ਾਰਾ ਕਰਦੇ। ਇਹ ਕਰੜੀ ਕਾਰ ਦੇਖ ਕਈ ਤਾਂ ਤ੍ਰਾਹ-ਤ੍ਰਾਹ ਕਰਦੇ, ਪਰ ਬਹੁਤੇ ਧੰਨ ਸਿੱਖ ਤੇ ਧੰਨ ਸਿੱਖੀ ਹੀ ਕਹਿੰਦੇ।

ਇਕ ਵਾਰੀ, ਫੇਰ ਗੁਰੂ ਅਰਜਨ ਦੇਵ ਜੀ ਨੇ ਭਾਈ ਜੀ ਨੂੰ ਕਿਹਾ : 'ਮੰਝ, ਸਿੱਖ ਹੋ ਕੇ ਤੂੰ ਕੀ ਖੱਟਿਆ? ਚੌਧਰਪੁਣਾ ਗਵਾਇਆ। ਸਿੱਖੀ ਸੇਵਕੀ ਗਈ, ਧਨ ਨਾਸ਼। ਇਸਤਰੀ ਗਹਿਣੇ ਪਈ, ਬੇਟੀ ਵਿਕ ਗਈ। ਰਾਤ ਦਿਨ ਇੱਥੇ ਵੀ ਚੈਨ ਨਹੀਂ। ਜਾਓ

Sri Satguru Jagjit Singh Ji eLibrary NamdhariElibrary@gmail.com

ਘਰ ਦੀ ਖ਼ਬਰ ਲਵੋ। ਸੁਣਿਆ ਹੈ ਘਰ ਕੋਠੇ ਵੀ ਜ਼ਬਤ ਹੋ ਗਏ ਹਨ।' ਇਹ ਸੁਣ ਕੇ ਮੰਝ ਨੇ ਗੁਰੂ ਜੀ ਦੇ ਚਰਨ ਪਕੜ ਲਏ ਤੇ ਕਿਹਾ : 'ਮਹਾਰਾਜ, ਚਰਨਾਂ ਨਾਲੋਂ ਵਿਛੋੜਨ ਦੀ ਗੱਲ ਨਾ ਕਹਿਣਾ। ਸੱਚੇ ਪਾਤਸ਼ਾਹ ਤੁਸੀਂ ਆਪ ਤਾਂ ਕਹਿੰਦੇ ਹੋ, ਸੁਪਨੇ ਦਾ ਧਨ ਜਾਏ ਤਾਂ ਕਿਆ ਘਟ ਜਾਂਦਾ ਹੈ। ਝੂਠਾ ਧਨ ਗਵਾ ਕੇ ਸੱਚਾ ਧਨ ਲੱਭਾ ਹੈ, ਜਿਸ ਨੂੰ ਚੋਰ ਉਚੱਕਾ ਤੇ ਰਾਜਾ ਵੀ ਖੋਹ ਨਹੀਂ ਸਕਦਾ।' ਗੁਰੂ ਜੀ ਭਾਈ ਜੀ ਦਾ ਸਿਦਕ ਦੇਖ ਬਹੁਤ ਪ੍ਰਸੰਨ ਹੋਏ। ਹੁਣ ਤਾਂ ਬਣ ਰਹੇ ਜਹਾਜ਼ ਵਿਚ ਕੇਵਲ ਆਖ਼ਰੀ ਮੇਖ ਹੀ ਲਗਾਉਣੀ ਰਹਿੰਦੀ ਸੀ।

ਇਕ ਸ਼ਾਮ ਭਾਈ ਜੀ ਲੰਗਰ ਲਈ ਲੱਕੜਾਂ ਕੱਟ ਕੇ ਲਿਆ ਰਹੇ ਸਨ ਕਿ ਜ਼ੋਰ ਦੀ ਹਨੇਰੀ ਝੁੱਲੀ ਤੇ ਫਿਰ ਝੱਖੜ ਨੇ ਜ਼ੋਰ ਪਾ ਲਿਆ। ਰਾਹ ਤੋਂ ਭਾਈ ਜੀ ਖੁੰਝ ਗਏ ਅਤੇ ਸੁਲਤਾਨ ਵਿੰਡ ਦੇ ਲਾਗੇ ਹੀ ਇਕ ਖੂਹ ਵਿਚ ਜਾ ਡਿੱਗੇ। ਖੂਹ ਵਿਚ ਪਿਆਂ, ਉਨ੍ਹਾਂ ਲੰਗਰ ਦੀਆਂ ਲੱਕੜਾਂ ਦੀ ਸੰਭਾਲ ਆਪਣੇ ਨਾਲੋਂ ਵੱਧ ਰੱਖੀ। ਲੱਕੜਾਂ ਨੂੰ ਸਿਰ 'ਤੇ ਹੀ ਟਿਕਾਈ ਰੱਖਿਆ ਮਤਾਂ ਗਿੱਲੀਆਂ ਨਾ ਹੋ ਜਾਣ। ਉਸੇ ਦਸ਼ਾ ਵਿਚ ਪਏ, ਉੱਚੀ-ਉੱਚੀ ਬਾਣੀ ਪੜ੍ਹਦੇ ਰਹੇ।

ਇਧਰ ਸ੍ਰੀ ਅੰਮ੍ਰਿਤਸਰ ਚਿੰਤਾ ਹੋਣ ਲੱਗੀ ਕਿ ਭਾਈ ਸਾਹਿਬ ਲੱਕੜਾਂ ਲੈ ਕੇ ਨਹੀਂ ਮੁੜੇ, ਕਿਧਰੇ ਤੂਫ਼ਾਨ ਦੀ ਲਪੇਟ ਵਿਚ ਹੀ ਨਾ ਆ ਗਏ ਹੋਣ। ਕਾਫ਼ੀ ਰਾਤ ਪਏ ਜਦ ਖੋਜੀਆਂ ਨੇ ਖੂਹ ਵਿੱਚੋਂ ਬਾਣੀ ਦੀ ਆਵਾਜ਼ ਸੁਣੀ ਤਾਂ ਗੁਰੂ ਜੀ ਵੱਲ ਸੱਜਣ ਦੌੜਾਏ। ਮਹਾਰਾਜ ਜੀ ਉਸੇ ਸਮੇਂ ਨੰਗੇ ਪੈਰੀਂ ਹੀ ਖੂਹ ਵੱਲ ਦੌੜ ਪਏ। ਰੱਸੇ ਵੀ ਆ ਗਏ। ਉਤੋਂ ਆਵਾਜ਼ ਦਿੱਤੀ ਕਿ ਲੱਕੜਾਂ ਸੁੱਟ ਕੇ ਉਪਰ ਆ ਜਾਓ। ਭਾਈ ਜੀ ਨੇ ਉਸੇ ਸਹਿਜ ਵਿਚ ਕਿਹਾ : 'ਪਹਿਲਾਂ ਲੱਕੜਾਂ ਕੱਢੋ, ਫਿਰ ਉਹ ਵੀ ਆ ਜਾਣਗੇ।' ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ ਕਿਹਾ :

**ਜਹ ਤਨ ਭੀਗੀਐ ਬਿਗਰਤ ਨਾਹੀ**
**ਲਕੜੀ ਭੀਗੀ ਜਰ ਹੈ ਨਾਹੀ।**

ਇਸੇ ਤਰ੍ਹਾਂ ਹੀ ਕੀਤਾ ਗਿਆ। ਖੂਹ ਦੀ ਮਣ ਪਾਸ ਗੁਰੂ ਅਰਜਨ ਦੇਵ ਜੀ ਨੂੰ ਖੜ੍ਹਾ ਦੇਖ, ਭਾਈ ਜੀ ਗੁਰੂ ਚਰਨਾਂ ਨਾਲ ਲਿਪਟ ਗਏ। ਮਹਾਰਾਜ ਨੇ ਚੁੱਕ ਛਾਤੀ ਨਾਲ ਲਗਾਇਆ ਤੇ ਫ਼ਰਮਾਇਆ : 'ਤੁਹਾਡੀ ਘਾਲ ਥਾਇ ਪਈ। ਕੁਝ ਮੰਗੋ।' ਭਾਈ ਜੀ ਨੇ ਉਸੇ ਪਹਿਲੀ ਨਿੰਮ੍ਰਤਾ ਵਿਚ ਕਿਹਾ : 'ਗ਼ਰੀਬ ਨਿਵਾਜ! ਜੋ ਕੁਝ ਤੁਸਾਂ ਦੇਣਾ ਹੈ ਸੋ ਦੇ ਰਹੇ ਹੋ। ਅਬ ਇਹ ਦਾਨ ਦੇਵੋ ਕਿ ਅਜਾਚੀ ਹੋਵਾਂ। ਮੰਗਣ ਦੀ ਬਿਰਤੀ ਨਾ ਉਪਜੇ।' ਮਹਾਰਾਜ ਨੇ ਕਿਹਾ : 'ਐਸਾ ਹੀ ਹੋਵੇਗਾ ਪਰ ਫਿਰ ਵੀ ਕੁਝ ਮੰਗੋ।' ਭਾਈ ਜੀ ਨੇ ਕਿਹਾ : 'ਜੇ ਤੁੱਠੇ ਹੋ ਤਾਂ ਮਿਹਰ ਕਰੋ! ਕਲਜੁਗ ਦਾ ਸਮਾਂ ਹੈ, ਇਤਨੀ ਤਾੜਨਾ ਨ ਕਰਾਇਆ ਕਰੋ। ਸਿੱਖਾਂ ਨੂੰ ਇਤਨਾ ਕਸ਼ਟ ਨਾ ਮਿਲੇ।' ਬਖ਼ਸ਼ਸ਼ਾਂ ਦੇ ਦਾਤੇ ਨੇ ਕਿਹਾ : 'ਇਹ ਵੀ ਮਿਲੇਗਾ। ਪਰ ਤੂੰ ਵੀ ਕੁਝ ਮੰਗ।' ਭਾਈ ਜੀ ਨੇ ਹੋਰ ਨਿੰਮ੍ਰ ਹੋ ਕੇ ਕਿਹਾ : 'ਮਹਾਰਾਜ! ਆਪ ਜੀ ਦੇ ਚਰਨਾਂ ਦਾ ਧਿਆਨ ਮਿਲੇ, ਸਤਿਨਾਮ ਦਾ

Sri Satguru Jagjit Singh Ji eLibrary NamdhariElibrary@gmail.com

ਸਿਮਰਨ ਕਦੇ ਨਾ ਭੁੱਲੇ। ਜੇ ਬਖ਼ਸ਼ਿਸ਼ ਦੇ ਘਰ ਆਏ ਹੋ ਤਾਂ ਸਿਦਕ ਦਾਨ ਝੋਲੀ ਪਾਓ।' ਗੁਰੂ ਜੀ ਇਹ ਸੁਣ ਕੇ ਆਪੂੰ ਵੀ ਸਰੂਰ ਵਿਚ ਆ ਗਏ ਤੇ ਫ਼ਰਮਾਇਆ :

**ਮੰਝ ਪਿਆਰਾ ਗੁਰੂ ਕੋ, ਗੁਰ ਮੰਝ ਪਿਆਰਾ।**
**ਮੰਝ ਗੁਰੂ ਕਾ ਬੋਹਿਥਾ, ਜਗ ਲੰਘਣ ਹਾਰਾ।**

ਗੁਰੂ ਜੀ ਦਾ ਭਾਵ ਸੀ ਕਿ ਜੋ ਮੰਝ ਦੀ ਘਾਲਣਾ ਨੂੰ ਜਾਣ ਬੁੱਝ ਲਏਗਾ, ਉਹ ਇਸ ਭਵ-ਸਾਗਰ ਤੋਂ ਪਾਰ ਹੋ ਜਾਏਗਾ।

ਜੱਗ ਤੋਂ ਪਾਰ ਹੋਣ ਲਈ ਸਭ ਤੋਂ ਵੱਡੀ ਰੁਕਾਵਟ ਹਉਮੈ ਹੈ, ਜੋ ਕਈ ਰੂਪ ਧਾਰ ਕੇ ਜਗਿਆਸੂ ਨੂੰ ਢਾਹੁੰਦੀ ਹੈ। ਚੌਧਰਪੁਣਾ ਹੀ ਉਸ ਵੱਲ ਵਧਣ ਨਹੀਂ ਦੇਂਦਾ। ਸਿੱਖੀ, ਸੇਵਕੀ ਬੰਧਨ ਰੂਪ ਹੋ ਪਿਛਾਂਹ ਵੱਲ ਘਸੀਟਦੇ ਰਹਿੰਦੇ ਹਨ। ਧਨ ਦਾ ਮਾਣ ਰਾਹ ਦਾ ਵੱਡਾ ਪੱਥਰ ਹੈ। ਪੁੱਤਰ, ਪੁੱਤਰੀ, ਇਸਤਰੀ ਮੋਹ ਜਾਲ ਵਿਚ ਐਸਾ ਜਕੜ ਲੈਂਦੇ ਹਨ ਕਿ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਮੋਹ ਵਿਚ ਫਸਿਆ ਜੀਵ ਬਹੁਤੀ ਵਾਰੀ ਧਰਮ ਦਾ ਰਾਹ ਹੀ ਛੱਡ ਜਾਂਦਾ ਹੈ। ਭਾਈ ਜੀ ਦੀ ਜੀਵਨ-ਘਾਲ ਦੱਸ ਪਾ ਰਹੀ ਹੈ ਕਿ ਕਦੇ ਇਨ੍ਹਾਂ ਨੂੰ ਰੁਕਾਵਟ ਨਹੀਂ ਬਣਨ ਦੇਣਾ ਚਾਹੀਦਾ। ਇਹ ਸਾਧਨ ਰਹਿਣ। 'ਇਯਾ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੋ ਦਇਓ' ਇਨ੍ਹਾਂ ਵਿਚ ਜੋ ਅਟਕ ਗਿਹਾ, ਉਹ ਅੱਗੇ ਤੁਰ ਨਹੀਂ ਸਕੇਗਾ। ਇਤਨਾ ਕੁਝ ਕਰਕੇ, ਫਿਰ ਅਹੰਕਾਰੀ ਨਹੀਂ ਹੋਣਾ ਚਾਹੀਦਾ। ਨਿੰਮ੍ਰਤਾ ਨਿਰੋਲ ਸੇਵਾ ਨਾਲ ਰਹਿੰਦੀ ਹੈ। ਕਿਰਤ ਸੁੱਚੀ ਰੱਖਣੀ ਲਾਜ਼ਮੀ ਹੈ। ਕਰਮ ਦਾ ਫਲ ਮੰਗਿਆਂ ਤੋਂ ਹੋਰ ਹਉਮੈ ਉਪਜਦੀ ਹੈ। ਨਾਮ ਬਾਣੀ ਨਾਲ ਹੋਵੇ ਤਾਂ ਸੇਵਾ ਸੁਆਰਥ ਰਹਿਤ ਰਹਿੰਦੀ ਹੈ। ਨਿਰਲੋਭ ਸੇਵਾ ਦੇਖ ਗੁਰੂ ਦੌੜ ਕੇ ਪਾਸ ਆਉਂਦਾ ਹੈ। ਜੇ ਜ਼ਰਾ ਗਹੁ ਨਾਲ ਦੇਖਿਆ ਜਾਏ ਕਿ ਉਜਾੜ ਵਿਚ ਡਿੱਗੇ ਖੂਹ ਵਿਚ ਭਾਈ ਜੀ ਨੂੰ ਕੀ ਪਤਾ ਸੀ ਕਿ ਕੋਈ ਬਚਾਉਣ ਵਾਲਾ ਆ ਜਾਏਗਾ। ਉਥੇ ਵੀ ਸੇਵਾ ਦਾ ਖ਼ਿਆਲ ਨਾ ਛੱਡਿਆ ਤੇ ਲੰਗਰ ਦੀਆਂ ਲੱਕੜਾਂ ਦੀ ਸੰਭਾਲ ਕੀਤੀ। ਉਸ ਦਸ਼ਾ ਵਿਚ ਵੀ ਬਾਣੀ ਹੀ ਪੜ੍ਹਦੇ ਰਹੇ। ਜੋ ਵੀ ਸੇਵਾ ਨਿਸ਼ਕਾਮ ਹੋ ਕਰੇਗਾ, ਸਿਰ ਮੱਥੇ ਨਿਭਾਏਗਾ, ਗੁਰੂ ਮਾਲਕ ਆਪ ਲੱਜਾ ਰੱਖੇਗਾ ਤੇ ਛਾਤੀ ਨਾਲ ਲਗਾ ਬਖ਼ਸ਼ਸ਼ਾਂ ਕਰੇਗਾ। ਫਿਰ ਭਾਈ ਜੀ ਦਾ 'ਅਜਾਚੀ ਹੋਣਾ' ਮੰਗਣਾ ਅਤੇ ਲੋਕ ਭਲਾਈ ਲਈ ਗੁਰੂ ਪਾਸ ਅਰਦਾਸ ਕਰਨੀ ਵੀ ਇਕ ਉੱਚ ਅਵਸਥਾ ਦੀ ਨਿਸ਼ਾਨੀ ਹੈ। ਭਾਈ ਜੀ ਨੇ ਸ਼ਰਧਾ ਸਿਦਕ ਦੇ ਫੱਟਿਆਂ ਤੇ ਨਿੰਮ੍ਰਤਾ ਦੀ ਮੇਖ ਨਾਲ ਐਸਾ ਜਹਾਜ਼ ਤਿਆਰ ਕੀਤਾ ਕਿ ਉਸ 'ਤੇ ਚੜ੍ਹ ਕੋਈ ਵੀ ਭਵ ਸਾਗਰ ਤੋਂ ਪਾਰ ਹੋ ਸਕਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਪੁੱਗਿਆ ਜਾਣ, ਉਨ੍ਹਾਂ ਨੂੰ ਦੁਆਬੇ ਵਿਚ ਪ੍ਰਚਾਰ ਕਰਨ ਲਈ ਨੀਯਤ ਕੀਤਾ। ਮਹਾਨ ਕੋਸ਼ ਦੀ ਗਵਾਹੀ ਹੈ ਕਿ ਇਸ ਮਹਾਤਮਾ ਨੇ ਇਲਾਕੇ ਵਿਚ ਐਸਾ ਲੰਗਰ ਚਲਾਇਆ ਕਿ ਦੂਰ-ਦੂਰ ਤੱਕ ਧੁੰਮਾਂ ਪਈਆਂ। ਨਾਮ ਦੇ ਇਤਨੇ ਛੱਟੇ ਮਾਰੇ ਕਿ ਘਰ-ਘਰ ਅੰਦਰ ਹੁਣ ਧਰਮਸਾਲ ਹੋਈ। ਗੁਰੂ ਅਰਜਨ ਦੇਵ ਜੀ ਜਦ 1596 ਈ: ਨੂੰ ਦੁਆਬੇ ਵੱਲ ਪ੍ਰਚਾਰ ਕਰਨ ਲਈ ਗਏ ਤਾਂ ਭਾਈ ਜੀ ਦੇ ਪਿੰਡ ਕੰਗਮਾਈ

Sri Satguru Jagjit Singh Ji eLibrary NamdhariElibrary@gmail.com

ਉਚੇਚੇ ਤੌਰ 'ਤੇ ਪੁੱਜੇ। ਭਾਈ ਜੀ ਦੇ ਪਰਚਾਰ-ਢੰਗ ਦੀ ਉਨ੍ਹਾਂ ਬਹੁਤ ਹੀ ਉਪਮਾ ਕੀਤੀ। ਭਾਈ ਬਹਲੋ ਮਾਲਵਾ, ਭਾਈ ਮੰਝ ਦੁਆਬਾ ਅਤੇ ਚੌਧਰੀ ਲੰਗਾਹ ਮਾਝੇ ਵਿਚ ਸਿੱਖੀ ਦੇ ਥੰਮ੍ਹ ਸਨ।

ਪਿੰਡ ਕੰਗਮਾਈ ਹੀ ਆਪ ਜੀ ਦਾ ਅਕਾਲ ਚਲਾਣਾ ਹੋਇਆ ਸੀ ਅਤੇ ਸਸਕਾਰ ਵਾਲੀ ਥਾਂ ਹੀ ਸੰਗਤਾਂ ਨੇ ਸਮਾਧ ਬਣਾ ਦਿੱਤੀ ਸੀ। ਹੁਣ ਲੰਗਰ ਚਲਦੇ ਰਹਿੰਦੇ ਹਨ।

# 4

# ਗੁਰ ਸਮੁੰਦ ਨਦੀ ਸਭਿ ਸਿੱਖੀ

ਸੁਖਮਨੀ ਸਾਹਿਬ ਦੀ ਹੀ ਤੁਕ ਹੈ ਕਿ ਜਿਸ ਦੇ ਅੰਦਰ ਨਿਰੰਕਾਰ ਦਾ ਵਾਸਾ ਹੈ, ਉਸ ਦੇ ਇਕ ਬਚਨ ਨਾਲ ਹੀ ਜਗਤ ਤਰ ਜਾਂਦਾ ਹੈ ਪਰ ਜੋ ਆਪ ਪਰਤਖਿ ਹਰਿ ਹੋਵੈ ਉਸ ਦੇ ਬਚਨ ਤਾਂ ਹਿਰਦਾ ਹੀ ਵੇਧ ਦੇਂਦੇ ਹੋਣਗੇ। ਗੁਰੂ ਅਰਜਨ ਦੇਵ ਜੀ ਦੇ ਵਾਕ ਅਨੇਕਾਂ ਦੇ ਹਿਰਦੇ ਵਿਚ ਜੀਵਨ ਰੌ ਚਲਾ ਦੇਂਦੇ ਸਨ। ਭਾਈ ਸੰਤੋਖ ਸਿੰਘ ਨੇ ਕਿਹਾ ਵੀ ਹੈ ਕਿ ਉਨ੍ਹਾਂ ਦੇ ਮਹਾਂਵਾਕ ਮਿਥਿਹਾਸਕ ਅਰਜਨ ਦੇ ਤੀਰਾਂ ਵਾਂਗ ਅਮੋਘ ਹਨ। 'ਅਰਜਨ ਸਰ ਸੇ ਵਾਕ।' ਪਰ ਫਿਰ ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ, ਨਹੀਂ ਪੰਚਮ ਪਾਤਸ਼ਾਹ ਦੇ ਵਾਕ ਅਰਜਨ ਦੇ ਤੀਰਾਂ ਤੋਂ ਸ੍ਰੇਸ਼ਟ ਹਨ। ਉਹ ਮਾਰਦੇ ਸਨ, ਇਹ ਜੀਵਾਲਦੇ ਹਨ। ਉਹ ਸ਼ਤਰੂ ਨੂੰ ਪਛਾੜਦੇ ਸਨ, ਇਹ ਵਿਕਾਰ-ਬਿਰਤੀ ਨੂੰ ਮਾਰਦੇ ਵੀ ਹਨ ਅਤੇ ਨਾਲ ਹੀ ਜੀਵਨ ਦਾਨ ਵੀ ਦੇਂਦੇ ਹਨ।

**ਸਿਖ ਸੰਗਤਿ ਸਭ ਨਾਵੈ**

ਗੁਰੂ ਸਮੁੰਦ ਵਿਚ ਸਿੱਖੀ ਰੂਪ ਨਦੀ ਚਾਅ ਨਾਲ ਉਮਡ ਉਮਡ ਪੈ ਰਹੀ ਸੀ। ਇਸ਼ਨਾਨ ਕਰ ਵਡਿਆਈ ਪਾ ਨਿੱਜ ਨੂੰ ਪਾਂਦੀ ਸੀ। ਭੱਟਾਂ ਦੇ ਕਥਨ ਅਨੁਸਾਰ ਗੁਰੂ ਚਰਨਾਂ ਹੇਠ ਵਗਦੀ ਗੰਗਾ ਵਿਚ ਸਿੱਖ ਸੰਗਤਾਂ ਦੂਰੋਂ ਨੇੜਿਓਂ ਆ ਕੇ ਅਸੀਸਾਂ, ਬਖ਼ਸ਼ਿਸ਼ਾਂ ਅਤੇ ਬਰਕਤਾਂ ਲੈ ਰਹੀਆਂ ਸਨ। 'ਅਜੈ ਗੰਗ ਜਲ ਅਟਲ ਸਿੱਖ ਸੰਗਤਿ ਸਭ ਨਾਵੈ॥' ਕਿਸੇ ਦੀ ਸੁੱਕੀ ਜੜ੍ਹ ਹਰੀ ਹੁੰਦੀ, ਕਿਸੇ ਦੀ ਪਸ਼ੂ ਬਿਰਤੀ ਹਟਦੀ, ਕੋਈ ਸਰੀਰਕ ਰੋਗਾਂ ਤੋਂ ਮੁਕਤ ਹੁੰਦਾ, ਕੋਈ ਨਾਮ ਨਾਲ ਵਰੋਸਾਇਆ ਜਾਂਦਾ। ਕੋਈ ਜੀਵਨ ਮੁਕਤ ਹੁੰਦਾ, ਕੋਈ ਸ਼ਾਂਤੀ ਦੀ ਦਾਤ ਅਤੇ ਕਿਸੇ ਨੂੰ ਧੀਰਜ ਦੀ ਬਖ਼ਸ਼ਿਸ਼ ਹੁੰਦੀ। ਹੰਤਾ ਮਰਦੀ, ਮਮਤਾ ਮੁੱਕਦੀ। ਲੋਕੀਂ ਲੋਕ ਵੀ ਸੁਖੀ ਕਰਦੇ ਤੇ ਪ੍ਰਲੋਕ ਵੀ ਸੁਹੇਲਾ ਕਰਨ ਦੀ ਜਾਚ ਸਿੱਖਦੇ।

ਭਾਈ ਗੁਰਦਾਸ ਜੀ ਨੇ ਵਾਰ ਗਿਆਰ੍ਹਵੀਂ ਵਿਚ ਉਨ੍ਹਾਂ ਅਨੇਕ ਸਿੱਖਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਗੁਰੂ ਅਰਜਨ ਦੇਵ ਜੀ ਕੋਲੋਂ ਜੀਵਨ ਜਾਚ ਸਿੱਖੀ। ਉਸੇ ਦੀ ਵਿਆਖਿਆ ਭਾਈ ਮਨੀ ਸਿੰਘ ਜੀ ਨੇ ਕੀਤੀ ਤੇ ਵਿਸਥਾਰ ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਦੀ ਰਾਸ ਤੀਜੀ ਦੇ ਕੁਝ ਅੰਸ਼ਾਂ ਵਿਚ ਦਿੱਤਾ ਹੈ। ਉਨ੍ਹਾਂ ਵਿਚੋਂ ਕੁਝ



Sri Satguru Jagjit Singh Ji eLibrary NamdhariElibrary@gmail.com

ਕੁ ਉੱਘੇ ਸਿੱਖਾਂ ਦਾ ਵਰਣਨ ਕਰਨਾ ਹੈ।

ਇਸ ਸੂਚੀ 'ਤੇ ਰਤਾ ਕੁ ਨੀਝ ਪਾਉਣ ਨਾਲ ਇਹ ਪ੍ਰਗਟ ਹੋ ਜਾਏਗਾ ਕਿ ਆਪ ਜੀ ਹਰ ਜ਼ਾਤ, ਹਰ ਪਾਤ, ਹਰ ਪ੍ਰਾਂਤ, ਹਰ ਧਰਮ, ਹਰ ਕਰਮ, ਹਰ ਕਿੱਤੇ ਤੇ ਹਰ ਥਾਂ ਤੋਂ ਜਗਿਆਸੂ, ਢੂੰਡਾਊ, ਅੜੇ ਅਟਕੇ ਤੇ ਖੁੰਝੇ ਹੋਏ ਆਉਂਦੇ ਸਨ। ਸਿੱਖੀ ਦੀ ਦਾਤ ਲੈ ਕੇ ਚਾਈਂ-ਚਾਈਂ ਪਰਤਦੇ ਸਨ। ਰੱਬ ਦੇ ਢੂੰਡਾਊਆਂ ਦੇ ਮਨਾਂ ਅੰਦਰ ਉੱਠੇ ਹਰ ਸ਼ੰਕੇ, ਪ੍ਰਸ਼ਨ ਦਾ ਨਿਤਾਰਾ ਆਪਣੇ ਬਚਨਾਂ ਨਾਲ ਗੁਰੂ ਜੀ ਕਰਦੇ। ਇਸ ਤੋਂ ਇਹ ਵੀ ਪਤਾ ਲੱਗੇਗਾ ਕਿ ਗੁਰੂ ਅਰਜਨ ਦੇਵ ਜੀ ਸਿੱਖੀ ਬੂਟੇ ਦੀ ਸੰਭਾਲ ਕਿਸ ਲੰਮੀ ਨਦਰ ਨਾਲ ਕਰ ਰਹੇ ਸਨ।

**ਗ੍ਰਹਿਸਤ ਉੱਚਾ ਤੇ ਸੌਖਾ ਰਾਹ**

ਆਗਰੇ ਦੀ ਸੰਗਤ ਜਦ ਗੁਰੂ ਜੀ ਕੋਲੋਂ ਵਿਦਾਇਗੀ ਲੈ ਮੁੜਨ ਲੱਗੀ ਤਾਂ ਉਨ੍ਹਾਂ ਨੇ ਬੇਨਤੀ ਕੀਤੀ ਕਿ ਅਸੀਂ ਜੋ ਗ੍ਰਹਿਸਤੀ ਹਾਂ, ਸਾਨੂੰ ਬੈਰਾਗੀ, ਜੋਗੀ, ਸੰਨਿਆਸੀ ਕਹਿੰਦੇ ਹਨ ਕਿ ਤੁਸੀਂ ਜੀਵਨ ਜੁਗਤੀ ਪਾ ਨਹੀਂ ਸਕਦੇ, ਤੁਹਾਡਾ ਰਾਗ ਦ੍ਵੈਖ ਮਿਟ ਹੀ ਨਹੀਂ ਸਕਦਾ। ਮਹਾਰਾਜ ਨੇ ਫ਼ੁਰਮਾਇਆ ਕਿ ਤੁਸੀਂ ਸਗੋਂ ਹੋਰ ਚਾਰ ਵਿਆਹ ਕਰ ਲਵੋ। ਇਹ ਸੁਣ ਜਦ ਸਾਰੇ ਚੁੱਪ ਹੋ ਗਏ ਤਾਂ ਮਹਾਰਾਜ ਨੇ ਮੁਸਕ੍ਰਾ ਕੇ ਕਿਹਾ : ਇਹ ਵਿਆਹ ਤੁਹਾਡੇ ਮਨ ਨਾਲ ਕਰਨੇ ਹਨ ਤਾਂਕਿ ਰਾਗ ਦ੍ਵੈਖ ਕਦੇ ਵਾਪਰਨ ਹੀ ਨਾਂਹ। ਗ੍ਰਹਿਸਤ ਹੀ ਸੁਖਾਲਾ ਤੇ ਇਕ ਰਾਹ ਹੈ ਜੀਵਨ ਪਦਵੀ ਪਾਉਣ ਦਾ, ਉਨ੍ਹਾਂ ਚਾਰ ਵਹੁਟੀਆਂ ਦੇ ਨਾਂ ਹਨ :

**ਕਰੁਣਾ, ਮੈਤਰੀ, ਮੁਦਤਾ ਅਤੇ ਉਪੇਖਿਆ।**

ਇਸ ਦੀ ਵਿਆਖਿਆ ਕਰਦੇ ਹੋਏ ਮਹਾਰਾਜ ਨੇ ਕਿਹਾ : 'ਪਹਿਲੀ ਹੈ ਦਇਆ ਵਾਲੀ ਬਿਰਤੀ। ਦਇਆ ਧਰਮ ਦਾ ਹੀ ਨਹੀਂ, ਗ੍ਰਹਿਸਤ ਦਾ ਵੀ ਮੂਲ ਹੈ। ਜੋ ਗ੍ਰਹਿਸਤੀ ਦਇਆ ਕਰਦਾ, ਭੁੱਖੇ ਨੂੰ ਰਜਾਂਦਾ, ਨੰਗੇ ਨੂੰ ਕੱਜਦਾ ਅਤੇ ਦੇ ਕੇ ਖ਼ੁਸ਼ ਹੁੰਦਾ ਹੈ, ਕਿਸੇ ਨਾਲ ਨਫ਼ਰਤ ਨਹੀਂ ਕਰਦਾ, ਇਹ ਨਹੀਂ ਕਹਿੰਦਾ ਕਿ ਮੇਰੇ ਜਿਹਾ ਹੋਰ ਕੋਈ ਕਿਉਂ ਹੈ, ਉਸ ਨੇ ਜੀਵਨ ਤੱਥ ਪਾ ਲਿਆ।'

"ਦੂਜੀ, ਜੋ ਤੁਸਾਂ ਘਰ ਪਾਉਣੀ ਹੈ, ਉਹ ਮਿੱਤਰਤਾ ਵਾਲੀ ਬਿਰਤੀ ਹੈ। ਜੇ ਦੇਖੋ ਕੋਈ ਆਪਣੇ ਜਿਹਾ ਹੈ ਤਾਂ ਉਸ ਦੀ ਸੰਗਤ ਕਰੋ। ਮਿਤ੍ਰਤਾ ਪਾਓ। ਈਰਖਾ ਵਾਲੀ ਸੋਚ ਨੇੜੇ ਨਹੀਂ ਆਉਣ ਦੇਣੀ। ਐਸਾ ਕਰਨ ਨਾਲ ਵੀ ਜੀਵਨ-ਰਾਹ ਮਿਲ ਜਾਂਦਾ ਹੈ।"

"ਤੀਜੀ, ਜੋ ਤੁਸਾਂ ਸੰਗਤਿ ਬਣਾਉਣੀ ਹੈ, ਉਹ ਹੈ ਪ੍ਰਸੰਨਤਾ ਵਾਲੀ ਬਿਰਤੀ। ਜੇ ਇਹ ਦੇਖੋ ਕਿ ਕੋਈ ਤੁਹਾਡੇ ਨਾਲੋਂ ਗੁਣਵਾਨ ਹੈ, ਉਸ ਪਾਸ ਟੁਰ ਕੇ ਜਾਓ ਤੇ ਖਿੜੇ ਮੱਥੇ ਮਿਲੋ। ਹੱਥ ਜੋੜ ਕੇ ਗੁਣ ਗ੍ਰਹਿਣ ਕਰੋ। ਸਾੜਾ ਬਿਲਕੁੱਲ ਨਹੀਂ ਕਰਨਾ। ਐਸੀ ਪ੍ਰਸੰਨਤਾ ਵਾਲੀ ਬਿਰਤੀ ਵਾਲਾ ਸਦਾ ਖਿੜਿਆ, ਵਿਗਸਿਆ ਰਵ੍ਹੇਗਾ।"

"ਚੌਥੀ, ਜਿਸ ਨੂੰ ਤੁਸਾਂ ਪ੍ਰਨਾਉਣਾ ਹੈ, ਉਹ ਹੈ ਓਪਰੇਪਨ ਵਾਲੀ ਬਿਰਤੀ। ਜਦ ਦੇਖੋ ਕਿ ਕੋਈ ਜਾਣ-ਬੁੱਝ ਕੇ ਤੁਹਾਡੇ ਨਾਲ ਰੇੜਕਾ ਪਾ ਬੈਠਾ ਹੈ। ਭਲਾਈ ਕੀਤੀ ਵੀ

Sri Satguru Jagjit Singh Ji eLibrary NamdhariElibrary@gmail.com

ਨਹੀਂ ਜਾਣਦਾ, ਸਗੋਂ ਨੁਕਸਾਨ ਪਹੁੰਚਾਉਣ 'ਤੇ ਤੁਲਿਆ ਹੋਇਆ ਹੈ ਤਾਂ ਓਪਰਾਪਨ ਵਾਲਾ ਸੁਭਾਅ ਬਣਾ ਲਵੇ। ਜਿਵੇਂ ਕਿਸੇ ਨਵੇਂ ਸ਼ਹਿਰ, ਬਾਜ਼ਾਰ ਟੁਰ ਜਾਈਏ, ਉਥੇ ਹਜ਼ਾਰ ਲੋਕ ਕੋਲੋਂ ਲੰਘ ਜਾਂਦੇ ਹਨ, ਉਨ੍ਹਾਂ ਨਾਲ ਸਾਡਾ ਵਾਸਤਾ ਨਹੀਂ ਹੁੰਦਾ। ਹਿਤ ਜਾਂ ਵੈ ਦੀ ਗੱਲ ਦੂਰ ਦੀ। ਜਿਸ ਗ੍ਰਿਹਿਸਤੀ ਨੇ ਘਰੋਂ ਨਫ਼ਰਤ, ਈਰਖਾ, ਸਾੜਾ ਤੇ ਵੈਰ ਕੱ ਦਿੱਤੇ ਅਤੇ ਘਰ ਦਇਆ, ਮਿੱਤਰਤਾ, ਖੇੜਾ (ਮੁੱਦਤਾ) ਤੇ ਓਪਰਾਪਨ (ਉਪੇਖਿਆ) ਪ ਲਇਆ ਉਸ ਨੇ ਜੀਵਨ ਜੁਗਤ ਪਾ ਲਈ।"

ਭਾਈ ਅਜਬ, ਭਾਈ ਅਜਾਇਬ ਅਤੇ ਭਾਈ ਉਮਰ ਸ਼ਾਹ ਡਰੋਲੀ ਦੇ ਰਹਿਣ ਵਾਲੇ ਸ

**ਧਰਮਸਾਲ ਦੀ ਝਾਕ-ਵਿਹੁ ਖੰਡਹੁ ਪਾਜ**

ਅਤੇ ਮੁਖੀ ਮਸੰਦ ਸਨ। ਸਿੱਖੀ ਪ੍ਰਚਾਰ ਥਾਂ-ਥਾਂ ਜਾ ਕਰਦੇ ਅਤੇ ਦਸਵੰਧ ਦੀ ਕਰਮ ਇਕੱਠੀ ਕਰਕੇ ਗੁਰੂ ਜ ਪਾਸ ਪਹੁੰਚਾਂਦੇ। ਗੁਰੂ ਅਰਜਨ ਦੇਵ ਜੀ ਪਾਸ ਆਏ ਤ ਉਨ੍ਹਾਂ ਪੁੱਛਿਆ ਕਿ ਤੁਸੀਂ ਗੁਰੂ ਦੀ ਗੋਲਕ ਇਕੱਠੀ ਕਰਦੇ ਹੋ, ਕਦੇ ਨਜ਼ਰ ਮੈਲੀ ਹੋ ਹੈ ਜਾਂ ਨਹੀਂ? ਇਸ ਗੁਰੂ ਦੀ ਗੋਲਕ ਦੀ ਮਾਇਆ ਨੂੰ ਕੀ ਕਰ ਜਾਣਦੇ ਹੋ? ਹੱ ਜੋੜ ਕਹਿਣ ਲੱਗੇ : ਜੈਸੇ ਸ਼ਿਵ ਨਿਰਮਾਇਲ, ਜੈਸੇ ਵਿਖ ਤੈਸੇ ਜਾਣਦੇ ਹਾਂ।

**ਹਮ ਬਿਖ ਸਮ ਜਾਨੈ।**
**ਸ਼ਿਵ ਨਿਰਮਾਇਲ ਕੇਰ ਸਮਾਨੈ।**

ਮਹਾਰਾਜ ਬਹੁਤ ਹੀ ਪ੍ਰਸੰਨ ਹੋਏ ਤੇ ਜਦ ਉਨ੍ਹਾਂ ਉਪਦੇਸ਼ ਮੰਗਿਆ ਤਾਂ ਫ਼ਰਮਾਇਆ ਸਵਾਸ ਉਹ ਹੀ ਸਫਲ ਹੈ ਜੋ ਵਾਹਿਗੁਰੂ ਗਾਂਵਦਾ ਹੈ। 'ਦੰਮ ਦੰਮ ਸਦਾ ਸਮਾਲਦਾ ਦੰ ਨ ਬਿਰਥਾ ਜਾਏ।' ਬਾਕੀ ਸਵਾਸ ਤਾਂ ਇਵੇਂ ਹੀ ਜਾਣੋ ਜੈਸੇ ਲੁਹਾਰ, ਠਠਿਆਰ ਦੀਅ ਧੌਂਕਣੀਆਂ ਖੱਲਾਂ ਹਨ। ਕਿਰਤ ਕਰਦੇ, ਉਸ ਦੀ ਯਾਦ ਨਾ ਵਿਸਰਨ ਦੇਣੀ, ਇਹ ਜਪ ਤਪ ਹੈ। ਸੰਸਾਰ ਸਮੁੰਦਰ ਵੱਡਾ ਭਿਆਨਕ ਸੰਸੇ ਰੂਪੀ ਜਲ ਨਾਲ ਭਰਿਆ ਹੈ। ਇ ਵਿਚ ਕਾਮਾਦਿਕ ਮਗਰ-ਮੱਛ, ਭਰਮ ਦੇ ਭੌਰ, ਲਲੀ ਕੁਸੰਗ ਅਤੇ ਉਲਟ ਹਵਾ ਚੱ ਰਹੀ ਹੈ। ਸਤਿ ਸੰਗ ਜਹਾਜ਼ ਹੈ, ਗੁਰ ਖੇਵਟ ਹੈ। ਵਾਹਿਗੁਰੂ ਦੀ ਮੇਹਰ ਹੋਵੇ ਤਾਂ ਸਤਿਸੰ ਦਾ ਜਹਾਜ਼ ਮਿਲਦਾ ਹੈ। ਗ੍ਰਿਹਿਸਤੀ ਲਈ ਵੱਡਾ ਜਪ ਤਪ ਅੰਮ੍ਰਿਤ ਵੇਲਾ ਹੈ। ਜ ਜੀ ਉਚਾਰ ਸਤਿ ਸੰਗ ਜਾਣਾ, ਧਰਮ ਦੀ ਕਾਰ, ਸ਼ੁੱਧ ਵਿਵਹਾਰ ਕਰਨਾ, ਲੋੜਵੰਦ ਦ ਲੋੜ ਪੂਰੀ ਕਰਨਾ ਹੀ ਯੋਗ ਹੈ। ਭਾਈ ਗੁਰਦਾਸ ਜੀ ਨੇ ਤਿੰਨਾਂ ਨੂੰ '**ਗੁਰ ਸੇਵ ਕਰੰਦ** ਕਰਕੇ ਲਿਖਿਆ ਹੈ।

**ਭਾਈ ਜੋਧਾ, ਭਾਈ ਜੱਲੋ** ਜੋ ਤੁਲਸਪੁਰ ਦੇ ਵਸਨੀਕ ਅਤੇ ਭਾਈ ਮੋਹਨ ਤੇ ਭਾ ਆਲਮ ਚੰਦ, ਜੋ ਲਾਹੌਰ ਵਾਸੀ ਅਤੇ ਗੁਰੂ ਦੇ ਮਸੰਦ ਸਨ, ਨੂੰ ਵੀ ਗੁਰੂ ਜੀ ਨੇ ਇ ਹੀ ਹੁਕਮ ਕੀਤਾ ਕਿ ਗੁਰੂ ਦੀ ਅਰਦਾਸ ਨਹੀਂ ਛੁਪਾਉਣੀ। ਹੰਕਾਰ ਨਹੀਂ ਕਰਨਾ ਕਿ ਅਸੀਂ ਗੁਰੂ ਕੇ ਮਸੰਦ ਹਾਂ। ਨਿੰਮ੍ਰਤਾ ਵਿਚ ਵਿਚਰਨਾ। ਇਨ੍ਹਾਂ ਨੂੰ ਭਾਈ ਗੁਰਦਾਸ ਜ ਨੇ '**ਗੁਰਮੁਖਿ ਵਡਿਆਂ ਵਡੇ ਮਸੰਦਾਂ**' ਲਿਖ ਕੇ ਉਪਮਾ ਕੀਤੀ ਹੈ।

ਹੁਣ ਗੁਰੂ ਕੀ ਗੋਲਕ ਦਾ ਸਾਰਾ ਹਿਸਾਬ-ਕਿਤਾਬ **ਭਾਈ ਸਾਲੋ** ਜੀ ਰੱਖਦੇ ਸਨ ਸਾਰਾ ਲੈਣ-ਦੇਣ ਉਨ੍ਹਾਂ ਦੀ ਹੀ ਰਾਹੀਂ ਹੁੰਦਾ ਸੀ। ਐਸੇ ਮਾਇਆ ਤੋਂ ਉੱਚੇ ਸਨ ਕਿ

Sri Satguru Jagjit Singh Ji eLibrary NamdhariElibrary@gmail.com

ਜਿਸ ਥਾਂ ਬੈਠ ਗੋਲਕ ਗਿਣਦੇ ਸਨ ਉਹ ਥਾਂ ਹੀ 'ਸਾਲੋ ਦਾ ਟਿੱਬਾ' ਕਰਕੇ ਪ੍ਰਸਿੱਧ
ਗਈ। ਕਵੀ ਸੰਤੋਖ ਸਿੰਘ ਜੀ ਦਾ ਕਥਨ ਹੈ :

**'ਲੈਬੋ ਦੈਬੋ ਆਵਨ ਜਾਨਾ।**
**ਦਰਬ ਸੰਭਾਰ ਖਰਚ ਕਰਿ ਨਾਨਾ।'**

ਭਾਈ ਪੈੜਾ ਤੇ ਭਾਈ ਦੁਰਗਾ ਜੀ ਗੁਰੂ ਜੀ ਦੇ ਹਜ਼ੂਰ ਆਏ ਅਤੇ ਜੀਵਨ ਦਾ ਅਸ

**ਜੀਵਨ ਦੇਣ ਵਿਚ ਹੈ**

ਮੰਤਵ ਜਾਣਨਾ ਚਾਹਿਆ। ਗੁਰੂ ਜੀ ਨੇ ਕਿਹਾ ਵਾਹਿਗੁਰੂ ਦਾ ਦਿੱਤਾ ਜੋ ਤੁਹਾਡੇ ਪਾਸ ਹੈ, ਉਸ ਨੂੰ ਸ
ਸਿੱਖਾਂ ਨਾਲ ਵਰਤ ਛਕਣਾ। ਚੰਗੇ ਅੱਛੇ ਬਸਤਰ ਬਣਵਾ ਕੇ ਲੋੜਵੰਦਾਂ ਨੂੰ ਦੇਕ
'ਤ੍ਰਿਪਤਾਵਹਿ ਗੁਰ ਸਿੱਖ ਸਦਨ ਮੇਂ।' ਇਹ ਵੀ ਬਚਨ ਕੀਤੇ : 'ਧਰਮ ਗ੍ਰਿਹਸਤ
ਦਾਨ ਗਹੀਰੇ' ਅਤੇ ਜੋ ਵੀ ਵੰਡ ਕੇ ਖਾਂਦਾ ਹੈ, 'ਵਾਹਿਗੁਰੂ ਤਿਸ ਬੁਝਨਿ ਨ ਦੇਤਿ
ਸਰਬ ਪਦਾਰਥ ਹੋਤਿ ਨਿਕੇਤ।' ਇਨ੍ਹਾਂ ਦੋਨਾਂ ਦਾ ਸਨਮਾਨ ਭਾਈ ਗੁਰਦਾਸ ਜੀ ਨੇ **'ਦਾ**
**ਭਾਰਾ'** ਕਹਿ ਕੇ ਕੀਤਾ ਹੈ।

ਉਹ ਦੋਵੇਂ ਜਿੱਥੇ ਵੀ ਕਿਸੇ ਲੋੜਵੰਦ, ਥੁੜੇ ਹੋਏ ਸਿੱਖ ਨੂੰ ਦੇਖਦੇ, ਉਸ ਦੀ ਲੋ
ਪੂਰੀ ਕਰਦੇ। ਕਿਸੇ ਕੋਲ ਜੇ ਬਸਤਰ ਨਾ ਦੇਖਦੇ, ਪ੍ਰਬੰਧ ਕਰ ਕੇ ਪਹੁੰਚਾਂਦੇ। ਇਕ ਵਾ
ਤਾਂ ਦੋਹਾਂ ਨੇ ਘਰ ਗਹਿਣੇ ਪਾ ਕੇ ਵੀ ਸੇਵਾ ਕੀਤੀ, ਪਰ ਗੁਰੂ ਨੇ ਕਿਰਤ ਵਿਚ ਐ
ਬਰਕਤ ਪਾਈ ਕਿ ਸਭ ਥੁੜਾਂ ਮੁੱਕ ਗਈਆਂ।

ਭਾਈ ਲਾਲੂ, ਭਾਈ ਬਾਲੂ, ਭਾਈ ਹਰਿਦਾਸ ਅਤੇ ਪਿਆਰ ਜੀ ਗੁਰੂ ਦਰ ਆਏ ਅ

**ਜੀਵਨ ਉਧਾਰ**

ਬੇਨਤੀ ਕੀਤੀ ਕਿ ਜੀਵਨ ਉਧਾਰ ਦਾ ਸਹਿਲਾ ਰਾਹ ਦੱ
ਗੁਰੂ ਦਾ ਬਚਨ ਹੋਇਆ, 'ਹਰ ਕਿਸੇ ਨਾਲ ਹੱਸ ਕੇ ਮਿਲਣ
ਮਿੱਠਾ ਬੋਲਣਾ, ਵੰਡ ਖਾਵਣਾ, ਨਿਵ ਚਲਣਾ ਅਤੇ ਰੋਜ਼ ਸੰਗਤਿ ਕਰਨੀ। ਇਹ ਪ
ਕਰਮ ਕਰੋਗੇ ਤਾਂ ਜੀਵਨ ਉਧਾਰ ਹੋਵੇਗਾ।' ਇਹ ਇਤਨੇ ਪ੍ਰਸੰਨ ਚਿੱਤ ਰਹਿੰਦੇ ਸ
ਕਿ ਭਾਈ ਗੁਰਦਾਸ ਜੀ ਨੇ ਇਨ੍ਹਾਂ ਸਭਨਾਂ ਨੂੰ **'ਹਰਖਵੰਤ'** ਕਿਹਾ ਹੈ।

ਭਾਈ ਬਾਲਾ ਤੇ ਭਾਈ ਕ੍ਰਿਸ਼ਨਾ, ਜੋ ਬੜੇ ਵਿਦਵਾਨ, ਵਿਚਾਰਵਾਨ ਅਤੇ ਕਥਾਕ

**ਪਹਿਲੈ ਮਨ ਪ੍ਰਬੋਧੈ ਅਪਨਾ**

ਸਨ, ਗੁਰੂ ਅਰਜਨ ਦੇਵ ਜੀ ਦੇ ਦਰਬਾਰ ਹਾ
ਹੋਏ ਅਤੇ ਬੇਨਤੀ ਕੀਤੀ : ਮਹਾਰਾਜ ਜਦ ਅ
ਸੰਗਤ ਵਿਚ ਵਿਖਿਆਨ ਕਰਦੇ ਹਾਂ, ਸੰਗਤ ਸੁਣ ਝੂਮਦੀ ਵੀ ਹੈ। ਮੁਗਧ ਵੀ ਹੁੰ
ਹੈ। ਰੀਝਦੀ ਹੈ ਪਰ ਪਾਤਸ਼ਾਹ ਸਾਡੇ ਆਪਣੇ ਵਿਚ ਸ਼ਾਂਤੀ ਨਹੀਂ ਹੈ। ਮਹਾਰਾਜ ਨੇ
ਬਚਨ ਕੀਤਾ : ਨਿਰੀ ਉੱਜਲ ਬੁੱਧੀ ਨਾਲ ਸ਼ਾਂਤੀ ਨਹੀਂ ਹੁੰਦੀ 'ਨਾਹਿ ਉਪਜਤਿ, ਹੁ
ਮਤ ਅਵਦਾਤਿ।' ਕਥਾ ਕਰਦਿਆਂ ਮਨ ਧਨ ਵਿਚ ਚਲਾ ਜਾਂਦਾ ਹੈ। ਸ਼ਾਂਤੀ ਕਿੱਥੋ

**'ਕਥਾ ਕਰਤਿ ਧਨ ਮਹਿ ਮਨ ਰਹੈ।**
**ਕਿਮ ਸ਼ਾਂਤੀ ਗੁਨ ਗਨ ਕੋ ਲਹੈ।'**

ਸੋ ਸ਼ਾਂਤੀ ਦਾ ਰਾਹ ਇਹ ਹੀ ਹੈ, ਜਿਵੇਂ ਹੋਰਨਾਂ ਨੂੰ ਸੁਣਾਵਨ ਦੀ ਸਿਆਣਪ ਕਰ
ਹੋ, ਤੈਸੇ ਆਪਣੇ ਮਨ ਨੂੰ ਭੀ ਸਮਝਾਵਹੁ। ਜੋ ਬ੍ਰਿਤਾਂਤ ਆਵੈ, ਉਸ ਨੂੰ ਆਪਣੇ ਲ

ਸਮਝੋ। ਤੁਹਾਡਾ ਤੁਰੰਤ ਕਲਿਆਣ ਹੋਵੇਗਾ। ਥੋੜ੍ਹੀ ਕਹੀ ਗੱਲ ਵੀ ਅਸਰ ਪਾਵੇਗ

ਉਨ੍ਹਾਂ ਨੇ ਐਸਾ ਹੀ ਕੀਤਾ। ਨਾਂਹ ਸਿਰਫ਼ ਉਨ੍ਹਾਂ ਨੂੰ ਆਤਮਿਕ ਸ਼ਾਂਤੀ ਮਿਲੀ, ਸ ਕਿਤਨਿਆਂ ਹੋਰਨਾਂ ਨੂੰ ਵੀ ਮਿਲੀ। **'ਸਭਾ ਸੀਗਾਰ'** ਕਰ ਕੇ ਉਹ ਜਾਣੇ, ਸੁਣੇ ਤੇ ਸਨਮਾ ਗਏ।

ਇਸੇ ਤਰ੍ਹਾਂ ਇਕ ਵਾਰੀ ਭਾਈ ਮੂਲਾ ਬੇਰੀ, ਭਾਈ ਤੀਰਥ, ਭਾਈ ਮੁਕੰਦਾ ਅਤੇ ਭਾ ਨਿਹਾਲੂ ਜੀ ਨੇ ਗੁਰੂ ਜੀ ਨੂੰ ਕਿਹਾ : 'ਮਹਾਰਾਜ! ਇਕਨਾਂ ਸਿੱਖਾਂ ਦੀ ਰਸਨਾ ਤੋਂ ਸ਼ਬ ਦੀ ਵੀਚਾਰ ਸੁਣ ਕੇ ਮਨ ਦ੍ਰਵ ਜਾਂਦਾ ਹੈ ਅਤੇ ਇਕਨਾਂ ਕੋਲੋਂ ਸੁਣਿਆਂ ਰਤਾ ਵੀ ਅਸ ਨਹੀਂ ਹੁੰਦਾ, ਇਸਦਾ ਕੀ ਕਾਰਨ ਹੈ?' ਗੁਰੂ ਜੀ ਨੇ ਕਿਹਾ : 'ਹੀਰਾ ਤੇ ਸ਼ੀਸ਼ਾ ਲੱਗਦੇ ਇ ਜਿਹੇ ਹਨ, ਪਰ ਸ਼ੀਸ਼ੇ ਨੂੰ ਰਤਾ ਕੁ ਸੱਟ ਵੱਜੇ ਉਹ ਚਕਨਾਚੂਰ ਹੋ ਜਾਂਦਾ ਹੈ ਅਤੇ ਹੀਰੇ ਕਿਸੇ ਨਾਲ ਟਕਰਾ ਦਿਓ, ਉਸ ਦਾ ਕੁਝ ਨਹੀਂ ਵਿਗੜਦਾ। ਫਿਰ ਸ਼ੀਸ਼ਾ ਜਿਸ ਥਾਂ ਰੱਖੋ ਉ ਦੀ ਹੀ ਰੰਗਤ ਲੈ ਲਵੇਗਾ, ਪਰ ਹੀਰੇ ਨੂੰ ਜਿੱਥੇ ਰੱਖੋ ਉਹ ਆਪਣੀ ਰੰਗਤ ਦੇਵੇਗਾ, ਪ੍ਰਭਾ ਕਬੂਲੇਗਾ ਨਹੀਂ। **'ਪਹਿਲੋਂ ਦੇ ਜੜ ਅੰਦਰ ਜੰਮੈ ਤਾਂ ਉਪਰ ਹੋਇ ਛਾਉ॥'** ਜਿਸ ਸਿ ਅੰਦਰ ਪਹਿਲਾਂ ਗੁਰੂ ਦਾ ਸ਼ਬਦ ਵੱਸ ਗਿਆ ਹੈ, ਫਿਰ ਉਹ ਸਰੋਤਿਆਂ ਵਿਚ ਵੀ ਸ਼ਬਦ ਵਾਸਾ ਕਰਾ ਦੇਵੇਗਾ। ਉਹ ਆਪੂੰ ਸ਼ਬਦ ਕਾਰਨ ਸ਼ਾਂਤ ਹੁੰਦਾ ਹੈ ਅਤੇ ਦੂਜਿਆਂ ਨੂੰ ਵੀ ਕਰ ਹੈ। ਕੈਸੇ ਕੁਸੰਗੀ ਮਿਲ ਜਾਣ, ਉਨ੍ਹਾਂ ਨੂੰ ਸ਼ਾਂਤ ਕਰ ਦੇਂਦਾ ਹੈ। ਜਿਵੇਂ ਬਾਂਸ ਚੰਦਨ ਨਾ ਲੱਗ ਚੰਦਨ ਹੀ ਹੋ ਜਾਂਦਾ ਹੈ।'

ਭਾਈ ਚੂਹੜ, ਭਾਈ ਸਾਈਂ, ਭਾਈ ਲਾਲਾ ਸੇਠੀ, ਭਾਈ ਨਿਹਾਲੂ ਜੀ ਨੂੰ ਵੀ ਇ ਹੀ ਗੁਰੂ ਜੀ ਨੇ ਕਿਹਾ :

'ਜੈਸਾ ਜੋ ਮੁੱਖੋਂ ਪੜ੍ਹਦਾ ਹੈ ਅਤੇ ਤੇਹੀਆਂ ਹੀ ਕਰਤੂਤਾਂ ਕਰਦਾ ਹੈ ਤਾਂ ਉਸ ਛਾਇਆ ਸਭਨਾਂ 'ਤੇ ਪੈਂਦੀ ਹੈ। ਜੋ ਪੜ੍ਹ ਕੇ ਆਪ ਨਹੀਂ ਕਮਾਉਂਦੇ, ਉਨ੍ਹਾਂ ਦੀ ਛਾਇ ਕੀ, ਗੱਲ ਵੀ ਪੱਲੇ ਨਹੀਂ ਪੈਂਦੀ।'

ਭਾਈ ਸਮੁੰਦਾ ਜੀ ਨੇ ਗੁਰੂ ਜੀ ਪਾਸ ਪੁੱਜ ਬੇਨਤੀ ਕੀਤੀ ਕਿ ਬੇਮੁੱਖ ਤੇ ਸਨਮੁੱਖ ਭੇਦ ਖੋਲ੍ਹ ਸਮਝਾਉਣਾ। ਗੁਰੂ ਜੀ ਨੇ ਫ਼ਰਮਾਇਆ :

### ਮਨਮੁੱਖ ਤੇ ਗੁਰਮੁੱਖ

ਕਿਸੇ ਨੂੰ ਕਿਸੇ ਕਾਰਜ ਘੱਲੀਏ ਤੇ ਜੇ ਉਹ ਕੰਮ ਆਵੇ ਤਾਂ ਹੱਸਦਾ, ਮੁੱਖ ਉੱਜਲਾ ਅਤੇ ਆਪ ਹਾਜ਼ਰ ਹੋ ਕੇ ਦੱਸੇਗਾ ਤੇ ਜੇ ਨਾਂਹ ਕ ਕੇ ਆਵੇ, ਸਗੋਂ ਵਿਗਾੜ ਆਵੇ ਤਾਂ ਉਸ ਨੇ ਸਾਹਮਣੇ ਕੀ ਹੋਣਾ ਹੈ, ਪਿੱਠ ਮੋੜ ਲੰਘੇਗਾ, ਰਾਹ ਹੋਰ ਜਾਏਗਾ। ਸੋ ਇਸੇ ਤਰ੍ਹਾਂ ਵਾਹਿਗੁਰੂ ਨੇ ਮਨੁੱਖ ਨੂੰ ਨਾਮ ਜਪ ਵੰਡ ਛਕਣ ਤੇ ਦੇਹ ਨੂੰ ਮਾੜੇ ਕਾਰਜਾਂ ਤੋਂ ਨਿਰਮਲ ਰੱਖਣ ਲਈ ਘੱਲਿਆ ਹੈ। ਜੇ ਇੱਥੇ ਉਲਟ ਵਿਕਾਰਾਂ ਵਿਚ ਫਸ, ਦੁਬਿਧਾ ਵਿਚ ਪੈ, ਹਉਮੈ ਵਿਚ ਹੀ ਵਿਚਰੇ ਤਾਂ ਵਾਹਿਗੁਰੂ ਦੇ ਸਨਮੁੱਖ ਨਹੀਂ ਹੋ ਸਕੇਗਾ।

ਸਨਮੁੱਖ ਹੋਣ ਲਈ ਪਹਿਲੀ ਪਉੜੀ **'ਪਿਛਲ ਰਾਤਿ ਨੀਂਦ ਕੋ ਤਿਆਗੇ'** ਗੁਰਬਾਣੀ ਦਾ ਪਾਠ ਕਰਕੇ ਹਿਰਦਾ ਸ਼ੁੱਧ ਰੱਖਣਾ, ਕਿਰਤ ਕਰ ਕੇ ਲੋੜਵੰਦਾਂ ਦੀ ਲੋ ਪੂਰੀ ਕਰਨ ਨਾਲ ਸਨਮੁੱਖ ਹੋ ਜਾਏਗਾ। ਜੋ ਅੰਮ੍ਰਿਤ ਵੇਲਾ ਖੁੰਝਾ ਦੇਂਦੇ ਹਨ, ਉਹ ਬੇ

Sri Satguru Jagjit Singh Ji eLibrary NamdhariElibrary@gmail.com

ਫਿਰਨਗੇ। ਭਾਈ ਗੁਰਦਾਸ ਜੀ ਨੇ ਭਾਈ ਸਮੁੰਦਾ ਜੀ ਨੂੰ **'ਸਨਮੁੱਖ ਸਾਰਾ'** ਕਰ ਕੇ ਲਿਖਿਆ ਹੈ।

ਜਦ ਭਾਈ ਕੁਲਾ, ਭੁਲਾ ਜੀ ਅਤੇ ਝੰਝੂ ਜੀ ਨੇ ਗੁਰਮੁਖ ਤੇ ਮਨਮੁਖ ਦਾ ਅੰਤਰ ਜਾਣਨਾ ਚਾਹਿਆ ਤਾਂ ਪੰਚਮ ਪਿਤਾ ਨੇ ਫ਼ੁਰਮਾਇਆ : ਗੁਰਮੁਖ ਤੇ ਮਨਮੁਖ ਤਿੰਨ-ਤਿੰਨ ਪ੍ਰਕਾਰ ਦੇ ਹਨ।

ਇਕ ਗੁਰਮੁਖ ਹਨ ਜਿਨ੍ਹਾਂ ਖੋਟੇ ਕਰਮਾਂ ਵਲੋਂ ਮੂੰਹ ਮੋੜ ਲਿਆ ਹੈ ਅਤੇ ਗੁਰੂ ਦੇ ਦੱਸੇ ਆਸ਼ੇ ਅਨੁਸਾਰ ਟੁਰਦੇ ਹਨ। ਉਨ੍ਹਾਂ ਨਾਲ ਇਕ ਵਾਰ ਵੀ ਜੇ ਚੰਗਿਆਈ ਕਰ ਦੇਵੋ ਤਾਂ ਉਸ ਨਾਲ ਚੰਗਿਆਈ ਕਰਦੇ ਹਨ। ਕੀਤੀ ਭਲਿਆਈ ਵਿਸਾਰਦੇ ਨਹੀਂ ਅਤੇ ਆਪਣੀ ਚੰਗਿਆਈ ਚਿਤਾਰਦੇ ਨਹੀਂ।

ਦੂਜੇ, ਗੁਰਮੁਖ ਤਰ ਹਨ। ਐਸੇ ਸਭਨਾਂ ਨਾਲ ਹੀ ਭਲਾ ਹੀ ਭਲਾ ਕਰਦੇ ਹਨ। ਆਸ ਕਰਦੇ ਹਨ ਕਿ ਕੋਈ ਉਨ੍ਹਾਂ ਨਾਲ ਵੀ ਭਲਿਆਈ ਕਰੇ ਪਰ ਭਲਾ ਛੱਡਦੇ ਨਹੀਂ।

ਤੀਜੇ, ਗੁਰਮੁਖ ਤਮ ਹਨ ਜਿਨ੍ਹਾਂ ਅੰਦਰ ਗਿਆਨ ਦਾ ਚਾਨਣ ਹੋ ਗਿਆ ਹੁੰਦਾ ਹੈ। ਉਹ ਭਲਾ ਸਭਨਾਂ ਨਾਲ ਕਰਦੇ ਹਨ। ਜੇ ਕੋਈ ਬੁਰਿਆਈ ਵੀ ਕਰੇ ਤਾਂ ਵੀ ਉਹ ਭਲਾ ਕਰਨਗੇ।

ਮਨਮੁਖ ਉਹ ਹਨ, ਜੋ ਮਨ ਨੂੰ ਹੀ ਮੁੱਖ ਰੱਖਦੇ ਹਨ। ਕਿਸੇ ਸੰਗ ਭਲਾਈ ਨਹੀਂ ਕਰਦੇ। ਸਦਾ ਖੋਟ ਕਰਦੇ ਹਨ। ਜੇ ਕੋਈ ਭਲਾ ਕਰੇ ਤਾਂ ਵਿਸਾਰ ਦੇਂਦੇ ਹਨ। ਜੇ ਕਿਸੇ ਕੋਲੋਂ ਬੁਰਾ ਹੋ ਜਾਏ ਤਾਂ ਭੰਡਦੇ ਰਹਿੰਦੇ ਹਨ।

ਮਨਮੁਖਤਮ ਉਹ ਹਨ ਜੋ 'ਪਰ ਕੋ ਭਲਾ ਹੋਤਿ ਦੁੱਖ ਪਾਵਹਿ।'

ਸਗੋਂ ਐਸਾ ਜਤਨ ਕਰਦੇ ਹਨ ਕਿ ਬਣਦਾ ਕਾਰਜ ਵਿਗੜ ਜਾਏ। ਜੇ ਕਿਸੇ ਵੇਲੇ ਕਿਸੇ ਕੋਲੋਂ ਬੁਰਾ ਹੋ ਜਾਏ ਤਾਂ ਬੁਰਾਈ ਕਰ ਕੇ ਹੀ ਸਾਹ ਲੈਂਦੇ ਹਨ। ਹਰ ਵੇਲੇ ਸੜਦੇ ਕਰੁੱਝਦੇ ਰਹਿੰਦੇ ਹਨ।

ਮਨਮੁਖਤਮ ਉਹ ਹੈ ਜੋ ਮੁੱਖੋਂ ਤਾਂ ਮਿੱਠੀ ਸੁਣਾਵੇ ਪਰ ਅੰਦਰ ਸੜਦਾ ਰਹੇ, ਸਭ ਨੂੰ ਵੈਰੀ ਜਾਣੇ, ਸਭ ਨਾਲ ਵੈਰ ਕਰੇ। ਸ਼ਬਦ ਨਾ ਸੁਣੇ ਅਤੇ ਇਹ ਕਹਿੰਦਾ ਫਿਰੇ ਕਿ ਸਾਨੂੰ ਨਹੀਂ ਫਲੀ ਕੀਤੀ ਹੋਈ ਭਲਿਆਈ। ਬੁਰਿਆਈ ਵਿਚੋਂ ਸੁਖ ਪਾਵੇ।

ਸਿੱਖ ਨੇ ਮਨਮੁਖਤਾਈ ਛੱਡਣੀ ਹੈ ਅਤੇ ਗੁਰਮੁਖਤਮ ਹੋਣਾ ਹੈ।

**ਗੁਰੂ ਨਾਨਕ ਬ੍ਰਹਮ ਸਰੂਪ**

ਭਾਈ ਧੀਰ, ਭਾਈ ਨਿਹਾਲੂ, ਭਾਈ ਤੁਲਸੀਆ, ਭਾਈ ਬੂਲਾ, ਭਾਈ ਚੂੰਡਾ ਨੇ ਹਾਜ਼ਰ ਹੋ ਬੇਨਤੀ ਕੀਤੀ ਕਿ ਕਈ ਅੰਞਾਣ ਪੁਰਸ਼ ਗੁਰੂ ਨਾਨਕ ਦੇਵ ਜੀ ਨੂੰ ਜਨਕ ਦਾ ਅਵਤਾਰ ਕਹਿ ਜਾਂਦੇ ਹਨ, ਕ੍ਰਿਪਾ ਕਰਕੇ ਦੱਸੋ ਕਿ ਗੁਰੂ ਨਾਨਕ ਦੇਵ ਜੀ ਕਿਸ ਦੇ ਅਵਤਾਰ ਸਨ? ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ :

**ਜਨਕ ਸੋਈ ਜਿਨ ਜਾਣਿਆ।**

ਗੁਰੂ ਨਾਨਕ ਦੇਵ ਜੀ ਪੂਰਨ ਬ੍ਰਹਮ ਸਰੂਪ ਹੈ ਸਨ। ਉਹ ਕਿਸੇ ਦੇ ਅਵਤਾਰ ਨਹੀਂ।

Sri Satguru Jagjit Singh Ji eLibrary NamdhariElibrary@gmail.com

ਜੋਤਿ ਰੂਪ ਹਰਿ ਆਪ ਹੀ ਗੁਰੂ ਨਾਨਕ ਕਹਾਏ ਹਨ। ਜਦ ਸ਼ੁਭ ਕਰਮਨ ਹਟ
ਕੇਵਲ ਰੀਤ ਰਸਮ ਹੀ ਰਹਿ ਗਈ ਤਾਂ ਧਰਤੀ ਨੇ ਪੁਕਾਰ ਕੀਤੀ ਤਾਂ ਪ੍ਰਭੂ ਨੇ 'ਧ
ਆਨਿ ਸ੍ਰੀ ਨਾਨਕ ਰੂਪ।' ਉਨ੍ਹਾਂ ਜਪਾਂ, ਤਪਾਂ, ਰੀਤਾਂ, ਰਸਮਾਂ ਤੋਂ ਉਤਾਂਹ ਉਠ
ਸਤਿਨਾਮ ਦਾ ਜਾਪ ਦੱਸਿਆ ਅਤੇ ਜੀਵਾਂ ਦੇ ਉਧਾਰ ਲਈ ਆਪਣੀ ਬੋਲੀ ਵਿਚ
ਤੱਤ ਨਿਰਣੈ ਕਰਕੇ ਕਿਹਾ। ਹੁਣ ਸ਼ਬਦ ਬਾਣੀ ਦੀ ਪ੍ਰੀਤ ਕਰ ਕੇ ਤੁਸੀਂ ਉਨ੍ਹਾਂ ਦਾ
ਜਾਣ ਕੇ ਪਾ ਸਕਦੇ ਹੋ। ਇਹ ਕਦੇ ਨਾ ਭੁੱਲਣਾ ਕਿ **ਐਸਾ ਗੁਣ ਹੋਰ ਕੋਈ
ਜੈਸਾ ਸਮਝ ਵਿਚਾਰ ਦਾ ਹੈ।**

ਸ਼ਬਦ ਦੀ ਪ੍ਰੀਤ ਤੇ ਪ੍ਰਤੀਤ ਕਰ ਕੇ ਭਾਈ ਧੀਰ ਅਤੇ ਹੋਰਨਾਂ ਦਾ ਕਲਿਆ
ਹੋਇਆ ਅਤੇ '**ਬਹੁ ਗੁਣਿਆਸ**' ਕਰ ਕੇ ਉਹ ਸਤਿਕਾਰੇ ਗਏ।

ਪੰਡਿਤ ਫਿਰਣਾ, ਭਾਈ ਭੋਲੂ, ਜਟੂ ਜੀ ਅਤੇ ਭਟੂ ਤਿਵਾੜੀ ਜੀ ਨੇ ਗੁਰੂ ਦਰ
ਹਾਜ਼ਰ ਹੋ ਪੁੱਛ ਕੀਤੀ ਕਿ ਮਹਾਰਾਜ ਕਈ ਲੋਕੀਂ ਪੁੱਛਦੇ ਹਨ ਕਿ ਗੁਰੂ ਨਾਨਕ
ਗੁਰੂ ਕੌਣ ਹੈ। ਕ੍ਰਿਪਾ ਕਰ ਕੇ ਦੱਸੋ ਤਾਂ ਕਿ ਸ਼ੰਕਾ ਨਵਿਰਤ ਹੋਵੇ। ਗੁਰੂ ਅਰਜਨ
ਜੀ ਨੇ ਫ਼ਰਮਾਇਆ : ਸ੍ਰੀ ਗੁਰੂ ਨਾਨਕ ਏਕੰਕਾਰਾ।' ਉਨ੍ਹਾਂ ਦਾ ਗੁਰੂ ਨਿਰੰਕਾਰ ਹੈ
ਅੰਤਰਿਗਤਿ ਹੋਇਕੈ ਸਮਤ ਗਿਆਨ ਦੀ ਪ੍ਰੇਰਨਾ ਕੀਤੀ :

**ਸ੍ਰੀ ਨਾਨਕ ਤੇ ਸੁਤੇ ਪ੍ਰਕਾਸ਼।**
**ਜਨਮਤਿ ਤੇ ਅਜ਼ਮਤ ਜਿਨ ਪਾਸ। ੨੨।**[1]

'ਜੋ ਉਨ੍ਹਾਂ ਗੁਰੂ ਅੰਗਦ ਦੇਵ ਜੀ ਅੱਗੇ ਮੱਥਾ ਟੇਕਿਆ ਹੈ, ਸਾਨੂੰ ਦਰਸਾਉਣ
ਕਿ ਦੇਹ ਦਾ ਅਭਿਮਾਨ ਨਹੀਂ। ਉਂਜ ਦੇਖਿਆ ਜਾਏ ਤਾਂ ਗੁਰ ਦਾ ਅਰਥ ਅੰ
ਨਾਸ਼ ਕਰਨ ਵਾਲਾ ਹੈ। ਰੂ—ਪ੍ਰਕਾਸ਼ ਕਰਨ ਵਾਲਾ ਹੈ। ਗੁਰੂ ਨਾਨਕ ਨੇ ਅੰਧੇਰਾ
ਕੀਤਾ ਤੇ ਪ੍ਰਕਾਸ਼ ਕੀਤਾ :

**'ਸ੍ਰੀ ਅੰਗਦ ਕੋ ਗੁਰੂ ਸਥਾਪ।**
**ਜੋਤ ਜਗਾਈ ਆਪਣੀ ਆਪ।'**

ਭਾਈ ਭਗੀਰਥ, ਭਾਈ ਜਾਮੂ ਅਤੇ ਭਾਈ ਨਿਵਲਾ ਜੀ ਦੀ ਪੁੱਛ ਤੇ ਦੱਸਿਆ
ਗੁਰੂ ਨਾਨਕ ਜੀ ਨੇ ਆਪਣਾ ਨਾਮ ਨਹੀਂ ਜਪਾਇਆ। ਉਨ੍ਹਾਂ 'ਨਾਮ ਕੀ ਉਪਾ
ਵਿਸ਼ੇਸ਼ ਦੱਸੀ। ਬਾਕੀ ਜੋ ਰਾਹ ਹਨ, ਉਹ ਕੁੱਦ ਕੇ, ਛਾਲ ਮਾਰ ਕੇ ਲੰਘਣ ਵਾਲੇ
ਪਰ ਹਰ ਕਿਸੇ ਦੀ ਸਮਰੱਥਾ ਨਹੀਂ ਕਿ ਐਸਾ ਕਰ ਸਕੇ। ਨਾਮ ਇਕ ਐਸਾ ਪੁਲ
ਜਿਸ 'ਤੇ ਨਿਰਬਲ ਸਬਲ ਸਭ ਪਾਰ ਹੋ ਜਾਂਦੇ ਹਨ। ਸਾਰੇ ਰਸਾਂ ਨੂੰ ਨਿਰੱਸ ਕਰਕੇ
ਅਤੇ ਗਿਆਨ ਦਾ ਅਭਿਆਸ ਕਰੇ।

ਐਸਾ ਕਰਨ ਨਾਲ ਉਨ੍ਹਾਂ ਸਭਨਾਂ ਦਾ ਜੀਵਨ ਸੱਤ ਵਾਲਾ ਤੇ ਸੁਖਦਾਈ ਹੋਇ

**ਸਹਿਕਾਮੀ ਤੇ ਨਹਿਕਾਮੀ**—ਭਾਈ ਮੂਲਾ, ਭਾਈ ਸੂਜਾ, ਭਾਈ ਚੰਦੂ ਚਉ
ਭਾਈ ਰਾਮ ਦਾਸ ਭੰਡਾਰੀ, ਭਾਈ ਬਾਲਾ ਤੇ ਭਾਈ ਸਾਈਂ ਦਾਸ ਜੀ ਗੁਰੂ ਹਜ਼ੂਰ ਹ
ਹੋਏ।

---

1. ਰਾਸ ਤੀਜੀ, ਅੰਸ਼ ੫੫

Sri Satguru Jagjit Singh Ji eLibrary NamdhariElibrary@gmail.com

ਬੇਨਤੀ ਕੀਤੀ ਕਿ ਐਸਾ ਕਰਮ ਦਰਸਾਓ ਕਿ ਜਨਮ ਮਰਨ ਤੋਂ ਛੁੱਟੀਏ। ਗੁਰੂ ਮਹਾਰਾਜ ਨੇ ਫ਼ਰਮਾਇਆ :

ਕੁਝ ਲੋਕ ਕਰਮ ਕਰਦੇ ਹਨ, ਉਨ੍ਹਾਂ ਦਾ ਫਲ ਉਸੇ ਵੇਲੇ ਲੈਣਾ ਚਾਹੁੰਦੇ ਹਨ, ਇਹ ਸਹਿਕਾਮੀ ਕਰਮ ਹਨ ਅਤੇ ਇਨ੍ਹਾਂ ਦਾ ਆਤਮਾ ਨੂੰ ਕੋਈ ਲਾਭ ਨਹੀਂ ਪੁੱਜਦਾ। ਇਹ ਸਭ ਸਗੋਂ ਤ੍ਰਿਸ਼ਨਾ ਵਧਾਂਦੇ ਹਨ। ਇਨ੍ਹਾਂ ਨੂੰ ਸਹਿਕਾਮੀ ਸਿੱਖ ਕਹਿ ਲਵੋ।

ਕਰਮ ਉਹ ਹੀ ਹੈ ਜੋ ਨਹਿ ਕਰਮ ਤੇ ਨਹਿਕਾਮੀ ਹੋਵੇ। ਚਾਅ ਨਾਲ ਪੁੰਨ ਦਾਨ ਕਰੇ। ਦਿਖਾਵੇ ਦਾ ਨਾ ਕਰੇ। ਜੇ ਐਸੇ ਸੱਜਣ ਕੋਲੋਂ ਕੋਈ ਭੁੱਲ ਹੋ ਵੀ ਜਾਵੇ ਤਾਂ ਦਾਤਾ ਆਪ ਮਿਹਰ ਕਰਦਾ ਹੈ। ਇਹ ਨਹਿਕਾਮੀ ਕਹਿਲਾਂਦੇ ਹਨ। ਹੋਰ, ਉਪਾਸਕੀ ਸਿੱਖ ਹਨ। ਉਹ ਕਰਮ ਮਾੜੇ ਕਰਦੇ ਨਹੀਂ। ਉਨ੍ਹਾਂ ਨੂੰ ਬਿਬੇਕ ਬੁੱਧ ਮਿਲ ਜਾਂਦੀ ਹੈ। ਚੌਥੇ, ਬ੍ਰਹਮ ਗਿਆਨੀ ਸਿੱਖ ਹਨ। ਉਨ੍ਹਾਂ ਨੇ ਸਰੀਰ ਨੂੰ ਵੀ ਮਿਥਿਆ ਜਾਣਿਆ ਹੈ ਅਤੇ ਕਰਮਾਂ ਨੂੰ ਵੀ ਝੂਠਾ ਜਾਣਿਆ ਹੈ। ਜਿਵੇਂ ਸੂਰਜ ਨੇੜੇ ਅੰਧਕਾਰ ਨਹੀਂ ਜਾਂਦਾ ਤਿਵੇਂ ਉਨ੍ਹਾਂ ਦੇ ਨਿਕਟ ਕਰਮ ਨਹੀਂ ਜਾਂਦੇ। ਉਨ੍ਹਾਂ ਨੂੰ ਕਰਮ ਦੀ ਕੋਈ ਲੋੜ ਨਹੀਂ। ਉਹ ਜੀਵਨ ਮੁਕਤ ਹੁੰਦੇ ਹਨ। ਗੁਰੂ ਨਾਨਕ ਨੇ ਸਿੱਖਾਂ ਨੂੰ ਕਰਮਾਂ ਤੋਂ ਉਤਾਂਹ ਕਰ ਦਿੱਤਾ ਹੈ।

ਜਦ ਸਿੱਖਾਂ ਨੇ ਹੋਰ ਵਿਆਖਿਆ ਕਰਨ ਲਈ ਬੇਨਤੀ ਕੀਤੀ ਤਾਂ ਮਹਾਰਾਜ ਨੇ ਕਿਹਾ : ਜਿਵੇਂ ਖੇਤੀ ਹੁੰਦੀ ਹੈ ਤੇ ਉਸ 'ਤੇ ਕਈ ਪ੍ਰਕਾਰ ਦਾ ਮਹਿਸੂਲ, ਕਰ ਲੱਗਦਾ ਹੈ। ਇਕ ਬਟਾਈ ਹੈ। ਜੋ ਉਪਜ ਹੁੰਦੀ ਹੈ, ਵੰਡ ਲੈਂਦੇ ਹਨ। ਦੂਜੇ ਪੱਟਾ ਹੈ। ਛੇ ਮਹੀਨੇ ਵਿਚ ਇਕ ਵਾਰੀ ਰਾਜੇ ਦਾ ਕਰਮਚਾਰੀ ਆਏਗਾ, ਆਪਣਾ ਹਿੱਸਾ ਲੈ ਜਾਏਗਾ, ਹੋਰ ਕਿਸੇ ਦੀ ਚਿੰਤਾ ਨਹੀਂ। ਤੀਜੇ, ਸੁਗਾਤੀ ਹੈ। ਜਿਸ ਦੇ ਰਾਜ ਵਿਚ ਵੱਸ ਰਹੇ ਹਨ, ਉਸ ਰਾਜੇ ਦੇ ਹੱਕ ਸੁਗਾਤ ਭੇਜ ਦੇਂਦੇ ਹਨ। ਸੁਖੀ ਵੱਸਦੇ ਹਨ। ਚੌਥੇ, ਮੁਆਫ਼ੀ ਹੈ। ਰਾਜੇ ਨਾਲ ਹੀ ਜਾਂਦੇ ਰਹਿੰਦੇ ਹਨ। ਖਾਣਾ ਦਾਣਾ ਰਾਜੇ ਦਾ, ਸਿਰਫ਼ ਉਸ ਦੇ ਹੁਕਮ 'ਤੇ ਚੱਲਦੇ ਹਨ ਤੇ ਆਪੂੰ ਵੀ ਹੁਕਮ ਚਲਾਂਦੇ ਹਨ।

ਇਸੇ ਤਰ੍ਹਾਂ ਜੋ ਸਹਿਕਾਮੀ ਹਨ, ਉਨ੍ਹਾਂ ਦੀ ਰੋਜ਼ ਦੀ ਰੋਜ਼ ਵੰਡਾਈ ਹੁੰਦੀ ਰਹਿੰਦੀ ਹੈ। ਇਧਰ ਤੀਰਥਾਂ 'ਤੇ ਹੋ ਆਏ, ਉਧਰ ਪਾਪ ਜਾਰੀ ਰੱਖੇ। ਇਧਰ ਦਾਨ ਦਿੱਤਾ, ਉੱਧਰ ਹੰਕਾਰ ਵਿਚ ਗ੍ਰਸ ਗਏ। ਉਧਰ ਸੇਵਾ, ਇਧਰ ਲੋਭ। ਉਧਰ ਇਸ਼ਨਾਨ, ਇਧਰ ਪਖੰਡ। ਤੌਖਲਾ ਸਦਾ ਬਣਿਆ ਰਹਿੰਦਾ ਹੈ।

ਨਿਹਕਾਮੀ ਉਹ ਹਨ ਜਿਨ੍ਹਾਂ ਕੋਲੋਂ ਕਦੇ ਕਦਾਈਂ ਭੁੱਲ ਹੋ ਵੀ ਜਾਏ ਤਾਂ ਬਖ਼ਸ਼ਵਾ ਲੈਂਦੇ ਹਨ। ਪੁੰਨ ਵਧੀ ਜਾਂਦੇ ਹਨ। ਇਖ਼ਲਾਕ ਮਜ਼ਬੂਤ ਹੋਈ ਜਾਂਦਾ ਹੈ।

ਉਪਾਸ਼ਕੀਆਂ ਕੋਲੋਂ ਅੰਵਾਣਪੁਣੇ ਵਿਚ ਜੇ ਕੋਈ ਭੁੱਲ ਹੋ ਜਾਏ ਤਾਂ ਦਿਲ ਨੂੰ ਲਗਾ ਲੈਂਦੇ ਹਨ। ਜਦ ਤੱਕ ਦਿਲ ਹੱਛਾ ਨਾ ਹੋ ਜਾਏ ਚੈਨ ਨਾਲ ਨਹੀਂ ਬੈਠਦੇ। ਜਿਵੇਂ ਸੁਗਾਤ ਭੇਜ ਕੇ, ਖੇਤੀ ਵਾਲਾ ਸੁਖੀ ਵੱਸਦਾ ਹੈ, ਤਿਵੇਂ ਬੰਦਗੀ ਵਿਚ ਹੋਰ ਜ਼ਿਆਦਾ ਜੁੜਦੇ ਹਨ।

ਬ੍ਰਹਮ-ਗਿਆਨੀ ਹਰ ਹਕੀਕਤ ਨੂੰ ਪ੍ਰਭੂ ਨਾਲ ਰਹਿ ਕੇ ਜਾਣ ਗਏ ਹਨ। ਉਨ੍ਹਾਂ ਵਿਚ ਹੰਗਤਾ, ਮਮਤਾ ਨਹੀਂ ਰਹਿੰਦੀ।

Sri Satguru Jagjit Singh Ji eLibrary NamdhariElibrary@gmail.com

ਭਾਈ ਬਿਸ਼ਨੂੰ ਬੀਬੜਾ ਅਤੇ ਭਾਈ ਸੁੰਦਰ ਮਾਛੀ ਦਰਸ਼ਨਾਂ ਨੂੰ ਆਏ ਅਤੇ ਬੇਨਤੀ ਕੀਤੀ

**ਸੇਵਾ ਕਰਹੁ ਹੋਇ ਮਨ ਦੀਨ**

ਕਿ ਕ੍ਰਿਪਾ ਕਰ ਕੇ ਐਸਾ ਰਾਹ ਦੱਸੋ ਜਿਸ 'ਤੇ ਟੁਰ ਜੀਵਨ ਦਾ ਉਧਾਰ ਹੋਵੇ। ਗੁਰੂ ਜੀ ਨੇ ਬਚਨ ਕੀਤਾ : ਸੇਵਾ ਹੀ ਉਧਾਰ ਦਾ ਮੁੱਖ ਰਾਹ ਹੈ। '**ਸੇਵਾ ਕਰਹੁ ਹੋਇ ਮਨ ਦੀਨ**।' ਲੰਗਰ ਵਿਚ ਲੱਕੜੀਆਂ ਲਿਆ ਪਾਉਣੀਆਂ, ਪਾਣੀ ਦੀਆਂ ਮਸ਼ਕਾਂ ਭਰ ਛਿੜਕਾਅ ਕਰਨਾ ਤੇ ਪਿਆਸੇ ਦੀ ਪਿਆਸ ਬੁਝਾਉਣੀ। ਬਿਸ਼ਨੂੰ ਜੀ ਨੂੰ ਉਚੇਚੇ ਤੌਰ 'ਤੇ ਕਿਹਾ ਕਿ ਜੇ ਸਰਦੀ ਹੋਵੇ ਤਾਂ ਪਿਛਲੀ ਰਾਤ ਪਾਣੀ ਗਰਮ ਕਰ ਕੇ ਸਿੱਖਾਂ ਨੂੰ ਇਸ਼ਨਾਨ ਕਰਾਉਣਾ। ਉਨ੍ਹਾਂ ਐਸਾ ਹੀ ਕੀਤਾ ਤੇ ਜੀਵਨ ਪਦਵੀ ਪਾ ਲਈ।

ਇਕ ਹੋਰ ਸਿੱਖ ਭਾਈ ਦੀਪਾ ਨੂੰ ਹੁਕਮ ਕੀਤਾ ਕਿ ਜੋ ਸਿੱਖ ਘਰ ਆਵੇ ਉਸ ਨੂੰ ਪ੍ਰਸੰਨ ਚਿੱਤ ਪ੍ਰਸ਼ਾਦ ਛਕਾਉਣਾ। ਥੱਕੇ ਦੀ ਥਕਾਵਟ ਦੂਰ ਕਰਨੀ। ਕੋਈ ਨੰਗਾ ਦੇਖੋ ਤਾਂ ਚੁੱਪ ਕੀਤੇ ਬਸਤਰ ਉੱਪਰ ਪਾਏ ਦੇਣਾ ਅਤੇ ਸ਼ਬਦ ਦੀ ਚਰਚਾ ਕਰਨੀ। ਇਤਿਹਾਸ ਕਹਿੰਦਾ ਹੈ ਕਿ ਭਾਈ ਦੀਪਾ ਜੀ ਨੂੰ ਐਸਾ ਪ੍ਰਕਾਸ਼ ਹੋਇਆ ਕਿ ਕੋਈ ਬਚਨ ਜੇ ਮੂੰਹੋਂ ਕੱਢਦੇ ਉਹ ਨਾ ਸਿਰਫ਼ ਪੂਰਾ ਹੁੰਦਾ, ਸਗੋਂ ਅਗਲੇ ਨੂੰ ਪ੍ਰਕਾਸ਼ ਵੀ ਹੋ ਜਾਂਦਾ।

**ਦੀਪਾ ਦੀਪਕ ਸਮ ਕਰਯੋ।**
**ਜੋ ਇਸ ਮਿਲੈ ਸੁ ਨਿਸ਼ਚੈ ਤਰਯੋ।**[1]

ਦਿਲੋਂ ਸੇਵਾ ਕਰਨ ਕਾਰਨ ਭਾਈ ਸੇਠਾ 'ਸਭਾਗਾ' ਅਤੇ ਭਾਈ ਉਗਵੰਦਾ ਦੀ ਕਲਿਆਣ ਹੋਈ।

ਇਕ ਵਾਰੀ ਭਾਈ ਪੈੜਾ ਚੰਡਾਲੀਆ ਤੇ ਭਾਈ ਜੇਠਾ ਜੀ ਨੇ ਬੇਨਤੀ ਕੀਤੀ ਕਿ ਬ੍ਰਾਹਮਣ ਕਹਿੰਦੇ ਹਨ ਕਿ ਜਦ ਤੱਕ ਤੁਸੀਂ ਅੰਨ ਦੀ ਅਹੂਤੀ ਅਗਨ ਵਿਚ ਨਹੀਂ ਪਾਵੋਗੇ, ਖੁਆਇਆ ਨਹੀਂ ਲੱਗੇਗਾ। ਪੰਜਵੇਂ ਪਾਤਸ਼ਾਹ ਨੇ ਕਿਹਾ :

ਜੋ ਤੁਸੀਂ ਗ਼ਰੀਬ ਸਿੱਖ ਨੂੰ ਪ੍ਰਸ਼ਾਦ ਛਕਾਂਦੇ ਹੋ, ਇਹ ਹੀ ਅਸਲ ਹੋਮ ਯਗ ਨੂੰ ਪਾਈ ਆਹੂਤੀ ਹੈ। ਤੁਸੀਂ ਵੀ ਜੋ ਵਾਹਿਗੁਰੂ ਕਰ ਕੇ ਪ੍ਰਸ਼ਾਦ ਮੂੰਹ ਵਿਚ ਪਾਉਂਦੇ ਹੋ, ਇਹ ਹੋਮ ਯੱਗ ਤੋਂ ਵੀ ਉੱਤੇ ਹੈ।

ਇਸ ਤਰ੍ਹਾਂ ਬਚਨਾਂ ਨਾਲ ਰਾਹ ਸੁਖਾਲਾ ਕਰੀ ਜਾਂਦੇ ਸਨ।

ਭਾਈ ਤੁਲਸਾ ਜੀ ਨੂੰ ਵੀ ਬਚਨ ਕੀਤੇ ਕਿ ਅੰਨ ਬਸਤਰ ਦੀ ਕਿਸੇ ਦੀ ਕਾਮਨਾ ਆਵੇ ਤਾਂ ਉਸ ਦੀ ਕਾਮਨਾ ਜੇ ਇਕੱਲੇ ਹੀ ਪੂਰੀ ਕਰ ਸਕੋ ਤਾਂ ਕਰ ਦੇਣੀ, ਨਹੀਂ ਤਾਂ ਸਭਨਾਂ ਮਿਲ ਕੇ ਕਰਨੀ। ਸਾਧ ਸੰਗਤਿ ਉਸ ਬਰਖਾ ਨਿਆਈਂ ਹੈ ਜੋ ਨੀਵੇਂ ਹੋ ਕੇ ਵਰ੍ਹਦੀ ਹੈ ਅਤੇ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੀ ਹੈ।

ਭਾਈ ਬੁੱਧੂ ਜੀ ਲਾਹੌਰ ਦੇ ਰਹਿਣ ਵਾਲੇ ਸਨ। ਉਨ੍ਹਾਂ ਦਾ ਅਸਲ ਨਾਂ ਭਾਈ ਸਾਧੂ ਸੀ। ਇੱਟਾਂ ਦਾ ਆਵਾ ਚਾੜ੍ਹਿਆ। ਅਰਦਾਸ ਕਰਾਉਣ ਲਈ ਕਿ ਆਵਾ ਪੱਕੇ, ਸੰਗਤਿ ਘਰ ਬੁਲਾਈ, ਅਰਦਾਸ ਕਰਵਾਈ। ਲੰਗਰ ਕੀਤਾ। ਜਦ ਲੰਗਰ ਵਰਤਾਉਣਾ ਅਰੰਭ

1. ਰਾਸ ਤੀਜੀ, ਅੰਸ਼ ੫੮

Sri Satguru Jagjit Singh Ji eLibrary NamdhariElibrary@gmail.com

ਹੋਇਆ ਭਾਈ ਲੱਖੂ ਪਟੋਲੀਆ, ਜੋ ਨਾਮ ਰੱਤੇ ਹੋਣ ਕਰਕੇ ਕਮਲੀਆ ਕਰ ਕੇ ਜਾਣਿਆ ਜਾਂਦਾ ਸੀ, ਵੀ ਪੁੱਜੇ। ਅਗੋਂ ਉਨ੍ਹਾਂ ਨੂੰ ਪਾਟੇ ਕੱਪੜਿਆਂ ਵਿਚ ਆਉਂਦਾ ਦੇਖ ਡਿਉੜੀ ਦਾ ਦਰਵਾਜ਼ਾ ਬੰਦ ਕਰ ਦਿੱਤਾ ਗਿਆ। ਭਾਈ ਲੱਖੂ ਜੀ ਨੇ ਦਰਵਾਜ਼ਾ ਖੜਕਾਇਆ ਵੀ ਪਰ ਸੇਵਾਦਾਰ ਨੇ ਨਾ ਖੋਹਲਿਆ। ਲੰਗਰ ਸਮਾਪਤੀ ਉਪਰੰਤ ਜਦ ਅਰਦਾਸ ਹੋਈ ਕਿ ਆਵਾ ਪੱਕਾ ਤਾਂ ਬਾਹਰੋਂ ਆਵਾਜ਼ ਆਈ, ਆਵਾ ਕੱਚਾ।

ਸੱਚਮੁੱਚ ਇਵੇਂ ਹੀ ਹੋਇਆ। ਆਵਾ ਪਿੱਲਾ ਰਿਹਾ। ਭਾਈ ਬੁੱਧੂ ਜੀ ਗੁਰੂ ਦਰਬਾਰ ਹਾਜ਼ਰ ਹੋਇਆ ਤੇ ਬੇਨਤੀ ਕੀਤੀ ਕਿ ਮਹਾਰਾਜ ਸੰਗਤ ਨੇ ਅਰਦਾਸ ਕੀਤੀ ਸੀ ਪਰ ਪਿੱਲਾ ਕਿਉਂ ਰਿਹਾ? ਗੁਰੂ ਪਿਤਾ ਕਹਿਣ ਲੱਗੇ :

ਤੂੰ ਸਿੱਖ ਦਾ ਆਦਰ ਨਹੀਂ ਕੀਤਾ
ਪਾਟੇ ਕੱਪੜੇ ਦੇਖ ਰੋਕ ਪਾ ਦਿੱਤੀ।
ਜਾਂ ਤਾਂ ਲੰਗਰ ਕਰੋ ਨਾਂਹ, ਜੇ ਕਰੋ ਤਾਂ
ਕਿਸੇ ਨੂੰ ਭੁੱਖਾ ਨਾ ਜਾਣ ਦਿਓ।
"ਜੋ ਸੰਗਤਿ ਹਿਤ ਕਰਹਿ ਅਹਾਰੇ।
ਛੁਦਤਿ ਨ ਜਾਨਿ ਦੇਹ ਨਿਜ ਦ੍ਵਾਰੇ।"[1]
ਹੁਣੇ ਉਸੇ ਸਿੱਖ ਪਾਸ ਜਾਓ।

ਭਾਈ ਬੁੱਧੂ ਜੀ, ਭਾਈ ਲੱਧਾ ਪਰਉਪਕਾਰੀ ਨੂੰ ਲੈ ਕੇ, ਲੱਖੂ ਜੀ ਪਾਸ ਗਏ। ਖਿਮਾ ਮੰਗੀ ਅਤੇ ਕ੍ਰਿਪਾ ਕਰਨ ਲਈ ਕਿਹਾ। ਭਾਈ ਲੱਧਾ ਜੀ ਨੇ ਕਿਹਾ : ਜੋ ਕੁਝ ਬਖ਼ਸ਼ਾਉਣ ਆ ਜਾਏ, ਉਸ 'ਤੇ ਕ੍ਰੋਧ ਨਹੀਂ ਕਰਨਾ ਚਾਹੀਦਾ। ਭਾਈ ਲੱਖੂ ਜੀ ਨੇ ਕਿਹਾ : ਆਵਾ ਤਾਂ ਹੁਣ ਕੱਚਾ ਰਹੇਗਾ ਪਰ ਵਿਕੇਗਾ ਪੱਕੀਆਂ ਦੇ ਹਿਸਾਬ। ਦੇਵ ਨੇਤ ਉਸ ਵਰ੍ਹੇ ਬਾਰਸ਼ ਬਹੁਤ ਹੋਈ। ਕਿਲ੍ਹੇ ਦੀ ਦੀਵਾਰ ਢਹਿ ਗਈ। ਛੇਤੀ ਮੁਰੰਮਤ ਕਰਨ ਲਈ ਇੱਟਾਂ ਦੀ ਲੋੜ ਪਈ। ਕੱਚੀਆਂ ਪੱਕੀਆਂ ਦੇ ਹਿਸਾਬ ਵਿਕੀਆਂ। ਬੁੱਧੂ ਜੀ ਨੂੰ ਕਈਆਂ **'ਸ਼ਾਹੀ ਇੱਟ ਘਾੜਾ'** ਵੀ ਲਿਖਿਆ ਹੈ।

ਭਾਈ ਗੜ੍ਹੀਅਲ ਤੇ ਮਥਰਾ ਦਾਸ ਜੀ ਪਾਂਡੀ ਸਨ, ਇਨ੍ਹਾਂ ਨੂੰ ਇਹ ਹੀ ਉਪਦੇਸ਼ ਹੋਇਆ ਕਿ ਨਿਤਾਣੇ ਦਾ ਕੰਮ ਸਵਾਰ ਦਿੱਤਾ ਕਰਨਾ। ਇਹ ਕਿਸੇ ਦੀ ਭਾਰੀ ਪੰਡ ਦੇਖਣ, ਮੁਕਾਮ 'ਤੇ ਪਹੁੰਚਾ ਦੇਣ। ਸੇਵਾ ਦਾ ਰੰਗ ਐਸਾ ਚੜ੍ਹਿਆ ਕਿ ਗੁਰਮੁਖ ਪਦਵੀ ਪਾਈ। ਭਾਈ ਗੁਰਦਾਸ ਜੀ ਨੇ 'ਸੁਲਤਾਨਪੁਰ ਭਗਤਿ ਭੰਡਾਰਾ' ਕਰ ਕੇ ਵਡਿਆਇਆ ਹੈ।

**ਗੁਰਬਾਣੀ ਦਾ ਪਾਠ-ਵਿਚਾਰ ਹੀ ਸਾਰੇ ਤਪ**

ਉਥੋਂ ਦੇ ਭਾਈ ਚਾਊ ਜੀ, ਭਾਈ ਥੰਮੀ, ਭਾਈ ਮੂਲਾ, ਭਾਈ ਹੇਮਾ ਕਪਾਹੀ, ਭਾਈ ਗੋਇੰਦ ਤੇ ਭੱਟ ਭਿਖਾ ਜੀ, ਟੋਡਾ ਜੀ, ਸੋਲਾਂ ਸਿੱਖ ਗੁਰੂ ਦਰਬਾਰ ਆਏ ਅਤੇ ਬੇਨਤੀ ਕੀਤੀ ਕਿ ਅਸੀਂ ਗੁਰੂ ਦੀ ਦੱਸੀ ਮਰਯਾਦਾ ਨਿਭਾਂਦੇ ਹਾਂ ਪਰ ਮਨ ਸ਼ਾਂਤ ਨਹੀਂ ਹੁੰਦਾ।

ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ : ਜਗਤ ਤਾਮਸੀ ਤੇ ਰਾਜਸੀ ਗੁਣਾਂ ਵਿਚ

1. ਰਾਸ ਦੂਜੀ, ਅੰਸ਼ ੪੮.

Sri Satguru Jagjit Singh Ji eLibrary NamdhariElibrary@gmail.com

ਫਸਿਆ ਹੋਇਆ ਹੈ। ਸ਼ਾਂਤਕੀ ਵਿਚ ਨਹੀਂ ਵਿਚਰਿਆ। ਅੰਦਰ ਤੇ ਬਾਹਰ ਹਰ ਪਾਸੇ ਹਿੰਸਾ ਹੈ, ਲੋਭ ਹੈ ਜਾਂ ਅਭਿਮਾਨ ਹੈ। ਕੋਈ ਵਿਰਲਾ ਹੀ ਮਿੱਠ ਬੋਲੜਾ ਤੇ ਨਿੰਮ੍ਰਤਾ ਧਾਰਨ ਕਰਦਾ ਹੈ। ਇਹ ਜਾਣਨ ਲਈ ਕਿ ਨਿੰਮ੍ਰਤਾ ਅੰਦਰ ਘਰ ਕਰ ਗਈ ਹੈ ਜਾਂ ਨਹੀਂ, ਬਾਣੀ ਦੱਸ ਪਾਉਂਦੀ ਹੈ। ਜੋ ਸ਼ਬਦ ਪੜ੍ਹਿਆ ਹਰ ਅੱਖਰ ਹਿਰਦੇ ਵੱਜੇ, ਜਿਉਂ ਦੀ ਤਿਉਂ ਸਮਝ ਆਵੇ, ਮਨ ਡੋਲੇ ਨਾਹੀ, ਸਮਝੋ ਨਿੰਮ੍ਰਤਾ ਅੰਦਰ ਆ ਗਈ ਹੈ।

'**ਮਨ ਟਿਕ ਰਹੇ, ਨ ਡੋਲਨਿ ਜਾਇ**' ਹੀ ਕਸਵੱਟੀ ਹੈ। ਬਾਣੀ ਪੜ੍ਹਦਿਆਂ, 'ਕਬਿ ਮਨ ਟਿਕੇ, ਡੋਲ ਕਬਿ ਧਾਵੈ' ਕਦੇ ਕਿਸੇ ਸਮੇਂ ਠਹਿਰ ਜਾਏ ਅਤੇ ਕਦੇ ਕਿਸੇ ਸਮੇਂ ਡੋਲ ਜਾਏ ਤਾਂ ਮਨ 'ਰਾਜਸੀ' ਗੁਣ ਵਿਚ ਵਿਚਰ ਰਿਹਾ ਹੈ। ਅਟਕ ਗਿਆ ਹੈ। ਇਸ ਨੂੰ ਅੱਗੇ ਤੋਰਨਾ ਹੈ।

'ਜੇ ਨਾਂਹ ਠਹਿਰੇ, ਸਮਝ ਨ ਆਵੇ', ਮਨ ਸਦਾ ਡੋਲਦਾ ਰਵ੍ਹੇ, ਉੱਡ-ਉੱਡ ਜਾਏ, ਕੁਝ ਪੱਲੇ ਨਾ ਪਵੇ ਤਾਂ ਤਾਮਸੀ ਗੁਣ ਦਾ ਧਾਰਨੀ ਹੈ।

ਫਿਰ ਸਮਝਾਉਂਦੇ ਹੋਏ ਕਿਹਾ : ਇਕ ਉਹ ਸੂਰਮੇ ਹਨ ਜੋ ਬਾਹਰ ਦੀ ਫ਼ੌਜ ਜਿੱਤਦੇ ਹਨ, ਉਨ੍ਹਾਂ ਦਾ ਜਸ ਰਬਾਬੀ ਭੱਟ ਗਾਉਂਦੇ ਹਨ ਪਰ ਜੋ ਕਾਮ ਕ੍ਰੋਧ ਵੈਰੀਆਂ ਨੂੰ ਜਿੱਤਦੇ ਹਨ, ਉਨ੍ਹਾਂ ਦਾ ਜਸ ਵੇਦ ਪੁਰਾਣੀ ਹੈ।

ਬਾਣੀ ਨੂੰ ਵਿਚਾਰ ਪੜ੍ਹਨਾ ਹੀ ਸਭ ਤੋਂ ਵੱਡਾ ਕਰਮ ਹੈ। ਇਸੇ ਰਾਹੀਂ ਹੀ ਭਗਤੀ ਦ੍ਰਿੜ੍ਹ ਹੁੰਦੀ ਹੈ ਅਤੇ ਗਿਆਨ ਪ੍ਰਾਪਤ ਹੁੰਦਾ ਹੈ। ਸ਼ਬਦ ਦੇ ਸਮਝਣ ਨਾਲ ਹੀ ਬਿਬੇਕ ਬੁੱਧੀ ਮਿਲ ਜਾਂਦੀ ਹੈ। ਸ਼ੁੱਭ ਤੇ ਅਸ਼ੁੱਭ ਕਰਮਾਂ ਦਾ ਨਿਖੇੜਾ ਆਪੇ ਹੀ ਹੋਈ ਟੁਰੀ ਜਾਂਦਾ ਹੈ।

ਇਸੇ ਤਰ੍ਹਾਂ ਇਕ ਵਾਰੀ ਭਾਈ ਲਾਲੋ, ਲਟਕਣ ਜੀ, ਭਾਈ ਮੁਰਾਰੀ ਅਤੇ ਆਲਮ ਚੰਦ ਹਾਂਡਾ ਨੇ ਹੱਥ ਜੋੜ ਬੇਨਤੀ ਕੀਤੀ ਕਿ ਐਸਾ ਉਪਦੇਸ਼ ਦੇਵੋ ਕਿ ਦੁੱਖ ਦੂਰ ਹੋ ਜਾਏ। ਮਹਾਰਾਜ ਨੇ ਫ਼ਰਮਾਇਆ : 'ਕਰਹੁ ਸ਼ਬਦ ਕੋ ਨਿੱਤ ਅਭਿਆਸਾ।' ਉਨ੍ਹਾਂ ਫਿਰ ਬੇਨਤੀ ਕੀਤੀ ਕਿ ਜਦ ਸ਼ਬਦ ਪੜ੍ਹਦੇ ਹਾਂ ਤਾਂ ਮਨ ਟਿਕਿਆ-ਟਿਕਿਆ ਲਗਦਾ ਹੈ ਪਰ ਫਿਰ ਸਭ ਕੁਝ ਉਹੋ ਜਿਹਾ ਹੀ ਹੋ ਜਾਂਦਾ ਹੈ। ਮਹਾਰਾਜ ਨੇ ਦੁਹਰਾਇਆ : ਬਸ ਅਭਿਆਸ ਹੀ ਰਾਹ ਹੈ। ਜ਼ੰਜੀਰ ਅਭਿਆਸ ਹੈ। ਜਦ ਪਾਣੀ ਮਰਜ਼ੀ ਨਾਲ ਵਹਿ ਰਿਹਾ ਹੋਵੇ ਤਾਂ ਬੜੀ ਮੁਸ਼ਕਿਲ ਨਾਲ ਹੀ ਪਾਸਾ ਪਰਤਦਾ ਹੈ। ਜਤਨ ਕਰਦਿਆਂ ਹੀ ਦੂਜੀ ਥਾਂ ਵਗਦਾ ਹੈ। ਪਹਿਲਾਂ ਮਨ ਨੀਵਾਂ ਕਰੋ। ਫਿਰ ਬਿਰਤੀ ਨੂੰ ਬ੍ਰਹਮ-ਗਿਆਨ ਦਾ ਬੰਨ੍ਹ ਮਾਰੋ।

**'ਪੂਰਬ ਕਰੀਅਹਿ ਮਨ ਨੀਵਾਣ।**
**ਪਾਵਹੁ ਬੰਧ, ਬ੍ਰਿਤੀ ਬ੍ਰਹਮ ਗਿਆਨ।'**

ਫਿਰ ਮਾੜੇ ਖੋਟੇ ਵਿਵਹਾਰ ਜ਼ੋਰ ਨਹੀਂ ਪਾਉਣਗੇ। ਮਨ ਸਦਾ ਟਿਕਿਆ ਰਹੇਗਾ।

ਇਹ ਵੀ ਨਿਖੇੜਾ ਕੀਤਾ ਕਿ ਕੀ ਪੜ੍ਹਨਾ ਚਾਹੀਏ ਤੇ ਕੀ ਤਿਆਗਨਾ। ਭਾਈ ਹਰਬੰਸ ਜੀ, ਜੋ ਤਪਾ ਕਰ ਕੇ ਜਾਣੇ ਜਾਂਦੇ ਸਨ, ਸਦਾ ਸੇਵਾ ਵਿਚ ਜੁੜੇ ਰਹਿੰਦੇ। ਥੱਕੇ ਸਿੱਖਾਂ ਦੇ ਚਰਨ ਗਰਮ ਪਾਣੀ ਨਾਲ ਧੋਂਦੇ, ਭੁੱਖਿਆਂ ਨੂੰ ਰੋਟੀ ਅਤੇ ਨੰਗਿਆਂ ਨੂੰ ਬਸਤਰ

Sri Satguru Jagjit Singh Ji eLibrary NamdhariElibrary@gmail.com

ਦੇਂਦੇ। ਪਿਛਲੀ ਰਾਤ ਜਾਗ ਸਾਰਿਆਂ ਨੂੰ ਇਸ਼ਨਾਨ ਕਰਾਂਦੇ। ਉਹ ਸਦਾ ਭਾਈ ਗੁਰਦਾਸ ਜੀ ਦੀ ਰਚਨਾ ਪੜ੍ਹਦੇ ਰਹਿੰਦੇ। ਇਕ ਸਿੱਖ ਨੇ ਗੁਰੂ ਜੀ ਕੋਲ ਜਾ ਸ਼ਿਕਾਇਤ ਕੀਤੀ ਕਿ ਭਾਈ ਹਰਬੰਸ ਤਪਾ ਸਦਾ ਭਾਈ ਗੁਰਦਾਸ ਜੀ ਦੀ ਬਾਣੀ ਹੀ ਪੜ੍ਹਦਾ ਹੈ, ਇਸ ਨੂੰ ਰੋਕਣਾ ਚਾਹੀਦਾ ਹੈ। ਗੁਰੂ ਅਰਜਨ ਦੇਵ ਜੀ ਨੇ ਕਿਹਾ : ਕੋਈ ਹਰਜ ਨਹੀਂ, ਭਾਈ ਗੁਰਦਾਸ ਨੇ ਜੋ ਲਿਖਿਆ ਹੈ, ਗੁਰੂ ਦੀ ਛਾਂ ਲੈ ਕੇ ਲਿਖਿਆ ਹੈ :

**'ਤਿਸ ਕਹੁ ਪਢਹੁ, ਸੁ ਤਰਕਹੁ ਨਾਹੀਂ।'**

ਉਸ ਨੂੰ ਪੜ੍ਹਨਾ ਤਿਆਗੋ ਜਿਸ ਨੂੰ ਪੜ੍ਹਨ ਨਾਲ ਬੁੱਧੀ ਵਿਚ ਫ਼ਰਕ ਪਵੇ। ਵਿੱਦਿਆ ਦਾ ਨਸ਼ਾ ਹੋਵੇ ਜਾਂ ਗੁਰੂ ਤੇ ਤਰਕ ਹੀ ਕਰੀ ਜਾਏ। ਇਨ੍ਹਾਂ ਨੂੰ ਪੜ੍ਹਨਾ ਅਜਿਹਾ ਹੈ ਜਿਵੇਂ ਬਗ਼ੈਰ ਮੀਂਹ ਤੋਂ ਬੱਦਲ ਗਰਜ ਰਿਹਾ ਹੋਵੇ। ਜਿਸ ਦਾ ਲਾਭ ਕੋਈ ਨਹੀਂ, ਸਗੋਂ ਬਿਜਲੀ ਗਿਰਾ ਕੇ ਕੁਝ ਸਾੜੇਗਾ ਹੀ। ਇਹ ਸਭ ਗ਼ਲਤ ਵਿੱਦਿਆ ਪੜ੍ਹਨ ਨਾਲ ਹੋਇਆ ਹੈ ਕਿ ਬਿਬੇਕ ਦੇ ਚਰਾਗ਼ ਦੀ ਰੋਸ਼ਨੀ ਮੱਧਮ ਹੋ ਗਈ ਹੈ :

**ਮਾਧੋ ਅਬਿਦਿਆ ਹਿਤ ਕੀਨ।**
**ਬਿਬੇਕ ਦੀਪ ਮਲੀਨ।**

ਬਾਣੀ ਤੇ ਉਸ ਦੀ ਛਾਂ ਵਿਚ ਲਿਖੀ ਰਚਨਾ ਬਿਬੇਕ ਦੀਪ ਨੂੰ ਮੱਧਮ ਨਹੀਂ ਹੋਣ ਦੇਂਦੀ।

**ਸਿਮਰਹੁ ਵਾਹਿਗੁਰੂ ਦੁੱਖ ਹਾਨਾ**

ਭਾਈ ਫਿਰਨਾ, ਭਾਈ ਚੰਗਾ ਅਤੇ ਭਾਈ ਜੇਠਾ ਜੀ ਨੇ ਹਾਜ਼ਰ ਹੋ ਬੇਨਤੀ ਕੀਤੀ ਕਿ ਮਹਾਰਾਜ ਕੋਈ ਰਾਮ ਜਪਦਾ ਹੈ, ਕੋਈ ਕ੍ਰਿਸ਼ਨ ਅਤੇ ਕੋਈ ਸੋਹੰ ਕਹਿੰਦਾ ਹੈ। ਸਾਨੂੰ ਕੀ ਹੁਕਮ ਹੈ? ਪੰਚਮ ਪਿਤਾ ਨੇ ਫ਼ਰਮਾਇਆ : **ਅਸਾਂ ਵਾਹਿਗੁਰੂ ਜਪਣਾ ਹੈ।** ਇਹ ਠੀਕ ਹੈ ਕਿ 'ਸਭ ਸਲਾਹੈ ਏਕ ਸੈ' ਪਰ ਨਦੀ 'ਤੇ ਜਿਤਨੀਆਂ ਬੇੜੀਆਂ ਹਨ ਪਾਰ ਤਾਂ ਕਰਦੀਆਂ ਹਨ ਪਰ ਵਾਹਿਗੁਰੂ ਨਾਮ ਜਹਾਜ਼ ਹੈ। ਨਦੀ ਗਹਿਰੀ ਤੇ ਵਹਾ ਤੇਜ਼ ਹੈ ਅਤੇ ਉਤੋਂ ਤੂਫ਼ਾਨ ਆ ਜਾਏ ਤਾਂ ਬੇੜੀ ਦੀ ਸਮਰੱਥਾ ਰਹਿ ਜਾਂਦੀ ਹੈ। ਉਸ ਸਮੇਂ ਬੇੜਾ, ਜਹਾਜ਼ ਹੀ ਕਾਰਜ ਸਵਾਂਰਦਾ ਹੈ। 'ਸਿਮਰਹੁ ਵਾਹਿਗੁਰੂ ਦੁੱਖ ਹਾਨਾ'। 'ਵਾਹੁ ਨਾਮ ਅਚਰਜ ਕੋ ਹੋਈ, ਅਚਰਜ ਤੇ ਪਰ ਉਕਤ ਨ ਕੋਈ।' ਇਹ ਸਭ ਵਾਹ-ਵਾਹ ਦਾ ਤਮਾਸ਼ਾ ਹੈ। ਵਾਹ ਕਹਿਣ ਨਾਲ ਉਸ ਬੇਅੰਤ ਦੀ ਸੋਝੀ ਪੈਂਦੀ ਹੈ। **ਬੇਅੰਤ ਨੂੰ ਬੇਅੰਤ ਕਹਿਣਾ ਹੀ ਉਸ ਦਾ ਅੰਤ ਪਾਉਣਾ ਹੈ।**

'ਗੁ, ਤਮ, ਤਨ, ਅਗਿਆਨ ਅਨਿਤ। ਰੂ, ਪ੍ਰਕਾਸ਼ ਕੀਓ ਜਿਨ ਚਿਤ' ਜੋ ਸਰੀਰ ਦਾ ਪਿਆਰ, ਵਹਿਮਾਂ ਦਾ ਹਨੇਰਾ, ਅਗਿਆਨ ਦੀ ਰਾਤ ਅਤੇ ਸੰਸਾਰ ਨਾਲ ਪਿਆਰ ਹੈ, ਉਹ ਗੁਰੂ ਕਿਹਾਂ ਹਟਦਾ ਹੈ। ਗੁਰੂ ਨਾਨਕ ਜੀ ਨੇ ਸੁਖਾਲਾ ਰਾਹ ਦੱਸਿਆ ਹੈ।

ਭਾਈ ਤੁਲਸੀਆ, ਭਾਈ ਗੋਇੰਦਾ, ਵਿਸਾ ਗੋਪੀ ਜੀ ਜੋ ਸੰਗਤ ਵਿਚ ਹੀ ਸਨ, ਕਹਿਣ ਲੱਗੇ ਕਿ ਨਾਮ ਦੇਵ ਜੀ ਦੇ ਸ਼ਬਦ, 'ਆਜ ਨਾਮੇ ਬੀਠਲ ਦੇਖਿਆ, ਮੂਰਖ ਕੋ ਸਮਝਾਊ ਰੇ' ਵਿਚ ਰਾਮ, ਮਹਾਂਦੇਵ ਤੇ ਗਾਇਤ੍ਰੀ ਦੀ ਨਿੰਦਾ ਹੈ। ਮਹਾਰਾਜ ਨੇ ਫ਼ਰਮਾਇਆ : ਨਹੀਂ! ਨਿੰਦਿਆ ਨਹੀਂ ਹੈ। ਨਾਮ ਦੇਵ ਜੀ ਨੇ ਤਾਂ ਸਗੋਂ ਸੁਚੇਤ ਕੀਤਾ

Sri Satguru Jagjit Singh Ji eLibrary NamdhariElibrary@gmail.com

ਹੈ ਕਿ ਜੋ ਆਪਣੇ ਇਸ਼ਟ ਵਿਚ ਦੋਸ਼ ਕੱਢਦੇ ਹਨ, ਉਨ੍ਹਾਂ ਵਿਚ ਭਗਤੀ ਭਾਵ ਨਹੀਂ ਜਾਗ ਸਕਦਾ :

**'ਇਤਯਾਦਕ ਬਹੁ ਤਰਕ ਉਠਾਵੈ**
**ਲਖ ਰੂਪ ਕੋ ਭੇਦ ਨਾ ਪਾਵੈ।'**

ਸ਼ਰਧਾ ਕਦੇ ਨਹੀਂ ਛੱਡਣੀ। ਉਸ ਦੀ ਹਜ਼ੂਰੀ ਦਾ ਸਵਾਦ ਮਾਣਨਾ ਹੈ।

ਭਾਈ ਜੋਧਾ ਅਤੇ ਭਾਈ ਜਾਮੂ ਜੀ ਨੇ ਆ ਕੇ ਬੇਨਤੀ ਕੀਤੀ ਕਿ ਆਪ ਜੀ ਦਾ ਹੁਕਮ ਹੈ ਕਿ ਇਕਾਗਰ ਚਿੱਤ ਬਾਣੀ ਪੜ੍ਹਨੀ, ਪਰ ਮਨ ਇਕਾਗਰ ਰਹਿੰਦਾ ਨਹੀਂ। ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ : ਅੱਗੇ ਤਾਂ ਤੁਸੀਂ ਮਨ ਦੇ ਸੁਭਾਵ ਨੂੰ ਨਹੀਂ ਸੀ ਜਾਣਦੇ, ਹੁਣ ਤਾਂ ਵਾਕਫ਼ ਹੋ ਗਏ ਹੋ। ਜਿਵੇਂ ਮਨ ਨਿਕਲੇ ਫਿਰ-ਫਿਰ ਲਿਆ ਜੋੜਨਾ। ਗੁਰੂ ਰਾਮ ਦਾਸ ਜੀ ਨੇ ਇਕ ਸਿੱਖ ਦੀ ਪੁੱਛ 'ਤੇ ਉੱਤਰ ਵਿਚ ਬਚਨ ਕੀਤੇ ਸਨ ਕਿ ਜਿਵੇਂ ਅੜੀਅਲ ਘੋੜਾ ਆਪਣੀ ਮਰਜ਼ੀ 'ਤੇ ਦੌੜਦਾ ਹੈ ਤਾਂ ਸਿਆਣਾ ਸਵਾਰ ਉਸ ਨੂੰ ਅੱਗਾ ਵਿਖਾਇਕੈ ਤੇ ਮੋੜ ਲਿਆਂਦਾ ਹੈ। ਫਿਰ ਵਾਗਾਂ ਮੋੜਨ ਨਾਲ ਆਪੇ ਸੁੱਧ ਹੋ ਜਾਂਦਾ ਹੈ। ਮਨ ਫੇਰ-ਫੇਰ ਕੇ ਵਿਚ ਸ਼ਬਦਾਂ ਦੇ ਜੋੜਨਾ, ਸੁੱਧ ਹੋ ਜਾਏਗਾ, ਇਕਾਗਰ ਹੋ ਜਾਏਗਾ।

**ਮਨ ਕਾਬੂ, ਨਿਮਰ ਤੇ ਤ੍ਰਿਸ਼ਨਾ ਰਹਿਤ ਕਿਵੇਂ ਹੋਏ**

ਭਾਈ ਸਾਈਂ ਦਾਸ ਜੀ ਨੂੰ ਵੀ ਇਹ ਹੀ ਬਚਨ ਕੀਤੇ ਕਿ ਜਦ ਘੋੜੇ ਨੂੰ ਕਾਬੂ ਕਰਨਾ ਹੁੰਦਾ ਹੈ ਤਾਂ ਪਹਿਲਾਂ ਜਿੱਥੇ ਜਾਂਦਾ ਹੈ, ਜਾਣ ਦਈਦਾ ਹੈ। ਹੌਲੇ-ਹੌਲੇ ਸੁਧਾਰ ਕੇ, ਦਿਲਾਸਾ ਦੇ ਕੇ ਤੇ ਜੇ ਅੜ ਜਾਏ ਤਾਂ ਚਾਬਕ ਦੀ ਵਰਤੋਂ ਕਰ ਕੇ, ਡਰ ਉਪਜਾ ਕੇ ਕਾਬੂ ਕਰ ਲਈਦਾ ਹੈ। ਇਸੇ ਤਰ੍ਹਾਂ ਜਿਸ ਵੇਲੇ ਮਨ ਨਾਮ ਦਾ ਸਵਾਦ ਲੈ ਲਵੇ, ਫਿਰ ਨਾ ਮੁੜਨ ਦੇਵੋ, ਉਤੇ ਹੀ ਲੱਗਾ ਰਹਿਣ ਦੇਵੋ।

ਭਾਈ ਜਗਨਾ, ਭਾਈ ਨੰਦਾ ਤੇ ਭਾਈ ਭਾਨਾ ਜੀ ਨੇ ਕਿਹਾ, 'ਇੰਦ੍ਰੀਆਂ ਨੂੰ ਰੋਕ ਕੇ ਭਜਨ ਵੀ ਕਰਦੇ ਹਾਂ ਪਰ ਕਈ ਵਾਰੀ ਪਦਾਰਥ ਦ੍ਰਿਸ਼ਟ ਆਉਂਦਾ ਹੈ, ਤਾਂ ਮਨ ਚਲ ਜਾਂਦਾ ਹੈ।' ਮਹਾਰਾਜ ਨੇ ਫ਼ਰਮਾਇਆ : ਮਨ ਕਾਬੂ, ਵਾਸ਼ਨਾ ਖੈ, ਅਤੇ ਤੱਤ ਨੂੰ ਪਾਵੇ। ਪ੍ਰਾਨ ਮਨ ਦਾ ਘੋੜਾ ਹਨ। ਇਨ੍ਹਾਂ ਦੀ ਪ੍ਰੀਤੀ ਸ਼ਬਦ ਨਾਲ ਪਾਵੇ।

ਇਹ ਯਾਦ ਰਹੇ ਕਿ ਗੁਰੂ ਜੀ ਨੇ ਨਿਰਾ 'ਦਿਮਾਗ਼ੀ ਘੋੜ ਦੌੜ ਦਾ ਵੇਦਾਂਤ' ਜਿਸ ਨੇ ਵਿੱਦਿਆ ਅਭਿਮਾਨੀ, ਆਚਰਨ ਤੋਂ ਬੇਪ੍ਰਵਾਹ, ਨਿਜ ਨੂੰ ਬ੍ਰਹਮ ਕਹਿਣ ਵਾਲੇ ਦੁਰਾਚਾਰੀ ਪੰਡਿਤ ਹੀ ਪੈਦਾ ਕੀਤੇ, ਨੂੰ ਕਿਧਰੇ ਨਹੀਂ ਸਲਾਹਿਆ। ਸਿੱਖ ਘਰ ਮਨ ਨੂੰ ਨਿਰਮਲ ਤੇ ਖਿੰਡਾਊ ਰਹਿਤ ਕਰਨ ਨੂੰ ਹੀ ਬ੍ਰਹਮ ਪਛਾਣਨਾ ਤੇ ਪਾਉਣ ਦਾ ਸਹੀ ਸੌਖਾ ਰਾਹ ਕਹਿੰਦਾ ਹੈ।

ਰਹੁਤਾਸ ਦੇ ਰਹਿਣ ਵਾਲੇ ਭਾਈ ਮੁਰਾਰੀ ਜੀ ਨੇ ਜਦ ਮਨ ਨੂੰ ਸਾਫ਼ ਕਰਨ ਦੀ ਜਾਚ ਪੁੱਛੀ ਤਾਂ ਆਪ ਜੀ ਨੇ ਫ਼ਰਮਾਇਆ : ਇਸ ਨੂੰ ਧੋਣ ਦਾ ਵੱਲ ਗੁਰੂ ਨਾਨਕ ਜੀ ਜਪੁ ਜੀ ਵਿਚ ਦਰਸਾ ਗਏ ਸਨ। ਜੇ ਕਿਸੇ ਸਥੂਲ ਵਸਤੂ ਨੂੰ ਧੋਣਾ ਹੋਵੇ ਤਾਂ ਬਾਹਰਲੀ ਚੀਜ਼ ਪਾਣੀ, ਸਾਬਣ ਦੀ ਲੋੜ ਪੈਂਦੀ ਹੈ ਪਰ ਮਨ ਸੂਖਮ ਹੈ। ਮਤਿ ਵੀ ਅਤਿ ਸੂਖਮ

Sri Satguru Jagjit Singh Ji eLibrary NamdhariElibrary@gmail.com

ਵਸਤੂ ਹੈ। ਮਤਿ ਤੇ ਜੋ ਮੈਲ ਵਿਸ਼ੇ ਵਿਕਾਰਾਂ ਦੀ ਚੜ੍ਹਦੀ ਹੈ, ਇਹ ਮਨ ਨੂੰ ਵੀ ਮੈਲਾ ਕਰ ਜਾਂਦੀ ਹੈ। ਮਤਿ ਨੂੰ ਕੇਵਲ ਨਾਮ ਜਲ ਨਾਲ ਹੀ ਧੋਤਾ ਜਾ ਸਕਦਾ ਹੈ। ਮਤਿ ਉੱਜਲ ਹੋਈ ਕਿ ਮਨ ਵੀ ਚਮਕ ਉੱਠਿਆ :

**ਭਰੀਐ ਮਤਿ ਪਾਪਾ ਕੈ ਸੰਗਿ॥**
**ਓਹੁ ਧੋਪੈ ਨਾਵੈ ਕੈ ਰੰਗਿ॥**

ਭਾਈ ਰਾਮਾ ਝੰਝੀ, ਭਾਈ ਹੇਮੂ ਤੇ ਭਾਈ ਜੱਟੂ ਜੀ ਨੇ ਜੋ ਸ਼ਾਹਦਰਾ ਦੇ ਵਸਨੀਕ ਸਨ, ਗੁਰੂ ਦਰਬਾਰ ਹਾਜ਼ਰ ਹੋ ਕੇ ਪੁੱਛਿਆ ਕਿ ਮਹਾਰਾਜ ਬਾਣੀ ਸੁਣਦੇ ਹਾਂ, ਰਿਦੇ ਕਿਉਂ ਨਹੀਂ ਠਹਿਰਦੀ। ਗੁਰੂ ਜੀ ਨੇ ਬਚਨ ਕੀਤੇ : 'ਸੁਣਿਐ, ਮੰਨਿਐ, ਧਿਆਨ ਤੇ ਸਮਾਧੀ ਹੋਵੇ ਤਾਂ ਸ਼ਬਦ ਰਿਦੈ ਠਹਿਰਦਾ ਹੈ। ਜੋ ਨਿਰਾ ਸੁਣਦੇ ਹਨ, ਪਰ ਮੰਨਣ ਨਹੀਂ ਕਰਦੇ, ਉਨ੍ਹਾਂ ਅੰਦਰ ਟਿਕਾਅ ਨਹੀਂ ਹੁੰਦਾ, ਇਹ ਇੰਜ ਜਾਣੋ ਜਿਵੇਂ ਚੁੱਲ੍ਹੇ ਦੀ ਅੱਗ ਹੈ, ਜਦ ਤੱਕ ਝੁਲਕਾ ਪੈਂਦਾ ਰਹਿਆ ਜਲਦੀ ਰਹੀ। ਸੁਣਦੇ ਤੱਕ ਤਾਂ ਉਪਦੇਸ਼ ਦਾ ਖ਼ਿਆਲ ਰਹਿਆ ਪਰ ਫਿਰ ਮਿਟ ਗਿਆ ਪਰ ਜੇ ਨਾਲ ਮੰਨਣ ਹੋਵੇ ਤਾਂ ਅੱਗ ਲਗਾਤਾਰ ਹੋ ਜਾਂਦੀ ਹੈ, ਭੱਠੀ ਮਘ ਪੈਂਦੀ ਹੈ ਪਰ ਜਦ ਧੰਧਿਆਂ ਦਾ ਜਲ ਪੈਂਦਾ ਹੈ ਤਾਂ ਬੁੱਝ ਜਾਂਦੀ ਹੈ। ਇਸ ਨਾਲ ਧਿਆਨ ਰਲਾ ਲਈਏ ਤ੍ਰਿਸ਼ਨ ਜਲ ਵੀ ਨਹੀਂ ਬੁਝਾ ਸਕੇਗਾ। ਜਿਵੇਂ ਬਿਜਲੀ ਦੀ ਅਗਨਿ ਅਸੰਖ ਜਲਾਂ ਵਿਚ ਨਹੀਂ ਬੁੱਝਦੀ। ਬਿਜਲੀ ਵਿਚ ਰੋਸ਼ਨੀ ਹੈ ਪਰ ਨਾਲ ਕੜਕ ਵੀ ਹੈ। ਧਿਆਨ ਵਾਲਾ ਰਿੱਧੀ ਸਿੱਧੀ ਵਿਚ ਵੀ ਫਸ ਜਾਂਦਾ ਹੈ। ਕੜਕ ਪਏ ਤਾਂ ਨੁਕਸਾਨ ਵੀ ਕਰ ਜਾਂਦੀ ਹੈ। ਨਾਲ ਕਮਾਈ ਦੀ ਲੋੜ ਹੈ। ਸਮਾਧੀ ਵਿਚ ਚਲੇ ਜਾਣਾ ਹੈ। ਸੁਰਿਤ ਹੀ ਉਸ ਵਿਚ ਲਗਾ ਦੇਣੀ ਹੈ। ਇਸ ਨੂੰ ਬੜਵਾ ਅਗਨੀ ਜਾਣੋ। ਇਹ ਜਲ ਨੂੰ ਵੀ ਭਸਮ ਕਰ ਦੇਂਦੀ ਹੈ ਪਰ ਆਪੂੰ ਮਘਦੀ ਰਹਿੰਦੀ ਹੈ। ਸੋ ਸੁਣਨ, ਮੰਨਣ, ਧਿਆਨ ਤੇ ਸਮਾਧੀ ਨਾਲ ਤ੍ਰਿਸ਼ਨ ਜਲ ਸੜ ਜਾਂਦਾ ਹੈ, ਅਤੇ ਫਿਰ ਹਰ ਤੁਕ ਹਿਰਦੇ ਵਿਚ ਟਿਕੀ ਰਹੇਗੀ। ਐਸਾ ਗਿਆਨ ਰੂਪੀ ਸੂਰਜ ਚੜ੍ਹਦਾ ਹੈ ਕਿ ਸ਼ਬਦ ਸਿੱਧਾ ਹਿਰਦੇ ਜਾ ਵੱਜਦਾ ਹੈ।

ਸਿੱਖਾਂ ਨੇ ਫਿਰ ਪੁੱਛਿਆ ਕਿ ਮਹਾਰਾਜ ਕਈ ਸ਼ਬਦ ਪਾ ਕੇ ਵੀ ਮਾਇਆ ਵੱਲ ਭੱਜਦੇ ਦੇਖੇ ਹਨ। ਮਹਾਰਾਜ ਨੇ ਚੇਤਾਵਨੀ ਵਜੋਂ ਕਿਹਾ : ਐਸੇ ਲੋਕਾਂ ਤੋਂ ਦੂਰ ਹੀ ਰਹਿਣਾ। ਉਨ੍ਹਾਂ ਨੂੰ ਇੰਜ ਜਾਣੋ ਜਿਵੇਂ ਸਰਪ ਆਪਣੀ ਹੀ ਮਣੀ ਦੀ ਜੋਤ ਨਾਲ ਕਿਰਮਾਂ ਨੂੰ ਭੱਛਦਾ ਹੈ। ਇਹ ਦੁਸ਼ਟ ਮਨੁੱਖ ਸ਼ਬਦ ਦਾ ਸਹਾਰਾ ਲੈ ਕੇ ਆਪਣੀ ਤ੍ਰਿਸ਼ਨਾ ਵਧਾਉਂਦੇ ਹਨ। ਇਹ ਦੁਰਵਰਤੋਂ ਹੈ।

ਭਾਈ ਤਲੋਕਾ, ਭਾਈ ਤੋਤਾ ਮਹਤਾ ਜੋ ਉੱਘੇ ਪਾਠੀ ਸਨ, ਨੂੰ ਵੀ ਇਹ ਬਚਨ ਕੀਤੇ ਕਿ ਜੇ ਪੜ੍ਹਨ ਵਾਲੇ ਦਾ ਮਨ ਇਕਾਗਰ ਨਹੀਂ ਤਾਂ ਦੂਜੇ ਨੂੰ ਰੋਸ਼ਨੀ ਨਹੀਂ ਮਿਲੇਗੀ :

**ਨਹਿ ਪ੍ਰਤੀਤ ਅਰ ਮਨ ਨ ਇਕਾਗਰ।**
**ਕਿਮ ਕਲਿਆਨਹਿ ਪਾਇ ਉਜਾਗਰ।**

Sri Satguru Jagjit Singh Ji eLibrary NamdhariElibrary@gmail.com

ਭਾਈ ਬੋਹੜੂ ਕਿਰਤ ਸੁਨਿਆਰੇ ਦੀ ਕਰਦਾ ਸੀ। ਮਹਾਰਾਜ ਨੇ ਜਦ ਉਸ ਨੂੰ ਸੁੱਚੀ ਕਿਰਤ ਤੇ ਧਰਮ ਦਾ ਵਿਹਾਜ ਕਰਨ ਲਈ ਕਿਹਾ ਤਾਂ ਕਹਿਣ ਲੱਗਾ : ਮਹਾਰਾਜ ਸਾਡੀ ਕਿਰਤ ਬੜੀ ਖੋਟੀ ਹੈ। ਜੇ ਮਾਂ ਪਿਉ ਵੀ ਗਹਿਣੇ ਘੜਾਉਣ ਤਾਂ ਵਿਚੋਂ ਚੋਥਾ ਹਿੱਸਾ ਅਸੀਂ ਟੁੱਕ ਲੈਂਦੇ ਹਾਂ। ਹੋਰ ਗਾਹਕਾਂ ਦੀ ਗਿਣਤੀ ਕੀ ਹੈ?

**ਭਾਈ ਬੋਹੜੂ ਦੀ ਘਾੜਤ ਘੜੀ**

**"ਮਾਂ ਪਿਤਾਦਿ ਘਰਾਵਹਿ ਘਾਟ।**
**ਚੌਥੇ ਭਾਗ ਲੇਉ ਮੈਂ ਕਾਟਿ।"**

ਮਹਾਰਾਜ ਨੇ ਕਿਹਾ : ਧਰਮ ਦੀ ਕਿਰਤ ਤੋਂ ਬਗੈਰ ਸਿਮਰਨ ਨਹੀਂ ਚਲਦਾ। **'ਧਰਮ ਜੀਵਕਾ ਮਹਿ ਚਿਤ ਧਾਰਹੁ'**। ਜੇ ਦੇਖੋ ਸਿਮਰਨ ਟੁੱਟਣ ਲੱਗਾ ਹੈ ਤਾਂ ਸਤਿ ਸੰਗਤ ਵਿਚ ਜਾ ਕੇ ਕੀਰਤਨ ਸੁਣਨਾ ਅਤੇ ਗੁਰਬਾਣੀ ਵਿਚਾਰ ਕੇ ਪੜ੍ਹਨੀ। ਕਿਰਤ ਦੀ ਕਮਾਈ ਵਿਚੋਂ ਭੁੱਖੇ ਕੰਗਾਲ ਨੂੰ ਦੇਣਾ ਗੁਰੂ ਨੂੰ ਹੀ ਪਹੁੰਚਦਾ ਹੈ। ਦੁੱਖ ਸੁਖ ਵਿਚ ਭਾਣਾ ਮੰਨਣਾ। ਸਾਈਂ ਦੇ ਭਾਣੇ ਵਿਚ ਜੁੜਨ ਨਾਲ ਦੁੱਖ ਦਾ ਦਰਦ ਨਹੀਂ ਪਹੁੰਚਦਾ।

**ਕੀਰਤਨ ਨਿਰਮੋਲਕ ਹੀਰਾ**—ਭਾਈ ਝਾੜੂ, ਭਾਈ ਮੁਕੰਦਾ ਜੀ, ਭਾਈ ਕੇਦਾਰਾ ਅਤੇ ਕਲਿਆਨਾ ਜੀ ਨੇ ਜਦ ਗੁਰੂ ਜੀ ਕੋਲੋਂ ਪੁੱਛਿਆ ਕਿ ਉਨ੍ਹਾਂ ਦਾ ਉਧਾਰ ਕਿਵੇਂ ਹੋਸੀ ਤਾਂ ਮਹਾਰਾਜ ਜੀ ਨੇ ਫ਼ਰਮਾਇਆ :

ਰਾਗਾਂ ਦੀ ਤੁਹਾਨੂੰ ਸੂਝ ਹੈ। ਕੀਰਤਨ ਕਰਨਾ।

**ਗੁਰਬਾਣੀ ਰਾਗਨਿ ਮਹਿ ਗਾਓ।**
**ਨੀਕੇ ਪ੍ਰਭੁ ਕੋ ਸੁਜਸ ਬਸਾਓ।**

ਜਿਉਂ-ਜਿਉਂ ਰਾਗ ਵਿਚ ਬਾਣੀ ਗਾਓਗੇ ਪ੍ਰੇਮ ਵਧੇਗਾ। ਕਲਿਯੁਗ ਵਿਚ ਕੀਰਤਨ ਤੁਲ ਹੋਰ ਕੋਈ ਤਪ ਨਹੀਂ। ਇਹ ਤਰਨਾ ਤੇ ਤਾਰਨਾ ਹੈ :

**ਕਲਿਯੁਗ ਮਹਿ ਕੀਰਤਨ ਮਾਨਿੰਦ।**
**ਨਹੀਂ ਅਪਰ ਕੋ ਇਹੀ ਬਿਲੰਦ।**

ਕੀਰਤਨ ਕਰਨ ਨਾਲ ਹਰ ਸ਼ੈ ਹਿੱਲ ਜਾਂਦੀ ਹੈ ਅਤੇ ਹੋਲੇ-ਹੋਲੇ ਸ਼ਬਦ ਵਿਚ ਸਮਾ ਜਾਈਦਾ ਹੈ। ਦਿਮਾਗੋਂ ਰਾਗ ਨਿਕਲਦਾ ਹੈ। **ਦਿਲੋਂ ਧੁਨ, ਹਿਰਦੇ ਤੋਂ ਸੁਰਤਿ, ਹੱਥੀਂ ਸਾਜ਼, ਰਸਨਾ ਤੋਂ ਸੁਰ ਤੇ ਸ਼ਬਦ ਅਤੇ ਕੰਠ ਤੋਂ ਤਾਨ ਉਠਦੀ ਹੈ।** ਇਕ ਇਹਤਿਆਤ ਜ਼ਰੂਰੀ ਹੈ। ਇਸ ਨੂੰ ਮਾਇਆ ਇਕੱਠੀ ਕਰਨ ਦਾ ਸਾਧਨ ਨਹੀਂ ਬਣਾਉਣਾ। ਕਾਮਨਾ ਨਹੀਂ ਕਰਨੀ। ਸਰੀਰ ਦੇ ਨਿਰਬਾਹ ਲਈ ਹੀ ਲੈਣਾ।[1] 'ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਉ' ਦਾ ਸ਼ਬਦ ਵੀ ਉਚਾਰਿਆ।

ਉਨ੍ਹਾਂ ਇਹ ਵੀ ਜਾਣਨਾ ਚਾਹਿਆ ਕਿ ਪਾਠ, ਕੀਰਤਨ ਤੇ ਕਥਾ ਦਾ ਕੀ ਫ਼ਰਕ ਹੈ।

---

1. ਸਿੱਖਾਂ ਦੀ ਭਗਤ ਮਾਲਾ।

Sri Satguru Jagjit Singh Ji eLibrary NamdhariElibrary@gmail.com

ਬਚਨ ਹੋਇਆ : ਪਾਠ ਆਪਣੀ ਪੈਲੀ ਨੂੰ ਖੂਹ ਦਾ ਪਾਣੀ ਪਹੁੰਚਾਉਣ ਵਾਂਗ ਹੈ। ਇਕ, ਦੂਰ ਦੀ ਖੇਤੀ ਨੂੰ ਨਹੀਂ ਜਾ ਸਕਦਾ ਅਤੇ ਨਾ ਹੀ ਉੱਚੀ ਥਾਂ ਪੁੱਜਦਾ ਹੈ। ਫਿਰ ਇਹ ਕਿਸ ਤਰ੍ਹਾਂ ਹੈ ਜਿਵੇਂ ਪੈਰ ਧੋਈ ਜਾਓ ਅਤੇ ਮੂੰਹ ਹੱਥ ਤੱਕ ਪਾਣੀ ਹੀ ਨਾ ਪੁੱਜੇ :

**'ਕੀਰਤਨ ਕਰਨ ਮੇਘ ਕੀ ਬਰਖਾ।**
**ਬਰਖੇ ਜਲ ਹੁਇ ਜੀਵਨ ਹਰਖਾ।'**

ਬਰਖਾ ਇਕ ਤਾਂ ਹਰ ਉੱਚੀ ਨੀਵੀਂ, ਦੁਰਾਡੇ ਵਾਲੀ ਥਾਂ ਪੁੱਜਦੀ ਹੈ। ਫਿਰ ਗਰਜ ਕੇ ਵਰਖਾ ਹੁੰਦੀ ਹੈ। ਸੁਚੇਤ ਕਰ ਦੇਂਦੀ ਹੈ। ਹਰਿਆਵਲ ਵੀ ਜ਼ਿਆਦਾ ਹੁੰਦੀ ਹੈ ਅਤੇ ਦਾਣਾ ਵੀ ਪੱਕਾ ਸਾਬਤ ਹੁੰਦਾ ਹੈ।

ਕਥਾ ਇੰਜ ਜਾਣਹੁ ਜੈਸੇ ਮੇਘ ਠਹਿਰਿਆ ਹੋਇਆ ਨਿਰਵਾਤ ਝਿਮ-ਝਿਮ ਵਰਖਾ ਕਰਦਾ ਹੈ। ਅੱਗੇ ਪੈਲੀਆਂ ਰਾਹੀਆਂ ਹੋਈਆਂ, ਸੁਧਾਰੀਆਂ ਹੋਈਆਂ ਹੋਵਨਿ, ਜੋ-ਜੋ ਬੂੰਦ ਪਵੇ ਵਿਚ ਧਰਤੀ ਦੇ ਸਮਾਂਵਦੀ ਜਾਵੇ[1] :

**ਝਰੀ ਲਾਗ ਜਿਸ ਬਰਖਤ ਜਲ ਹੈ**
**ਥਿਮਕ ਥਿਮਕ ਬੂੰਦੈ ਜੇ ਪਰਿ ਹੀ।**[2]

ਜੋ ਕਿਹਾ ਹੁੰਦਾ ਹੈ, ਹਿਰਦੇ-ਧਰਤੀ ਵਿਚ ਹੀ ਧਸੀ ਜਾਂਦਾ ਹੈ। ਇਕ ਬਚਨ ਵੀ ਵਿਅਰਥ ਨਹੀਂ ਜਾਂਦਾ।

ਕਥਾ ਕੀਰਤਨ ਦੋਵੇਂ ਹੀ ਜ਼ਰੂਰੀ ਹਨ। ਪ੍ਰੇਮ ਕੀਰਤਨ ਦਾ ਪਿਤਾ ਹੈ। ਕੀਰਤਨ ਦਾ ਰਸ ਤਾਂ ਹੀ ਆਉਂਦਾ ਹੈ ਜੇ ਪ੍ਰੇਮ ਹੈ। ਕੀਰਤਨ ਕਰ ਕੇ ਆਤਮਾ ਸ਼ੁੱਧ ਹੁੰਦੀ ਹੈ। ਕਥਾ ਫਲ ਪਾਉਣ ਨਿਆਈਂ ਹੈ। ਜਿਵੇਂ ਬੱਚਾ, ਮਾਂ ਪਿਓ ਦੋਵੇਂ ਨਾਲ ਹੋਣ ਤਾਂ ਹੀ ਠੀਕ ਪਲਦਾ ਹੈ, ਤਿਵੇਂ ਹੀ ਆਤਮਾ ਵਿਕਾਸ ਵਿਚ ਤਦ ਹੀ ਜਾਂਦੀ ਹੈ ਜੇ ਦੋਵੇਂ ਕੀਰਤਨ ਕਥਾ ਇਕੱਠੇ ਟੁਰਨ।

ਇਨ੍ਹਾਂ ਚਾਰਾਂ ਨੇ ਨਿਹਕਾਮ ਹੋ ਕੇ ਹਜ਼ੂਰ ਕੀਰਤਨ ਕੀਤਾ ਤੇ ਸਿੱਖਾਂ ਦੀ ਭਗਤ ਮਾਲਾ[3] ਕਹਿੰਦੀ ਹੈ ਕਿ 'ਕੁਛ ਕਾਮਨਾ ਨਾ ਕਰਨ ਤੇ ਸਰੀਰ ਦਾ ਨਿਰਬਾਹ ਵੀ ਪਰਾਰਬਧ ਦੇ ਅਨੁਸਾਰ। ਹੋਰ ਕੋਈ ਸਿੱਖ ਸ਼ਰਧਾ ਸੰਜੁਗਤਿ ਸੇਵਾ ਕਰੇ ਤਾਂ ਉਸੇ ਥੀਂ ਗੁਜ਼ਾਰਨ ਕਰਨਿ।' ਉਨ੍ਹਾਂ ਦਾ ਇਸੇ ਕਾਰਨ ਉਧਾਰ ਹੋਇਆ।

ਗੱਲ ਕੀ, ਇਸ ਤਰ੍ਹਾਂ ਅਨੇਕਾਂ ਹੀ ਢੂੰਡਾਊ, ਅਟਕਿਆਂ, ਜਗਿਆਸੂਆਂ, ਸਾਧੂਆਂ ਤੇ ਸਿੱਖਾਂ ਨੂੰ ਉਪਦੇਸ਼ ਜਲ ਦੇ ਛੱਟੇ ਮਾਰ ਕੇ ਜੀਅ ਦਾਨ ਬਖ਼ਸ਼ ਭਗਤੀ ਵੱਲ ਲਗਾ ਪਰ-ਉਪਕਾਰੀ ਬਣਾਂਦੇ ਰਹੇ। ਭਾਈ ਗੁਰਦਾਸ ਜੀ ਨੇ 'ਪੰਜਾਬੈ ਗੁਰ ਦੀ ਵਡਿਆਈ' ਲਿਖਿਆ ਹੈ ਪਰ ਪ੍ਰਤੀਤ ਹੋ ਗਿਆ ਹੋਵੇਗਾ ਕਿ ਪੰਜਾਬ ਦੀ ਹਰ ਨੁੱਕਰ ਦੇ ਦੇਸ਼ ਦੇ ਹਰ ਵੱਡੇ ਸ਼ਹਿਰ ਤੋਂ ਸਿੱਖ ਆ-ਆ ਕੇ ਜੀਵਨ ਪਦਵੀ ਪਾ ਰਹੇ ਸਨ। ਦਬਿਸਤਾਨਿ ਮਜ਼ਾਹਿਬ[4] ਵਿਚ ਵੀ

---

1. ਸਿੱਖਾਂ ਦੀ ਭਗਤ ਮਾਲਾ, ਸ਼ਹੀਦ ਭਾਈ ਮਨੀ ਸਿੰਘ ਜੀ ਕ੍ਰਿਤ।
2. ਰਾਸ ਤੀਜੀ, ਅੰਸ਼ ੫੪, ਸੂਰਜ ਪ੍ਰਕਾਸ਼।
3. ਸਾਖੀ ੪੨.
4. ਪੰਨਾ ੨੩੩.

Sri Satguru Jagjit Singh Ji eLibrary NamdhariElibrary@gmail.com

ਇਹ ਹੀ ਲਿਖਿਆ ਹੈ ਕਿ ਸਿੱਖਾਂ ਦੀ ਗਿਣਤੀ ਹਰ ਥਾਂ ਵਧਦੀ ਹੀ ਗਈ। ਗੁਰੂ ਅਰਜਨ ਸਾਹਿਬ ਦੇ ਸਮੇਂ ਬਹੁਤ ਜ਼ਿਆਦਾ ਹੋ ਗਈ। ਇਥੋਂ ਤੱਕ ਕਿ ਕੋਈ ਵੱਡਾ ਸ਼ਹਿਰ ਮੁਲਕ ਵਿਚ ਨਹੀਂ ਹੋਵੇਗਾ, ਜਿੱਥੇ ਕੁਝ ਨਾ ਕੁਝ ਸਿੱਖ ਨਾ ਵੱਸਦੇ ਹੋਣ। ਮੈਲਕਮ ਨੇ ਵੀ 'ਦੀ ਸਿਖਸ ਸਕੈੱਚ' ਵਿਚ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਹੀ ਪਹਿਲੇ ਗੁਰੂ ਸਨ, ਜਿਨ੍ਹਾਂ ਨੇ ਸਭ ਮਰਯਾਦਾਵਾਂ ਪੱਕੀਆਂ ਕੀਤੀਆਂ। ਇਸ ਦਾ ਸਦਕਾ ਸਿੱਖ ਇਕ ਦੂਜੇ ਦੇ ਨੇੜੇ ਹੋਏ ਤੇ ਗਿਣਤੀ ਵੀ ਖ਼ੂਬ ਵਧੀ। ਸੀ. ਐਚ. ਪੇਨ ਨੇ ਟੂਕ ਦਿੱਤੀ ਹੈ ਕਿ ਵਧਦਾ ਸਨਮਾਨ ਹੀ ਸਮੇਂ ਦੀ ਸਰਕਾਰ ਨੂੰ ਨਹੀਂ ਸੀ ਭਾਇਆ। ਤੁਜ਼ਕਿ ਜਹਾਂਗੀਰੀ ਦੇ ਸ਼ਬਦ ਵੀ ਭਾਵ-ਪੂਰਤ ਹਨ ਕਿ ਲਾਂਭੇ ਚਾਂਭੇ ਤੋਂ ਪੇਂਡੂ ਗੁਆਰ ਤੇ ਗੁਆਰਾਂ ਦੇ ਪੁਜਾਰੀ ਲੋਕ ਉਸ (ਗੁਰੂ ਅਰਜਨ) ਪਾਸ ਆਉਂਦੇ ਤੇ ਪੂਰੀ ਸ਼ਰਧਾ ਉਸ 'ਤੇ ਪ੍ਰਗਟ ਕਰਦੇ। ਚੁਨਾਂਚਿ ਬਹੁਤ ਸਾਰੇ ਭੋਲੇ ਹਿੰਦੂਆਂ ਬਲਕਿ ਮੂਰਖ ਤੇ ਕਮੀਨੇ ਮੁਸਲਮਾਨਾਂ ਨੂੰ ਵੀ ਉਸ ਨੇ ਆਪਣੀ ਰਹੁ ਰੀਤੀ ਦੇ ਅਨੁਸਾਰੀ ਬਣਾ ਕੇ ਪੀਰੀ ਤੇ ਵਲੀਪੁਣੇ ਦੀ ਡੌਂਡੀ ਪਿਟਵਾਈ ਹੋਈ ਸੀ।[1] ਇਹ ਜਹਾਂਗੀਰ ਦਾ ਸੁਭਾਅ ਤੁਅੱਸਬ ਤਾਂ ਪ੍ਰਗਟਾਂਦਾ ਹੀ ਹੈ ਪਰ ਇਹ ਵੀ ਦਰਸਾ ਰਹਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਹਰ ਕੋਈ ਪੂਜ ਜਾਣਦਾ ਸੀ।

1. ਤੁਜ਼ਕਿ ਜਹਾਂਗੀਰੀ, ਪੰਨਾ ੩੫.

Sri Satguru Jagjit Singh Ji eLibrary NamdhariElibrary@gmail.com

5

# ਹਰਿਮੰਦਰ ਸਤਿਗੁਰ ਸਾਜਿਆ

ਡਾਕਟਰ ਗੰਡਾ ਸਿੰਘ ਤੇ ਤੇਜਾ ਸਿੰਘ ਨੇ ਖ਼ੂਬ ਲਿਖਿਆ ਹੈ ਕਿ ਮੁਗ਼ਲ ਬਾਦਸ਼ਾਹ ਵੱਡੇ ਉਸਰੱਈਏ ਸਨ ਤਾਂ ਗੁਰੂ ਪਾਤਸ਼ਾਹ ਵੀ ਕੋਈ ਘੱਟ ਨਹੀਂ ਸਨ। ਗੁਰੂ ਨਾਨਕ ਨੇ ਕਰਤਾਰਪੁਰ ਉਸਾਰਿਆ, ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਸਾਇਆ। ਗੁਰੂ ਅਮਰ ਦਾਸ ਜੀ ਨੇ ਗੋਇੰਦਵਾਲ ਦੀ ਉਸਾਰੀ ਕੀਤੀ ਤੇ ਗੁਰੂ ਰਾਮ ਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਦੀ ਅਸਥਾਪਨਾ ਕੀਤੀ। ਗੁਰੂ ਅਰਜਨ ਦੇਵ ਜੀ ਤਾਂ ਹਰ ਸਮੇਂ ਉਸਾਰੀ ਦੇ ਕਾਰਜਾਂ ਵਿਚ ਹੀ ਜੁੱਟੇ ਰਹੇ। ਸ੍ਰੀ ਅੰਮ੍ਰਿਤਸਰ ਨੂੰ ਵਧਾਉਣਾ, ਤਰਨਤਾਰਨ, ਕਰਤਾਰਪੁਰ (ਜਲੰਧਰ) ਦੇ ਨਗਰ ਹੱਥੀਂ ਉਸਾਰ ਵਧਾਉਣੇ, ਅੰਮ੍ਰਿਤਸਰ ਪੱਕਿਆਂ ਕਰਨਾ, ਸੰਤੋਖਸਰ, ਰਾਮਸਰ, ਬਾਉਲੀ, ਬੀਬੀ ਭਾਨੀ ਦਾ ਖੂਹ, ਗੁਰੂ ਦਾ ਖੂਹ ਤਰਨਤਾਰਨ ਲਾਗੇ, ਛਿਹਰਟਾ, ਤਿਨ-ਹਰਟਾ ਖੂਹ ਵਡਾਲੀ ਲਾਗੇ, ਗੰਗਸਰ ਕੂਆਂ (ਕਰਤਾਰਪੁਰ), ਦੀਵਾਨਖ਼ਾਨੇ ਲਾਹੌਰ, ਅੰਮ੍ਰਿਤਸਰ, ਕਰਤਾਰਪੁਰ ਅਤੇ ਮਹਲ : ਗੁਰੂ ਕਾ ਮਹਲ ਤੇ ਸ਼ੀਸ਼ ਮਹਲ ਕਰਤਾਰਪੁਰ, ਗੁਰੂ ਕਾ ਬਾਗ਼ ਅੰਮ੍ਰਿਤਸਰ ਅਤੇ ਅੰਮ੍ਰਿਤਸਰ ਲਾਗੇ, ਦਵਾਖ਼ਾਨੇ ਕੋਹੜੀ-ਘਰ ਤੇ ਹੋਰ ਅਨੇਕਾਂ ਅਸਥਾਨ ਬਣਾਉਣਾ, ਇਕ ਅਸਚਰਜ ਜਿਹਾ ਲਗਦਾ ਹੈ। ਪਰ ਸਭ ਤੋਂ ਵੱਧ, ਜਿਸ ਨੂੰ ਸਾਜ ਪੰਥ 'ਤੇ ਰਹਿਮਤ ਦੀ ਬਾਰਸ਼ ਕੀਤੀ, ਉਹ ਸ੍ਰੀ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਹੈ 'ਮੰਨੋ ਭਾਵੇਂ ਨਾਂਹ'[1] ਵਿਚ ਵੀ ਲਿਖਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਐਸਾ ਭਵਨ ਉਸਾਰਨਾ ਇਕ ਕਰਾਮਾਤ ਤੋਂ ਘੱਟ ਨਹੀਂ। ਪ੍ਰੋਫ਼ੈਸਰ ਪੂਰਨ ਸਿੰਘ ਨੇ ਠੀਕ ਲਿਖਿਆ ਹੈ ਕਿ ਦੇਖੋ ਤਾਜ ਮਹੱਲ ਦੀ ਉਸਾਰੀ 'ਤੇ ਨੌਂ ਸਾਲ 22 ਹਜ਼ਾਰ ਮਜ਼ਦੂਰ ਦਿਨ ਰਾਤ ਜਬਰੀ ਕੰਮ ਕਰਦੇ ਰਹੇ ਪਰ ਇੱਥੇ ਇਕ ਸ਼ਰਧਾ ਸੀ ਜੋ ਅਣਗਿਣਤ ਸਿੱਖਾਂ, ਸ਼ਰਧਾਲੂਆਂ ਨੂੰ ਉਸਾਰੀ ਲਈ ਖਿੱਚੀ ਲਿਆਂਦੀ ਸੀ। ਇਸ ਦੀਆਂ ਨੀਹਾਂ, ਪ੍ਰੇਮ, ਸ਼ਰਧਾ ਤੇ ਸੰਤੋਖ 'ਤੇ ਖੜ੍ਹੀਆਂ ਹਨ। ਗਵਾਹੀ ਵੀ ਹੈ ਕਿ ਸੰਤੋਖਸਰ ਦੀ ਕਾਰ ਇਹ

**ਸ੍ਰੀ ਹਰਿਮੰਦਰ ਸਾਹਿਬ ਦੀ ਅਸਥਾਪਨਾ**

1. ਬੀਲੀਵ ਇਟ ਔਰ ਨਾਟ, ਕ੍ਰਿਤ ਰਿਪਲੇ ਸੀਰੀਜ਼ ਤੀਜੀ।



Sri Satguru Jagjit Singh Ji eLibrary NamdhariElibrary@gmail.com

ਹਰਿਮੰਦਰ ਸਾਹਿਬ ਦੀਆਂ ਨੀਹਾਂ ਵਿਚ ਪਾਈ ਸੀ। ਇਕ ਤਾਂ ਪ੍ਰਭੂ ਹਰੀ ਪਾਸ ਜਾਣ ਲਈ ਸੰਤੋਖ ਦੀ ਨੀਂਹ ਜ਼ਰੂਰੀ ਹੈ ਤਾਂ ਕਿ ਤ੍ਰਿਸ਼ਨਾ ਜਲ ਪੋਹ ਨਾ ਸਕੇ। ਦੂਜੇ, ਕਾਰੀਗਰੀ ਦੇ ਹਿਸਾਬ ਨਾਲ ਵੀ ਰੇਤਲੇ ਤਲ ਕਰ ਕੇ ਜ਼ਮੀਨਾਂ ਜਲ ਛੇਤੀ ਪੀ ਜਾਂਦੀਆਂ ਸਨ। ਸੰਤੋਖਸਰ ਦੀ ਮਿੱਟੀ ਚਿਕਨੀ ਵੀ ਸੀ। ਸੋ ਅੰਮ੍ਰਿਤਸਰ ਦਾ ਰੇਤਾ ਕੱਢ ਕੇ ਚੰਗੀ ਚੋਖੀ ਡੂੰਘਾਨ ਤੱਕ ਇਸ ਵਿਚ ਪਉੜੀਆਂ ਦੇ ਪੱਕੇ ਮਹੱਲ ਤੱਕ ਭਰ ਦਿੱਤੇ ਗਏ ਸਨ। ਫਿਰ ਜਲ ਖੜੋ ਗਿਆ ਸੀ :

**ਸਰ ਸੰਤੋਖ ਥਾਨ ਜਿਸ ਪਾਵਨਿ।**
**ਤਹਿ ਕੀ ਕਰਹੁ ਕਾਰ ਇਤ ਲਯਾਵਨਿ।**
**ਤਿਸ ਮ੍ਰਿਤਕਾ ਤੇ ਹੋਇ ਸੰਤੋਸ਼।**
**ਸ਼ਕਲ ਬਿਨਾਸਹਿ ਤ੍ਰਿਸ਼ਨਾ ਦੋਸ਼।**

ਸ੍ਰੀ ਅੰਮ੍ਰਿਤਸਰ ਦੇ ਸੰਪੂਰਨ ਹੋ ਜਾਣ 'ਤੇ ਇਕ ਪੁਲ, ਸੁਰਗ ਦੁਆਰੀਆਂ 'ਤੇ ਬਣਾ ਦਿੱਤਾ ਸੀ ਅਤੇ ਇਕ ਥੜ੍ਹਾ ਜਿਹਾ ਵੀ ਉਸਾਰ ਦਿੱਤਾ ਸੀ ਜਿੱਥੇ ਅੰਮ੍ਰਿਤ ਵੇਲੇ ਦਾ ਦੀਵਾਨ ਲੱਗਣ ਲੱਗ ਪਿਆ ਸੀ। ਭਾਈ ਗੁਰਦਾਸ ਜੀ ਨੇ ਇਸ ਲਈ 'ਜਗਮਗ ਜੋਤ' ਜਗਨ ਦਾ ਜ਼ਿਕਰ ਕੀਤਾ ਹੈ।

ਗੁਰੂ ਅਰਜਨ ਦੇਵ ਜੀ ਨੇ ਇਸ ਥੜ੍ਹੇ ਵਾਲੀ ਥਾਂ ਹਰਿਮੰਦਰ ਸਾਹਿਬ ਉਸਾਰਨ ਦਾ ਫ਼ੈਸਲਾ ਕੀਤਾ। ਗੁਰੂ ਪਾਤਸ਼ਾਹ ਦਾ ਕਹਿਣਾ ਸੀ ਕਿ ਮੰਦਰ ਤਾਂ ਬਹੁਤੇਰੇ ਹਨ, ਹਰਿਮੰਦਰ ਕੋਈ ਨਹੀਂ। ਸੋ ਐਸਾ ਹਰਿਮੰਦਰ ਸਾਜਿਆ ਜਾਏ ਜੋ ਸਰਬ ਸਾਂਝਾ ਹੋਵੇ। ਵਾਹਿਗੁਰੂ ਦੀ ਸਰਬ-ਵਿਆਪਕਤਾ ਦਾ ਝਲਕਾਰਾ ਵੱਜੇ। ਸਿੱਖਾਂ ਦੀ ਭਗਤ ਮਾਲਾ ਵਿਚ ਵਰਣਨ ਵੀ ਹੈ ਕਿ ਗੁਰੂ ਅਮਰ ਦਾਸ ਜੀ ਇਹ ਹੁਕਮ ਕਰ ਗਏ ਸਨ ਕਿ ਅੰਮ੍ਰਿਤਸਰ ਵਿਚ ਹੀ ਹਰਿਮੰਦਰ ਰਚਨਾ ਤੇ ਉਸ ਵਿਚ ਪ੍ਰਕਾਸ਼ (ਗੁਰੂ) ਗ੍ਰੰਥ ਦਾ ਕਰਨਾ। ਇਹ ਵੀ ਸਾਖ ਮਿਲਦੀ ਹੈ ਕਿ ਜਦ ਸ੍ਰੀ ਹਰਿਮੰਦਰ ਸਾਹਿਬ ਦਾ ਤਾਲ ਬਣ ਰਹਿਆ ਸੀ ਤਾਂ ਬਹੁਤਿਆਂ ਨੇ ਅਨੁਭਵ ਕੀਤਾ ਸੀ ਕਿ 'ਹਰਿ ਕੰਮੁ ਕਰਾਵਣਿ ਆਇਆ'। ਵਾਹਿਗੁਰੂ ਨੇ ਇਹ ਬਚਨ ਕੀਤੇ ਸਨ ਕਿ ਐਸਾ ਮੇਰਾ ਮੰਦਰ ਬਣਾਉਣਾ ਜਿਸ ਸਮ ਹੋਰ ਕੋਈ ਨਾ ਹੋਵੇ। ਜਿੱਥੇ ਨਿੱਤ ਕੀਰਤਨ ਤੋਂ ਬਗ਼ੈਰ ਹੋਰ ਕੁਝ ਨਾ ਹੋਵੇ। ਸਿਮਰਨ ਹੀ ਸਿਮਰਨ ਹੋਵੇ। ਬੰਧਨ ਨਾਸ ਹੋ ਜਾਣ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

**ਇਹ ਮੇਰੋ ਮੰਦਰ ਬਰੁ ਹੋਇ।**
**ਜਿਸ ਕੀ ਸਮਤਾ ਕਰਹਿ ਨਾ ਕੋਇ। ੩੬।**
**ਤੀਨ ਲੋਕ ਮਹਿ ਹੋਹਿ ਨ ਜੈਸੋ।**
**ਭਜਨ ਪ੍ਰਤਾਪ ਬਨਹਿ ਨਿਤਿ ਐਸੋ।**
**ਨਰਕ ਨਿਵਾਰਣ ਕਾਰਣ ਮੋਖ।**
**ਮੇਰੋ ਸਿਮਰਨ ਹੁਇ ਨਿਰਦੋਖ। ੩੭।**[1]

---

1. ਰਾਸਿ ਦੂਜੀ, ਅੰਸ਼ ੫੨

Sri Satguru Jagjit Singh Ji eLibrary NamdhariElibrary@gmail.com

ਜੋ ਨਰ ਸ਼ਰਧਾ ਧਰਿ ਉਰ ਪਰਮ।
ਗਾਇ ਕੀਰਤਨ ਹੁਇ ਨਿਸ਼ਭਰਮ।
ਮੁਹਿ ਕੋ ਮਿਲੈ ਆਇ ਨਿਹ ਸੰਸੇ।
ਜਨਮ ਮਰਨ ਕੋ ਬੰਧ ਬਿਧੁੰਸੇ। ੩੮।

ਸ੍ਰੀ ਹਰਿਮੰਦਰ ਸਾਹਿਬ ਦੀ ਸਾਜਨਾ ਦੀ ਜੋ ਵਿਧੀ ਤੇ ਵਿਉਂਤ ਗੁਰੂ ਜੀ ਨੇ ਬਣਾਈ ਅਤੇ ਇਹਤਿਆਤਾਂ ਕੀਤੀਆਂ ਉਸ ਨੂੰ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ। ਪਹਿਲਾਂ ਇਸ ਹਰਿਮੰਦਰ ਦੇ ਚਾਰ ਦਰਵਾਜ਼ੇ ਹੋਣ, ਤਾਂ ਕਿ ਮਨੁੱਖਤਾ ਦਾ ਪ੍ਰਤੀਕ ਦਿੱਸੇ। ਫਿਰ ਦਰਵਾਜ਼ੇ ਕਿਸੇ ਖ਼ਾਸ ਕੂੰਟ ਵਿਚ ਨਾ ਹੋਣ ਸਗੋਂ ਦੋ-ਦੋ ਕੂੰਟਾਂ ਵਿਚਕਾਰ ਇਕ-ਇਕ ਦਰਵਾਜ਼ਾ ਹੋਵੇ। ਜ਼ਰਾ ਕੁ ਗਹੁ ਨਾਲ ਦੇਖਿਆਂ ਇਹ ਪ੍ਰਗਟ ਹੋ ਜਾਏਗਾ। ਹਰਿ ਕੀ ਪਉੜੀ ਵਾਲਾ ਦਰਵਾਜ਼ਾ ਪੂਰਬ-ਦੱਖਣ ਵਿਚਕਾਰ ਹੈ। ਸਿੱਖ ਰੈਫਰੈਂਸ ਲਾਇਬਰੇਰੀ (ਸ਼ਹੀਦ ਬੁੰਗਾ) ਵਾਲਾ ਦਰਵਾਜ਼ਾ ਦੱਖਣ-ਪੱਛਮ ਵਿਚਕਾਰ ਹੈ। ਦਰਸ਼ਨੀ ਦਰਵਾਜ਼ਾ ਪੂਰਬ--ਉੱਤਰ ਵੱਲ ਹੈ ਅਤੇ ਘੰਟਾ ਘਰ (ਅਜਾਇਬ ਘਰ) ਦੀ ਬਾਹੀ ਵਾਲਾ ਦਰਵਾਜ਼ਾ ਉੱਤਰ-ਪੂਰਬ ਵਿਚਾਲੇ ਹੈ। ਇਹ ਤਾਂ ਕੀਤਾ ਗਿਆ ਕਿ ਕੋਈ ਪੂਰਬ ਨੂੰ ਪੂਜਦਾ ਸੀ ਤੇ ਕੋਈ ਪੱਛਮ ਨੂੰ। ਪੂਰਬ ਪੱਛਮ ਦੀ ਵਿੱਥ ਹੀ ਮਿਟਾ ਦਿੱਤੀ ਗਈ। ਫਿਰ ਸੂਰਜ ਦੀ ਪਹਿਲੀ ਕਿਰਨ ਸ੍ਰੀ ਦਰਬਾਰ ਸਾਹਿਬ ਅੰਦਰ ਜਾ ਹੀ ਨਹੀਂ ਸਕਦੀ। 'ਨਮੋ ਸੂਰਜ ਸੂਰਜੇ' ਦੇ ਸਿਧਾਂਤ ਦੀ ਨੀਂਹ ਰੱਖੀ ਜਾ ਰਹੀ ਸੀ।

ਫਿਰ ਚਾਰ ਪ੍ਰਤੀਕ ਸੀ, ਚਾਰੇ ਵਰਨਾਂ ਦਾ। ਹਰ ਪ੍ਰਕਾਰ ਦੇ ਰੰਗ ਦਾ। ਚਾਰ ਚੱਕਾਂ ਦਾ, ਚਾਰੇ ਮੁਕਤੀਆਂ ਦਾ, ਚਾਰ ਆਸ਼ਰਮਾਂ ਦਾ ਤੇ ਚਾਰੇ ਵੇਦਾਂ ਦੇ ਤੱਤ ਦਾ :

ਚਾਰ ਬਰਨ ਜਹਿ ਬੰਦਨ ਸਾਰਿ।
ਚਾਰ ਬਰਨ ਦਿਪਤਹਿ ਦੁਤਿ ਵਾਰ।
ਚਾਰ ਚਕ੍ਰ ਮਹਿ ਬਿਦਤ ਉਦਾਰ।
ਚਾਰ ਮੋਖ ਠਾਂਢੀ ਦਰਬਾਰ। ੧੬।[1]

ਗਿਆਨੀ ਗਿਆਨ ਸਿੰਘ ਜੀ ਨੇ ਇਸੇ ਖ਼ਿਆਲ ਦੀ ਵਿਆਖਿਆ ਕਰਦੇ ਲਿਖਿਆ ਹੈ ਕਿ ਚੌਹਾਂ ਤਰਫ਼ਾਂ ਤੋਂ ਚਾਰ ਦਰਵਾਜ਼ਿਆਂ ਰਾਹੀਂ ਸੰਗਤਾਂ ਆਉਂਦੀਆਂ ਹਨ। ਚਾਰੇ ਫਲ ਮਿਲਦੇ ਹਨ ਅਤੇ ਚਾਰ ਪਹਿਰ ਅੱਖਰਾਂ (ਵਾ-ਹਿ-ਗੁ-ਰੂ) ਦਾ ਉਚਾਰਣ ਹੁੰਦਾ ਰਹਿੰਦਾ ਹੈ। ਚਾਰੇ ਆਸ਼ਰਮ, ਹਰੀ ਦੇ ਧਿਆਨ ਵਿਚ ਜੁੜਦੇ ਹਨ। ਚਾਰੇ ਸੰਪ੍ਰਦਾਵਾਂ, ਸੰਨਿਆਸੀ, ਉਦਾਸੀ, ਵੈਰਾਗੀ ਤੇ ਨਿਰਮਲੇ, ਸ੍ਰੀ ਹਰਿਮੰਦਰ ਸਾਹਿਬ ਆ ਕੇ ਸਿਰ ਝੁਕਾਉਂਦੀਆਂ ਹਨ। ਚਾਰ ਪਦਾਰਥ ਤੇ ਬਿਭੂਤੀ ਦੀ ਤ੍ਰਿਪਤੀ ਇਥੋਂ ਹੁੰਦੀ ਹੈ। ਚਾਰੇ ਸਾਧਨਾਂ ਬਿਬੇਕ, ਵੈਰਾਗ, ਖਟ ਸੰਪਤੀ, ਮੁਕਤੀ ਇੱਛਾ ਦੀ ਪੂਰਤੀ ਸੁਤੇ ਸਿੱਧ ਉਥੇ ਹੀ ਹੋ ਜਾਂਦੀ ਹੈ।

ਦੂਜੇ, ਹਰਿਮੰਦਰ ਸਾਹਿਬ ਬਿਲਕੁਲ ਪਾਣੀ ਦੀ ਸਤਹ 'ਤੇ ਹੀ ਬਿਠਾਇਆ ਗਿਆ

1. ਸੂਰਜ ਪ੍ਰਕਾਸ਼, ਰਾਸ ੨੧, ਅੰਸ਼ ੫੬

Sri Satguru Jagjit Singh Ji eLibrary NamdhariElibrary@gmail.com

ਹੈ। ਦੇਖਣ ਵਾਲੇ ਨੂੰ ਇਜ ਪ੍ਰਤੀਤ ਹੋਵੇ ਕਿ ਕੰਵਲ ਫੁੱਲ ਖਿੜਿਆ ਹੈ। ਹਰਿ ਜੀ ਦੇ ਅੰਦਰ ਆ ਜਾਣ ਨਾਲ ਹਿਰਦੇ ਦਾ ਕੰਵਲ ਫੁੱਲ ਹੀ ਖਿੜਦਾ ਹੈ।

**ਤੀਜੇ**, ਇਹ ਜਾਣ ਬੁੱਝ ਕੇ ਨੀਵੀਂ ਥਾਂ ਬਣਾਇਆ ਗਿਆ। ਪਉੜੀਆਂ ਉਤਰ ਕੇ ਸ੍ਰੀ ਹਰਿਮੰਦਰ ਸਾਹਿਬ ਜਾ ਸਕੀਦਾ ਹੈ। ਹਰਿ ਦਾ ਦਰ ਬਗ਼ੈਰ ਨਿੰਮ੍ਰਤਾ ਦੇ ਪਾਇਆ ਹੀ ਨਹੀਂ ਜਾ ਸਕਦਾ। ਫਿਰ ਗੁੰਬਦ ਵੀ ਬੈਠਵਾਂ ਰੱਖਿਆ, ਜੋ ਨਿੰਮ੍ਰਤਾ ਦਾ ਹੀ ਪ੍ਰਤੀਕ ਸੀ। ਉੱਧਰ ਅਕਾਲ ਤਖ਼ਤ ਦੇ ਗੁੰਬਦ ਵੱਲ ਦੇਖਿਆਂ, ਇਸ ਦੀ ਮਹੱਤਤਾ ਦੀ ਸੂਝ ਪਵੇਗੀ। ਅਕਾਲ ਤਖ਼ਤ ਦਾ ਗੁੰਬਦ ਖੜ੍ਹਾ ਹੈ, ਸਿੱਧਾ ਹੈ ਜੋ ਅਣਖ ਤੇ ਜੁਰਅਤਿ ਦਾ ਪ੍ਰਤੀਕ ਹੈ। ਹਰਿਮੰਦਰ ਸਾਹਿਬ ਦਾ ਬੈਠਵਾਂ ਤੇ ਸਹਿਜ ਵਾਲਾ ਹੈ। ਹਰਿਮੰਦਰ ਸਾਹਿਬ ਦੇ ਗੁੰਬਦ 'ਤੇ ਕੰਵਲ ਫੁੱਲ ਪੁੱਠਾ ਰੱਖਿਆ ਹੈ। ਦੁਨੀਆਂ ਕੰਵਲ ਵਿਚ ਲਕਸ਼ਮੀ ਦਿਖਾਂਦੀ ਸੀ, ਇੱਥੇ ਕੰਵਲ ਉਲਟਾਇਆ ਹੈ। ਜੋ ਇਕ ਤਾਂ ਇਹ ਦਰਸਾਂਦਾ ਹੈ ਕਿ ਅੰਮ੍ਰਿਤ ਝਰ-ਝਰ ਕਰ ਰਿਹਾ ਹੈ, ਦੂਜੇ ਜਿੱਥੇ ਹਰੀ ਦਾ ਵਾਸਾ ਹੈ, ਉਥੇ ਮਾਇਆ ਪਿੱਛੇ ਲੱਗੀ ਫਿਰੇਗੀ। ਕੰਵਲ ਨੂੰ ਉਲਟਾਉਣਾ ਹੀ ਹਰੀ ਨੂੰ ਪਾਉਣਾ ਹੈ।

**ਚੌਥੇ**, ਹਰਿਮੰਦਰ ਸਾਹਿਬ ਦਾ ਜੀਵਨ, ਹਰਕਤ ਦਾ ਲਖਾਇਕ ਹੈ। ਇਸ ਤੋਂ ਜੋ ਪਚੀਕਾਰੀ, ਗਿੱਲੇ ਪਲੱਸਤਰ 'ਤੇ ਮੀਨਾਕਾਰੀ ਤੇ ਚਿੱਤਰਕਾਰੀ (ਫਰੈਸਕੋ ਪੇਂਟਿੰਗ) ਕੀਤੀ ਗਈ ਉਸ ਵਿਚ ਜ਼ਿੰਦਗੀ ਭਰੀ ਗਈ। ਮਹਾਰਾਜ ਦਾ ਇਹ ਵੀ ਭਾਵ ਸੀ ਕਿ ਜਿਵੇਂ ਪਚੀਕਾਰੀ ਕੀਤੀ ਜਾਂਦੀ ਹੈ, ਜੀਵਨ ਵੀ ਉਸ ਪ੍ਰਕਾਰ ਜੀਵਿਆ ਜਾਏ। ਪਚੀਕਾਰੀ ਦੇ ਕੰਮ ਵਿਚ ਹਰ ਇਕ ਛੋਟੇ ਤੋਂ ਛੋਟੇ ਫੁੱਲ, ਟੁਕੜੇ ਨੂੰ ਬੜੇ ਹੁਨਰ ਨਾਲ ਤਰਾਸ਼, ਬਣਾ ਕੇ ਜੜਿਆ ਜਾਂਦਾ ਹੈ। ਪਹਿਲਾਂ ਇਕ, ਫਿਰ ਦੂਜਾ। ਇਸੇ ਤਰ੍ਹਾਂ ਜੀਵਨ ਵੀ ਪਚੀਕਾਰੀ ਵਾਂਗ ਸਹਿਜੇ-ਸਹਿਜੇ, ਤਰਾਸ਼, ਜੜ ਕੇ ਸੁਹਾਵਣਾ ਬਣਾਇਆ ਜਾ ਸਕਦਾ ਹੈ। ਪਿੱਛੋਂ ਜੋ ਤਾਜ ਮਹੱਲ ਬਣਿਆ, ਉਸ ਵਿਚ ਕਿਸੇ ਜਾਨਦਾਰ ਦੀ ਸ਼ਕਲ ਨਹੀਂ ਉਤਾਰੀ ਗਈ। ਇਹ ਦੇਖ ਕੇ ਹੀ ਇਕ ਸੈਲਾਨੀ ਨੇ ਕਿਹਾ ਸੀ : ਤਾਜ ਮਹੱਲ ਮੌਤ ਹੈ, ਹਰਿਮੰਦਰ ਸਾਹਿਬ ਜ਼ਿੰਦਗੀ ਹੈ।

ਕਦੀ ਕੋਈ ਕੋਮਲ ਹੁਨਰਾਂ ਦਾ ਪਾਰਖੂ, ਧਿਆਨ ਦੁਆਰਾ ਦੇਖੇ ਅਤੇ ਆਪਣੀ ਰੂਹ ਦੀ ਸੁਰਤਿ ਵਿਚ ਲੀਨ ਹੋ ਕੇ ਕੁਝ ਦਿਨ ਚਿੱਤੋਂ ਹਰਿਮੰਦਰ ਦੇ ਰੂਪ ਅਨੂਪ ਨੂੰ ਦੇਖਣ ਵਿਚ ਖ਼ਰਚ ਕਰੇ, ਤਦ ਉਹ ਜਾਣ ਜਾਏਗਾ ਕਿ ਇੱਥੇ ਇਕ ਦੀ ਪੂਜਾ ਕਿਵੇਂ ਹੁੰਦੀ ਹੈ। ਕਿਧਰੇ ਸਾਰੀ ਸੁਖਮਨੀ ਦੇ ਸਲੋਕ ਉਕਰੇ ਹੋਏ ਹਨ। ਕਿਧਰੇ ਜਪੁ ਜੀ ਦੇ ਪੱਤਰੇ ਲੱਗੇ ਹੋਏ ਹਨ। ਕਿਧਰੇ ਸਾਰੇ ਪ੍ਰਭੂ ਦੀ ਯਾਦ ਵਿਚ ਲੱਗੇ ਹੋਏ ਹਨ। ਚਿੱਤ੍ਰਾਂ ਵਿਚ ਹੇਠਾਂ ਸਮੁੰਦਰ ਵਿਚ ਮੱਛ-ਕੱਛ ਹਨ। ਫਿਰ ਜਾਨਵਰ ਹਾਥੀ, ਸੱਪ ਧਰਤੀ 'ਤੇ ਫਿਰ ਰਹੇ ਹਨ। ਬੱਚੇ ਨੂੰ ਸੱਪ ਲਪੇਟੀ ਬੈਠੇ ਹਨ। ਮੋਰ ਪੈਲਾਂ ਪਾਉਂਦੇ ਹਨ ਤੇ ਪੰਛੀ ਉੱਡ ਰਹੇ ਹਨ। ਇਹ ਦਰਸਾ ਰਹਿਆ ਹੈ ਕਿ ਵਾਹਿਗੁਰੂ ਦੀ ਹਜ਼ੂਰੀ ਦਾ ਅਨੰਦ ਕਿਵੇਂ ਮਾਣਨਾ ਹੈ ਤੇ ਮਾਣਨ ਵਾਲੇ ਦੀ ਦਸ਼ਾ ਕੀ ਹੁੰਦੀ ਹੈ।

ਜੀਵ ਨੂੰ ਮਾਇਆ ਦੀ ਲੋੜ ਹੈ। ਨਿਰਬਾਹ ਮਾਇਆ ਬਗ਼ੈਰ ਨਹੀਂ। ਹਾਥੀ ਵਿਚ ਬੜੀ ਸ਼ਕਤੀ ਹੈ ਪਰ ਮਾਇਆ ਦਾ ਮਾਰਿਆ ਸ਼ਕਤੀ ਗਵਾ ਲੈਂਦਾ ਹੈ। ਹਾਥੀ ਨੂੰ ਸੱਪ

Sri Satguru Jagjit Singh Ji eLibrary NamdhariElibrary@gmail.com

ਘੇਰੀ ਖਲੋਤੇ ਹਨ ਤੇ ਉਸ ਨੂੰ ਹਿੱਲਣ-ਜੁੱਲਣ ਨਹੀਂ ਦੇਂਦੇ। ਹਾਥੀ ਨੂੰ ਕਾਬੂ ਕਰਨ ਲਈ ਬਾਣੀ, ਨਾਮ ਸਿਮਰਨ ਦੀ ਲੋੜ ਹੈ।

ਕੋਲ ਹੀ ਇਕ ਬੱਚਾ ਦਿਖਲਾਇਆ ਹੈ ਜਿਸ ਨੂੰ ਸੱਪ ਨੇ ਲਪੇਟਿਆ ਹੋਇਆ ਹੈ। ਉਸ ਦੇ ਉੱਤੇ ਹੀ ਪੰਛੀ ਉਡਾਰੀਆਂ ਮਾਰ ਰਹੇ ਹਨ ਅਤੇ ਮੋਰ ਪੈਲਾਂ ਪਾ ਰਹੇ ਹਨ। ਜਦ ਜੀਵ-ਆਤਮਾ ਮਾਇਆ ਦੇ ਚੁੰਗਲ ਵਿਚੋਂ ਨਿਕਲ ਜਾਏਗੀ ਤਾਂ ਪੰਛੀਆਂ ਵਾਂਗ ਉਡਾਰੀਆਂ ਲਗਾਏਗੀ ਤੇ ਮੋਰਾਂ ਵਾਂਗ ਪੈਲਾਂ। ਮੋਰ ਆਤਮ-ਗਿਆਨ ਦਾ ਚਿੰਨ੍ਹ ਹੀ ਦਿਖਲਾਇਆ ਹੈ। ਉੱਡਦੇ ਕਬੂਤਰ ਸ਼ਾਂਤੀ ਦੇ।

ਚੌਦਾਂ ਕਿਸਮਾਂ ਅਤੇ ਰੰਗਾਂ ਦੇ ਤਾਂ ਪੱਥਰ ਹੀ ਵਰਤੇ ਹਨ। ਇਨ੍ਹਾਂ ਦਾ ਮੇਲ ਇਕ ਰੂਹਾਨੀ ਲਹਿਰ ਤਾਰੀ ਕਰ ਦੇਂਦਾ ਹੈ।

ਚੌਦਾਂ ਕਿਸਮਾਂ ਇਹ ਹਨ :

ਹਲਕਾ ਕਾਲਾ (ਅਰਬੀ ਸਮੁੱਕ), ਗੂੜ੍ਹਾ ਕਾਲਾ (ਕਾਲਾ ਸੰਗ), ਲਾਲ-ਗੁਲਾਬੀ ਭਾਅ ਮਾਰਦਾ (ਅਕੀਕ) ਪੀਲਾ ਸੰਗੜ੍ਹੀ (ਖੱਟਾ), ਸਮੁੰਦਰੀ-ਅਕਾਸ਼ੀ ਇਕੱਠਾ (ਲਾਜਵਰਦ), ਨੀਲੀ ਭਾਅ (ਨੀਲਮ), ਗੂੜ੍ਹਾ ਹਰਾ (ਸਬਜ਼ ਪੱਥਰ), ਨਿਰੋਲ ਹਰਾ (ਨਰਗਸ ਸਬਜ਼ ਪੱਥਰ), ਹਲਕਾ ਹਰਾ (ਸੰਗ ਪਸ਼ਮ), ਚਿੱਟੇ, ਨੀਲੇ, ਹਰੇ ਤੇ ਹਲਕੇ ਜਹੇ ਹਰੇ ਦਾ ਮੇਲ (ਸੰਗ ਬਸ਼ੱਬ), ਚਿੱਟਾ ਦੁੱਧ (ਸਿੱਪ), ਆਪਣੇ ਅਸਲ ਰੰਗ ਵਿਚ (ਅਬਰੀ), ਗੂੜ੍ਹਾ ਲਾਲ (ਸੁਰਖ਼) ਅਤੇ ਹਰੇ ਵਿਚ ਕਾਲਾ ਭਾਅ ਮਾਰਦਾ (ਜ਼ਹਿਰ ਮਹੁਰਾ)।

ਗੁਰੂ ਪਾਸ ਜੋ ਅਨੰਤ ਸਮੱਗਰੀ ਸੀ, ਉਸ ਨਾਲ ਬਣਾਇਆ ਇਹ ਹਰਿਮੰਦਰ ਸਾਹਿਬ। ਅਨੰਤ ਸੁੰਦਰਤਾ ਨਾਲ ਇਕ ਛੋਟਾ ਜਿਹਾ ਧਰਤੀ ਦਾ ਟੁਕੜਾ ਸਜਾਣਾ ਹੀ ਕੇਵਲ ਹੁਨਰ ਦੀ ਅਮਰੀ ਪੂਰਨਤਾ ਹੈ।

ਪੰਜਵੇਂ, ਬਾਰੀਆਂ ਐਸੇ ਢੰਗ ਦੀਆਂ ਰੱਖੀਆਂ ਗਈਆਂ ਕਿ ਠੰਢੀ-ਠੰਢੀ ਹਵਾ ਰੁਮਕਦੀ ਰਹੇ। ਹੁੱਮਸ ਕਦੇ ਨਾ ਹੋਵੇ। 'ਬਰਖਾ ਮਹਿ ਬਡ ਹੋਤ ਬਹਾਰਾਂ' ਛੇ ਹੀ ਰੁੱਤਾਂ ਸੁਹਾਣੀਆਂ ਹੋਣ। ਚਾਰੇ ਪਾਸੇ ਪਾਣੀ 'ਤੇ ਨਜ਼ਰ ਰਹੇ। ਐਸਾ ਬਣਾਇਆ ਕਿ ਗਰਮੀ ਵਿਚ ਮੁੜ੍ਹਕਾ ਨਾ ਆਵੇ ਤੇ ਸਰਦੀਆਂ ਵਿਚ ਪਾਲਾ ਨਾ ਲੱਗੇ :

ਜਹਿ ਗ੍ਰੀਖਮ ਮਹਿ ਸ੍ਵੇਦ ਨ ਜੋਵੈ।
ਹਿਮ ਰੁਤ ਮਹਿ ਪਾਲ ਨਹਿ ਹੋਵੈ।

ਪਰਸੀ ਬ੍ਰਾਊਨ ਨੇ ਇਨ੍ਹਾਂ ਚਾਰ ਬਾਹਰ ਨਿਕਲਦੀਆਂ ਬਾਰੀਆਂ ਜੋ ਮੋੜਵੀਆਂ ਬਰੈਕਟਾਂ ਬੈਠਵੇਂ ਗੁੰਬਦਾਂ ਤੇ ਵਧਦੀਆਂ ਮਹਿਰਾਬਾਂ ਤੇ ਸੁਰੰਗ ਨਿਆਈਂ ਫਾੜੀਆਂ ਦੀ ਸ਼ਕਲ ਦੀਆਂ ਬਣਾਈਆਂ ਹਨ, ਦਾ ਉਚੇਚਾ ਜ਼ਿਕਰ ਕੀਤਾ ਹੈ।[1]

ਛੇਵੇਂ, ਇਸ ਦਾ ਪੁਲ ਵੀ ਪ੍ਰਤੀਕ ਸੀ। ਹਰਿ ਕੀ ਪਉੜੀ ਵੀ ਸੂਚਕ ਸੀ।

ਦਰਸ਼ਨੀ ਡਿਉੜੀ ਤੋਂ ਹਰਿਮੰਦਰ ਸਾਹਿਬ ਤੱਕ ਦੇ ਪੁਲ ਦਾ ਫ਼ਾਸਲਾ 84 ਕਦਮ

1. Special Feature of the central structure of the Harmander are the balconies windows thrown out on curved brackets, lowfluted doms and ogee arches, ellipical caves with multifoil soffits. (INDIAN ARCHETECTURE—p.p. 115)

Sri Satguru Jagjit Singh Ji eLibrary NamdhariElibrary@gmail.com

ਹੈ, ਜੋ ਇਹ ਦਰਸਾਂਦਾ ਹੈ ਕਿ ਨਿੰਮ੍ਰਤਾ ਧਾਰ :

**ਸਤਿਗੁਰ ਸ਼ਬਦ ਸਰਵਨ ਕੋ ਕਰੈ।**
**ਸਰਬ ਓਰ ਤੇ ਮਨ ਕੋ ਥਿਰੈ।**

ਤਾਂ ਜਨਮ-ਮਰਨ ਦੀ ਚੁਰਾਸੀ ਕੱਟੀ ਜਾਏਗੀ। ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ :

**ਕਦਮ ਚੁਰਾਸੀ ਵਾਹਿ ਸਦਮ ਲੋ ਹੇਤਿ ਜਾਹਿ।**
**ਛਦਮ ਚੁਰਾਸੀ ਲਾਖ ਜੋਨਿ ਹੋਵਿ ਭਾਵਨੋ।**[1]

ਪ੍ਰੇਮ ਨਾਲ ਇਸ 'ਤੇ ਟੁਰਿਆਂ ਪੁਰਸਲਾਤ ਦੀ ਫਾਹੀ ਵੀ ਮੁੱਕ ਜਾਵੇਗੀ। ਹਰਿ ਕੀ ਪਉੜੀ ਦਾ ਭਾਵ ਵੀ ਇਹ ਹੀ ਸੀ ਕਿ ਹੋਰਨਾਂ ਤੀਰਥਾਂ 'ਤੇ ਜਾਣ ਦਾ ਖ਼ਿਆਲ ਹਟ ਜਾਵੇ। ਅੱਠ ਪਹਿਰ ਕੀਰਤਨ, ਅਰਾਧਨਾ ਤੇ ਸਿਮਰਨ ਹੋਣ ਨਾਲ ਟੁੱਟੀਆਂ ਸੁਰਤਾਂ ਆਪਣੇ ਆਪ ਜੁੜ ਜਾਣ। ਗੁਰੂ ਅਰਜਨ ਦੇਵ ਜੀ ਦਾ ਆਪਣਾ ਹੀ ਫ਼ੁਰਮਾਨ ਹੈ : 'ਅੰਮ੍ਰਿਤਸਰ ਮਾਨ-ਸਰੋਵਰ ਕੀਤਾ ਹੈ ਅਤੇ ਹਰਿਮੰਦਰ ਜੀ ਜਹਾਜ਼ ਬਣਾਇਆ ਹੈ, ਜਿਸ ਦਾ ਬਾਦਬਾਨ ਵਾਹਿਗੁਰੂ ਹੈ ਅਤੇ ਮਲਾਹ ਸ਼ਬਦ ਗੁਰੂ।'

ਸੱਚਮੁੱਚ ਹੀ ਮਾਨ ਸਰੋਵਰ ਹੈ ਜਿੱਥੇ ਕਦੇ ਕਿਸੇ ਬਗਲਾ ਨਹੀਂ ਡਿੱਠਾ ਤੇ ਨਾ ਹੀ ਕਦੇ ਡੱਡੂ ਬੋਲਦੇ ਹਨ।

ਸਰੋਵਰ ਵਿਚ ਹਰਿਮੰਦਰ ਸਾਹਿਬ ਦਾ ਵਿਦਮਾਨ ਤੇ ਫਿਰ ਹਰਿਮੰਦਰ ਦੀ ਬਨਾਵਟ ਹੀ ਕੁਝ ਅਜਿਹੀ ਹੈ ਕਿ ਦੇਖਣ ਵਾਲੇ ਤੇ ਸਹਿਜੇ ਹੀ ਵਿਸਮਾਦੀ ਪ੍ਰਭਾਵ ਪੈਂਦਾ ਹੈ। ਬਲੌਰੀ ਜਲ ਨਾਲ ਅੱਡ ਕੀਤਾ ਹੋਇਆ, ਇਕੋ ਪੁਲ ਨਾਲ ਜੁੜੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤਿਆਂ ਇਕ ਵਾਰ ਦੁਨੀਆਂ ਦੀ ਦੌੜ-ਧੁਪ ਮੁੱਕਦੀ ਲੱਗਦੀ ਹੈ।

ਇਸ ਹਰਿਮੰਦਰ ਸਾਹਿਬ ਦੀ ਨੀਂਹ ਜਨਵਰੀ ਦੀ ਤਿੰਨ, ਸੰਨ 1597 ਈ: ਨੂੰ ਗੁਰੂ ਮਹਾਰਾਜ ਨੇ, ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਪ੍ਰਸਿੱਧ ਸੂਫ਼ੀ ਫ਼ਕੀਰ ਮੀਆਂ ਮੀਰ ਜੀ ਕੋਲੋਂ ਰਖਵਾਈ : ਕਾਰੀਗਰ ਨੇ ਪਲਟ ਕੇ ਫਿਰ ਲਗਾਈ ਸੀ :

**ਮੀਆਂ ਮੀਰ ਤੇ ਨੀਉਂ ਰਖਾਈ।**
**ਕਾਰੀਗਰ ਪਲਟਿ ਕਰਿ ਲਾਈ।**[2]

ਗ਼ੁਲਾਮ ਮਹੱਈਯੁਦੀਨ, ਜਿਸ ਨੂੰ ਬੂਟੇਸ਼ਾਹ ਵੀ ਕਹਿੰਦੇ ਹਨ, ਨੇ ਤਵਾਰੀਖ਼-ਏ-ਪੰਜਾਬ ਦੇ ਪੰਨਾ 139 'ਤੇ ਲਿਖਿਆ ਹੈ :

ਸ਼ਾਹ ਮੀਆਂ ਮੀਰ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਦੀ ਬਿਨੈ ਕਰਨ 'ਤੇ ਆਏ ਤੇ ਆਪਣੇ ਪਾਵਨ ਹੱਥਾਂ ਨਾਲ ਚਾਰ ਇੱਟਾਂ ਚਾਰ ਦਿਸ਼ਾਵਾਂ ਵਿਚ ਤੇ ਇਕ ਚਾਰਾਂ ਦੇ ਵਿਚਕਾਰ ਨੀਂਹ ਦੇ ਤੱਟ 'ਤੇ ਰੱਖੀ।

ਸੋਹਨ ਲਾਲ ਸੂਰੀ ਨੇ ਵੀ ਆਪਣੀ ਕ੍ਰਿਤ ਉਮਦਾਤ ਤਵਾਰੀਖ਼ ਦੀ ਪਹਿਲੀ ਜਿਲਦ

---

1. ਪੰਥ ਪ੍ਰਕਾਸ਼, ਪੰਨਾ 941, ਟੀਕਾਕਾਰ ਗਿਆਨੀ ਕ੍ਰਿਪਾਲ ਸਿੰਘ
2. ਪੰਥ ਪ੍ਰਕਾਸ਼, 941

Sri Satguru Jagjit Singh Ji eLibrary NamdhariElibrary@gmail.com

ਵਿਚ ਇਸੇ ਭਾਵ ਦਾ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਆਪੂੰ ਲਾਹੌਰ ਗਏ ਤੇ ਮੀਆਂ ਮੀਰ ਨੂੰ ਅੰਮ੍ਰਿਤਸਰ ਵਿਚ ਆ ਕੇ ਹਰਿਮੰਦਰ ਦੀ ਨੀਂਹ ਰੱਖਣ ਲਈ ਕਹਿਆ।

ਕਾਰੀਗਰ ਨੂੰ ਬੁਲਾ ਕੇ ਸਾਰੀ ਵਿਉਂਤ ਗੁਰੂ ਜੀ ਨੇ ਸਮਝਾ ਦਿੱਤੀ। ਹੁਕਮ ਕੀਤਾ ਕਿ ਹਰਿਮੰਦਰ ਸਾਹਿਬ ਦੀਆਂ ਨੁੱਕਰਾਂ ਚਾਰ ਦਿਸ਼ਾਵਾਂ ਵੱਲ ਰੱਖੋ ਤੇ ਚਾਰ ਦਰਵਾਜ਼ੇ ਚਾਰ ਕੋਨਿਆਂ 'ਤੇ। ਹਰਿਮੰਦਰ ਸਾਹਿਬ ਦੀ ਕੁਰਸੀ ਤਾਲ ਤੇ ਤੀਰ ਤੋਂ ਉੱਚੀ ਕਰ ਕੇ, ਹੇਠਾਂ ਮਹਿਰਾਬ ਉਸਾਰੋ। ਪੂਰਬ ਵੱਲ ਹਰਿ ਕੀ ਪੌੜੀ, ਚਾਰੇ ਪਾਸੇ ਪਰਕਰਮਾ, ਦੋ ਛੱਤ ਹੋਣ ਤੇ ਵਿਚਕਾਰ ਗੁੰਬਦ ਬੈਠਵਾਂ।

ਹਰਿਮੰਦਰ ਦੀ ਉਸਾਰੀ ਲਈ ਗੁਰੂ ਜੀ ਆਪੂੰ ਕੋਲ ਖੜ੍ਹੇ ਰਹਿੰਦੇ ਸਨ। ਗਾਰਾ ਕੱਚਾ ਨਹੀਂ ਲਗਾਉਣ ਦਿੱਤਾ। ਵਧੇਰੇ ਪ੍ਰਬੰਧ ਲਈ ਤੇ ਆਈਆਂ ਸੰਗਤਾਂ ਦੇ ਸੁਖ-ਆਰਾਮ ਲਈ ਆਪ ਜੀ ਨੇ ਭਾਈ ਉਮਰਾ ਸ਼ਾਹ, ਭਾਈ ਜੇਠਾ ਤੇ ਭਾਈ ਪਿਰਾਣਾ ਨੂੰ ਨਿਯਤ ਕੀਤਾ। ਭਾਈ ਕਲਿਆਨਾ ਜੀ ਨੂੰ ਮੰਡੀ, ਭਾਈ ਆਦਮ ਨੂੰ ਮਾਲਵਾ, ਭਾਈ ਲੰਗਾਹ ਨੂੰ ਮਾਝੇ, ਭਾਈ ਭੱਟੜ, ਭਾਈ ਧਾਰੋ ਨੂੰ ਦੂਰ ਪੂਰਬ ਵੱਲ ਭੇਜਿਆ ਕਿ ਜਾ ਕੇ ਸੰਗਤਾਂ ਨੂੰ ਸੁਚੇਤ ਵੀ ਕਰਨ, ਨਾਮ ਦੇ ਛੱਟੇ ਵੀ ਮਾਰਨ ਤੇ ਬੱਝਵੀਂ ਦਸਵੰਧ ਦੀ ਰਕਮ ਵੀ ਭਿਜਵਾਉਣ। ਦਸਵੰਧ ਦੀ ਮਰਯਾਦਾ ਆਪ ਜੀ ਨੇ ਬੰਨ੍ਹ ਦਿੱਤੀ ਸੀ। ਇਸ ਨਾਲ ਬੱਝਵੀਂ ਭੇਟਾ ਗੁਰੂ ਦਰਬਾਰ ਵਿਚ ਪੁੱਜਣ ਲੱਗ ਪਈ ਸੀ। ਮੁਹਸਨ ਫ਼ਾਨੀ ਨੇ ਲਿਖਿਆ ਹੈ ਕਿ ਮੁਗਲਾਂ ਦਾ ਮਾਲੀਆ ਇਕੱਠਾ ਹੋਇਆ ਜਾਂ ਨਹੀਂ ਪਰ ਦਸਵੰਧ ਦੀ ਰਕਮ ਨੇਮ ਨਾਲ ਗੁਰੂ ਜੀ ਪਾਸ ਅੰਮ੍ਰਿਤਸਰ ਪੁੱਜਦੀ। ਬਾਬਾ ਬੁੱਢਾ ਜੀ ਪਰਕਰਮਾ ਦੀ ਸੇਵਾ ਦੇਖਦੇ। ਗੁਰੂ ਅਰਜਨ ਦੇਵ ਜੀ ਆਪੂੰ ਇਲਾਇਚੀ ਬੇਰੀ ਹੇਠਾਂ ਬੈਠ ਪੂਰੀ ਨਿਗਰਾਨੀ ਰੱਖਦੇ।

ਸਿੱਖਾਂ ਨੂੰ ਨਿਸ਼ਕਾਮ, ਹੱਥੀਂ ਸੇਵਾ ਕਰਦੇ ਦੇਖ ਸਰੀਰਾਂ ਤੇ ਸੱਟਾਂ-ਚੋਟਾਂ ਦੀ ਪ੍ਰਵਾਹ ਨਾ ਕਰਦੇ ਦਿਨ-ਰਾਤ ਜੁੱਟੇ ਦੇਖ, ਗੁਰੂ ਜੀ ਗਦ-ਗਦ ਹੁੰਦੇ। ਇੱਥੇ ਹੀ ਪਿੱਛੋਂ ਹਜ਼ਾਰਾਂ ਗੁਰਸਿੱਖਾਂ ਦੇ ਸੀਸ ਚੜ੍ਹੇ। ਇੱਟ-ਇੱਟ, ਪੱਤਾ-ਪੱਤਾ, ਜ਼ੱਰਾ-ਜ਼ੱਰਾ ਭਾਵਾਂ ਨਾਲ ਭਰਿਆ ਹੋਇਆ ਹੈ।

ਪਰਸੀ ਬ੍ਰਾਊਨ ਨੇ ਦਰਬਾਰ ਸਾਹਿਬ ਦੇਖ ਇਸੇ ਲਈ ਕਿਹਾ ਸੀ ਕਿ ਕਿਸੇ ਕੌਮ ਦੇ ਧਾਰਮਿਕ ਵਲਵਲਿਆਂ ਨੂੰ ਜੇ ਕਿਸੇ ਸੰਗੇ-ਮਰਮਰ, ਸ਼ੀਸ਼ੇ, ਰੰਗ ਤੇ ਧਾਤ ਵਿਚ ਮੂਰਤੀਮਾਨ ਹੋਇਆ ਦੇਖਣਾ ਹੈ ਤਾਂ ਦਰਬਾਰ ਸਾਹਿਬ ਦੇਖੇ।[1]

ਹਰਿਮੰਦਰ ਦੀ ਸੰਪੂਰਨਤਾ ਤਿੰਨ ਸਾਲਾਂ ਵਿਚ ਹੋਈ। ਜਦ ਮੁਕੰਮਲ ਹੋ ਗਿਆ ਤਾਂ ਆਪ ਜੀ ਨੇ ਸ਼ੁਕਰਾਨੇ ਦਾ ਸ਼ਬਦ 'ਸੰਤਾਂ ਕੇ ਕਾਰਜਿ ਆਪਿ ਖਲੋਇਆ' ਉਚਾਰਿਆ ਅਤੇ ਬਚਨ ਕੀਤੇ :

'ਹਰਿਹਾਂ ਨਾਨਕ ਕਸਮਲ ਜਾਹਿ, ਨਾਇਐ ਰਾਮ ਦਾਸ ਸਰ।'

---

1. As an example of religions emotion materialized in marble, glass, colour and metal the Golden Tample at Amritsar.

(INDIAN ARCHETECTURE, p.p. 115)

Sri Satguru Jagjit Singh Ji eLibrary NamdhariElibrary@gmail.com

ਇਹ ਵੀ ਫ਼ਰਮਾਇਆ ਕਿ ਜੋ ਵੀ ਸ਼ਰਧਾ ਨਾਲ ਕੀਰਤਨ ਗਾਇ ਸੁਣੇਗਾ, ਉਸ ਦਾ ਵਾਹਿਗੁਰੂ ਨਾਲ ਮਿਲਾਪ ਅਵੱਸ਼ ਹੋਵੇਗਾ।

ਇਹ ਸੱਚ ਹੈ ਕਿ ਅਨੇਕਾਂ ਨੂੰ ਹੀ ਇੱਥੋਂ ਰੌਸ਼ਨੀ ਮਿਲੀ। ਸਿੱਖ ਤਾਂ ਇੱਥੇ ਹੀ ਪੁੱਜ ਮਰ-ਮਰ ਜੀਊਂਦੇ ਰਹੇ। ਦੋਖੀਆਂ ਵਲੋਂ ਅੰਮ੍ਰਿਤਸਰ ਨੂੰ ਪੂਰਨ ਤੇ ਹਰਿਮੰਦਰ ਸਾਹਿਬ ਨੂੰ ਢਾਹੁਣ ਦੇ ਅਨੇਕਾਂ ਜਤਨ ਹੋਏ ਪਰ ਸਿੱਖ ਜਾਨਾਂ ਹੀਲ ਕੇ ਦਰਸ਼ਨ-ਇਸ਼ਨਾਨ ਕਰਦੇ। ਸ੍ਰੀ ਅੰਮ੍ਰਿਤਸਰ ਸਿੱਖਾਂ ਦੇ ਹਾਵ-ਭਾਵ ਦਾ ਪ੍ਰਤੀਕ ਬਣ ਗਿਆ ਸੀ ਤੇ ਹਰਿਮੰਦਰ ਸਾਹਿਬ ਰੌਸ਼ਨੀ ਦਾ ਮੀਨਾਰ। ਸਿੱਖ ਕੌਮ 'ਤੇ ਕੋਈ ਭੀੜ ਪਈ, ਕੋਈ ਗੁਰਮਤਾ ਕਰਨਾ ਚਾਹਿਆ, ਕਿਸੇ ਦੀ ਮਦਦ 'ਤੇ ਆਉਣਾ ਲੋੜਿਆ ਜਾਂ ਦੁੱਰਾਨੀ ਤੇ ਅਬਦਾਲੀ ਦੇ ਹੱਲਿਆਂ ਨੂੰ ਰੋਕਣ ਲਈ ਵਿਉਂਤਾਂ ਬਣਾਉਣੀਆਂ ਸੋਚਿਆ, ਹਰ ਵੇਲੇ ਸ੍ਰੀ ਅੰਮ੍ਰਿਤਸਰ ਜੁੜਦੇ।

**ਸ੍ਰੀ ਅੰਮ੍ਰਿਤਸਰ ਦੀ ਮਹੱਤਤਾ ਤੇ ਹਰਿਮੰਦਰ ਸਾਹਿਬ ਦੀ ਮਹਿਮਾ**

ਜਿਤਨੇ ਸੀਸ ਸਿੱਖਾਂ ਦੇ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ 'ਤੇ ਲੱਗੇ ਹਨ ਜੇ ਸਾਰੇ ਇਕੱਠੇ ਕਰ ਕੇ ਪਰਕਰਮਾ ਵਿਚ ਰੱਖੀਏ, ਪਤਾ ਨਹੀਂ ਫਿਰ ਵੀ ਸਮਾ ਸਕਣ ਜਾਂ ਨਾ। ਇਹ ਪਾਵਨ ਪੌੜ ਤੇ ਪੁਲ ਜਿੱਥੇ ਹੁਣ ਅਸੀਂ ਕਈ ਵਾਰੀ ਕਾਹਲੀ-ਕਾਹਲੀ ਬੇਧਿਆਨੇ ਟੁਰੇ ਜਾਂਦੇ ਹਾਂ ਕਈ ਵਾਰੀ ਸਿੱਖਾਂ ਦੇ ਪਾਵਨ ਲਹੂ ਨਾਲ ਰੰਗੇ ਗਏ। ਸਿੱਖਾਂ ਕਦੇ ਦਰਬਾਰ ਸਾਹਿਬ ਨਹੀਂ ਵਿਸਾਰਿਆ।

ਕਿਤਨੀ ਕੁ ਸ਼ਕਤੀ ਸਿੱਖਾਂ ਵਿਚ ਆ ਚੁੱਕੀ ਸੀ ਇਸ ਦੀ ਇਕ ਉਦਾਹਰਣ ਇੱਥੇ ਦੇਣੀ ਉਚਿਤ ਹੋਵੇਗੀ।

ਨਾਦਰ ਸ਼ਾਹ ਨੇ ਦਿੱਲੀ ਲੁੱਟੀ। ਸਿੱਖਾਂ ਆਪਣਾ ਹਿੱਸਾ ਉਸ ਕੋਲੋਂ ਵੰਡਾ ਲਿਆ। ਨਾਦਰ ਬਹੁਤ ਅੱਗ ਬਗੋਲਾ ਹੋਇਆ ਤੇ ਜ਼ਕਰੀਆ ਖ਼ਾਨ ਨੂੰ ਕਿਹਾ :

**ਹਮ ਕੋ ਲੁਟਨਦਾਰ ਬਤਾਇ।**<br>
**ਜਿਨ ਲੁੱਟ ਖਾਯੋ ਹਮਰੋ ਰਾਹੁ।**[1]

ਜ਼ਕਰੀਆ ਖ਼ਾਨ ਨੇ ਕਿਹਾ, ਉਨ੍ਹਾਂ ਦਾ ਕੋਈ ਮੁਲਕ ਨਹੀਂ ਹੈ।

**ਖੜੇ ਸੋਵੈਂ ਔ ਚਲਤੇ ਖਾਹਿ।**<br>
**ਨਹਿ ਬੈਠੇਂ ਵੈ ਕਿਤੇ ਗਿਰਾਂਇ।**<br>
**ਰਹੈ ਚਾਉ ਉਨ ਮਰਨ ਕੋ ਦੀਨ ਮਜ਼ਹਬ ਕੈ ਭਾਇ।**<br>
**ਹਮ ਮਾਰਤ ਉਨ ਥੱਕ ਗਏ ਉਇ ਘਟਤ ਨਾ ਕਿਤਹੂੰ ਦਾਇ।**

ਇਹ ਸੁਣ ਕੇ ਨਾਦਰ ਨੇ ਪੰਥ ਦੀ ਸਾਰੀ ਵਾਰਤਾ ਸੁਣਨੀ ਚਾਹੀ। ਜ਼ਕਰੀਆ ਖ਼ਾਨ ਨੇ ਗੁਰੂ ਨਾਨਕ ਤੋਂ ਲੈ ਕੇ ਪੰਥ ਸਾਜਨ ਤੱਕ ਦੱਸੀ ਤੇ ਕੁਰਬਾਨੀਆਂ ਦਾ ਵੇਰਵਾ ਦਿੱਤਾ ਅਤੇ ਕਿਹਾ ਕਿ ਇਨ੍ਹਾਂ ਕੋਲ ਇਕ ਸੁਧਾਸਰ ਅੰਮ੍ਰਿਤਸਰ ਹੈ, ਵਿਚਕਾਰ ਹਰਿਮੰਦਰ ਹੈ, ਉਥੇ ਇਸ਼ਨਾਨ ਕਰ, ਦਰਸ਼ਨ ਕਰ ਐਸੀ ਸ਼ਕਤੀ ਲੈਂਦੇ ਹਨ ਕਿ ਫਿਰ·ਕਿਸੇ ਨੂੰ ਅੱਖਾਂ ਹੇਠਾਂ ਨਹੀਂ ਲਿਆਂਦੇ। ਇਹ ਸੁਣ ਕੇ ਨਾਦਰ ਸ਼ਾਹ ਨੇ ਕਿਹਾ ਸੀ :

1. ਪ੍ਰਾਚੀਨ ਪੰਥ ਪ੍ਰਕਾਸ਼, ਕ੍ਰਿਤ ਭਾਈ ਰਤਨ ਸਿੰਘ ਭੰਗੂ, ਛਾਪ ਚੌਥੀ (1912), ਪੰਨਾ 132.

Sri Satguru Jagjit Singh Ji eLibrary NamdhariElibrary@gmail.com

ਸੋ ਅਬ ਜੀਤੇ ਜਾਵੈਂ ਨਾਹੀ।
ਜਿਨਕੇ ਸਾਹਿਬ ਆਪ ਪਨਾਹੀ।[1]

ਜਿਸ ਦਾ ਰੱਖਿਅਕ ਆਪ ਖ਼ੁਦਾ ਹੈ ਉਸ ਨੂੰ ਕੋਈ ਕਿਤਨੇ ਜਤਨਾਂ ਨਾਲ ਵੀ ਜਿੱਤ ਨਹੀਂ ਸਕਦਾ। ਫਿਰ ਅਬਦਾਲੀ ਨੇ ਹਰਿਮੰਦਰ ਸਾਹਿਬ ਤੋਪਾਂ ਨਾਲ ਉਡਾਇਆ ਪਰ ਹਰਿਮੰਦਰ ਸਾਹਿਬ ਦੀ ਹੀ ਇੱਟ ਉੱਥੇ ਉਸ ਨੂੰ ਐਸੀ ਲੱਗੀ ਕਿ ਜਾਨ ਗਵਾ ਬੈਠਾ।[2] ਰਾਜ ਪਾ ਕੇ ਮਹਾਰਾਜਾ ਰਣਜੀਤ ਸਿੰਘ ਨੇ ਹਰਿਮੰਦਰ ਸਾਹਿਬ ਨੂੰ ਸੋਨੇ ਨਾਲ ਜੜਿਆ ਜਿਸ ਕਾਰਨ ਗੋਲਡਨ ਟੈਂਪਲ ਕਹਿਲਾਇਆ। ਮਹਾਰਾਜਾ ਰਣਜੀਤ ਸਿੰਘ ਨੇ ਸਾਰੀ ਉਮਰ ਪਿੱਠ ਸ੍ਰੀ ਦਰਬਾਰ ਸਾਹਿਬ ਨਹੀਂ ਕੀਤੀ। ਐਸੀ ਕੁਰਸੀ ਬਣਵਾ ਲਈ ਕਿ ਬੈਠਦਿਆਂ ਸਾਰ ਉਸ ਦਾ ਮੂੰਹ ਦਰਬਾਰ ਸਾਹਿਬ ਵੱਲ ਹੋ ਜਾਂਦਾ ਸੀ।

ਹਰਿਮੰਦਰ ਹੀ ਸਾਡਾ ਵਤਨ ਹੈ, ਸਾਡਾ ਘਰ ਹੈ। ਕਿਸੇ ਨੂੰ ਕਿਸੇ ਦਾ ਮਾਣ, ਪਰ ਸਾਡਾ ਸਭ ਕੁਝ ਹਰਿਮੰਦਰ ਹੈ। ਸਾਡਾ ਲੋਕ ਪਰਲੋਕ ਇਹ ਹੀ ਹੈ। ਹਰਿਮੰਦਰ ਦਾ ਪਿਆਰ ਹਰਿਮੰਦਰ ਦੇ ਆਤਮਕ ਝੰਡੇ ਦੀ ਮਾਨਸਕ ਤਾਬੇਦਾਰੀ, ਇਹ ਸਾਡਾ ਰਾਹ, ਜਪ, ਪਾਠ ਪੂਜਾ।

ਜਿੱਥੇ ਪੰਥਕ ਜਥੇਬੰਦੀ ਦਾ ਇਹ ਕੇਂਦਰ ਅਸਥਾਨ ਰਿਹਾ ਉਥੇ ਅਨੇਕਾਂ ਨੂੰ ਆਤਮਕ ਰੌਸ਼ਨੀ ਵੀ ਇਥੋਂ ਹੀ ਮਿਲੀ। ਇਕ ਸਾਧੂ ਨੇ ਬਹੁਤ ਸੋਹਣਾ ਕਿਹਾ ਹੈ ਕਿ ਅਵਤਾਰ ਆਏ, ਆਪਣੇ ਸਮੇਂ ਦੇ ਲੋਕਾਂ ਦਾ ਉਧਾਰ ਕਰਕੇ ਚਲੇ ਗਏ। ਪਰ ਦੇਖੋ ਗੁਰੂ ਜੀ ਆਏ, ਔਰ ਫਿਰ ਗਏ ਹੀ ਨਹੀਂ। ਸਰਬਕਾਲ ਸਰਬ ਦਾ ਉਧਾਰ ਕਰਨ ਲਈ ਕੀਰਤਨ ਦਾ ਰੂਪ ਧਾਰ ਸ੍ਰੀ ਅੰਮ੍ਰਿਤਸਰ ਬੈਠ ਗਏ। ਇਕ ਵੈਸ਼ਨਵ ਸਾਧੂ ਜਦ ਸ੍ਰੀ ਦਰਬਾਰ ਸਾਹਿਬ ਆਇਆ, ਉਸ ਦਾ ਧਿਆਨ ਕ੍ਰਿਸ਼ਨ ਵਿਚ ਰਹਿੰਦਾ ਸੀ। ਇੱਥੇ ਆ ਕੇ ਸੁਰਤਿ ਪ੍ਰਭੂ ਵਿਚ ਜੁੜ ਗਈ। ਉਸ ਕਿਹਾ : ਬੁਝੀਆਂ ਹੋਈਆਂ ਆਤਮਾਵਾਂ ਵੀ ਜਗ-ਮਗਾ ਪੈਂਦੀਆਂ ਹਨ। ਇਕ ਹੋਰ ਨੇ ਕਿਹਾ ਸੀ : ਜਦ ਕਦੇ ਸੁਰਤਿ ਤੇ ਸ਼ਬਦ ਦਾ ਵਿਛੋੜਾ ਪੈਂਦਾ ਹੈ ਤਾਂ ਇੱਥੇ ਆ ਕੇ ਗੁੰਮ ਹੋ ਗਈ ਲਗਨ ਜਾਗ ਪੈਂਦੀ ਹੈ। ਨਾਮ ਦਾ ਸਿਮਰਨ ਆਪੇ ਹੀ ਚੱਲ ਪੈਂਦਾ ਹੈ ਅਤੇ ਰਸਮਈ ਵੀ ਹੋ ਜਾਂਦਾ ਹੈ। ਪ੍ਰੋਫੈਸਰ ਪੂਰਨ ਸਿੰਘ ਜੀ ਨੇ 'ਬੁੱਕ ਔਫ ਟੈਨ ਮਾਸਟਰਜ਼' ਵਿਚ ਲਿਖਿਆ ਹੈ ਕਿ ਫ਼ਰਾਂਸੀਸੀ ਕਲਾਕਾਰ ਮਿਸਟਰ ਜਾਰਲ (JARL) ਇੱਥੇ ਆਇਆ ਤੇ ਹਰਿਮੰਦਰ ਸਾਹਿਬ ਦੀ ਤਸਵੀਰ ਬਣਾ ਕੇ ਲੈ ਗਿਆ। ਉਹ ਕਿਹਾ ਕਰਦਾ ਸੀ ਕਿ ਰੌਸ਼ਨੀ ਜੀਵਾਂ ਤੇ ਮੰਦਰਾਂ ਤੋਂ ਬਾਹਰੋਂ ਪੈਂਦੀ ਹੈ ਪਰ ਜਦ ਤਸਵੀਰ ਬਣਾ ਰਹਿਆ ਸੀ ਤਾਂ ਇੰਜ ਲੱਗੇ ਕਿ ਰੌਸ਼ਨੀ ਅੰਦਰੋਂ ਬਾਹਰ ਪੈ ਰਹੀ ਹੈ। ਇਕ ਹੋਰ ਨੇ ਕਿਹਾ ਸੀ ਕਿ ਦਰਬਾਰ ਸਾਹਿਬ ਵਿਛੋੜੇ ਦੀ ਕਸਕ ਨਹੀਂ ਹੈ। ਮਿਲਾਪ ਹੀ ਮਿਲਾਪ ਹੈ। ਗੁਰੂ ਅਰਜਨ ਦੇਵ ਜੀ ਨੇ ਆਪੂੰ ਤੁਕਾਂ ਵਿਚ ਫ਼ਰਮਾਇਆ ਹੈ :

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥

ਭਾਈ ਨੰਦ ਲਾਲ ਜੀ ਨੇ ਜੋਤਿ ਬਿਗਾਸ ਵਿਚ ਮਹਿਮਾ ਗਾਂਦੇ ਲਿਖਿਆ ਹੈ ਕਿ

---

1. ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 232.
2. 4 ਜੂਨ 1984 ਨੂੰ ਇੰਦਰਾ ਗਾਂਧੀ ਦੀ ਸਰਕਾਰ ਸ੍ਰੀ ਦਰਬਾਰ ਸਾਹਿਬ 'ਤੇ ਹਮਲਾਵਰ ਹੋਈ ਤਾਂ ਬੇਅੰਤ ਨੇ ਆਪ ਕੌਤਕ ਰਚਾ ਇੰਦਰਾ ਦਾ ਅੰਤ ਕਰ ਦਿੱਤਾ।

Sri Satguru Jagjit Singh Ji eLibrary NamdhariElibrary@gmail.com

ਮਹੱਤਤਾ ਤੇ ਪਾਵਨਤਾ ਵਿਚ ਉਸ ਸਤਿਗੁਰੂ ਦੇ ਸਿਰਜੇ ਅੰਮ੍ਰਿਤਸਰ ਦਾ ਟਾਕਰਾ ਗੰਗਾ ਵਿਚਾਰੀ ਕੀ ਕਰ ਸਕਦੀ ਹੈ। ਇੱਥੇ ਤਾਂ ਅੱਠ ਸੱਠ ਤੀਰਥਾਂ ਵਿਚੋਂ ਹਰ ਤੀਰਥ ਇੱਥੇ ਆ ਕੇ ਸੇਵਕ ਬਣ ਰਿਹਾ ਹੈ :

**ਚਿਹ ਗੰਗਾ ਮੁਕਾਬਲ ਬ-ਅੰਮ੍ਰਿਤਰਸ਼।**
**ਕਿ ਹਰ ਸ਼ਸਤੋ ਹਸ਼ਤ ਆਮਦਹ ਚਾਕਰਸ਼।**

ਕਵੀ ਸੌਂਧੇ ਨੇ ਵੀ ਇਹ ਹੀ ਧੁਨੀ ਉਚਾਰੀ ਸੀ ਕਿ ਤੀਨ ਲੋਕ ਮਹਿ ਤਾਲ ਨਾ ਐਸਾ ਜੈਸਾ ਦੇਖਿਆ ਅੰਮ੍ਰਿਤਸਰ। ਗਿਆਨੀ ਗਿਆਨ ਸਿੰਘ ਜੀ ਨੇ ਵੀ ਮਹਿਮਾ ਕਰਦੇ ਲਿਖਿਆ ਸੀ :

**ਜੀਵਤ ਬੈਕੁੰਠ ਜਿਸ ਦੇਖਨੋ ਸੋ ਦੇਖੈ ਆਇ।**
**ਸੁਧਾ ਸਰ ਬੀਚ ਝੁਲੇ ਅੰਮ੍ਰਿਤ ਤਰੰਗ ਤੇ।**

ਇਕ ਸੰਤ ਕਵੀ ਹਰਿਦਾਸ ਨੇ ਦਰਬਾਰ ਸਾਹਿਬ ਦੇ ਦਰਸ਼ਨ ਪਾ ਪੁਕਾਰਿਆ ਸੀ :

**ਹਰਿਮੰਦਰ ਅਰ ਬੈਕੁੰਠ ਕੋ ਤੋਲ ਲਿਉ ਹਰਿਦਾਸ।**
**ਭਾਰੋ ਹੁਤੇ ਸੋ ਗਿਰ ਪਰਿਯੋ, ਹੋਰੋ ਚਰਯੋ ਅਕਾਸ।**

ਭਾਵ ਹਰੀ ਦੇ ਸੰਤ ਨੇ ਤੱਕੜੀ ਦੇ ਛਾਬੇ ਪਾ ਹਰਿਮੰਦਰ ਸਾਹਿਬ ਤੇ ਬੈਕੁੰਠ ਨੂੰ ਤੋਲਣਾ ਚਾਹਿਆ। ਉਹ ਦੇਖ ਹੈਰਾਨ ਰਹਿ ਗਿਆ ਕਿ ਜੋ ਹਲਕਾ ਸੀ, ਉਹ ਤਾਂ ਉੱਪਰ ਚਲਾ ਗਿਆ, ਅੱਖੋਂ ਉਹਲੇ ਹੋ ਗਿਆ, ਜੋ ਵਜ਼ਨੀ ਸੀ ਉਹ ਧਰਤ 'ਤੇ ਰਹਿ ਗਿਆ। ਮੌਲਾ ਜ਼ਫਰ ਅਲੀ ਜ਼ਫਰ ਨੇ ਵੀ ਕਿਹਾ ਸੀ 'ਹਰਿਮੰਦਰ ਕੀ ਬੁਨਿਆਦ ਕੀ ਈਂਟ ਦੇ ਰਹੀ ਹੈ ਗਵਾਹੀ ਕਿ ਕਭੀ ਅਹਿਲੇ ਮਜ਼ਾਹਬ ਮੇਂ ਦੋਸਤੀ ਮੁਸਕਰਾਈ ਥੀ।' ਉਨ੍ਹਾਂ ਦਾ ਇਸ਼ਾਰਾ ਮੀਆਂ ਮੀਰ ਕੋਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਉਣ ਦਾ ਸੀ। ਹਾਜੀ ਮੁਹੰਮਦ ਮਸਕੀਨ ਨੇ ਜਦ ਨੌਂ ਮਣ ਚੌਦਾਂ ਸੇਰ ਸੰਦਲ ਵਿਚੋਂ ਪੰਜ ਸਾਲ ਸੱਤ ਮਹੀਨੇ ਲਗਾ ਕੇ ਇਕ ਲੱਖ ਪੰਜਤਾਲੀ ਹਜ਼ਾਰ ਤੰਦਾਂ ਖਿੱਚ ਕੇ ਚੌਰ ਬਣਾਇਆ ਸੀ ਤਾਂ ਉਸ ਦੀ ਖ਼ਾਹਿਸ਼ ਸੀ ਕਿ ਸਰਬ ਸਾਂਝੇ ਮੰਦਰ 'ਤੇ ਭੇਟ ਚੜ੍ਹਾਵਾਂ ਤਾਂ ਉਸ ਸੰਸਾਰ ਭਰ ਵਿਚ ਸ੍ਰੀ ਹਰਿਮੰਦਰ ਹੀ ਡਿੱਠਾ ਸੀ ਤੇ 31 ਦਸੰਬਰ, 1925 ਨੂੰ ਆਪ ਆ ਭੇਟ ਕੀਤਾ ਸੀ। ਸਵਾਲ ਕਵੀ ਦੀ ਤਾਂ ਮੰਗ ਹੀ ਹੈ ਕਿ ਉਸ ਨੂੰ ਸਦਾ ਸੁਧਾਸਰ ਦਾ ਦਾਸ ਬਣਾ ਦੇਵੇ। ਪ੍ਰੋਫੈਸਰ ਪੂਰਨ ਸਿੰਘ ਕਿਹਾ ਕਰਦੇ ਸਨ ਕਿ ਇਹ ਸਾਡਾ ਜੀਵਨ ਹੈ। ਇਹ ਸਾਡਾ ਦਿਲ ਹੈ। ਇਹ ਸਾਡੇ ਲੋਕ ਪਰਲੋਕ ਦਾ ਸਹਾਰਾ ਹੈ। ਇਹ ਸਾਡੇ ਰੱਬ ਦਾ ਘਰ ਹੈ। ਦਰਬਾਰ ਸਾਹਿਬ ਰੂਹ ਦਾ ਸੁਪਨ, ਸੱਚ ਤੇ ਸੱਚ-ਸੁਪਨ ਹੈ। ਦਰਬਾਰ ਸਾਹਿਬ ਠੀਕ ਸੱਚਖੰਡ ਦਾ ਟੁਕੜਾ ਹੈ। ਸਾਰੀ ਕੁਦਰਤ ਦੇ ਮੁੱਲ ਵਿਚ ਅਸੀਂ ਇਸ ਦੀ ਇਕ ਸ਼ਿਲਾ ਨਹੀਂ ਦੇ ਸਕਦੇ। ਕਿਵੇਂ ਕੰਵਲ ਵਤ ਇਹ ਅਸਗਾਹ ਜਲ ਵਿਚ ਖੜ੍ਹਾ ਹੈ। ਇਹ ਸਾਡਾ ਨਾਮ-ਮੰਤ੍ਰ ਹੈ, ਸਾਡਾ ਧਿਆਨ ਹੈ। ਇਕ-ਇਕ ਸ਼ਿਲਾ ਵਿਚ ਇਲਾਹੀ ਜਿੰਦ ਧੜਕ ਰਹੀ ਹੈ। ਇਹ ਕੋਈ ਸੰਗੇਮਰਮਰ ਦੀਆਂ ਸਿਲਾਂ ਨਹੀਂ, ਈਸ਼ਵਰੀ ਦਰਬਾਰ ਦੇ ਅੱਡ-ਅੱਡ ਸਿੰਘਾਸਨ ਹਨ। ਜਿੱਥੇ ਰਸੀਏ, ਪਹੁੰਚੇ ਹੋਏ, ਪੁੱਗੇ ਹੋਏ ਫ਼ਕੀਰ, ਪੀਰ, ਮੀਰ, ਸਰੀਰ ਤੋਂ ਉਤਾਂਹ ਹੋ ਧਿਆਨ ਲੀਨ ਕਰ ਬੈਠੇ ਹਨ। ਇਹ ਅਦਬ ਦਾ ਸਥਾਨ ਹੈ। ਇੱਥੇ ਜਾਗਦਾ

Sri Satguru Jagjit Singh Ji eLibrary NamdhariElibrary@gmail.com

ਬੰਦਾ ਬਣ ਕੇ ਆ, ਦਿਲ ਦੀ ਮਸ਼ਾਲ ਜਗਾ।

"ਜ਼ਰਾ ਗਹੁ ਨਾਲ ਦੇਖ, ਇੱਥੇ ਆਕਾਸ਼, ਧਰਤੀ, ਸੂਰਜ, ਚੰਨ, ਤਾਰੇ, ਜਲ, ਸਮੁੰਦਰ, ਪਹਾੜ, ਨਦੀ, ਹਵਾ, ਰਾਗ, ਰਸ, ਭਜਨ, ਭਗਤੀ, ਪਿਆਰ, ਹਰਿ ਨਾਮ, ਤੀਰਥ ਯਾਤਰਾ, ਮੰਦਰ, ਪੂਜਾ, ਅਨੰਤ ਭਾਵ, ਪਿਆਰ ਦੇ ਰੰਗ, ਰਸ ਦੇ ਦਰਜੇ, ਦੇਵੀ, ਦੇਵਤੇ, ਫ਼ਕੀਰ, ਧਰਮ, ਮਿੱਠਤ, ਭੀੜਾ, ਮੇਲਾ, ਸੁਰਤ ਦੀਆਂ ਲੋੜਾਂ ਦੀਆਂ ਪੂਰਤੀਆਂ, ਜੀਵਨ, ਮੌਤ, ਦਿਨ, ਰਾਤ, ਦੁਪਹਿਰ, ਅੰਮ੍ਰਿਤ ਵੇਲਾ, ਲੋਕ-ਪਰਲੋਕ, ਆਪਣੇ ਭਗਤਾਂ ਲਈ ਛੁਪ, ਪ੍ਰਗਟ ਅਤੇ ਅਪ੍ਰਗਟ, ਗੁਪਤ ਅਦ੍ਰਿਸ਼ਟ ਦਰਸ਼ਨ ਤੇ ਦ੍ਰਿਸ਼ਟ ਅਦਰਸ਼ਨ, ਬਿਰਹਾ ਦੀ ਤੜਪ ਤੇ ਦਰਸ਼ਨ ਦੀ ਠੰਢ ਤੇ ਅਕਾਲ ਪੁਰਖ ਦੀ ਅਮੂਰਤ ਮੂਰਤੀ ਤੇ ਮੂਰਤ ਅਮੂਰਤੀ ਤੇ ਇਹੋ ਜਿਹੀਆਂ ਹੋਰ ਅਣਗਿਣਤ ਚੀਜ਼ਾਂ ਕਿਸ ਦਿਵ ਰਸ ਨਾਲ, ਕਿਸ ਮਾਲਕ ਬੁੱਧੀ ਨਾਲ ਇਸ ਹਰਿਮੰਦਰ ਦੀ ਅਨੂਪ ਕਲਾ ਵਿਚ ਆਨ ਜੌਹਰੀ ਵਾਂਗ ਜੜੀਆਂ ਹਨ। ਅਦ੍ਰਿਸ਼ਟ ਨੂੰ ਦ੍ਰਿਸ਼ਟਮਾਨ ਕਰ ਦਿੱਤਾ ਹੈ ਅਤੇ ਦ੍ਰਿਸ਼ਟੀਮਾਨ ਨੂੰ ਸੁਪਨੇ ਦੇ ਰੰਗ ਦੇ ਕੇ ਅਦ੍ਰਿਸ਼ਟ ਵਤ ਕਰ ਦਿੱਤਾ ਹੈ। ਜਗਤ ਭਰ ਲਈ ਇਕ ਚਿੱਟੀ ਚਮਕ ਦੀ ਨੂਰ ਦੀ ਖਿੱਟੀ ਬਣਾ ਕੇ ਧਰੀ ਹੈ। ਇਹ 'ਹਰਿਨਾਮ' ਬਣਾ ਕਿਸ ਤਰ੍ਹਾਂ ਸਾਡੀ ਸੁਰਤਿ ਵਿਚੋਂ ਤੇ ਸਾਡੀ ਸੁਰਤਿ ਇਸ ਵਿਚੋਂ ਲੰਘਾਈ ਹੈ।"

ਭਾਈ ਵੀਰ ਸਿੰਘ ਜੀ ਨੇ ਬਿਜਲੀਆਂ ਦੇ ਹਾਰ ਵਿਚ ਖ਼ੂਬ ਲਿਖਿਆ ਹੈ :

**ਟੁੱਟੀ ਡੋਰ ਜਿ ਦੁਆਰ ਤੇਰੇ ਆਂਵਦਾ।**
**ਲਹਰ ਫਿਰੇ ਇਕ ਵਾਰ ਰੋ ਮੁੜ ਧਾਂਵਦਾ।**
**ਕੀਹ ਅਗੰਮੀ ਖੇਡ ਏਥੇ ਲਹਿਰਦੀ।**
**ਅਰਸ਼ ਉਤਰਿਆ ਆਣ ਰਸੀਆ ਬਚਾਂਵਦਾ।**

ਜਿੱਥੇ ਹੋਰ ਸਿੱਖ ਦੂਰ-ਦੁਰਾਡੇ ਸਿੱਖੀ ਸੰਦੇਸ਼ ਲੈ ਕੇ ਗਏ, ਉਥੇ ਗੁਰੂ ਅਰਜਨ ਦੇਵ ਜੀ

**ਭਾਈ ਕਲਿਆਨਾ**

ਨੇ ਭਾਈ ਕਲਿਆਨਾ ਨੂੰ ਉਚੇਚਾ ਮੰਡੀ ਦੀ ਰਿਆਸਤ ਵਿਚ ਇਮਾਰਤੀ ਲੱਕੜੀ ਲੈਣ ਲਈ ਭੇਜਿਆ। ਭਾਈ ਜੀ ਜਿੱਥੇ ਕਾਰੋਬਾਰੀ ਸੂਝ ਰੱਖਦੇ ਸਨ, ਉਥੇ ਸਿੱਖੀ ਵਿਚ ਵੀ ਦ੍ਰਿੜ ਸਨ।

ਜਦ ਭਾਈ ਜੀ ਮੰਡੀ ਪੁੱਜੇ ਤਾਂ ਉਹ ਦਿਨ ਜਨਮ ਅਸ਼ਟਮੀ ਵਾਲੇ ਸਨ। ਰਾਜੇ ਨੇ ਹੁਕਮ ਦਿੱਤਾ ਹੋਇਆ ਸੀ, ਸਭ ਵਰਤ ਰੱਖਣ। ਭਾਈ ਕਲਿਆਨਾ ਜੀ ਨੇ ਵਰਤ ਕੀ ਰੱਖਣਾ ਸੀ, ਸਗੋਂ ਲੰਗਰ ਲਗਾ ਦਿੱਤਾ। ਜਦ ਪਕੜ ਰਾਜੇ ਦੇ ਦਰਬਾਰ ਹਾਜ਼ਰ ਕੀਤਾ ਗਿਆ ਤਾਂ ਭਾਈ ਜੀ ਨੇ ਕਿਹਾ : ਕਿਸੇ ਦੇ ਧਰਮ ਵਿਚ ਦਖ਼ਲ ਦੇਣਾ ਰਾਜਾ ਨੂੰ ਨਹੀਂ ਸੋਭਦਾ। ਇਹ ਕਹਿਣਾ ਗ਼ਲਤ ਹੈ ਕਿ ਮੈਂ ਠਾਕਰ ਦੀ ਪੂਜਾ ਨਹੀਂ ਕਰਦਾ, ਮੈਂ ਤਾਂ ਉਸ ਠਾਕੁਰ ਦੀ ਪੂਜਾ ਕਰਦਾ ਹਾਂ ਜੋ ਸਰਬ ਚੇਤੰਨਤਾ ਦਾ ਮੂਲ ਹੈ। ਮੇਰਾ ਠਾਕੁਰ ਸਭ ਨੂੰ ਪ੍ਰਕਾਸ਼ ਦੇਂਦਾ ਹੈ। ਉਹ ਆਪੂੰ ਨਿਰਜਿੰਦ ਪੱਥਰ ਮਾਤਰ ਨਹੀਂ। ਜਨਮ ਅਸ਼ਟਮੀ ਬਾਰੇ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਸੁਣਾਇਆ :

**ਸਗਲੀ ਥੀਤਿ ਪਾਸਿ ਡਾਰਿ ਰਾਖੀ॥**
**ਅਸਟਮ ਥੀਤਿ ਗੋਵਿੰਦ ਜਨਮਾਸੀ॥ ੧॥**

**ਭਰਮਿ ਭੂਲੇ ਨਰ ਕਰਤ ਕਚਰਾਇਣ॥**
**ਜਨਮ ਮਰਣ ਤੇ ਰਹਤ ਨਾਰਾਇਣ॥ ੧॥ ਰਹਾਉ॥**
**ਸਗਲ ਪਰਾਧ ਦੇਹਿ ਲੋਰੋਨੀ॥**
**ਸੁ ਮੁਖ ਜਲਉ ਜਿਤ ਕਹਹਿ ਠਾਕੁਰ ਜੋਨੀ॥ ੩॥**[1]

ਰਾਜੇ ਨੂੰ ਬਹੁਤ ਕ੍ਰੋਧ ਆਇਆ ਤੇ ਭਾਈ ਕਲਿਆਨਾ ਜੀ ਦੀਆਂ ਲੱਤਾਂ ਵੱਢਣ ਦਾ ਹੁਕਮ ਦਿੱਤਾ। ਅਜੇ ਹੁਕਮ ਸੁਣਾਇਆ ਹੀ ਸੀ ਕਿ ਗਸ਼ ਖਾ ਕੇ ਡਿੱਗ ਪਿਆ। ਕਈ ਇਲਾਜ ਕੀਤੇ, ਸੁਰਤਿ ਨ ਪਰਤੇ। ਆਖ਼ਿਰ ਭਾਈ ਜੀ ਨੇ ਹੀ ਅਰਦਾਸ ਕੀਤੀ ਅਤੇ ਹੋਸ਼ ਪਰਤੀ। ਜਦ ਰਾਜਾ ਨਰੋਆ ਹੋਇਆ ਤਾਂ ਉਸ ਨੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ।

ਰਾਜਾ ਆਪੂੰ ਪੈਦਲ ਟੁਰ ਕੇ ਮੰਡੀ ਤੋਂ ਸ੍ਰੀ ਦਰਬਾਰ ਸਾਹਿਬ ਆਇਆ। ਜਦ ਪੁੱਜਾ ਤਾਂ ਰਬਾਬੀ 'ਲੇਖੁ ਨਾ ਮਿਟਈ ਹੇ ਸਖੀ, ਜੋ ਲਿਖਿਆ ਕਰਤਾਰਿ' ਦਾ ਸ਼ਬਦ ਪੜ੍ਹ ਰਹੇ ਸਨ। ਫਿਰ ਸ਼ੰਕੇ ਵਿਚ ਪੈ ਗਿਆ।

### ਕਰਮ ਤੇ ਮਿਹਰ

ਮਹਾਰਾਜ ਕੋਲੋਂ ਪੁੱਛ ਹੀ ਬੈਠਾ ਕਿ ਜੇ ਲੇਖ ਮਿਟਣੇ ਹੀ ਨਹੀਂ ਹਨ ਤਾਂ ਸ਼ਰਨ ਚਰਨ ਦਾ ਕੀ ਲਾਭ? ਪੰਚਮ ਪਿਤਾ ਨੇ ਸਿਰਫ਼ ਇਤਨਾ ਹੀ ਕਿਹਾ : ਲਿਖਿਆ ਵੀ ਨਹੀਂ ਮਿਟਦਾ, ਪਰ ਮਿਟ ਵੀ ਜਾਂਦਾ ਹੈ। ਭੋਗੀਦਾ ਵੀ ਹੈ, ਪਰ ਸੰਕਟ ਨਵਿਰਤ ਹੋ ਜਾਂਦਾ ਹੈ।

ਇਨ੍ਹਾਂ ਸੋਚਾਂ ਵਿਚ ਹੀ ਕਿ 'ਕਰਮ ਤੇ ਮਿਹਰ' ਕਿਵੇਂ ਇਕੱਠੇ ਹੋ ਸਕਦੇ ਹਨ, ਸੌਂ ਗਿਆ। ਸੁਪਨਾ ਆਇਆ ਕਿ ਉਸ ਦੀ ਆਪਣੀ ਮੌਤ ਹੋ ਗਈ ਹੈ। ਫਿਰ ਜਨਮ ਚੰਡਾਲਾਂ ਦੇ ਘਰ ਹੋਇਆ ਹੈ। ਬੱਚੇ ਹੋਏ ਹਨ, ਬੱਚੇ ਵਿਆਹੇ ਵੀ ਗਏ ਹਨ ਪਰ ਫਿਰ ਮੌਤ ਹੋ ਗਈ ਹੈ, ਪਰ ਇਤਨੇ ਨੂੰ ਜਾਗ ਖੁੱਲ੍ਹ ਗਈ।

ਸਵੇਰੇ ਗੁਰੂ ਜੀ ਨਾਲ ਸ਼ਿਕਾਰ ਚੜ੍ਹ ਪਿਆ। ਇਕ ਸ਼ਿਕਾਰ ਦੇਖਿਆ। ਸ਼ਿਕਾਰ ਪਿੱਛੇ ਦੂਰ ਨਿਕਲ ਗਿਆ। ਸ਼ਿਕਾਰ ਤਾਂ ਹੱਥ ਨਾ ਆਇਆ ਪਰ ਥੱਕ ਕੇ ਇਕ ਦਰੱਖ਼ਤ ਹੇਠਾਂ ਆਰਾਮ ਕਰਨ ਲੱਗਾ ਕਿ ਗੁਰੂ ਜੀ ਵੀ ਪਹੁੰਚ ਜਾਣ। ਆਰਾਮ ਪਿਆ ਕਰਦਾ ਸੀ ਕਿ ਇਕ ਬੱਚੇ ਨੇ ਡਿੱਠਾ ਤੇ ਘਰ ਜਾ ਕੇ ਮਾਂ ਨੂੰ ਕਿਹਾ : 'ਬਾਪੂ ਤਾਂ ਜੀਊਂਦਾ ਹੈ।' ਸਾਰੇ ਪਰਿਵਾਰ ਦੇ ਜੀਅ ਦੌੜਦੇ ਆਏ ਤੇ ਕਹਿਣ ਲੱਗੇ : 'ਘਰ ਚੱਲ।' ਜਦ ਰਾਜੇ ਨੇ ਨੀਝ ਲਗਾ ਡਿੱਠਾ ਤਾਂ ਦੇਖਿਆ ਕਿ ਇਹ ਤਾਂ ਉਹ ਹੀ ਟੱਬਰ ਹੈ ਜੋ ਸੁਪਨੇ ਵਿਚ ਰਾਤੀਂ ਡਿੱਠਾ ਸੀ। ਉਸ ਬਹੁਤੇਰਾ ਕਿਹਾ ਕਿ ਉਹ ਮੰਡੀ ਦਾ ਰਾਜਾ ਹੈ। ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਸ੍ਰੀ ਅੰਮ੍ਰਿਤਸਰ ਆਇਆ ਹੈ ਪਰ ਉਹ ਕਿੱਥੋਂ ਮੰਨਣ ਵਾਲੇ ਸਨ। ਗੁਰੂ ਜੀ ਜਦ ਪੁੱਜੇ ਤਾਂ ਉਨ੍ਹਾਂ ਫ਼ਰਮਾਇਆ : 'ਸ਼ਕਲਾਂ ਮਿਲਣ ਕਰਕੇ ਤੁਹਾਨੂੰ ਭੁਲੇਖਾ ਲੱਗਾ ਹੈ।' ਸਾਰਿਆਂ ਨੇ ਗੁਰ ਆਗਿਆ ਅੱਗੇ ਸਿਰ ਝੁਕਾਇਆ। ਰਾਜੇ ਨੂੰ ਵੀ ਉੱਤਰ ਮਿਲ ਗਿਆ। ਜੋ ਜਨਮ ਹੋ ਕੇ ਬੀਤਣਾ ਸੀ, ਉਹ ਸੁਪਨੇ ਵਿਚ ਹੀ ਗੁਰ ਦਰਸ਼ਨਾਂ ਕਰ ਕੇ ਪੂਰਾ ਹੋ ਗਿਆ।

1. ਭੈਰਉ ਮਹਲਾ ਪੰਜਵਾਂ, ਘਰੁ ੧

Sri Satguru Jagjit Singh Ji eLibrary NamdhariElibrary@gmail.com

ਗੁਰੂ ਪਾਤਸ਼ਾਹ ਨੇ ਸਮਝਾਇਆ : ਕਰਮ ਅਸਾਂ ਜਨਮ ਧਾਰ ਕੇ ਕੀਤੇ ਹਨ। ਇਸ ਤਰ੍ਹਾਂ ਕਰਮ ਦਾ ਆਦਿ ਹੈ। ਜੇ ਕਿਸੇ ਦਾ ਆਦਿ ਹੈ ਤਾਂ ਅੰਤ ਵੀ ਹੈ। ਜਿਸ ਦਾ ਆਦਿ ਨਾ ਹੋਵੇ ਉਸ ਦਾ ਅੰਤ ਵੀ ਨਹੀਂ ਹੁੰਦਾ। ਕਰਮ ਅਟੱਲ, ਅਮਰ ਤੇ ਅਜ਼ਲੀ ਨਹੀਂ ਹਨ। ਕਰਮ ਜੀਵ ਨੇ ਜਨਮ ਧਾਰ ਕੇ ਕੀਤੇ, ਸੋ ਸਿਲਸਿਲਾ ਟੁਰ ਪਿਆ। ਜਿਵੇਂ ਇਹ ਸ਼ੁਰੂ ਵਿਚ ਹੋਏ ਹਨ, ਇਹ ਮੁੱਕ ਵੀ ਸਕਦੇ ਹਨ ਕਿਉਂਕਿ ਮੁੱਕਣ ਵਾਲੀ ਸ਼ੈਅ ਹੈ। ਕਰਮਾਂ ਨਾਲ ਕਰਮ ਨਹੀਂ ਮਰਦੇ ਕਿਉਂਕਿ ਸਭ ਕਰਮ ਨੇਕ ਹੋ ਹੀ ਨਹੀਂ ਸਕਦੇ। ਕਰਮ ਮੁੱਕ ਜਾਂਦੇ ਹਨ ਜਦ ਮਿਹਰ ਹੋ ਜਾਏ। ਮਿਹਰ ਦਾ ਦਰ ਗੁਣ ਗਾਏ ਬਗੈਰ ਨਹੀਂ ਖੁੱਲ੍ਹਦਾ। ਮਿਹਰ ਦੀ ਇਕ ਚਿੰਗਾਰੀ ਨਾਲ ਸਭ ਕਰਮ ਸੜ ਬਲ ਜਾਂਦੇ ਹਨ।

Sri Satguru Jagjit Singh Ji eLibrary NamdhariElibrary@gmail.com

# 6

# ਮਾਝਾ ਦੁਆਬਾ ਫੇਰੀ ਤੇ ਉਸਾਰੀ ਦੇ ਹੋਰ ਕਾਰਜ

ਪਹਿਲਾਂ ਪ੍ਰਿਥੀ ਚੰਦ ਦੀ ਨਾਕਾ-ਬੰਦੀ, ਫਿਰ ਅੰਮ੍ਰਿਤਸਰ ਦੇ ਤਾਲ ਦੀ ਪਕਿਆਈ, ਸੰਤੋਖਸਰ ਦੀ ਉਸਾਰੀ ਅਤੇ ਹਰਿਮੰਦਰ ਸਾਹਿਬ ਦੀ ਅਸਥਾਪਣਾ ਕਾਰਨ ਆਪ 10 ਸਾਲ ਸ੍ਰੀ ਅੰਮ੍ਰਿਤਸਰ ਤੋਂ ਬਾਹਰ ਨਾ ਜਾ ਸਕੇ। ਸੰਗਤਾਂ ਬੇਨਤੀਆਂ ਕਰ ਰਹੀਆਂ ਸਨ। ਖ਼ਾਸਕਰ ਬਾਬਾ ਦਾਤੂ ਜੀ, ਬਾਬਾ ਮੋਹਨ ਜੀ, ਸਿਹਾਰੀ ਮੱਲ ਜੀ ਤੇ ਹੋਰ ਉੱਘੇ ਸਿੱਖ ਉਚੇਚੇ ਸੁਨੇਹੇ ਭੇਜ ਰਹੇ ਸਨ। ਆਪ ਜੀ ਨੇ ਮਾਝਾ, ਦੁਆਬਾ ਤੇ ਹੋਰ ਨਿਕਟ ਦੇ ਇਲਾਕਿਆਂ ਵਿਚ ਵਿਚਰਨ ਤੇ ਨਗਰ ਵੀ ਵਧਾਉਣ ਦੀ ਵਿਉਂਤ ਬਣਾ ਲਈ। ਗੁਰੂ ਜੀ ਜਾਣਦੇ ਸਨ ਕਿ ਪਿਛਲੇ ਕਿਤਨੇ ਹੀ ਵਰ੍ਹਿਆਂ ਤੋਂ ਕਿਸੇ ਗੁਰੂ ਸਾਹਿਬਾਨ ਦਾ ਜਾਣ ਨਹੀਂ ਹੋਇਆ। ਉਹ ਇਹ ਵੀ ਦੇਖ ਰਹੇ ਸਨ ਕਿ ਭਾਵੇਂ ਸਿੱਖੀ ਪਰਚਾਰ ਸਦਕਾ ਸਖੀ ਸਰਵਰ ਦੇ ਪੁਜਾਰੀਆਂ ਤੇ ਕਾਰੀ ਸੱਟ ਪਈ ਹੈ ਪਰ ਧਰਮਸ਼ਾਲਾਵਾਂ ਬਣਾਉਣ ਦੀ ਬਹੁਤ ਲੋੜ ਸੀ ਤਾਂ ਹੀ ਪੱਕੀ ਠੱਲ੍ਹ ਪਾਈ ਜਾ ਸਕਦੀ ਹੈ। ਸਖੀ ਸਰਵਰ ਦੇ ਅਨੁਸਾਰੀ ਪੀਰਖ਼ਾਨੇ ਬਣਾ ਕੇ, ਸਿੱਧੇ-ਸਾਦੇ ਪੇਂਡੂ ਲੋਕਾਂ ਨੂੰ ਕਬਰ-ਪੂਜ ਬਣਾ ਦਿੰਦੇ ਸਨ। ਇਸਲਾਮ ਦੇ ਦਾਇਰੇ ਵਿਚ ਦਾਖ਼ਲ ਹੋਣ ਦਾ ਪਹਿਲਾ ਕਦਮ ਪੀਰਖ਼ਾਨਾ ਹੀ ਹੁੰਦਾ ਸੀ। ਗੁਰੂ ਪਾਤਸ਼ਾਹ ਨੇ ਇਹ ਵੀ ਦੇਖ ਲਿਆ ਸੀ ਕਿ ਜਾਤਪਾਤ ਦੇ ਬੰਧਨ ਇਤਨੇ ਕਰੜੇ ਤੇ ਪੀਡੇ ਹਨ ਕਿ ਹਿੰਦੂ ਨਿਕਲ ਹੀ ਨਹੀਂ ਸਕਿਆ। ਇਸ ਕਮਜ਼ੋਰੀ ਦਾ ਲਾਭ ਸਖੀ ਸਰਵਰ ਵਾਲੇ ਉਠਾ ਰਹੇ ਸਨ। ਹਿੰਦੂ ਕਹਿੰਦਾ ਸੀ ਕਿ ਜੋ ਇਕ ਵਾਰੀ ਡਿੱਗਾ ਸਦਾ ਡਿੱਗਾ। ਕੋਈ ਉਨ੍ਹਾਂ ਨੂੰ ਪ੍ਰੇਰ ਕੇ ਡਾਲੀ ਨਾਲ ਜੋੜਨ ਦਾ ਉਪਰਾਲਾ ਨਹੀਂ ਸੀ ਕਰਦਾ। ਸਿੱਖੀ ਦੀ ਲਹਿਰ ਇਕ ਰੋਸ਼ਨੀ ਦੀ ਕਿਰਨ ਸੀ। ਕਈ ਮੁਸਲਮਾਨ ਖਿੱਚੇ ਤੁਰੇ ਆ ਰਹੇ ਸਨ। ਜਹਾਂਗੀਰ ਨੇ ਆਪਣੀ ਤੁਜ਼ਕ ਵਿਚ ਇਸ ਗੱਲ ਵੱਲ ਉਚੇਚਾ ਇਸ਼ਾਰਾ ਕੀਤਾ ਹੈ।

**ਮਾਝਾ ਫੇਰੀ**

ਇਹ ਵੀ ਗੁਰੂ ਜੀ ਨੇ ਅਨੁਭਵ ਕਰ ਲਿਆ ਸੀ ਕਿ ਸੇਵਾ ਅਤੇ ਲੋਕ ਭਲਾਈ ਦੇ ਕਾਰਜਾਂ ਦਾ ਪ੍ਰਭਾਵ ਪੈਂਦਾ ਹੈ। ਇਕ ਦੂਜੇ ਦੇ ਦੁੱਖ ਦਰਦ ਦਾ ਭਾਈਵਾਲ ਬਣਨ ਤੇ ਦੁੱਖ ਵੰਡਾਉਣ ਨਾਲ, ਦੁਖੀ ਮੁਹਤਾਜ ਗੱਲ ਛੇਤੀ ਸੁਣਦਾ ਹੈ। ਉਨ੍ਹਾਂ ਮਾਝੇ ਦੀ ਫੇਰੀ



Sri Satguru Jagjit Singh Ji eLibrary NamdhariElibrary@gmail.com

ਜਿੱਥੇ ਨਾਮ ਦਾਰੂ ਵੰਡਿਆ, ਉਥੇ ਦੁਖੜੇ ਵੀ ਹਰੇ। ਸ਼ਫ਼ਾਖ਼ਾਨੇ ਕਾਇਮ ਕਰ ਦਾਰੂ ਵੀ ਵੰਡਿਆ। ਪਾਣੀ ਦੀ ਥੁੜ ਦੇਖੀ ਤਾਂ ਉਸ ਦਾ ਪ੍ਰਬੰਧ ਕੀਤਾ। ਇਹ ਯਾਦ ਰਵ੍ਹੇ ਕਿ ਤਰਨਤਾਰਨ ਦੇ ਚੜ੍ਹਦੇ ਪਾਸੇ ਥੋੜ੍ਹੀ ਜਿਹੀ ਵਾਟ 'ਤੇ ਹੀ ਪੱਖੋਕੇ, ਪਿੰਡ ਵਡਾਲਾ ਦੇ ਲਾਗੇ ਨਹਿਰ ਦੇ ਕੰਢੇ ਸਖੀ ਸਰਵਰ ਫ਼ੱਤੇ ਦਾ ਵੱਡਾ ਪੀਰਖ਼ਾਨਾ ਸੀ।

**ਜੰਡਿਆਲਾ, ਭਾਈ ਹਿੰਦਾਲ**

ਸ੍ਰੀ ਅੰਮ੍ਰਿਤਸਰ ਤੋਂ ਆਪ ਜੀ ਸੰਗਤਾਂ ਸਮੇਤ ਜੰਡਿਆਲੇ ਪੁੱਜੇ। ਭਾਈ ਹਿੰਦਾਲ ਜੀ ਨੇ ਦਰਸ਼ਨ ਕਰ ਆਤਮਕ ਠੰਢਕ ਪ੍ਰਾਪਤ ਕੀਤੀ। ਭਾਈ ਹਿੰਦਾਲ ਜੀ ਗੁਰੂ ਅਮਰ ਦਾਸ ਜੀ ਦੇ ਅਨਿੰਨ ਸਿੱਖ ਸਨ ਤੇ ਸਦਾ ਲੰਗਰ ਦੀ ਸੇਵਾ ਵਿਚ ਜੁੱਟੇ ਰਹਿੰਦੇ ਸਨ। ਇਕ ਵਾਰੀ ਭਾਈ ਹਿੰਦਾਲ ਜੀ ਆਟਾ ਪਏ ਗੁੰਨ੍ਹਦੇ ਸਨ ਕਿ ਗੁਰੂ ਅਮਰ ਦਾਸ ਜੀ ਲੰਗਰ ਵਿਚ ਆ ਗਏ। ਉਨ੍ਹਾਂ ਨੇ ਆਪਣੇ ਦੋਵੇਂ ਹੱਥ ਪਿੱਛੇ ਕਰ ਕੇ ਐਸੀ ਜੁਗਤ ਨਾਲ ਮੱਥਾ ਟੇਕਿਆ ਕਿ ਹੱਥ ਜ਼ਮੀਨ 'ਤੇ ਨਾ ਲੱਗੇ। ਲੰਗਰ ਦੀ ਪਵਿੱਤਰਤਾ ਕਾਇਮ ਰੱਖੀ। ਮਹਾਰਾਜ ਬਹੁਤ ਪ੍ਰਸੰਨ ਹੋਏ ਤੇ ਮੰਜੀ ਬਖ਼ਸ਼ੀ ਸੀ।

**ਖਡੂਰ ਸਾਹਿਬ ਦਾਤੂ ਜੀ ਦਾ ਪਛਤਾਵਾ**

ਜੰਡਿਆਲਾ ਇਕ ਦਿਨ ਟਿਕ ਕੇ ਆਪ ਜੀ ਖਡੂਰ ਸਾਹਿਬ ਆਏ ਅਤੇ ਸਭ ਗੁਰੂ ਅਸਥਾਨਾਂ ਦੇ ਦਰਸ਼ਨ ਕੀਤੇ। ਬਾਬਾ ਦਾਤੂ ਜੀ ਤੇ ਦਾਸੂ ਜੀ ਨੇ ਆਉ-ਭਗਤ ਵਿਚ ਕੋਈ ਕਸਰ ਨਾ ਛੱਡੀ। ਬਾਬਾ ਦਾਤੂ ਜੀ ਅਜੇ ਵੀ ਪਛਤਾਵੇ ਦੀ ਅੱਗ ਵਿਚ ਜਲ ਰਹੇ ਸਨ ਅਤੇ ਭੁੱਲਾਂ ਬਖ਼ਸ਼ਾ ਰਹੇ ਸਨ ਕਿ ਉਨ੍ਹਾਂ ਕੋਲੋਂ ਗੁਰੂ ਅਮਰ ਦਾਸ ਜੀ ਨੂੰ ਲੱਤ ਮਾਰਨ ਵਾਲੀ ਬਹੁਤ ਬੇਅਦਬੀ ਹੋਈ ਹੈ। ਗੁਰੂ ਜੀ ਅੱਗੇ ਦਾਤੂ ਜੀ ਨੇ ਆਪਣੀ ਮਾਨਸਿਕ ਦਸ਼ਾ ਦਰਸਾਉਂਦੇ ਕਿਹਾ ਕਿ ਉਨ੍ਹਾਂ ਦੇਖ ਲਿਆ ਹੈ ਕਿ ਗੁਣਾਂ ਤੋਂ ਬਿਨਾਂ ਪੂਜਾ ਕਿਵੇਂ ਹੋ ਸਕਦੀ ਹੈ? ਵਿੱਦਿਆ ਤੋਂ ਬਿਨਾਂ ਮਾਣ ਕਿਵੇਂ ਮਿਲ ਸਕਦਾ ਹੈ? ਮਨ ਦੀ ਸ਼ਾਂਤੀ ਤੋਂ ਬਿਨਾਂ ਧਿਆਨ ਕਿਸ ਤਰ੍ਹਾਂ ਜੁੜ ਸਕਦਾ ਹੈ? ਸੰਤੋਖ ਤੋਂ ਬਿਨਾਂ ਮਨ ਸ਼ਾਂਤ ਕਿਵੇਂ ਹੋ ਸਕਦਾ ਹੈ? ਉੱਤਮ ਕਰਮ ਕਰਨ ਤੋਂ ਬਿਨਾਂ ਪਾਤਸ਼ਾਹੀ ਕਿਵੇਂ ਮਿਲ ਸਕਦੀ ਹੈ? ਸੂਰਮਤਾਈ ਨਾਲ ਰਣ ਵਿਚ ਜੂਝੇ ਬਿਨਾਂ ਜਿੱਤ ਕਿਵੇਂ ਮਿਲ ਸਕਦੀ ਹੈ? ਸੱਚੇ ਸਤਿਗੁਰੂ ਤੋਂ ਬਗ਼ੈਰ ਬ੍ਰਹਮ ਗਿਆਨ ਕਿਵੇਂ ਮਿਲ ਸਕਦਾ ਹੈ? ਇਸ ਭਵ ਸਾਗਰ ਵਿਚੋਂ ਜਹਾਜ਼ ਤੋਂ ਬਗ਼ੈਰ ਕੋਈ ਆਦਮੀ ਕਿਵੇਂ ਪਾਰ ਹੋ ਸਕਦਾ ਹੈ? ਵਾਹਿਗੁਰੂ ਦੇ ਚਰਨ ਕੰਵਲਾਂ ਨਾਲ ਪ੍ਰੀਤ ਕਰਨ ਤੋਂ ਬਗ਼ੈਰ ਭਗਤੀ ਦੀ ਦਾਤ ਕਿਵੇਂ ਪ੍ਰਾਪਤ ਹੋ ਸਕਦੀ ਹੈ? ਵਾਹਿਗੁਰੂ ਦੀ ਰਹਿਮਤ ਬਿਨਾਂ ਮੁਕਤੀ ਦਾ ਦਰ ਕਿਵੇਂ ਖੁਲ੍ਹ ਸਕਦਾ ਹੈ? ਸੁਰ ਤੋਂ ਬਿਨਾਂ ਰਾਗ ਕਿਵੇਂ ਹੋ ਸਕਦਾ ਹੈ? ਬਾਣੀ ਤੋਂ ਬਿਨਾਂ ਜੱਸ ਕਿਵੇਂ ਕੀਤਾ ਜਾ ਸਕਦਾ ਹੈ? ਦਾਨ ਤੋਂ ਬਿਨਾਂ ਹਿਰਦਾ ਖੁਲ੍ਹਾ ਕਿਵੇਂ ਹੋ ਸਕਦਾ ਹੈ? ਜਗਤ ਦਾ ਰਾਹ ਬਿਖੜਾ ਹੈ ਅਤੇ ਬਗ਼ੈਰ ਸਿੱਖ ਹੋਏ (ਜਾਣੇ) ਕਿਵੇਂ ਪੈਂਡਾ ਤੈਅ ਕੀਤਾ ਜਾ ਸਕਦਾ ਹੈ? ਗੁਰੂ ਸੂਰਜ ਤੋਂ ਬਿਨਾਂ ਆਤਮਕ ਚਾਨਣ ਕਿਵੇਂ ਹੋ ਸਕਦਾ ਹੈ? ਗੁਣ ਚੰਗਿਆਈਆਂ ਦੇ ਤੱਤ ਮਿੱਠਤ ਨੀਵੀਂ ਤੋਂ ਬਗ਼ੈਰ ਕੋਈ ਗੁਰੂ ਕਿਵੇਂ ਬਣ ਸਕਦਾ ਹੈ? ਗੁਰੂ ਜੀ ਨੇ ਦਾਤੂ ਜੀ ਨੂੰ ਕਿਹਾ ਕਿ ਐਸੀਆਂ ਸੋਚਾਂ ਸੁੱਚੇ ਮਨ ਤੋਂ ਹੀ ਨਿਕਲਦੀਆਂ ਹਨ। ਤੁਸਾਂ ਪਸ਼ਚਾਤਾਪ ਕਰ ਲਿਆ ਹੈ, ਹੁਣ ਕਿਸੇ ਝੋਰੇ ਦੀ ਲੋੜ ਨਹੀਂ। ਆਪ ਜੀ ਨੇ ਉਠ ਕੇ ਦਾਤੂ ਜੀ ਨੂੰ ਛਾਤੀ ਨਾਲ ਲਗਾਇਆ। ਉਸ ਸਮੇਂ ਦਾਤੂ ਜੀ ਦੀ ਦਸ਼ਾ ਦੇਖਣ ਵਾਲੀ ਸੀ। ਨੈਣ ਸੱਜਲ ਤੇ ਚਿਹਰੇ 'ਤੇ ਇਲਾਹੀ ਨੂਰ ਸੀ।

Sri Satguru Jagjit Singh Ji eLibrary NamdhariElibrary@gmail.com

ਖਡੂਰ ਸਾਹਿਬ ਤੋਂ ਗੋਇੰਦਵਾਲ ਆਏ। ਬਾਬਾ ਮੋਹਨ ਜੀ ਨੇ, ਜੋ ਗੁਰੂ ਅਰਜਨ ਦੇਵ ਜੀ ਨਾਲ ਉਨ੍ਹਾਂ ਦੇ ਬਚਪਨ ਤੋਂ ਹੀ ਹਿਤ ਕਰਦੇ ਸਨ, ਬਹੁਤ ਹੀ ਚਾਅ ਕੀਤਾ। ਕਈ ਦਿਨ ਗੁਰੂ ਜੀ ਨੂੰ ਰੋਕੀ ਰੱਖਿਆ। ਬਾਉਲੀ ਸਾਹਿਬ ਦੀ ਕਾਰ ਸੇਵਾ ਕਰਵਾਈ। ਮੋਹਰੀ ਜੀ ਨੇ ਬੜੀ ਸ਼ਰਧਾ ਦੱਸੀ।

**ਗੋਇੰਦਵਾਲ**

ਗੋਇੰਦਵਾਲ ਤੋਂ ਸਰਹਾਲੀ ਗਏ। ਉਥੇ ਭੈਣੀ ਦੀ ਸੰਗਤ ਪੁੱਜੀ ਕਿ ਉਨ੍ਹਾਂ ਦੇ ਪਿੰਡ ਚਰਨ ਪਾਓ। ਜਦ ਆਪ ਜੀ ਸੰਗਤਾਂ ਸਮੇਤ ਭੈਣੀ ਪੁੱਜੇ ਤਾਂ ਦੁਪਹਿਰ ਹੋ ਚੁੱਕੀ ਸੀ। ਲੰਗਰ ਇਤਨੀ ਛੇਤੀ ਤਿਆਰ ਕਰਨਾ ਸੰਭਵ ਨਾ ਜਾਣ ਮੱਖਣ ਤੇ ਮਿੱਠਾ ਪਾ ਚੂਰੀ ਕੁੱਟ ਕੇ ਥਾਲ ਸੰਗਤਾਂ ਅੱਗੇ ਰੱਖਿਆ। ਮਹਾਰਾਜ ਨੇ ਮੂੰਹ ਵਿਚ ਪਾਂਦੇ ਕਿਹਾ : ਬਹੁਤ ਸੁਆਦਲਾ ਚੋਲ੍ਹਾ ਬਣਾ ਕੇ ਖੁਆਇਆ ਹੈ। ਉਸ ਪਿੰਡ ਦਾ ਨਾਂ ਹੀ ਚੋਲ੍ਹਾ ਪੈ ਗਿਆ। ਸਰਕਾਰੀ ਕਾਗ਼ਜ਼ਾਂ ਵਿਚ ਉਸੇ ਵੇਲੇ ਬਦਲ ਦਿੱਤਾ ਗਿਆ। ਇੱਥੋਂ ਪ੍ਰਤੀਤ ਹੋ ਜਾਵੇਗਾ ਕਿ ਗੁਰੂ ਜੀ ਦੇ ਬਚਨਾਂ ਨੂੰ ਸਾਰੇ ਕਿਤਨਾ ਸਤਿਕਾਰ ਦੇਂਦੇ ਸਨ। ਆਪ ਜੀ ਨੇ ਉਥੇ

**ਚੋਲ੍ਹਾ ਸਾਹਿਬ**

**'ਬਾਰਿ ਜਾਉ ਗੁਰ ਅਪੁਨੇ ਊਪਰ**
**ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ।'**

ਦਾ ਸ਼ਬਦ ਉਚਾਰਿਆ। ਜਿਸਦਾ ਭਾਵ ਸੀ : ਜਿਸ ਦੇ ਸਿਮਰਨ ਨਾਲ ਸਾਰੇ ਖ਼ਜ਼ਾਨੇ ਪ੍ਰਾਪਤ ਹੋ ਜਾਂਦੇ ਹਨ, ਆਦਰ ਮਿਲਦਾ ਹੈ, ਵਡਿਆਈ ਮਿਲਦੀ ਹੈ, ਪੂਰੀ ਇੱਜ਼ਤ ਮਿਲਦੀ ਹੈ, ਜਿਸ ਦਾ ਨਾਮ ਸਿਮਰਿਆਂ ਕ੍ਰੋੜਾਂ ਪਾਪ ਨਾਸ਼ ਹੋ ਜਾਂਦੇ ਹਨ, ਸਾਰੇ ਹੀ ਉਸ ਦੀ ਧੂੜ ਹਨ।

ਜਿਸ ਨੇ ਪ੍ਰਮਾਤਮਾ ਦੇ ਨਾਮ ਨੂੰ ਆਪਣੀ ਆਤਮਾ ਵਾਸਤੇ ਭੋਜਨ ਬਣਾਇਆ ਹੈ, ਸੁਆਦਲਾ ਖਾਣਾ ਬਣਾਇਆ ਹੈ, ਉਸ ਦਾ ਹਿਰਦਾ ਠੰਢਾ-ਠਾਰ ਰਹਿੰਦਾ ਹੈ। ਉਸ ਨੂੰ ਬੜਾ ਅਨੰਦ ਬਣਿਆ ਰਹਿੰਦਾ ਹੈ। ਉਸ ਦੀ ਇੱਜ਼ਤ ਬਣੀ ਰਹਿੰਦੀ ਹੈ, ਕੋਈ ਪਾਪ ਨੇੜੇ ਨਹੀਂ ਢੁੱਕਦਾ।

**ਹਰਿ ਧਨਿ ਸੰਚਨ, ਹਰਿਨਾਮ ਭੋਜਨ, ਇਹ ਨਾਨਕ ਕੀਨੋ ਚੋਲ੍ਹਾ।**[1]

ਆਪ ਜੀ ਮਾਝੇ ਦੇ ਪਿੰਡਾਂ ਵਿਚ ਜੀਅ ਦਾਨ ਤੇ ਭਗਤੀ ਦ੍ਰਿੜ੍ਹ ਕਰਾ ਰਹੇ ਸਨ। ਸਖ਼ੀ ਸਰਵਰਾਂ ਦੇ ਡੇਰੇ ਟੁੱਟ ਰਹੇ ਸਨ। ਖ਼ਾਨਪੁਰ ਵੀ ਸਖ਼ੀ ਸਰਵਰਾਂ ਦੇ ਪੁਜਾਰੀਆਂ ਦਾ ਪਿੰਡ ਸੀ। ਆਪ ਜੀ ਨੇ ਖ਼ਾਨਪੁਰ ਤੋਂ ਬਾਹਰ ਹੀ ਡੇਰਾ ਕੀਤਾ। ਪਿੰਡ ਵਾਲਿਆਂ ਨੂੰ ਸਰੋਤਾਂ ਪੁੱਜ ਗਈਆਂ ਸਨ। ਉਨ੍ਹਾਂ ਵਿਚੋਂ ਕੁਝ ਨੇ ਨਾ ਆ ਕੇ ਮੰਦੇ ਮਾੜੇ ਬਚਨ ਵੀ ਬੋਲੇ। ਮਹਾਰਾਜ ਨੇ ਸੰਗਤਾਂ ਨੂੰ ਸ਼ਾਂਤ ਚਿੱਤ ਰਹਿਣ ਲਈ ਹੁਕਮ ਕੀਤਾ।

**ਭਲੀ ਸੁਹਾਵੀ ਛਾਪਰੀ**

ਇਕ ਸਿੱਖ ਨੇ ਬੇਨਤੀ ਕੀਤੀ ਕਿ ਬੂਹ ਪਿੰਡ ਦੇ ਸਿਰ-ਕੱਢ ਜ਼ਿਮੀਂਦਾਰ ਉਸ ਨੂੰ ਆਪਣੀ ਹੀ ਜ਼ਮੀਨ ਵਿਚ ਪਸ਼ੂ ਨਹੀਂ ਚਾਰਨ ਦੇਂਦੇ, ਕਹਿੰਦੇ ਹਨ ਕਿ ਤੁਸੀਂ ਸਖ਼ੀ ਸਰਵਰ ਨੂੰ ਛੱਡ ਕੇ ਕੀਰਤਨ ਕਰ ਕੇ, ਬਾਣੀ ਪੜ੍ਹਦੇ ਹੋ। ਮਹਾਰਾਜ ਨੇ ਕਿਹਾ 'ਬੂਹ ਜੂਹ ਹੋਵੇਗੀ।'

1. ਧਨਾਸਰੀ ਮਹਲਾ ੫

Sri Satguru Jagjit Singh Ji eLibrary NamdhariElibrary@gmail.com

'ਜਿਥੈ ਨਾਮ ਨ ਜਪੀਐ ਮੇਰੇ ਗੋਬਿੰਦਾ, ਸੇਈ ਨਗਰ ਉਜਾੜੀ ਜੀਉ।' ਜੋ ਖਾ-ਖਾ ਬਦਫ਼ੈਲੀ ਕਰਦੇ ਹਨ, ਉਨ੍ਹਾਂ ਨੂੰ ਜ਼ਹਿਰੀਲੀ ਵਾੜੀ ਹੀ ਜਾਣੋ। ਸੱਚਮੁੱਚ ਹੀ ਅਜਿਹਾ ਹੋਇਆ। ਹੰਕਾਰੀਆਂ ਦੇ ਹੰਕਾਰ ਟੁੱਟੇ।

ਜਦ ਭਾਈ ਹੇਮਾ ਜੀ ਨੇ ਗੁਰੂ ਜੀ ਦਾ ਆਉਣਾ ਤੇ ਪਿੰਡ ਵਾਸੀਆਂ ਵੱਲੋਂ ਕੀਤੇ ਨਿਰਾਦਰ ਦੀ ਖ਼ਬਰ ਸੁਣੀ ਤਾਂ ਉਸ ਦੇ ਘਰ ਚਰਨ ਪਾਉਣ ਦੀ ਬੇਨਤੀ ਕੀਤੀ। ਬੇਸ਼ੱਕ ਉਸ ਦੇ ਉੱਚੇ ਚੁਬਾਰੇ ਤੇ ਵੱਡੇ ਮਕਾਨ ਨਹੀਂ ਹਨ ਪਰ ਜੋ ਕੁਝ ਹੈ, ਉਨ੍ਹਾਂ ਦਾ ਹੈ। ਬੜੀ ਨਿੰਮ੍ਰਤਾ ਨਾਲ ਤਿਆਰ ਕਰਕੇ ਪ੍ਰਸ਼ਾਦ ਬਣਾਇਆ ਤੇ ਛਕਾਇਆ। ਉਸ ਦੀ ਝੌਂਪੜੀ ਭਾਵੇਂ ਨਿੱਕੀ ਸੀ ਪਰ ਹਿਰਦਾ ਵਿਸ਼ਾਲ ਸੀ। ਮਹਾਰਾਜ ਨੇ ਉਸ ਦੀ ਡੂੰਘੀ ਸ਼ਰਧਾ ਤੇ ਪਿਆਰ ਦੇਖ ਫ਼ਰਮਾਇਆ :

ਦੁਨਿਆਵੀ ਵਸਤੂਆਂ ਬੇਸ਼ੱਕ ਬਹੁਤੀਆਂ ਪਾਸ ਨਾ ਹੋਣ, ਪਰ ਜੇ ਉਸ ਦਾ ਨਾਮ ਕੋਲ ਹੈ ਤਾਂ ਉਹੀ ਹੀ ਸ੍ਰਿਸ਼ਟੀ ਦਾ ਮਾਲਕ ਹੈ। ਵਾਹਿਗੁਰੂ ਉਸ 'ਤੇ ਪ੍ਰਸੰਨ ਹੈ ਅਤੇ ਉਸ ਦੀ ਧੂੜ ਨਾਲ ਹੀ ਜਗਤ ਤਰ ਜਾਂਦਾ ਹੈ। ਉਸੇ ਵੱਜਦ ਵਿਚ ਗੁਰੂ ਜੀ ਨੇ ਸ਼ਬਦ ਵੀ ਉਚਾਰਿਆ :

**ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ।**
**ਕਿਤ ਹੀ ਕਾਮਿ ਨ ਧਉਲ ਹਰਿ ਜਿਤ ਹਰਿ ਬਿਸਰਾਏ॥ ੧॥ ਰਹਾਉ॥**
**ਅਨਦ ਗਰੀਬੀ ਸਾਧ ਸੰਗਿ ਜਿਤ ਪ੍ਰਭ ਚਿਤਿ ਆਏ॥**
**ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ॥**
... ... ... ...
**ਨਗਨ ਫਿਰਤ ਰੰਗ ਏਕ ਕੈ ਓਹੁ ਸੋਭਾ ਪਾਏ॥**
**ਪਾਟ ਪਟੰਬਰ ਬਿਰਥਿਆ ਜਿਹ ਰਚ ਲੋਭਾਏ॥ ੩॥**

*(ਸੂਹੀ ਮਹਲਾ ੫, ਘਰ ੪)*

ਖ਼ਾਨਪੁਰ ਤੋਂ ਗੁਰੂ ਅਰਜਨ ਦੇਵ ਜੀ 'ਖਾਰਾ' ਪਿੰਡ ਪੁੱਜੇ। ਉਥੇ ਫੁੱਲੇ ਹੋਏ ਬਣ, ਖੁੱਲ੍ਹੀਆਂ

**ਤਰਨਤਾਰਨ ਨਗਰ ਦੀ ਅਸਥਾਪਨਾ**

ਪੱਧਰੀਆਂ ਥਾਵਾਂ, ਨਿਰਮਲ ਜਲ, ਤਾਜ਼ੀ ਤੇ ਰੁਮਕਦੀ ਹਵਾ, ਤੂਤਾਂ, ਅੰਬਾਂ, ਬੇਰੀ, ਜਾਮਨੂੰ, ਆੜੂਆਂ ਦੇ ਬਾਗ਼ ਅਤੇ ਨਾਲ ਹੀ ਇਕ ਤਲਾਬ ਦੇਖ ਕੇ ਬਹੁਤ ਹੀ ਪ੍ਰਸੰਨ ਹੋਏ। ਉਥੇ ਹੀ ਆਪ ਜੀ ਨੇ ਇਕ ਸਰੋਵਰ, ਧਰਮਸ਼ਾਲਾ ਤੇ ਨਗਰ ਵਸਾਉਣ ਦਾ ਫ਼ੈਸਲਾ ਕੀਤਾ। ਜ਼ਮੀਨ ਮੁੱਲ ਖ਼ਰੀਦੀ ਅਤੇ ਤਰਨਤਾਰਨ ਸਰੋਵਰ ਦੀ ਨੀਂਹ 17 ਵੈਸਾਖ 1647 ਮੁਤਾਬਕ 15 ਅਪ੍ਰੈਲ, 1590 ਨੂੰ ਆਪਣੇ ਪਾਵਨ ਹੱਥਾਂ ਨਾਲ ਰੱਖੀ। ਅਰਦਾਸਾ ਬਾਬਾ ਬੁੱਢਾ ਜੀ ਨੇ ਸੁਧਾਇਆ।

ਪਹਿਲਾਂ ਤਾਲਾਬ ਕੱਚਾ ਰੱਖਿਆ ਅਤੇ ਇਕ ਪਾਸੇ ਕੋਠਾ ਜਿਹਾ ਦੀਵਾਨ ਕਰਨ ਲਈ ਉਸਾਰ ਦਿੱਤਾ। ਪਿੱਛੋਂ ਸਰੋਵਰ ਪੱਕਾ ਤੇ ਦਰਬਾਰ ਸਾਹਿਬ ਬਣਵਾਉਣ ਲਈ ਉਚੇਚਾ ਆਵਾ ਲਗਾਇਆ। ਮਹਾਰਾਜ ਦਾ ਚਿੱਤ ਸੀ ਕਿ ਸਰੋਵਰ ਇਤਨਾ ਵੱਡਾ ਤੇ ਪੱਕਾ ਹੋਵੇ

Sri Satguru Jagjit Singh Ji eLibrary NamdhariElibrary@gmail.com

ਕਿ ਲੱਖਾਂ ਆਦਮੀ ਇਕੋ ਵੇਲੇ ਇਸ਼ਨਾਨ ਕਰ ਸਕਣ। ਜਦ ਡੇਢ ਬਾਹੀ ਪੱਕੀ ਹੋ ਗਈ ਤਾਂ ਅਮਾਨਤ ਖ਼ਾਨ ਨੇ ਆਪਣੇ ਬਾਪ ਦੇ ਨਾਂ 'ਤੇ ਬਣ ਰਹੀ ਸਰਾਂ ਲਈ ਇੱਟਾਂ ਅੱਛੀਆਂ ਤੇ ਪੱਕੀਆਂ ਜਾਣ ਆਵੇ ਤੋਂ ਹੀ ਜਬਰੀ ਚੁੱਕਵਾ ਲਈਆਂ। ਜਦ ਮਹਾਰਾਜ ਨੂੰ ਪਤਾ ਲੱਗਾ ਤਾਂ ਉਹਨਾਂ ਇਹ ਹੀ ਬਚਨ ਕੀਤੇ ਕਿ ਜਿਸ ਥਾਂ ਦੀ ਵਸਤ ਹੈ ਉਥੇ ਹੀ ਲੱਗੇਗੀ। ਸਗੋਂ ਜਿੱਥੇ ਗੁਰੂ ਦੀ ਇੱਟ ਚੁੱਕੀ ਹੋਈ ਲੱਗੇਗੀ, ਉਸ ਦੀਆਂ ਜੜ੍ਹਾਂ ਹੀ ਉਖਾੜ ਕੇ ਲਿਆਵੇਗੀ :

'ਜਹਾਂ ਈਟਕਾ ਲਗਹਿ ਹਮਾਰੀ।  
ਤਹਿ ਕੀ ਲਯਾਵਹਿ ਜੜ੍ਹਾਂ ਉਖਾਰੀ।'

ਫਿਰ ਇਹ ਵੀ ਵਾਕ ਉਚਾਰੇ ਕਿ ਜੋ ਬਲ ਦਾ ਮੁੱਲ ਤਾਰ ਕੇ ਇੱਟਾਂ ਚੁੱਕੀਆਂ ਨੇ ਉਸ ਮੁੱਲ ਭਾਵ ਬਲ ਨਾਲ ਹੀ ਇੱਥੇ ਆਉਣਗੀਆਂ :

ਸ੍ਰੀ ਅਰਜਨ ਪੁਨ ਕੀਤਿ ਬਖਾਨ।  
ਕਰਯੋ ਮੋਲ ਬਲ ਲਾਇ ਮਹਾਨ।  
ਸੋਈ ਮੋਲ ਦੇਇ ਹਮ ਤੁਮੈ।  
ਜਬਿ ਹੀ ਆਇ ਜਾਇਗੋ ਸਮੈ। ੩੬।'[1]

ਬਿਲਕੁੱਲ ਇਸੇ ਤਰ੍ਹਾਂ ਹੋਇਆ। ਸੰਨ 1766 ਨੂੰ ਭਾਈ ਖ਼ੁਸ਼ਹਾਲ ਸਿੰਘ ਫੈਜ਼ਲਪੁਰੀਏ ਦੇ ਪੁੱਤਰ ਸਰਦਾਰ ਬੁੱਧ ਸਿੰਘ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਵਾਕ ਪੂਰੇ ਕੀਤੇ। ਨੂਰ ਦੀਨ ਸਰਾਂ ਦੀਆਂ ਨੀਂਹਾਂ ਦੀਆਂ ਇੱਟਾਂ ਵੀ ਪੁੱਟ ਕੇ ਪਰਕਰਮਾ 'ਤੇ ਲਾਈਆਂ। ਮਹਾਰਾਜਾ ਰਣਜੀਤ ਸਿੰਘ ਨੇ ਬਾਕੀ ਪਰਕਰਮਾ ਪੂਰੀ ਕਰਾਈ। ਕੰਵਰ ਨੌਨਿਹਾਲ ਸਿੰਘ ਨੇ ਮੁਨਾਰਾ ਬਣਵਾਇਆ।

**ਪਹਿਲਾ ਕੋਹੜੀ ਘਰ**

ਤਰਨਤਾਰਨ ਵਿਖੇ ਹੀ ਗੁਰੂ ਜੀ ਨੇ ਪਹਿਲਾ ਕੋਹੜੀ-ਘਰ ਬਣਾਇਆ। ਸਾਖੀ ਆਉਂਦੀ ਹੈ ਕਿ ਆਪ ਜੀ ਸੈਰ ਨੂੰ ਜਾ ਰਹੇ ਸਨ ਕਿ ਆਪ ਜੀ ਨੇ ਡਿੱਠਾ ਕਿ ਚਾਰ ਪੰਜ ਆਦਮੀ ਇਕ ਆਦਮੀ ਨੂੰ, ਜੋ ਪੀੜਾਂ ਨਾਲ ਕੁਰਲਾ ਰਿਹਾ ਸੀ, ਧੱਕੋ-ਜ਼ੋਰੀ ਲਈ ਜਾ ਰਹੇ ਸਨ। ਗੁਰੂ ਜੀ ਨੇ ਰੋਕ ਕੇ ਪੁੱਛਿਆ ਕਿ ਇਹ ਕੌਣ ਹੈ ਅਤੇ ਕਿੱਥੇ ਲੈ ਜਾਇਆ ਜਾ ਰਹਿਆ ਹੈ। ਉਨ੍ਹਾਂ ਦੱਸਿਆ ਕਿ ਉਹ ਮਨੁੱਖ ਉਨ੍ਹਾਂ ਦਾ ਪਿਤਾ ਹੈ, ਜੋ ਮੁਰਾਦਪੁਰ ਦਾ ਚੌਧਰੀ ਹੈ। ਕਈ ਸਾਲਾਂ ਤੋਂ ਕੋਹੜ ਦੀ ਨਾਮੁਰਾਦ ਬੀਮਾਰੀ ਨਾਲ ਗ੍ਰਸਿਆ ਹੋਇਆ ਹੈ। ਕਈ ਇਲਾਜ ਕਰਵਾਏ ਹਨ, ਪਰ ਵੱਲ ਨਹੀਂ ਹੋਇਆ। ਹੁਣ ਇਸ ਦੀ ਖ਼ਾਹਿਸ਼ ਮੁਤਾਬਕ ਬਿਆਸਾ ਵਿਚ ਪ੍ਰਵਾਹ ਕਰਨ ਲਈ ਲੈ ਜਾ ਰਹੇ ਹਾਂ। ਗੁਰੂ ਪਿਤਾ ਨੇ ਉਸ ਨੂੰ ਤਰਨਤਾਰਨ ਲੈ ਜਾਣ ਲਈ ਹੁਕਮ ਕੀਤਾ। ਤਰਨਤਾਰਨ ਲਿਆ ਕੇ ਇਸ਼ਨਾਨ ਕਰਾਇਆ, ਜਪੁ ਦਾ ਪਾਠ ਕੀਤਾ ਅਤੇ ਹੱਥੀਂ ਇਲਾਜ ਕੀਤਾ। ਕੁਝ ਦਿਨਾਂ ਵਿਚ ਹੀ ਉਹ ਨੌ-ਬਰ-ਨੌ ਹੋ ਗਿਆ ਤੇ ਸੁਖੀ ਜੀਵਨ ਗੁਜ਼ਾਰਨ ਲੱਗਾ। ਮਹਾਰਾਜ ਨੇ ਉਥੇ ਹੀ ਤਰਨਤਾਰਨ ਕੋਹੜੀ-ਘਰ ਬਣਾਉਣ ਦਾ

---

1. ਸੂਰਜ ਪ੍ਰਕਾਸ਼ : ਰਾਸ ਤੀਜੀ, ਅੰਸ਼ ੬੧

Sri Satguru Jagjit Singh Ji eLibrary NamdhariElibrary@gmail.com

ਨਿਰਣਾ ਲਿਆ।

ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ ਜਦ ਇਹ ਤਰਨਤਾਰਨ ਸਾਹਿਬ ਦਾ ਸਰੋਵਰ ਬਣ ਤਿਆਰ ਹੋਇਆ ਤਾਂ :

**'ਉਸ ਸਮੇਂ ਇਕ ਕੁਸ਼ਟੀ ਆਇਆ।**
**ਤਿਨ ਕਰ ਇਸਨਾਨ ਸੁਧ ਤਨ ਪਾਇਆ।**
**ਕੁਸ਼ਟੀ ਦੁਖੀ ਤਹ ਰਹੇ ਸਭ ਕੋਇ।**
**ਬਰਖ ਮਾਹਿ ਸੁਧ ਤਨ ਹੋਇ।'**

ਇਹ ਵੀ ਕਹਿੰਦੇ ਹਨ ਕਿ ਤਰਨਤਾਰਨ ਦਾ ਸਰੋਵਰ ਪੱਕਾ ਹੋ ਰਹਿਆ ਸੀ ਅਤੇ ਗੁਰੂ ਅਰਜਨ ਦੇਵ ਜੀ ਇਕ ਕਿਨਾਰੇ ਬੈਠ ਸੇਵਾ ਕਰਵਾ ਰਹੇ ਸਨ ਕਿ ਇਕ ਜੋਗੀ ਆਇਆ ਅਤੇ ਗੁਰੂ ਜੀ ਨੂੰ ਕਹਿਣ ਲੱਗਾ : ਆਪ ਜੀ ਦਾ ਖ਼ਰਚ ਬਹੁਤ ਹੋ ਰਹਿਆ ਹੈ। ਜੇ ਠੀਕ ਸਮਝੋ ਤਾਂ ਮੇਰੇ ਪਾਸ ਮੇਰੀ ਜ਼ਿੰਦਗੀ ਦੀ ਕਮਾਈ ਇਸ ਪੋਟਲੀ ਵਿਚ ਰੱਖੀ ਹੈ। ਇਸ ਰਾਖ ਦੀ ਸਿਫ਼ਤ ਹੈ ਜੇ ਇਸ ਨੂੰ ਲੋਹੇ ਨਾਲ ਰਗੜਿਆ ਜਾਏ ਤਾਂ ਉਹ ਚਾਂਦੀ ਹੋ ਨਿਬੜਦਾ ਹੈ ਅਤੇ ਜੇ ਪਿੱਤਲ ਨਾਲ ਘਸਾਇਆ ਜਾਏ ਤਾਂ ਸੋਨਾ ਬਣ ਜਾਂਦਾ ਹੈ। ਮਹਾਰਾਜ ਨੇ ਇਹ ਸਿਫ਼ਤ ਸੁਣ ਪੁੱਛਿਆ ਕਿ ਜੋਗੀ ਕੋਈ ਹੋਰ ਗੁਣ ਵੀ ਇਸ ਰਾਖ ਵਿਚ ਹੈ ਤਾਂ ਉਸ ਕਿਹਾ ਕਿ ਜੇ ਇਸ ਦਾ ਇਕ ਕਿਣਕਾ ਜਲ ਵਿਚ ਸੁੱਟ ਦਿੱਤਾ ਜਾਵੇ ਤਾਂ ਪਾਣੀ ਦੀ ਤਾਸੀਰ ਹੋ ਜਾਂਦੀ ਹੈ ਕਿ ਇਸ਼ਨਾਨ ਕਰਦਿਆਂ ਕੋਹੜੀ ਦਾ ਕੋਹੜ ਦੂਰ ਹੋ ਜਾਂਦਾ ਹੈ। ਅਜੇ ਗੱਲ ਉਸ ਦੇ ਮੂੰਹ ਵਿਚ ਹੀ ਸੀ ਕਿ ਪਰ-ਪੀਰ-ਨਿਵਾਰਣ ਗੁਰੂ ਅਰਜਨ ਦੇਵ ਜੀ ਨੇ ਸਾਰੀ ਪੋਟਲੀ ਹੀ ਸਰੋਵਰ ਵਿਚ ਸੁੱਟ ਦਿੱਤੀ। ਜਦ ਜੋਗੀ ਨੇ ਅਫ਼ਸੋਸ ਭਰੀ ਆਹ ਭਰੀ ਤਾਂ ਮਹਾਰਾਜ ਨੇ ਫ਼ਰਮਾਇਆ : 'ਗੁਣ ਧਨ ਪਦਾਰਥ ਲਈ ਨਹੀਂ ਵਰਤਣੇ ਚਾਹੀਦੇ, ਜੀਵਨ ਲੋਕ ਭਲਾਈ ਲਈ ਹੀ ਲਗਾਉਣਾ ਚਾਹੀਦਾ ਹੈ।'

ਫਿਰ ਪਿੱਛੋਂ ਕੋਹੜੀਆਂ ਲਈ ਵੱਖਰੀ ਬਸਤੀ ਵੀ ਬਣਾ ਦਿੱਤੀ। ਮਾਝੇ ਵਿਚ ਕੋਹੜੀ ਨੂੰ ਕੋਹੜੀ ਨਹੀਂ ਕਹਿੰਦੇ 'ਨਿਮਾਣਾ' ਕਹਿੰਦੇ ਹਨ। ਨਾਨਕ ਦਾ ਘਰ ਨਿਮਾਣਿਆਂ ਦਾ ਮਾਣ ਹੈ।

ਤਰਨਤਾਰਨ ਦੀ ਉਸਾਰੀ ਤੇ ਪੂਰਨਤਾ 'ਤੇ ਪੰਜ ਸਾਲ ਲੱਗੇ ਸਨ। ਇਨ੍ਹਾਂ ਪੰਜਾਂ ਸਾਲਾਂ ਵਿਚ ਤਰਨਤਾਰਨ ਸਿੱਖੀ ਦਾ ਉੱਘਾ ਕੇਂਦਰ ਬਣ ਗਿਆ ਸੀ। ਸਰਵਰ ਦੇ ਪੁਜਾਰੀ ਨਾਂ-ਮਾਤਰ ਹੀ ਰਹਿ ਗਏ। ਚੌਧਰੀ ਲੰਘਾਹੁ ਦੀ ਸੇਵਾ ਵੀ ਮਹਾਨ ਸੀ। ਉਹ ਰੋਜ਼ ਝਬਾਲ ਤੋਂ ਦਹੀਂ ਲੈ ਕੇ ਗੁਰੂ ਜੀ ਦੇ ਭੋਜਨ ਲਈ ਪੁੱਜਦਾ ਸੀ। ਝੱਖੜ, ਬੱਦਲ, ਗਰਮੀ, ਸਰਦੀ ਦੀ ਉਸ ਕਦੇ ਪ੍ਰਵਾਹ ਨਾ ਕੀਤੀ। ਲਾਹੌਰ ਜਦ ਗੁਰੂ ਜੀ ਸ਼ਹਾਦਤ ਦੇਣ ਗਏ ਤਾਂ ਪੰਜਾਂ ਸਿੱਖਾਂ ਵਿਚੋਂ ਇਕ ਇਹ ਚੌਧਰੀ ਲੰਘਾਹੁ ਸੀ।

ਸੇਵਾ ਕਰਦਿਆਂ ਵਿਚੋਂ ਪਰਚਾਰ ਹਿਤ ਰਾਮ ਦਾਸ ਵੀ ਗਏ। ਇਹ ਬਾਬਾ ਬੁੱਢਾ ਜੀ ਦਾ ਜਨਮ ਅਸਥਾਨ ਵੀ ਸੀ। ਪਿੰਡ ਰਾਮ ਦਾਸ ਦੀ ਸੰਗਤ ਨੇ ਬੇਨਤੀ ਕੀਤੀ ਕਿ ਬ੍ਰਾਹਮਣ ਸਦਾ ਹੀ ਕਹਿੰਦੇ

**ਮਾਹਿ ਦਿਵਸ ਮੂਰਤ ਭਲੇ**

ਰਹਿੰਦੇ ਹਨ ਕਿ ਜੀਵਾਂ ਤੇ ਦੁੱਖ ਗ੍ਰਹਿਆਂ ਦੀਆਂ ਚਾਲਾਂ ਕਰਕੇ ਵਾਪਰਦੇ ਹਨ। ਮਹਾਰਾਜ ਨੇ ਫ਼ਰਮਾਇਆ : ਗੁਰੂ ਨਾਨਕ ਦੇਵ ਜੀ ਨੇ ਸਾਨੂੰ ਨਾਮ ਬਖ਼ਸ਼ ਕੇ ਸਾਰੇ ਗ੍ਰਹਿ ਨਿਵਾਰਨ ਕਰ ਦਿੱਤੇ ਹਨ। ਕੋਈ ਗ੍ਰਹਿ ਸਾਡੇ 'ਤੇ ਅਸਰ ਨਹੀਂ ਕਰਦਾ। ਨਾਮ ਨਾਲ ਸਹਿਜ ਸੁਖ ਆ ਜਾਂਦਾ ਹੈ। ਇਹ ਸ਼ਗਨ, ਅਪਸ਼ਗਨ, ਗ੍ਰਹਿ ਆਦਿ ਅਗਿਆਨੀਆਂ ਅਤੇ ਗਾਫ਼ਲ ਲੋਕਾਂ ਲਈ ਹਨ। ਜਿਸ ਨੂੰ ਉਹ ਚਿੱਤ ਹੈ ਉਸ ਦਾ ਭੈ-ਭਰਮ ਨਾਸ਼ ਹੋ ਜਾਂਦਾ ਹੈ। ਸ਼ਬਦ ਉਚਾਰਿਆ :

ਸੁਖ ਸਹਜ ਆਨੰਦੁ ਘਣਾ ਹਰਿ ਕੀਰਤਨੁ ਗਾਉ ॥
ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ ॥ ੧ ॥
... ... ... ...
ਸਗਨ ਅਪਸਗਨ ਤਿਸ ਕਉ ਲਗਹਿ
ਜਿਸ ਚੀਤ ਨ ਆਵੈ ॥
ਤਿਸ ਜਮ ਨੇੜਿ ਨ ਆਵਈ
ਜੋ ਹਰਿ ਪ੍ਰਭੁ ਭਾਵੈ ॥ ੨ ॥
ਪੁੰਨ ਦਾਨ ਜਪ ਤਪ ਜੇਤੇ, ਸਭ ਊਪਰਿ ਨਾਮੁ ॥
ਹਰਿ ਹਰਿ ਰਸਨਾ ਜੋ ਜਪੈ ਤਿਸ ਪੂਰਨ ਕਾਮੁ ॥

*(ਆਸਾ ਮਹਲਾ ੫)*

**ਬਾਬਾ ਸ੍ਰੀ ਚੰਦ ਨਾਲ ਮੁਲਾਕਾਤ**

ਬਾਬਾ ਸ੍ਰੀ ਚੰਦ ਜੀ ਜਦ ਅੰਮ੍ਰਿਤਸਰ ਆਏ ਸਨ ਤਾਂ ਗੁਰੂ ਰਾਮ ਦਾਸ ਜੀ ਨੇ ਨਿੰਮ੍ਰਤਾ ਦੀ ਹੱਦ ਦੱਸ ਕੇ ਬਾਬਾ ਜੀ ਨੂੰ ਹੈਰਾਨ ਕਰ ਦਿੱਤਾ ਸੀ ਅਤੇ ਸ੍ਰੀ ਚੰਦ ਨੇ ਇਹ ਫ਼ਰਮਾਇਆ ਸੀ ਕਿ ਇਸ ਗੁਰਗੱਦੀ ਦਾ ਮਾਲਕ ਉਹ ਹੀ ਹੋ ਸਕਦਾ ਹੈ ਜਿਸ ਵਿਚ ਇਤਨੀ ਹਲੀਮੀ ਤੇ ਮਿੱਠਤ ਹੈ। ਗੁਰੂ ਜੀ ਆਪੂੰ ਸ੍ਰੀ ਚੰਦ ਜੀ ਨੂੰ ਮਿਲਣ ਲਈ ਪਿੰਡ ਬਾਰਠ ਗਏ। ਬਾਬਾ ਜੀ ਦੀ ਆਯੂ ਉਸ ਸਮੇਂ 95 ਦੇ ਲਗਪਗ ਸੀ। ਆਪ ਜੀ ਗੁਰੂ ਅਰਜਨ ਦੇਵ ਜੀ ਦੀ ਨਿੰਮ੍ਰਤਾ, ਮਿੱਠਤ ਤੇ ਵਿਦਵਤਾ ਦੇਖ ਇਤਨੇ ਪ੍ਰਸੰਨ ਹੋਏ ਤੇ ਕਿਹਾ :

ਤੁਹਾਡਾ ਬੁਰਾ ਚਿਤਵਨ ਵਾਲਾ ਕੋਈ ਨਹੀਂ ਰਹੇਗਾ। ਤੁਹਾਡੀ ਬਾਣੀ ਦੁਨੀਆਂ ਭਰ ਵਿਚ ਮਾਣ ਪਾਏਗੀ ਅਤੇ ਹਰ ਹਿਰਦੇ ਵਿਚ ਗੂੰਜੇਗੀ ਅਤੇ ਕਲਿਆਣਕਾਰੀ ਹੋਵੇਗੀ।

**ਦੁਆਬੇ ਵਿਚ**

ਉਥੋਂ ਗੁਰੂ ਜੀ ਬਿਆਸ ਦੇ ਕੰਢੇ-ਕੰਢੇ, ਪਿੰਡਾਂ ਵਿਚ ਸੰਗਤਾਂ ਕਾਇਮ ਕਰਦੇ, ਗੋਰ, ਮੜ੍ਹੀ, ਮੱਠ ਦੀ ਪੂਜਾ ਤੋਂ ਵਰਜਦੇ, ਖੂਹ ਲਗਾਂਦੇ ਅਤੇ ਜਿੱਥੇ ਦੇਖਦੇ ਕਿ ਇਕ ਖੂਹ ਨਾਲ ਕਾਰਜ ਨਹੀਂ ਸਰਦਾ ਉਥੇ ਸਾਂਝਾ ਖੂਹ ਪੁੱਟਵਾ ਕੇ ਕਈ ਹਰਟ ਲਗਵਾ ਦੇਂਦੇ। ਇਸ ਨਾਲ ਇਕ ਤਾਂ ਪੇਂਡੂਆਂ ਵਿਚ ਸਾਂਝੀਵਾਲਤਾ ਜਾਗਦੀ, ਦੂਜੇ ਪਏ ਵੈਰ ਮੁੱਕਦੇ। ਰੋਗੀਆਂ ਲਈ ਦਵਾ ਦਾਰੂ ਦਾ ਵੀ ਪ੍ਰਬੰਧ ਕਰਦੇ। ਕਈ ਥਾਂ ਧਰਮਸ਼ਾਲਾਂ ਬਣਵਾ ਕੇ, ਬਕਾਲਾ ਤੋਂ ਹੁੰਦੇ ਹੋਏ ਗੋਇੰਦਵਾਲ ਦੇ ਪੱਤਨ ਤੋਂ ਹੀ ਪਾਰ ਕਰ ਕੇ ਸੁਲਤਾਨਪੁਰ, ਦੁਆਬੇ ਪੁੱਜੇ।

Sri Satguru Jagjit Singh Ji eLibrary NamdhariElibrary@gmail.com

ਸੁਲਤਾਨਪੁਰ ਨੂੰ ਭਾਈ ਗੁਰਦਾਸ ਜੀ ਨੇ 'ਭਗਤਿ ਭੰਡਾਰਾ' ਕਿਹਾ ਸੀ। ਭਾਈ ਕਾਲੂ, ਚਾਊ ਤੇ ਥੰਮੀਆਂ ਜਿਨ੍ਹਾਂ ਨੂੰ ਸਦਾ ਸ਼ਬਦ ਨਾਲ ਹੀ ਪਿਆਰ ਸੀ; ਭਾਈ ਹੇਮਾ ਕਪਾਹੀ, ਭਾਈ ਗੋਇੰਦ ਘਈ ਜੋ ਗੁਰੂ ਦੀ ਸਿਖਿਆ ਪਾ ਪੁੱਗੇ ਹੋਏ ਸਨ; ਰਬਾਬੀ ਟੋਡਾ, ਭਿੱਖਾ ਜੀ ਵਾਰਾਂ ਗਾ ਗਾ ਗੁਰੂ ਜੱਸ ਸੁਣਾਂਦੇ ਸਨ, ਭਾਈ ਰਾਮੂ ਕੋਹਲੀ ਜੋ ਗੁਰਮੁਖ ਕਰਕੇ ਜਾਣੇ ਜਾਂਦੇ ਸਨ; ਭਾਈ ਨਿਹਾਲੂ ਜੋ ਦਿਨ ਰਾਤ ਗੁਰੂ ਸੇਵਾ ਵਿਚ ਜੁੱਟੇ ਰਹਿੰਦੇ ਸਨ, ਭਾਈ ਛੱਜੂ ਭੱਲਾ ਤੇ ਸਾਈਂ ਦਿੱਤਾ, ਜਿਨ੍ਹਾਂ ਕਦੇ ਸਾਧ ਸੰਗਤ ਨਹੀਂ ਖੁੰਝਾਈ ਸੀ, ਭਾਈ ਤੁਲਸਾ ਵਹੁਰਾ 'ਭਗਤ ਭਗਤ ਕਰ ਵੱਜਦੇ' ਸਨ, ਭਾਈ ਦਮੋਦਰ ਤੇ ਭਾਈ ਅਕਾਲ ਜੋ ਗੁਰੂ ਤੋਂ ਸਭ ਕੁਝ ਨਿਛਾਵਰ ਕਰ ਚੁੱਕੇ ਸਨ ਅਤੇ ਭਾਈ ਭਾਨਾ ਜੋ ਗੁਰੂ ਦਰਬਾਰ ਦੀ ਹਾਜ਼ਰੀ ਗੁਰੂ ਅਮਰ ਦਾਸ ਜੀ ਦੇ ਸਮੇਂ ਤੋਂ ਭਰ ਰਹੇ ਸਨ; ਗੁਰੂ ਜੀ ਨੂੰ ਸੰਗਤਾਂ ਸਮੇਤ ਅੱਗੋਂ ਲੈਣ ਆਏ। ਇਨ੍ਹਾਂ ਸਭਨਾਂ ਨੂੰ ਇਤਨਾ ਚਾਅ ਚੜ੍ਹਿਆ ਕਿ ਗੁਰੂ ਜੀ ਨੂੰ ਉਥੇ ਹੀ ਪੱਕਾ ਟਿਕਾਣਾ ਕਰਨ ਲਈ ਕਿਹਾ। ਵੇਈਂ ਨਦੀ ਤੇ ਹੱਟ ਸਾਹਿਬ ਦੇ ਅਸਥਾਨ ਗੁਰੂ ਜੀ ਨੇ ਆਪਣੀ ਹੱਥੀਂ ਹੋਰ ਵੱਡੇ ਕਰਵਾਏ। ਉਥੇ ਹੀ ਡੱਲਾ ਦੀ ਸੰਗਤਿ ਆਪਣੇ ਪਿੰਡ ਲੈ ਜਾਣ ਲਈ ਪੁੱਜ ਗਈ।

**ਸੁਲਤਾਨਪੁਰ ਲੋਧੀ**

ਭਾਈ ਗੁਰਦਾਸ ਜੀ ਨੇ ਡੱਲਾ ਨਿਵਾਸੀ ਸੰਗਤਿ ਨੂੰ ਵੀ 'ਭਾਗੀ' ਕਹਿ ਕੇ ਸਨਮਾਨ ਦਿੱਤਾ ਹੈ। ਗੁਰੂ ਅਮਰ ਦਾਸ ਜੀ ਦੇ ਸਮੇਂ ਤੋਂ ਕਈ ਸਿੱਖ ਗੁਰੂ ਚਰਨਾਂ ਦੇ ਭੌਰੇ ਬਣੇ ਹੋਏ ਸਨ। ਉਨ੍ਹਾਂ ਵਿਚੋਂ ਜੋ ਕਈ ਵਡੇਰੀ ਉਮਰ ਦੇ ਸਨ, ਹਿਤ ਕਰ ਕੇ ਗੁਰੂ ਜੀ ਨੂੰ ਡੱਲਾ ਲੈ ਗਏ। ਸਿੱਖ ਇਤਿਹਾਸ ਨੇ ਭਾਈ ਪ੍ਰਿਥੀ ਮੱਲ ਜੀ ਅਤੇ ਤੁਲਸਾ ਜਿਨ੍ਹਾਂ ਦੀ ਸੇਵਾ ਦੀ ਬਹੁਤ ਚਰਚਾ ਸੀ, ਭਾਈ ਰਾਮੂ ਜੀ ਜੋ ਸ਼ਬਦ ਦੇ ਉੱਚ-ਕੋਟੀ ਦੇ ਵਿਆਖਿਆਕਾਰ ਸਨ, ਭਾਈ ਮੋਹਨ ਜੀ ਜੋ ਨਿੰਮ੍ਰਤਾ ਦੀ ਮੂਰਤ ਸਨ, ਭਾਈ ਸਾਹਾਰੂ ਜੀ, ਜੋ ਕੋਈ ਸਿੱਖ ਆਵੇ ਉਸ ਦੇ ਮੈਲੇ ਬਸਤਰ ਧੋਂਦੇ ਤੇ ਪਾਟੇ ਸੀਂਵਦੇ ਅਤੇ ਐਸਾ ਭਗਤੀ ਰੰਗ ਚੜ੍ਹਿਆ ਕਿ ਮਨ ਹੀ ਉਸ ਨਾਲ ਸੀਤਾ ਗਿਆ, ਭਾਈ ਪਾਂਧਾ ਜੀ ਜੋ ਗੁਰ ਉਪਦੇਸ਼ ਮੰਨ ਗੁਰਬਾਣੀ ਕਥਾ ਕੀਰਤਨ ਕਰ ਸੰਗਤਾਂ ਨੂੰ ਸੁਣਾਂਦੇ ਤੇ ਪੋਥੀ, ਗੁਟਕੇ ਲਿਖ-ਲਿਖ ਵੰਡਦੇ ਰਹਿੰਦੇ ਸਨ, ਦਾ ਉਚੇਚਾ ਜ਼ਿਕਰ ਕੀਤਾ ਹੈ। ਮਹਿਮਾ ਪ੍ਰਕਾਸ਼ ਨੇ ਵੀ :

**ਡੱਲਾ ਵਾਸੀ ਸੰਗਤਿ ਭਾਗੀ**

> 'ਡੱਲਾ ਸ਼ਹਿਰ ਰਤਨੋਂ ਕੀ ਖਾਨ।
> ਤਹਾਂ ਭਏ ਸਿੱਖ ਗੁਰਮੁਖ ਪ੍ਰਮਾਨ।'

ਲਿਖ ਕੇ ਡੱਲੇ ਦੀ ਸੰਗਤਿ ਨੂੰ ਆਦਰ ਦਿੱਤਾ ਹੈ।

ਉਨ੍ਹਾਂ ਇੱਛਾ ਪ੍ਰਗਟ ਕੀਤੀ ਕਿ ਦੁਆਬੇ ਵਿਚ ਕੋਈ ਟਿਕਾਣਾ ਬਣਾਉਣਾ ਜ਼ਰੂਰੀ ਹੈ। ਮਾਝੇ ਵਿਚ ਤਾਂ ਜੋਤ ਜਗ ਪਈ ਹੈ ਪਰ ਦੁਆਬਾ ਅਜੇ ਵਾਂਝਾ ਹੈ। ਡੱਲਾ ਵਿਖੇ ਹੀ ਜਲੰਧਰ ਦੇ ਨਵਾਬ ਸਯਦ ਅਜ਼ੀਮ ਖ਼ਾਨ ਨੇ ਆ ਕੇ ਦਰਸ਼ਨ ਕੀਤੇ। ਉਹ ਗੁਰੂ ਦੇ ਮਿੱਠੇ ਪ੍ਰਚਾਰ, ਸਾਂਝੇ ਲੰਗਰ ਤੇ ਹਰ ਇਕ ਨਾਲ ਬਿਨਾਂ ਵਿਤਕਰੇ ਦੇ ਇਕੋ ਜਿਹਾ ਪਿਆਰ ਹੁੰਦਾ ਦੇਖ ਪ੍ਰਭਾਵਤ ਹੋਇਆ। ਉਸ ਦੀ ਪੁੱਛ ਕਿ ਮਜ਼ਹਬ ਕਿਹੜਾ ਚੰਗਾ ਹੈ,

Sri Satguru Jagjit Singh Ji eLibrary NamdhariElibrary@gmail.com

ਦਾ ਉੱਤਰ ਦੇਂਦੇ ਗੁਰੂ ਜੀ ਨੇ ਫ਼ਰਮਾਇਆ ਕਿ ਜਿਨ੍ਹਾਂ ਦੇ ਭਰਮ ਨਿਕਲ ਜਾਂਦੇ ਹਨ ਉਨ੍ਹਾਂ ਲਈ ਅੱਲਾਹ ਤੇ ਪਾਰਬ੍ਰਹਮ ਵਿਚ ਕੋਈ ਫ਼ਰਕ ਨਹੀਂ ਰਹਿੰਦਾ। ਭਗਤੀ ਹੋਵੇ ਜਾਂ ਬੰਦਗੀ ਉਸ ਦੀ ਮਿਹਰ ਨਾਲ ਹੀ ਮਿਲਦੀ ਹੈ। 'ਭਗਤ ਨਿਰਾਲੀ ਅਲਾਹ ਦੀ ਜਾਪੈ ਗੁਰ ਵੀਚਾਰ', ਗੁਰੂ ਅਮਰ ਦਾਸ ਜੀ ਫ਼ਰਮਾ ਗਏ ਹਨ। ਇਸ ਨਿਰਾਲੀ ਭਗਤੀ ਨਾਲ ਜੋ ਸਿੱਖਾਂ ਨੇ ਅਪਣਾਉਣੀ ਹੈ, ਜਗਤ ਬਾਬਤ ਹੀ ਦ੍ਰਿਸ਼ਟੀ ਬਦਲ ਜਾਂਦੀ ਹੈ। ਇਹ ਸਾਰਾ ਜਗਤ ਉਸ ਦੀ ਖਿੜੀ ਹੋਈ ਬਸੰਤ ਲਗਦਾ ਹੈ। ਫਿਰ ਕੋਈ ਕਿਸੇ ਨੂੰ ਮੰਦਾ ਨਹੀਂ ਕਹਿੰਦਾ।

ਆਪ ਬਸੰਤ ਜਗਤੁ ਸਭੁ ਵਾੜੀ।
ਨਾਨਕ ਪੂਰੈ ਭਾਗਿ ਭਗਤ ਨਿਰਾਲੀ।[1]

ਫਿਰ ਹੋਰ ਵਿਆਖਿਆ ਲਈ ਆਪ ਜੀ ਨੇ ਰਾਮਕਲੀ ਰਾਗ ਵਿਚ ਸ਼ਬਦ ਉਚਾਰਿਆ ਜਿਸ ਦੀਆਂ ਪਹਿਲੀਆਂ ਤੇ ਆਖ਼ਰੀ ਤੁਕਾਂ ਇਸ ਪ੍ਰਕਾਰ ਹਨ :

ਕਾਰਨ ਕਰਨ ਕਰੀਮ॥ ਸਰਬ ਪ੍ਰਤਿਪਾਲ ਰਹੀਮ॥
ਅਲਹ ਅਲਖ ਅਪਾਰ॥ ਖੁਦ ਖੁਦਾਇ ਵਡ ਬੇਸੁਮਾਰ॥
... ... ... ...
ਮੇਹਰ ਦਇਆ ਕਰਿ ਕਰਨੈ ਹਾਰ॥
ਭਗਤਿ ਬੰਦਗੀ ਦੇਹਿ ਸਿਰਜਨਹਾਰ॥
ਕਹੁ ਨਾਨਕ ਗੁਰਿ ਖੋਏ ਭਰਮ॥
ਏਕੋ ਅਲਹੁ ਪਾਰਬ੍ਰਹਮ॥[2]

ਸਯਦ ਅਜ਼ੀਮ ਖ਼ਾਨ ਨੇ ਹੱਥ ਜੋੜ ਬੇਨਤੀ ਕੀਤੀ ਕਿ ਜਲੰਧਰ ਨੇੜੇ ਉਸ ਦੀ ਨਿੱਜੀ ਜ਼ਮੀਨ ਹੈ, ਉਥੇ ਧਰਮਸਾਲ, ਮਹੱਲ ਤੇ ਦੀਵਾਨਖ਼ਾਨਾ ਬਣਾਉ। ਗੁਰੂ ਜੀ ਵੀ ਚਾਹੁੰਦੇ ਸਨ ਕਿ ਦੁਆਬੇ ਵਿਚ ਕੋਈ ਧਰਮ ਕੇਂਦਰ ਹੋਣਾ ਚਾਹੀਦਾ ਹੈ, ਜਿੱਥੋਂ ਦੁਆਬੇ ਦੇ ਸਿੱਖ ਰੌਸ਼ਨੀ ਲੈ ਸਕਣ। ਭਾਈ ਮੰਝ ਦੇ ਪ੍ਰਚਾਰ ਸਦਕਾ ਸਿੱਖੀ ਲਈ ਵਾਤਾਵਰਨ ਸੁਖਾਵਾਂ ਹੋ ਗਿਆ ਸੀ।

ਮੈਕਾਲਫ਼ ਦਾ ਕਹਿਣਾ ਹੈ ਕਿ ਗੁਰੂ ਜੀ ਨੇ ਕਰਤਾਰਪੁਰ ਵਾਲੀ ਥਾਂ ਖ਼ਰੀਦੀ ਸੀ। ਨਵਾਬ ਨੇ ਜ਼ਰੂਰ ਅਰਜ਼ ਗੁਜ਼ਾਰੀ ਸੀ ਪਰ ਗੁਰੂ ਜੀ ਜਾਣਦੇ ਸਨ ਕਿ ਪਿੱਛੋਂ ਕਈ ਅੜਿੱਕੇ ਪੈਂਦੇ ਹਨ। ਜੋ ਜ਼ਮੀਨ ਖ਼ਰੀਦ ਕੇ ਨਗਰ ਦੀ ਨੀਂਹ ਦਸੰਬਰ 1594 ਨੂੰ ਰੱਖੀ। ਮੋੜ੍ਹੀ ਗੱਡਣ ਦੀ ਥਾਂ ਇਕ ਬਹੁਤ ਪੁਰਾਣੀ ਤੇ ਵੱਡੀ ਟਾਹਲੀ ਕਟਵਾ ਕੇ, ਵੱਡਾ ਉੱਚਾ ਥੰਮ੍ਹ ਗਡਵਾਇਆ। ਜਦ ਇਹ ਟਾਹਲੀ ਵਾਲੀ ਮੋੜ੍ਹੀ ਗੱਡੀ ਜਾ ਰਹੀ ਸੀ ਤਾਂ ਕਹਿੰਦੇ ਹਨ ਕਿ ਚੌਧਰੀ ਦੀ ਪੱਗ ਉਤਰ ਗਈ। ਲੋਕਾਂ ਜਦ ਅਪਸ਼ਗਨ ਕਿਹਾ ਤਾਂ ਮਹਾਰਾਜ ਨੇ ਹੋੜਿਆ ਸਗੋਂ ਬਚਨ

**ਕਰਤਾਰਪੁਰ ਦਾ ਵਸਾਉਣਾ**

1. ਬਸੰਤ ਮਹਲਾ ਤੀਜਾ, ਪੰਨਾ ੧੧੭੭
2. ਰਾਮਕਲੀ ਮਹਲਾ ੫

Sri Satguru Jagjit Singh Ji eLibrary NamdhariElibrary@gmail.com

ਕੀਤੇ : ਇਸ ਨਗਰ ਵੱਲ ਕੋਈ ਅੱਖ ਵੀ ਨਹੀਂ ਕਰ ਸਕੇਗਾ। **ਚੜ੍ਹੀ ਆਵੇਗੀ ਤੇ ਉਤਰ ਜਾਵੇਗੀ**। ਪਿਛੋਂ ਜਲੰਧਰ ਦੇ ਨਵਾਬ ਨਾਸਰ ਦੀਨ ਨੇ ਸੰਨ 1754 ਨੂੰ ਇਸ ਮੋੜ੍ਹੀ ਨੂੰ ਪੁਟਵਾਇਆ ਅਤੇ ਸੋਢੀ ਵਡਭਾਗ ਸਿੰਘ ਨੂੰ ਉਥੋਂ ਕੱਢਿਆ, ਪਰ ਦੋ ਸਾਲ ਬਾਅਦ ਹੀ ਖ਼ਾਲਸੇ ਨੇ ਨਾਸਰ ਦੀਨ ਨੂੰ ਮਾਰ ਮੁਕਾਇਆ ਤੇ ਇਲਾਕਾ ਸੁਤੰਤਰ ਕੀਤਾ। ਗੁਰੂ ਜੀ ਨੇ ਕਰਤਾਰਪੁਰ ਹੀ ਮਾਤਾ ਗੰਗਾ ਜੀ ਦੇ ਨਾਂ ਦਾ ਖੂਹ ਲਗਵਾਇਆ, ਜਿਸ ਨੂੰ ਗੰਗ ਸਰ ਕਹਿੰਦੇ ਹਨ। ਮਹਾਰਾਜ ਨੇ ਇਸ ਖੂਹ ਦੇ ਸੰਪੂਰਨ ਹੋਣ 'ਤੇ ਇਹ ਆਗਿਆ ਵੀ ਕੀਤੀ ਕਿ ਕਿਸੇ ਗੰਗਾ ਆਦਿ 'ਤੇ ਜਾਣ ਦੀ ਲੋੜ ਨਹੀਂ ਹੈ। ਤੁਹਾਡੇ ਘਰ ਹੀ ਗੰਗਾ ਹੈ। ਗੰਗ ਸਰ ਦਾ ਇਸ਼ਨਾਨ ਹੀ ਗੰਗਾ ਤੁੱਲ ਹੈ।

**ਗੰਗ ਸਰ**

ਇਕ ਵਿਸਾਖੀ ਨਾਂ ਦੇ ਸਿੱਖ ਨੂੰ ਸੋਚ ਉਪਜੀ ਕਿ ਅਜਿਹਾ ਕਿਵੇਂ ਹੋ ਸਕਦਾ ਹੈ? ਉਸ ਨੂੰ ਗੰਗ ਸਰ ਵਿਚ ਹੀ ਗੰਗਾ ਦਿਖਲਾ ਦਿੱਤੀ। ਗੁਰੂ ਦੀ ਰਹਿਮਤ ਹੀ ਤੀਰਥਾਂ ਦਾ ਦਰਸ਼ਨ ਤੇ ਇਸ਼ਨਾਨ ਹੈ। ਕਰਤਾਰਪੁਰ ਦੀ ਉਸਾਰੀ ਤੇ ਵਸਾਉਣ ਦੇ ਪ੍ਰਬੰਧ ਕਰਨ ਲਈ ਭਾਈ ਕਲਿਆਣਾ ਜੀ, ਭਾਈ ਧੀਰ ਜੀ, ਭਾਈ ਮਹੇਸ਼ ਜੀ ਅਤੇ ਭਾਈ ਭਗਤੂ ਜੀ ਨੂੰ ਨਿਯਤ ਕੀਤਾ। ਆਪ ਜੀ ਸ੍ਰੀ ਅੰਮ੍ਰਿਤਸਰ ਮੁੜ ਆਏ। ਅਮਰ ਨਾਮਾ ਕ੍ਰਿਤ ਢਾਡੀ ਨੱਥ ਮੱਲ ਨੇ ਵੀ ਇਕ ਸਾਖੀ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ ਕਿ ਕਦਾਚਿਤ ਭੈੜੇ ਬ੍ਰਾਹਮਣਾਂ ਦੀ ਮੰਦੀ ਰੀਤ ਨਹੀਂ ਅਪਣਾਉਣੀ। ਜੋ ਜੀਵਨ ਸੇਵਾ ਸਿਮਰਨ ਵਿਚ ਗੁਜ਼ਾਰਦਾ ਹੈ, ਉਹ ਦਰਗਾਹ ਪਤਿ ਨਾਲ ਜਾਂਦਾ ਹੈ। ਆਪ ਜੀ ਦਾ ਕੁਝ ਚਿਰ ਹੋਰ ਉਧਰ ਹੀ ਵਿਚਰਨ ਦਾ ਵਿਚਾਰ ਸੀ ਪਰ ਅੰਮ੍ਰਿਤਸਰ ਤੋਂ ਖ਼ਬਰਾਂ ਪੁੱਜ ਰਹੀਆਂ ਸਨ ਕਿ ਬਾਬਾ ਪ੍ਰਿਥੀ ਚੰਦ ਨੇ ਫਿਰ ਸਾਜ਼ਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਗੁਰੂ ਜੀ ਕਈ ਸਾਲ ਸ੍ਰੀ ਅੰਮ੍ਰਿਤਸਰ ਨਹੀਂ ਸਨ ਜਾ ਸਕੇ ਤੇ ਸੰਗਤਾਂ ਜਿੱਥੇ ਵੀ ਗੁਰੂ ਜੀ ਹੁੰਦੇ ਪੁੱਜ ਜਾਂਦੀਆਂ ਸਨ। ਪਹਿਲਾਂ ਤਾਂ ਪ੍ਰਿਥੀ ਚੰਦ ਦਾ ਖ਼ਿਆਲ ਸੀ ਕਿ ਸੰਗਤਾਂ ਨੂੰ ਭਰਮਾ ਲਵੇਗਾ ਤੇ ਚੰਗੀ ਚੋਖੀ ਰਕਮ ਇਨ੍ਹਾਂ ਸਾਲਾਂ ਵਿਚ ਇਕੱਠੀ ਹੋ ਜਾਵੇਗੀ ਪਰ ਐਸਾ ਨਾ ਹੋ ਸਕਿਆ। ਸੰਗਤਾਂ ਕਾਰ ਭੇਟ ਜਾਂ ਭਾਈ ਸਾਲੋ ਜੀ ਨੂੰ ਦੇ ਆਉਂਦੀਆਂ ਸਨ ਜਾਂ ਸਿੱਧੀ ਹੀ ਗੁਰੂ ਜੀ ਪਾਸ ਪਹੁੰਚਾ ਆਉਂਦੀਆਂ ਸਨ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ ਨਾ ਉਸ ਨੂੰ ਮਾਣ ਮਿਲਦਾ ਅਤੇ ਨਾ ਧਨ।

**ਵਾਪਸੀ ਸ੍ਰੀ ਅੰਮ੍ਰਿਤਸਰ**

**"ਰਾਮਦਾਸ ਪੁਰਿ ਮਹਿ ਪ੍ਰਿਥੀਆ ਰਹਯੋ ਧਾਮ ਕਰਿ**
**ਥੋਰੀ ਕੁਛ ਭੇਟ ਆਵੈ ਤਪਯੋ ਰਹੈ ਰਾਤ ਦਿਨ।**
**ਲਾਲਸਾ ਦਰਬ ਕੀ, ਸਰਬ ਮੋਹਿ ਪੂਜੈ ਆਇ,**
**ਬਾਢੈ ਬਡਿਆਈ, ਪਿਤਾ ਮਮਤਾ ਕੋ ਚਾਹਿਸਨ।"**

ਦੂਜੇ, ਇਹ ਸਰੋਤ ਵੀ ਗੁਰੂ ਜੀ ਨੂੰ ਮਿਲੀ ਕਿ ਪ੍ਰਿਥੀ ਚੰਦ ਦਾ ਪੁੱਤਰ ਮਿਹਰਬਾਨ ਆਪਣੇ-ਆਪ ਨੂੰ ਗੁਰਗੱਦੀ ਦਾ ਵਾਰਿਸ ਕਹਿ ਕੇ ਪੂਜਾ ਕਰਾਉਣ ਲੱਗ ਪਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਅਰਜਨ ਦੇਵ ਜੀ ਮਿਹਰਬਾਨ ਨੂੰ ਬੱਚੇ ਵਾਂਗ

ਪਿਆਰ ਦੇਂਦੇ ਸਨ, ਪਰ ਪ੍ਰਿਥੀ ਚੰਦ ਦੇ ਘਰੋਂ ਰੋਜ਼ ਇਹ ਹੀ ਕਹਿੰਦੀ ਸੀ ਕਿ ਕੁਝ ਚਾਰਾ ਕਰਨਾ ਚਾਹੀਦਾ ਹੈ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਸ਼ਬਦਾਂ ਵਿਚ ਪ੍ਰਿਥੀ ਚੰਦ ਕਰਮੋ ਨੂੰ ਕਹਿੰਦਾ ਰਹਿੰਦਾ ਸੀ :

**ਕਿਉ ਚਿਤ ਮਨ ਮੈ ਕਰੈ,**
**ਸਭੀ ਬਸਤੁ ਹੈ ਤੋਰੁ।**
**ਤਿਹ (ਗੁਰੂ ਅਰਜਨ) ਗ੍ਰਿਹਿ, ਸੁਤ ਪ੍ਰਗਟਯੋ ਨਹੀਂ,**
**ਸੁਤ ਪ੍ਰਗਟੇ ਗ੍ਰਿਹ ਮੋਰ।**

ਬੰਸਾਵਲੀ ਨਾਮੇ ਵਾਲੇ ਤਾਂ ਸਪੱਸ਼ਟ ਲਿਖਿਆ ਹੈ ਕਿ ਪ੍ਰਿਥੀ ਚੰਦ ਸੰਗਤਾਂ ਨਾਲ ਵੀ ਮਨਸੂਬੇ[1] ਬਨਾਉਣ ਲੱਗ ਪਏ ਸਨ ਅਤੇ ਕਹਿੰਦੇ ਸਨ : ਵੱਡੇ ਹਾਂ ਅਸੀਂ, ਟਿਕਾ ਹੈ ਅਸਾਡਾ, ਏਹ ਪੂਜੇ ਸਾਡੇ ਚਰਨ।

**ਜ਼ਨਾਨੀਆਂ ਆਖਨ ਬਰਨ ਤਬ ਐਸੇ।**
**ਕਰ ਲਉ ਗੁਰਾਈ, ਕਰੋ ਇਕਠੇ ਪੈਸੇ। ੧੬।**
**ਮਾਲ ਅਸਾਡਾ, ਅਸੀਂ ਹੀ ਲੈਣਾ।**
**ਨ ਏਨਾਂ ਦਾ ਪੁਤ ਧੀ, ਨ ਸਾਕ ਨ ਸੈਣਾ।**

ਇਨ੍ਹਾਂ ਦਿਨਾਂ ਵਿਚ ਹੀ ਇਕ ਅਜਿਹੀ ਘਟਨਾ ਵੀ ਹੋਈ ਜਿਸਨੇ ਮਾਤਾ ਗੰਗਾ ਜੀ ਨੂੰ ਮਜਬੂਰ ਕਰ ਦਿੱਤਾ ਕਿ ਉਹ ਗੁਰੂ ਅਰਜਨ ਜੀ ਨੂੰ ਮੁੜਨ ਲਈ ਸੁਨੇਹੇ ਭੇਜਣ। ਘਟਨਾ ਇੰਜ ਵਾਪਰੀ ਕਿ ਮਾਤਾ ਗੰਗਾ ਜੀ ਕੇਸ ਧੋ ਕੇ ਹਰੇ ਕਰ ਰਹੇ ਸਨ ਕਿ ਕੁਝ ਛਿੱਟਾਂ ਬੀਬੀ ਕਰਮੋ 'ਤੇ ਜਾ ਪਈਆਂ। ਉਸ ਨੇ ਨਾ ਅੱਗਾ ਡਿੱਠਾ ਨਾ ਪਿੱਛਾ ਅਤੇ ਇਥੋਂ ਤੱਕ ਕਹਿ ਦਿੱਤਾ ਕਿ ਆਪਣੇ ਘਰ ਹੁੰਦਾ ਨਹੀਂ ਸੂ, ਮੇਰਾ ਖਾਣਾ ਲੋੜਦੀ ਹੈ। ਮਾਤਾ ਗੰਗਾ ਜੀ ਨੂੰ ਬੋਲ ਬਹੁਤ ਮੰਦੇ ਲੱਗੇ। ਉਹ ਬਹੁਤ ਜੇਰੇ ਵਾਲੇ ਸਨ ਪਰ ਨਿੱਤ-ਨਿੱਤ ਦੀ ਤੂੰ-ਤੂੰ ਤੋਂ ਬਚ ਕੇ ਦੂਰ ਜਾਣਾ ਚਾਹੁੰਦੇ ਸਨ। ਮਹਾਰਾਜ ਜੀ ਸ੍ਰੀ ਅੰਮ੍ਰਿਤਸਰ ਪੁੱਜੇ ਤੇ ਸਾਰੀ ਗੱਲ ਸੁਣੀ ਤੇ ਸਾਜ਼ਿਸ਼ਾਂ ਦੀ ਵੀ ਸੂਹ ਮਿਲੀ ਪਰ ਸੁਪਤਨੀ ਨੂੰ ਧੀਰਜ ਰੱਖਣ ਲਈ ਕਿਹਾ ਅਤੇ ਸਮਝਾਇਆ ਕਿ ਗੁਰੂ ਨਾਨਕ ਦੇ ਘਰ ਸਭ ਕੁਝ ਹੈ। ਗੁਰੂ ਦੇ ਸਿੱਖ ਪਾਸ ਹੀ ਇਤਨੀ ਬਖ਼ਸ਼ਿਸ਼ ਹੈ ਕਿ ਸਿੱਖ ਦਾ ਇਕ ਬਚਨ ਹੀ ਕੁੱਖ ਭਰ ਸਕਦਾ ਹੈ।

ਬਾਬਾ ਬੁੱਢਾ ਜੀ ਬੀੜ ਵਿਚ ਚਲੇ ਗਏ ਸਨ ਤੇ ਉਥੇ ਹੀ ਗੁਰੂ ਘਰ ਦੇ ਮਾਲ, ਡੰਗਰ ਪਸ਼ੂ ਦੀ ਸੰਭਾਲ ਕਰਦੇ ਤੇ ਸ੍ਰੀ ਅੰਮ੍ਰਿਤਸਰ ਕਦੇ-ਕਦੇ ਆ ਜਾਂਦੇ ਸਨ।

### ਅਰਦਾਸ ਤੇ ਵਰ

ਗੁਰੂ ਅਰਜਨ ਜੀ ਅਚਾਨਕ ਸ੍ਰੀ ਅੰਮ੍ਰਿਤਸਰ ਵਾਪਸ ਮੁੜੇ ਸਨ ਅਤੇ ਉਨ੍ਹਾਂ ਨੂੰ ਸੂਹ ਨਹੀਂ ਸੀ ਪੁੱਜੀ। ਅਗਲੇ ਦਿਨ ਆਪੂੰ ਗੁਰੂ ਜੀ ਅਤੇ ਮਾਤਾ ਗੰਗਾ ਜੀ ਬਾਬਾ ਬੁੱਢਾ ਜੀ ਵੱਲ ਚੱਲ ਪਏ। ਚਿਰਾਂ ਬਾਅਦ ਗੁਰੂ ਜੀ ਦਾ ਸ੍ਰੀ ਅੰਮ੍ਰਿਤਸਰ ਆਉਣਾ ਹੋਇਆ ਸੀ। ਸੰਗਤਾਂ ਦੀ ਅਜੇ ਦਰਸ਼ਨ ਪਿਆਸ ਵੀ ਨਹੀਂ ਸੀ ਬੁੱਝੀ। ਸੋ ਵਹੀਰ ਹੀ ਨਾਲ ਚੱਲ ਪਈ। ਰੱਥ, ਗੱਡੇ, ਘੋੜਿਆਂ 'ਤੇ ਸੰਗਤਾਂ ਜਾ ਰਹੀਆਂ

1. ਇਹ ਲੱਗੇ ਸੰਗਤਾਂ ਨਾਲ ਮਨਸੂਬਾ ਕਰਨ (ਬ੍ਰਿਤਾਂਤ ਗੁਰੂ ਅਰਜਨ ਜੀ, ਚਰਣ 5)

Sri Satguru Jagjit Singh Ji eLibrary NamdhariElibrary@gmail.com

ਸਨ। ਦੂਰੋਂ ਰੱਥ, ਭੀੜ ਤੇ ਧੂੜ ਉੱਡਦੀ ਦੇਖ ਬਾਬਾ ਜੀ ਨੇ ਸਹਿਜ ਸੁਭਾਅ ਕਿਹਾ : 'ਕੀ ਭਾਜੜ ਪਈ ਹੈ' ਪਰ ਜਦ ਉਨ੍ਹਾਂ ਨੂੰ ਦੱਸਿਆ ਗਿਆ ਕਿ ਗੱਲ ਹੋਰ ਹੈ। ਗੁਰੂ ਅਰਜਨ ਦੇਵ ਜੀ ਆਪੂੰ ਮਾਤਾ ਗੰਗਾ ਜੀ ਨਾਲ ਤੁਹਾਨੂੰ ਮਿਲਣ ਆ ਰਹੇ ਹਨ ਤਾਂ ਕਨ੍ਹਈਆ ਲਾਲ ਦੇ ਲਿਖੇ ਅਨੁਸਾਰ ਭਾਵੇਂ ਬਾਬਾ ਬੁੱਢਾ ਜੀ ਕਿਤਨੀ ਵਡੇਰੀ ਉਮਰ ਦੇ ਸਨ, ਉੱਠ ਖ਼ੁਸ਼ੀ ਨਾਲ ਝੂਮਣ ਲੱਗ ਪਏ ਤੇ ਜਦ ਆਉਣ ਦਾ ਮੰਤਵ ਮਾਤਾ ਗੰਗਾ ਜੀ ਨੇ ਦੱਸਿਆ ਤਾਂ ਕਹਿਣ ਲੱਗੇ ਕਿ **'ਤੇਰੇ ਗ੍ਰਿਹਿ ਪ੍ਰਗਟੇਗਾ ਜੋਧਾ। ਜਾ ਕਾ ਬਲ ਬਾਹੂ ਕਿਨਹੂ ਨ ਸੋਧਾ।'** ਸੂਰਜ ਪ੍ਰਕਾਸ਼ ਦਾ ਕਥਨ ਹੈ ਕਿ ਜਦ ਬਾਬਾ ਬੁੱਢਾ ਜੀ ਇਹ ਬਚਨ ਕਰ ਰਹੇ ਸਨ ਤਾਂ ਪਹਿਲਾਂ ਬੱਦਲ ਗਰਜੇ 'ਜਲਧਰ ਗਰਜਯੋ, ਗਗਨ ਮਹਾਨਾ' ਅਤੇ ਫਿਰ ਬਿਜਲੀ ਕੜਕੀ :

**'ਤੜਿਤਾ ਲਸ਼ਕਤਿ ਤੇਜ਼ ਅਧਿਕ ਧਰਿ।**
**ਦਸਹੂ ਦਿਸ਼ਨਿ ਮਹਿ ਕੀਨ ਪ੍ਰਕਾਸ਼।'**[1]

ਇਸ ਬਿਜਲੀ ਦੇ ਕੜਕਣ ਨਾਲ ਇੰਜ ਪ੍ਰਤੀਤ ਹੋ ਰਿਹਾ ਸੀ ਕਿ ਬਿਜਲੀ ਰੂਪ ਤਲਵਾਰ ਲਿਸ਼ਕ ਰਹੀ ਹੈ। ਬੱਦਲ ਦਾ ਭਾਵ ਸੀ ਸ਼ਬਦ ਨੂੰ ਹਰ ਹਿਰਦੇ ਵਿਚ ਗੁੰਜਾਏਗਾ। ਬਾਬਾ ਜੀ ਲਈ ਪ੍ਰੇਰਨਾ ਦਾ ਸਮਾਂ ਸੀ। ਉਨ੍ਹਾਂ ਇਹ ਲੱਛਣ ਦੇਖ ਪ੍ਰਸੰਨ ਹੋ ਕਿਹਾ : ਹੋਇ ਹੈ ਨੰਦਨ ਬਲ ਕੀ ਰਾਸਿ। ਫਿਰ ਕਿਹਾ ਤਲਵਾਰ ਹੱਥ ਵਿਚ ਧਾਰਨ ਕਰੇਗਾ। ਅਨ੍ਹੇਰੇ ਨੂੰ ਦੂਰ ਕਰੇਗਾ। ਜ਼ਾਲਮਾਂ ਸਿਰ ਬਿਜਲੀ ਵਾਂਗ ਕੜਕ ਡਿੱਗੇਗਾ। ਫਿਰ ਪ੍ਰਸ਼ਾਦ ਪਾਉਣ ਵੇਲੇ ਬਾਬਾ ਜੀ ਗੰਢਾ ਤੋੜ ਕੇ ਕਹਿਣ ਲੱਗੇ, 'ਜਿਵੇਂ ਮੈਂ ਮੁੱਕੀ ਮਾਰ ਗੰਢਾ ਫੋੜਿਆ ਹੈ, ਇਵੇਂ ਤੇਰਾ ਬਾਲਕ ਮੁਗ਼ਲਾਂ ਦੇ ਸੀਸ ਭੰਨੇਗਾ।'

**'ਜਥਾ ਕੰਦਕ (ਗੰਢਾ) ਮੈਂ ਅਬ ਫੋਰੇ,**
**ਤਿਮ ਮੁਗਲਨ ਕੋ ਫੋਰਹਿ ਸੀਸ।'**

ਅਰਦਾਸ ਦੀ ਪੂਰਤੀ ਤੇ ਵਰ ਲੈ ਗੁਰੂ ਜੀ ਅਤੇ ਮਾਤਾ ਜੀ ਗੁਰੂ ਕੇ ਮਹਿਲ ਪਰਤੇ।

ਸਾਧਾਰਨ ਬੁੱਧੀ ਵਾਲੇ ਕਿੰਤੂ ਕਰਦੇ ਹਨ ਕਿ ਗੁਰੂ ਤਾਂ ਸਮਰੱਥ ਹੈ, ਉਸ ਨੂੰ ਕੀ ਪਈ ਸੀ ਇਕ ਸਿੱਖ ਦੇ ਪਾਸ ਜਾ ਅਰਦਾਸ ਕਰਾਉਣ ਦੀ? ਪਹਿਲੀ ਗੱਲ ਇਹ ਹੈ ਕਿ ਗੁਰੂ ਜੀ ਅਰਦਾਸ ਦੀ ਮਹੱਤਤਾ ਸਿੱਖ ਰਾਹੀਂ ਦ੍ਰਿੜ੍ਹਾ ਰਹੇ ਸਨ। ਬਾਬਾ ਬੁੱਢਾ ਜੀ ਨੂੰ ਮਿਲਣ ਵੇਲੇ ਹੀ ਇਹ ਬਚਨ ਕੀਤੇ ਸਨ :

**'ਸਿਖਨ ਮੈ ਮੁਖਿ, ਗੁਰੂ ਨਾਨਕ ਕੋ ਦੇਖਯੋ ਆਪ,**
**ਗੁਨ ਮੈਂ ਮਹਾਨ, ਸਮਾਨ ਆਨ ਹੈ ਨ ਤੇ।'**

ਦੂਜੇ, ਆਤਮ ਬਲ ਹਰ ਸਮੇਂ ਨਹੀਂ ਵਰਤਣਾ ਚਾਹੀਦਾ, ਇਸ ਦੀ ਸੋਝੀ ਵੀ ਗੁਰੂ ਜੀ ਦੇ ਰਹੇ ਸਨ।

ਬੰਸਾਵਲੀ ਨਾਮੇ ਨੇ ਠੀਕ ਲਿਖਿਆ ਹੈ ਕਿ ਸਿੱਖ ਨੂੰ ਅਮਰ ਮਾਣ ਦੇ ਰਹੇ ਸਨ ਤੇ ਆਪੂੰ ਨਿਰਮਾਣ ਹੋ ਦਿਖਾ ਰਹੇ ਸਨ। ਬਖ਼ਸ਼ਿਸ਼ ਉਨ੍ਹਾਂ ਦੀ ਆਪਣੀ ਹੀ ਸੀ।

---

1. ਰਾਸ ਤੀਜੀ, ਅੰਸ਼ ਤੀਜਾ।

Sri Satguru Jagjit Singh Ji eLibrary NamdhariElibrary@gmail.com

'ਦਿਤਾ ਆਪ ਦਰਗਾਹੋਂ,
ਮਰ ਸਾਧੂ ਤੋੜ ਲਾਇਆ। ੪੮।'

ਅੰਮ੍ਰਿਤਸਰ ਮੁੜਦੇ ਸਾਰ ਹੀ ਅਗਲੇ ਦਿਨ ਮਾਤਾ ਗੰਗਾ ਜੀ ਨੂੰ ਵਡਾਲੀ ਭੇਜ ਦਿੱਤਾ।

**ਵਡਾਲੀ ਡੇਰੇ**

ਉਹ ਜਾਣਦੇ ਸਨ ਕਿ **'ਜਿੱਥੇ ਦੁਬਿਧਾ ਉਥੇ ਕੇਹੀ ਖ਼ੈਰ।'** ਅੰਮ੍ਰਿਤਸਰ ਤੋਂ ਵਡਾਲੀ ਪੰਜ ਕੁ ਮੀਲ ਸੀ। ਘੁੱਗ ਵੱਸਦਾ ਅਤੇ ਖੁਸ਼ਹਾਲ ਪਿੰਡ ਸੀ। ਸਾਰੇ ਪਿੰਡ ਨਿਵਾਸੀ ਗੁਰੂ ਕੇ ਪ੍ਰੇਮੀ ਸਨ। ਇਕ ਵੱਡੀ ਹਵੇਲੀ ਖਾਲੀ ਕਰਾ ਕੇ ਮਾਤਾ ਗੰਗਾ ਜੀ ਦਾ ਡੇਰਾ ਕਰਵਾ ਦਿੱਤਾ। ਗੁਰੂ ਜੀ ਵੀ ਛੇਤੀ ਹੀ ਇੱਥੇ ਆ ਗਏ। ਸੰਗਤਾਂ ਵੀ ਇੱਥੇ ਹੀ ਪੁੱਜਣ ਲੱਗੀਆਂ। ਸੂਰਜ ਪ੍ਰਕਾਸ਼ ਦਾ ਕਹਿਣਾ ਹੈ ਕਿ ਪ੍ਰਿਥੀ ਚੰਦ ਹੁਣ ਵੱਡੀਆਂ ਸ਼ਰਾਰਤਾਂ ਕਰਨ ਲੱਗ ਪਿਆ ਸੀ, ਇਸ ਲਈ ਗੁਰੂ ਜੀ ਨੇ ਉਥੋਂ ਵਡਾਲੀ ਡੇਰਾ ਕਰਨਾ ਉਚਿਤ ਜਾਤਾ। ਗੁਰੂ ਜੀ ਦੇ ਨੇੜੇ ਹੀ ਡੇਰੇ ਲਾਉਣ ਕਾਰਨ ਅੰਮ੍ਰਿਤਸਰ ਨਗਰੀ ਸੁੰਨੀ-ਸੁੰਨੀ ਹੋ ਗਈ, ਪਰ ਜਿੱਥੇ ਵੀ ਗੁਰੂ ਜੀ ਜਾਣਗੇ ਸਰਬੱਤ ਦਾ ਭਲਾ ਹੀ ਸੋਚਣਗੇ। ਉਨ੍ਹਾਂ ਨੂੰ ਕਿਸੇ ਪਰਪੰਚ ਜਾਂ ਅਡੰਬਰ ਦੀ ਲੋੜ ਨਹੀਂ।

ਪਾਤਸ਼ਾਹ ਪੰਚਮ ਪ੍ਰਪੰਚ ਕੋ ਨ ਰੰਚ ਜਾਨੈ,
ਸੂਧੇ ਹੀ ਸੁਭਾਅ ਰਹੇ ਗ੍ਰਾਮ ਤਿਸ ਜਾਇ ਕਰ।
ਪਰਉਪਕਾਰ ਹੇਤ ਧਾਰਨ ਸਰੀਰ ਕਰਯੋ,
ਜਹਾਂ ਜਹੈ ਤਹਾ ਚਹੈ ਹਿਤ ਸਮੁਦਾਇ ਨਰ।

ਹਾੜ ਵਦੀ ਦੀ ਏਕਮ, ਸੰਮਤ 1652, ਮੁਤਾਬਿਕ 2 ਜੂਨ 1595 ਈ: ਨੂੰ ਗੁਰੂ ਹਰਿਗੋਬਿੰਦ

**ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼**

ਜੀ ਦਾ ਪ੍ਰਕਾਸ਼ ਹੋਇਆ। ਸਭ ਪਾਸੇ ਖੁਸ਼ੀਆਂ ਦਾ ਹੀ ਵਾਤਾਵਰਨ ਸੀ। ਇਤਨੀ ਖ਼ੁਸ਼ੀ ਮਨਾਈ ਗਈ ਕਿ ਹਰ ਘਰ ਨੇ ਬੰਦਨ ਮਾਲ ਬੰਨ੍ਹੀ। 'ਪੈ ਦਰ ਹੀ ਦਰ ਬੰਦਨ ਵਾਰੀ'। ਮਾਤਾ ਗੰਗਾ ਜੀ ਨੇ ਜੋ ਕੁਝ ਪਾਸ ਸੀ, ਸਭ ਵੰਡ ਦਿੱਤਾ। ਗਿਆਨੀ ਗਿਆਨ ਸਿੰਘ ਜੀ ਦਾ ਕਹਿਣਾ ਹੈ :

'ਸ੍ਰੀ ਮਾਤ ਗੰਗਾ ਪੁਸ਼ਾਕ ਏਕ ਅੰਗ ਰਹੀ।' ਗੁਰੂ ਅਰਜਨ ਦੇਵ ਜੀ ਨੇ ਸ਼ੁਕਰਾਨੇ ਦੇ ਸ਼ਬਦ ਕਹੇ ਕਿ ਇਹ ਸਭ ਗੁਰੂ ਨਾਨਕ ਦੀ ਬਖ਼ਸ਼ਿਸ਼ ਹੈ। ਉਸ ਨੇ ਦਾਤ ਬਖ਼ਸ਼ੀ ਹੈ। ਕਿਸੇ ਨੂੰ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ।

'ਗੁਝੀ ਛੰਨੀ ਨਾਹੀ ਬਾਤ।
ਗੁਰ ਨਾਨਕੁ ਤੁਠਾ ਕੀਨੀ ਦਾਤਿ।'[1]

ਫਿਰ ਬਾਲਕ ਨੂੰ ਗੋਦ ਲੈ, ਹਰਿਗੋਬਿੰਦ ਨਾਮ ਧਰਿਆ ਤੇ ਅਸੀਸ ਵਜੋਂ

'ਵਡੀ ਆਰਜਾ ਹਰਿ ਗੋਬਿੰਦ ਕੀ,
ਸੁਖ ਮੰਗਲ ਕਲਯਾਨ ਬੀਚਾਰਿਆ।'

ਦੇ ਸ਼ਬਦ ਉਚਾਰੇ। ਬਾਬਾ ਬੁੱਢਾ ਜੀ ਨੇ ਗੋਦ ਲੈ, ਜਿੱਥੇ ਚੁੰਮਿਆਂ ਉਥੇ ਇਹ ਬਚਨ ਵੀ

1. ਆਸਾ ਮਹਲਾ ੫

Sri Satguru Jagjit Singh Ji eLibrary NamdhariElibrary@gmail.com

ਕੀਤੇ ਕਿ ਇਹ ਦੁਸ਼ਟਾਂ ਨੂੰ ਪਛਾੜੇਗਾ, ਗੁਣਾਂ ਦਾ ਗਾਹਕ ਹੋਵੇਗਾ, ਧਰਤੀ ਦੀ ਰਾਖੀ ਲਈ ਸੂਰਮੇ ਨਾਲ ਰੱਖੇਗਾ ਅਤੇ ਆਪੂੰ ਮਹਾਨ ਬਲੀ ਹੋਵੇਗਾ।

**'ਦਾਹਕ ਦੁਸ਼ਟਨ, ਗਾਹਕ ਗੁਨ ਕੋ,**
**ਚਾਹਕ ਧਰਮ, ਸੁ ਬਾਹੁ ਜਵਾਨ।'**

ਇਲਾਕੇ ਵਾਲੇ ਪਾਣੀ ਦੀ ਥੁੜ ਮਹਿਸੂਸ ਕਰ ਰਹੇ ਸਨ। ਮਹਾਰਾਜ ਨੇ ਉਸੇ ਖ਼ੁਸ਼ੀ ਦੇ ਸ਼ੁਕਰਾਨੇ ਵਜੋਂ ਛਿਹਰਟਾ ਦੀ ਉਸਾਰੀ ਕਰਾਈ। ਬਾਲਕ ਦਾ ਜਨਮ ਸੁਣ ਕੇ ਸੰਗਤਾਂ ਖੁਰਾਸਾਨ, ਕਾਬਲ, ਪਿਸ਼ੌਰ, ਕਸ਼ਮੀਰ, ਧੰਨੀ ਪੋਠੋਹਾਰ, ਪਿੰਡੀ ਘੇਪ ਲੰਮੇ ਦੇਸ਼, ਬਲਖ਼ ਬੁਖ਼ਾਰਾ, ਮੁਲਤਾਨ, ਦਿੱਲੀ, ਆਗਰਾ ਅਤੇ ਢਾਕਾ ਤੋਂ ਵੀ ਵਡਾਲੀ ਆਈਆਂ। (ਗੁਰੂ) ਹਰਿਗੋਬਿੰਦ ਦਾ ਰੂਪ ਵੀ ਨਹੀਂ ਸੀ ਝੱਲਿਆ ਜਾਂਦਾ। ਪ੍ਰਿਥੀ ਚੰਦ ਜੀ ਵਧਾਈ ਦੇਣ ਤੱਕ ਨਾ ਆਏ ਪਰ ਮਹਾਰਾਜ ਜੀ ਨੇ ਕਦੇ ਅਦਬ ਨ ਛੱਡਿਆ।

**'ਸਾਹਿਬ ਵੱਡਾ ਭਾਈ ਜਾਣਕੇ ਰਖਣ ਅਦਬੁ।'**

# 7

# ਵਾਰ ਤੇ ਵਾਰ

(ਗੁਰੂ) ਹਰਿਗੋਬਿੰਦ ਜੀ ਦੇ ਪ੍ਰਕਾਸ਼ ਤੋਂ ਬਾਅਦ ਅਨੇਕਾਂ ਹੀ ਵਾਰ 'ਪ੍ਰਿਥੀ ਚੰਦ ਜੀ,

**ਮਨਸੂਬੇ ਤੇ ਹਮਲੇ**

ਪ੍ਰੋਹਿਤਾਂ, ਹਾਕਮਾਂ ਵਲੋਂ ਹੱਲੇ ਹੁੰਦੇ ਰਹੇ ਪਰ ਗੁਰੂ ਜੀ ਸ਼ੁਕਰ ਦੇ ਘਰ ਵਿਚ ਰਹੇ। ਉਨ੍ਹਾਂ ਦਾ ਹੱਲਿਆਂ ਵਿਚ ਵੀ ਇਹ ਹੀ ਉਚਾਰਨਾ ਸੀ : 'ਉਲਾਹਣੋ ਮੈ ਕਾਹੂ ਨ ਦੀਓ। ਮਨ ਮੀਠ ਤੁਮਾਰੋ ਕੀਓ।'

ਪ੍ਰਿਥੀ ਚੰਦ ਦਾ ਨਿਸ਼ਾਨਾ ਬਾਲਕ (ਗੁਰੂ) ਹਰਿਗੋਬਿੰਦ ਸੀ, ਪ੍ਰੋਹਿਤਾਂ ਦਾ ਨਿਸ਼ਾਨਾ ਹਰਿਮੰਦਰ ਸਾਹਿਬ ਸੀ, ਹਾਕਮਾਂ ਦਾ ਨਿਸ਼ਾਨਾ ਸੀ ਅੰਮ੍ਰਿਤਸਰ ਤੇ ਉਹ ਵਧਦੀ ਲਹਿਰ ਸੀ ਜਿਸ ਨੂੰ ਸਭ ਹਿੰਦੂ, ਸਿੱਖ, ਮੁਸਲਮਾਨ ਅਪਣਾ ਰਹੇ ਸਨ। ਗੁਰੂ ਅਰਜਨ ਦੇਵ ਜੀ ਨੇ ਸਭ ਸਾਜ਼ਿਸ਼ਾਂ, ਹਮਲਿਆਂ ਤੇ ਕੀਤੇ ਵਾਰਾਂ ਨੂੰ ਕਿਵੇਂ ਲਿਆ ਤੇ ਪਛਾੜਿਆ, ਉਸ ਦਾ ਵਿਸਥਾਰ ਦੇਣਾ ਕੁਥਾਂ ਨਹੀਂ ਹੋਵੇਗਾ।

ਭਾਈ ਕੇਸਰ ਸਿੰਘ ਨੇ ਬੰਸਾਵਲੀ ਨਾਮਾ ਵਿਚ ਢੁਕਵੀਂ ਟੂਕ ਦਿੱਤੀ ਹੈ ਕਿ 'ਗੁਰੂ ਦੇ

**ਦਾਈ ਫੱਤੋ ਨੂੰ ਲਾਲਚ ਦੇ ਪ੍ਰਿਥੀ ਚੰਦ ਦਾ ਭੇਜਣਾ**

ਘਰਿ ਸ਼ਾਦੀ (ਖ਼ੁਸ਼ੀ) ਪ੍ਰਿਥੀਏ ਦੇ ਘਰ ਧੋਖਾ।' ਪ੍ਰਿਥੀ ਚੰਦ ਨੇ ਇਕ ਦਾਈ, ਜਿਸ ਦਾ ਨਾਂ ਫੱਤੋ[1] ਕਰ ਕੇ ਲਿਖਿਆ ਹੈ, ਨੂੰ ਦੋ ਸੌ ਰੁਪਿਆ ਦੇ ਕੇ ਭੇਜਿਆ ਕਿ ਥਣਾਂ 'ਤੇ ਜ਼ਹਿਰ ਲਗਾ ਕੇ ਬਾਲਕ ਨੂੰ ਚੁੰਘਾਵੇ। ਲਾਲਚ ਪ੍ਰੇਰੀ ਨੇ ਥਣਾਂ 'ਤੇ ਲੇਪ ਪੋਚ ਲਿਆ ਤੇ ਚੰਗੇ ਸੁਥਰੇ ਕੱਪੜੇ ਪਾ ਕੇ ਵਡਾਲੀ ਆਈ। ਉਸ ਨੇ ਮਾਤਾ ਜੀ ਨਾਲ ਇਤਬਾਰ ਜਮਾ ਲਿਆ। ਮੁੜ-ਮੁੜ ਇਹ ਹੀ ਕਹਿੰਦੀ ਸੀ ਕਿ ਬਾਲਕ ਦਾ ਵਿਸਾਹ ਕੋਈ ਨਹੀਂ ਕਰਨਾ। ਬੜੀਆਂ ਮੰਦੀਆਂ ਖ਼ਾਹਿਸ਼ਾਂ ਪ੍ਰਿਥੀ ਚੰਦ ਰੱਖੀ ਬੈਠਾ ਹੈ। ਇਕ ਦਿਨ ਵੇਲਾ ਘੁਸਾ ਕੇ ਬਾਲਕ ਨੂੰ ਚੁੱਕ ਕੋਠੇ ਲੈ ਗਈ ਤੇ ਜ਼ਬਰਦਸਤੀ ਆਪਣੇ ਜ਼ਹਿਰੀਲੇ ਥਣ (ਗੁਰੂ) ਹਰਿਗੋਬਿੰਦ ਦੇ ਮੂੰਹ ਵਿਚ ਪਾਏ। ਉਹ ਅੱਗੋਂ ਨਹੁੰਦਰਾਂ ਤੇ ਧੱਪੇ ਮਾਰਨ। ਕੁਰਲਾਣ ਰੋਣ ਦੀ ਆਵਾਜ਼ ਸੁਣ ਮਾਤਾ ਜੀ ਤੇ ਹੋਰ ਸਿੱਖ ਉੱਤੇ ਆ ਗਏ। ਉਸ ਸਾਰੀ

---

1. ਦਾਈ ਫੱਤੋ ਨੂੰ ਦੇ ਸੌ ਰੁਪਿਆ ਕਾ ਟਿਕਾਣਾ ਮੇਖਾ।



Sri Satguru Jagjit Singh Ji eLibrary NamdhariElibrary@gmail.com

ਵਾਰਤਾ ਦੱਸ ਦਿੱਤੀ ਕਿ 'ਲੋਭ ਲਹਿਰ ਨੇ ਪ੍ਰੇਰਨ ਕੀਨਸ, ਮੈਂ ਆਈ ਸੁ ਮਨੋਰਥ ਧਾਰਿ।' ਗੁਰੂ ਅਰਜਨ ਜੀ ਨੂੰ ਜਦ ਇਸ ਘਟਨਾ ਤੇ ਕੀਤੇ ਵਾਰ ਦਾ ਪਤਾ ਲੱਗਾ ਤਾਂ ਉਨ੍ਹਾਂ ਇਹ ਬਚਨ ਕੀਤੇ : ਚਿੰਤਾ ਕਿਸੇ ਗੱਲ ਦੀ ਨਾ ਕਰੋ। ਪੂਰੇ ਗੁਰੂ ਨਾਨਕ ਦੇਵ ਜੀ ਨੂੰ ਸਿਮਰੋ ਜਿਨ੍ਹਾਂ ਹੱਥ ਦੇ ਬਾਲਕ ਨੂੰ ਰੱਖ ਲਿਆ ਹੈ। ਅੱਗੇ ਦਾ ਫ਼ਿਕਰ ਵੀ ਨਾ ਕਰੋ, ਜਿਸ ਹੁਣ ਰੱਖਿਆ ਹੈ, ਉਹ ਸਦਾ ਰੱਖੇਗਾ। ਸ਼ੁਕਰਾਨੇ ਦਾ ਸ਼ਬਦ ਉਚਾਰਿਆ :

**ਗੁਰ ਪੂਰੇ ਰਾਖਿਆ ਦੇ ਹਾਥ॥**
**ਪ੍ਰਗਟ ਭਇਆ ਜਨ ਕਾ ਪ੍ਰਤਾਪੁ॥**
**ਗੁਰ ਗੁਰ ਜਪੀ ਗੁਰੂ ਗੁਰ ਧਿਆਈ॥**
**ਜੀਅ ਕੀ ਅਰਦਾਸਿ ਗੁਰ ਪਹਿ ਪਾਈ॥ ਰਹਾਉ॥**

*(ਆਸਾ ਮਹਲਾ ੫)*

ਮਾਤਾ ਜੀ ਨੇ ਹੁਣ ਹੋਰ ਸੰਭਾਲ ਕਰਨੀ ਸ਼ੁਰੂ ਕਰ ਦਿੱਤੀ। ਆਪਣੀ ਹੱਥੀਂ ਹੀ ਖਵਾਂਦੇ, ਪੀਆਲਦੇ ਤੇ ਖਿਡਾਂਦੇ, ਪਰ ਗੁਰੂ ਜੀ ਹੁਣ ਫਿਰਨ ਦੌੜਨ ਲੱਗ ਪਏ ਸਨ। ਉਧਰ ਪ੍ਰਿਥੀ ਚੰਦ ਕਿਸੇ ਤਾਕ ਵਿਚ ਬੈਠਾ ਸੀ। ਉਸ ਨੇ ਇਕ ਸਪੇਰੇ ਨੂੰ ਤਿਆਰ ਕੀਤਾ ਕਿ ਤਮਾਸ਼ਾ ਦਿਖਾਲਣ ਦੇ ਬਹਾਨੇ ਵਡਾਲੀ ਜਾਵੇ ਤੇ ਪਟਾਰੀ ਵਿਚੋਂ ਜ਼ਹਿਰੀਲਾ ਸੱਪ ਬਾਲਕ 'ਤੇ ਛੱਡ ਦੇਵੇ। ਇਸ ਨੂੰ ਕਿਸੇ ਵਲੋਂ ਵਾਰ ਨਹੀਂ ਸਮਝਿਆ ਜਾਏਗਾ ਅਤੇ ਕੰਮ ਵੀ ਹੋ ਜਾਏਗਾ।

**ਸਪੇਰੇ ਦਾ ਜ਼ਹਿਰੀਲਾ ਸੱਪ ਛੱਡਣਾ**

ਸਪੇਰੇ ਨੇ ਆ ਕੇ ਪਿੜ ਬੱਧਾ। ਬੀਨ ਵਜਾਈ। ਸਾਰੇ ਤਮਾਸ਼ਾ ਦੇਖਣ ਜੁੜ ਬੈਠੇ। ਮੌਕਾ ਸੰਭਾਲ ਕੇ ਉਸ ਪਹਿਲਾਂ ਇਕ ਪਟਾਰੀ, ਫਿਰ ਦੂਜੀ ਤੇ ਫਿਰ ਤੀਜੀ ਖੋਲ੍ਹੀ। ਸੱਪ ਨੂੰ ਇਸ਼ਾਰੇ ਨਾਲ ਉਸ ਥਾਂ ਲੈ ਗਿਆ ਜਿੱਥੇ (ਗੁਰੂ) ਹਰਿਗੋਬਿੰਦ ਜੀ ਬੈਠੇ ਸਨ। ਜਦ ਜ਼ਹਿਰੀਲਾ ਸੱਪ (ਗੁਰੂ) ਹਰਿਗੋਬਿੰਦ ਜੀ ਵੱਲ ਵਧਿਆ ਅਤੇ ਡੰਗ ਮਾਰਨ ਲੱਗਾ ਤਾਂ ਉਨ੍ਹਾਂ ਸੱਪ ਦੀ ਸਿਰੀ ਪਕੜ ਲਈ। ਸਾਰੇ ਪਾਸੇ ਸ਼ੋਰ ਮੱਚ ਗਿਆ। ਸਪੇਰਾ ਵੀ ਡ਼ਾਡ਼ਾ ਹੋਇਆ ਕਦੇ ਇਧਰ ਕਦੇ ਉਧਰ ਫਿਰੇ। ਸਾਰੇ ਉੱਚੀ-ਉੱਚੀ ਕਹਿਣ ਕਿ ਸੱਪ ਛੱਡ ਦਿਓ ਪਰ ਮਹਾਰਾਜ ਨੇ ਐਸੀ ਸਿਰੀ ਪਕੜੀ ਕਿ ਉਸ ਦਾ ਸਿਰ ਜ਼ਮੀਨ 'ਤੇ ਰੱਖ ਕੇ ਫੇਹ ਦਿੱਤਾ ਅਤੇ ਸੱਪ ਵਲ਼ ਖਾ ਕੇ ਡਿੱਗ ਪਿਆ। ਫਿਰ ਪੂਛ ਤੋਂ ਪਕੜ ਕੇ ਦੂਰ ਸੁੱਟ ਦਿੱਤਾ।

**'ਸੀਸ ਦਬਾਇਕੈ ਫੇਸ ਦਿਯੋ,**
**ਬਹੁ ਦੀਰਘ ਸੋ ਉਲਟਯੋ ਬਲ ਖਾਏ।'**[1]

ਇਹ ਕੌਤਕ ਦੇਖ ਕੇ ਸਪੇਰਾ ਵੀ ਬੱਕ ਪਿਆ ਕਿ ਉਹ ਪ੍ਰਿਥੀ ਚੰਦ ਦਾ ਭੇਜਿਆ ਆਇਆ ਸੀ। ਸਾਰੇ ਇਹ ਹੀ ਕਹਿਣ ਕਿ ਬਾਲਕ ਬੜਾ ਪਰਤਾਪੀ ਹੈ, ਜਿਸ ਸੱਪ ਦਾ ਸਿਰ ਤੱਕ ਫੇਹ ਦਿੱਤਾ ਹੈ।

---

1. ਰਾਸ ੩, ਅੰਸ਼ ੮

Sri Satguru Jagjit Singh Ji eLibrary NamdhariElibrary@gmail.com

ਪ੍ਰਿਥੀ ਚੰਦ ਇਸੇ ਟੋਹ ਵਿਚ ਸੀ ਕਿ ਕੋਈ ਚਾਰਾ ਬਣੇ ਜਿਸ ਰਾਹੀਂ ਬਾਲਕ (ਗੁਰੂ) ਹਰਿਗੋਬਿੰਦ ਜੀ ਦੀ ਹਸਤੀ ਮਿਟੇ। ਉਹ ਸਦਾ ਕਹਿੰਦਾ ਰਹਿੰਦਾ ਸੀ ਕਿ ਜੰਮਦੇ ਬੂਟੇ ਨੂੰ ਉਖਾੜਨ ਲਈ ਕੋਈ ਬਹੁਤੀ ਤਾਕਤ ਦੀ ਲੋੜ ਨਹੀਂ ਪਰ ਜਦ ਬ੍ਰਿਛ ਬਣ ਜਾਏ ਫਿਰ ਲੱਖ ਜ਼ੋਰ ਨਾਲ ਵੀ ਪੁੱਟਿਆ ਨਹੀਂ ਜਾ ਸਕਦਾ।

**ਖਿਡਾਵੇ ਦਾ ਦਹੀਂ ਵਿਚ ਜ਼ਹਿਰ ਦੇਣ ਦਾ ਯਤਨ**

**ਲਘ ਦਰਖਤ ਜਬਿ ਉਗਤਿ ਹੈ ਬਲ ਅਲਪ ਉਖਾਰੇ।**
**ਗਾਢੋ ਹੋਵਹਿ ਮੂਲ ਤੇ ਨਰ ਲਗਿ ਤਬਿ ਹਾਰੇ।**

ਆਖ਼ਰ ਉਸ (ਗੁਰੂ) ਹਰਿਗੋਬਿੰਦ ਜੀ ਦੇ ਖਿਡਾਵੇ ਨੂੰ ਹੱਥੀਂ ਪਾ ਲਿਆ। ਉਹ ਇਕ ਦਿਨ ਬਾਲਕ ਹਰਿਗੋਬਿੰਦ ਨੂੰ ਨਵੇਕਲੇ ਲੈ ਗਿਆ ਤੇ ਜ਼ਹਿਰ ਰਲੀ ਦਹੀਂ ਖਵਾਵਨ ਦਾ ਜਤਨ ਕਰਨ ਲੱਗਾ। ਜਿਉਂ-ਜਿਉਂ ਉਹ ਜ਼ੋਰ ਨਾਲ ਦਹੀਂ ਖੁਆਉਣਾ ਚਾਹੇ, ਹਰਿਗੋਬਿੰਦ ਜੀ ਉਸ ਨੂੰ ਪਰ੍ਹਾਂ-ਪਰ੍ਹਾਂ ਕਰਨ। ਦੌੜ ਕੇ ਵੀ ਉਸ ਦੇ ਕਲਾਵੇ ਵਿਚੋਂ ਨਿਕਲਣ, ਪਰ ਉਹ ਫੇਰ ਫੜ ਕੇ ਦਹੀਂ ਮੂੰਹ ਪਾਉਣਾ ਚਾਹੇ। ਬ੍ਰਾਹਮਣ ਲਾਲ ਅੱਖਾਂ ਕਰ-ਕਰ ਕੇ ਗੁਰੂ ਜੀ ਨੂੰ ਡਰਾਵੇ ਵੀ ਪਰ ਉਹ ਨਾ ਡਰੇ। ਆਖ਼ਿਰ ਉਨ੍ਹਾਂ ਇਕ ਉੱਚੀ ਚੀਕ ਮਾਰੀ।

**'ਹਰਿ ਗੋਬਿੰਦ ਮੁਖ ਬਲ ਖਰੇ ਚਿੰਘਾਰ ਪੁਕਾਰੀ।'**

ਚੀਕ ਸੁਣ ਕੇ ਮਾਤਾ ਜੀ ਤੇ ਹੋਰ ਸਿੱਖ ਦੌੜੇ ਆਏ ਤੇ (ਗੁਰੂ) ਹਰਿਗੋਬਿੰਦ ਜੀ ਨੇ ਦੱਸਿਆ ਕਿ ਰੂਪਾ ਖਿਡਾਵਾ ਜ਼ਬਰਦਸਤੀ ਦਹੀਂ ਖਵਾਉਣਾ ਚਾਹੁੰਦਾ ਹੈ। ਉਸ ਵੇਲੇ ਦਹੀਂ ਦੀ ਬਾਟੀ ਸਮੇਤ ਬ੍ਰਾਹਮਣ ਨੂੰ ਪਕੜ ਲਿਆ ਗਿਆ। ਜਦ ਉਹ ਦਹੀਂ ਕੁੱਤੇ ਨੂੰ ਪਾਈ ਗਈ ਤਾਂ ਉਸ ਤੜਫ਼-ਤੜਫ਼ ਜਾਨ ਦਿੱਤੀ। ਉਧਰ ਦੇਖਦੇ ਹੀ ਦੇਖਦੇ ਬ੍ਰਾਹਮਣ ਨੂੰ ਐਸਾ ਢਿੱਡ ਵਿਚ ਸੂਲ ਪਿਆ ਕਿ ਆਖ਼ਰੀ ਦਮਾਂ 'ਤੇ ਹੋ ਗਿਆ। ਮਰਦੇ-ਮਰਦੇ ਦੱਸ ਗਿਆ ਕਿ ਉਸ ਇਹ ਕਾਰਾ ਲਾਲਚ ਵੱਸ ਕਰਨਾ ਚਾਹਿਆ ਸੀ ਅਤੇ ਪ੍ਰਿਥੀ ਚੰਦ ਨੇ ਕਿਹਾ ਸੀ।[1] ਗੁਰੂ ਜੀ ਨੇ ਇਹ ਸੁਣ ਕੇ ਕਿਹਾ : ਵੱਡਾ ਭਰਾ ਤਾਂ ਪਿਤਾ ਸਮਾਨ ਹੁੰਦਾ ਹੈ। ਉਨ੍ਹਾਂ ਨੂੰ ਕੀ ਹੋ ਗਿਆ ਹੈ। 'ਹੋਵਨ ਵਡੇ ਕਰਮ ਕਰਨ ਹੀਣਾ। ਲਾਜ ਨ ਜਹਾਨ ਕੀ, ਨ ਕੀਨਿ ਕੁਲ ਕਾਨ ਕੀ, ਰੀਤਿ ਦਯਾਵਾਨ ਕੀ, ਨ ਪਾਪ ਕੀ ਪਛਾਨ ਕੀ'। ਫਿਰ ਵੀ ਪ੍ਰਿਥੀ ਚੰਦ ਨੂੰ ਕੋਈ ਗਿਲਾ ਜਾਂ ਰੋਸ ਨ ਭੇਜਿਆ। ਸਿਰਫ਼ ਸ਼ੁਕਰਾਨੇ ਦਾ ਸ਼ਬਦ ਉਚਾਰਿਆ ਕਿ ਵਾਹਿਗੁਰੂ ਨੇ ਆਪ ਹੀ ਬਾਲਕ ਦੀ ਰੱਖਿਆ ਕੀਤੀ ਹੈ ਅਤੇ ਦੁਸ਼ਟ ਬ੍ਰਾਹਮਣ ਦੀ ਸੂਲ ਪੈਣ ਨਾਲ ਮੌਤ ਹੋ ਗਈ ਹੈ। ਪ੍ਰਭੂ ਮਾਤਾ-ਪਿਤਾ ਨੇ ਆਪਣੇ ਬੱਚੇ ਦੀ ਆਪ ਰਾਖੀ ਕੀਤੀ ਹੈ। ਨਿੰਦਕ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ।

**ਲੇਪ ਨ ਲਾਗੋ ਤਿਲ ਕਾ ਮੂਲਿ॥**
**ਦੁਸ਼ਟ ਬ੍ਰਾਹਮਣ ਮੂਆ ਹੁਇ ਕੈ ਸੂਲ॥**

---

1. ਤਾਂ ਉਸ ਪ੍ਰਗਟ ਆਖ ਸੁਣਾਇਆ।
ਸਾਹਿਬ ਪ੍ਰਿਥੀ ਨਾਥ ਮੈਥੋਂ ਮਹੁਰਾ ਦਿਵਾਇਆ। (ਬੰਸਾਵਲੀ ਨਾਮਾ)

Sri Satguru Jagjit Singh Ji eLibrary NamdhariElibrary@gmail.com

ਹਰਿ ਜਨਿ ਰਾਖੇ ਪਾਰਬ੍ਰਹਮ ਆਪਿ॥
ਪਾਪੀ ਮੂਆ ਗੁਰ ਪਰਤਾਪਿ॥ ੧॥ ਰਹਾਉ॥

(ਭੈਰਉ ਮਹਲਾ ੫)

ਸਾਰੇ ਕਹਿਣ ਲੱਗੇ ਕਿ ਇਸ ਵਾਰੀ ਫਿਰ 'ਸਾਹਿਬਜ਼ਾਦੇ ਅਜ਼ਮਤ ਬਲ ਤੇ ਆਪਨੋ ਆਪ ਬਚਾਅਹੁ ਚੀਨਿ।'

## ਹਾਣੀ ਰਾਹੀਂ ਹੱਲਾ

(ਗੁਰੂ) ਹਰਿਗੋਬਿੰਦ ਜੀ ਹੁਣ ਪੰਜ ਕੁ ਸਾਲਾਂ ਦੇ ਹੋ ਗਏ ਸਨ। ਹਾਣੀਆਂ ਨਾਲ ਖੇਡਦੇ ਕੁਸ਼ਤੀਆਂ ਘੁਲਦੇ ਤੇ ਹੋਰ ਬੀਰ ਰਸੀ ਖੇਡਾਂ ਪਾਂਦੇ। (ਗੁਰੂ) ਹਰਿਗੋਬਿੰਦ ਬਚਪਨ ਤੋਂ ਹੀ ਇਤਨੇ ਬਲਵਾਨ ਸਨ ਕਿ ਬਾਲਕ ਨੂੰ ਜੱਫੀ ਪਾ ਲੈਣ ਤਾਂ ਉਹ ਨਿਕਲ ਨਹੀਂ ਸੀ ਸਕਦਾ। ਬਾਹਾਂ ਨਾਲ ਚੁੱਕ ਕੇ ਭੁੰਜੇ ਸੁੱਟ ਦੇਣ ਦੀ ਸ਼ਕਤੀ ਆਪ ਵਿਚ ਸੀ। ਲੋਕੀਂ ਖੇਡਾਂ ਖੇਡਦੇ ਦੇਖ ਕਦੇ ਗੁਰੂ ਭਾਰੇ, ਅਜ਼ਮਤ ਵਾਲਾ, ਸੂਰ, ਬਡ, ਡੀਲ ਬਲਵਾਨ ਅਤੇ ਦੁਸ਼ਟਾਂ ਦੀ ਜੜ੍ਹ ਉਖੇੜਨ ਵਾਲਾ ਕਹਿੰਦੇ ਸਨ। ਪ੍ਰਿਥੀ ਚੰਦ ਦੇ ਜਦ ਸਾਰੇ ਬਾਹਰੋਂ ਕੀਤੇ ਵਾਰ ਅਕਾਰਥ ਗਏ ਤਾਂ ਉਸ ਗੁਰੂ ਨਾਲ ਖੇਡਦੇ ਇਕ ਹਾਣੀ ਦੇ ਬ੍ਰਾਹਮਣ ਚਾਚੇ ਨੂੰ ਲਾਲਚ ਦੇ ਕੇ ਮਨਾਇਆ ਕਿ ਉਸ ਦਾ ਲੜਕਾ ਰੋਜ਼ (ਗੁਰੂ) ਹਰਿਗੋਬਿੰਦ ਨਾਲ ਖੇਡਦਾ ਹੈ ਤੇ ਉਸ ਨੂੰ ਕੋਈ ਮਨਾਹੀ ਵੀ ਨਹੀਂ ਅਤੇ ਨਾ ਹੀ ਕੋਈ ਮਨ੍ਹਾ ਕਰਦਾ ਹੈ। ਸੋ ਜੇ ਲੜਕਾ ਮਹੁਰੇ ਦੀ ਬਣੀ ਮਠਿਆਈ ਆਪਣੇ ਹਾਣੀ (ਗੁਰੂ) ਹਰਿਗੋਬਿੰਦ ਨੂੰ ਖਵਾ ਦੇਵੇ ਤਾਂ ਕੋਈ ਪਤਾ ਵੀ ਨਹੀਂ ਲੱਗੇਗਾ। ਇਸ ਕਾਰਜ ਲਈ ਬੱਚੇ ਦੀ ਜੇਬ ਨੂੰ ਦੋ ਜੇਬਾਂ ਲਵਾ ਦਿੱਤੀਆਂ। ਇਕ ਬੋਝੇ ਮਹੁਰੇ ਦੀ ਤੇ ਇਕ ਬੋਝੇ ਚੰਗੀ ਮਠਿਆਈ ਪਾਈ ਗਈ। ਬੰਸਾਵਲੀ ਨਾਮੇ ਦੇ ਕਥਨ ਅਨੁਸਾਰ :

ਅਤੇ ਨੀਗਰ ਨੂੰ ਤਿਨ ਬੈਠ ਸਮਝਾਇਆ।
ਚੰਗੀ ਮਠਿਆਈ ਤੂੰ ਖਾਂਈ ਜੋ ਸੱਜੇ ਵੱਲ ਪਾਇਆ।
ਦੂਜੀ ਹਰਿਗੋਬਿੰਦ ਨੂੰ ਖਵਾਂਈ।
ਤੂੰ ਤੇ ਉਸ ਵਿਚੋਂ ਜ਼ਰਾ ਨ ਖਾਂਈ। ੬੦।[1]

ਬਾਲਕ, ਜਿਸ ਦਾ ਨਾਂ ਨੰਦ ਰਾਮ ਲਿਖਿਆ ਹੈ, ਨੂੰ ਦੋਵੇਂ ਖ਼ੂਬ ਸਮਝਾਂਦੇ ਰਹੇ। ਸ਼ਾਮ ਨੂੰ ਉਹ ਖੇਡਣ ਗਿਆ।

ਜਾਇ ਖੇਡੇ ਨਾਲ ਮਠਿਆਈ ਖਾਏ।
ਇਕ ਮੁਠ ਹਰਿ ਗੋਬਿੰਦ ਮੁਖ ਪਾਏ। ੬੧।
ਚੰਗੀ ਦੇਵੈ ਸਾਹਿਬ ਨੂੰ ਮੰਦੀ ਖਾਏ ਆਪੁ।

ਖਾਂਦੇ-ਖਾਂਦੇ ਹੀ ਉਹ ਗਿਰ ਪੜਿਆ ਤੇ ਚਾਚਾ ਚੁੱਕ ਕੇ ਲੈ ਗਿਆ। ਵਿਚਾਰੇ ਹਾਣੀ ਦੀ ਵੀ ਮੌਤ ਹੋ ਗਈ।

ਇਹ ਵੇਖ ਕਿ ਵਡਾਲੀ ਹਰ ਸਮੇਂ ਕੋਈ ਨਾ ਕੋਈ ਵਾਰ ਹੁੰਦਾ ਰਹਿੰਦਾ ਹੈ, ਗੁਰੂ ਜੀ ਬਾਲਕ ਹਰਿਗੋਬਿੰਦ ਨੂੰ ਅੰਮ੍ਰਿਤਸਰ ਲੈ ਆਏ। ਇਧਰ ਸੰਗਤਾਂ ਨੇ ਪ੍ਰਿਥੀ ਚੰਦ ਨੂੰ

1. ਬ੍ਰਿਤਾਂਤ ਗੁਰੂ ਅਰਜਨ ਦੇਵ ਜੀ, ਚਰਣ ਪੰਜਵਾਂ।

Sri Satguru Jagjit Singh Ji eLibrary NamdhariElibrary@gmail.com

ਇਤਨੀਆਂ ਫਿਟਕਾਰਾਂ ਪਾਈਆਂ ਸਨ ਕਿ ਉਹ ਆਪਣਾ ਡੇਰਾ ਚੁੱਕ ਕੇ ਆਪਣੇ ਸਹੁਰੇ ਪਿੰਡ ਹੇਹਰੀ[1] ਲੈ ਗਿਆ।

ਅੰਮ੍ਰਿਤਸਰ ਵਾਂਗ ਹੀ ਉਸ ਨੇ ਉਥੇ ਅੰਮ੍ਰਿਤਸਰ ਹਰਿਮੰਦਰ ਬਣਾਇਆ। ਗੱਦੀ ਵੀ ਲਗਾ ਕੇ ਬੈਠਦਾ ਪਰ ਸੰਗਤਾਂ ਕਿੱਥੋਂ ਲਿਆਵੇ। ਬਹੁਤ ਹੀ ਛਿੱਥਾ ਪਿਆ ਰਹੇ। ਆਖ਼ਰ ਉਸ ਨੇ ਸਰਕਾਰ ਨਾਲ ਗੰਢ-ਤਰੁੱਪ ਕਰਨ ਦੀ ਸੋਚੀ। ਲਾਹੌਰ ਅਕਬਰ ਦਾ ਡੇਰਾ ਸੀ ਤੇ ਉਸ ਦੇ ਕਈ ਅਹਿਲਕਾਰਾਂ ਨਾਲ ਉਸ ਨੇ ਬਣਾਉਣੀ ਅਰੰਭ ਕੀਤੀ। ਬੰਸਾਵਲੀ ਨਾਮੇ ਦੇ ਸ਼ਬਦਾਂ ਵਿਚ :

**ਚੋਰੀ ਚੋਰੀ ਨਾਲ ਉਨ੍ਹਾਂ ਦੇ ਸਲੂਕ ਠਹਿਰਾਇਆ।**
**ਨਾਲੇ ਪ੍ਰਿਥੀਏ ਹੋਰਾਂ ਵੱਢੀ ਦੇਣਾ ਭੀ ਕਰਾਇਆ।**

ਪੰਜਾਬ ਨੂੰ ਉਸ ਸਮੇਂ ਚੀਚਕ ਨੇ ਗ੍ਰਸਿਆ ਹੋਇਆ ਸੀ। ਗੁਰੂ ਅਰਜਨ ਦੇਵ ਜੀ ਪਿੰਡਾਂ ਵਿਚ ਜਾ ਜਾ ਦੁਖੀਆਂ ਦਾ ਦਰਦ ਵੰਡਾ ਰਹੇ ਸਨ। ਇਸ ਚੀਚਕ ਨੇ (ਗੁਰੂ) ਹਰਿਗੋਬਿੰਦ ਜੀ 'ਤੇ ਵੀ ਮਾਰੂ ਹੱਲਾ ਕੀਤਾ।

### ਸੀਤਲਾ ਤੇ ਰਖਿਆ ਬਿਹਾਰੀ

ਇਸ ਬੀਮਾਰੀ ਨਾਲ ਪਹਿਲਾਂ ਬੁਖ਼ਾਰ ਚੜ੍ਹਦਾ ਹੈ, ਫਿਰ ਮਰੀਜ਼ ਬੇ-ਸੁਰਤ ਹੋ ਜਾਂਦਾ ਹੈ। ਪਿੰਡਾ ਅੱਗ ਵਾਂਗ ਲਾਲ ਹੋ ਜਾਂਦਾ ਹੈ। ਫਿਰ ਸਰੀਰ ਫਲੂਹਾਂ ਨਾਲ ਭਰ ਜਾਂਦਾ ਹੈ। ਜਦ ਫਲੂਹਾਂ ਨਾਲ ਸਰੀਰ ਭਰ ਜਾਂਦਾ ਹੈ ਤਾਂ ਬੁਖ਼ਾਰ ਘਟਦਾ ਹੈ। ਮੂਰਖ ਲੋਕ ਇਸ ਨੂੰ ਬੀਮਾਰੀ ਨਾ ਕਹਿ ਕੇ ਮਾਤਾ ਕਹਿੰਦੇ ਹਨ। ਇਹ ਸਮਝਦੇ ਹਨ ਕਿ ਮਾਤਾ ਤਰੁੱਠੀ ਹੈ। ਬੱਚੇ ਪਾਸ ਸਗੋਂ ਗੀਤ ਗਾਏ ਜਾਂਦੇ ਹਨ, ਮਤਾਂ ਮਾਤਾ ਰੁੱਸ ਨਾ ਜਾਏ। ਸੀਤਲਾ ਦੇ ਮੰਦਰ ਹਰ ਪਿੰਡ ਹੁੰਦੇ ਹਨ। ਉਥੋਂ ਦੀ ਮਿੱਟੀ ਲਿਆ ਕੇ ਪਾਣੀ ਵਿਚ ਘੋਲ ਕੇ, ਘਾਹ ਦੀਆਂ ਤਿੜਾਂ ਨਾਲ ਫਲੂਹਾਂ 'ਤੇ ਛਿੜਕਦੇ ਹਨ। ਬੀਮਾਰ ਬੱਚੇ ਨੂੰ ਹੀ ਸੀਤਲਾ ਮੰਦਰ ਲੈ ਜਾਂਦੇ ਤੇ ਰਾਹ ਵਿਚ ਵੀ ਗੀਤ ਗਾਂਦੇ ਹਨ। ਬੱਚੇ ਦੀ ਪਰਕਰਮਾ ਕਰਾਂਦੇ ਹਨ ਤੇ ਮੌਲੀ, ਮੱਖਣ ਤੇ ਮਿੱਠੀ ਰੋਟੀ ਔਰਤਾਂ ਭੇਟਾ ਕਰਦੀਆਂ ਹਨ। ਉਥੋਂ ਲਾਗੇ ਛੱਪੜ ਦੀ ਮਿੱਟੀ ਲਿਆ ਕੇ ਘਾਹ ਦੀਆਂ ਤਿੜਾਂ ਨਾਲ ਫਿਰ ਕਈ ਦਿਨ ਛਿੜਕਦੇ ਰਹਿੰਦੇ ਹਨ। ਜੇ ਬੱਦਲ ਗਰਜਣ ਤਾਂ ਛੱਜ ਵਿਚ ਠੀਕਰੀਆਂ ਪਾ ਕੇ ਖੜਕਾਂਦੇ ਹਨ ਕਿ ਗਰਜ ਦੀ ਆਵਾਜ਼ ਮਾਤਾ ਜੀ ਦੇ ਕੰਨੀਂ ਨਾ ਪਵੇ।

ਜਦ (ਗੁਰੂ) ਹਰਿਗੋਬਿੰਦ ਜੀ ਨੂੰ ਬੀਮਾਰੀ ਨੇ ਜ਼ੋਰ ਪਾਇਆ ਤਾਂ ਕਈ ਔਰਤਾਂ ਨੇ ਵੀ ਸੀਤਲਾ ਦੀ ਪੂਜਾ ਕਰਨ ਲਈ ਕਿਹਾ। ਮਹਾਰਾਜ ਨੇ ਉਸ ਵੇਲੇ ਵੀ ਇਹ ਕਿਹਾ :

(ਗੁਰੂ) ਹਰਿਗੋਬਿੰਦ ਦਾ ਰਾਖਾ ਆਪ ਵਾਹਿਗੁਰੂ ਹੈ। ਸਿਰਫ਼ ਉਸ ਦਾ ਸਹਾਰਾ ਲਵੋ

---

1. ਹੇਹਰ ਲਾਹੌਰ ਜ਼ਿਲ੍ਹੇ ਵਿਚ ਹੈ। ਮੁਗ਼ਲ ਸਰਾਇ ਤੋਂ
ਬਰਕੀ ਬਾਣੇ ਤੇ ਕਰਥਾਠ ਤੇ ਹੇਹਰ ਪੁੱਜ ਜਾਈਦਾ ਹੈ।
ਛਾਂਗੇ ਮਾਂਗੇ ਤੋਂ ਵੀ ਰਾਹ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਜੋ ਸੁਖ ਦਾਤਾ ਹੈ ਤੇ ਦੁਖ-ਦਾਹਿਤ ਹੈ। ਬਚਨ ਸਨ :

**ਡਰੋ ਨ ਉਰ, ਬਾਲਕ ਕੇ ਰਖਵਾਰ ਰਮਾਪਤਿ।**
**ਆਸ ਕਰੋ ਪਰਮੇਸਰ ਕੀ, ਜਿਸ ਤੇ ਨਹਿ ਔਰ ਬਡੇ ਦੁਖ ਦਾਹਿਤ।**[1]

ਮਾਤਾ ਗੰਗਾ ਜੀ ਵੀ ਇਹ ਹੀ ਕਹਿੰਦੇ ਰਹਿੰਦੇ ਸਨ : 'ਸ੍ਰੀ ਗੁਰੂ ਨਾਨਕ ਨੰਦ ਬਚਾਇਆ'। ਜਦ ਰਤਾ ਵੀ ਘਰੋਂ ਘਬਰਾਹਟ ਦੀ ਸੋਅ ਆਈ ਤਾਂ ਗੁਰੂ ਜੀ ਇਹ ਹੀ ਕਹਿੰਦੇ ਹਨ :

**ਸੁਨਿ ਦੇਤਿ ਧੀਰ ਨਹਿ ਕਰਹੁ ਤ੍ਰਾਸ।**
**ਇਕ ਪਾਰਬ੍ਰਹਮ ਕੀ ਧਰਹੁ ਆਸ।**
**ਗੁਰ ਨਾਨਕ ਇਨਕੇ ਨਿਤ ਸਹਾਇ।**
**ਜਿਨ ਨਾਮ ਜਪੇ ਸਭ ਕਸ਼ਟ ਜਾਇ।**

ਜਦ ਮਹਾਂਦੇਵ ਜੀ ਹਾਲ ਪੁੱਛਣ ਆਉਂਦੇ ਹਨ ਤਾਂ ਵੀ ਗੁਰੂ ਜੀ ਨੇ ਇਹ ਹੀ ਕਿਹਾ :

**ਦੀਨਨ ਨਾਥ ਹੋਇ ਸਹਾਇ।**
**ਦ੍ਰਿਗ ਲਏ ਆਪ ਕਰ ਦੈ ਬਚਾਇ।**

ਬਾਬਾ ਪ੍ਰਿਥੀ ਚੰਦ ਵੀ ਆਏ ਲਿਖੇ ਹਨ ਪਰ ਉਸ ਸਮੇਂ ਵੀ ਗੁਰੂ ਕਹਯੋ :

**ਪ੍ਰਭ ਹੋਵਹਿ ਸਹਾਇ,**
**ਤੁਮਰੀ ਕ੍ਰਿਪਾ ਸੁ ਦੈ ਹੈ ਬਚਾਇ।**

ਸੋ ਕਿਸੇ ਦਾ ਇਹ ਲਿਖਣਾ ਫ਼ਜ਼ੂਲ ਹੈ ਕਿ (ਗੁਰੂ) ਹਰਿਗੋਬਿੰਦ ਜੀ ਨੂੰ ਸੀਤਲਾ ਦੇ ਮੰਦਰ ਲੈ ਗਏ। ਜਦ ਆਪ ਜੀ ਨਰੋਏ ਹੋਏ ਤਾਂ ਗੁਰੂ ਜੀ ਨੇ ਇਹ ਬਚਨ ਕੀਤੇ :

**ਸ੍ਰੀ ਨਾਨਕ ਗੁਰ ਦੇਵ ਨੇ ਕਰੇ ਸੁ ਨੈਨ ਪ੍ਰਕਾਸ਼।**
**ਰਛਾ ਕੀਨਿਸ ਹਾਥਿ ਦੈ ਲਖਿ ਪੂਰੀ ਮਮ ਆਸ।**[2]

ਇਕ ਗੱਲ ਹੋਰ, ਉਸ ਦਿਨ ਕੜਾਹ ਪ੍ਰਸ਼ਾਦਿ ਵਰਤਾਇਆ ਜਦ ਹਰਿਗੋਬਿੰਦ ਜੀ ਨੂੰ ਚੀਚਕ ਨਿਕਲੀ। 'ਕੀਨਸਿ ਕਰਾਹ ਤਹਿ ਬਾਂਟ ਦੀਨ।' ਇਹ ਸ਼ਬਦ ਆਪ ਕਵੀ ਸੰਤੋਖ ਸਿੰਘ ਜੀ ਨੇ ਲਿਖੇ ਹਨ ਤੇ ਹੋਰ ਜੋ ਕੁਝ ਲਿਖਿਆ ਗਿਆ ਹੈ ਇਹ ਪਿੱਛੋਂ ਪਾਇਆ ਗਿਆ ਹੈ। ਜਦ ਬੀਮਾਰੀ ਆਉਂਦੀ ਹੈ, ਉਸ ਸਮੇਂ ਕੜਾਹ ਪ੍ਰਸ਼ਾਦਿ ਤਾਂ ਇਕ ਪਾਸੇ ਗਰਮ ਸ਼ੈਅ ਵੀ ਨਹੀਂ ਵਰਤਦੇ। ਬੇਹੀਆਂ ਰੋਟੀਆਂ ਮਿੱਠੀਆਂ ਮੱਖਣ ਪਾ ਦੇਂਦੇ ਹਨ। ਚੌਲ ਵੀ ਬਹੇ ਕੰਜਕਾਂ ਨੂੰ ਦੇਂਦੇ ਹਨ। ਹੋਰ, ਸਿੱਖ ਘਰ ਵਿਚ ਦੇਵੀ ਦਾਸੀ ਹੈ। ਗੁਰੂ ਨਾਨਕ ਦੇ ਘਰ ਝਾੜੂ ਦੇਂਦੀ (ਗੁਰੂ) ਅੰਗਦ ਦੇਵ ਜੀ ਨੇ ਆਪ ਡਿੱਠੀ ਸੀ। ਗੁਰੂ ਹਰਿਗੋਬਿੰਦ ਦਾ ਇਕ ਸਿੱਖ, 'ਭੈਰਉ' ਤਾਂ ਦੇਵੀ ਦਾ ਨੱਕ ਵੀ ਵੱਢ ਆਇਆ ਸੀ ਤੇ ਪਕੜੇ ਜਾਣ 'ਤੇ ਕਿਹਾ ਸੀ, 'ਦੇਵੀ ਦੀ ਗਵਾਹੀ ਲਵੋ।' ਫਿਰ ਜੇ ਪੜਤਾਲ ਕਰੀਏ ਤਾਂ ਸਪੱਸ਼ਟ ਹੋ

---

1. ਰਾਸ ੩, ਅੰਸ਼ ੧੪
2. ਰਾਸ ਤੀਜੀ, ਅੰਸ਼ ੧੪

Sri Satguru Jagjit Singh Ji eLibrary NamdhariElibrary@gmail.com

ਜਾਏਗਾ ਕਿ ਇਹ ਦੁਰਗਿਆਣੇ ਦਾ ਤਾਲਾਬ, ਸ਼ਹਿਰ ਵੱਲ ਦੀ ਬਾਹੀ ਵੱਲ ਦੋ ਥੰਮ੍ਹਾਂ ਦੇ ਵਿਚਕਾਰ ਇਕ ਦੀਵਾਰ 'ਤੇ ਲੱਗੀ ਸਿਲ ਤੋਂ ਪਤਾ ਲਗਦਾ ਹੈ, ਪਹਿਲੀ ਮਾਘ, ਸੰਨ 1905 ਬਿਕਰਮੀ, ਹਿਜਰੀ 1265 ਨੂੰ ਬਣਿਆ ਹੈ। ਸੀਤਲਾ ਮੰਦਰ ਦੀ ਇਮਾਰਤ ਵੀ ਇਸ ਦੇ ਲਾਗੇ ਚਾਗੇ ਦੀ ਹੈ। ਇਸ ਹਿਸਾਬ ਨਾਲ ਇਹ ਤਾਲਾਬ ਸੰਨ 1848 ਅਤੇ ਮੰਦਰ ਕੁਝ ਚਿਰ ਪਹਿਲਾਂ ਬਣਿਆ। ਜਿਸ ਦਾ ਸ੍ਰੀ ਅੰਮ੍ਰਿਤਸਰ ਵੇਲੇ ਵਜੂਦ ਹੀ ਨਹੀਂ ਸੀ, ਉਸ ਵੱਲ ਜਾਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਇਹ ਦੁਰਗਿਆਣਾ ਦਾ ਪਦ ਵੀ ਸੰਨ 1848 ਤੋਂ ਬਾਅਦ ਹੀ ਵਰਤਿਆ ਜਾਣ ਲੱਗਾ ਸੀ।

ਪਰ ਸਭ ਤੋਂ ਵੱਡੀ ਗਵਾਹੀ, ਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਦਾ ਉਚਾਰਿਆ ਸ਼ਬਦ ਹੈ ਜਿਸ ਵਿਚ ਉਨ੍ਹਾਂ ਵਾਹਿਗੁਰੂ ਦਾ ਸ਼ੁਕਰ ਕੀਤਾ ਕਿ ਹਰਿਗੋਬਿੰਦ ਦੇ ਨੈਣ ਨਰੋਏ ਰਹੇ। ਕਿਸੇ ਭਰਮ, ਵਹਿਮ ਵਿਚ ਕੋਈ ਨਹੀਂ ਫਸਿਆ। ਮਾਲਕ ਨੇ ਆਪ ਹੀ ਸੀਤਲਾ ਤੋਂ ਰੱਖਿਆ ਕੀਤੀ। ਹਰ ਰੋਗ ਤੇ ਰੱਖਣਹਾਰ ਆਪ ਸਿਰਜਣਹਾਰ ਹੈ। ਦਵਾ-ਦਾਰੂ ਕਰਨਾ ਗ੍ਰਿਹਸਤੀ ਦਾ ਫ਼ਰਜ਼ ਹੈ। ਜਦੋਂ ਪ੍ਰਭੂ ਦੀ ਮਿਹਰ ਹੁੰਦੀ ਹੈ, ਦਵਾਈ ਕਾਟ ਕਰਦੀ ਹੈ। ਪੂਰਾ ਸ਼ਬਦ ਦੇਣਾ ਹੀ ਠੀਕ ਰਹੇਗਾ :

ਨੇਤ੍ਰ ਪਰਗਾਸੁ ਕੀਆ ਗੁਰਦੇਵ॥
ਭਰਮ ਗਏ ਪੂਰਨ ਭਈ ਸੇਵ॥ ੧॥ ਰਹਾਉ॥
ਸੀਤਲਾ ਤੇ ਰਖਿਆ ਬਿਹਾਰੀ॥
ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥ ੧॥
ਨਾਨਕ ਨਾਮੁ ਜਪੈ ਸੋ ਜੀਵੈ॥
ਸਾਧਸੰਗਿ ਹਰਿ ਅੰਮ੍ਰਿਤੁ ਪੀਵੈ॥ ੨॥ ੧੦੩॥ ੧੭੨॥

ਇਸੇ ਤਰ੍ਹਾਂ :

ਸਦਾ ਸਦਾ ਹਰਿ ਜਾਪੇ॥
ਪ੍ਰਭ ਬਾਲਕ ਰਾਖੇ ਆਪੇ॥
... ... ... ...
ਅਰਦਾਸਿ ਸੁਣੀ ਭਗਤ ਅਪਣੇ ਕੀ,
ਸਭ ਜੀਅ ਭਇਆ ਕਿਰਪਾਲਾ॥

ਦਾ ਸ਼ਬਦ ਵੀ ਉਚਾਰਿਆ ਤਾਂ ਕਿ ਅਸੀਂ ਕਦੀ ਵਹਿਮਾਂ-ਭਰਮਾਂ ਵਿਚ ਨਾ ਫਸੀਏ। ਰਾਜ ਭਾਵੇਂ ਅਕਬਰ ਦਾ ਹੀ ਸੀ ਪਰ ਪ੍ਰੋਹਿਤ ਆਪਣੇ ਹੱਕਾਂ ਦਾ ਮੁੱਕਦਾ ਦੇਖ ਸਹਾਰ ਨਹੀਂ ਸਕਦੇ ਸਨ। ਪ੍ਰੋਹਿਤਾਂ ਨੇ ਬ੍ਰਾਹਮਣ ਬੀਰਬਲ ਨੂੰ ਆਗਰੇ ਜਾ ਕੇ ਗੁਰੂ ਘਰ ਦਾ ਪ੍ਰੋਹਿਤਾਂ ਵਿਰੁੱਧ ਹੋਣਾ ਦੱਸਿਆ। ਇਹ ਯਾਦ ਰਹੇ ਕਿ ਗੁਰੂ ਘਰ ਕਿਸੇ ਪ੍ਰੋਹਿਤਵਾਦ ਨੂੰ ਨਹੀਂ ਮੰਨਦਾ।

**ਬੀਰਬਲ ਦੀ ਧਮਕੀ ਅਤੇ ਅੰਤ**

ਇਥੋਂ ਤੱਕ ਜਦ ਸ੍ਰੀ ਹਰਿਮੰਦਰ ਸਾਹਿਬ ਬਣ ਤਿਆਰ ਹੋ ਗਿਆ ਸੀ ਤਾਂ ਪ੍ਰੋਹਿਤਾਂ ਨੇ ਜ਼ਿੱਦ ਕੀਤੀ ਕਿ ਲੰਗਰ ਦਾ ਪਹਿਲਾ ਥਾਲ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਮਹਾਰਾਜ ਨੇ ਇਹ ਸੁਣ ਫ਼ਰਮਾਇਆ ਸੀ :

**ਹਮਾਰਾ ਪ੍ਰੋਹਿਤ ਭਾਈ ਬੰਨੋ।**
**ਸਾਧ ਸੰਗਤਿ ਤੁਮ ਸਤ ਕਰ ਮੰਨੋ।**

ਜਿਨ੍ਹਾਂ ਸੇਵਾ ਕੀਤੀ ਹੈ, ਗਾਰੇ ਬਣਾਏ ਹਨ, ਇੱਟਾਂ ਢੋਈਆਂ ਹਨ, ਪਿੱਠਾਂ 'ਤੇ ਪੰਡਾਂ ਚੁੱਕੀਆਂ ਹਨ, ਸਰੀਰਾਂ ਦੀ ਪ੍ਰਵਾਹ ਨਹੀਂ ਕੀਤੀ, ਉਹ ਹੀ ਪਹਿਲ ਦੇ ਹੱਕਦਾਰ ਹਨ। 'ਭਾਈ ਬਹਿਲੋ ਹੈ ਸਭ ਤੋਂ ਪਹਿਲੋਂ' ਕਹਿਣ ਦਾ ਗੁੱਝਾ ਭਾਵ ਪ੍ਰੋਹਿਤ ਸ਼੍ਰੇਣੀ 'ਤੇ ਹੀ ਸੱਟ ਸੀ।

ਬੀਰਬਲ ਨੇ ਭਰੋਸਾ ਦਿਲਵਾਇਆ ਸੀ ਕਿ ਜਦ ਉਹ ਲਾਹੌਰ ਵੱਲ ਆਇਆ, ਗੁਰੂ ਅਰਜਨ ਦੇਵ ਜੀ ਨੂੰ ਪੁੱਛੇਗਾ।

ਕਰਨਾ ਕਰਤਾਰ ਦਾ ਸਰਹੱਦ ਵਿਚ ਯੂਸਫ਼ਜ਼ਈਆਂ ਨੇ ਸ਼ੋਰਸ਼ ਖੜ੍ਹੀ ਕਰ ਦਿੱਤੀ। ਪਹਿਲਾਂ ਸ਼ੇਖ਼ ਫ਼ਰੀਦ ਬੁਖ਼ਾਰੀ ਗਿਆ, ਉਹ ਮਾਲ ਲੁੱਟ-ਪੁੱਟ ਕੇ ਵਾਪਸ ਆ ਗਿਆ। ਫਿਰ ਜ਼ੈਨ ਖ਼ਾਨ ਭੇਜਿਆ ਗਿਆ ਪਰ ਉਹ ਵੀ ਕਾਮਯਾਬ ਨਾ ਹੋਇਆ। ਅਬੁਲਫ਼ਜ਼ਲ ਤੇ ਬੀਰਬਲ ਦੇ ਨਾਂ ਦਾ ਪਾਸਾ ਸੁੱਟਿਆ ਗਿਆ। ਬੀਰਬਲ ਦਾ ਨਾਂ ਨਿਕਲਿਆ। ਹਕੀਮ ਅਬੁਲ ਫੱਤਾ ਤੇ ਬੀਰਬਲ ਮੁਹਿੰਮ 'ਤੇ ਚੜ੍ਹੇ।

ਅੰਮ੍ਰਿਤਸਰ ਬੀਰਬਲ ਪੁੱਜਾ ਤਾਂ ਉਸ ਧਮਕੀ ਤੇ ਰੋਅਬ ਭਰੀਆਂ ਗੱਲਾਂ ਕੀਤੀਆਂ। ਅੰਮ੍ਰਿਤਸਰ ਤੋਂ ਕਰ ਵੀ ਵਸੂਲ ਕਰਨਾ ਚਾਹਿਆ। ਗੁਰੂ ਜੀ ਨੇ ਠਰ੍ਹੰਮੇ ਨਾਲ ਕਿਹਾ ਇਹ ਟਿਕਾਣਾ ਕੋਈ ਵਪਾਰ ਜਾਂ ਕਸਬ ਦਾ ਨਹੀਂ। ਇਹ ਫ਼ਕੀਰੀ ਟਿਕਾਣਾ ਹੈ। ਕਰ ਦੀ ਵਸੂਲੀ ਅਤੇ ਜਬਰ ਜ਼ੋਰ ਦੀਆਂ ਗੱਲਾਂ ਫ਼ਾਲਤੂ ਹਨ ਤੇ ਸੋਭਦੀਆਂ ਨਹੀਂ। ਜਦ ਬੀਰਬਲ ਨੇ ਹਮਲਾ ਕਰਨ ਦੀ ਧਮਕੀ ਦਿੱਤੀ ਤਾਂ ਮਹਾਰਾਜ ਨੇ ਸਿਰਫ਼ ਇਤਨਾ ਹੀ ਕਿਹਾ : 'ਉਹ ਹੀ ਹੋਵੇਗਾ ਜੋ ਕਰਤਾਰ ਨੂੰ ਭਾਵੇ। ਉਹ ਨਹੀਂ ਹੋਵੇਗਾ ਜੋ ਉਹ ਚਾਹੁੰਦਾ ਹੈ ਕਿ ਨਾ ਹੋਵੇ।' ਬੀਰਬਲ ਨੂੰ ਉਧਰੋਂ ਹੁਕਮ ਆ ਰਹੇ ਸਨ ਕਿ ਛੇਤੀ ਕਾਬਲ ਪੁੱਜੋ। ਇਹ ਕਹਿ, 'ਮੁੜ ਕੇ ਸਿੱਝਾਂਗਾ', ਕੂਚ ਕਰ ਗਿਆ।

ਕਾਬਲ ਦੀ ਮੁਹਿੰਮ ਵਿਚ ਉਸ ਨੂੰ ਨਾਕਾਮਯਾਬੀ ਤਾਂ ਹੋਈ ਪਰ ਯੂਸਫ਼ਜ਼ਈਆਂ ਦੇ ਹੱਥੋਂ ਬੀਰਬਲ ਮਾਰਿਆ ਗਿਆ। ਜ਼ੈਨ ਖ਼ਾਨ ਵੀ ਮੁਸ਼ਕਲ ਨਾਲ ਜਾਨ ਬਚਾ ਕੇ ਆਇਆ।

## ਸੁਲਬੀ ਦਾ ਚੜ੍ਹ ਆਉਣਾ

ਅਕਬਰ ਨੇ ਆਪਣੀ ਰਾਜਧਾਨੀ ਕੁਝ ਚਿਰ ਲਈ ਆਗਰਾ 1586 ਈ: ਤੋਂ ਬਦਲ ਲਈ ਸੀ ਅਤੇ ਲਾਹੌਰ ਆਰਜ਼ੀ ਟਿਕਾਣਾ ਕਰ ਲਿਆ ਸੀ। 1598 ਤੱਕ ਉਸ ਲਾਹੌਰ ਨੂੰ ਹੀ ਰਾਜਧਾਨੀ ਰੱਖਿਆ। ਉਹ ਆਪ ਭਾਵੇਂ ਕਸ਼ਮੀਰ ਜਾਂ ਹੋਰ ਇਲਾਕਿਆਂ ਵਿਚ ਹੋ ਆਉਂਦਾ ਸੀ। ਅਹਿਲਕਾਰਾਂ ਦਾ ਉਸ ਨਾਲ ਹੋਣਾ ਕੁਦਰਤੀ ਸੀ। ਪ੍ਰਿਥੀ ਚੰਦ ਨੇ ਗੋਂਦਾਂ ਗੁੰਦਣੀਆਂ ਅਰੰਭ ਕਰ ਦਿੱਤੀਆਂ ਸਨ। ਹੁਣ ਉਹ ਸਰਕਾਰ ਦਾ ਰੁਹਬ ਗੁਰੂ ਜੀ ਨੂੰ ਦਿਖਾਂਦੇ ਸਨ। ਇਹ ਵੀ ਕਹਿੰਦੇ ਸਨ : 'ਪਾਤਸ਼ਾਹ ਪਹਿ ਕਰੋਂ ਪੁਕਾਰਨ ਗੁਰਤਾ ਲੇਵੋ ਤੂਰਨ ਛੀਨ।' ਗੁਰੂ ਨੂੰ ਹੁਣ ਆਰਾਮ ਨਾਲ ਨਹੀਂ ਰਹਿਣ ਦੇਵਾਂਗਾ। ਮਹਾਂਦੇਵ ਜੀ ਹੁਣ ਜਦ ਪ੍ਰਿਥੀ ਚੰਦ ਨੂੰ ਝਗੜੇ ਨਾ ਪਾਉਣ ਲਈ ਕਹਿੰਦੇ ਤਾਂ ਉਹ ਸਗੋਂ ਕਹਿੰਦੇ ਕਿ ਤੈਨੂੰ ਗੁਰੂ ਅਰਜਨ

Sri Satguru Jagjit Singh Ji eLibrary NamdhariElibrary@gmail.com

ਨੇ ਨਿੰਮ੍ਰਤਾ ਨਾਲ ਜਿੱਤ ਲਿਆ ਹੈ। 'ਤੁਝ ਪ੍ਰਸੰਨ ਕਰਿ ਦੇਤਿ ਨੰਮ੍ਰ ਹੁਇ।' ਭਾਈ ਗੁਰਦਾਸ ਜੀ ਨੂੰ ਵੀ ਜਦ ਪਤਾ ਲੱਗਿਆ ਕਿ ਉਹ ਤੁਰਕਾਂ ਦੀ ਸਹਾਇਤਾ ਮੰਗ ਰਿਹਾ ਹੈ ਤਾਂ ਉਨ੍ਹਾਂ ਵੀ ਕਿਹਾ ਕਿ ਤੁਰਕਾਂ ਦੀ ਸਹਾਇਤਾ ਮੰਗਣੀ ਸੋਭਦੀ ਨਹੀਂ।

**'ਨੀਕੋ ਨਹੀਂ, ਉਪਾਯੋ ਹੈ**
**ਢਿਗ ਤੁਰਕ ਪੁਕਾਰਾ।'**

ਸੂਰਜ ਪ੍ਰਕਾਸ਼ ਦਾ ਕਹਿਣਾ ਹੈ ਕਿ ਸਰਕਾਰ ਪਾਸ ਇਹ ਹੀ ਸ਼ਿਕਾਇਤ ਲੈ ਕੇ ਪ੍ਰਿਥੀ ਚੰਦ ਗਏ ਸਨ ਕਿ ਗੁਰੂ ਅਰਜਨ ਦੇਵ ਜੀ ਨਿਰਭੈ ਹੈ। 'ਨਹਿ ਜਾਨਹਿ ਕਾਹੂ ਸ਼ਾਹੀ।' ਡਰ ਵੀ ਲਾਹ ਸੁੱਟ ਦਿੱਤਾ ਸੂ।

**ਚਿਤ ਤੇ ਤੁਮਰੇ ਤ੍ਰਾਸ ਬਿਸਾਰਯੋ।**

ਬੰਸਾਵਲੀ ਨਾਮਾ ਵਾਲਾ ਵੀ ਆਖਦਾ ਹੈ ਕਿ :
'ਪ੍ਰਿਥੀ ਚੰਦ ਨੇ ਇਹ ਕੀਤੀ ਸਲਾਹ।
ਕਹੀਏ ਨਵਾਬ ਨੂੰ, ਏਹ (ਗੁਰੂ ਅਰਜਨ) ਆਖਦਾ ਹੈ ਸੱਚਾ ਪਾਤਸ਼ਾਹ।'

**ਬੰਦਾ ਹੋਇਕੈ ਖ਼ੁਦਾ ਅਖਾਇ।**
**ਤੁਸੀਂ ਉਸ ਨੂੰ ਪੁਛੋ ਸਦਿ ਮੰਗਾਇ।**
**ਇਹ ਨਿਤ ਮਨਸੂਬਾ ਲਾਹੌਰ ਵਿਚਿ ਕਰਨ।**

ਅਤੇ

**ਸਾਹਿਬ ਏਕੁ ਗੁਰੂ ਕੀ ਧਾਰਨ ਧਰਨ। ੮੫।'**[1]

ਗੁਰਬਿਲਾਸ ਪਾਤਸ਼ਾਹੀ ਛੇਵੀਂ ਦਾ ਕਹਿਣਾ ਹੈ ਕਿ ਉਹ ਦਿੱਲੀ ਤੁਹਫ਼ੇ, ਨਜ਼ਰਾਨੇਂ ਲੈ ਕੇ ਜਾ ਰਿਹਾ ਸੀ ਕਿ ਉਸ ਨੂੰ ਖ਼ਬਰ ਮਿਲੀ ਕਿ ਮੁਗ਼ਲ ਸਰਕਾਰ ਦਾ ਇਕ ਅਹਿਲਕਾਰ ਸੁਲਹੀ ਖ਼ਾਨ ਹਹੇਰੀ ਆ ਰਿਹਾ ਹੈ। ਪ੍ਰਿਥੀ ਚੰਦ ਉਸ ਪਾਸ ਪੁੱਜਾ। ਸਾਰੀ ਵਿਥਿਆ ਦੱਸੀ। ਜਾਣ ਪਹਿਚਾਣ ਤਾਂ ਲਾਹੌਰ ਤੋਂ ਹੈ ਹੀ ਸੀ। ਉਸ ਕਿਹਾ ਕਿ ਅਜੇ ਤਾਂ ਉਹ ਹੋਰ ਕਾਰਜਾਂ ਵਿਚ ਰੁੱਝਿਆ ਹੋਇਆ ਹੈ, ਪਰ ਆਪਣੇ ਭਤੀਜੇ ਸੁਲਬੀ ਖ਼ਾਨ ਨੂੰ ਸੁਨੇਹਾ ਭੇਜ ਕੇ ਅੰਮ੍ਰਿਤਸਰ ਘੱਲ ਦੇਵੇਗਾ। ਸੋ ਸੁਨੇਹਾ ਲੈ ਕੇ ਪ੍ਰਿਥੀ ਚੰਦ ਆਪ ਗਿਆ ਤੇ ਸੁਲਬੀ ਖ਼ਾਨ ਨੂੰ ਹੱਲਾ ਕਰਨ ਲਈ ਭੇਜਿਆ। ਉਸ ਨੇ ਚਾਲੇ ਪਾ ਦਿੱਤੇ। ਡੇਰਾ ਅਜੇ ਬਿਆਸ ਕਿਨਾਰੇ ਹੀ ਸੀ ਕਿ ਇਕ ਸੱਯਦ ਹਸਨ ਅਲੀ ਨਾਂ ਦੇ ਅਹਿਲਕਾਰ ਨਾਲ, ਜਿਸ ਨਾਲ ਉਸਦੀ ਤਨਖ਼ਾਹ ਨਾ ਦੇਣ ਕਾਰਨ ਵਿਗੜੀ ਹੋਈ ਸੀ, ਖੜਕ ਪਈ। ਹਸਨ ਅਲੀ ਨੇ ਮੰਗਾਲੀ ਪਾਈ ਅਤੇ ਝਗੜਾ ਲੜਾਈ ਬਣ ਗਿਆ। ਹਸਨ ਅਲੀ ਨੇ ਤਲਵਾਰ ਨਾਲ ਸੁਲਬੀ ਦਾ ਸਿਰ ਵੱਢ ਦਿੱਤਾ।

ਇਧਰ ਅੰਮ੍ਰਿਤਸਰ ਜਦ ਸੁਲਬੀ ਦੇ ਚੜ੍ਹ ਆਉਣ ਦੀ ਖ਼ਬਰ ਗੁਰੂ ਜੀ ਨੂੰ ਦਿੱਤੀ ਗਈ ਤਾਂ ਉਨ੍ਹਾਂ ਇਹ ਹੀ ਫ਼ਰਮਾਇਆ ਕਿ ਸਭ ਉਸ ਦੇ ਹੁਕਮ ਵਿਚ ਠੀਕ ਹੋਵੇਗਾ। ਸਾਡਾ ਤਾਣ-ਤਕੀਆ, ਮਾਨ-ਦੀਬਾਣ ਪ੍ਰਭੂ ਹੈ। ਸਾਡੇ ਕੋਲ ਦੋ ਐਸੇ ਹਥਿਆਰ ਹਨ ਜਿਸ

1. ਬ੍ਰਿਤਾਂਤ, ਗੁਰੂ ਅਰਜਨ ਦੇਵ ਜੀ, ਚਰਣ ਪੰਜਵਾਂ।

Sri Satguru Jagjit Singh Ji eLibrary NamdhariElibrary@gmail.com

ਅੱਗੇ ਕੋਈ ਵਿਕਾਰੀ ਟਿਕ ਨਹੀਂ ਸਕੇਗਾ। ਗ਼ਰੀਬ-ਗੁਰਜ ਤੇ ਸੰਗਤ ਦੀ ਧੂੜ ਖੰਡਾ ਹੈ।

ਗਰੀਬੀ ਗਦਾ ਹਮਾਰੀ।
ਖੰਨਾ ਸਗਨ ਰੇਨ ਛਾਰੀ।
ਇਸ ਆਗੈ ਕੋ ਨਾ ਟਿਕੈ ਵੇਕਾਰੀ।

ਸੁਲਬੀ ਦੀ ਮੌਤ ਸੁਣ ਕੇ ਵੀ ਆਪ ਉਸੇ ਹੀ ਰੰਗ ਵਿਚ ਰਹੇ। ਸੁਲਬੀ ਖ਼ਾਨ ਦਾ ਵਾਰ ਖ਼ਾਲੀ ਜਾਂਦਾ ਦੇਖ ਪ੍ਰਿਥੀ ਚੰਦ ਹੋਰ ਛਿੱਥਾ ਪਿਆ। ਉਸ ਨੇ ਸੁਲਹੀ ਖ਼ਾਨ ਨੂੰ ਆਪ ਹੱਲਾ ਕਰਨ ਲਈ ਮਨਾ ਲਿਆ। ਰਾਹ ਦਾ ਸਾਰਾ ਖ਼ਰਚਾ ਅਤੇ ਹੋਰ ਇਨਾਮ ਦੇਣਾ ਵੀ ਪ੍ਰਿਥੀ ਚੰਦ ਨੇ ਸਵੀਕਾਰ ਕਰ ਲਿਆ।

**ਸੁਲਹੀ ਕਾ ਹਾਥੁ ਕਹੀ ਨ ਪਹੁਚੈ**

ਗੁਰੂ ਜੀ ਨੂੰ ਸੂਹ ਮਿਲ ਗਈ ਸੀ ਕਿ ਸੁਲਹੀ ਖ਼ਾਨ ਹੁਣ ਤਕੜਾ ਹੱਲਾ ਬੋਲੇਗਾ। ਆਪ ਜੀ ਨੂੰ ਜਦ ਸੰਗਤਾਂ ਨੇ ਲਾਹੌਰ ਪੂਰੀ ਖ਼ਬਰ ਚਿੱਠੀ ਰਾਹੀਂ ਪਹੁੰਚਾਣ ਜਾਂ ਦੋ ਚਾਰ ਸਿਆਣੇ ਅਕਬਰ ਦੇ ਦਰਬਾਰ ਭੇਜਣ ਲਈ ਕਿਹਾ ਅਤੇ ਕੁਝ ਉਪਾਅ ਕਰਨ ਦੇ ਸੁਝਾਅ ਦਿੱਤੇ ਤਾਂ ਸਾਰਿਆਂ ਦਾ ਆਪ ਜੀ ਨੇ ਇਕ ਹੀ ਨਿਸ਼ਚੇ ਭਰਿਆ ਉੱਤਰ ਦਿੱਤਾ : 'ਮੈਂ ਸਭ ਕਿਛ ਛੋਡਿ ਪ੍ਰਭ ਤੁਹੀ ਧਿਆਇਆ' ਅਤੇ ਬਚਨ ਕੀਤਾ :

ਮਿਰਤੁ ਹਸੈ ਸਿਰ ਉਪਰੇ,
ਪਸੂਆ ਨਹੀਂ ਬੂਝੈ।

ਹਹੇਰੀ ਤੋਂ ਜਦ ਸੁਲਹੀ ਖ਼ਾਨ ਅੰਮ੍ਰਿਤਸਰ ਵੱਲ ਫ਼ੌਜਾਂ ਲੈ ਕੇ ਟੁਰਨ ਲੱਗਾ ਤਾਂ ਪ੍ਰਿਥੀ ਚੰਦ ਨੇ ਆਪਣੇ ਨਵੇਂ ਲਗਾਏ ਆਵੇ ਨੂੰ ਦੇਖਣ ਲਈ ਕਿਹਾ। ਉਸ ਹੰਕਾਰ ਵਿਚ ਹੀ ਘੋੜਾ ਉੱਚਾ ਚੜ੍ਹਾਉਣ ਲਈ ਅੱਡੀ ਲਗਾਈ। ਘੋੜਾ ਦੌੜ ਪਿਆ ਤੇ ਅੱਥਰਾ ਹੋ ਗਿਆ। ਆਵੇ ਦੀ ਬਨਾਵਟੀ ਦੀਵਾਰ ਤੋਂ ਉਛਲ ਕੇ ਆਵੇ ਵਿਚ ਹੀ ਜਾ ਪਿਆ। ਉੱਥੇ ਐਸੀ ਦੱਬੀ ਹੋਈ ਭੁੱਬਲ ਮਘ ਰਹੀ ਸੀ ਕਿ ਚੀਕਾਂ ਮਾਰਦੇ-ਮਾਰਦੇ ਸੁਲਹੀ ਦੇ ਸਵਾਸ ਨਿਕਲ ਗਏ। ਘੋੜੇ ਸਮੇਤ ਸਰੀਰ ਸੜ ਬਲ ਗਿਆ। ਗਿਆਨੀ ਗਿਆਨ ਸਿੰਘ ਜੀ ਦਾ ਕਹਿਣਾ ਹੈ ਕਿ ਜਦ ਘੋੜਾ ਦੁੜਾਇਆ ਤਾਂ ਇਕ ਪੰਛੀ ਉੱਡ ਕੇ ਘੋੜੇ ਵੱਲ ਨੱਸਿਆ ਤੇ ਘੋੜਾ ਤ੍ਰਬਕ ਪਿਆ ਤੇ ਰੋਕਿਆਂ ਵੀ ਨਾ ਰੁਕਿਆ ਤੇ ਭੱਠੇ ਵਿਚ ਸਵਾਰ ਸਮੇਤ ਜਾ ਪਿਆ।

'ਉਠਯੋ ਜਨਾਵਰ ਉਝਕ ਕਰਿ ਘੋੜਾ ਤਾਂਹਿ।
ਰੁਕਯੋ ਨ ਕਾਂਹਿ ਵਾਂਹਿ ਆਵੇ ਮਧ ਗੋਰਯੋ।

ਗੁਰੂ ਅਰਜਨ ਦੇਵ ਜੀ ਨੂੰ ਜਦ ਚੜ੍ਹੇ ਆਂਦੇ ਸੁਲਹੀ ਦੇ ਗਿਰ, ਸੜ ਜਾਣ ਦੀ ਖ਼ਬਰ ਪੁੱਜੀ ਤਾਂ ਸ਼ੁਕਰਾਨੇ ਦਾ ਸ਼ਬਦ ਉਚਾਰਿਆ ਕਿ :

ਪਾਰਬ੍ਰਹਮ ਪ੍ਰਭ ਭਏ ਦਇਆਲਾ
ਸਿਵ ਕੈ ਬਾਣਿ ਸਿਰ ਕਾਟਿਓ॥

ਅਤੇ

ਭਸਮਾ ਭੂਤ ਹੋਇਆ ਖਿਨ ਭੀਤਰਿ
ਅਪਣਾ ਕੀਆ ਪਾਇਆ॥

Sri Satguru Jagjit Singh Ji eLibrary NamdhariElibrary@gmail.com

ਫਿਰ ਇਕ ਹੋਰ ਸ਼ਬਦ ਵਿਚ ਹੋਛੇ ਹਥਿਆਰ ਵਰਤਣ ਵਾਲੇ ਦੇ ਹਸ਼ਰ ਦਾ ਜ਼ਿਕਰ ਵੀ ਕੀਤਾ। ਨਾਪਾਕ ਸ਼ਬਦ ਵਰਤਣ ਤੋਂ ਭਾਵ ਸੀ, ਮੁਸਲਮਾਨ ਦਾ ਸੜ ਜਾਣਾ ਉਨ੍ਹਾਂ ਦੀ ਰਹੁ-ਰੀਤ ਨਾਲ ਨਾਪਾਕ ਹੋਣਾ ਹੈ। ਉਹ ਦੀਨ ਤੋਂ ਵੀ ਗਿਆ ਅਤੇ ਦੁਨੀ ਤੋਂ ਵੀ। ਸ਼ਬਦ ਇਹ ਸੀ :

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨਾ ਪਹੁਚੈ,
ਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ ॥
ਕਾਢਿ ਕੁਠਾਰ ਖਸਮਿ ਸਿਰ ਕਾਟਿਆ,
ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ,
ਜਿਨਿ ਰਚਿਆ ਤਿਨਿ ਦੀਨਾ ਧਾਕੁ ॥ ੧ ॥
ਪੁਤਰ ਮੀਤ ਧਨੁ ਕਿਛੂ ਨ ਰਹਿਓ,
ਸੁ ਛੋਡਿ ਗਇਆ ਸਭ ਭਾਈ ਸਾਕੁ ॥
ਕਹੁ ਨਾਨਕ ਤਿਸ ਪ੍ਰਭ ਬਲਿਹਾਰੀ,
ਜਿਨ ਜਨ ਕਾ ਕੀਨੋ ਪੂਰਨ ਵਾਕੁ ॥

ਪ੍ਰੋਫ਼ੈਸਰ ਪੂਰਨ ਸਿੰਘ ਜੀ ਨੇ ਠੀਕ ਲਿਖਿਆ ਹੈ ਕਿ ਹੁਣ ਗੁਰੂ ਜੀ ਦੀ ਜ਼ਾਤ ਜਾਂ ਨਿੱਜ ਦੀ ਗੱਲ ਨਹੀਂ ਸੀ ਰਹੀ, ਇਹ ਸੰਗਤਿ ਤੇ ਪੰਥ ਦੀ ਗੱਲ ਸੀ।

Sri Satguru Jagjit Singh Ji eLibrary NamdhariElibrary@gmail.com

8

# ਲਾਹੌਰ ਫੇਰੀ, ਨਨਕਾਣਾ ਸਾਹਿਬ ਦਰਸ਼ਨ ਅਤੇ ਸ਼ਾਹ ਅਕਬਰ ਮੇਲ

ਗੁਰੂ-ਗੱਦੀ 'ਤੇ ਗੁਰੂ ਅਰਜਨ ਦੇਵ ਜੀ ਨੂੰ ਬਿਰਾਜਮਾਨ ਹੋਏ ਸਤਾਰਾਂ ਸਾਲ ਹੋ ਗਏ ਸਨ, ਪਰ ਉਹ ਲਾਹੌਰ ਨਾ ਜਾ ਸਕੇ। ਲਾਹੌਰ ਦੀਆਂ ਸੰਗਤਾਂ ਅਤੇ ਖ਼ਾਸ ਕਰ ਮੀਆਂ ਮੀਰ ਜੀ ਕਈ ਵਾਰੀ ਲਾਹੌਰ ਆਉਣ ਲਈ ਕਹਿ ਗਏ ਸਨ। ਤਾਇਆ ਸਿਹਾਰੀ ਮੱਲ ਤਾਂ ਨਿੱਤ ਹੀ ਬੇਨਤੀਆਂ ਭੇਜਦੇ ਸਨ, ਪਰ ਗੁਰੂ ਜੀ ਪੰਥ-ਉਸਾਰੀ ਵਿਚ ਐਸੇ ਰੁੱਝੇ ਹੋਏ ਸਨ ਕਿ ਜਾ ਨਾ ਸਕੇ। ਹੁਣ ਜਦ ਲਾਹੌਰ ਤੋਂ ਇਹ ਖ਼ਬਰਾਂ ਪੁੱਜੀਆਂ ਕਿ ਕਾਲ ਕਾਰਨ ਪਿੰਡ ਵਿਚ ਹਾਲਤ ਤਾਂ ਵਿਗੜੀ ਹੈ, ਪਰ ਲਾਹੌਰ ਇਕ ਸ਼ਮਸ਼ਾਨ-ਘਾਟ ਹੀ ਬਣ ਗਿਆ ਹੈ। ਆਪ ਜੀ ਨੇ ਤੁਰੰਤ ਲਾਹੌਰ ਜਾਣ ਦਾ ਫ਼ੈਸਲਾ ਕੀਤਾ। ਅਕਬਰ ਵੀ ਲਾਹੌਰ ਛੱਡ ਕਲਾਨੌਰ ਚਲਾ ਗਿਆ ਸੀ। ਸਮਕਾਲੀ ਇਤਿਹਾਸਕਾਰ ਨੂਰ-ਉਲ-ਹੱਕ ਨੇ ਲਿਖਿਆ ਹੈ ਕਿ ਭੁੱਖ ਤੇ ਬੀਮਾਰੀ ਕਾਰਨ ਮਰਨ ਵਾਲਿਆਂ ਨਾਲ ਲਾਹੌਰ ਸ਼ਹਿਰ ਦੀਆਂ ਗਲੀਆਂ ਅਤੇ ਬਾਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ। ਲਾਸ਼ਾਂ ਨੂੰ ਸ਼ਹਿਰ ਵਿਚੋਂ ਚੁੱਕ ਕੇ ਬਾਹਰ ਦੱਬਣ ਅਤੇ ਸਾੜਨ ਦਾ ਕੋਈ ਪ੍ਰਬੰਧ ਨਹੀਂ ਸੀ। ਇਤਨੀ ਭੈੜੀ ਹਾਲਤ ਹੋ ਗਈ ਸੀ ਕਿ ਅਕਬਰ ਵੀ ਮਜਬੂਰ ਹੋ ਗਿਆ।

### ਲਾਹੌਰ ਫੇਰੀ

ਲਾਹੌਰ ਪੁੱਜਦਿਆਂ ਹੀ ਗੁਰੂ ਜੀ ਨੇ ਲੰਗਰ ਲਗਾ ਦਿੱਤੇ। ਸਿੱਖਾਂ ਨੂੰ ਦੂਰ-ਦੁਰੇਡੇ ਸੁਨੇਹੇ ਭਿਜਵਾਏ ਕਿ ਦਸਵੰਧ ਦੀ ਰਕਮ ਛੇਤੀ ਲਾਹੌਰ ਭੇਜਣ। ਜੋ ਕੋਈ ਕੰਮ ਕਰ ਸਕਦੇ ਸਨ, ਉਨ੍ਹਾਂ ਲਈ ਬਾਉਲੀ ਸਾਹਿਬ ਤੇ ਜਨਮ ਅਸਥਾਨ ਗੁਰੂ ਰਾਮ ਦਾਸ ਜੀ ਦੇ ਨਵੇਂ ਸਿਰਿਓਂ ਉਸਾਰਨ ਦੀ ਵਿਉਂਤ ਬਣਾ ਲਈ। ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲਿਆ। ਗੁਰੂ ਜੀ ਆਪੂੰ ਜਾ ਜਾ ਲਾਸ਼ਾਂ ਚੁੱਕਦੇ, ਠਿਕਾਣੇ ਲਗਾਉਂਦੇ। ਲਾਹੌਰ ਲਈ ਗੁਰੂ ਜੀ ਨੂੰ ਦੁੱਖੜੇ ਸਹਿੰਦਾ ਦੇਖ ਲੋਕ ਧੰਨ ਗੁਰੂ ਅਰਜਨ, ਧੰਨ ਗੁਰੂ ਅਰਜਨ ਕਰ ਰਹੇ ਸਨ। ਅੱਠ ਮਹੀਨੇ ਗੁਰੂ ਜੀ ਲਾਹੌਰ ਰਹੇ। ਜਦ ਤੱਕ ਲਾਹੌਰ ਨੂੰ ਕਾਲ ਤੋਂ ਪੂਰੀ ਰਾਹਤ ਨਾ ਮਿਲੀ, ਹੋਰ ਕਿਧਰੇ ਨਾ ਗਏ।



Sri Satguru Jagjit Singh Ji eLibrary NamdhariElibrary@gmail.com

ਜਨਮ ਅਸਥਾਨ, ਡੱਬੀ ਬਾਜ਼ਾਰ ਦੇ ਬਾਉਲੀ ਸਾਹਿਬ ਦੀ ਉਸਾਰੀ ਦਾ ਪੂਰਾ ਕਾਰਜ ਆਪ ਜੀ ਨੇ ਭਾਈ ਕਰਮ ਚੰਦ ਤੇ ਭਾਈ ਧਰਮ ਚੰਦ ਜੀ ਨੂੰ ਸੌਂਪਿਆ ਹੋਇਆ ਸੀ। ਆਪ ਜੀ ਨੇ ਆਪਣਾ ਟਿਕਾਣਾ ਦੀਵਾਨ ਖ਼ਾਨਾ, ਜਿੱਥੇ ਪਿੱਛੋਂ, ਖ਼ੁਦਾ ਸਿੰਘ ਦੀ ਧਰਮਸਾਲ ਬਣੀ, ਰੱਖਿਆ।

### ਤਾਇਆ ਸਿਹਾਰੀ ਮੱਲ

ਭਾਈ ਗੁਰਦਾਸ ਜੀ ਨੇ ਭਾਈ ਸਿਹਾਰੀ ਮੱਲ ਨੂੰ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਦੀ ਸੂਚੀ ਵਿਚ ਲਿਖਿਆ ਹੈ। ਤਾਇਆ ਸਿਹਾਰੀ ਮੱਲ ਨੂੰ ਸੋਢੀ ਘਰ ਦਾ ਲਾਹੌਰ ਵਿਚ ਸਨਮੁੱਖ ਸਿੱਖ ਕਰ ਕੇ ਆਦਰ ਦਿੱਤਾ ਹੈ। ਇੱਥੋਂ ਇਹ ਪ੍ਰਤੀਤ ਹੋ ਜਾਏਗਾ ਕਿ ਸਿੱਖੀ ਵਿਚ ਸੰਸਾਰੀ ਰਿਸ਼ਤੇ ਨਹੀਂ ਹਨ, ਅਸਲ ਰਿਸ਼ਤਾ ਸਿੱਖੀ ਦਾ ਹੈ।

**ਸਨਮੁਖ ਸਿੱਖ ਲਾਹੌਰ ਵਿਚ, ਸੋਢੀ ਆਇਣ ਤਾਇਆ ਸਹਾਰੀ।[1]**

ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ (ਭਗਤ) ਅਕਰੂਰ ਦੀ ਨਿਆਈਂ ਰਿਦਾ ਉਨ੍ਹਾਂ ਦਾ ਭਗਤ ਹੈ ਸੀ। ਗੁਰੂ ਜੀ ਤੇ ਸੰਗਤਾਂ ਦੀ ਟਹਿਲ-ਸੇਵਾ ਕਰਕੇ ਖ਼ੁਸ਼ੀਆਂ ਪ੍ਰਾਪਤ ਕਰਦੇ। ਇਕ ਦਿਨ ਗੁਰੂ ਜੀ ਨੇ ਬਚਨ ਕੀਤਾ : 'ਤਾਇਆ ਜੀ ਅਸੀਂ ਰਿਸ਼ਤੇ ਵਿਚ ਤੁਹਾਡੇ ਭਤੀਜੇ ਲੱਗਦੇ ਹਾਂ, ਟਹਿਲ ਤਾਂ ਸਾਨੂੰ ਤੁਹਾਡੀ ਕਰਨੀ ਚਾਹੀਦੀ ਹੈ।' ਸਿਹਾਰੀ ਮੱਲ ਜੀ ਨੇ ਚਰਨ ਪਕੜ ਲਏ ਅਤੇ ਕਿਹਾ : 'ਤੁਸੀਂ ਮਹਾਂਪੁਰਖ ਹੋ। ਮੈਨੂੰ ਆਪਣੀ ਮਾਇਆ ਕਰ ਵੰਚ ਨਾਹੀ। ਸੰਸਾਰੀ ਰਿਸ਼ਤਿਆਂ ਦੀ ਦੀਵਾਰ ਪਾ ਕੇ ਗੁਰੂ ਸੇਵਾ ਤੋਂ ਹਟਕੋ ਨਾਹੀ। ਮੈਨੂੰ ਸਗੋਂ ਸਿੱਖੀ ਦਾ ਦਾਨ ਦਿਉ। ਸਿੱਖੀ ਜਿਹਾ ਹੋਰ ਕੋਈ ਮਰਾਤਬਾ ਨਹੀਂ।' ਗੁਰੂ ਜੀ ਨੇ ਨਿੰਮ੍ਰਤਾ ਦੇਖ ਕਿਹਾ :

ਤਾਇਆ ਜੀ, ਤੁਹਾਡਾ ਮਨ ਨੀਵਾਂ ਹੈ। ਤੁਹਾਨੂੰ ਸਿੱਖੀ ਦੀ ਦਾਤ ਪ੍ਰਾਪਤ ਹੈ।

### ਭਾਈ ਸਾਈਂ ਦਿੱਤਾ ਤੇ ਸੈਦੋ

ਭਾਈ ਸਾਈਂ ਦਿੱਤਾ ਤੇ ਸੈਦੋ ਲਾਹੌਰ ਦੇ ਹੀ ਵਸਨੀਕ ਸਨ। ਇਹ ਵੀ ਦਿਨ ਰਾਤ ਸੇਵਾ ਧਿਆਨ ਵਿਚ ਜੁਟੇ ਰਹਿੰਦੇ ਸਨ। ਭਾਈ ਗੁਰਦਾਸ ਜੀ ਨੇ ਇਨ੍ਹਾਂ ਦੋਹਾਂ ਨੂੰ 'ਸ਼ਬਦ ਵੀਚਾਰੀ' ਕਰਕੇ ਸਨਮਾਨਿਆ ਹੈ।

ਇਹ ਦੋਵੇਂ ਗੁਰੂ ਅਮਰ ਦਾਸ ਜੀ ਨੂੰ ਪਹਿਲਾਂ ਲਾਹੌਰ ਲੈ ਗਏ ਸਨ। ਇਨ੍ਹਾਂ ਦੀ ਸੇਵਾ ਤੋਂ ਖ਼ੁਸ਼ ਹੋ ਕੇ ਤੀਜੇ ਪਾਤਸ਼ਾਹ ਨੇ ਫ਼ਰਮਾਇਆ ਸੀ : ਕੁਝ ਮੰਗੋ! ਇਨ੍ਹਾਂ ਹੱਥ ਜੋੜ ਬੇਨਤੀ ਕੀਤੀ ਸੀ, ਗੁਰੂ ਨਾਨਕ ਦੇਵ ਜੀ ਲਾਹੌਰ ਨੂੰ 'ਜ਼ਹਿਰ ਕਹਿਰ' ਆਖ ਗਏ ਹਨ। ਅਸੀਂ ਲਾਹੌਰ ਦੇ ਹੀ ਵਸਨੀਕ ਹਾਂ, ਅਸੀਂ ਕਿਵੇਂ 'ਜ਼ਹਿਰ ਕਹਿਰ' ਤੋਂ ਬਚੀਏ। ਗੁਰੂ ਅਮਰ ਦਾਸ ਜੀ ਨੇ ਭਾਵ ਪੂਰਤ ਸਲੋਕ ਉਚਾਰਿਆ ਸੀ :

'ਲਾਹੌਰ ਸ਼ਹਿਰ ਅੰਮ੍ਰਿਤਸਰ ਸਿਫਤੀ ਦਾ ਘਰ'। ਉਨ੍ਹਾਂ ਦਾ ਭਾਵ ਸੀ ਕਿ ਜੋ ਵਸਦੇ ਜ਼ਹਿਰ ਕਹਿਰ ਵਿਚ ਸਿਫ਼ਤੀ ਦੇ ਘਰ ਚਲੇ ਜਾਂਦੇ ਹਨ ਉਹ ਅੰਮ੍ਰਿਤਸਰ ਦੇ ਹੀ ਵਾਸੀ

---

1. ਵਾਰ ਗਿਆਰਵੀਂ, ਪਉੜੀ ੨੫

Sri Satguru Jagjit Singh Ji eLibrary NamdhariElibrary@gmail.com

ਹਨ। ਜਿੱਥੇ ਸੰਗਤ ਹੋਵੇ ਉਥੇ ਅੰਮ੍ਰਿਤ ਵੇਲੇ ਜਾਣਾ। ਸ਼ਬਦ ਦੀ ਵੀਚਾਰ ਕਰਨੀ। ਸੈਦੋ ਨੂੰ ਉਚੇਚਾ ਬਚਨ ਕੀਤਾ : 'ਤੂੰ ਸ਼ਬਦਿ ਦੀ ਵੀਚਾਰ ਕੀਤਾ ਕਰ।' ਉਨ੍ਹਾਂ ਦੋਹਾਂ ਨੇ ਐਸਾ ਹੀ ਜੀਵਨ ਬਣਾ ਲਿਆ। ਹੁਣ ਜਦ ਗੁਰੂ ਅਰਜਨ ਜੀ ਦੀ ਸ਼ਰਨ ਆਏ ਤੇ ਕ੍ਰਿਪਾ ਦੀ ਦਾਤ ਮੰਗੀ ਤਾਂ ਮਹਾਰਾਜ ਨੇ ਕਿਹਾ : ਤੁਹਾਨੂੰ ਗਿਆਨ ਦ੍ਰਿੜ੍ਹ ਹੋਇਆ ਹੈ। ਹੋਰਨਾਂ ਨੂੰ ਵੀ ਕਰਾਓ।

**ਮੁਜੰਗਾਂ ਦੀ ਸੰਗਤ**

ਲਾਹੌਰ ਲਾਗੇ ਹੀ ਮੁਜੰਗ ਨਾਂ ਦੀ ਇਕ ਬਸਤੀ ਹੈ। ਇੱਥੇ ਹੀ ਪਿੱਛੋਂ ਗੁਰੂ ਹਰਿਗੋਬਿੰਦ ਜੀ ਨੇ ਆ ਕੇ ਆਸਨ ਲਗਾਏ ਸਨ। ਉਥੋਂ ਦੀ ਸੰਗਤਿ ਭਾਈ ਕਿਸ਼ਨਾ ਤੇ ਸੇਠ ਮੰਗੀਣਾ ਦੀ ਅਗਵਾਈ ਹੇਠ ਗੁਰੂ ਜੀ ਪਾਸ ਦੀਵਾਨ-ਖ਼ਾਨੇ ਦਰਸ਼ਨਾਂ ਨੂੰ ਆਈ ਤੇ ਬੇਨਤੀ ਕੀਤੀ ਕਿ ਉਥੇ ਮੁਜੰਗਾਂ ਦੇ ਵਸਨੀਕ ਗੁਰੂ ਨਿੰਦਿਆ ਕਰਦੇ ਹਨ, ਸਿੱਖਾਂ ਨੂੰ ਜਿੱਥੇ ਵੀ ਦੇਖਣ ਤੰਗ ਕਰਦੇ ਹਨ, ਸੋ ਕੋਈ ਐਸਾ ਆਪਣਾ ਸਿੱਖ ਉਸ ਇਲਾਕੇ ਵਿਚ ਪ੍ਰਚਾਰ ਹਿੱਤ ਭੇਜੋ ਕਿ 'ਦੁਸ਼ਟਾਂ' ਨੂੰ ਵੀ ਸਿੱਖੀ ਆਵੇ। ਗੁਰੂ ਪਾਤਸ਼ਾਹ ਜੀ ਨੇ ਭਗਤ ਭਾਨੂ ਜੀ ਨੂੰ ਉਥੇ ਜਾ ਕੇ ਪਰਚਾਰ ਕਰਨ ਲਈ ਹੁਕਮ ਦਿੱਤਾ। ਭਾਨੂ ਜੀ ਨੂੰ ਭਾਈ ਗੁਰਦਾਸ ਜੀ ਨੇ 'ਸ਼ਬਦ ਵੀਚਾਰੀ' ਕਰਕੇ ਲਿਖਿਆ ਹੈ। ਉਨ੍ਹਾਂ ਬਾਰੇ ਇਹ ਪ੍ਰਸਿੱਧ ਸੀ ਕਿ 'ਜੋ ਸ਼ਬਦ ਵਿਖੇ ਲਿਖਿਆ ਹੈ, ਪ੍ਰਿਥਮੈ ਆਪ ਕਮਾਵੈ, ਪਿੱਛੋਂ ਹੋਰਨਾਂ ਨੂੰ ਉਪਦੇਸ਼ ਕਰੇ। ਇਥੋਂ ਤੱਕ ਜੋ ਵੀ ਉਸ ਦੀ ਰਸਨਾ ਤੋਂ ਕਥਾ ਵਿਚਾਰ ਸੁਣੈ, ਸੋ ਭਗਤਿ ਨੂੰ ਪ੍ਰਾਪਤ ਹੋਵੇ।' ਭਾਈ ਭਾਨੂ ਜੀ ਦੇ ਮੁਜੰਗ ਪੁੱਜਦੇ ਹੀ ਲੋਕਾਂ ਦੇ ਸੁਭਾਅ ਤਬਦੀਲ ਹੋਣੇ ਸ਼ੁਰੂ ਹੋ ਗਏ। ਸਾਰੇ ਹੀ ਲੰਗਰ ਵਿਚ ਜੁੜਨ ਲੱਗ ਪਏ। ਸਾਰੀ ਮੁਜੰਗੀ ਹੀ ਗੁਰਮਤਿ ਨੂੰ ਪ੍ਰਾਪਤ ਹੋਈ। ਜੋ ਪਹਿਲਾਂ ਇਕ-ਦੂਜੇ ਨਾਲ ਖਹਿ-ਖਹਿ ਕਰਦੇ ਸਨ, ਵਢੂੰ-ਵਢੂੰ ਹੁੰਦੀ ਸੀ ਉਹ ਸਭ ਵੰਡਿ ਖਾਵਣ ਲੱਗੇ।

**ਐਸੋ ਕੌਣ ਬਲੀ ਰੇ**

ਭਾਈ ਕਲਿਆਨਾ ਜੀ, ਜੋ ਇਕ ਵੱਡੇ ਜੋਧੇ ਕਰਕੇ ਜਾਣੇ ਜਾਂਦੇ ਸਨ ਅਤੇ ਲਾਹੌਰ ਹੀ ਰਹਿੰਦੇ ਸਨ, ਗੁਰੂ ਚਰਨਾਂ ਵਿਚ ਹਾਜ਼ਰ ਹੋਏ। ਆਪਣੀ ਸੂਰਮਤਾਈ ਦਰਸਾਉਣ ਲਈ ਕਲਿਆਨਾ ਜੀ ਨੇ ਕਿਹਾ : 'ਮੇਰੇ ਵਿਚ ਇਤਨਾ ਬਾਹੂ ਬਲ ਹੈ ਕਿ ਦਲਾਂ ਵਿਚ ਜਾ ਜੂਝਦਾ ਹਾਂ ਅਤੇ ਰਣ ਤੱਤੇ ਤੋਂ ਵੀ ਨਹੀਂ ਘਬਰਾਉਂਦਾ। ਹਾਠਾਂ ਵਿਚ ਸ਼ਸਤਰ ਚਲਾ ਕੇ ਫਿਰ ਆਪਣੇ ਦਲ ਆ ਮਿਲਦਾ ਹਾਂ।' ਇਹ ਸੁਣ ਕੇ ਮਹਾਰਾਜ ਨੇ ਬਚਨ ਕੀਤਾ : 'ਆਸਾਨ ਹੈ ਇਨ੍ਹਾਂ ਹਾਠਾਂ ਵਿਚ ਸ਼ਸਤਰ ਚਲਾਉਣ। ਪਰ ਜੋ ਅਗਿਆਨ ਦੀ ਹਾਠ ਹੈ, ਕਾਮ, ਕ੍ਰੋਧ, ਲੋਭ, ਮੋਹ ਦੀ ਫ਼ੌਜ ਹੈ, ਇਨ੍ਹਾਂ ਵਿਚੋਂ ਜੋ ਗੁਰੂ ਦਾ ਸ਼ਬਦ ਵਾਹਿਕੈ ਨਿਕਲਦਾ ਹੈ, ਸੋ ਅਸਲ ਸੂਰਮਾ ਹੈ।' ਜਦ ਭਾਈ ਕਲਿਆਨਾ ਨੇ ਪੁੱਛਿਆ ਕਿ ਇਨ੍ਹਾਂ ਹਾਠਾਂ ਤੋਂ ਨਿਕਲਣ ਲਈ ਕਿਹੜੇ ਹਥਿਆਰ ਵਰਤਣੇ, ਰੱਖਣੇ ਅਤੇ ਪਹਿਨਣੇ ਲਾਜ਼ਮੀ ਹਨ ਤਾਂ ਮਹਾਰਾਜ ਨੇ ਫ਼ਰਮਾਇਆ ਕਿ ਨਿੰਮ੍ਰਤਾ ਦੀ ਸੰਜੋਅ ਪਹਿਨੇ (ਸੰਨਾਹਂ ਤਨਿ ਨਿਮ੍ਰਤਾਹ), ਸਾਧ ਸੰਗਤਿ ਦੀ ਸੈਨਾ (ਸੈਨਾ ਸਾਧ ਸਮੂਹ), ਸਿਮਰਨ ਦਾ ਸ਼ਸਤਰ (ਆਵਧਹ ਗੁਣ ਗੋਬਿੰਦ ਰਮਣੰ) ਅਤੇ ਢਾਲ ਗੁਰ ਸ਼ਬਦ (ਓਟ ਗੁਰੂ ਸ਼ਬਦ ਚਰਮਣਹ) ਰੱਖੇ। ਜੋ ਐਸੇ ਹਥਿਆਰਾਂ ਨਾਲ ਜੂਝਦਾ ਹੈ, ਉਹ ਕਦੇ ਹਾਰ ਨਹੀਂ ਖਾਂਦਾ।

Sri Satguru Jagjit Singh Ji eLibrary NamdhariElibrary@gmail.com

ਮੀਆਂ ਮੀਰ ਤਕਰੀਬਨ ਰੋਜ਼ ਹੀ ਸੰਗਤ ਵਿਚ ਆਉਂਦੇ ਸਨ। ਗੁਰੂ ਜੀ ਵੀ ਉਨ੍ਹਾਂ ਦੇ ਡੇਰੇ ਹੋ ਆਉਂਦੇ ਸਨ। ਐਸਾ ਪਿਆਰ ਪਿਆ ਕਿ ਸਭ ਫ਼ਕੀਰਾਂ, ਪੀਰਾਂ, ਸਿਲਸਲਿਆਂ ਨੇ ਵੀ ਸੰਗਤ ਕਰਨੀ ਸ਼ੁਰੂ ਕਰ ਦਿੱਤੀ। ਬਹੁਚ ਚਰਚਾ ਹੁੰਦੀ। ਸਾਰੇ ਰੌਸ਼ਨੀ ਲੈ ਮੁੜਦੇ। ਸਿੱਖ ਇਤਿਹਾਸ ਨੇ ਸੁਲੇਮਾਨ ਭੀਲੇਵਾਲੀਆ, ਸ਼ੇਖ਼ ਭਲੀ ਸ਼ਾਹ, ਸ਼ਾਹ ਅਨਾਇਤ ਕਾਦਰੀ ਅਤੇ ਸ਼ਾਹ ਹੁਸੈਨ ਦਾ ਉਚੇਚਾ ਜ਼ਿਕਰ ਕੀਤਾ। ਭਗਤ ਸ਼ੰਭੂ ਨਾਥ, ਰਾਮ ਦਾਸ, ਛੱਜੂ ਤੇ ਪੀਲੂ ਵੀ ਦਰਸ਼ਨ ਨੂੰ ਆਏ ਸਨ। ਆਪ ਜੀ ਦਾ ਅਮਲੀ ਜੀਵਨ ਤੇ ਫਿਰ ਹਰ ਵੇਲੇ ਲੋਕ ਭਲਾਈ ਦੇ ਕੰਮਾਂ ਵਿਚ ਜੁਟਿਆ ਦੇਖ ਸਾਰੇ ਸਿਰ ਝੁਕਾਂਦੇ। ਫਿਰ ਜਦ ਦੇਖਦੇ ਇਨ੍ਹਾਂ ਨੂੰ ਕਿਸੇ ਦੀ ਮੁਹਤਾਜੀ ਨਹੀਂ ਅਤੇ ਨਾ ਹੀ ਪਰਵਾਹ ਹੈ ਤਾਂ ਹੋਰ ਪ੍ਰਸੰਨ ਹੁੰਦੇ। ਨਾਜ਼ਮ ਤਾਹਰ ਬੇਗ ਤੇ ਫ਼ੌਜਦਾਰ ਸ਼ਾਹ ਹੁਸੈਨ ਖ਼ਾਨ ਆਪੂੰ ਸ਼ੁਕਰੀਆ ਕਰਨ ਵੀ ਆਏ ਸਨ। ਉਨ੍ਹਾਂ ਨੂੰ ਮਹਾਰਾਜ ਨੇ ਜਿੱਥੇ ਹਰ ਇਕ ਨਾਲ ਨਿਆਂ ਕਰਨ ਦਾ ਉਪਦੇਸ਼ ਦਿੱਤਾ, ਉਥੇ ਹਰ ਗ਼ਰੀਬ ਦੀ ਸਹਾਇਤਾ ਕਰਨਾ ਹੁਕਮਰਾਨ ਦਾ ਫ਼ਰਜ਼ ਦਰਸਾਇਆ।

**ਮੀਆਂ ਮੀਰ ਜੀ ਤੇ ਹੋਰ ਫ਼ਕੀਰਾਂ ਦਾ ਆਉਣਾ**

ਇਕ ਵਾਰੀ ਵਜ਼ੀਰ ਖ਼ਾਨ ਆਪਣੇ ਧਿਆਨ ਲੰਘ ਰਹੇ ਸਨ ਕਿ ਉਨ੍ਹਾਂ ਦੇ ਕੰਨੀਂ ਭਾਈ ਭਾਨੂ ਦੇ ਘਰੋਂ ਸੁਖਮਨੀ ਸਾਹਿਬ ਦੀ ਉੱਚੀ ਆਵਾਜ਼ ਨਾਲ ਪੜ੍ਹੀ ਜਾਂਦੀ ਸੁਖਮਨੀ ਸਾਹਿਬ ਦੀਆਂ ਕੁਝ ਤੁਕਾਂ ਪਈਆਂ। ਵਜ਼ੀਰ ਖ਼ਾਨ ਨੂੰ ਐਸੀ ਠੰਢ ਪਈ ਕਿ ਉਹ ਪਰਤ ਕੇ ਸੁਣਨ ਆਇਆ। ਗਿਆਨੀ ਗਿਆਨ ਸਿੰਘ ਜੀ ਦਾ ਕਹਿਣਾ ਹੈ ਕਿ ਸੁਖਮਨੀ ਸੁਣੇ ਬਗ਼ੈਰ ਪ੍ਰਸ਼ਾਦਿ ਮੂੰਹ ਵਿਚ ਨਹੀਂ ਸੀ ਪਾਉਂਦਾ ਅਤੇ ਆਪਣੇ-ਆਪ ਨੂੰ ਖ਼ਾਦਮ ਗੁਰੂ ਦਾ ਕਹਿੰਦਾ ਸੀ। 'ਸੁਣੈ ਸੁਖਮਨੀ ਛਕੇ ਪ੍ਰਸ਼ਾਦ।' ਆਪ ਉਹ ਭਾਵੇਂ ਪ੍ਰਸਿੱਧ ਹਕੀਮ ਸਨ ਪਰ ਜਲੋਧਰ ਦੀ ਬੀਮਾਰੀ ਨੇ ਐਸਾ ਗ੍ਰਸਿਆ ਹੋਇਆ ਸੀ ਕਿ ਕਈ ਇਲਾਜ ਕਰਨ 'ਤੇ ਵੀ ਰਾਸ ਨਹੀਂ ਸੀ ਆਉਂਦੀ। ਭਾਈ ਭਾਨੂ ਜੀ ਕੋਲੋਂ ਹੀ ਪੁੱਛ ਕੇ ਉਹ ਸ੍ਰੀ ਅੰਮ੍ਰਿਤਸਰ ਆਇਆ ਤੇ ਅੱਗੇ ਬਾਬਾ ਬੁੱਢਾ ਜੀ ਨਾਲ ਮੇਲ ਹੋਇਆ ਜੋ ਕਾਰ ਕਢਵਾ ਰਹੇ ਸਨ। ਜਦ ਵਜ਼ੀਰ ਖ਼ਾਨ ਨੇ ਆਪਣਾ ਰੋਗ ਦੱਸਿਆ ਤਾਂ ਬਾਬਾ ਜੀ ਨੇ ਉਸ ਨੂੰ ਪੇਟ ਭਾਰ ਲੇਟਣ ਲਈ ਕਿਹਾ ਅਤੇ ਕਾਰ ਦੀ ਤਗਾਰੀ ਇਸ ਤਰ੍ਹਾਂ ਉਸ 'ਤੇ ਸੁੱਟੀ ਕਿ ਉਹ ਨਰੋਆ ਹੋ ਕੇ ਗੁਰੂ ਜੀ ਪਾਸ ਆਇਆ। ਹੁਣ ਗੁਰੂ ਜੀ ਦਾ ਲਾਹੌਰ ਆਉਣਾ ਸੁਣ ਕੇ ਦਰਸ਼ਨਾਂ ਲਈ ਪੁੱਜਾ। ਮਹਾਰਾਜ ਨੇ ਜਿੱਥੇ ਉਸ ਦੀ ਹਲੀਮੀ ਦੀ ਸਿਫ਼ਤ ਕੀਤੀ, ਉਥੇ ਦਰਵੇਸ਼ੀ ਦਾ ਗੁਣ 'ਹੋਇ ਪੈਖਾਕ ਫ਼ਕੀਰ ਮੁਸਾਫ਼ਰ ਇਹੁ ਦਰਵੇਸ਼ ਕਬੂਲ ਦਰਾ' ਦੱਸਿਆ। ਪਾਕ ਉਹ ਹੀ ਹੈ ਜਿਸ ਦਾ ਸੱਚ ਵਿਚ ਨਿਵਾਸ ਹੈ ਤੇ ਯਕੀਨ ਪੱਕਾ ਹੈ। ਉਹ ਕਦੇ ਨਹੀਂ ਮਰਦਾ ਜੋ ਮਾਰਫ਼ਤ ਵਿਚ ਚਲਾ ਗਿਆ ਅਤੇ ਕਬੂਲ ਉਹ ਹੀ ਹੈ ਜੋ ਸਿਦਕ ਸਬੂਰੀ ਵਿਚ ਜ਼ਿੰਦਗੀ ਗੁਜ਼ਾਰਦਾ ਹੈ। ਬੰਦਗੀ ਉਹ ਹੀ ਪਰਵਾਨ ਹੈ ਜਿਸ ਤੋਂ ਮਿਹਰ ਉਪਜਦੀ ਹੈ। ਸੀਲ-ਸੰਜਮ ਵਿਚ ਰਹਿਣਾ ਹੀ ਸੁੰਨਤ ਦਾ ਬੰਧਾਨ ਹੈ। ਸੰਸਾਰ ਨੂੰ ਚਲਾਇਮਾਨ ਜਾਣਨਾ ਹੀ ਖ਼ੁਦਾ ਦਾ ਦਰ ਖੋਲ੍ਹਣਾ ਹੈ। ਅਲਾਹ ਦੀ ਯਾਦ ਵਿਸਰਨ ਨਾ ਦੇਣੀ, ਸਬਰ ਰੱਖਣਾ, ਹਲੀਮੀ ਧਾਰਣ ਕਰਨੀ, ਵੰਡ ਖਾਣਾ ਤੇ ਮਨ 'ਤੇ ਕਾਬੂ, ਇਹ ਪੰਜ ਨਮਾਜ਼ਾਂ

**ਵਜ਼ੀਰ ਖ਼ਾਨ ਦਾ ਦਰਬਾਰ ਹਾਜ਼ਰ ਹੋਣਾ**

ਹਨ। ਜਿਸ ਦਾ ਦਿਲ ਮੋਮ ਵਾਂਗੂੰ ਹੈ, ਮੁਸਲਮਾਨ ਉਹੀ ਹੈ। ਫਿਰ ਅਖ਼ੀਰ 'ਤੇ ਕਿਹਾ:

**ਜਾ ਕਉ ਮਿਹਰ ਮਿਹਰ ਮਿਹਰਵਾਨਾ,**
**ਸੋਈ ਮਰਦ ਮਰਦ ਮਰਦਾਨਾ॥**
**ਸੋਈ ਸੇਖ ਮਸਾਇਕ ਹਾਜੀ,**
**ਸੋ ਬੰਦਾ ਜਿਸ ਨਜਰਿ ਨਰਾ॥ ੧੪॥**

*(ਮਾਰੂ ਸੋਹਲੇ ਮਹਲਾ ੫)*

ਵਜ਼ੀਰ ਖ਼ਾਨ ਦਾ ਅਸਲ ਨਾਂ ਅਲੀਮ-ਉਦ-ਦੀਨ ਅਨਸਾਰੀ ਸੀ। ਉਹ ਚਿਨਓਟ, ਜ਼ਿਲ੍ਹਾ ਝੰਗ ਦਾ ਰਹਿਣ ਵਾਲਾ ਸੀ। ਚਿਨਓਟ ਵਿਚ ਵਜ਼ੀਰ ਖ਼ਾਨ ਦੇ ਪੱਕੇ ਮਹੱਲ ਹੋਣ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਦੇ ਵਡੇਰੇ ਕਈ ਪੁਸ਼ਤਾਂ ਤੋਂ ਉਥੇ ਰਹਿ ਰਹੇ ਸਨ। ਵਜ਼ੀਰ ਖ਼ਾਨ ਦੇ ਪਿਤਾ ਦਾ ਨਾਂ ਸ਼ੇਖ ਅਬਦੁਲ ਲਤੀਫ਼ ਤੇ ਦਾਦੇ ਦਾ ਨਾਮ ਸ਼ੇਖ਼ ਹਸਾਮ-ਉੱਦ-ਦੀਨ ਸੀ। ਅਰਬੀ, ਫ਼ਾਰਸੀ ਦੀ ਤਾਲੀਮ ਪਾ ਕੇ ਹਕੀਮੀ ਸਿੱਖੀ ਤੇ ਸਮੇਂ ਦੇ ਪ੍ਰਸਿੱਧ ਹਕੀਮ ਦਾਵੀ ਕੋਲੋਂ ਵਿਦਿਆ ਲਈ। ਵਜ਼ੀਰ ਖ਼ਾਨ ਦੀ ਪ੍ਰਸਿੱਧੀ ਉਸ ਵੇਲੇ ਹੋਈ ਜਦ ਉਸ ਨੂਰ ਜਹਾਨ ਨੂੰ ਇਕ ਬੱਜਰ ਰੋਗ ਤੋਂ ਬਚਾਇਆ ਸੀ।

ਗੁਰੂ ਘਰ 'ਤੇ ਅਨਿੰਨ ਸ਼ਰਧਾ ਰੱਖੀ ਅਤੇ ਕਈ ਮੌਕਿਆਂ 'ਤੇ ਜਹਾਂਗੀਰ ਤੇ ਫਿਰ ਸ਼ਾਹਜਹਾਨ ਨੂੰ ਜਾ ਕੇ ਪਾਈਆਂ ਗ਼ਲਤ ਫ਼ਹਿਮੀਆਂ ਦੂਰ ਕਰਦੇ ਰਹੇ। 'ਗੁਰੂ ਕਾ ਹਰਕਾਰਾ' ਕਰਕੇ ਸਿੱਖ ਇਤਿਹਾਸ ਵਜ਼ੀਰ ਖ਼ਾਨ ਨੂੰ ਯਾਦ ਕਰਦਾ ਹੈ।

ਉਹ ਮਿੱਠੇ ਸੁਭਾਅ ਤੇ ਰੱਬ ਦੀ ਯਾਦ ਵਿਚ ਜੁੜਨ ਵਾਲੇ ਪ੍ਰਹੇਜ਼ਗਾਰ ਸਨ। ਸਾਰੀ ਉਮਰ ਉਨ੍ਹਾਂ ਸਾਦਗੀ ਤੇ ਬੇਤੁਕਲਫੀ ਵਿਚ ਗੁਜ਼ਾਰੀ। ਰਈ ਰਾਤ ਦੀ ਨਮਾਜ਼ ਕਦੇ ਨਾ ਖੁੰਝਾਂਦੇ, ਨਿੱਜ 'ਤੇ ਬਹੁਤ ਘੱਟ ਖ਼ਰਚ ਕਰਦੇ। ਜੋ ਵੀ ਕਮਾਂਦੇ ਲੋੜਵੰਦਾਂ ਵਿਚ ਵੰਡ ਦਿੰਦੇ। ਲਾਹੌਰ ਵਿਚ ਜੋ ਉਨ੍ਹਾਂ ਮਸੀਤ ਬਣਾਈ, ਉਹ ਪਹਿਲੀ ਮਸੀਤ ਕਹੀ ਜਾ ਸਕਦੀ ਹੈ ਜੋ ਹਿੰਦ-ਤੁਰਕ-ਈਰਾਨੀ ਤਰਜ਼ ਦੀ ਹੈ। ਲੰਗਰ ਦੀ ਪ੍ਰਥਾ ਤੋਂ ਬਹੁਤ ਹੀ ਪ੍ਰਭਾਵਤ ਹੋਏ ਸਨ। ਲੰਗਰ ਨੇ ਹੀ ਲਾਹੌਰ ਨੂੰ ਕਾਲ ਪੀੜਤ ਲੋਕਾਂ ਤੋਂ ਬਚਾਇਆ ਸੀ। ਆਪਣੀ ਬਣਾਈ ਮਸੀਤ ਨਾਲ ਵੀ ਲੰਗਰ ਲਗਾਇਆ, ਲਾਇਬ੍ਰੇਰੀ ਕਾਇਮ ਕੀਤੀ ਤੇ ਸ਼ਫ਼ਾਖ਼ਾਨਾ ਵੀ ਬਣਾਇਆ।[1]

ਲਾਹੌਰ ਦੀ ਹਾਲਤ ਕਾਫ਼ੀ ਸੁਧਰ ਗਈ ਸੀ। ਆਪ ਜੀ ਉਥੋਂ ਨਨਕਾਣਾ ਸਾਹਿਬ, ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ 'ਤੇ ਪੁੱਜੇ। ਸਾਰਿਆਂ ਅਸਥਾਨਾਂ ਦੀ ਯਾਤਰਾ ਕੀਤੀ। ਗੁਰਦੁਆਰਾ ਸਾਹਿਬ ਦੀ ਉਸਾਰੀ ਦੇ ਪ੍ਰਬੰਧ ਕੀਤੇ।

**ਨਨਕਾਣਾ ਸਾਹਿਬ ਦੇ ਦਰਸ਼ਨਾਂ ਨੂੰ**

ਤਿੰਨ ਦਿਨ ਉਥੇ ਰਹਿ ਕੇ ਮਦਰ ਪਿੰਡ ਚਲੇ ਗਏ। ਮਦਰ ਪਿੰਡ ਦੀ ਸੰਗਤ ਭਾਈ ਗੁੰਦਾਰਾ ਜੀ ਦੀ ਅਗਵਾਈ ਹੇਠ ਪਿੰਡ ਲੈ ਲਈ। ਭਾਈ ਗੁੰਦਾਰਾ ਜੀ ਨੇ ਰੱਜ ਕੇ ਸੇਵਾ ਕੀਤੀ। ਸੁਭਾਅ ਵੀ ਉਨ੍ਹਾਂ ਦਾ ਸੰਤਾਂ ਵਾਲਾ ਸੀ। ਭਾਵੇਂ ਭਾਈ ਜੀ ਨੂੰ ਹਜੀਰਾਂ ਦੇ ਰੋਗ

1. ਹੋਰ ਵਿਸਥਾਰ ਲਈ ਦੇਖੋ ਮੇਰੀ ਰਚਿਤ ਪੁਸਤਕ 'ਪੁਰਾਤਨ ਇਤਿਹਾਸਕ ਜੀਵਨੀਆਂ'।

Sri Satguru Jagjit Singh Ji eLibrary NamdhariElibrary@gmail.com

ਨੇ ਗੁਸਿਆ ਹੋਇਆ ਸੀ ਪਰ ਸਦਾ ਤਤਪਰ ਰਹਿੰਦੇ ਸਨ। ਪਿੰਡ ਵਾਸੀਆਂ ਨੇ ਕਿਹਾ ਕਿ ਗੁਰੂ ਜੀ ਉਨ੍ਹਾਂ ਤੇ ਤ੍ਰੁੱਠੇ ਹੋਏ ਹਨ ਸੋ ਇਹ ਰੋਗ ਵੀ ਕਟਵਾ ਲੈਣ। ਭਾਈ ਜੀ ਨੇ ਕਿਹਾ: ਇਸ ਮਿਥਿਆ ਦੇਹ, ਮਹਾਂ ਮੈਲੇ ਥੈਲੇ ਵਾਸਤੇ ਗੁਰੂ ਜੀ ਅੱਗੇ ਸਵਾਲ ਪਾਉਣਾ, ਇੰਜ ਹੀ ਹੈ ਜਿਵੇਂ ਕੋਈ ਸ਼ਹਿਨਸ਼ਾਹ ਕੋਲ ਜਾ ਕੇ ਕੌਡਾਂ ਮੰਗੇ। ਮੈਨੂੰ ਤਾਂ ਚਰਨ ਧੂੜ ਬਖ਼ਸ਼ ਦੇਣ ਤਾਂ ਮੇਰੇ ਧੰਨ ਭਾਗ! ਉਸ ਨੇ ਮਹਾਰਾਜ ਜੀ ਦੇ ਚਰਨ ਦੇ ਜੋੜੇ ਦੀ ਧੂੜ ਜਦ ਮੱਥੇ ਲਗਾਈ ਤਾਂ ਰੋਗ ਵੀ ਦੂਰ ਹੋ ਗਿਆ ਤੇ ਆਤਮਕ ਚਾਨਣਾ ਵੀ ਮਿਲ ਗਿਆ।

**ਜੰਬਰ**

ਮਦਰ ਤੋਂ ਜੰਬਰ ਦੀ ਸੰਗਤ ਪਿੰਡ ਲੈ ਗਈ। ਜੰਬਰ ਵਾਲਿਆਂ ਵੀ ਰੀਝਾਂ ਲਾਹ ਕੇ ਸੇਵਾ ਕੀਤੀ। ਮਹਾਰਾਜ ਜੀ ਵੀ ਜਿੱਥੇ ਜਾਂਦੇ ਉਥੇ ਨਾਮ ਦੀ ਲਾਗ ਲਗਾਂਦੇ, ਸਿਮਰਨ ਪਰਪੱਕ ਕਰਾਂਦੇ ਅਤੇ ਰੋਗੀਆਂ ਦੇ ਰੋਗ ਦਵਾ-ਦਾਰੂ ਵੰਡ ਦੂਰ ਕਰਦੇ। ਪਿੰਡ ਵਿਚ ਸ਼ਫ਼ਾਖ਼ਾਨਾ ਵੀ ਬਣਾ ਦੇਂਦੇ।

ਇਸੇ ਪਿੰਡ ਦਾ ਇਕ ਸ਼ਾਹੂਕਾਰ ਸੰਤੂ ਚੋਪੜਾ ਕੁਸ਼ਟੀ ਹੋ ਗਿਆ ਸੀ। ਕਈ ਇਲਾਜ ਕਰਵਾ ਚੁੱਕਾ ਸੀ। ਮਹਾਰਾਜ ਦੀ ਸ਼ਰਨ ਆਇਆ। ਆਪ ਜੀ ਨੇ ਲਾਲ ਚੰਦਨ ਨਾਲ ਸ਼ਹਿਦ ਰਲਾ ਕੇ ਦਵਾ ਦਿੱਤੀ। ਨਾਲ ਸੰਗਤਾਂ ਦੇ ਜੋੜੇ ਝਾੜਨ ਤੇ ਸੇਵਾ ਕਰਨ ਲਈ ਹੁਕਮ ਕੀਤਾ। ਦਿਨਾਂ ਵਿਚ ਰੋਗ ਉਸ ਨੂੰ ਛੱਡ ਗਿਆ।

ਇਸੇ ਜੰਬਰ ਦੇ ਭਾਈ ਸੁਬੇਗ ਸਿੰਘ ਜੀ ਤੇ ਸ਼ਹਿਬਾਜ਼ ਸਿੰਘ ਸਨ, ਜੋ ਚਰਖੜੀਆਂ 'ਤੇ ਚੜ੍ਹ ਗਏ ਪਰ ਸਿੱਖੀ ਸਿਦਕ ਨੂੰ ਆਂਚ ਨਾ ਆਉਣ ਦਿੱਤੀ।

**ਚੂਣੀਆਂ**

ਚੂਣੀਆਂ ਦੀ ਸੰਗਤ ਨੇ ਆ ਕੇ ਬੇਨਤੀ ਕੀਤੀ ਕਿ ਸਾਰਾ ਪਿੰਡ ਹੀ ਪਾਣੀ ਖੁਣੋਂ ਦੁਖੀ ਹੈ। ਜੇ ਕਿਧਰੇ ਕੋਈ ਖੂਹ ਹੈ ਤਾਂ ਉਸ ਦਾ ਪਾਣੀ ਵੀ ਖਾਰਾ ਹੈ, ਆਪ ਕ੍ਰਿਪਾ ਕਰਕੇ ਪਿੰਡ ਚਰਨ ਪਾਓ ਤੇ ਦੁੱਖ ਹਰੋ। ਆਪ ਜੀ ਨੇ ਪਿੰਡ ਪੁੱਜ ਕੇ ਦੱਸੀ ਥਾਂ, ਆਪਣੇ ਸਾਹਮਣੇ ਡੂੰਘਾ ਖੂਹ ਪੁਟਵਾਇਆ। ਠੰਡਾ ਮਿੱਠਾ ਜਲ ਨਿਕਲਿਆ। ਇਲਾਕੇ ਵਿਚ ਕਿਤਨੇ ਹੀ ਹੋਰ ਖੂਹ ਪੁਟਵਾਏ ਤੇ ਚਿਰਾਂ ਤੋਂ ਪਈ ਪਾਣੀ ਦੀ ਥੁੜ ਦੂਰ ਕੀਤੀ। ਭਾਈ ਬੂਰੀਏ ਤੇ ਭਾਈ ਚੂਹੜ ਜੀ, ਜੋ ਮਾਲ ਗੁਜ਼ਾਰ ਸਨ, ਨੇ ਇਸ ਮੁਹਿਮ ਵਿਚ ਉਚੇਚੀ ਸੇਵਾ ਕੀਤੀ।

ਇਲਾਕੇ ਨੂੰ ਖ਼ੁਸ਼ਹਾਲ ਕਰਕੇ, ਨਾਮ ਦਾ ਛੱਟਾ ਦੇ ਕੇ ਕਲਾਨੌਰ, ਬਟਾਲਾ ਤੋਂ ਗੋਇੰਦਵਾਲ ਪੁੱਜੇ।

**ਅਕਬਰ ਮੇਲ**

ਮੁਗ਼ਲ ਸ਼ਾਹ ਅਕਬਰ ਦਾ ਮੇਲ ਗੋਇੰਦਵਾਲ ਹੀ ਹੋਇਆ ਲਿਖਿਆ ਹੈ। ਅਕਬਰ ਬਟਾਲਾ ਤੋਂ ਆਗਰਾ ਵਾਪਸ ਜਾ ਰਿਹਾ ਸੀ ਅਤੇ ਗੋਇੰਦਵਾਲ 24 ਨਵੰਬਰ 1598 ਈ: ਨੂੰ ਦਰਸ਼ਨਾਂ ਨੂੰ ਆਇਆ। ਗੁਰੂ ਜੀ ਦਾ ਗੋਇੰਦਵਾਲ ਹੋਣਾ ਸੁਣ ਕੇ, ਗੁਰੂ ਜੀ ਦੇ ਦਰਬਾਰ ਹਾਜ਼ਰ ਹੋਇਆ। ਅਕਬਰ ਗੁਰੂ ਜੀ ਦੀ ਲਾਹੌਰ ਵਿਖੇ ਕੀਤੀ ਸੇਵਾ, ਸ਼ੋਭਾ, ਸੁਣ ਚੁੱਕਾ ਸੀ। ਉਸ ਆਪੂੰ ਆ ਕੇ ਸ਼ਰਧਾ ਦ੍ਰਿੜ੍ਹਾਈ। ਕੀਰਤਨ ਸੁਣਿਆ, ਲੰਗਰ ਵਿਚ ਪ੍ਰਸ਼ਾਦ ਛਕਿਆ। ਪਹਿਲਾਂ ਵੀ ਇਸੇ ਥਾਂ ਲੰਗਰ ਛਕ ਚੁੱਕਾ ਸੀ। ਗੁਰੂ ਜੀ ਦੀ ਸ਼ਖ਼ਸੀਅਤ ਤੋਂ ਐਸਾ ਪ੍ਰਭਾਵਤ ਹੋਇਆ ਕਿ ਲੰਗਰ ਨਾਲ ਵੱਡੀ ਜਾਗੀਰ ਲਗਾਉਣ ਲਈ ਬੇਨਤੀ ਕੀਤੀ। ਮਹਾਰਾਜ ਨੇ ਕਿਹਾ:

Sri Satguru Jagjit Singh Ji eLibrary NamdhariElibrary@gmail.com

ਇਹ ਸੰਗਤਾਂ ਦੀ ਚੀਜ਼ ਹੈ, ਸੰਗਤਾਂ ਹੀ ਚਲਾਉਣਗੀਆਂ। ਗੁਰੂ ਘਰ ਫ਼ਕੀਰਾਂ ਦਾ ਹੈ, ਇੱਥੇ ਜਾਗੀਰਾਂ ਆ ਗਈਆਂ ਤਾਂ ਬਖੇੜੇ ਪੈਣਗੇ।

**'ਹੈ ਗੁਰੂ ਕਾ ਘਰ ਫ਼ਕਰਨ ਕੇਰਾ।**
**ਲਵੈਂ ਜਗੀਰ ਤ ਭਵੈ ਬਖੇਰਾ।'**

ਇਹ ਵੀ ਫ਼ਰਮਾਇਆ ਕਿ ਬਾਦਸ਼ਾਹ ਦੇ ਸੁਖ ਅਨੰਦ ਦਾ ਨਿਰਭਰ ਆਪਣੀ ਪਰਜਾ ਦੀ ਪਾਲਣਾ ਤੇ ਨਿਆਂ ਕਰਨ 'ਤੇ ਹੁੰਦਾ ਹੈ। ਜਿਸ ਪਾਤਸ਼ਾਹ ਦੀ ਪਰਜਾ ਸੁਖੀ ਹੈ, ਉਹ ਆਪ ਵੀ ਇਸ ਸੰਸਾਰ ਵਿਚ ਖ਼ੁਸ਼ ਹੁੰਦਾ ਹੈ ਅਤੇ ਅਗਾਂਹ ਲਈ ਜੱਸ, ਮਾਣ ਤੇ ਵਡਿਆਈ ਪ੍ਰਾਪਤ ਕਰਦਾ ਹੈ। ਹਾਂ, ਜੇ ਉਨ੍ਹਾਂ ਦੀ ਖ਼ੁਸ਼ੀ ਲੈਣੀ ਹੈ ਤਾਂ ਕੁਝ ਕਾਲ ਕਾਰਨ ਤੇ ਕੁਝ ਹੁਣ ਤੁਹਾਡੇ ਚਲੇ ਜਾਣ ਉਪਰੰਤ ਕੀਮਤਾਂ ਘਟ ਜਾਣਗੀਆਂ ਅਤੇ ਵਧਾਇਆ ਹੋਇਆ ਮਾਲੀਆ ਲੋਕਾਂ ਕੋਲੋਂ ਦੇਣਾ ਮੁਸ਼ਕਲ ਹੋ ਜਾਏਗਾ, ਸੋ ਇਹ ਮੁਆਫ਼ ਕਰ ਦਿੱਤਾ ਜਾਏ। ਬਾਦਸ਼ਾਹ ਨੇ ਉਸੇ ਵੇਲੇ ਹੁਕਮ ਕੀਤਾ ਕਿ ਛੇਵਾਂ ਹਿੱਸਾ ਮਾਲੀਆ ਮੁਆਫ਼ ਕਰ ਦਿੱਤਾ ਜਾਏ। ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਗੁਰੂ ਜੀ ਅੱਗੇ ਵੀ ਉਸ ਪੰਜ ਸੌ ਮੁਹਰਾਂ ਭੇਟ ਕੀਤੀਆਂ। ਉਪਦੇਸ਼ ਸੁਣ ਪੱਲੇ ਬੰਨ੍ਹਿਆ, ਅੰਨ ਦੇ ਭੰਡਾਰ ਖੁਲ੍ਹਵਾਏ ਤੇ ਮਾਲੀਆ ਮੁਆਫ਼ ਕਰਾਇਆ।

**ਸ਼ਰਫੀ ਧਰੀ ਪਾਂਚ ਸੈ ਭੇਟਾ।**
**ਸੁਨਿ ਉਪਦੇਸ਼ ਸ਼ੋਕ ਸਭਿ ਮੇਟਾ।**
**ਪਰਜਾ ਕੋ ਗੁਰੂ ਅੰਨ ਦਿਲਾਯੋ।**
**ਔਰ ਮਾਮਲਾ ਮਾਫ਼ ਕਰਾਯੋ।**

ਅਬੂ-ਉਲ-ਫ਼ਜ਼ਲ ਨੇ ਅਕਬਰ-ਨਾਮਾ ਵਿਚ ਵੀ ਇਹ ਹੀ ਲਿਖਿਆ ਹੈ ਕਿ ਬਿਆਸ ਨੂੰ ਪਾਰ ਕਰਨ ਵੇਲੇ ਗੋਇੰਦਵਾਲ ਵਿਖੇ ਅਕਬਰ ਗੁਰੂ ਅਰਜਨ ਜੀ ਦੇ ਦਰਸ਼ਨਾਂ ਨੂੰ ਗਿਆ। ਗੁਰੂ ਅਰਜਨ ਦੇਵ ਜੀ ਦੀ ਆਯੂ ਉਸ ਸਮੇਂ 32 ਕੁ ਸਾਲ ਦੀ ਸੀ। ਉਨ੍ਹਾਂ ਦੀ ਦਿੱਲਖਿੱਚਵੀਂ ਸ਼ਖ਼ਸੀਅਤ, ਮਿੱਠੇ ਤੇ ਸੁਰੀਲੇ ਵਾਕਾਂ, ਪਿਆਰ ਨਾਲ ਭਰੇ ਸੁਭਾਅ, ਉਨ੍ਹਾਂ ਦੀ ਰਹਿਣੀ-ਬਹਿਣੀ, ਨਿੰਮ੍ਰਤਾ ਤੇ ਕੀਰਤਨ ਕਰਨ ਦਾ ਬਹੁਤ ਹੀ ਪ੍ਰਭਾਵ ਪਿਆ।

ਸੁਜਾਨ ਰਾਇ ਭੰਡਾਰੀ ਨੇ ਖ਼ੁਲਾਸਾ-ਤੁ-ਤਵਾਰੀਖ ਵਿਚ ਜ਼ਰਾ ਵਿਸਥਾਰ ਨਾਲ ਇਸ ਮਿਲਣੀ ਬਾਰੇ ਲਿਖਿਆ ਹੈ। ਉਸ ਦਾ ਕਹਿਣਾ ਹੈ : ਬਟਾਲਾ ਤੋਂ ਅਕਬਰ, ਦਰਿਆ ਬਿਆਸ ਪਾਰ ਕਰਨ ਲਈ ਗੋਇੰਦਵਾਲ, ਗੁਰੂ ਅਰਜਨ ਦੇਵ ਜੀ ਦੇ ਅਸਥਾਨ ਪੁੱਜਾ ਜੋ ਬਾਬਾ ਨਾਨਕ ਦੇ ਜਾਨਸ਼ੀਨ ਸਨ। (ਗੁਰੂ ਜੀ) ਰੂਹਾਨੀਅਤ ਦੇ ਭੰਡਾਰ ਕਰਕੇ ਜਾਣੇ ਜਾਂਦੇ ਸਨ। ਅਕਬਰ ਉਨ੍ਹਾਂ ਦਾ ਦੀਦਾਰ ਕਰ ਅਤੇ ਗੁਰਬਾਣੀ ਦਾ ਕੀਰਤਨ ਸੁਣ ਪ੍ਰਸੰਨ ਚਿੱਤ ਹੋਇਆ। ਅਕਬਰ ਦੇ ਹਾਜ਼ਰੀ ਭਰਨ 'ਤੇ ਉਸ ਨੂੰ ਸਿਰੋਪਾ ਵੀ ਦਿੱਤਾ। ਗੁਰੂ ਜੀ ਨੇ ਅਕਬਰ ਨੂੰ ਇਹ ਵੀ ਕਿਹਾ ਕਿ ਸ਼ਾਹੀ ਫ਼ੌਜਾਂ ਦੇ ਪੰਜਾਬ ਵਿਚ ਰਹਿਣ ਨਾਲ ਅਨਾਜ ਦਾ ਭਾਅ ਬਹੁਤ ਵਧ ਗਿਆ ਸੀ ਤੇ ਪਰਗਨੇ ਦਾ ਮਾਲੀਆ ਵੀ ਵਧਾ ਦਿੱਤਾ ਗਿਆ ਸੀ। ਹੁਣ ਸ਼ਾਹੀ ਲਸ਼ਕਰ ਦੇ ਕੂਚ ਨਾਲ ਅਨਾਜ ਦਾ ਭਾਅ ਗਿਰ ਜਾਏਗਾ। ਪਰਜਾ ਲਈ ਵਧਾਇਆ ਹੋਇਆ ਮਾਮਲਾ ਦੇਣਾ ਕਠਿਨ ਹੋ ਜਾਏਗਾ। ਬਾਦਸ਼ਾਹ ਨੇ ਉਸੇ ਵੇਲੇ

Sri Satguru Jagjit Singh Ji eLibrary NamdhariElibrary@gmail.com

ਪ੍ਰਵਾਨ ਕੀਤਾ ਤੇ ਵੱਡੇ ਦੀਵਾਨ ਹਾਕਮ ਨੂੰ ਹੁਕਮ ਦਿੱਤਾ ਕਿ ਮਾਮਲੇ ਦੇ ਛੇਵੇਂ ਹਿੱਸੇ ਦੀ ਛੋਟ ਕਰ ਦਿੱਤੀ ਜਾਏ।[1] ਉਸ ਨੇ ਇਹ ਹਦਾਇਤਾਂ ਵੀ ਦਿੱਤੀਆਂ ਕਿ ਇਸ ਦਿੱਤੀ ਛੋਟ ਅਨੁਸਾਰ ਹੀ ਮਾਮਲਾ ਲਾਇਆ ਜਾਏ ਅਤੇ ਰਤਾ ਵੀ ਇਸ ਤੋਂ ਵਧੀਕ ਨਾ ਵਧਾਇਆ ਜਾਏ।[2]

ਕੁਝ ਦਿਨ ਹੋਰ ਸ੍ਰੀ ਗੋਇੰਦਵਾਲ ਟਿਕ ਅਤੇ ਫਿਰ ਤਰਨਤਾਰਨ ਹੋ 1599 ਦੇ ਅਰੰਭ ਵਿਚ ਗੁਰੂ ਅਰਜਨ ਦੇਵ ਜੀ ਸ੍ਰੀ ਅੰਮ੍ਰਿਤਸਰ ਆ ਗਏ।

1. ਭਾਈ ਵੀਰ ਸਿੰਘ ਜੀ ਨੇ ਇਸਦਾ ਤਰਜਮਾ ਕਰਦੇ ਲਿਖਿਆ ਹੈ ਕਿ ਪੰਜ ਹਿੱਸੇ ਛੋਟ ਕਰਕੇ ਇਕ ਹਿੱਸਾ ਲਿਆ ਜਾਏ। ਜੋ ਇਹ ਠੀਕ ਨਹੀਂ ਹੈ। ਅਸਲ ਸ਼ਬਦ : ਬ-ਹਿਸਾਬ ਦਹ ਦਵਾਜ਼ਦਹ ਸਨ, ਜਿਸ ਦਾ ਭਾਵ ਦਸ ਬਾਰ੍ਹਾਂ ਫ਼ੀਸਦੀ ਹੀ ਨਿਕਲਦਾ ਹੈ।

2. ਖ਼ੁਲਾਸਾ-ਤੁ-ਤਵਾਰੀਖ਼, ਪੰਨਾ ੪੨੫

Sri Satguru Jagjit Singh Ji eLibrary NamdhariElibrary@gmail.com

## 9

# ਫਿਰ ਅੰਮ੍ਰਿਤਸਰ ਪਰਚਾਰ ਤੇ ਵਪਾਰ ਲਈ ਉਤਸ਼ਾਹ

ਗੁਰੂ ਅਰਜਨ ਦੇਵ ਜੀ ਮਾਝਾ, ਦੁਆਬਾ ਅਤੇ ਨੱਕਾ ਦੇ ਦੌਰਿਆਂ ਵਿਚ ਇਹ ਦੇਖ ਆਏ ਸਨ ਕਿ ਸਿੱਖੀ ਦੀ ਸੰਭਾਲ ਲਈ ਦਸਵੰਧ ਦੀ ਰਕਮ ਠੀਕ ਪਹੁੰਚਾਂਦੇ ਰਹਿਣ ਲਈ ਇਕ ਮਜ਼ਬੂਤ ਜਥੇਬੰਦੀ ਦੀ ਬਹੁਤ ਲੋੜ ਹੈ।

**ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਦੇ ਉਪਾਅ**

ਗੁਰੂ ਅਮਰ ਦਾਸ ਜੀ ਦੇ ਸਮੇਂ ਤੋਂ ਇਹ ਕਾਰਜ ਮੰਜੀਦਾਰ ਕਰ ਰਹੇ ਸਨ ਪਰ ਹੁਣ ਪ੍ਰਤੀਤ ਹੋਣ ਲੱਗਾ ਸੀ ਕਿ ਮੰਜੀਦਾਰਾਂ ਨੇ ਆਪਣੀ ਹੀ ਮੰਜੀ ਡਾਹ ਲਈ ਸੀ। ਮੰਜੀਦਾਰਾਂ ਦੀ ਅਜਾਰਾਦਾਰੀ ਖ਼ਤਮ ਕਰਨ ਲਈ ਮਸੰਦ ਥਾਪੇ ਗਏ। ਮਸੰਦ ਸ਼ਬਦ ਮਸਨਦ ਦਾ ਵਿਗੜਿਆ ਰੂਪ ਹੈ। ਮਸਨਦ ਦਾ ਭਾਵ ਅਰਥ ਹੈ 'ਉਚੇਚੇ ਥਾਂ ਵਾਲਾ'। ਮਸੰਦ ਉੱਚੇ ਆਚਰਨ ਦੇ ਗੁਰੂ ਜੀ ਦੇ ਨਿਕਟਵਰਤੀ ਸਿੱਖ ਹੁੰਦੇ ਸਨ। ਉਹ ਇਧਰੋਂ ਗੁਰੂ ਜੀ ਦੀ ਸਿਖਿਆ ਘਰ-ਘਰ ਪਹੁੰਚਾਂਦੇ ਸਨ ਤੇ ਉਧਰੋਂ ਕਾਰ-ਭੇਟਾ, ਦਸਵੰਧ ਲੈ ਕੇ ਗੁਰੂ ਦਰਬਾਰ ਵੈਸਾਖੀ ਜਾਂ ਦੀਵਾਲੀ ਹਾਜ਼ਰ ਹੁੰਦੇ ਸਨ। ਮਸੰਦ ਗੁਰੂ ਦੀ ਗੋਲਕ ਨੂੰ ਬਿਖ ਸਮਾਨ ਗਿਣਦੇ ਸਨ। ਸਾਰੇ ਮਸੰਦ ਹੀ ਕਿਰਤੀ ਸਨ ਤੇ ਸਦਾ ਸੇਵਾ ਦੇ ਚਾਅ ਵਿਚ ਰਹਿੰਦੇ ਸਨ। ਜੇ ਕਿਸੇ ਨੇ ਨਿਰਬਾਹ ਲਈ ਕੁਝ ਲੈਣਾ ਵੀ ਹੁੰਦਾ ਸੀ ਤਾਂ, ਸੰਗਤਾਂ ਕੋਲੋਂ ਹੀ ਲੈਂਦੇ ਸਨ। ਦਸਵੰਧ ਦੀ ਰਕਮ ਨੂੰ ਹੱਥ ਨਹੀਂ ਸਨ ਲਗਾਂਦੇ। ਇਸ ਤਰ੍ਹਾਂ ਇਹ ਤਿਹਰਾ ਕਾਰਜ ਕਰਦੇ ਸਨ। ਇਕ ਕਾਰ ਭੇਟਾ ਇਕੱਠੀ ਕਰਦੇ, ਦੂਜੇ ਗੁਰੂ ਘਰ ਪਹੁੰਚਾਂਦੇ ਅਤੇ ਤੀਜੇ ਗੁਰ ਉਪਦੇਸ਼ ਸੁਣਾ ਸਿੱਖੀ ਦ੍ਰਿੜ੍ਹ ਕਰਾਂਦੇ। ਜਿਸ ਨਿੰਮ੍ਰਤਾ ਤੇ ਚਾਅ ਨਾਲ ਸਿੱਖ ਦਸਵੰਧ ਦੀ ਰਕਮ ਭੇਜਦੇ ਉਸ ਨੂੰ ਦੇਖ ਕੇ ਹੀ ਮੁਹਸਨ ਫ਼ਾਨੀ ਅਸਚਰਜ ਹੋਇਆ ਸੀ। ਦਸਵੰਧ ਦੀ ਰਕਮ ਬਾਕਾਇਦਾ ਆਉਣ ਨਾਲ, ਹੁਣ ਜਥੇਬੰਦ ਕਾਰਜ ਨੇਮ-ਬੱਧ ਕੀਤੇ ਜਾਣ ਲੱਗ ਪਏ ਸਨ। ਇਸੇ ਲਈ ਕਈ ਇਤਿਹਾਸਕਾਰਾਂ ਲਿਖਿਆ ਕਿ ਗੁਰੂ ਅਰਜਨ ਦੇਵ ਜੀ ਵੇਲੇ ਇਕ ਰਾਜ ਜਿਹਾ ਬਣ ਗਿਆ ਸੀ।



Sri Satguru Jagjit Singh Ji eLibrary NamdhariElibrary@gmail.com

ਵੱਡੇ-ਵੱਡੇ ਨਗਰਾਂ ਵਿਚ ਸਿੱਖ ਜਾ ਕੇ ਆਪਣੀ ਸਿੱਖੀ ਦਾ ਦਾਇਰਾ ਵਧਾ ਰਹੇ ਸਨ। ਕਈ ਸਿਦਕੀ ਸਿੱਖਾਂ ਦੀਆਂ ਸਾਖੀਆਂ ਪ੍ਰਸਿੱਧ ਹਨ। ਪਰਬਤਾਂ ਵਿਚ ਭਾਈ ਕਾਲਾ, ਨਿਹਾਲੂ ਜੀ ਅਤੇ ਕਸ਼ਮੀਰ ਵਿਖੇ ਮਾਧੋ ਜੀ ਪ੍ਰਚਾਰ ਕਰ ਰਹੇ ਸਨ। ਭਾਈ ਮਲਣ, ਰੇਖ ਰਾਓ ਕਾਬਲ ਵਿਚ ਨਵਾਬ ਦੇ ਮੋਦੀ ਹੁੰਦਿਆਂ ਵੀ ਸਿੱਖੀ ਆਦਰਸ਼ ਦ੍ਰਿੜ੍ਹਾ ਰਹੇ ਸਨ। ਸਰਹੰਦ ਵਿਚ ਭਾਈ ਭੀਵਾ ਜੀ, ਥਾਨੇਸਰ ਭਾਈ ਨੰਦਾ ਵਿੱਠੜ ਤੇ ਭਾਈ ਸਾਮੀ ਦਾਸ ਵਿਛੇਰ, ਭਾਈ ਮਹਿਤਾ ਸਕਤੂ ਤੇ ਨਿਹਾਲੂ ਚੱਢਾ ਜੀ ਆਗਰੇ ਅਤੇ ਦੂਰ-ਦੁਰੇਡੇ ਹੋਰ ਮੁਖੀ ਸਿੱਖੀ ਪ੍ਰਚਾਰ ਲਈ ਜੁਟੇ ਹੋਏ ਸਨ।

**ਘੋੜਿਆਂ ਦੇ ਵਪਾਰ ਲਈ ਉਚੇਚੀ ਪ੍ਰੇਰਨਾ**

'ਵਯੋਪਾਰੋ ਬਸਤਹਿ ਲਕਸ਼ਮੀ' ਪ੍ਰਤੱਖ ਅਖਾਣ ਤੇ ਪ੍ਰਮਾਣ ਪ੍ਰਾਚੀਨ ਸਮਿਆਂ ਤੋਂ ਸੀ ਪਰ ਵਪਾਰ ਰਾਹੀਂ ਧਰਮ ਪਰਚਾਰ ਗੁਰੂ ਸਾਹਿਬਾਨ ਨੇ ਕਰਨ ਦੀ ਨਵੀਂ ਲੀਹ ਪਾਈ। ਪਹਿਲਾਂ ਗੁਰੂ ਨਾਨਕ ਦੇਵ ਜੀ ਦਾ ਭਾਈ ਭਾਗੀਰਥ ਨੂੰ ਲੰਕਾ ਵਪਾਰ ਕਰਨ ਲਈ ਭੇਜਣਾ, ਇਹ ਦੱਸ ਰਿਹਾ ਸੀ ਕਿ ਵਪਾਰ ਰਾਹੀਂ ਪ੍ਰਚਾਰ ਕਰਨਾ ਆਸਾਨ ਹੈ। ਗੁਰੂ ਅਮਰ ਦਾਸ ਜੀ ਨੇ ਤਾਂ ਕਈ ਪ੍ਰਸਿੱਧ ਸਿੱਖਾਂ ਨੂੰ ਕੋਲੋਂ ਬਰਕਤ ਦੇ ਕੇ ਵਪਾਰ ਲਈ ਭੇਜਿਆ। ਗੁਰੂ ਰਾਮ ਦਾਸ ਜੀ ਪਾਸ ਤਾਂ ਜੇ ਕੋਈ ਸਿੱਖ ਨਾਮ-ਪ੍ਰਾਪਤੀ ਦੀ ਯਾਚਨਾ ਲਈ ਆਇਆ, ਉਨ੍ਹਾਂ ਉਸ ਨੂੰ ਢਾਕਾ, ਲਖਨਊ, ਪਟਨਾ, ਆਗਰਾ, ਗਵਾਲੀਅਰ ਦਿੱਲੀ ਤੇ ਹੋਰ ਦੂਰ-ਦੁਰਾਡੇ ਦੁਕਾਨ, ਵਪਾਰ, ਸ਼ਾਹੂਕਾਰਾ ਕਰਨ ਲਈ ਹੁਕਮ ਦਿੱਤਾ। ਸ਼ੁੱਧ ਵਿਹਾਰ ਰਾਹੀਂ ਛੇਤੀ ਪਰਚਾਰ ਹੁੰਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਉਚੇਚੇ ਤੌਰ 'ਤੇ ਸਿੱਖਾਂ ਨੂੰ ਘੋੜਿਆਂ ਦੇ ਵਪਾਰ ਲਈ ਲਗਾਇਆ। ਦੇਖਣ ਨੂੰ ਇਹ ਇਕ ਸਾਧਾਰਨ ਵਪਾਰ ਹੀ ਸੀ ਪਰ ਇਸ ਦੇ ਸਿੱਟੇ ਦੂਰ-ਰਸ ਸਨ। ਕਨਿੰਘਮ ਦਾ ਕਹਿਣਾ ਠੀਕ ਹੈ ਕਿ ਗੁਰੂ ਜੀ ਨੇ ਸਿੱਖਾਂ ਨੂੰ ਬਾਹਰਲੇ ਮੁਲਕਾਂ ਵਿਚ ਤਜਾਰਤ ਕਰਨ ਲਈ ਇਸ ਕਾਰਨ ਭੇਜਿਆ ਤਾਂ ਕਿ ਉਹ ਵਪਾਰ ਦੇ ਨਾਲ-ਨਾਲ ਧਰਮ ਵਿਚ ਵੀ ਪੱਕੇ ਹੋ ਜਾਣ। ਸਿੰਧ ਪਾਰ ਜਾਣ ਨਾਲ ਸਦੀਆਂ ਦਾ ਬਣਿਆ ਵਹਿਮ ਗੁਰੂ ਜੀ ਨੇ ਤੋੜਿਆ ਕਿ ਸਿੰਧ ਦਰਿਆ ਪਾਰ ਜਾਣ ਨਾਲ ਹਿੰਦੂ ਮਲੇਛ ਹੋ ਜਾਂਦਾ ਹੈ। ਸਿੱਖ ਪਹਿਲੀ ਵਾਰੀ ਇਸ ਅੰਧ-ਵਿਸ਼ਵਾਸ ਦੀ ਧਾਰਨਾ ਤੋਂ ਉੱਪਰ ਉੱਠ ਕੇ ਵਿਦੇਸ਼ਾਂ ਨੂੰ ਗਏ। ਹੌਸਲੇ ਵਧੇ। ਮਾਲੀ ਹਾਲਤ ਬਹੁਤ ਸੁਧਰੀ। ਆਚਰਨ ਦਾ ਨਮੂਨਾ ਸਿੱਖਾਂ ਬਣ ਕੇ ਲੋਕਾਂ ਨੂੰ ਦਿਖਾਇਆ। ਉੱਤਰ-ਪੱਛਮ ਵਿਚ ਕਈ ਨਵੇਂ ਕੇਂਦਰ ਬਣੇ।

ਹੋਰ, ਘੋੜਿਆਂ ਦੀ ਤਜਾਰਤ ਕਰਨ ਨਾਲ ਸਿੱਖ ਜਿੱਥੇ ਘੋੜਿਆਂ ਦੀ ਨਸਲ ਪਹਿਚਾਨਣ ਵਾਲੇ ਹੋ ਗਏ, ਉਥੇ ਵਧੀਆ ਘੋੜ ਸਵਾਰ ਵੀ ਬਣੇ। ਜਿਸ ਸੌ-ਸੌ ਕੋਸ ਰੋਜ਼ ਪੈਂਡਾ ਕਰਨ ਦਾ ਜ਼ਿਕਰ ਪੰਥ ਪ੍ਰਕਾਸ਼ ਨੇ ਕੀਤਾ ਹੈ, ਉਸ ਦਾ ਮੁੱਢ ਗੁਰੂ ਅਰਜਨ ਦੇਵ ਜੀ ਨੇ ਹੀ ਬੱਧਾ ਸੀ। ਘੋੜੇ 'ਤੇ ਕਾਠੀ ਪਾਏ ਬਗੈਰ ਸਿੱਖ ਦਿਨ-ਰਾਤ ਦੌੜ ਸਕਦੇ ਸਨ। ਜਾਤ-ਪਾਤ ਦੇ ਬੰਧਨ ਵੀ ਟੁੱਟੇ। ਖਾਣ-ਪਹਿਨਣ ਦੀ ਖੁੱਲ੍ਹ ਸਿੱਖਾਂ ਵਿਚ ਆ ਗਈ। ਛੂਤ-ਛਾਤ ਵਾਲਾ ਰੋਗ ਸਿੱਖਾਂ ਵਿਚ ਰਿਹਾ ਹੀ ਨਾ।

ਭਾਈ ਕਪੂਰ ਦੇਵ ਜੋ ਆਪੂੰ ਇਕ ਉੱਘੇ ਅਤੇ ਉੱਚ ਆਚਰਨ ਦੇ ਮਾਲਕ ਸਨ,

Sri Satguru Jagjit Singh Ji eLibrary NamdhariElibrary@gmail.com

ਘਰ ਪੂਰਨ ਸਿੱਖੀ ਸੀ ਤੇ ਆਏ ਸਿੱਖਾਂ ਦੀ ਟਹਿਲ ਦਿਲ ਲਗਾ ਕੇ ਕਰਦੇ ਸਨ, ਦੀ ਇੱਛਾ ਹੋਈ ਕਿ ਉਸ ਨੂੰ ਹੋਰ ਕਿਸ ਪੂਰਨ ਸਿੱਖ ਦੇ ਦੀਦਾਰ ਕਰਾਏ ਜਾਣ। ਗੁਰੂ ਅਰਜਨ ਦੇਵ ਜੀ ਨੇ ਉਸਨੂੰ ਸ਼ਹਿਬਾਜ਼ਪੁਰ, ਭਾਈ ਸੰਮਣ ਜੀ ਪਾਸ ਜਾਣ ਲਈ ਕਿਹਾ। ਭਾਈ ਕਪੂਰ ਦੇਵ ਜੀ ਜਦ ਸ਼ਹਿਬਾਜ਼ਪੁਰ ਪੁੱਜੇ ਤਾਂ ਸੰਮਣ ਜੀ ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ ਅਤੇ ਨਾਲ ਹੀ ਸਮਾਂ ਮਿਲਣ 'ਤੇ ਸ਼ਬਦ ਪੜ੍ਹਦੇ, ਤੱਪੜ ਗੰਢਦੇ ਤੇ ਸੀੜ੍ਹੀ ਵੀ ਬਣਾਈ ਜਾ ਰਹੇ ਸਨ। ਭਾਈ ਕਪੂਰ ਜੀ ਨੇ ਕਿਹਾ ਵੀ ਕਿ ਤੁਸੀਂ ਕਿਹੜੇ ਨਿਕੰਮੇ ਕੰਮ ਲੱਗੇ ਹੋਏ ਹੋ, ਪਰ ਭਾਈ ਜੀ ਨੇ ਇਹ ਹੀ ਕਿਹਾ ਕਿ ਇਨ੍ਹਾਂ ਨੇ ਵੀ ਕੰਮ ਆਉਣਾ ਹੈ।

**ਸਿੱਖ ਦੇ ਦਰਸ਼ਨ**

ਕਰਨਾ ਕਰਤਾਰ ਦਾ, ਪਿੰਡ ਡਾਕਾ ਪਿਆ। ਧਾੜਵੀ ਮਾਲ ਧਨ ਪਸ਼ੂ ਲੈ ਗਏ। ਪਿੰਡ ਵਾਸੀਆਂ ਪਿੱਛਾ ਕੀਤਾ। ਭਾਈ ਸੰਮਣ ਜੀ ਦੇ ਬੇਟੇ ਨੇ ਨੱਸ ਕੇ ਧਾੜਵੀਆਂ ਨੂੰ ਜਾ ਲਿਆ। ਧਾੜਵੀਆਂ ਨਿਸ਼ਾਨਾ ਸੇਧ ਗੋਲੀ ਮਾਰੀ ਤੇ ਬੇਟਾ ਉਥੇ ਹੀ ਚਿੱਤ ਹੋ ਗਿਆ। ਧਾੜਵੀ ਭੱਜ ਗਏ।

ਭਾਈ ਨੂੰ ਜਦ ਬੇਟੇ ਦੇ ਅਕਾਲ ਚਲਾਣੇ ਦਾ ਪਤਾ ਲੱਗਾ ਤਾਂ ਉਹ ਉਸੇ ਰੰਗ ਵਿਚ ਰਹਿ ਲਾਸ਼ ਉਠਾ ਘਰ ਲਿਆਏ। ਕੀਰਤਨ ਕਰਕੇ ਬਿਬਾਨ ਕੱਢਿਆ ਤੇ ਸਸਕਾਰ ਕਰ ਪਰਤ ਕੇ ਉਹ ਹੀ ਤੱਪੜ, ਜਿਨ੍ਹਾਂ ਨੂੰ ਇਕ ਦਿਨ ਪਹਿਲਾਂ ਗੰਢ ਰਹੇ ਸਨ, ਵਿਛਾ ਦਿੱਤੇ।

ਭਾਈ ਕਪੂਰ ਦੇਵ ਜੀ ਕੋਲੋਂ ਰਹਿਆ ਨਾ ਗਿਆ ਤੇ ਉਨ੍ਹਾਂ ਪੁੱਛ ਹੀ ਲਿਆ ਕਿ ਜੇ ਤੁਸੀਂ ਜਾਣਦੇ ਸੀ ਕਿ ਪੁੱਤਰ ਨਹੀਂ ਰਹਿਣਾ ਤਾਂ ਗੁਰੂ ਜੀ ਕੋਲ ਇਸ ਦੀ ਵੱਡੀ ਆਰਜਾ ਲਈ ਅਰਦਾਸ ਕਰਵਾ ਲੈਣੀ ਸੀ ਜਾਂ ਜਾਣ ਨਹੀਂ ਸੀ ਦੇਣਾ। ਭਾਈ ਸੰਮਣ ਜੀ ਨੇ ਕਿਹਾ : ਸਰੀਰ ਤਾਂ ਅਸਤਿ ਹੈ। ਇਸਦਾ ਬਿਨਸਨਾ ਅਸਚਰਜ ਨਹੀਂ; ਸਗੋਂ ਅਸਚਰਜ ਹੈ ਇਸ ਦਾ ਰਹਿਣਾ। ਇਸ ਦਾ ਜੀਵਨਾ ਹੀ ਵੱਡਾ ਅਸਚਰਜ ਹੈ। ਉਹ ਮੂਰਖ ਹਨ ਜੋ ਸਰੀਰ ਦੇ ਬਿਨਸਨ ਵੇਲੇ ਰੁਦਨ ਕਰਦੇ ਹਨ।

**ਤਨ ਬਿਨਸੇ ਜੋ ਸ਼ੋਕ ਕਰੰਤੇ।**
**ਤਿਨ ਸਮ ਮੂਰਖ ਅਪਰ ਨਾ ਜੰਤੇ।**

ਗੁਰੂ ਪਾਸੋਂ ਮੰਗੀਏ ਤਾਂ ਨਾਮ ਮੰਗੀਏ ਜੋ ਨਾਲ ਨਿਭੇ। ਨ ਕੋਈ ਕਿਸੇ ਦਾ ਪਿਤਾ ਹੈ, ਨਾ ਪੁੱਤਰ। ਚਾਰ ਦਿਨ ਦੀ ਖੇਡ ਹੈ। ਪੰਜ ਤੱਤ ਵਿਰੋਧੀਏ ਇਕੱਠੇ ਕਰਕੇ ਸਰੀਰ ਰਚਿਆ ਹੈ। ਆਪਣੀ ਅਉਧ ਭੋਗ ਕੇ ਫਿਰ ਅੱਡ-ਅੱਡ ਹੋ ਜਾਂਦੇ ਹਨ :

**ਗੁਰ ਤੇ ਮੰਗੀਅਹਿ ਨਾਮ ਸਹਾਇ,**
**ਜੋ ਪਰਲੋਕ ਮਹਿ ਸੰਗ ਸਿਧਾਇ।**
**ਪਿਤ ਸੁਤ ਚਾਰ ਦਿਵਸ ਕੀ ਖੇਲ,**
**ਤਨ ਤਤ ਪੰਚ ਬਿਰੋਧੀ ਮੇਲ।**

ਇਹ ਜੀਵ ਆਪਣੇ ਸਰੂਪ ਨੂੰ ਭੁਲਾ ਕੇ ਦੁੱਖ ਪਾਉਂਦਾ ਹੈ। ਜੇ ਗੁਰ ਕੇ ਬਚਨ ਮੰਨੇ, ਸਮਝੇ ਤਾਂ ਜਨਮ-ਮਰਨ ਤੋਂ ਰਹਿਤ ਹੁੰਦਾ ਹੈ। ਆਏ ਸਿੱਖ ਦਾ ਸਿਰ ਝੁਕਿਆ ਹੀ ਰਹਿਆ।[1]

ਭਾਈ ਭੀਵਾ ਅਤੇ ਭਾਈ ਰੂਪ ਚੰਦ ਸਰਹੰਦ ਦੇ ਵਸਨੀਕ ਸਨ। ਸ਼ਾਹੂਕਾਰਾ ਕਰਦੇ ਸਨ।

**ਸਰਹੰਦ ਦੇ ਭਾਈ ਭੀਵਾ ਤੇ ਭਾਈ ਰੂਪ ਚੰਦ**

'ਕ੍ਰਿਤ ਕਰਕੇ ਸਿੱਖਾਂ ਨਾਲ ਵੰਡ ਖਾਣ ਅਤੇ ਗੁਰਪੁਰਬ ਕਰਨ। ਸਿੱਖਾਂ ਨੂੰ ਉੱਤਮ ਪ੍ਰਸ਼ਾਦ ਛਕਾਉਣ।' ਭਾਈ ਗੁਰਦਾਸ ਜੀ ਨੇ 'ਸਨਮੁਖ ਸਤ ਭਾਈ' ਕਹਿ ਕੇ ਸਤਿਕਾਰ ਦਿੱਤਾ ਹੈ। ਇਨ੍ਹਾਂ ਦਾ ਇਤਨਾ ਇਤਬਾਰ ਲੋਕਾਂ ਤਾਈਂ ਸੀ ਕਿ ਲੋਕ ਅਮਾਨਤਾਂ ਰੱਖ ਜਾਂਦੇ। ਇਕ ਵਾਰੀ ਇਕ ਮੁਗ਼ਲ ਫੌਜਦਾਰ ਨੇ ਮੁਹਰਾਂ ਦਾ ਵਾਸੁਲਾ ਦਿੱਤਾ ਕਿ ਆਇਕੇ ਲੈ ਲਵੇਗਾ। ਉਨ੍ਹਾਂ ਰੱਖ ਦਿੱਤਾ।

ਪੰਜ ਸਾਲਾਂ ਬਾਅਦ ਉਹ ਫੌਜਦਾਰ ਪਰਤਿਆ ਤੇ ਵਾਸੁਲਾ ਮੰਗਿਆ। ਉਨ੍ਹਾਂ ਇਹ ਜਾਣ ਲਿਖਿਆ ਨਹੀਂ ਸੀ ਕਿ ਫੌਜਦਾਰ ਹੈ, ਜਲਦੀ ਪਰਤ ਆਵੇਗਾ। ਸੋ ਚੇਤੇ ਤੋਂ ਉਤਰ ਗਿਆ। ਉਨ੍ਹਾਂ ਕਿਹਾ ਕਿ ਲਿਆ ਨਹੀਂ। ਉਸ ਫ਼ਰਿਆਦ ਕੀਤੀ। ਸਿੱਖਾਂ ਨੇ ਭਰੀ ਕਚਹਿਰੀ ਵਿਚ ਇਨਕਾਰ ਕੀਤਾ। ਫੌਜਦਾਰ ਨੇ ਕਿਹਾ : ਤੱਤੇ ਕੜਾਹੇ ਵਿਚ ਹੱਥ ਪਾਉਣ। ਨਵਾਬ ਨੇ ਫ਼ੈਸਲਾ ਸੁਣਾਇਆ ਕਿ ਦੋਵੇਂ ਧਿਰਾਂ ਤੱਤੇ ਕੜਾਹੇ ਵਿਚ ਹੱਥ ਪਾਉਣ। ਭਾਈ ਭੀਵਾ ਜੀ ਨੇ ਅਰਦਾਸ ਕੀਤੀ ਕਿ ਆਪਣੇ ਨਾਮ ਦੀ ਲਾਜ ਰੱਖੀਂ। ਤੱਤੇ ਕੜਾਹੇ ਹੱਥ ਪਾਇਆ ਤਾਂ ਸਲਾਮਤ ਨਿਕਲਿਆ। ਮੁਗ਼ਲ ਦਾ ਝੁਲਸ ਗਿਆ।

ਕੁਝ ਦਿਨਾਂ ਬਾਅਦ ਸਫ਼ਾਈ ਕਰਨ ਲੱਗੇ ਤਾਂ ਰੂਪ ਚੰਦ ਨੂੰ ਵਾਸੁਲਾ ਮਿਲ ਗਿਆ। ਦੋਵੇਂ ਦੌੜੇ ਉਥੇ ਚਲੇ ਗਏ ਜਿੱਥੇ ਮੁਗ਼ਲ ਸੀ। ਮੁਗ਼ਲ ਹੈਰਾਨ ਹੋਇਆ ਤੇ ਕਹਿਣ ਲੱਗਾ ਕਿ ਉਸ ਨੂੰ ਉਥੇ ਲੈ ਜਾਣ ਜਿਸ ਨੂੰ ਉਨ੍ਹਾਂ ਧਿਆਇਆ ਹੈ। ਜਦ ਗੁਰੂ ਅਰਜਨ ਜੀ ਕੋਲ ਪੁੱਜੇ ਤਾਂ ਮੁਗ਼ਲ ਨੇ ਇਤਨਾ ਹੀ ਕਿਹਾ : ਮਹਾਰਾਜ ਇਹ ਦੱਸੋ ਕਿ ਇਹ ਝੂਠੇ ਸੱਚੇ ਹੋਏ ਅਤੇ ਮੈਂ ਸੱਚਾ ਝੂਠਾ। ਗੁਰੂ ਜੀ ਨੇ ਫ਼ਰਮਾਇਆ : "ਉਨ੍ਹਾਂ ਦਾ ਨਿਸਚਾ ਇਕ 'ਤੇ ਸੀ ਅਤੇ ਤੇਰਾ ਬਹੁਤਿਆਂ ਪੀਰਾਂ 'ਤੇ! ਇਕ ਭਰਤਾ ਦੀ ਇਸਤ੍ਰੀ ਸਦਾ ਸੁਖੀ ਹੁੰਦੀ ਹੈ।"

ਭਾਈ ਭਾਨਾ ਤੇ ਰੇਖ ਦੇਉ ਦੋਵੇਂ ਕਾਬਲ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਅਤੇ ਸਰਕਾਰੀ

**ਕਾਬਲ ਦੇ ਭਾਈ ਭਾਨਾ ਤੇ ਰੇਖ ਦੇਉ**

ਮੋਦੀ ਸਨ। ਕਿਸੇ ਦੀ ਦਮੜੀ ਨਾ ਰੱਖ ਕੇ ਸ਼ੁੱਧ ਵਿਹਾਰ ਕਰਦੇ। ਅਭਿਆਗਤਾਂ ਦੀ ਸੇਵਾ ਕਰਦੇ। ਭੁੱਖੇ ਨੂੰ ਆਹਾਰ ਦਿੰਦੇ। ਪੰਜ ਬਰਸ ਮੋਦੀ ਦਾ ਕਾਰਜ ਕਰਦੇ ਹੋ ਗਏ। ਜਿਨ੍ਹਾਂ ਨੂੰ ਆਸ ਸੀ ਕਿ ਉਨ੍ਹਾਂ ਨੂੰ ਮੋਦੀ ਹੋਣ ਦਾ ਮੌਕਾ ਮਿਲੇਗਾ, ਉਨ੍ਹਾਂ ਸਾਜ਼ਸ਼ਾਂ ਕਰਕੇ ਵੱਟਾ ਬਦਲਾ ਦਿੱਤਾ ਅਤੇ ਇਹ ਸ਼ਿਕਾਇਤ ਕੀਤੀ ਕਿ ਇਹ ਘੱਟ ਤੋਲਦੇ ਹਨ। ਜਦ ਵੱਟਾ ਮੰਗਾਇਕੇ ਨਵਾਬ ਜੋਖਿਆ ਤਾਂ ਬਰਾਬਰ ਨਿਕਲਿਆ। ਇਨ੍ਹਾਂ ਅਰਦਾਸ ਕੀਤੀ ਸੀ ਕਿ ਸਿੱਖ ਅਤੇ ਸਿੱਖੀ ਦੀ ਪੈਜ ਰੱਖੀਂ। ਕਹਿੰਦੇ ਹਨ ਕਿ ਉਸ ਸਮੇਂ ਜਦ ਵੱਟਾ ਜੋਖਿਆ ਜਾ ਰਿਹਾ ਸੀ, ਦਰਬਾਰ ਸਾਹਿਬ ਬੈਠੇ ਹੋਏ ਗੁਰੂ ਅਰਜਨ ਦੇਵ ਜੀ ਨੂੰ ਕਿਸੇ ਪੰਜ ਪੈਸੇ

1. ਭਾਈ ਭਿਖਾਰੀ ਦੀ ਸਾਖੀ ਭਾਈ ਗੁਰਦਾਸ ਜੀ ਨੇ ਗੁਰੂ ਹਰਿਗੋਬਿੰਦ ਜੀ ਦੇ ਸਿੱਖਾਂ ਹੇਠ ਦਿੱਤੀ ਹੈ। ਉਨ੍ਹਾਂ ਵੀ, ਜਦ ਜਵਾਨ ਬੇਟਾ ਘਰ ਡੋਲੀ ਲਿਆਉਣ ਵਾਲੀ ਰਾਤ ਹੀ ਗੁਜ਼ਰ ਗਿਆ ਤਾਂ ਇਹ ਹੀ ਕਿਹਾ ਸੀ : 'ਤੁਧੁ ਵਿਣੁ ਹੋਰ ਜੇ ਮੰਗਣਾ ਸਿਰ ਦੁਖਾਂ ਦੇ ਦੁਖ।'

Sri Satguru Jagjit Singh Ji eLibrary NamdhariElibrary@gmail.com

ਭੇਟ ਕੀਤੇ। ਕਦੇ ਸਾਹਿਬ ਸੱਜੇ ਹੱਥ ਰੱਖਣ, ਕਦੇ ਖੱਬੇ ਹੱਥ ਰੱਖਣ। ਸਿੱਖਾਂ ਜਦ ਪੁੱਛਿਆ ਕਿ ਬਾਰ-ਬਾਰ ਇਸ ਤਰ੍ਹਾਂ ਕਿਉਂ ਕਰਦੇ ਰਹੇ ਹੋ ਤਾਂ ਆਪ ਜੀ ਨੇ ਕਿਹਾ : ਸਿੱਖ ਦੀ ਪੈਜ ਰੱਖੀ ਹੈ।

ਸੂਰਜ ਪ੍ਰਕਾਸ਼ ਨੇ ਲਿਖਿਆ ਹੈ ਕਿ ਭਾਈ ਕਟਾਰੂ ਨਾਂ ਦੇ ਸਿੱਖ ਨੂੰ, ਜੋ ਕਾਬਲ ਵਿਚ ਧੜਵਈ ਸੀ, ਇਹ ਹੀ ਉਪਦੇਸ਼ ਦਿੱਤਾ ਸੀ, ਘੱਟ ਨਹੀਂ ਤੋਲਣਾ, ਸਤਿਨਾਮ ਦਾ ਸਿਮਰਨ ਕਰਨਾ। ਦਸਵੰਧ ਕੱਢਦੇ ਰਹਿਣਾ। ਘਰ ਵਿਚ ਕਦੇ ਦਲਿੱਦਰ ਨਹੀਂ ਆਉਣ ਲੱਗਾ।

**ਦੇਹੁ ਦਸਵੰਧ ਗੁਰ ਹਿਤ ਸਦਾ।**
**ਦਾਰਿਦ ਸਦਨ ਨਹਿ ਹੋਵਹਿ ਕਦਾ।**

ਉਹ ਇਸੇ ਤਰ੍ਹਾਂ ਕਰਦੇ ਸਨ ਪਰ ਸ਼ਿਕਾਇਤਾਂ ਹੋਈਆਂ ਤਾਂ ਗੁਰੂ ਜੀ ਨੇ ਹੱਥ ਦੇ ਲਾਜ ਰੱਖੀ। ਹੋ ਸਕਦਾ ਹੈ ਕਿ ਇਨ੍ਹਾਂ ਦੋਹਾਂ ਵਿਚੋਂ ਇਕ ਨੂੰ ਕਟਾਰੂ ਕਹਿੰਦੇ ਹੋਣ ਜਾਂ ਇਹ ਤੀਜਾ ਸਾਥੀ ਹੋਵੇ।

## ਭਾਈ ਮਾਧੋ

ਕਸ਼ਮੀਰ ਦੇ ਸਿੱਖਾਂ ਨੇ ਸ੍ਰੀ ਅੰਮ੍ਰਿਤਸਰ ਆ ਕੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਕਸ਼ਮੀਰ ਦੇ ਪੰਡਿਤ ਬਾਣੀ ਪੜ੍ਹਨ ਤੋਂ ਰੋਕਦੇ ਹਨ, ਬਿਖੇੜੇ ਪਾਉਂਦੇ ਹਨ ਅਤੇ ਸਿੱਖਾਂ ਨੂੰ ਤੰਗ ਕਰਦੇ ਹਨ। ਇਹ ਵੀ ਕਹਿੰਦੇ ਹਨ : ਸੰਸਕ੍ਰਿਤ ਦੇਵ ਬਾਣੀ ਹੈ ਅਤੇ ਗੁਰਬਾਣੀ ਮਨੁੱਖੀ। ਉਨ੍ਹਾਂ ਨੂੰ ਸੋਧਣ ਤੇ ਸਮਝਾਉਣ ਲਈ ਕੋਈ ਨਿਕਟਵਰਤੀ ਸਿੱਖ ਭੇਜੋ। ਮਹਾਰਾਜ ਦਾ ਧਿਆਨ ਉਸੇ ਭਾਈ ਮਾਧੋ ਜੀ ਵੱਲ ਗਿਆ, ਜੋ ਸਰਬ-ਗੁਣ ਗਿਆਤਾ ਸਨ। ਗੁਰੂ ਜੀ ਨੇ ਭਾਈ ਮਾਧੋ ਜੀ ਨੂੰ ਕੋਲ ਬੁਲਾ ਇਹ ਕਿਹਾ : ਕਸ਼ਮੀਰ ਦੇ ਪੰਡਿਤ ਨਿਰੇ ਕਰਮ-ਕਾਂਡੀ ਹਨ। ਸੋ ਕਸ਼ਮੀਰ ਜਾ ਕੇ ਅੰਮ੍ਰਿਤ ਵੇਲੇ ਜਾਗਣ, ਇਸ਼ਨਾਨ ਕਰ ਨਿੱਜ ਸਰੂਪ ਵਿਚ ਜੁੜਨ, ਬਾਣੀ ਦਾ ਪਾਠ ਵਿਚਾਰ, ਸਤਿ-ਸੰਗਤ ਦੀ ਮਹੱਤਤਾ, ਕੀਰਤਨ ਕਲਿ ਮਹਿ ਪ੍ਰਧਾਨ, ਕੜਾਹ ਪ੍ਰਸ਼ਾਦ ਕਰਨ ਤੇ ਸਭ ਨੂੰ ਵਰਤਾਵਣ, ਗੁਰਪੁਰਬ ਮਨਾਉਣ, ਕਮਾਈ ਵਿਚੋਂ ਦਸਵੰਧ ਦੇਣ, ਵੰਡ ਛਕਣ, ਮਿੱਠ ਬੋਲਣ ਤੇ ਨਿਵ ਚੱਲਣ ਦਾ ਉਪਦੇਸ਼ ਦ੍ਰਿੜ ਕਰਾਉਣਾ।

ਭਾਈ ਜੀ ਨੇ ਸ੍ਰੀਨਗਰ ਪੁੱਜਦਿਆਂ ਹੀ ਧਰਮਸਾਲ ਬੱਧੀ। ਦੀਵਾਨ ਹੋਣ ਲੱਗੇ। ਕੀਰਤਨ ਦੀਆਂ ਧੁਨੀਆਂ ਉਠਣ ਲੱਗੀਆਂ। ਜਦ ਕਸ਼ਮੀਰੀ ਪੰਡਿਤ ਚਰਚਾ ਲਈ ਉਠ ਆਏ ਤਾਂ ਆਪ ਜੀ ਨੇ ਕਿਹਾ : ਘਿਉ ਭਾਵੇਂ ਸੋਨੇ ਦੇ ਬਰਤਨ ਵਿਚ ਹੋਵੇ, ਭਾਵੇਂ ਮਿੱਟੀ ਦੇ, ਘਿਉ ਲੈਣ ਵਾਲਾ ਬਰਤਨ ਨਹੀਂ ਦੇਖਦਾ। ਤਿਵੇਂ ਪ੍ਰਭੂ ਦਾ ਨਾਮ ਭਾਵੇਂ ਸੰਸਕ੍ਰਿਤ ਵਿਚ ਲਿਆ ਜਾਵੇ, ਭਾਵੇਂ ਆਪਣੀ ਬੋਲੀ (ਭਾਸ਼ਾ) ਵਿਚ, ਇਹ ਨਾਮ ਸਰਬ ਕਲਿਆਣ ਕਰਦਾ ਹੈ। ਫਿਰ ਦਲੀਲ ਦੇਂਦੇ ਹੋਏ ਕਿਹਾ, "ਜੋ ਸੰਸਕ੍ਰਿਤ ਵਿਚ ਕਿਹਾ ਜਾਂਦਾ ਹੈ, ਉਸ ਨੂੰ ਵੀ ਫਿਰ ਆਪਣੀ ਬੋਲੀ ਵਿਚ ਹੀ ਸਮਝਾਇਆ ਜਾਂਦਾ ਹੈ। ਵੇਦਾਂ ਕਰਕੇ ਚਤੁਰਾਈ ਹੁੰਦੀ ਹੈ। ਮਨ ਨੀਵਾਂ ਨਹੀਂ ਹੁੰਦਾ। ਸ਼ਬਦ ਕਰਕੇ ਮਨ ਨੀਵਾਂ ਹੁੰਦਾ ਹੈ।" ਭਾਈ ਮਾਧੋ ਦੀ ਸੇਵਾ ਕਰਕੇ ਇਕ ਉਤਮ ਸੰਗਤਿ ਸ੍ਰੀਨਗਰ ਵਿਖੇ ਬਣ ਗਈ। ਉਨ੍ਹਾਂ ਦੀ ਕਰਣੀ, ਕਥਨੀ, ਰਹਿਣੀ-ਬਹਿਣੀ ਕਰਕੇ ਸ੍ਰੀਨਗਰ ਸਿੱਖੀ ਪ੍ਰਚਾਰ ਦਾ ਕੇਂਦਰ

Sri Satguru Jagjit Singh Ji eLibrary NamdhariElibrary@gmail.com

ਬਣਿਆ। ਸ੍ਰੀਨਗਰ ਦੇ ਹੀ ਸਨ ਚਾਰੇ ਮੁਖੀ, ਭਾਈ ਅਲਮਸਤ, ਭਾਈ ਗੋਇੰਦਾ, ਭਾਈ ਬਾਲੂ ਹਸਣਾ ਤੇ ਭਾਈ ਫੂਲ, ਜਿਨ੍ਹਾਂ ਧੂਣੀਆਂ ਬਣਾ ਕੇ ਸਿੱਖੀ ਸਾਰੇ ਹਿੰਦੁਸਤਾਨ ਦੇ ਕੋਨੇ-ਕੋਨੇ ਵਿਚ ਫੈਲਾਈ।

ਦਬਿਸਤਾਨਿ ਮਜ਼ਾਹਬ ਨੇ ਲਿਖਿਆ ਹੈ ਕਿ ਭਾਈ ਜੀ ਦੀ ਕਰਣੀ ਕਰ ਕਸ਼ਮੀਰ ਸਿੱਖੀ ਦ੍ਰਿੜ੍ਹ ਹੋਈ। ਉਹਨਾਂ ਦਾ ਆਪਣਾ ਆਚਰਨ ਇਤਨਾ ਉੱਚਾ ਸੀ ਕਿ ਉਦਾਹਰਣ ਹੀ ਬਣ ਗਿਆ। ਸਾਖ ਭਰਦੇ ਉਸ ਲਿਖਿਆ ਹੈ ਕਿ ਇਕ ਵਾਰੀ ਇਕ ਬਹਿਰੂਪੀਏ ਨੇ, ਜੋ ਠੱਗਾਂ ਦੇ ਗਰੋਹ ਦਾ ਸੀ, ਸਿੱਖੀ ਰੂਪ ਧਾਰ ਕੇ ਭਾਈ ਜੀ ਦੇ ਘਰ ਕੁਵੇਲੇ ਦਸਤਕ ਦਿੱਤੀ। ਭਾਈ ਜੀ ਪਾਸ ਉਸ ਸਮੇਂ ਜੋ ਤਿਆਰ ਸੀ, ਛਕਾਇਆ ਅਤੇ ਅੰਮ੍ਰਿਤ ਵੇਲੇ ਹੀ ਸਿੱਖ ਦੀ ਉਚੇਰੀ ਸੇਵਾ ਹੋਵੇ, ਬਾਹਰ ਚਲੇ ਗਏ ਤਾਂ ਕਿ ਹੱਟੀ ਖੁੱਲ੍ਹਵਾ ਕੇ ਰਸਦ ਲੈ ਆਉਣ। ਪਿੱਛੋਂ ਮੌਕਾ ਤੱਕ ਕੇ ਉਸ ਬਹਿਰੂਪੀਏ ਨੇ ਉਨ੍ਹਾਂ ਦੀ ਘਰ ਵਾਲੀ ਨੂੰ ਕਤਲ ਕੀਤਾ। ਗਹਿਣਿਆਂ ਦਾ ਭਰਿਆ ਡੱਬਾ ਤੇ ਹੋਰ ਰੁਪੈ ਲੈ ਕੇ ਬਾਹਰ ਗਲੀ ਨਿਕਲ ਹੀ ਰਹਿਆ ਸੀ ਕਿ ਭਾਈ ਮਾਧੋ ਜੀ ਦਾ ਮੇਲ ਹੋ ਗਿਆ। ਭਾਈ ਜੀ ਕਹਿਣ ਕਿ ਛਾਹ ਵੇਲਾ ਕੀਤੇ ਬਗ਼ੈਰ ਉਨ੍ਹਾਂ ਜਾਣ ਨਹੀਂ ਦੇਣਾ ਤੇ ਉਸਦਾ ਅੰਦਰਲਾ ਚੋਰ ਪੱਲਾ ਛੁਡਾਵੇ। ਇਸ ਖਿੱਚਾ-ਖਿੱਚੀ ਵਿਚ ਗਹਿਣਿਆਂ ਦਾ ਡੱਬਾ ਜ਼ਮੀਨ 'ਤੇ ਗਿਰ ਗਿਆ ਤੇ ਭਾਈ ਸਾਹਿਬ ਨੇ ਗਹਿਣੇ ਪਛਾਣ ਲਏ। ਡੱਬਾ ਉਸੇ ਤਰ੍ਹਾਂ ਹੀ ਉਸ ਨੂੰ ਥਮਾ ਕੇ ਘਰ ਲੈ ਆਏ। ਜਦ ਅੰਦਰ ਜਾ ਵੇਖਿਆ ਤਾਂ ਘਰ ਵਾਲੀ ਕਤਲ ਹੋਈ ਹੋਈ ਸੀ। ਭਾਈ ਸਾਹਿਬ ਨੇ ਕੁਝ ਨਾ ਕਿਹਾ। ਸਿਰਫ਼ ਕੋਠੇ ਚੜ੍ਹ ਕੇ ਗੁਆਂਢੀਆਂ ਨੂੰ, ਜੋ ਕੀਰਤਨ ਕਥਾ ਲਈ ਉਨ੍ਹਾਂ ਦੀ ਬੱਧੀ ਧਰਮਸਾਲ (ਘਰ) ਵਿਚ ਆ ਰਹੇ ਸਨ, ਸਿਰਫ਼ ਇਤਨਾ ਕਿਹਾ ਕਿ ਘਰਵਾਲੀ ਵਾਂਢੇ ਗਈ ਹੈ ਇਸ ਲਈ ਕੀਰਤਨ ਰਤਾ ਕੁ ਦੇਰ ਨਾਲ ਆਰੰਭ ਹੋਵੇਗਾ। ਉਸ ਠੱਗ ਨੇ ਇਹ ਸਭ ਦੇਖ ਭਾਈ ਸਾਹਿਬ ਦੇ ਚਰਨ ਪਕੜ ਲਏ। ਭਾਈ ਸਾਹਿਬ ਨੇ ਇਹ ਹੀ ਕਿਹਾ ਕਿ ਜੇ ਉਹ ਤੇਰਾ ਨਾਂ ਲਾਂਦੇ ਹਨ ਤਾਂ ਸਿੱਖੀ ਬਦਨਾਮ ਹੁੰਦੀ ਹੈ। ਜੋ ਭਾਣਾ ਵਰਤਣਾ ਸੀ, ਸੋ ਵਰਤ ਗਿਆ, ਹੁਣ ਸਿੱਖ ਤੇ ਸਿੱਖੀ ਨੂੰ ਲਾਜ ਕਿਉਂ ਲੁਆਵਾਂ। ਠੱਗ ਵੀ ਸਿੱਖੀ ਦਾਇਰੇ ਵਿਚ ਆਇਆ। ਐਸੇ ਸਿਦਕੀ ਸਿੱਖ ਗੁਰੂ ਜੀ ਦੀ ਸਿੱਖਿਆ ਨਾਲ ਨਿੱਤਰ ਰਹੇ ਸਨ। ਭਾਈ ਗੁਰਦਾਸ ਜੀ ਨੇ ਇਸੇ ਕਰਕੇ ਭਾਈ ਮਾਧੋ ਜੀ ਨੂੰ ਕਸ਼ਮੀਰ ਵਿਚ ਸਿੱਖੀ ਦੀ ਚਾਲ ਟੋਰਨ ਵਾਲਾ ਲਿਖਿਆ ਹੈ। "ਮਾਧੋ ਸੋਢੀ ਕਸ਼ਮੀਰ, ਗੁਰੂ ਸਿੱਖੀ ਦੀ ਚਾਲ ਚਲਾਈ।"

**ਥਾਨੇਸਰ ਦੇ ਭਾਈ ਨੰਦਾ ਵਿੱਠੜ ਤੇ ਸਾਮੀ ਦਾਸ ਜੀ**

ਭਾਈ ਨੰਦਾ ਤੇ ਭਾਈ ਸਾਮੀ ਦਾਸ, ਦੋਵੇਂ ਥਾਨੇਸਰ ਵਿਚ ਸਿੱਖੀ ਲੋਅ ਰੌਸ਼ਨ ਕਰੀ ਬੈਠੇ ਸਨ। ਹੱਟੀ ਸੀ ਪਰ ਮੋਲ ਤੋਲ ਨਹੀਂ ਸਨ ਕਰਦੇ। ਇਨ੍ਹਾਂ ਦਾ ਨਾਂ ਹੀ 'ਇਕ ਸੁਖਨੀਆ' ਪੈ ਗਿਆ। ਇਲਾਕੇ ਵਿਚ ਉਨ੍ਹਾਂ ਦੇ ਸੁੱਚੇ ਵਿਹਾਰ ਕਰਕੇ ਸਿੱਖੀ ਫੈਲੀ। ਜੋ ਵੀ ਸਿੱਖ ਆਉਂਦਾ, ਉਹ ਪ੍ਰਸੰਨ-ਚਿੱਤ ਪ੍ਰਸ਼ਾਦ ਛਕਾਂਦੇ। ਸਰਦੀ ਹੁੰਦੀ ਤਾਂ ਆਪਣੇ ਹੱਥੀਂ ਪਾਣੀ ਗਰਮ ਕਰ ਪੈਰ ਧੋਂਦੇ ਅਤੇ ਲੋੜਵੰਦ ਦੇਖ ਬਸਤਰ ਵੀ ਬਣਾ ਕੇ ਦੇਂਦੇ। ਇਨ੍ਹਾਂ ਦਾ ਸਾਰਾ ਪਰਿਵਾਰ ਹੀ ਸੇਵਾ ਵਿਚ ਜੁਟਿਆ ਰਹਿੰਦਾ।

Sri Satguru Jagjit Singh Ji eLibrary NamdhariElibrary@gmail.com

**ਅਭਿਆਸ ਅਵੱਸ਼**

ਭਾਈ ਮੁਰਾਰੀ ਅਨੰਦ ਜੋ ਆਪੂੰ ਇਕ ਆਤਮ ਗਿਆਨੀ ਸਨ ਅਤੇ ਭਾਈ ਕਲਿਆਨਾ, ਭਾਈ ਨਾਨੋ, ਭਾਈ ਆਲਮ ਚੰਦ ਹਾਂਡਾ, ਭਾਈ ਸੈਸਾਰੂ ਤਲਵਾੜ ਜੋ ਹੰਸਾਂ ਦੀ ਡਾਰ ਕਰਕੇ ਜਾਣੇ ਜਾਂਦੇ ਸਨ ਅਤੇ ਆਗਰੇ ਰਹਿੰਦੇ ਸਨ, ਨੇ ਆ ਕੇ ਬੇਨਤੀ ਕੀਤੀ : ਗ਼ਰੀਬ ਨਿਵਾਜ ਜਿਸ ਸਮੇਂ ਸ਼ਬਦ ਸੁਣਦੇ ਹਾਂ, ਉਸ ਸਮੇਂ ਤਾਂ ਮਨ ਨੀਵਾਂ ਰਹਿੰਦਾ ਹੈ ਪਰ ਜਿਸ ਸਮੇਂ ਵਿਵਹਾਰ ਵਿਚ ਪੈ ਜਾਂਦੇ ਹਾਂ, ਸਭ ਕੁਝ ਭੁੱਲ ਜਾਂਦਾ ਹੈ। ਕੋਈ ਉਪਾਅ ਦੱਸੋ ਕਿ ਮਨ ਟਿਕਿਆ ਰਹੇ।

ਗੁਰੂ ਜੀ ਨੇ ਬਚਨ ਕੀਤਾ : ਅਜੇ ਅਭਿਆਸ ਦ੍ਰਿੜ੍ਹ ਨਹੀਂ ਹੋਇਆ। ਇਹ ਵਿਵਹਾਰ ਵਿਚ ਪੈਂਦੇ ਸਾਰ ਭੁੱਲਣ ਦਾ ਕਾਰਨ ਦੁਰਮਤਿ ਦਾ ਅਭਿਆਸ ਹੈ ਜੋ ਕਈ ਜਨਮਾਂ ਤੋਂ ਚੱਲਿਆ ਆ ਰਿਹਾ ਹੈ। ਸ਼ਬਦ ਬਾਣੀ ਦਾ ਅਭਿਆਸ ਇਸ ਜਨਮ ਪਿਆ ਹੈ। ਦੇਹ ਅਭਿਮਾਨ ਕਰਕੇ ਸ਼ਬਦ ਨਹੀਂ ਦ੍ਰਿੜ੍ਹ ਹੁੰਦਾ। ਦੇਹ ਅਭਿਮਾਨ ਨਿੱਤ ਸਰਵਣ ਦੁਆਰਾ ਹੀ ਮੁੱਕੇਗਾ ਜਿਵੇਂ ਦਰਿਆ ਦੇ ਪ੍ਰਵਾਹ ਨੂੰ ਰੋਕਣ ਲਈ ਬੰਧ ਦੀ ਲੋੜ ਹੁੰਦੀ ਹੈ, ਫਿਰ ਨੀਵਾਣ ਵੱਲ ਚੱਲ ਪੈਂਦਾ ਹੈ, ਤਿਵੇਂ ਗਿਆਨ ਰੂਪੀ ਬੰਧ ਸ਼ਬਦ ਰਾਹੀਂ ਮਾਰਨਾ ਪੈਂਦਾ ਹੈ ਅਤੇ ਫਿਰ ਮਨ ਆਪੇ ਹੀ ਨੀਵਾਣ ਵੱਲ ਚੱਲ ਪੈਂਦਾ ਹੈ। ਪਰਵਾਹ ਪਇਆਂ ਹੋਇਆਂ ਫਿਰ ਜਤਨ ਕੋਈ ਨਹੀਂ ਰਹਿੰਦਾ।

**ਹਥਿਆਰ ਪਕੜਨੇ ਹੈਨਿ**

ਭਾਈ ਸੀਗਾਰੂ ਤੇ ਭਾਈ ਜੈਤਾ ਜੀ ਬਹੁਤ ਵੱਡੇ ਸੂਰਮੇ ਸਨ। ਗੁਰੂ ਜੀ ਪਾਸ ਹਾਜ਼ਰ ਹੋਏ ਅਤੇ ਬੇਨਤੀ ਕੀਤੀ ਕਿ ਆਪਣੀ ਸ਼ਰਨ ਰੱਖੋ। ਮਹਾਰਾਜ ਨੇ ਕਿਹਾ : 'ਅਸਾਂ ਸ਼ਸਤਰ ਪਕੜਨੇ ਹੈਨਿ, ਸੋ ਗੁਰੂ ਹਰਿਗੋਬਿੰਦ ਦਾ ਰੂਪ ਧਾਰ ਕੇ ਹੀ ਪਕੜਨੇ ਹੈਨਿ। ਸਮਾਂ ਕਲਿਜੁਗ ਦਾ ਵਰਤਣਾ ਹੈ। ਸ਼ਸਤਰਾਂ ਦੀ ਵਿਦਿਆ ਕਰਕੇ ਮੀਰ ਦੀ ਮੀਰੀ ਖਿੱਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਰੀ ਲੈ ਲੈਣੀ ਹੈ, ਤੁਸੀਂ ਛੇਵੀਂ ਪਾਤਸ਼ਾਹੀ ਦੇ ਹਜ਼ੂਰ ਰਹਿਣਾ।' ਇਸ ਤੋਂ ਸਪੱਸ਼ਟ ਹੈ ਕਿ ਗੁਰੂ ਜੀ ਆਉਣ ਵਾਲੇ ਸਮੇਂ ਮੁਗ਼ਲ ਸਰਕਾਰ ਨਾਲ ਟੱਕਰ ਦੇਖ ਰਹੇ ਸਨ।

ਇਸ ਤਰ੍ਹਾਂ ਜਦ ਭਾਈ ਕਾਲੂ ਸੂਰਮਾ ਨੇ ਪੁੱਛਿਆ ਕਿ ਜੋ ਰਣ ਵਿਚ ਜੂਝ ਮਰਦੇ ਹਨ ਉਨ੍ਹਾਂ ਨੂੰ ਕੀ ਪਦ ਪ੍ਰਾਪਤ ਹੁੰਦਾ ਹੈ, ਤਾਂ ਉਸ ਸਮੇਂ ਉਨ੍ਹਾਂ ਸਿੱਖੀ ਨੂੰ ਰਣ-ਨੀਤੀ ਦ੍ਰਿੜ੍ਹਾ ਦਿੱਤੀ ਸੀ। ਮਹਾਰਾਜ ਨੇ ਫ਼ਰਮਾਇਆ : ਜੋ ਕੋਈ ਬੀਰਤਾ ਧਰਮ ਨੂੰ ਅਪਣਾਂਦਾ ਹੈ, ਉਸ ਨੂੰ ਰਣ ਵਿਚ ਨਿਰਭੈ ਹੋ ਜੂਝਣਾ ਚਾਹੀਦਾ ਹੈ। ਸ਼ਤਰੂ ਨੂੰ ਮਾਰਨ ਤੇ ਆਪ ਮਰਨ ਵੇਲੇ ਸਤਿਨਾਮ ਰਿਦੇ ਰੱਖਣਾ ਚਾਹੀਦਾ ਹੈ। ਪਰਮ ਪਦ ਉਸ ਨੂੰ ਹੀ ਪ੍ਰਾਪਤ ਹੁੰਦਾ ਹੈ ਜੋ ਬਿਨ ਤ੍ਰਾਸ ਰਣ ਵਿਚ ਜੂਝਦੇ ਹਨ। ਸ਼ਸਤਰਧਾਰੀ ਦਾ ਵੱਡਾ ਧਰਮ ਇਹ ਹੈ ਕਿ ਰਣ ਵਿਚ ਪਿੱਠ ਨਾ ਦਿਖਾਏ :

> 'ਧਰਮ ਬਡੋ ਇਹ ਆਯੁਧਧਾਰੀ (ਸ਼ਸਤਰਧਾਰੀ)।
> ਨਹਿ ਸ਼ਤ੍ਰੁਨ ਦਿਖਾਇ ਪਿਛਾਰੀ। *(ਰਾਸ ੩, ਅੰਸ਼ ੯੧)*

ਇਕ ਹੋਰ ਸੂਰਮੇ ਭਾਈ ਆਡਿਤ ਸੋਇਨੀ ਨੂੰ ਕਿਹਾ ਸੀ ਕਿ ਧਰਮ ਦਾ ਯੁੱਧ ਕਰਨਾ

Sri Satguru Jagjit Singh Ji eLibrary NamdhariElibrary@gmail.com

ਅਤੇ ਜੋ ਗ਼ਰੀਬ ਨੂੰ ਰੰਞਾਣੇ, ਤੰਗ ਕਰੇ, ਉਨ੍ਹਾਂ ਵਿਰੁੱਧ ਲੜਨਾ :

**ਸੰਕਟ ਦੇਹਿ ਗਰੀਬਨਿ ਜੋਇ।**
**ਤਿਹ ਸੁ ਲਰਹੁ ਧਰਮ ਬਹੁ ਹੋਇ।**[1]

ਜਦ ਪ੍ਰਸਿੱਧ ਸੂਰਮਾ ਗੰਗਾ ਸਹਿਗਲ, ਜਿਸ ਦਾ ਮੁਗ਼ਲ ਫੌਜਾਂ ਵਿਚ ਵੱਡਾ ਮਨਸਬ ਸੀ, ਨੇ ਗੁਰੂ ਜੀ ਦੇ ਚਰਨ ਪਰਸੇ ਤਾਂ ਮਹਾਰਾਜ ਨੇ ਕਿਹਾ : ਤੇਰੇ ਵਰਗੇ ਸੂਰਮੇ ਨੂੰ ਮੁਗ਼ਲਾਂ ਦੀ ਨੌਕਰੀ ਨਹੀਂ ਕਰਨੀ ਚਾਹੀਦੀ :

**ਤੁਮ ਮਲੇਛ ਕੇ ਚਾਕਰ ਅਹੋ।**
**ਇਹ ਕੁਛ ਭਲੀ ਬਾਤ ਨਹਿ ਲਹੋ।**

ਜੇ ਰੋਜ਼ੀ ਲਈ ਹੀ ਮੁਗ਼ਲਾਂ ਦੀ ਨੌਕਰੀ ਕਰਨੀ ਹੈ ਤਾਂ ਗੁਰੂ ਹਰਿਗੋਬਿੰਦ ਜੀ ਪਾਸ ਰਹੋ। ਫ਼ੌਜ ਬਣਾਉਣ ਤੇ ਰੱਖਣ ਦੀਆਂ ਤਿਆਰੀਆਂ ਹੋ ਰਹੀਆਂ ਸਨ।

## ਸਿੱਖ ਕਰਮਕਾਂਡਾਂ ਤੋਂ ਉੱਚਾ

ਭਾਈ ਜੈਤਾ, ਭਾਈ ਨੰਦਾ ਅਤੇ ਭਾਈ ਪਿਰਾਗਾ ਜੀ ਨੂੰ ਗੁਰੂ ਅਰਜਨ ਦੇਵ ਜੀ ਨੇ ਉਪਦੇਸ਼ ਦਿੱਤਾ ਸੀ ਕਿ ਇੰਦ੍ਰੀਆਂ ਨੂੰ ਸੰਕੋਚ ਕੇ ਸਵਾਸ-ਸਵਾਸ ਵਾਹਿਗੁਰੂ ਦਾ ਜਾਪ ਕਰਨਾ ਅਤੇ ਜਿਸ ਸਮੇਂ ਬਿਰਤੀ ਟੁੱਟਦੀ ਦੇਖੋ ਸ਼ਬਦ ਦਾ ਪਰਚਾ ਵਿਚਾਰ ਕਰਨਾ।

ਉਨ੍ਹਾਂ ਐਸਾ ਕੀਤਾ ਪਰ ਬ੍ਰਾਹਮਣ ਕਹਿਣ ਕਿ ਤੁਸੀਂ ਕਰਮ ਛੱਡ ਦਿੱਤੇ ਹਨ, ਤੁਹਾਡੀ ਕਲਿਆਣ ਨਹੀਂ ਹੋ ਸਕੇਗੀ। ਸਿੱਖਾਂ ਨੇ ਬ੍ਰਾਹਮਣ ਨੂੰ ਖ਼ੂਬ ਲਿਆ ਅਤੇ ਕਿਹਾ : 'ਤੁਸੀਂ ਹੀ ਤਾਂ ਕਹਿੰਦੇ ਹੋ ਜਿਸ ਘਰ ਸੂਤਕ ਤੇ ਮ੍ਰਿਤਕ ਹੋਵੇ, ਤਿਸ ਦੇ ਕਰਮ ਲੇਖੇ ਨਹੀਂ ਲੱਗਦੇ। ਅਸੀਂ ਜਿਸ ਦਿਨ ਦੇ ਗੁਰੂ ਅਰਜਨ ਦੇ ਦਰਸ਼ਨ ਪਾਏ ਹਨ, ਅਗਿਆਨ ਪਿਤਾ ਦੀ ਮੌਤ ਹੋ ਗਈ ਹੈ ਅਤੇ ਗਿਆਨ ਪੁੱਤਰ ਸਾਡੇ ਘਰ ਜਨਮਿਆ ਹੈ। ਸੋ ਕਰਮ ਕਰਨੇ ਵਿਅਰਥ ਹਨ।'

ਕਿਸ ਵਿਸ਼ਵਾਸ ਵਿਚ ਸਿੱਖ ਬੋਲਣ ਲੱਗ ਪਏ ਸਨ। ਇਹ ਸਭ ਗੁਰੂ ਅਰਜਨ ਦੇਵ ਜੀ ਦੀ ਸਿਖਿਆ ਦੇ ਹੀ ਫਲਸਰੂਪ ਸੀ।

ਇਸ ਤਰ੍ਹਾਂ ਜਦ ਇਕ ਬ੍ਰਾਹਮਣ ਨੂੰ ਲੰਕਾ ਪ੍ਰਾਨਸੰਗਲੀ ਲੈਣ ਭੇਜਣ ਸਮੇਂ ਗੁਰੂ ਜੀ ਨੇ ਖ਼ਰਚਾ ਦਿੱਤਾ ਕਿ ਜਾ ਪੋਥੀ ਲਿਆਏ। ਉਸ ਬਹੁਤ ਸ਼ਗਨ ਮਨਾਏ ਪਰ ਜਦ ਟੁਰਨ ਲੱਗਾ ਤਾਂ ਗਧਾ ਹੀਂਗ ਪਿਆ ਤੇ ਬ੍ਰਾਹਮਣ ਰੋਹ ਵਿਚ ਵਾਪਸ ਮੁੜ ਆਇਆ। ਮਹਾਰਾਜ ਨੇ ਭਾਈ ਪੈੜਾ ਕੋਹਲੀ ਜੀ ਨੂੰ ਲੰਕਾ ਜਾਣ ਦਾ ਹੁਕਮ ਦਿੱਤਾ। ਉਹ ਸੁਣਦੇ ਸਾਰ ਹੀ ਉੱਠ ਖੜੋਤਾ ਅਤੇ ਪੰਜ ਪੈਸੇ ਗੁਰੂ ਜੀ ਪਾਸੋਂ ਅਸੀਸ ਵਜੋਂ ਲੈ ਕੇ ਚੱਲ ਪਿਆ। ਮਹਾਰਾਜ ਨੇ ਬਚਨ ਕੀਤਾ : ਪੰਡਿਤ ਜੀ! ਐਸੇ ਅਨਿੰਨ ਭਗਤ ਹੁੰਦੇ ਹਨ ਜੋ ਥਿਤ ਵਾਰ ਗ੍ਰਹਿ ਨਹੀਂ ਪੁੱਛਦੇ। ਅਰਦਾਸ ਕਰ ਕੇ ਤੁਰਦੇ ਹੈਨਿ। ਵਾਹਿਗੁਰੂ ਆਪ ਬਰਕਤ ਪਾਉਂਦਾ ਹੈ। ਇਸ ਦਾ ਮਨ ਖ਼ਾਲੀ ਨਹੀਂ ਸੀ। ਸਿਦਕ ਵਾਲਾ ਸੀ। ਸਿਦਕੀ ਥਿਤ ਵਾਰ ਨਹੀਂ ਪੁੱਛਦੇ :

---

1. ਰਾਸ ੩, ਅੰਸ਼ ੯੨

Sri Satguru Jagjit Singh Ji eLibrary NamdhariElibrary@gmail.com

**ਵਾਰ ਮਹੂਰਤ ਤਿਥਿ ਨਹਿ ਪੂਛਾ,**
**ਬਿਨਾ ਖਰਚ ਤੇ ਮਨਿ ਨਹਿ ਛੂਛਾ।**

ਦੁਆਬੇ ਦੇ ਕੁਝ ਚੌਧਰੀ ਭਾਈ ਪੁਰੀਆ, ਭਾਈ ਚੂਹੜ ਦੀ ਅਗਵਾਈ ਹੇਠ ਦਰਸ਼ਨਾਂ ਨੂੰ ਆਏ ਤੇ ਬੇਨਤੀ ਕੀਤੀ ਕਿ ਉਨ੍ਹਾਂ ਦੀ ਕਲਿਆਣ ਕਿਵੇਂ ਹੋਵੇਗੀ। ਮਹਾਰਾਜ ਨੇ ਕਿਹਾ : ਕੂੜ ਵਿਹਾਰ ਤਿਆਗ ਦੇਵੋ। ਕਲਿਜੁਗ ਵਿਚ ਕੂੜ ਹੀ ਪ੍ਰਧਾਨ ਦਿੱਸ ਰਿਹਾ ਹੈ ਪਰ ਇਹ ਕਦੇ ਨਾ ਭੁੱਲੋ ਕਿ 'ਕੂਰ ਬਿਕਾਰਨਿ ਕੀ ਰਾਜਧਾਨੀ।' ਚੌਧਰੀਆਂ ਵੀ ਆਪਣੀ ਮਜਬੂਰੀ ਦੱਸਦੇ ਹੋਏ ਕਿਹਾ :

**ਚੌਧਰੀਆਂ ਨੂੰ ਸੱਚ ਵੱਲ ਲਗਾਉਣਾ**

**ਕੂਰ ਬਿਨਾ ਨਹਿ ਚੌਧਰ ਬਨੈ,**
**ਝੂਠ ਬਿਨਾ ਨ ਹੋਇ ਗੁਜਾਰਨ।**

ਜੀਵਨ ਦਾਤਾ ਗੁਰੂ ਜੀ ਨੇ ਕਿਹਾ ਕਿ ਚੌਧਰ ਚਲਾਉਣ ਲਈ ਜਿਤਨਾ ਮਰਜ਼ੀ ਝੂਠ ਬੋਲੀ ਜਾਓ ਪਰ ਸੰਗਤਿ ਵਿਚ ਜਾ ਕੇ ਦੱਸ ਦਿਆ ਕਰੋ। ਕੁਝ ਦਿਨ ਤਾਂ ਇੰਜ ਕਰਦੇ ਰਹੇ ਪਰ ਬਹੁਤ ਸ਼ਰਮ ਆਵੇ ਨੇ। ਛੇ ਮਹੀਨਿਆਂ ਵਿਚ ਸ਼ੁੱਧ ਭੰਡਾਰ ਹੋ ਗਏ।

ਭਾਈ ਪੈੜਾ ਛੱਜਲ ਜੀ ਤੇ ਭਾਈ ਕੱਦੂ ਜੀ ਨੇ ਬੇਨਤੀ ਕੀਤੀ ਕਿ ਆਪ ਜੀ ਸ੍ਰੀ ਅੰਮ੍ਰਿਤਸਰ ਦੀ ਇਤਨੀ ਮਹੱਤਤਾ ਦ੍ਰਿੜ੍ਹਾਂਦੇ ਹੋ ਇਸ ਦਾ ਕੀ ਕਾਰਨ ਹੈ। ਮਹਾਰਾਜ ਨੇ ਕਿਹਾ, ਬਾਕੀ ਤੀਰਥਾਂ ਤੇ ਨਾਮ ਸਿਮਰਨ ਰੁਕ ਗਿਆ ਸੀ। 'ਥਾਨਸਟ ਸਭ ਭ੍ਰਿਸ਼ਟ ਹੋਏ।' ਸ਼ਬਦ ਦੀ ਵਿਚਾਰ ਅੰਮ੍ਰਿਤਸਰ ਹੀ ਹੁੰਦੀ ਹੈ। ਗੁਰਮਤਿ ਦ੍ਰਿੜ੍ਹ ਹੁੰਦੀ ਹੈ। ਰੁਕਿਆ ਸਿਮਰਨ ਇੱਥੇ ਚੱਲ ਪੈਂਦਾ ਹੈ। ਇੱਥੇ ਸਦਾ ਮਿਲਾਪ ਹੀ ਮਿਲਾਪ ਹੈ। ਬਾਕੀ ਥਾਵਾਂ 'ਤੇ ਨਿਰਾ ਕਰਮ-ਕਾਂਡ ਤੇ ਦਾਨ-ਪੁੰਨ 'ਤੇ ਜ਼ੋਰ ਹੈ ਜੋ ਹੰਕਾਰ ਦੀ ਸੀੜ੍ਹੀ ਹੈ। ਇਥੋਂ ਸਿਮਰਨ ਦੀ ਲਾਗ ਲਗਾ ਕੇ :

**ਸੁਧਾਸਰ ਨਾਵੋ ਸ਼ਬਦ ਵਿਚਾਰਹੁ**

**ਗੁਰ ਸਿਖਨ ਕੀ ਸੇਵਾ ਕਰੀਅਹਿ।**
**ਤਜਿ ਹੰਕਾਰ ਨੰਮ੍ਰਤਾ ਧਰੀਅਹਿ।**

ਉਨ੍ਹਾਂ ਐਸਾ ਪ੍ਰੇਮ ਪਾਇਆ ਕਿ ਇਲਾਕੇ ਵਿਚ ਜਾ ਕੇ ਸਿੱਖੀ ਦ੍ਰਿੜ੍ਹ ਕਰਾਈ।

ਇਕ ਹੋਰ ਪੁੱਛ ਦੇ ਉੱਤਰ ਵਿਚ ਭਾਈ ਢੇਸੀ ਤੇ ਜੋਧ ਜੀ ਨੂੰ ਕਿਹਾ ਸੀ ਕਿ ਸ੍ਰੀ ਅੰਮ੍ਰਿਤਸਰ ਨਾਮ ਕੋ ਤੀਰਥ ਹੈ। ਸ੍ਰੀ ਹਰਿਮੰਦਰ ਸਾਹਿਬ ਇਸ ਸਰੋਵਰ ਵਿਚ ਜਹਾਜ਼ ਸਮ ਹੈ ਅਤੇ ਨਾਮ ਹੀ ਮਲਾਹ ਹੈ।

**ਬਿਚ ਜਹਾਜ਼ ਸਮ ਸ੍ਰੀ ਹਰਿਮੰਦਰ।**
**ਜਿਸ ਸੋ ਨਾਮ ਮੁਹਾਣਾ ਸੁੰਦਰ।**

**ਮਰਯਾਦਾ ਪੱਕੀ ਕਰਨੀ**—ਭਾਈ ਸੇਠਾ, ਉਗਵੰਦਾ ਅਤੇ ਸਭਾਗਾ ਜੀ ਨੇ ਜਦ ਇਹ ਪੁੱਛਿਆ ਕਿ ਜਨਮ ਤੇ ਤਾਂ ਅਨੰਦ ਸਾਹਿਬ ਦਾ ਹੁਕਮ ਹੈ, ਮਰਨ ਪਿੱਛੋਂ ਸਾਨੂੰ ਕੀ ਕਰਨਾ ਚਾਹੀਦਾ ਹੈ। ਮਹਾਰਾਜ ਨੇ ਕਿਹਾ ਕਿ ਇਹ ਵੀ ਗੁਰੂ ਅਮਰ ਦਾਸ ਜੀ ਹੁਕਮ ਕਰ ਗਏ ਸਨ :

Sri Satguru Jagjit Singh Ji eLibrary NamdhariElibrary@gmail.com

ਪਿਛੈ ਕੀਰਤਨ ਕਰਿਅਹੁ ਨਿਰਬਾਣ ਜੀਉ॥
ਮ੍ਰਿਤ ਪਾਛੈ ਇਹ ਗੀਤ ਸੁ ਕਰੋ।
ਗੁਰੂ ਗ੍ੰਥ ਕਾ ਪਾਠ ਸੋ ਧਰੋ।

ਗੁਰੂ ਗ੍ੰਥ ਸਾਹਿਬ ਦੀ ਬੀੜ ਉਸ ਸਮੇਂ ਬੱਝ ਚੁੱਕੀ ਸੀ। ਸੋਗ ਨਹੀਂ ਕਰਨਾ। ਅਰਦ
ਕਰ ਕੇ ਦਾਹ ਸਸਕਾਰ ਕਰ ਦੇਣਾ। ਫਿਰ ਕੜਾਹ ਪ੍ਰਸ਼ਾਦ ਕਰਕੇ ਸਾਰੇ ਛਕਣਾ।

ਮਿਰਤਕ ਪਾਛੈ ਕਰ ਅਰਦਾਸ।
ਕਰਹੁ ਕਰਾਹ ਕੋ ਮੁੱਖ ਗ੍ਰਾਸ।

ਬਰਤ ਰੱਖਣ ਬਾਰੇ ਹੁਕਮ ਕੀਤਾ ਕਿ ਸਾਡੇ ਘਰ ਸੰਜਮ ਹੈ।

ਸੰਜਮ ਸੋਂ ਅਹਾਰ ਨਿਤ ਕਰਿਬੈ।
ਇਹ ਇਕਾਦਸ਼ੀ ਸਿਖ ਬ੍ਰਤ ਧਰਿਬੈ।

ਉਹ ਤਾਂ ਪੰਦਰਾਂ ਦਿਨ ਬਾਅਦ ਵਰਤ ਰੱਖਦਾ ਹੈ, ਸਿੱਖ ਦਾ ਰੋਜ਼ ਹੀ ਬਰਤ
ਬ੍ਰਾਹਮਣੀ ਗੀਤ ਬਿਲਕੁੱਲ ਨਹੀਂ ਕਰਨੀ। ਉਹ ਤਾਂ ਤਨ ਦੇ ਅਭਿਮਾਨੀ ਹਨ। ਿ
ਆਤਮ ਗਿਆਨੀ ਹੈ।

ਬਿਪ੍ਰ ਜਾਤ ਤਨ ਕੇ ਅਭਿਮਾਨੀ।
ਗੁਰ ਸਿਖ ਹੋਵਤਿ ਆਤਮ ਗਯਾਨੀ।

ਸਰੀਰ ਦਾ ਕਾਹਦਾ ਅਹੰਕਾਰ, ਉਹ ਤਾਂ ਚੰਮ ਨਾਲ ਹੀ ਬਿਨਸ ਗਿਆ। ਪਿੰਡ ਨ
ਭਰਣੇ, ਤਰਪਣ ਗਾਇਤਰੀ ਦਾ ਪਾਠ ਨਹੀਂ ਕਰਨਾ, ਫੁੱਲ ਨਹੀਂ ਪਾਉਣੇ, ਦੀਵੇ ਨ
ਬਾਲਣੇ। ਸਿਰਫ਼ ਸਤਿਨਾਮ ਦਾ ਜਾਪ ਕਰਨਾ। ਇਹ ਵਾਹਿਗੁਰੂ ਦੇ ਚਰਨਾਂ ਵਿਚ ਨਿਵ
ਬਖ਼ਸ਼ੇਗਾ।

ਤੁਮ ਸਤਿਨਾਮ ਜਪਹੁ ਸੁਖ ਰਾਸਾ।
ਪਹੁੰਚਹੁ ਵਾਹਿਗੁਰੂ ਪਗ ਪਾਸਾ।

**ਬਾਬਾ ਬੁੱਢਾ ਜੀ ਪਾਸ (ਗੁਰੂ) ਹਰਿਗੋਬਿੰਦ ਜੀ ਨੂੰ ਪੜ੍ਹਨੇ ਪਾਉਣਾ—**
ਹਰਿਗੋਬਿੰਦ ਜੀ ਜਦ ਪੰਜ ਸਾਲਾਂ ਦੇ ਹੋਏ ਤਾਂ ਗੁਰੂ ਅਰਜਨ ਦੇਵ ਜੀ, ਬਾਲਕ ਨੂੰ ਨ
ਲੈ ਕੇ ਬਾਬਾ ਜੀ ਪਾਸ ਪਿੰਡ ਗਏ ਤੇ ਕਿਹਾ :

ਇਹ ਸਕਲ ਪ੍ਰਸ਼ਾਦ ਬਰਤਾਓ।
ਹਰਿਗੋਬਿੰਦ ਆਪ ਪਢਾਓ।

ਬਾਬਾ ਜੀ ਨਿੰਮ੍ਰਤਾ ਵਿਚ ਕਹਿਣ ਲੱਗੇ, ਮੈਨੂੰ ਕੀ ਆਉਂਦਾ ਹੈ, ਮੈਂ ਤਾਂ 'ਪ
ਕੋ ਰਾਖਾ।' ਗੁਰੂ ਜੀ ਨੇ ਕਿਹਾ, 'ਜੋ ਤੁਹਾਨੂੰ ਆਉਂਦਾ ਹੈ, ਕਿਸੇ ਹੋਰ ਨੂੰ ਨਹੀਂ ਆਉਂਦ
'ਤੁਮ ਸਕਲ ਸਕਤਿ ਕੋ ਰਾਖੇ।' ਬਾਬਾ ਬੁੱਢਾ ਜੀ ਨੇ ਆਪ ਪੈਂਤੀ ਫੱਟੀ 'ਤੇ ਲਿਖ
(ਗੁਰੂ) ਹਰਿਗੋਬਿੰਦ ਜੀ ਨੂੰ ਦਿੱਤੀ।

ਸ਼ਸਤਰ ਵਿੱਦਿਆ ਲਈ ਭਾਈ ਪਿਰਾਗਾ ਜੀ ਨੀਯਤ ਕੀਤੇ ਗਏ। ਗੰਗਾ ਸਹਿ
ਜੀ ਘੋੜ-ਸਵਾਰੀ ਤੇ ਹੋਰ ਯੁੱਧ ਵਿੱਦਿਆ ਸਿਖਲਾਂਦੇ ਸਨ। ਭਾਈ ਗੁਰਦਾਸ
ਗੁਰਬਾਣੀ ਤੇ ਹੋਰ ਭਾਵ ਦਰਸਾਂਦੇ ਰਹੇ।

Sri Satguru Jagjit Singh Ji eLibrary NamdhariElibrary@gmail.com

ਸਭ ਸਿਧਨ ਕੀਆ ਪ੍ਣਾਮ—ਗੁਰੂ ਨਾਨਕ ਜੀ ਨੇ ਸਿਧਾਂ ਨੂੰ ਸਿੱਧੇ ਰਾਹ ਪਾਇਆ ਸੀ। ਉਨ੍ਹਾਂ ਦੇਖ ਲਿਆ ਸੀ ਕਿ ਨਾਨਕ ਨਾਮ ਹੀ ਕਲਿਜੁਗ ਵਿਚ ਸੁਖਾਲਾ ਹੈ ਅਤੇ ਸਾਰੇ ਕਹਿੰਦੇ ਮੁੜੇ ਸਨ :

ਧੰਨ ਨਾਨਕ ਤੇਰੀ ਵਡੀ ਵਡਿਆਈ।

ਕੁਝ ਮੁਖੀ ਸਿਧ ਅੰਮ੍ਰਿਤਸਰ ਦੀ ਮਹਿਮਾ ਸੁਣ ਗੁਰੂ ਅਰਜਨ ਜੀ ਦੇ ਦਰਸ਼ਨਾਂ ਨੂੰ ਆਏ ਤੇ ਗ੍ਰਿਹਸਤ ਭਾਵ ਵਿਚ ਗੁਰੂ ਜੀ ਨੂੰ ਵਿਚਰਦੇ ਦੇਖ ਕਹਿਣ ਲੱਗੇ :

ਬਿਨ ਜਤ ਜੋਗ ਸਿਧ ਨਹੀਂ ਕੋਇ।
ਬਿਨ ਸਿਧ ਜੋਗ ਗਿਆਨ ਨਹੀਂ ਹੋਇ।
ਬਿਨ ਗਿਆਨ ਮੁਕਤਿ ਨਹੀਂ ਪਾਵੈ।

ਮਹਾਰਾਜ ਨੇ ਫ਼ਰਮਾਇਆ ਕਿ ਸਾਰਾ ਨਿਰਣਾ ਗੁਰੂ ਨਾਨਕ ਜੀ ਕਰ ਗਏ ਸਨ ਤੇ ਫਿਰ ਗੁਰੂ ਅਮਰ ਦਾਸ ਜੀ ਨੇ ਅਨੰਦ ਸਾਹਿਬ ਵਿਚ ਖੋਲ੍ਹ ਸਮਝਾਇਆ ਹੈ। ਨੇਤ੍ਰ, ਸ੍ਵਨ, ਰਸਨਾ ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦ੍ਰੀਆਂ ਨੂੰ ਸ਼ਬਦ ਵਿਚਾਰ ਨਾਲ ਕਾਬੂ ਕਰਨ ਦੀ ਜਾਚ ਗੁਰੂ ਜੀ ਸਿੱਖਾਂ ਨੂੰ ਸਿਖਲਾ ਗਏ ਹਨ। ਤੁਹਾਡਾ ਤਰੀਕਾ ਕੁੰਡਲਿਨੀ ਦੁਆਰਾ ਜ਼ੋਰ ਨਾਲ ਮੋਖ ਦੁਆਰ ਖੋਲ੍ਹਣ ਦਾ ਹੈ। ਸਾਡਾ ਤਰੀਕਾ ਜ਼ੋਰ (ਹੱਠ) ਵਾਲਾ ਨਹੀਂ। ਕੁੰਡਲਿਨੀ ਦੀ ਬਜਾਏ ਗੁਰੂ ਸ਼ਬਦ ਦੀ ਸਹਾਇਤਾ ਨਾਲ ਦਰਵਾਜ਼ੇ ਖੁੱਲ੍ਹ ਜਾਂਦੇ ਹਨ। ਗੁਰੂ ਅਮਰ ਦਾਸ ਜੀ ਦਾ ਹੀ ਫ਼ਰਮਾਨ ਹੈ :

ਨਉ ਦਰਵਾਜ਼ੇ ਕਾਇਆ ਕੋਟੁ ਹੈ,
ਦਸਵੈ ਗੁਪਤੁ ਰਖੀਜੈ॥
ਬਜਰ ਕਪਾਟ ਨਾ ਖੁਲਨੀ
ਗੁਰ ਸਬਦਿ ਖੁਲੀਜੈ॥[1]

ਉਨ੍ਹਾਂ ਜਦ ਆਪੂੰ ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਜੀ ਦੀ ਨਿੱਤ ਕਿਰਿਆ ਤੇ ਕਮਲ ਵਾਂਗੂੰ ਨਿਰਲੇਪ ਡਿੱਠਾ ਤਾਂ ਗੁਰੂ ਕਰਨੀ ਅੱਗੇ ਸਿਰ ਝੁਕਾਇਆ। ਮਹਿਮਾ ਪ੍ਰਕਾਸ਼ ਦੇ ਕਥਨ ਅਨੁਸਾਰ :

ਸਭ ਸਿਧਨ ਤਿਨ ਕੀਆ ਪ੍ਣਾਮ।
ਇਹ ਬਡੇ ਜਤੀ ਜਗ ਮੇ ਨਿਹਕਾਮ।
ਸਭ ਸਤਿਗੁਰ ਜੀ ਪਹਿ ਉਸਤਤਿ ਕਹੈ।
ਇਹ ਗ੍ਰਹ ਮਾਹਿ ਜਤੀ ਬਡ ਅਹੈ।
ਇਨ ਸਮ ਜਤੀ ਜਗ ਮੇ ਕੋ ਨਾਹਿ।
ਜਿਉਂ ਰਹੇ ਕਮਲ ਜਲ, ਇਮ ਗ੍ਰਹਿ ਮਾਹਿ।[2]

---

1. ਰਾਮਕਲੀ ਵਾਰ ਮਹਲਾ ੩, ਪੰਨਾ ੯੫੪
2. ਸਾਖੀਆਂ ਪੰਜਵੇਂ ਮਹੱਲ ਕੀਆ, ਸਾਖੀ ੧੬।

Sri Satguru Jagjit Singh Ji eLibrary NamdhariElibrary@gmail.com

10

# ਸ਼ਬਦ ਪ੍ਰਕਾਸ਼

# ਆਦਿ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣੀ[1]

ਸੱਠ ਕੁ ਸਾਲ ਹੋਏ ਡਾ: ਗੋਕਲ ਚੰਦ ਨਾਰੰਗ ਨੇ ਗੁਰੂ ਸਾਹਿਬਾਨ ਸਬੰਧੀ ਇ
ਪੁਸਤਕ ਲਿਖੀ ਜਿਸ ਦਾ ਨਾਂ ਉਸ ਨੇ 'ਟ੍ਰਾਂਸਫ਼ਰਮੇਸ਼ਨ ਔਫ਼ ਸਿਖਇਜ਼ਮ' ਰੱਖਿਆ। ਉ
ਦਾ ਕਹਿਣਾ ਸੀ ਸਿੱਖ ਇਤਿਹਾਸ ਪਰਿਵਰਤਨ ਦਾ ਇਤਿਹਾਸ ਹੈ। ਭਾਵੇਂ ਉਸ ਅ
ਕਿਸੇ ਹੋਰ ਪ੍ਰਸੰਗ ਵਿਚ ਲਿਖਿਆ ਕਿ ਜਿਸ ਬੀਜ ਨੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਫ
ਦਿੱਤਾ, ਉਸ ਦੀ ਬੀਜਾਈ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਅਤੇ ਅੱਠਾਂ ਗੁ
ਸਾਹਿਬਾਨ ਨੇ ਉਸ ਨੂੰ ਸਿੰਚਿਆ ਸੀ। ਜਿਸ ਤੇਗ਼ ਨੇ ਖ਼ਾਲਸੇ ਦੀ ਸ਼ਾਨ ਫੈਲਾਈ ਸ
ਉਸ ਨੂੰ ਤਿਆਰ ਜ਼ਰੂਰ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ ਪਰ ਫ਼ੌਲਾਦ ਗੁਰੂ ਨਾਨ
ਦੇਵ ਜੀ ਕਮਾ ਕੇ ਦੇ ਗਏ ਸਨ। ਕਹਿੰਦਾ ਉਹ ਪਰਿਵਰਤਨ ਹੀ ਰਹਿਆ।

ਫਿਰ ਚਾਲੀ ਸਾਲ ਹੋਏ ਪ੍ਰੋਫ਼ੈਸਰ ਇੰਦੂ ਭੂਸ਼ਨ ਬੈਨਰਜੀ ਨੇ ਦੋ ਹਿੱਸਿਆਂ ਵਿਚ ਸਿ
ਇਤਿਹਾਸ ਲਿਖਿਆ। ਆਪਣੀਆਂ ਪੁਸਤਕਾਂ ਦਾ ਨਾਂ ਉਸ ਨੇ 'ਐਵੂਲੂਸ਼ਨ ਔਫ਼
ਖ਼ਾਲਸਾ' ਰੱਖਿਆ। ਉਸ ਦਾ ਲਿਖਣਾ ਸੀ ਕਿ ਸਹਿਜੇ-ਸਹਿਜੇ ਵਿਕਾਸ ਹੋਇਆ
ਖ਼ਾਲਸਾ ਸਾਜਿਆ ਗਿਆ, ਪਰ ਇਹ ਵੀ ਕੋਈ ਢੁੱਕਵੀਂ ਦਲੀਲ ਨਹੀਂ ਸੀ। ਸੱਚ
ਕਦੇ ਵਿਕਾਸ ਨਹੀਂ ਹੁੰਦਾ। ਉਹ ਆਦਿ ਵੀ ਸੱਚ ਸੀ, ਹੁਣ ਵੀ ਸੱਚ ਹੈ ਤੇ ਕੱਲ੍ਹ
ਸੱਚ ਹੋਵੇਗਾ।

ਅਸਲ ਨੁਕਤਾ ਪ੍ਰਿੰਸੀਪਲ ਤੇਜਾ ਸਿੰਘ ਨੇ ਪਕੜਿਆ। ਉਨ੍ਹਾਂ ਕਿਹਾ ਕਿ ਨਾ
ਸਿੱਖ ਇਤਿਹਾਸਕਾਰ ਕੋਈ ਪਰਿਵਰਤਨ ਹੈ, ਨਾ ਵਿਕਾਸ, ਇਹ ਤਾਂ ਜ਼ਿੰਮੇਵਾ
ਉਠਾਉਣ ਲਈ ਸਿੱਖ ਤਿਆਰ ਕਰਨ ਦਾ ਇਤਿਹਾਸ ਹੈ। 'ਗਰੋਥ ਔਫ਼ ਰੈਸਪਾਨਸਿਬਿਲ
ਇਨ ਸਿਖਇਜ਼ਮ' ਦਾ ਨਾਂ ਉਨ੍ਹਾਂ ਆਪਣੀ ਇਕ ਪੁਸਤਕ ਨੂੰ ਦਿੱਤਾ।

1. ਵਿਸਥਾਰ ਹਿਤ ਮੇਰੀ ਹੀ ਕ੍ਰਿਤ
ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ, ਜਿਲਦ ਪਹਿਲੀ ਪੜ੍ਹੋ।



Sri Satguru Jagjit Singh Ji eLibrary NamdhariElibrary@gmail.com

ਜਦ ਕੌਮਾਂ ਜ਼ਿੰਮੇਵਾਰੀ ਚੁੱਕਣ ਯੋਗ ਹੁੰਦੀਆਂ ਹਨ ਤਾਂ ਲਿਖਤੀ ਰੂਪ ਵਿਚ ਵਿਧਾਨ ਤਿਆਰ ਕਰਦੀਆਂ ਹਨ। ਜਦ ਉਹ ਜ਼ਿੰਮੇਵਾਰ ਨਹੀਂ ਰਹਿੰਦੀਆਂ ਤਾਂ ਇਕ-ਪੁਰਖੀ ਰਾਜ ਹੋ ਜਾਂਦਾ ਹੈ ਜਾਂ ਜੁੰਡਲੀ (ਕਾਕੂਸ) ਦਾ। ਗੁਰੂ ਨਾਨਕ ਜੀ ਸ਼ਬਦ ਦਾ ਪਰਚਾ ਲੈ ਆਏ ਸਨ ਅਤੇ ਸ਼ਬਦ ਦੇ ਹੀ ਲੜ ਲਗਾਉਣ ਦਾ ਉਪਰਾਲਾ ਸਾਰੀ ਉਮਰ ਕਰਦੇ ਰਹੇ। ਸ਼ਬਦ ਨਾਲ ਹੀ ਸਿੱਧ ਮੰਡਲੀ ਤੇ ਸਾਰੀ ਸ੍ਰਿਸ਼ਟੀ ਜਿੱਤੀ। ਸ਼ਬਦ ਦੀ ਜ਼ਿੰਮੇਵਾਰੀ ਉਠਾਉਣ ਲਈ ਸਿੱਖ ਅਜੇ ਤਿਆਰ ਨਹੀਂ ਸਨ ਹੋਏ। ਉਨ੍ਹਾਂ ਜਦ ਭਾਈ ਲਹਿਣਾ ਡਿੱਠਾ ਤਾਂ ਉਸ ਨੂੰ ਸ਼ਬਦ ਦੀ ਸਥਾਪਨਾ ਦੇ ਕਰ ਜੋਤੀ-ਜੋਤ ਸਮਾ ਗਏ। ਫਿਰ ਇਹ ਸ਼ਬਦ ਜੋਤ ਖਡੂਰ ਤੋਂ ਗੋਇੰਦਵਾਲ ਤੇ ਫਿਰ ਅੰਮ੍ਰਿਤਸਰ ਆ ਟਿਕੀ। ਗੁਰੂ ਅਰਜਨ ਦੇਵ ਜੀ ਨੇ ਸਿੱਖੀ ਦਾ ਕੇਂਦਰੀ ਅਸਥਾਨ ਅਸਥਾਪਣ ਕਰਨ ਉਪਰੰਤ ਗੁਰਮਤਿ ਦੇ ਗ੍ਰੰਥ ਦੀ ਬੀੜ ਬੰਨ੍ਹਣ ਦਾ ਫ਼ੈਸਲਾ ਕੀਤਾ। ਗ੍ਰੰਥ ਵਿਚ ਵਿਧਾਨ ਵਾਂਗੂੰ ਇਕ ਸੰਚੇ ਵਿਚ ਇਕੱਤਰ ਕਰਕੇ ਮੁਹਰ ਲਗਾ ਦਿੱਤੀ। ਜਦ ਸਿੱਖ ਪੰਥ ਪੂਰੀ ਜ਼ਿੰਮੇਵਾਰੀ ਚੁੱਕਣ ਯੋਗ ਹੋ ਗਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਾ ਸੰਕੋਚ ਲਿਆ ਤੇ ਇਸ ਦੀ ਜ਼ਿੰਮੇਵਾਰੀ ਸਾਰੇ ਪੰਥ ਨੂੰ ਪੰਜਾਂ ਪਿਆਰਿਆਂ ਰਾਹੀਂ ਸੌਂਪ ਦਿੱਤੀ।

ਬਾਣੀ ਨੂੰ ਇਕ ਥਾਵੇਂ ਕਰਨ ਦਾ ਉਪਰਾਲਾ ਆਪ ਗੁਰੂ ਨਾਨਕ ਦੇਵ ਜੀ ਅਰੰਭ ਕਰ ਗਏ ਸਨ। ਜਿਸ ਕਿਤਾਬ ਵੱਲ ਹਾਜੀਆਂ ਮੱਕੇ ਵਿਖੇ ਇਸ਼ਾਰਾ ਕੀਤਾ ਸੀ, ਉਹ ਕਿਤਾਬ ਬਾਣੀ ਦਾ ਹੀ ਸੰਗ੍ਰਹਿ ਸੀ। ਭਗਤ ਬਾਣੀ ਵੀ ਗੁਰੂ ਨਾਨਕ ਦੇਵ ਜੀ ਨੇ ਭਗਤਾਂ ਦੇ ਟਿਕਾਣਿਆਂ 'ਤੇ ਜਾ ਕੇ ਉਨ੍ਹਾਂ ਕੋਲੋਂ ਜਾਂ ਉਨ੍ਹਾਂ ਦੇ ਜਾਨਸ਼ੀਨਾਂ ਕੋਲੋਂ ਲਿਖ ਇਕੱਠੀ ਕਰ ਲਈ।

ਟਾਕਰਵੀਂ ਨਜ਼ਰ ਮਾਰਨ ਤੇ ਸੰਪਾਦਕੀ ਟੂਕ ਦੇਣ ਦਾ ਕਾਰਜ ਵੀ ਗੁਰੂ ਨਾਨਕ ਦੇਵ ਜੀ ਆਪ ਹੀ ਅਰੰਭ ਕਰ ਗਏ ਸਨ। ਇੱਥੇ ਇਕ ਉਦਾਹਰਣ ਹੀ ਬਹੁਤ ਹੋਵੇਗੀ। ਫ਼ਰੀਦ ਜੀ ਨੇ ਉਚਾਰਿਆ ਸੀ :

**ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥**
**ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥ ੧॥**
**ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥ ੧॥ ਰਹਾਉ॥**

ਗੁਰੂ ਨਾਨਕ ਜੀ ਨੇ ਉਸੇ ਰਾਗ (ਸੂਹੀ) ਵਿਚ ਤਸਵੀਰ ਦਾ ਦੂਜਾ ਪਾਸਾ ਦਿਖਲਾ ਦਿੱਤਾ ਸੀ :

**ਜਪੁ ਤਪੁ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥**
**ਨ ਸਰਵਰੁ, ਨ ਊਛਲੈ, ਐਸਾ ਪੰਥੁ ਸੁਹੇਲਾ॥**
**ਤੇਰਾ ਏਕੋ ਨਾਮੁ ਮਜੀਠੜਾ, ਰਤਾ ਮੇਰਾ ਚੋਲਾ, ਸਦ ਰੰਗ ਢੋਲ॥ ੧॥ ਰਹਾਉ॥**

ਭਗਤ ਬੇਣੀ ਨੇ ਕਿਹਾ ਸੀ :

**ਕਹੁ ਬੇਣੀ ਗੁਰਮੁਖਿ ਧਿਆਵੈ॥**
**ਵਿਣੁ ਸਤਿਗੁਰ ਬਾਟ ਨ ਪਾਵੈ॥**

Sri Satguru Jagjit Singh Ji eLibrary NamdhariElibrary@gmail.com

ਤਾਂ ਆਪ ਜੀ ਨੇ ਠੀਕ ਕਿਹਾ ਹੈ ਸਤਿਗੁਰੂ ਤੋਂ ਬਗ਼ੈਰ ਵਾਟ ਨਹੀਂ ਮਿਲਦੀ ਪਰ ਲੋੜ ਨਿਸ਼ਚੇ ਦੀ ਹੈ।

**ਕਹੁ ਨਾਨਕ ਨਿਹਚਉ ਧਿਆਵੈ॥**
**ਵਿਣੁ ਸਤਿਗੁਰ ਵਾਟ ਨ ਪਾਵੈ॥**

ਉਸ ਪੋਥੀ ਸਾਹਿਬ ਨੂੰ ਆਪੂੰ ਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਗਏ ਸਨ। ਬਾਣੀ ਲਿਖ ਪਰਚਾਰਨ ਦੀ ਸੋਚ ਤੇ ਉਤਸ਼ਾਹ ਗੁਰੂ ਅੰਗਦ ਦੇਵ ਜੀ ਨੂੰ ਹੀ ਸੁੱਝਿਆ ਸੀ। ਉਨ੍ਹਾਂ ਗੁਰਮੁਖੀ ਵਰਣਮਾਲਾ ਦੇ ਮੁਤਾਬਿਕ ਗੁਰਬਾਣੀ ਦੀਆਂ ਤੁਕਾਂ ਦਾ ਪ੍ਰਚਾਰ ਕੀਤਾ ਤੇ ਕਰਵਾਇਆ ਸੀ। ਉਨ੍ਹਾਂ ਆਪਣੀ ਬਾਣੀ ਜੋ ਸਲੋਕਾਂ ਵਿਚ ਸੀ, ਉਹ ਪੋਥੀ ਵਿਚ ਲਿਖ ਕੇ, ਸਾਰਾ ਖ਼ਜ਼ਾਨਾ ਗੁਰੂ ਅਮਰ ਦਾਸ ਜੀ ਦੇ ਹਵਾਲੇ ਕਰ ਦਿੱਤਾ ਸੀ।

ਗੁਰੂ ਅਮਰ ਦਾਸ ਜੀ ਨੇ ਵੀ ਟਾਕਰਵੀਂ ਨਜ਼ਰ ਪਾਉਣੀ ਜਾਰੀ ਰੱਖੀ। ਪਹਿਲੀ ਪੋਥੀ ਦੀ ਸੰਪਾਦਨਾ ਗੁਰੂ ਅਮਰ ਦਾਸ ਜੀ ਨੇ ਹੀ ਕੀਤੀ। ਦੋ ਉਦਾਹਰਣਾਂ ਦੇਣੀਆਂ ਕੁਥਾਂ ਨਹੀਂ ਹੋਣਗੀਆਂ।

ਸਲੋਕ ਵਾਰਾਂ ਤੇ ਵਧੀਕ ਵਿਚ ਗੁਰੂ ਨਾਨਕ ਦੇਵ ਜੀ ਦਾ ਇਕ ਛੇ ਲਫ਼ਜ਼ਾਂ ਦਾ ਸਲੋਕ ਹੈ : ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ। ਗੁਰੂ ਅਮਰ ਦਾਸ ਜੀ ਨੇ ਨਾਲ ਹੀ ਆਪਣਾ ਉਚਾਰਿਆ ਸਲੋਕ 'ਲਾਹੌਰ ਸਹਰੁ, ਅੰਮ੍ਰਿਤਸਰ ਸਿਫ਼ਤੀ ਦਾ ਘਰੁ' ਲਿਖ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿ ਲਾਹੌਰ ਸ਼ਹਿਰ ਵਿਚ ਨਾ ਅੰਮ੍ਰਿਤ ਵੇਲਾ ਹੈ, ਨਾ ਕੋਈ ਪਰ ਲਈ ਦਰਦ। ਸਿਰਫ਼ ਚੀਕ ਚਿਹਾੜਾ ਹੀ ਹੈ। ਤੀਜੇ ਪਾਤਸ਼ਾਹ ਨੇ ਲਿਖਿਆ ਕਿ ਲਾਹੌਰ ਨਿਰੋਲ ਇਕ ਸ਼ਹਿਰ ਹੀ ਹੈ, ਪਰ ਅੰਮ੍ਰਿਤਸਰ ਸਿਫ਼ਤੀ ਦਾ ਘਰ ਹੈ।

ਬਾਬਾ ਫ਼ਰੀਦ ਜੀ ਨੇ ਲਿਖਿਆ ਸੀ :

**ਰਤੀ ਰਤੁ ਨ ਨਿਕਲੈ ਜੇ ਤਨ ਚੀਰੈ ਕੋਇ॥**

ਭਾਵ ਸਪੱਸ਼ਟ ਨਹੀਂ ਸੀ। ਗੁਰੂ ਅਮਰ ਦਾਸ ਜੀ ਨੇ ਲਿਖਿਆ। ਫ਼ਰੀਦ ਜੀ, ਕੋਈ ਤਨ ਬਗ਼ੈਰ ਰੱਤ (ਲਹੂ) ਤੋਂ ਨਹੀਂ ਹੋ ਸਕਦਾ। ਜੋ ਆਪਣੇ ਸਾਈਂ ਨਾਲ ਜੁੜੇ ਰਹਿੰਦੇ ਹਨ, ਉਨ੍ਹਾਂ ਵਿਚ ਲੋਭ ਰੱਤ ਨਹੀਂ ਹੁੰਦੀ।

**ਇਹ ਤਨ ਸਭੋ ਰਤ ਹੈ, ਰਤ ਬਿਨ ਤਨ ਨ ਹੋਇ॥**
**ਜੋ ਸਹੁ ਰਤੇ ਆਪਣੇ, ਤਿਨ ਤਨ ਲੋਭ ਰਤ ਨ ਹੋਇ॥**

ਗੁਰੂ ਰਾਮ ਦਾਸ ਜੀ ਨੂੰ, ਇਹ ਸਾਰਾ ਖ਼ਜ਼ਾਨਾ ਗੁਰੂ ਅਮਰ ਦਾਸ ਜੀ ਨੇ ਸੌਂਪ ਦਿੱਤਾ। ਇਹ ਠੀਕ ਨਹੀਂ ਹੈ ਕਿ ਪੋਥੀਆਂ ਮੋਹਨ ਜੀ ਕੋਲ ਸਨ। ਜਾਂ ਗੁਰੂ ਅਰਜਨ ਜੀ ਲੈਣ ਗਏ, ਜਾਂ 'ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ' ਮੋਹਨ ਜੀ ਦੀ ਉਸਤਤਿ ਵਿਚ ਗਾਵਿਆ ਤਾਂ ਮੋਹਨ ਨੇ ਚੁਬਾਰਾ ਖੋਲ੍ਹਿਆ। ਦੂਜੀ ਪਉੜੀ 'ਮੋਹਨ ਤੁਧੁ ਸਤਿ ਸੰਗਤਿ ਧਿਆਵੈ' ਗਾਈ ਤਾਂ ਹੇਠਾਂ ਦਾ ਦਰਵਾਜ਼ਾ ਖੋਲ੍ਹਿਆ ਅਤੇ ਜਦ ਤੀਜੀ, ਚੌਥੀ ਗਾਈ ਤਾਂ ਪੋਥੀਆਂ ਲੈ ਕੇ ਮੋਹਨ ਜੀ ਆ ਗਏ।

Sri Satguru Jagjit Singh Ji eLibrary NamdhariElibrary@gmail.com

ਲਗਦਾ ਇੰਜ ਹੈ ਕਿ ਪੋਥੀ ਸਾਹਿਬ ਇਕ ਸੀ, ਉਸ ਵਿਚ ਕਿਸੇ ਤਰਤੀਬ ਨਾਲ ਬਾਣੀ ਨਹੀਂ ਸੀ ਚੜ੍ਹੀ ਹੋਈ। ਜਿਉਂ-ਜਿਉਂ ਗੁਰੂ ਸਾਹਿਬ ਸਲੋਕ ਉਚਾਰਦੇ ਰਹੇ ਪੋਥੀ ਵਿਚ ਦਰਜ ਕਰਦੇ ਰਹੇ। ਮੋਹਨ ਜੀ ਕੋਲ ਇਸ ਪੋਥੀ ਸਾਹਿਬ ਦਾ ਉਤਾਰਾ ਸੀ। ਭਗਤਾਂ ਦੀ ਵੱਖ ਅਤੇ ਗੁਰੂ ਸਾਹਿਬਾਨ ਦੀ ਵੱਖ ਸੀ। ਬੜੀ ਲਗਨ ਨਾਲ ਉਨ੍ਹਾਂ ਪੋਥੀਆਂ ਤਿਆਰ ਕੀਤੀਆਂ ਸਨ। ਜਦ ਗੁਰੂ ਜੀ ਆਪੂੰ ਪੋਥੀਆਂ ਲੈਣ ਆਏ ਤਾਂ ਉਨ੍ਹਾਂ ਚਾਅ ਨਾਲ ਦਿੱਤੀਆਂ। ਮੋਹਨ ਜੀ ਤਾਂ ਗੁਰੂ ਅਰਜਨ ਦੇਵ ਜੀ ਨਾਲ ਬਹੁਤ ਹਿਤ ਕਰਦੇ ਸਨ।

ਬੰਸਾਵਲੀਨਾਮਾ ਦੀ ਗਵਾਹੀ ਹੈ :

**ਗੁਰੂ ਅਰਜਨ ਜੀ ਦਾ ਮੋਹਨ ਨਾਲ ਵੱਡਾ ਸੀ ਪਿਆਰ।**
**ਪੁਤਰ ਮਾਮੇ ਦਾ ਲਗੇ ਭਾਈ ਸਾਧ ਸੰਤ ਦਾ ਹਿਤਕਾਰ।**[1]

ਬੀੜ ਦਾ ਬੰਨ੍ਹਣਾ ਵੀ ਉਸੇ ਇਤਿਹਾਸਕ ਲਹਿਰ ਦਾ ਹਿੱਸਾ ਸੀ ਜੋ ਸੁਲਤਾਨਪੁਰ ਤੋਂ ਗੁਰੂ ਨਾਨਕ ਨੇ ਸ਼ੁਰੂ ਕੀਤੀ ਸੀ। ਪਰ ਨਿਰਣਾ ਉਸੇ ਸਮੇਂ ਲਿਆ ਲਗਦਾ ਹੈ, ਜਦ ਬਾਬਾ ਪ੍ਰਿਥੀ ਚੰਦ ਨੇ ਹੇਹਰਾਂ ਸ੍ਰੀ ਦਰਬਾਰ ਸਾਹਿਬ ਦੀ ਸ਼ਕਲ ਦਾ ਹਰਿਮੰਦਰ ਤੇ ਤਾਲਾਬ ਬਣਾ ਲਿਆ ਸੀ ਅਤੇ ਦੁੱਖ ਭੰਜਨੀ ਦੀ ਥਾਂ ਦੁੱਖ ਨਿਵਾਰਨ ਵੀ ਉਸਾਰ ਲਿਆ ਸੀ। ਪੋਥੀ ਸਾਹਿਬ ਦੇ ਟਾਕਰੇ ਲਈ ਪੋਥੀ ਵੀ ਰਚ ਲਈ। ਮਿਹਰਬਾਨ ਤਾਂ ਇਥੋਂ ਤੱਕ ਨਿੱਘਰ ਗਿਆ ਸੀ ਕਿ ਉਹ ਪੀਰਾਂ ਪੈਗੰਬਰਾਂ ਦੀਆਂ ਵਾਰਾਂ ਰਚ ਆਪਣੀ ਪੋਥੀ ਵਿਚ ਲਿਖ ਪਰਚਾਰ ਕਰ ਰਿਹਾ ਸੀ। ਉਸ ਨੇ ਤਾਂ ਵਾਰ ਪੀਰਾਂ ਦੀ, ਆਦਿ ਰਮਾਇਣ, ਆਦਿ ਮਹਾਂਭਾਰਤ, ਆਦਿ ਕਥਾ ਹਜ਼ਰਤ ਮੁਹੰਮਦ ਸਾਹਿਬ ਕੀ, ਕਥਾ ਇਮਾਮ ਹਸਨ ਹੁਸੈਨ ਕੀ ਪ੍ਰਚੱਲਤ ਵੀ ਕਰ ਦਿੱਤੀਆਂ ਸਨ। ਭੁਲੇਖਾ ਪੈ ਜਾਣਾ ਕੁਦਰਤੀ ਸੀ। ਨਾਨਕ ਨਾਮ ਦੀ ਛਾਪ ਵੀ ਉਸ ਲਗਾਉਣੀ ਸ਼ੁਰੂ ਕਰ ਦਿੱਤੀ ਸੀ। ਜਿਵੇਂ ਆਪਣੇ ਇਕ ਦੋਸਤ ਕਾਹਨਾ ਭਗਤ ਦੀ ਉਸਤਤਿ ਵਿਚ ਉਸ ਲਿਖ ਮਾਰਿਆ :

**ਬੀੜ ਬੰਨ੍ਹਣ ਦਾ ਨਿਰਣਾ**

**ਸੁਰਦਾਸ ਦਾਦੂ ਜਸ ਕੀਨਾ,**
**ਕਾਨ੍ਹ ਦਾਸ ਤੇਰੇ ਨਾਮ ਸੰਗਿ ਲੀਨਾ।**
**ਨੇਤਿ ਨੇਤਿ ਕਹਿ ਵੇਦ ਸੁਨਾਵੈ,**
**ਸੰਤ ਧੂਰਿ ਨਾਨਕੁ ਜਨੁ ਪਾਵੈ।**

ਇਹ ਕਾਹਨਾ ਉਹ ਹੀ ਸੀ, ਜਿਸ ਦੀ ਰਚਨਾ ਗੁਰੂ ਪੰਜਵੇਂ ਨੇ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਇਹ ਠੀਕ ਹੈ ਕਿ ਕੱਚੀ, ਸੱਚੀ ਬਾਣੀ ਸਿੱਖ ਤਾਂ ਪਹਿਚਾਣ ਲੈਂਦੇ ਸਨ ਪਰ ਕੋਈ ਪੜ੍ਹ ਜਾਏ ਤਾਂ ਉਨ੍ਹਾਂ ਲਈ ਬਹੁਤ ਕਠਿਨਾਈ ਆ ਜਾਂਦੀ ਸੀ। ਸਾਧਾਰਨ ਸਿੱਖ ਲਈ ਨਿਰਣਾ ਲੈਣਾ ਬਹੁਤ ਹੀ ਮੁਸ਼ਕਲ ਹੋ ਜਾਂਦਾ ਸੀ। ਪਾਣੀ ਸਿਰੋਂ ਲੰਘ ਗਿਆ ਸੀ। ਗੁਰੂ ਗ੍ਰੰਥ ਸਾਹਿਬ ਦੀ ਬੀੜ ਹੁਣ ਸਾਡੇ ਪਾਸ ਹੁੰਦਿਆਂ ਵੀ, ਕਈ ਰਾਗੀ ਪਰਚਾਰਕ ਵੱਧ

1. ਬ੍ਰਿਤਾਂਤ ਗੁਰੂ ਅਰਜਨ ਦੇਵ ਜੀ, ਚਰਨ ਪੰਜਵਾਂ।

Sri Satguru Jagjit Singh Ji eLibrary NamdhariElibrary@gmail.com

ਘੱਟ ਤੁਕਾਂ ਪੜ੍ਹ ਜਾਂਦੇ ਹਨ।[1] ਉਸ ਵੇਲੇ ਜਦ ਬੀੜ ਨਹੀਂ ਸੀ ਬੱਝੀ ਕਿਤਨੀ ਔਕੜ ਹੋਵੇਗੀ, ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ।

ਸਾਖੀ ਵੀ ਆਉਂਦੀ ਹੈ ਕਿ ਭਾਈ ਗੋਪੀ ਮਹਿਤਾ, ਭਾਈ ਤੀਰਥ, ਭਾਈ ਨੱਥਾ, ਭਾਈ ਭਾਉ ਮੋਕਲ, ਭਾਈ ਢਿਲੀ ਜੀ ਗੁਰੂ ਜੀ ਪਾਸ ਆਏ ਅਤੇ ਬੇਨਤੀ ਕੀਤੀ : ਜੀ ਸੱਚੇ ਪਾਤਸ਼ਾਹ! ਗੁਰੂ ਦੀ ਬਾਣੀ ਨੂੰ ਸੁਣ ਕੇ ਹੀ ਤਾਂ ਭੈਅ ਪ੍ਰਾਪਤ ਹੁੰਦਾ ਹੈ ਪਰ ਪ੍ਰਿਥੀ ਮਲ ਤੇ ਮਹਾਂ ਦੇਵ ਤੇ ਹੋਰ ਸੋਢੀਆਂ ਬਾਣੀ ਰਚ ਕੇ ਵਿਚ ਗੁਰੂ ਨਾਨਕ ਜੀ ਦਾ ਭੋਗ ਪਾਇਆ ਹੈ। ਉਨ੍ਹਾਂ ਦਾ ਜਦ ਨਾਂ ਸੁਣਦੇ ਹਾਂ ਤਾਂ ਚਤੁਰਾਈ ਤੇ ਅਭਿਮਾਨ ਵਧਦਾ ਹੈ। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ :

ਭਾਈ ਗੁਰਦਾਸ, ਹੁਣ ਤਾਂ ਬਾਣੀਆਂ ਨੂੰ ਗੁਰਸਿਖ ਜਾਣਦੇ ਹੈਨਿ, ਅੱਗੋਂ ਜੋ ਹੋਵਣਗੇ, ਸੋ ਪਛਾਨਣਗੇ ਨਹੀਂ, ਜੋ ਗੁਰੂ ਜੀ ਕੀ ਬਾਣੀ ਕੌਣ ਹੈ ਅਤੇ ਬਾਹਰ ਕੀ ਕੌਣ ਹੈ ਤਾਂ ਸਭ ਬਾਣੀਆਂ ਇਕੱਠੀਆਂ ਕਰਕੇ ਗ੍ਰੰਥ ਜੀ ਦੀ ਬੀੜ ਕੀਚੈ ਅਤੇ ਅੱਖਰ ਭੀ ਗੁਰਮੁਖੀ ਸੁਗਮ ਕੀਚਨ।[2]

ਬੰਸਾਵਲੀ ਨਾਮੇ ਵਿਚ ਵੀ ਇਸੇ ਪ੍ਰਕਾਰ ਦੀ ਗਵਾਹੀ ਭਰੀ ਹੈ। ਜਦ ਸਿੱਖ ਆਪ ਕੀਰਤਨ ਕਰਨ ਲੱਗ ਪਏ ਸਨ ਤਾਂ ਇਕ ਦਿਵਸ ਇਕ ਸਿੱਖ ਨੇ ਸ਼ਬਦ ਮਿਹਰਵਾਨ ਦਾ ਕੀਰਤਨ ਵਿਚ ਪੜ੍ਹਿਆ। ਉਹ ਗੁਰੂ ਅਰਜਨ ਜੀ ਦੀ ਸਰਵਣੀਂ ਪਿਆ। ਬਚਨ ਕੀਤਾ :

**ਭਾਈ ਗੁਰਦਾਸ! ਗੁਰੂ ਦੀ ਬਾਣੀ ਜੁਦਾ ਕਰੀਏ।**
**ਮੀਣੇ ਪਾਂਦੇ ਨੇ ਰਲਾ, ਸੋ ਵਿਚਿ ਰਲਾ ਨ ਧਰੀਏ।**[3]

ਮੀਣਿਆਂ ਨੇ ਇਕ ਗ੍ਰੰਥ ਬਣਾ ਵੀ ਲਿਆ ਸੀ ਜਿਸ ਵਿਚ ਚਲਾਕੀ ਇਹ ਕੀਤੀ

---

1. ਜਿਵੇਂ 'ਦੂਜਾ ਕਾਹੇ ਸਿਮਰੀਐ ਜੰਮੇ ਤੇ ਮਰ ਜਾਇ।
ਏਕੋ ਸਿਮਰੋ ਨਾਨਕਾ ਜੋ ਜਲ ਥਲ ਰਹਿਆ ਸਮਾਇ।
ਠੀਕ ਤੁਕ ਹੈ :
ਅਵਰ ਦੂਜਾ ਕਿਉਂ ਸੇਵੀਐ, ਜੰਮੈ ਤੇ ਮਰ ਜਾਇ॥
(ਗੂਜਰੀ ਕੀ ਵਾਰ ਮਹਲਾ ੩)
—ਦਮੜਾ ਤਿਸੀ ਕਾ ਜੋ ਖਰਚੇ ਔਰ ਖਾਇ।
—ਨਾਨਕ ਨੰਨੇ ਹੋਏ ਰਹੁ ਜਿਉ ਧਰਤੀ ਕੀ ਦੂਬ
ਵਡੇ ਵਡੇ ਰਹਿ ਜਾਏਂਗੇ, ਦੂਬ ਦੂਬ ਕੀ ਦੂਬ
—ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ
—ਸੋ ਸੁਖੀਆ ਜਿਸ ਨਾਮ ਅਧਾਰ
—ਤੇਰਾ ਭਾਣਾ ਮੀਠਾ ਲਾਗੇ
ਅਤੇ ਕਈ ਅਜਿਹੀਆਂ ਹੋਰ।
2. ਸਿੱਖ ਦੀ ਭਗਤ ਮਾਲਾ—ਪੰਨਾ ੧੪੯, ਤੀਜੀ ਐਡੀਸ਼ਨ।
3. ਬੰਸਾਵਲੀ ਨਾਮਾ—ਬ੍ਰਿਤਾਂਤ ਗੁਰੂ ਅਰਜਨ, ਚਰਨ ੫।

Sri Satguru Jagjit Singh Ji eLibrary NamdhariElibrary@gmail.com

ਸੀ ਕਿ ਚੌਹਾਂ ਪਾਤਸ਼ਾਹੀਆਂ ਦੇ ਸ਼ਬਦ ਪਾ ਕੇ, ਆਪਣੇ ਨਾਲ ਰਲਾ ਦਿੱਤੇ ਸਨ :

'ਮੀਨਿਆਂ ਵੀ ਇਕ ਪੁਸਤਕ ਗ੍ਰੰਥ ਬਣਾਇਆ।
ਚੌਹਾਂ ਪਾਤਸ਼ਾਹੀਆਂ ਦੇ ਸ਼ਬਦ ਬਾਣੀ ਵਿਚ ਲਿਖ ਪਾਇਆ।'

ਮਹਿਮਾ ਪ੍ਰਕਾਸ਼ ਨੇ ਜਿੱਥੇ ਇਹ ਸਾਚੀ-ਝੂਠੀ ਅੱਡ-ਅੱਡ ਕਰਨ ਦੀ ਗੱਲ ਆਖੀ ਹੈ, ਉਥੇ ਪੰਥ ਲਈ ਗ੍ਰੰਥ ਰਚਨਾ ਜ਼ਰੂਰੀ ਕਿਹਾ ਹੈ। ਇਕ ਦਿਨ ਪਾਤਸ਼ਾਹ ਦਇਆ ਦੇ ਘਰ ਬੈਠੇ ਹੋਏ ਸਨ :

ਏਕ ਦਿਵਸ ਪ੍ਰਭ ਪ੍ਰਾਤਹ ਕਾਲਾ।
ਦਇਆ ਭਰੇ ਪ੍ਰਭ ਦੀਨ ਦਯਾਲਾ।
ਯਹ ਮਨ ਉਪਜੀ ਪ੍ਰਗਟਿਓ ਜਗ ਪੰਥ।
ਤਿਹ ਕਾਰਨ ਕੀਜੈ ਅਬ ਗ੍ਰਿੰਥ।
ਭਾਈ ਗੁਰਦਾਸ ਕੋ ਆਗਿਆ ਕਰੀ।
ਸਭ ਕਰੇ ਇਕਤ੍ਰ ਬਾਨੀ ਇਹ ਘਰੀ।
ਅਰੁ ਬਾਨੀ ਭਗਤਨ ਕੀ ਸਭ ਮੇਲੋ।
ਸਾਚੀ ਰਾਖੋ, ਝੂਠੀ ਪੇਲੋ।

ਬਾਣੀ ਜੁਦਾ ਕਰ ਲਿਖਦੇ ਦੇਖ ਇਕ ਵਾਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਕੋਲੋਂ ਪੁੱਛਿਆ ਵੀ ਸੀ ਕਿ ਤੁਸੀਂ ਕਿਵੇਂ ਪਹਿਚਾਣ ਲੈਂਦੇ ਹੋ ਕਿ ਬਾਣੀ ਗੁਰੂ ਪਾਤਸ਼ਾਹਾਂ ਦੀ ਹੈ ਜਾਂ ਇਸ ਵਿਚ ਰਲਾ ਹੈ। ਭਾਈ ਗੁਰਦਾਸ ਜੀ ਨੇ ਬੜੀ ਨਿੰਮ੍ਰਤਾ ਨਾਲ ਉੱਤਰ ਦਿੱਤਾ ਸੀ ਕਿ ਐਸੀ ਕੌਣ ਅਭਾਗੀ ਇਸਤ੍ਰੀ ਹੈ, ਜੋ ਆਪਣੇ ਭਰਤਾ ਦੀ ਆਵਾਜ਼ ਨਹੀਂ ਪਹਿਚਾਣਦੀ। ਇਹ 'ਖਸਮ ਦੀ ਬਾਣੀ' ਹੈ। ਜੇ ਕਿਧਰੇ ਨਾਲ ਲੱਗਦੇ ਕਮਰੇ ਵਿਚ ਕੁਝ ਮਰਦ ਬੈਠੇ ਗੱਲਾਂ ਕਰਦੇ ਹੋਣ ਤਾਂ ਇਸਤਰੀ ਨੂੰ ਆਪਣੇ ਪਤੀ ਦੀ ਆਵਾਜ਼ ਸਿੱਧੀ ਹਿਰਦੇ ਲੱਗੇਗੀ।

ਬਹੁਤ ਪੁਰਖ ਮਿਲ ਬਾਤ ਬਖਾਨੇ।
ਨਿਜ ਭਰਤਾ ਬੋਲ ਤਿਰੀਆਂ ਪਹਿਚਾਨੇ। ੧੭।
ਅਵਰ ਕੋ ਵਾਕ ਤਿਸ ਮਨ ਨਹੀਂ ਆਵੈ।
ਸੁਨ ਭਰਤਾ ਬੋਲ ਹੀਏ ਮੋ ਭਾਵੈ। ੧੮।

*(ਮਹਿਮਾ ਪ੍ਰਕਾਸ਼, ਸਾਖੀ ਗਿਆਰਾਂ, ਗੁਰੂ ਅਰਜਨ)*

ਮੈਕਾਲਫ਼ ਦਾ ਖ਼ਿਆਲ ਹੈ ਕਿ ਬੀੜ ਬੰਨ੍ਹਣ ਦੇ ਮਨੋਰਥਾਂ ਵਿਚ ਗੁਰੂ ਜੀ ਦਾ ਇਕ ਇਹ ਵੀ ਸੀ ਕਿ ਦੁਨੀਆਂ ਨੂੰ ਦੱਸਿਆ ਜਾਵੇ ਕਿ ਸਿੱਖ ਧਰਮ ਵਿਚ ਇਹੋ ਜਿਹਾ ਕੋਈ ਭਰਮ ਨਹੀਂ ਅਤੇ ਹਰ ਇਕ ਨੇਕ ਪੁਰਸ਼ ਭਾਵੇਂ ਉਹ ਕਿਸੇ ਜਾਤ ਅਤੇ ਮਤ ਦਾ ਹੈ, ਸੱਚ ਪਛਾਣ ਸਕਦਾ ਹੈ ਅਤੇ ਵਡਿਆਈ ਤੇ ਸਨਮਾਨ ਯੋਗ ਹੈ। 'ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ।' ਹੋਰ ਮੈਕਾਲਫ਼ ਦਾ ਇਹ ਵੀ ਕਹਿਣਾ ਹੈ ਕਿ ਗੁਰੂ ਜੀ ਨੇ ਸੋਚਿਆ ਕਿ ਕੌਮ ਨੂੰ ਸੁਤੰਤਰ ਕਰਨ ਲਈ ਅਤੇ ਖ਼ਿਆਲ ਦੀ ਸਾਂਝ ਲਈ ਸਿੱਖਾਂ ਨੂੰ ਆਪਣੀ ਬੋਲੀ ਵਿਚ ਪਵਿੱਤਰ ਕਾਨੂੰਨ ਦੀ ਕਿਤਾਬ ਬਖ਼ਸ਼ੀ ਜਾਏ।

ਇਸ ਮਹਾਨ ਕਾਰਜ ਲਈ ਗੁਰੂ ਜੀ ਨੇ ਉਚੇਚਾ ਇਕਾਂਤ ਵਾਲਾ ਥਾਂ ਚੁਣਿਆ। ਉਸ ਥਾਂ ਜੰਡ, ਬੇਰੀ, ਬੋਹੜ, ਅੰਜੀਰ ਤੇ ਪਿੱਪਲ ਦੇ ਬ੍ਰਿਛਾਂ ਦੀ ਸੁਹਾਵਣੀ ਛਾਂ ਸੀ ਅਤੇ ਨਾਲ ਹੀ ਹਰਿਆਵਲ ਅੱਖਾਂ ਨੂੰ ਠੰਢ ਪਹੁੰਚਾਂਦੀ ਸੀ। ਉਥੇ ਹੀ ਸਰੋਵਰ ਦੀ ਖੁਦਾਈ ਕੀਤੀ ਤਾਂ ਕਿ ਠੰਢੀ-ਠੰਢੀ ਹਵਾ ਰੁਮਕਦੀ ਰਹੇ। ਸਰੋਵਰ ਕੁਝ ਦਿਨਾਂ ਵਿਚ ਹੀ ਤਿਆਰ ਹੋ ਗਿਆ। ਨਾਮ ਰਾਮਸਰ ਰੱਖਿਆ।

**ਰਾਮਸਰ ਦੀ ਉਚੇਚੀ ਉਸਾਰੀ**

ਗੁਰੂ ਸਾਹਿਬ ਜਾਣਦੇ ਸਨ ਕਿ ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣ 'ਤੇ ਬਹੁਤ ਸਮਾਂ ਲੱਗਣਾ ਹੈ ਇਸ ਲਈ ਬਾਬਾ ਬੁੱਢਾ ਜੀ ਨੂੰ ਬੀੜ ਤੋਂ ਸ੍ਰੀ ਅੰਮ੍ਰਿਤਸਰ ਟਿਕਾਣਾ ਕਰਨ ਲਈ ਕਿਹਾ ਤਾਂ ਕਿ ਆਈਆਂ ਸੰਗਤਾਂ ਨੂੰ ਉਪਦੇਸ਼ ਦੇਂਦੇ ਰਹਿਣ। ਰਾਮਸਰ ਤੇ ਹੋਰ ਸੇਵਾ ਲਈ ਉਚੇਚਾ ਭਾਈ ਬੰਨੋ ਜੀ ਨੂੰ ਲਗਾਇਆ। ਉਹ ਇਕ ਅਨਿੰਨ ਸਿੱਖ ਸਨ।

**ਭਾਈ ਬੰਨੋ ਦੀ ਉਚੇਚੀ ਨਿਯੁਕਤੀ**

ਭਾਈ ਜੀ ਸਾਂਦਲ ਦੀ ਬਾਰ ਵਿਚ ਰਹਿੰਦੇ ਸਨ। ਗੁਰੂ ਦੇ ਪਿਆਰੇ ਅਤੇ ਸੱਚਮੁੱਚ ਕਮਲ ਵਾਂਗ ਅਲੋਪ ਜੀਵਨ ਗੁਜ਼ਾਰ ਰਹੇ ਸਨ। ਜਦ ਉਨ੍ਹਾਂ ਨੂੰ ਖ਼ਬਰ ਹੋਈ ਕਿ ਰਾਮਸਰ ਦੀ ਉਚੇਚੀ ਰਚਨਾ ਇਸ ਕਾਰਜ ਲਈ ਕੀਤੀ ਜਾ ਰਹੀ ਹੈ ਕਿ ਗ੍ਰੰਥ ਸਾਜਨਾ ਹੈ ਤਾਂ ਪਿੰਡੋਂ ਉਚੇਚੇ ਆਏ ਤੇ ਸੇਵਾ ਮੰਗੀ। ਮਹਾਰਾਜ ਜੀ ਨੇ ਦੇਖਭਾਲ ਦਾ ਸਾਰਾ ਪ੍ਰਬੰਧ ਉਨ੍ਹਾਂ ਨੂੰ ਹੀ ਸੌਂਪ ਦਿੱਤਾ। ਜਦ ਤੱਕ ਗੁਰੂ ਗ੍ਰੰਥ ਦੀ ਰਚਨਾ ਹੁੰਦੀ ਰਹੀ, ਭਾਈ ਸਾਹਿਬ ਉਥੇ ਹੀ ਰਹੇ। ਸੇਵਾ ਇਤਨੇ ਨਹਿਕਾਮ ਤੇ ਨਿਰਮਾਣ ਹੋ ਕੇ ਕਰਦੇ ਸਨ ਕਿਸੇ ਨੂੰ ਪਤਾ ਵੀ ਨਹੀਂ ਸੀ ਲੱਗਦਾ। ਮੂੰਹ ਅਨ੍ਹੇਰੇ ਮੂੰਹ ਸਿਰ ਲਪੇਟ ਕੇ ਖੂਹ ਗੇੜਦੇ ਰਹਿੰਦੇ ਤੇ ਸੰਗਤਾਂ ਨੂੰ ਇਸ਼ਨਾਨ ਕਰਾਂਦੇ। ਇਨ੍ਹਾਂ ਨੂੰ ਇਸੇ ਲਈ ਗੁਰੂ ਜੀ ਨੇ ਆਪਣਾ ਪਿਆਰਾ ਸਿੱਖ ਕਿਹਾ ਸੀ। ਸਦਾ ਸੰਗਤਾਂ ਨੂੰ ਲੈ ਕੇ ਗੁਰੂ ਜੀ ਪਾਸ ਆਉਂਦੇ ਸਨ। ਮਹਾਰਾਜ ਨੇ ਇਕ ਵਾਰੀ ਇਨ੍ਹਾਂ ਨੂੰ ਸੰਗਤ ਦਾ ਮੁਹਰੀ ਅਤੇ ਪ੍ਰੇਮੀ ਸਿੱਖ ਕਿਹਾ ਸੀ।

**ਇਕ ਤੋ ਸੰਗਤਿ ਕੋ ਮੁਹਰਲੀ,**
**ਦੂਜੀ ਪ੍ਰੇਮੀ ਅਹੈ ਮਹਾਨਾ।**

ਆਮ ਤੌਰ 'ਤੇ ਮੁਹਰੀ ਪ੍ਰੇਮੀ ਨਹੀਂ ਹੁੰਦੇ, ਇਹ ਪ੍ਰੇਮ ਵਿਚ ਗੁੱਝੇ ਹੋਏ ਸਨ।

ਇੰਜ ਪ੍ਰਤੀਤ ਹੁੰਦਾ ਕਿ ਉਤਾਰਾ ਕਰਨ ਦਾ ਹੁਕਮ ਵੀ ਆਪੂੰ ਗੁਰੂ ਜੀ ਨੇ ਦਿੱਤਾ ਸੀ। ਜਦ ਬੀੜ ਲਗਪਗ ਲਿਖੀ ਜਾ ਚੁੱਕੀ ਤਾਂ ਮਹਾਰਾਜ ਨੇ ਇਹ ਜਾਤਾ ਕਿ ਇਹ ਬੀੜ ਤਾਂ ਸ੍ਰੀ ਹਰਿਮੰਦਰ ਸਾਹਿਬ ਪ੍ਰਕਾਸ਼ ਹੋ ਜਾਵੇਗੀ, ਫਿਰ ਸਿੱਖ ਉਤਾਰਾ ਕਿੱਥੋਂ ਕਰਨਗੇ ਅਤੇ ਪਾਠ ਕਿਸ ਤੋਂ ਕਰਨਗੇ। ਸੋ ਕਈ ਲਿਖਾਰੀ ਲਗਾ ਕੇ ਭਾਈ ਬੰਨੋ ਜੀ ਨੇ ਹੀ ਇਸ ਕੰਮ ਨੂੰ ਗੁਰੂ ਜੀ ਦੀ ਆਗਿਆ ਨਾਲ ਸਿਰੇ ਚਾੜ੍ਹਿਆ ਸੀ। ਮਹਿਮਾ ਪ੍ਰਕਾਸ਼ ਦਾ ਕਹਿਣਾ ਹੈ ਕਿ ਬਹੁ ਹੱਥਾਂ ਨਾਲ ਲਿਖਣ ਕਾਰਨ ਕਈ ਸ਼ਬਦ ਮਿਸਲ-ਬੇਮਿਸਲ ਹੋ ਗਏ ਸਨ।

**ਬਹੁ ਹਾਥਨ ਕਰ ਲਿਖਨਾ ਭਇਆ।**
**ਕੋਊ ਸ਼ਬਦ ਮਿਸਲ ਬੇਮਿਸਲ ਹੋ ਗਇਆ।**

Sri Satguru Jagjit Singh Ji eLibrary NamdhariElibrary@gmail.com

**ਇਹ ਖਾਰੇ ਕੀ ਮਿਸਲ ਕਹਾਵੇ।**
**ਗੁਰਦਾਸ ਮਿਸਲ ਸੇ ਭੇਦ ਜਨਾਵੇ।**

ਯਾਦ ਰਹੇ ਕਿ 'ਖਾਰਾ' ਪਿੰਡ ਸੀ ਜੋ ਪਿੱਛੋਂ ਮਾਂਗਟ ਕਰਕੇ ਜਾਣਿਆ ਜਾਣ ਲੱਗਾ। ਇੱਥੇ ਭਾਈ ਗੁਰਦਾਸ ਜੀ ਦੀ ਹੱਥ ਲਿਖੀ ਬੀੜ ਨਾਲੋਂ ਅੱਡ ਦੱਸਣ ਲਈ 'ਖਾਰੇ ਕੀ ਮਿਸਲ' ਵਰਤਿਆ ਹੈ।

ਇਹ ਵੀ ਭਾਈ ਬੰਨੋ ਸਾਹਿਬ ਦੀ ਇਕ ਪਰਉਪਕਾਰੀ ਸੇਵਾ ਸੀ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਨੇ ਵੀ ਇਹ ਹੀ ਲਿਖਿਆ ਹੈ :

**ਭਾਈ ਬੰਨੋ ਜੀ ਕਰਿਓ, ਸ੍ਰੀ ਗ੍ਰੰਥ ਉਤਾਰਾ।**

ਸੋ ਪੂਰੀ ਵਿਉਂਤ ਬਣਾ ਕੇ ਭਾਈ ਗੁਰਦਾਸ ਜੀ ਨੂੰ ਦੱਸ ਦਿੱਤੀ ਤੇ ਲਿਖਣ ਦਾ ਸਾਰਾ ਕਾਰਜ ਅਰੰਭ ਹੋ ਗਿਆ। ਰਾਗਾਂ ਦੀ ਪ੍ਰਧਾਨਤਾ ਰੱਖੀ ਤੇ ਸਾਰੀ ਬਾਣੀ ਰਾਗਾਂ ਅਨੁਸਾਰ ਕੀਤੀ। ਪਹਿਲਾਂ ਸਾਰੀ ਬਾਣੀ

**ਤਰਤੀਬ**

ਵੱਖ-ਵੱਖ ਗੁਰ-ਵਿਅਕਤੀਆਂ ਜਾਂ ਭਗਤਾਂ ਦੇ ਨਾਵਾਂ ਹੇਠ ਸੀ। ਭਗਤਾਂ ਦੀ ਬਾਣੀ ਵੀ ਰਾਗਾਂ ਅਨੁਸਾਰ ਹੀ ਕੀਤੀ । ਬਾਣੀ ਕਈ ਕਾਵਿ-ਛੰਦਾਂ, ਸਿਰਲੇਖਾਂ ਹੇਠ ਲਿਖੀ ਹੋਈ ਸੀ। ਗੁਰੂ ਜੀ ਨੇ ਇਸ ਨੂੰ ਤਰਤੀਬਵਾਰ ਕੀਤਾ। ਹੋਰ ਸਾਰੇ ਸਲੋਕ ਹਰ ਗੁਰ-ਵਿਅਕਤੀ ਦੇ ਇਕ ਥਾਂ ਸਨ। ਵਾਰਾਂ ਸਿਰਫ਼ ਪਉੜੀਆਂ ਹੀ ਸਨ। ਇਨ੍ਹਾਂ ਸਲੋਕਾਂ ਨੂੰ ਪਉੜੀਆਂ ਨਾਲ ਮਜ਼ਮੂਨ ਦੇਖ ਕੇ ਕਰ ਦਿੱਤਾ। ਜਿਹੜੇ ਸਲੋਕ ਬਚੇ ਰਹੇ ਉਨ੍ਹਾਂ ਨੂੰ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠਾਂ ਲਿਖ ਦਿੱਤਾ।

ਆਦਿ ਗ੍ਰੰਥ ਨੂੰ ਮੁੱਖ ਕਰਕੇ ਚਾਰ ਹਿੱਸਿਆਂ ਵਿਚ ਵੰਡਿਆ। ਪਹਿਲਾ ਪ੍ਰਸਤਾਵਨਾ, ਫਿਰ ਰਾਗਾਂ ਵਿਚ ਬਾਣੀ, ਰਾਗਾਂ ਤੋਂ ਬਾਹਰ, ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਵੱਈਏ ਅਤੇ ਅਖ਼ੀਰ ਸਲੋਕ ਵਾਰਾਂ ਤੇ ਵਧੀਕ ਲਿਖ ਕੇ ਮੁੰਦਾਵਣੀ ਪਾ ਦਿੱਤੀ।

ਪ੍ਰਸਤਾਵਨਾ ਵਿਚ ਹੀ ਪ੍ਰਗਟ ਕਰ ਦਿੱਤਾ ਕਿ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਜਪਣ ਤੇ ਉਸ ਨੂੰ ਨਿਰਭੈ, ਸਹਜ ਤੇ ਪ੍ਰਗਟ ਤੌਰ 'ਤੇ ਜਪਣ ਦਾ ਵੱਲ ਹੈ। ਉਸ ਦਰ, 'ਸੋ ਦਰ' ਜੋ ਹੋ ਰਿਹਾ ਹੈ ਉਸ ਦੀ ਵਿਆਖਿਆ ਹੈ ਅਤੇ ਉਸ ਦਰ, ਸੋਦਰ ਤੱਕ ਪੁੱਜਣ ਦਾ ਢੰਗ ਹੈ। ਨਿਰਾ ਸੁਣ ਕੇ ਨਹੀਂ, ਕਰ ਕੇ ਪੁੱਜਣਾ ਪੈਂਦਾ ਹੈ, ਜਿੱਥੇ ਜੀਵਨ-ਜਾਚ ਦਾ ਵੱਲ ਹੈ ਅਤੇ ਪੁੱਜੇ ਹੋਏ ਸੱਜਣ ਹੀ ਸੁਹੇਲੇ ਹਨ। ਸੋਹਿਲਾ[1] ਵਿਚ ਪੰਜ ਸ਼ਬਦ ਹਨ।

ਰਾਗ ਤੀਹ[2] ਵਰਤੇ। ਤੀਹ ਰਾਗ ਇਹ ਹਨ :

ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸ,

---

1. ਇਹ ਯਾਦ ਰਹੇ ਕਿ ਸੋ ਪੁਰਖ ਦੇ ਚਾਰੇ ਸ਼ਬਦ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਸੁਣਿ ਵੱਡਾ' ਦੇ ਅਤੇ ਸੋਹਿਲਾ ਵਿਚਕਾਰ ਲਿਖੇ ਸਨ।
2. ਇਕੱਤੀਵਾਂ ਰਾਗ ਜੈਜਾਵੰਤੀ ਵਿਚ ਨਿਰੋਲ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਦਰਜ ਕੀਤੀ ਸੀ।

Sri Satguru Jagjit Singh Ji eLibrary NamdhariElibrary@gmail.com

ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਯਾਨ ਅਤੇ ਪ੍ਰਭਾਤੀ। ਰਾਗਾਂ ਦੀ ਤਰਤੀਬ ਵੀ ਅਜਿਹੀ ਰੱਖੀ ਕਿ ਜੀਵਨ ਜੁਗਤ ਪਾਉਣ ਦਾ ਰਾਹ ਮਿਲ ਜਾਏ। ਪਹਿਲਾ ਸ੍ਰੀ ਰਾਗ ਅਤੇ ਅਖ਼ੀਰ ਪ੍ਰਭਾਤੀ ਰੱਖਿਆ। ਗੁਰੂ ਜੀ ਸੰਕੇਤ ਕਰ ਰਹੇ ਸਨ ਕਿ ਜਦ ਗੁਰੂ ਨਾਨਕ ਦੇਵ ਜੀ ਆਏ ਤਾਂ ਗੁਣਾਂ ਦੀ ਸ਼ਾਮ ਪੈ ਗਈ ਸੀ। ਅਗੋਂ ਰਾਤ ਲੰਮੇਰੀ ਅਤੇ ਭਿਆਨਕ ਸੀ। ਹੱਥ ਨੂੰ ਹੱਥ ਸੁਝਾਈ ਨਹੀਂ ਸੀ ਦੇ ਰਿਹਾ। ਫਿਰ ਸੰਸਾਰ ਨੂੰ ਦੋ ਮੁੱਖ ਰੋਗਾਂ ਨੇ ਗ੍ਰਸਿਆ ਹੋਇਆ ਸੀ। ਇਕ ਰੋਗ ਪਿੱਤ (ਗਰਮੀ) ਤੇ ਦੂਜਾ ਵਾਉ (ਸਰਦੀ)। ਗੁਰੂ ਜੀ ਨੇ ਦੇਖ ਲਿਆ ਸੀ ਕਿ ਸੰਸਾਰ ਜਾਂ ਕੋਰਾ ਸਰਦ ਸੀ ਜਾਂ ਕ੍ਰੋਧੀ, ਗਰਮ। ਸ੍ਰੀ ਮਾਇਆ ਹੈ। ਮਾਇਆ ਦੇ ਅਨੇਕ ਹੀ ਰੂਪ ਹਨ–ਵੱਡੇ ਚਾਰ ਕਾਮ (ਤ੍ਰਿਸ਼ਨਾ), ਦਾਮ (ਪਦਾਰਥ), ਚਾਮ (ਰੂਪ ਤੇ ਦੇਹ ਦੀ ਪਕੜ) ਅਤੇ ਸਾਮ (ਹੁਕਮ, ਰਿੱਧੀ ਸਿੱਧੀ) ਹੀ ਹਨ। ਇਨ੍ਹਾਂ ਵਿਚ ਫਸ, ਜਗਤ ਨਾਮ ਵਿਸਾਰ ਬੈਠਾ ਹੈ। 'ਹਰਿ ਬਿਨ ਜੀਉ ਜਲ ਬਲ' ਜਾ ਰਿਹਾ ਹੈ। ਸ੍ਰੀ ਰਾਗ ਸ਼ਾਮ ਦਾ ਰਾਗ ਹੈ। ਅਤਿ ਗਰਮੀ ਅਤੇ ਅਤਿ ਸਰਦੀ ਵਿਚ ਗਾਇਆ ਜਾਂਦਾ ਹੈ। ਉਸ ਦਾ ਰੂਪ ਗਹਿਣਿਆਂ ਨਾਲ ਲੱਦੀ ਇਸਤ੍ਰੀ ਹੈ। ਮਹਾਰਾਜ ਦਾ ਭਾਵ ਸੀ ਕਿ ਜੋ ਸ੍ਰੀ ਰਾਗ ਤੋਂ ਗਾਉਣਾ ਸ਼ੁਰੂ ਕਰੇਗਾ, ਜੀਵਨ ਗੁਰਬਾਣੀ ਅਨੁਸਾਰ ਢਾਲੇਗਾ, ਦੀਵਾ ਬਾਲੇਗਾ, ਰੂਹਾਨੀ ਸ਼ੋਅਲੇ ਮਘਾਏਗਾ, ਪ੍ਰਭੂ ਦੀ ਯਾਦ ਵਿਸਰਨ ਨਹੀਂ ਦੇਣ ਲੱਗਾ, ਉਸਦੀ ਇਹ ਜੀਵਨ ਰਾਤ ਸਹਲੀ ਕੱਟੀ ਜਾਏਗੀ ਤੇ ਪ੍ਰਭਾਤ ਚੜ੍ਹ ਜਾਏਗੀ। ਨਾਮ ਪ੍ਰਗਟ ਕਰ ਲਵੇਗਾ ਜਿਸ ਦੀ ਬਰਕਤ ਨਾਲ ਸਾਰੇ ਸੰਸਾਰੀ ਵਿਤਕਰੇ ਮਿਟ ਜਾਣਗੇ।

ਫਿਰ ਪਹਿਲਾਂ ਗੁਰੂ ਨਾਨਕ ਜੀ ਦੇ ਸ਼ਬਦ, ਫਿਰ ਗੁਰੂ ਅਮਰ ਦਾਸ ਜੀ ਦੇ, ਫਿਰ ਗੁਰੂ ਰਾਮ ਦਾਸ ਜੀ ਦੇ, ਫਿਰ ਆਪਣੇ ਰੱਖੇ। ਸਿਰਲੇਖ ਵਿਚ ਨਾਂ ਨਹੀਂ ਲਿਖਿਆ 'ਮਹਲਾ' ਹੀ ਪਾਇਆ ਜਿਸ ਦਾ ਭਾਵ 'ਜਾਮਾ' ਹੈ, ਇਸਤਰੀ ਨਹੀਂ। ਕਿਉਂਕਿ ਅੱਖਰੀ ਲਿਖਣ ਵੇਲੇ ਪਹਿਲਾ, ਤੀਜਾ, ਚੌਥਾ ਤੇ ਪੰਜਵਾਂ ਲਿਖਿਆ ਹੈ। ਨਾਲ ਹੀ ਇਹ ਕਹਿਣਾ ਠੀਕ ਨਹੀਂ ਕਿ ਦਸ ਗੁਰੂ ਸਨ। ਗੁਰੂ ਤਾਂ ਇਕ ਹੀ ਹੈ। ਜਾਮੇ ਦਸ ਸਨ। ਦਸ ਦਾ ਹਿੰਦਸਾ ਸੰਪੂਰਨ ਹੁੰਦਾ ਹੈ। ਇਸੇ ਤਰਤੀਬ ਨਾਲ ਛੰਤ, ਅਸ਼ਟਪਦੀਆਂ ਤੇ ਲੰਮੀਆਂ ਬਾਣੀਆਂ ਲਿਖੀਆਂ। ਭਗਤਾਂ ਤੇ ਸਿੱਖਾਂ ਦੀ ਬਾਣੀ ਇਸ ਪਿੱਛੋਂ ਲਿਖੀ ਤੇ ਉਹਨਾਂ ਸਭਨਾਂ ਭਗਤਾਂ ਦੇ ਨਾਮ[1] ਲਿਖੇ। ਭੱਟ ਗਿਣਤੀ ਵਿਚ ਗਿਆਰਾਂ ਸਨ। ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ : ਕੱਲਸਹਾਰ, ਜਾਲਪ, ਕੀਰਤ, ਭਿੱਖਾ, ਸੱਲ, ਭੱਲ, ਨੱਲ, ਗਯੰਦਾ, ਮਥਰਾ, ਬੱਲ੍ਹ ਅਤੇ ਹਰਿਬੰਸ।

ਅਖ਼ੀਰ ਤੇ ਮੁੰਦਾਵਣੀ ਪਾਉਣ ਦਾ ਭਾਵ ਕੋਈ ਮੁਹਰ ਨਹੀਂ ਸੀ ਸਗੋਂ ਸਦਾ ਅਨੰਦ

---

1. ਪੰਦਰਾਂ ਭਗਤ ਇਹ ਹਨ : ਕਬੀਰ ਜੀ, ਨਾਮ ਦੇਵ ਜੀ, ਤਰਲੋਚਨ ਜੀ, ਜੈ ਦੇਵ ਜੀ, ਸ਼ੇਖ਼ ਫ਼ਰੀਦ ਜੀ, ਸਧਨਾ ਜੀ, ਬੇਣੀ ਜੀ, ਰਾਮਾਨੰਦ ਜੀ, ਰਵਿਦਾਸ ਜੀ, ਪੀਪਾ ਜੀ, ਸੈਣ ਜੀ, ਧੰਨਾ ਜੀ, ਭੀਖਨ ਜੀ, ਪਰਮਾਨੰਦ ਜੀ, ਅਤੇ ਸੂਰਦਾਸ ਜੀ। ਚਾਰ ਸਿੱਖ–ਭਾਈ ਮਰਦਾਨਾ ਜੀ, ਬਾਬਾ ਸੁੰਦਰ ਦਾਸ ਜੀ, ਰਬਾਬੀ ਰਾਇ ਬਲਵੰਡ ਤੇ ਸਤੈ ਡੂਮਿ।

Sri Satguru Jagjit Singh Ji eLibrary NamdhariElibrary@gmail.com

ਰਹਿਣ ਦਾ ਨੁਸਖ਼ਾ ਸੀ। ਉਨ੍ਹਾਂ ਦਾ ਨਿਸਚਾ ਸੀ ਕਿ ਇਹ ਸਦਾ ਅਨੰਦ, ਸਤਿ, ਸੰਤੋਖ ਅਤੇ ਅੰਮ੍ਰਿਤ ਨਾਮ ਦੁਆਰਾ ਹਰ ਕਿਸੇ ਨੂੰ ਮਿਲ ਸਕਦਾ ਹੈ। ਜੋ ਇਨ੍ਹਾਂ ਵਸਤੂਆਂ ਨੂੰ ਜੀਵਨ ਵਿਚ ਰਚਾ ਲਵੇਗਾ, ਫਿਰ ਪਚਾ ਕੇ ਜੀਵਨ ਵਿਚ ਵਰਤੇਗਾ, ਉਸ ਦੀ ਕਲਿਆਣ ਜੋ ਜਾਏਗੀ।

ਸੰਭਾਲਾਂ—ਕਈ ਸੰਭਾਲਾਂ ਵੀ ਬੀੜ ਬੰਨ੍ਹਣ ਵੇਲੇ ਰੱਖੀਆਂ।

ਪਹਿਲੀ ਸੰਭਾਲ, ਰਾਗਾਂ ਦੀ ਚੋਣ ਵੇਲੇ ਕੀਤੀ। ਕੋਈ ਭੜਕੀਲਾ ਜਾਂ ਸੋਗ-ਮਈ ਰਾਗ ਨਾ ਵਰਤਿਆ। ਨਾ ਹੀ ਗੁਰੂ ਗ੍ਰੰਥ ਸਾਹਿਬ ਵਿਚ 'ਮੇਘ' ਨੂੰ ਥਾਂ ਹੈ ਅਤੇ ਨਾ ਹੀ 'ਦੀਪਕ' ਨੂੰ। ਸਭ ਕੁਝ 'ਸਹਿਜ ਸੇਤੀ' ਪ੍ਰਾਪਤ ਕਰਨਾ ਹੈ। ਚੁਪੂ (ਕੁਆਇਟਿਸਟ) ਵੀ ਨਹੀਂ ਬਣਦਾ। ਇਸ ਲਈ ਬਸੰਤ ਦੇ ਠਰ੍ਹੰਮੇ ਨਾਲ ਹਿੰਡੋਲ ਰਲਾ ਦਿੱਤਾ। ਹਰਕਤ ਰਵ੍ਹੇ। ਹਿੱਲਣ-ਜੁੱਲਣ ਨਾ ਮੁੱਕੇ। ਗਉੜੀ ਨੂੰ ਜਦ ਬਹੁਤ ਹੀ ਗੰਭੀਰ ਦੇਖਿਆ ਤਾਂ ਨਾਲ ਦੀਪਕੀ ਰਲਾ ਦਿੱਤੀ।

ਪ੍ਰਚੰਡ ਭਗਤੀ (ਵਾਉਲੈਂਟ ਮੈਡੀਟੇਸ਼ਨ), ਜਜ਼ਬਾਤੀ ਭਗਤੀ ਜਾਂ 'ਪਗ ਘੁੰਘਰੂ ਬਾਂਧੇ ਨਾਚ' ਦੀ ਤਿੱਖੀ ਭਗਤੀ ਨੂੰ ਇੱਥੇ ਕੋਈ ਥਾਂ ਨਹੀਂ। ਇਹ ਹੀ ਕਾਰਨ ਲਗਦਾ ਹੈ ਕਿ ਮੀਰਾਂ, ਚੰਡੀ ਦਾਸ ਜਾਂ ਚੇਤੰਨ ਨੂੰ ਇੱਥੇ ਪ੍ਰਵਾਨ ਨਹੀਂ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਸਿਮਰਨ 'ਤੇ ਹੀ ਜ਼ੋਰ ਦਿੱਤਾ ਜੋ ਸਹਿਜ ਸੁਭਾਅ ਹੈ।

**ਦੂਜੀ** ਸੰਭਾਲ, ਕਿਸੇ ਰਾਗ ਨੂੰ ਰਾਗਣੀ ਦੇ ਤੌਰ 'ਤੇ ਨਹੀਂ ਵਰਤਿਆ। ਭਾਵੇਂ ਉਹ ਰਾਗਣੀ ਸੀ ਪਰ ਆਪ ਜੀ ਨੇ 'ਰਾਗ' ਬਣਾ ਕੇ ਲਿਖਿਆ ਅਤੇ ਗਾਵਿਆ। ਟੋਡੀ 'ਰਾਗਣੀ' ਹੈ ਪਰ ਆਪ ਜੀ ਨੇ ਰਾਗ ਹੀ ਲਿਖਿਆ। 'ਰਾਗਣੀ' ਐਸ਼ ਦਾ ਝਲਕਾਰਾ ਦੇਂਦੀ ਹੈ। ਸੰਸਾਰ ਭਰ 'ਸੁਰਾਂ' ਨੂੰ ਐਸ਼ ਲਈ ਹੀ ਵਰਤਦਾ ਸੀ 'ਸੁਰ, ਸੁਰਾ, ਇਸਤਰੀ', ਤਿੰਨੇ ਹੀ ਐਸ਼ ਲਈ ਵਰਤੇ ਤੇ ਸਮਝੇ ਜਾਂਦੇ ਸਨ। ਗੁਰੂ ਜੀ ਨੇ ਰਾਗ ਲਿਖ ਕੇ ਰਾਗ ਨੂੰ ਰੰਗ ਚਾੜ੍ਹਨ ਲਈ ਵਰਤਿਆ ਨਾ ਕਿ ਰੰਗਾਂ ਤਮਾਸ਼ਿਆਂ ਦੀ ਖੇਡ।

**ਤੀਜੀ** ਵੱਡੀ ਸੰਭਾਲ ਗੁਰੂ ਗ੍ਰੰਥ ਸਾਹਿਬ ਵਿਚ ਹੰਕਾਰ, ਵਿਤਕਰੇ, ਵਰਣ ਆਸ਼ਰਮ, ਜਿਨਸੀ ਭੇਦ, ਇਨਸਾਨੀ ਜੀਵਨ ਦੀ ਬੇ-ਕਦਰੀ ਤੇ ਸੰਨਿਆਸ ਜਾਂ ਬੇ-ਹਰਕਤ ਵਾਲੇ ਖ਼ਿਆਲਾਂ ਨੂੰ ਕੋਈ ਥਾਂ ਨਾ ਦਿੱਤੀ। ਸਾਖੀ ਵੀ ਆਉਂਦੀ ਹੈ ਕਿ ਇਹ ਸੁਣ ਕੇ ਕਿ ਗੁਰੂ ਅਰਜਨ ਦੇਵ ਜੀ ਇਕ ਗ੍ਰੰਥ ਸਾਜ ਰਹੇ ਹਨ ਜਿੱਥੇ ਕਈ ਭਗਤ ਵੀ ਸੁਸ਼ੋਭਿਤ ਹੋ ਰਹੇ ਹਨ; ਚਾਰ, ਕਾਨ੍ਹਾ ਜੀ, ਛੱਜੂ, ਪੀਲੋ ਜੀ ਤੇ ਸ਼ਾਹ ਹੁਸੈਨ ਆਏ। ਮਹਾਰਾਜ ਨੇ ਸਾਰਿਆਂ ਨੂੰ ਆਪਣੀ-ਆਪਣੀ ਰਚਨਾ ਸੁਣਾਉਣ ਲਈ ਕਿਹਾ। ਕਾਨ੍ਹਾ ਜੀ ਨੇ ਕਿਹਾ :

**ਮੈਂ ਉਹੀ ਰੇ, ਮੈਂ ਉਹੀ ਰੇ।**
**ਜਾਕੋ ਨਾਰਦ ਸਾਰਦ ਸੇਵੇ,**
**ਸੇਵੇ ਦੇਵੀ ਦੇਵਾ ਰੇ।**
**ਬ੍ਰਹਮ ਬਿਸ਼ਨ ਮਹੇਸ਼ ਅਰਾਧਹਿ,**
**ਸਭ ਕਰਦੇ ਜਾ ਕੀ ਸੇਵਾ ਰੇ।**

ਗੁਰੂ ਜੀ ਨੇ ਕਿਹਾ ਇਸ ਵਿਚ ਹੰਕਾਰ ਦਾ ਅੰਸ਼ ਹੈ।

Sri Satguru Jagjit Singh Ji eLibrary NamdhariElibrary@gmail.com

ਸਾਡਾ ਮਤ ਹੈ :

ਹਿਰਦੇ ਬ੍ਰਹਮ ਤੇ ਮੁਖੋਂ ਦਾਸਨ ਦਾਸਾ।
ਅਹੰਬ੍ਰਹਮ ਤਉ ਉਰ ਮਹਿ ਬਾਸੇ,
ਮੁਖ ਤੇ ਕਹੈ ਦਾਸਨ ਦਾਸਾ।

ਇਹ ਮਤ ਸਾਡੇ ਨਾਲ ਮੇਲ ਨਹੀਂ ਖਾਂਦਾ। ਵਿਰੋਧੀ ਸ਼ਬਦ ਇਕ ਥਾਂ ਰੱਖਣੇ ਉਚਿਤ ਨਹੀਂ। ਇਸ ਨੂੰ ਕਿਧਰੇ ਹੋਰ ਲਿਖਾਵੋ। ਗੁਰੂ ਘਰ ਨਿੰਮ੍ਰਤਾ ਦਾ ਹੈ।

ਸ਼ਬਦ ਵਿਰੋਧੀ ਮਿਲਹਿ ਨ ਇਕ ਥਲ।
ਰਾਖਹੁ ਆਪ, ਲਿਖਹੁ ਕਿਤ ਥਾਂਇ।

ਮਹਿਮਾ ਪ੍ਰਕਾਸ਼ ਨੇ ਲਿਖਿਆ ਹੈ ਕਿ ਕਾਨ੍ਹਾ ਇਤਨੇ ਹੰਕਾਰ ਵਿਚ ਸੀ ਕਿ ਆਉਂਦਿਆਂ ਮਹਾਰਾਜ ਦੇ ਮੰਜੇ 'ਤੇ ਹੀ ਬੈਠ ਗਿਆ ਅਤੇ ਜਦ ਮਹਾਰਾਜ ਨੇ ਬਾਣੀ ਸੁਣਾਉਣ ਲਈ ਕਿਹਾ ਤਾਂ ਬੋਲਿਆ :

ਮੈਂ ਕਾਨ੍ਹਾ, ਕਾਨ੍ਹਾ ਮੇਰੀ ਡੀਠ।
ਕਾਨ੍ਹਾ ਆਗੇ, ਕਾਨ੍ਹਾ ਪੀਠ।
ਜਤ ਦੇਖੋ ਤਤ ਕਾਨ੍ਹਾ ਭਾਈ।
ਮੈਂ ਕਾਨ੍ਹਾ ਕਾਨ੍ਹਾ ਸਭ ਆਹੀ।

ਮਹਾਰਾਜ ਨੇ ਉਸੇ ਸਮੇਂ ਕਹਿ ਦਿੱਤਾ ਕਿ ਐਸੇ ਹੰਕਾਰ ਭਰੇ ਸ਼ਬਦ ਗੁਰੂ ਗ੍ਰੰਥ ਵਿਚ ਥਾਂ ਨਹੀਂ ਪਾ ਸਕਦੇ।

ਤਬ ਸਤਿਗੁਰ ਸੁਨਿ ਮੁਖੋ ਬਖਾਨੀ।
ਯਹ ਲਾਇਕ ਗਿਰੰਥ ਨਹੀਂ ਨੰਗੀ ਬਾਨੀ।

ਉਹ ਇਹ ਕਹਿੰਦਾ ਗਿਆ ਸੀ ਕਿ ਦੇਖਾਂਗਾ ਉਸ ਦੀ ਰਚਨਾ ਕਿਵੇਂ (ਗੁਰੂ) ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹੁੰਦੀ।[1] ਉਸ ਸਮੇਂ ਵੀ ਮਹਾਰਾਜ ਨੇ ਇਹ ਹੀ ਬਚਨ ਕੀਤਾ ਸੀ :

ਹਰਿ ਜੀ ਹੰਕਾਰ ਨ ਭਾਵਈ
ਵੇਦ ਕੂਕ ਸੁਣਾਵੇ।

ਕਾਨ੍ਹਾ ਲਾਹੌਰ ਸਹੀ ਸਲਾਮਤ ਨਹੀਂ ਸੀ ਪੁੱਜ ਸਕਿਆ ਅਤੇ ਸ਼ਾਹਦਰੇ ਹੀ ਘੋੜੇ ਤੋਂ ਡਿੱਗ ਕੇ ਜਾਨ ਗਵਾ ਬੈਠਾ ਸੀ। ਇਸ ਦੇ ਚਾਚੇ ਪੁੱਤ ਭਰਾ ਚੰਦੂ ਨੇ ਇਹ ਮਾਮਲਾ ਅਕਬਰ ਦੇ ਦਰਬਾਰ ਵਿਚ ਉਠਾਇਆ ਸੀ।

ਭਗਤ ਛੱਜੂ ਨੂੰ ਜਦ ਰਚਨਾ ਸੁਣਾਉਣ ਲਈ ਕਿਹਾ ਤਾਂ ਉਹ ਬੋਲਿਆ :

ਕਾਗਦ ਸੰਦੀ ਪੂਤਲੀ ਤਉ ਨ ਤ੍ਰਿਆ ਨਿਹਾਰ।
ਇਉ ਹੀ ਮਾਰ ਲੈ ਜਾਏਗੀ, ਜਿਉਂ ਬਲੋਚਾ ਦੀ ਧਾੜ।

---

1. ਮਹਿਮਾ ਪ੍ਰਕਾਸ਼ ਦੇ ਹੀ ਸ਼ਬਦ ਹਨ :
'ਬਾਦਸ਼ਾਹ ਸੋਂ ਕਰ ਫ਼ਰੀਆਦ।
ਸਤਿਗੁਰ ਸੰਗ ਕਰੈਗਾ ਵਾਦ।'

Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਨੇ ਕਿਹਾ : ਇਹ ਗ੍ਰਹਿਸਤ ਵਿਚ ਪੰਥ ਚਲਾਇਆ ਹੈ। ਆਪਣੀ ਪਰਾਈ ਇਸਤਰੀ ਦਾ ਵਿਚਾਰ ਚਾਹੀਦਾ ਹੈ :

ਪੰਥ ਰਚਯੋ ਕਰਿਬੇ ਸਤਿ ਸੰਗਿ।
ਸਿਮਰਹਿ ਮਿਲਿ ਕਰਿ ਸ੍ਰੀ ਪ੍ਰਮੇਸਰ,
ਗ੍ਰਹਿਸਤ ਬਿਖੈ ਲਿਵਲਾਇ ਅਭੰਗ।
ਕਾਰ ਧਰਮ ਕੀ, ਕਰ ਗੁਜ਼ਰਾਨਹਿ,
ਸੇਵਾ ਸੰਤਨਿ ਸਹਤ ਉਮੰਗ।

ਜੋ ਗ੍ਰਹਿਸਤੀ ਕਿਰਤ ਕਰਕੇ ਵੰਡ ਖਾਂਦਾ ਹੈ, ਉਹ ਤਾਂ ਯੋਗੀ ਤੋਂ ਵੀ ਉੱਚਾ ਹੈ।

ਨਿਜ ਤਨ ਤੇ ਸ੍ਰਮ ਕਰੈ ਖਾਟ ਧਨ,
ਬਹੁਤ ਬਾਂਟ ਕਰ ਭੋਜਨ ਪਾਇ।

ਉਸ ਨੂੰ ਹੋਰ ਕਿਸੇ ਜਤਨ ਦੀ ਲੋੜ ਹੀ ਨਹੀਂ। 'ਅਵਰ ਜਤਨ ਕੋ ਸਮੋ ਨ ਕਾਇ।' ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਨਗਰੀ ਦੇ ਨੇੜੇ ਯੋਗੀ ਰਹਿੰਦਾ ਹੋਵੇ ਅਤੇ ਫਿਰ ਮਿਲ ਕੇ ਮਨ ਵਿਕਾਰੀ ਨਾ ਹੋਵੇ। ਭਲਾ ਤਿਆਗ ਵੀ ਕਰ ਦੇਵੇ ਫਿਰ ਵੀ ਇਸਤ੍ਰੀ ਤਾਂ ਦੇਖੇਗਾ ਹੀ। ਗ੍ਰਹਿਸਤ ਤਜਣਾ ਠੀਕ ਨਹੀਂ।

ਪੀਲੋ ਨੇ ਕਿਹਾ :

ਪੀਲੋ ਅਸਾਂ ਨਾਲੋ ਸੇ ਭਲੇ ਜੰਮਦਿਆਂ ਜੋ ਮੁਏ।
ਓਨਾਂ ਚਿਕੜੁ ਪਾਵ ਨ ਡੋਬਿਆ ਨ ਆਲੂਦ ਭਏ।

ਮਹਾਰਾਜ ਨੇ ਕਿਹਾ : ਜੰਮਣ ਮਰਨ ਪ੍ਰਵਾਨ ਹੈ। ਹੁਕਮ ਵਿਚ ਸੁਖ-ਦੁਖ ਹੈ ਪੀਲੋ।

'ਸ੍ਰੀ ਕਰਤਾਰ ਕੇਰ ਇਹ ਭਾਣਾ,
ਜੰਮਣਾ ਮਰਣਾ ਸੀਸ ਅਸੇਸਾ।'

ਸ਼ਾਹ ਹੁਸੈਨ ਬੋਲਿਆ :

ਚੁਪ ਵੇ ਅੜਿਆ, ਚੁਪ ਵੇ ਅੜਿਆ।
ਬੋਲਣ ਦੀ ਨਹੀਂ ਜਾਇ ਵੇ ਅੜਿਆ।
ਸਜਣਾ ਬੋਲਣ ਦੀ ਜਾਇ ਨਾਹੀ।
ਅੰਦਰ ਬਾਹਰ ਹਿਕਾ ਸਾਈਂ।
ਕਿਸ ਨੂੰ ਆਖ ਸੁਣਾਈ।
ਇਕੋ ਦਿਲਬਰ ਸਭਿ ਘਟਿ ਰਵਿਆ,
ਦੂਜੀ ਨਹੀਂ ਕਦਾਈ।
ਕਹੈ ਹੁਸੈਨ ਫ਼ਕੀਰ ਨਿਮਾਣਾ,
ਸਤਿਗੁਰ ਤੋਂ ਬਲਿ ਬਲਿ ਜਾਈਂ।

ਗੁਰੂ ਜੀ ਨੇ ਬਚਨ ਕੀਤੇ : ਚੁੱਪ ਦੇ ਮੁਕਾਮ ਕਿਵੇਂ ਕੋਈ ਰਹੇ। ਸਾਨੂੰ ਤਾਂ ਫ਼ਰਮਾਨ ਹੈ : ਜਬ ਲਗ ਦੁਨੀਆ ਰਹੀਐ ਨਾਨਕ, ਕਿਛ ਸੁਣੀਐ, ਕਿਛ ਕਹੀਐ।

**ਚੌਥੀ,** ਬੋਲੀ ਸੁਗਮ ਸਹਲ ਰੱਖੀ ਅਤੇ ਨਿੱਤ ਵਰਤੇ ਜਾ ਰਹੇ ਬੋਲਾਂ, ਗੀਤ ਦੀ ਟੇਕ ਤੇ ਉਚਾਰੀ। ਸੰਸਾਰ ਨੂੰ ਵਿਲਾਸੀ ਨਿਰਾਸੀ ਜੀਵਨ ਤੋਂ ਹਟਾ ਸਿੱਧੇ ਰਾਹ ਪਾਉਣ ਦਾ ਇਕੋ ਇਹ ਹੀ ਵੱਲ ਸੀ। ਘੋੜੀਆਂ, ਅਲਾਹਣੀਆਂ, ਕਰਹਲਾ, ਵਣਜਾਰਾ, ਥਿਤੀ, ਵਾਰ, ਬਾਰਹਮਾਹ, ਸੁਚੱਜੀ, ਗੁਣਵੰਤੀ, ਕੁਚੱਜੀ, ਲਾਵਾਂ, ਚਉਬੋਲੇ, ਫੁਨਹੇ, ਗਾਥਾ ਰਚ ਕੇ ਬਾਣੀ ਨੂੰ ਨਿੱਤ ਦੇ ਜੀਵਨ ਦਾ ਅੰਗ ਬਣਾ ਦਿੱਤਾ।

**ਪੰਜਵੀਂ** ਸੰਭਾਲ, ਸ਼ਬਦਾਂ ਦੀ ਗਿਣਤੀ ਦੇ ਅੰਕੜੇ ਆਪਣੇ ਹੱਥੀਂ ਪਾਏ ਤਾਂ ਕਿ ਕੋਈ ਕਿਸੇ ਥਾਂ ਕਦੇ ਵੀ ਰਲਾ ਨਾ ਪਾ ਸਕੇ। ਇਨ੍ਹਾਂ ਅੰਕਾਂ ਨੂੰ ਵਾਚਿਆਂ ਹੀ ਪਤਾ ਲਗਦਾ ਹੈ ਕਿ ਕਿਤਨੀ ਕਠਿਨ ਮਿਹਨਤ ਤੇ ਘਾਲ ਇਸ ਬੀੜ ਨੂੰ ਬੰਨ੍ਹਣ ਵਿਚ ਲੱਗੀ ਸੀ।

**ਛੇਵੀਂ,** ਭਗਤ ਬਾਣੀ ਦੀ ਛਾਣਬੀਣ ਕਰਕੇ ਹੀ ਦਰਜ ਕੀਤੀ। ਜਿਵੇਂ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਕਿਤਨੇ ਹੀ ਸਲੋਕ ਅਤੇ ਦੋਹੇ ਪ੍ਰਚਲਤ ਹਨ, ਇਸੇ ਤਰ੍ਹਾਂ ਕਿਤਨੇ ਹੀ ਕਬੀਰ ਜੀ ਅਤੇ ਹੋਰਨਾਂ ਭਗਤਾਂ ਦੇ ਨਾਂ 'ਤੇ ਚੱਲ ਪਏ। ਰਚਨਾ ਤਾਂ ਹੋਰ ਜ਼ਰੂਰ ਹੋਵੇਗੀ ਪਰ ਉਸ ਵਿਚ ਰਲਾ ਪੈ ਗਿਆ। ਜੋ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਗਈ, ਉਹ ਹੀ ਰਲ-ਗੱਡ ਤੋਂ ਬਚ ਗਈ। ਹੁਣ ਫ਼ਰੀਦ ਜੀ ਦੀ ਬਾਣੀ ਕਿੱਥੋਂ ਲੱਭਣੀ ਸੀ ਜੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਾ ਹੁੰਦੀ। ਜੋ ਇੱਥੇ ਦਰਜ ਹੈ ਉਹੀ ਅਸਲ ਹੈ। ਇਸ ਵਿਚ ਹੀ ਭਗਤਾਂ ਦੇ ਆਸ਼ੇ, ਜੀਵਨ ਵਿਚ ਉੱਨਤੀ ਦੇ ਅੱਡ-ਅੱਡ ਤਜਰਬੇ ਤੇ ਸਮੇਂ ਦੇ ਭਾਵ, ਪ੍ਰਾਪਤੀ ਦੇ ਸਾਰੇ ਰਾਹ ਆ ਗਏ ਸਨ। ਕਿਸੇ ਦਾ ਇਹ ਲਿਖਣਾ ਕਿ ਭਾਈ ਗੁਰਦਾਸ ਜੀ ਦੀ ਤਸੱਲੀ ਲਈ ਭਗਤਾਂ ਦੇ ਦਰਸ਼ਨ ਕਰਾਏ ਜਾਂ ਭਗਤਾਂ ਦੀਆਂ ਰੂਹਾਂ ਆਈਆਂ, ਨਿਰਮੂਲ ਹੈ। ਇਹ ਕਹਿਣ ਲਿਖਣ ਦੀ ਤਾਂ ਲੋੜ ਪਈ ਕਿਉਂਕਿ ਉਹ ਲੋਕੀਂ ਜਾਣ ਹੀ ਨਹੀਂ ਸਕੇ ਕਿ ਇਹ ਸਾਰਾ ਖ਼ਜ਼ਾਨਾ ਗੁਰੂ ਅਰਜਨ ਦੇਵ ਜੀ ਕੋਲ ਕਿਵੇਂ ਆਇਆ।

ਪੰਡਿਤ ਤਾਰਾ ਸਿੰਘ ਨਰੋਤਮ ਤਾਂ ਤਗੜੀ ਉਕਾਈ ਖਾ ਗਏ। ਉਸ ਦਾ ਇਹ ਕਹਿਣਾ ਤਾਂ ਬਿਲਕੁੱਲ ਹੀ ਵਿਅਰਥ ਹੈ ਕਿ 'ਪੂਰਬ ਚਾਰ ਗੁਰੋਂ ਕੇ ਬਚਨੋਂ ਸਹਿਤ ਅਪਨੇ ਬਚਨੋਂ ਸੇ ਸ੍ਰੀ ਗੁਰੂ ਅਰਜਨ ਸਾਹਿਬ ਨੇ ਮੁਕਤੀ ਕੀ ਇੱਛਾ ਵਾਲੇ ਅਧਿਕਾਰੀ ਜਨੋਂ ਕੋ ਗਿਆਨ ਕੇ ਲਾਭ ਹੇਤ ਜੋ ਉਪਦੇਸ਼ ਕਰੇਂ ਹੈਂ।' ਇਹ ਕਹਿਣ ਦੀ ਵੀ ਲੋੜ ਤਾਂ ਪਈ ਕਿਉਂਕਿ ਉਹ ਸਮਝ ਹੀ ਨਹੀਂ ਸਕੇ ਕਿ ਇਹ ਖ਼ਜ਼ਾਨਾ ਗੁਰੂ ਜੀ ਪਾਸ ਹੀ ਸੀ।

### ਸੰਪੂਰਨਤਾ

ਇਸ ਆਦਿ (ਗੁਰੂ) ਗ੍ਰੰਥ ਦੀ ਬੀੜ ਨੂੰ ਸੰਪੂਰਨ ਕਰਦੇ ਤਕਰੀਬਨ ਤਿੰਨ ਸਾਲ ਲੱਗੇ। ਉਂਜ ਤਾਂ ਪੰਜ ਸੌ ਸਾਲ ਤੋਂ ਵੀ ਵੱਧ ਲੱਗੇ ਹਨ। ਬਾਬਾ ਫ਼ਰੀਦ ਜੀ ਬਾਰ੍ਹਵੀਂ ਸਦੀ ਵਿਚ ਹੋਏ ਸਨ ਤੇ ਇਹ ਬੀੜ ਸਤਾਰ੍ਹਵੀਂ ਸਦੀ ਦੇ ਅਰੰਭ ਵਿਚ ਬੱਝੀ।[1] ਕੁਲ ਸ਼ਬਦਾਂ, ਅਸ਼ਟਪਦੀਆਂ ਦੀ ਗਿਣਤੀ ਗੁਰ ਵਿਅਕਤੀ, ਭਗਤ ਅਤੇ ਭੱਟਾਂ ਅਨੁਸਾਰ ਇਸ ਤਰ੍ਹਾਂ ਹੈ। ਇਹ ਵੇਰਵਾ 'ਬਾਣੀ ਬਿਉਰਾ'

1. ਜੋ ਸਰੂਪ ਅੱਜਕੱਲ੍ਹ ਪ੍ਰਚੱਲਤ ਹੈ ਇਸ ਵਿਚ ਗੁਰੂ ਤੇਗ ਬਹਾਦਰ ਜੀ ਦੇ ੫੧ ਸਲੋਕ ਅਤੇ ੫੯ ਸ਼ਬਦ ਇਸ ਤੋਂ ਇਲਾਵਾ ਹਨ।

Sri Satguru Jagjit Singh Ji eLibrary NamdhariElibrary@gmail.com

ਮੁਤਾਬਿਕ ਦਰਜ ਕੀਤਾ ਹੈ :

| | | | |
|---|---|---|---|
| ਗੁਰੂ ਨਾਨਕ ਦੇਵ (ਮਹਲਾ ਪਹਿਲਾ) | — | ੯੭੬ | |
| ਗੁਰੂ ਅੰਗਦ ਦੇਵ (ਮਹਲਾ ਦੂਜਾ) | — | ੬੧ | (ਨਿਰੇ ਸਲੋਕ) |
| ਗੁਰੂ ਅਮਰ ਦਾਸ ਜੀ (ਮਹਲਾ ੩) | — | ੯੦੧ | |
| ਗੁਰੂ ਰਾਮ ਦਾਸ ਜੀ (ਮਹਲਾ ੪) | — | ੬੭੯ | |
| ਗੁਰੂ ਅਰਜਨ ਦੇਵ ਜੀ (ਮਹਲਾ ਪੰਜਵਾਂ) | — | ੨੨੧੬ | |
| **ਕੁਲ ਗੁਰੂ ਪਾਤਸ਼ਾਹਾਂ ਦੇ ਸ਼ਬਦਾਂ ਦੇ ਜੋੜ** | — | **੪੮੩੯** | |

ਭਗਤ ਬਾਣੀ, ਭੱਟਾਂ ਅਤੇ ਸਿੱਖਾਂ ਦੀ ਬਾਣੀ ਦਾ ਵੇਰਵਾ :

| | | |
|---|---|---|
| ਭਗਤ ਕਬੀਰ ਜੀ | = | ੫੪੦ |
| ਭਗਤ ਤਿਰਲੋਚਨ ਜੀ | = | ੪ |
| ਭਗਤ ਬੇਣੀ ਜੀ | = | ੩ |
| ਭਗਤ ਰਵੀਦਾਸ ਜੀ | = | ੪੧ |
| ਭਗਤ ਨਾਮਦੇਵ ਜੀ | = | ੬੦ |
| ਭਗਤ ਧੰਨਾ ਜੀ | = | ੪ |
| ਬਾਬਾ ਫ਼ਰੀਦ ਜੀ | = | ੧੨੨ |
| ਭਗਤ ਜੈ ਦੇਵ ਜੀ | = | ੨ |
| ਭਗਤ ਭੀਖਨ ਜੀ | = | ੨ |
| ਭਗਤ ਸੈਣ ਜੀ | = | ੧ |
| ਭਗਤ ਪੀਪਾ ਜੀ | = | ੧ |
| ਭਗਤ ਸਧਨਾ ਜੀ | = | ੧ |
| ਭਗਤ ਰਾਮਾਨੰਦ ਜੀ | = | ੧ |
| ਭਗਤ ਪ੍ਰਮਾਨੰਦ ਜੀ | = | ੧ |
| ਭਗਤ ਸੂਰਦਾਸ ਜੀ | = | ੧ |
| **ਕੁੱਲ ਜੋੜ** | = | **੭੮੪** |
| ਬਾਬਾ ਸੁੰਦਰ ਜੀ | = | ੬ |
| ਸੱਤੇ ਤੇ ਬਲਵੰਡ ਜੀ | = | ੮ |
| ਭਾਈ ਮਰਦਾਨਾ ਜੀ | = | ੩ |
| **ਕੁੱਲ ਜੋੜ** | = | **੧੭** |
| ਭੱਟ ਕਲਸਹਾਰ | = | ੫੪ |
| ਭੱਟ ਜਾਲਪ | = | ੫ |

| | | |
|---|---|---|
| ਭੱਟ ਕੀਰਤ | = | ੮ |
| ਭੱਟ ਭਿੱਖੀ | = | ੨ |
| ਭੱਟ ਸਲ | = | ੩ |
| ਭੱਟ ਭਲ | = | ੧ |
| ਭੱਟ ਨੱਲ | = | ੧੬ |
| ਭੱਟ ਗਯੰਦ | = | ੧੩ |
| ਭੱਟ ਮਥੁਰਾ | = | ੧੪ |
| ਭੱਟ ਬਲ੍ਯ | = | ੫ |
| ਭੱਟ ਹਰਿਬੰਸ | = | ੨ |
| ਕੁੱਲ ਜੋੜ | = | ੧੨੩ |
| ਕੁੱਲ ਬਾਣੀ ਦਾ ਜੋੜ | = | ੫੭੬੨ |

ਇਹ ਸਾਰਾ ਕਾਰਜ ਭਾਦੋਂ ਵਦੀ ਪਹਿਲੀ ਸੰਮਤ 1671 ਮੁਤਾਬਿਕ ਅਗਸਤ 15, 1604 ਨੂੰ ਸੰਪੂਰਨ ਹੋਇਆ। ਤਤਕਰੇ ਦੇ ਅਰੰਭ ਵਿਚ ਇਸ ਤਰ੍ਹਾਂ ਲਿਖਿਆ ਹੈ :

'ਸੂਚੀ ਪੱਤਰ ਪੋਥੀ ਦਾ, ਤਤਕਰਾ ਰਾਗਾਂ ਕਾ, ਸੰਮਤ ੧੬੬੧ ਮਿਤੀ ਭਾਦਉ ਵਦੀ ਏਕਮ ੧ ਪੋਥੀ ਲਿਖਿ ਪਹੁੰਚੇ।' ਇਸ ਦਾ ਭਾਵ ਸੀ ਕਿ ਸਾਰੀ ਬੀੜ ਦੀ ਲਿਖਾਈ ਮੁਕਾ ਕੇ ਸੰਮਤ ੧੬੬੧ ਭਾਦਰੋਂ ਵਦੀ ਪਹਿਲੀ ਨੂੰ ਤਤਕਰਾ ਅਰੰਭ ਕੀਤਾ ਗਿਆ। ਇਸ ਆਦਿ ਹੱਥ ਲਿਖਤ ਬੀੜ ਦੇ ੯੭੪ ਪੱਕੇ ਪੱਤਰੇ ਹਨ। ਤਤਕਰਾ ਦਾ ਕਾਰਜ ਤੇ ਜਿਲਦ ਬੰਨ੍ਹਣ ਦਾ ਕੰਮ 15 ਦਿਨਾਂ ਵਿਚ ਮੁੱਕਾ ਤੇ ਭਾਦੋਂ ਸੁਦੀ ਪਹਿਲੀ, ਸੰਮਤ 1661, 30 ਅਗਸਤ 1604 ਨੂੰ ਹਰਿਮੰਦਰ ਸਾਹਿਬ ਪ੍ਰਕਾਸ਼ ਕੀਤਾ ਗਿਆ।

**ਸ੍ਰੀ ਹਰਿਮੰਦਰ ਸਾਹਿਬ ਆਦਿ ਗੁਰੂ ਗ੍ਰੰਥ ਦਾ ਪ੍ਰਕਾਸ਼**

ਜਦ ਬੀੜ ਦੀ ਲਿਖਾਈ ਮੁਕੰਮਲ ਹੋ ਗਈ ਤਾਂ ਚਾਰੇ ਪਾਸੇ ਮੇਵੜੇ ਭੇਜੇ ਗਏ ਕਿ ਭਾਦੋਂ ਸੁਦੀ ਏਕਮ (ਸੰਮਤ 1661) ਨੂੰ ਇਸ ਬੀੜ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਕੀਤਾ ਜਾਏਗਾ। ਸੰਗਤਾਂ ਨੇ ਵਹੀਰਾਂ ਘੱਤ ਦਿੱਤੀਆਂ। ਰਾਮਸਰ ਹੋਏ ਇਕੱਠ ਵਿਚ ਜਦ ਬੀੜ ਦਾ ਪ੍ਰਕਾਸ਼ ਕਰਨ ਲਈ ਤਿਆਰੇ ਹੋ ਰਹੇ ਸਨ ਤਾਂ ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ : ਇਹ ਗੁਰੂ ਗ੍ਰੰਥ ਸੰਸਾਰ ਸਾਗਰ ਤਰਨ ਲਈ ਇਕ ਜਹਾਜ਼ ਬਣਾਇਆ ਹੈ। ਜੋ ਚਿੱਤ ਲਗਾ ਕੇ ਪੜ੍ਹੇ, ਸੁਣੇ ਤੇ ਵਿਚਾਰੇਗਾ, ਉਹ ਸੁਖੈਨ ਹੀ ਤਰ ਜਾਏਗਾ।

**'ਗ੍ਰਿੰਥ ਜਹਾਜ਼ ਸੁ ਭੌਜਲ ਕੇ,**
**ਤਰ ਜਾਤ ਸੁਖੈਨ ਜਿਨੀ ਚਿਤ ਲਾਯੋ।'**[1]

ਫਿਰ ਫ਼ਰਮਾਇਆ ਕਿ ਸਤਿਗੁਰੂ ਦਾ ਸਰੀਰ ਤਾਂ ਹਰ ਸਮੇਂ ਕੋਈ ਦੇਖ ਨਹੀਂ ਸਕਦਾ

1. ਮਹਿਮਾ ਪ੍ਰਕਾਸ਼ ਨੇ ਕਲਿਯੁਗ ਵਿਚ ਮੁਕਤੀ ਦਾ ਪੁਲ ਕਰਕੇ ਲਿਖਿਆ ਹੈ।
'ਮੁਕਤ ਸੇਤ ਕਲਿਯੁਗ ਕਰਾ'

Sri Satguru Jagjit Singh Ji eLibrary NamdhariElibrary@gmail.com

ਅਤੇ ਨਾ ਹੀ ਰਹਿਣ ਵਾਲਾ ਹੈ। ਗੁਰੂ ਗ੍ਰੰਥ ਹੀ ਗੁਰੂ ਦਾ ਰਿਦਾ ਹੈ ਜੋ ਹਰ ਥਾਂ, ਹਰ ਵੇਲੇ ਪਰਖਿਆ ਤੇ ਦੇਖਿਆ ਜਾ ਸਕਦਾ ਹੈ :

**ਸ੍ਰੀ ਗੁਰੂ ਕੇਰ ਸਰੀਰ ਜਉ ਸਭਿ ਥਾਨ ਸਮੈਂ ਸਭਿ ਨ ਦਰਸੈ ਹੈ।**
**ਗ੍ਰਿੰਥ ਰਿਦਾ ਗੁਰ ਕੋ ਇਹ ਜਾਨਹੁ ਉਤਮ ਹੈ, ਸਭ ਕਾਲ ਰਹੈ।**

ਇਹ ਵੀ ਹੁਕਮ ਕੀਤਾ ਕਿ ਬਾਣੀ ਦਾ ਅਦਬ ਉਨ੍ਹਾਂ ਦੇ ਸਰੀਰ ਨਾਲੋਂ ਵੱਧ ਕਰਨਾ :

**ਮੇਰੇ ਸਰੂਪ ਤੇ ਯਾਤੇ ਹੈ ਦੀਰਘ,**
**ਸਾਹਿਬ ਜਾਨਿ ਅਦਾਇਬ ਕੈ ਹੈ।**

ਜਦ ਬੀੜ ਰਾਮਸਰ ਆਈ ਤਾਂ ਉਸ ਰਾਤ ਵੀ ਆਪ ਤੇ ਸੰਗਤਾਂ ਭੁੰਜੇ ਸੁੱਤੇ :

**ਭੂਮ ਸੈਨ ਸਭ ਤਹਾਂ ਬਿਰਾਜੇ।**
**ਗੁਰੂ ਗ੍ਰੰਥ ਮੰਜੀ ਪਰ ਰਾਜੇ।** *(ਗੁਰ ਬਿਲਾਸ ਪਾਤਸ਼ਾਹੀ ਛੇਵੀਂ)*

ਇਹ ਵੀ ਹਦਾਇਤ ਕੀਤੀ ਕਿ ਕੋਈ ਇਸ ਦੇ ਕਿਸੇ ਸ਼ਬਦ, ਅੱਖਰ, ਲਾਂ-ਮਾਤ੍ਰਾ ਨੂੰ ਵੀ ਵੱਧ ਘੱਟ ਕਰਨ ਦੀ ਕੋਸ਼ਿਸ਼ ਜਾਂ ਜੁਰਅਤਿ ਨਾ ਕਰੇ। ਕਰਨ ਵਾਲਾ ਮੂਰਖਤਾਈ ਤਾਂ ਕਰੇਗਾ ਹੀ ਸਗੋਂ ਪਛਤਾਏਗਾ ਵੀ :

**ਆਪ ਤੇ ਘਾਟ ਨ ਬਾਧ ਕਰੈ, ਜਿ ਕਰੈ,**
**ਹੋਇ ਮੂਰਖ, ਸੋ ਪਛਤਾਈ।**

ਇਹ ਵੀ ਚੰਗੀ ਤਰ੍ਹਾਂ ਗ੍ਰਹਿਣ ਕਰ ਲੈਣਾ ਚਾਹੀਦਾ ਹੈ ਕਿ ਨਾਮ ਤੇ ਨਾਮੀ ਵਿਚ ਕੋਈ ਅੰਤਰ ਨਹੀਂ ਹੈ। ਇਸੇ ਵਿਚੋਂ ਕਰਤਾਰ ਦੇ ਦਰਸ਼ਨ ਹੋਣਗੇ :

**ਨਾਮ ਸੁ ਨਾਮੀ ਕੋ ਭੇਦ ਨਹੀਂ,**
**ਇਹ ਮੂਰਤਿ ਸ੍ਰੀ ਕਰਤਾਰ ਸੁਹਾਏ।**

ਹਰ ਸਮੇਂ ਇਸ ਦਾ ਹੀ ਸਹਾਰਾ ਲੈਣਾ। ਭਾਵੇਂ ਖ਼ੁਸ਼ੀ ਹੋਵੇ, ਭਾਵੇਂ ਗ਼ਮੀ, ਇਸੇ ਦਾ ਪਾਠ ਸੁਣ ਕੇ ਸ਼ੁਕਰ ਦੇ ਘਰ ਆਉਣਾ :

**ਕਾਰਜ ਹੋਇ ਸੰਪੂਰਨ, ਬਾਂਛਤਿ,**
**ਪਾਠ ਕਰੋ ਕਿ ਕਰਾਵਹਿਗੋ।**
**ਸਿਖ ਸਰੀਰ ਤਜੈ ਤਿਸ ਪੀਛਹਿ**
**ਗਿਰੰਥ ਕੋ ਪਾਠ ਕਰਾਵਹਿਗੋ।**[1]

ਸਭ ਤੋਂ ਵੱਡੀ ਸੋਚ ਜੋ ਗੁਰੂ ਅਰਜਨ ਦੇਵ ਜੀ ਨੂੰ ਗ੍ਰਸੀ ਬੈਠੀ ਸੀ, ਉਹ ਸੀ ਕਿ ਗੁਰੂ

**ਬਾਬਾ ਬੁੱਢਾ ਜੀ ਦੀ ਨਿਯੁਕਤੀ**

ਗ੍ਰੰਥ ਸਾਹਿਬ ਦੀ ਸੇਵਾ ਸੰਭਾਲ ਲਈ ਗ੍ਰੰਥੀ ਕਿਸ ਨੂੰ ਥਾਪਿਆ ਜਾਏ। ਸਭ ਸੰਗਤਾਂ ਸੌਂ ਗਈਆਂ ਪਰ ਆਪ ਜੀ ਇਸੇ ਸੋਚ ਵਿਚ ਜਾਗ ਰਹੇ ਸਨ। ਨਿਰਣਾ ਲਿਆ ਕਿ ਗ੍ਰੰਥੀ ਉਹ ਹੀ ਹੋਵੇ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਜੀਵਤ ਨਮੂਨਾ ਹੋਵੇ। ਸਾਰੀ ਵਿਚਾਰ ਇੱਥੇ ਆ ਕੇ ਟਿਕੀ ਕਿ ਬਾਬਾ ਬੁੱਢਾ ਜੀ ਐਸੇ ਹਨ ਜਿਨ੍ਹਾਂ ਨੇ ਗੁਰਬਾਣੀ ਜੀਵੀ ਹੈ।

---

1. ਰਾਸ ੩, ਅੰਸ਼ ੫੦

Sri Satguru Jagjit Singh Ji eLibrary NamdhariElibrary@gmail.com

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਸ਼ਬਦਾਂ ਵਿਚ :

ਨਿਜ ਨਿਜ ਆਸਨ ਸਭ ਹੀ ਬੈਠੇ।
ਦਯਾ ਸਿੰਧ ਮਨ ਐਸੀ ਪੈਠੇ।
ਨਿਜ ਮਨ ਏਹੁ ਵਿਚਾਰਤ ਭਏ।
ਗੁਰੂ ਗ੍ਰੰਥ ਸੇਵਕ ਕਿੰਹ ਕਏ।

ਦੋਹਰਾ—

ਕਰਤ ਵਿਚਾਰ ਏਹ ਠਹਿਰਾਈ।
ਬੁੱਢਾ ਜੀ ਸੇਵਾ ਨਿਪੁਨਾਈ।
ਗੁਰੂ ਨਾਨਕ ਇਨ ਦਰਸ਼ਨ ਕਰੇ।
ਸੇਵਾ ਮੈਂ ਅਤਿ ਹਿਤ ਇਹ ਧਰੇ।

ਸੋ ਸਵੇਰ ਹੁੰਦੇ ਹੀ :

ਬੁੱਢੇ ਕੋ ਸ੍ਰੀ ਗੁਰੂ ਕਹਾ,
ਸੀਸ ਆਪਨੇ ਧਾਰ।
ਗੁਰੂ ਗ੍ਰੰਥ ਜੀ ਪ੍ਰੇਮ ਸੇ,
ਮਨ ਮੈਂ ਸਤਿ ਵਿਚਾਰ।

ਫਿਰ ਆਗਿਆ ਕੀਤੀ ਕਿ ਬਾਬਾ ਬੁੱਢਾ ਜੀ ਆਪਣੇ ਸੀਸ 'ਤੇ ਰੱਖ ਕੇ ਇਸ ਬੀੜ ਨੂੰ ਲੈ ਚੱਲਣ। ਚੌਰ ਆਪ ਜੀ ਨੇ ਆਪਣੇ ਹੱਥ ਰੱਖਿਆ[1] :

ਬੁੱਢਾ ਨਿਜ ਸਿਰ ਪਰ ਧਰਿ ਗ੍ਰੰਥ।
ਅਗੇ ਚਲਹੁ ਸੁਧਾਸਰ ਪੰਥ।

ਕੀਰਤਨ ਕਰਦੇ ਸੰਗਤਾਂ ਸ੍ਰੀ ਦਰਬਾਰ ਸਾਹਿਬ ਪੁੱਜੀਆਂ। ਉਹ ਨਜ਼ਾਰਾ ਦੇਵਤਿਆਂ ਦੇ ਦੇਖਣ-ਯੋਗ ਸੀ। ਹਰ ਕੋਈ ਸ਼ਰਧਾ ਦੀ ਮੂਰਤ ਦਿਖਾਈ ਦੇ ਰਿਹਾ ਸੀ।

ਹਰਿਮੰਦਰ ਸਾਹਿਬ ਬੀੜ ਨੂੰ ਸਜੇ ਹੋਏ ਤਖ਼ਤ 'ਤੇ ਟਿਕਾਇਆ ਗਿਆ ਤੇ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਵਾਕ ਲੈਣ ਲਈ ਕਿਹਾ। ਵਾਕ ਸੀ :

ਸੋਰਠਿ ਮਹਲਾ ੫
ਵਿਚਿ ਕਰਤਾ ਪੁਰਖੁ ਖਲੋਆ॥
ਵਾਲ ਨ ਵਿੰਗਾ ਹੋਆ॥

ਸਾਰਾ ਦਿਨ ਸੰਗਤਾਂ ਦਰਸ਼ਨ ਕਰਦੀਆਂ ਰਹੀਆਂ। ਜਦ ਰਾਤ ਹੋਈ ਤਾਂ ਬਾਬਾ ਬੁੱਢਾ ਜੀ ਨੇ ਪੁੱਛਿਆ ਕਿ ਗੁਰੂ ਗ੍ਰੰਥ ਜੀ ਨੂੰ ਰੈਣ ਕਿੱਥੇ ਬਿਸ੍ਰਾਮ ਕਰਾਉਣਾ ਹੈ। ਮਹਾਰਾਜ ਨੇ ਹੁਕਮ ਦਿੱਤਾ :

ਜਿਸ ਕੋਠਰੀ ਰਹਨਿ ਹਮਾਰਾ।
ਤਹਾਂ ਨਿਵਾਸ ਕਰਹੁ ਜੁਤਿ ਮਾਨ।

---

1. 'ਚਮਰ ਗੁਰੂ ਅਰਜਨ ਕਰ ਧਾਰੇ' (ਗੁਰੂ ਗ੍ਰੰਥ ਸਾਹਿਬ, ਪੰਨਾ ੬੨੩)

Sri Satguru Jagjit Singh Ji eLibrary NamdhariElibrary@gmail.com

'ਉਥੇ ਮਾਣ ਨਾਲ ਟਿਕਾਵੋ ਜਿੱਥੇ ਉਹ ਬਿਸ੍ਰਾਮ ਕਰਦੇ ਹਨ।' ਭਾਈ ਜੀ ਦਾ ਕੁਦਰਤੀ ਸਵਾਲ ਸੀ ਕਿ ਆਪ ਜੀ ਦਾ ਆਸਨ ਕਿੱਥੇ ਕਰਨਾ ਹੈ ਤਾਂ ਕਹਿਣ ਲੱਗੇ ਗੁਰੂ ਗ੍ਰੰਥ ਸਾਹਿਬ ਪਾਸ ਜ਼ਮੀਨ 'ਤੇ ਬਿਸਤਰਾ ਵਿਛਾ ਦਿਓ :

**ਸ੍ਰੀ ਗੁਰ ਭਤਲ ਨਿਕਟ ਆਸੀਨੋ।**

ਗੁਰੂ ਗ੍ਰੰਥ ਸਾਹਿਬ ਜੀ ਦਾ ਫਿਰ ਵਾਕ ਲੈ ਕੇ, ਉਸੇ ਸ਼ਾਨ ਨਾਲ ਜਿਸ ਆਦਰ ਨਾਲ

**ਮਹੱਤਤਾ**

ਪ੍ਰਕਾਸ਼ ਕੀਤਾ ਸੀ, ਚਵਰ ਕਰਦੇ ਆਪਣੇ ਨਿੱਜੀ ਅਸਥਾਨ ਨਿਵਾਸ ਕਰਾਇਆ ਅਤੇ ਆਪ ਜੀ ਭੁੰਜੇ ਹੀ ਸੌਂ ਗਏ। ਫਿਰ ਬਾਕੀ ਸਾਰੀ ਹਯਾਤੀ ਆਪ ਜੀ ਨੇ ਬ੍ਰਿਸਾਮ ਉਥੇ ਹੀ ਭੁੰਜੇ ਕੀਤਾ।[1]

ਸਾਡੇ ਲਈ ਪੂਰਨੇ ਪਾਏ ਕਿ ਗੁਰੂ ਗ੍ਰੰਥ ਸਾਹਿਬ ਦੀ ਜ਼ਿੰਮੇਵਾਰੀ ਕਿਵੇਂ ਉਠਾਉਣੀ ਹੈ। ਆਦਰ ਕਰਨ ਦੀ ਜਾਚ ਸਾਨੂੰ ਸਿਖਾ ਰਹੇ ਸਨ। ਗੁਰੂ ਹਰਿਰਾਇ ਜੀ ਨੇ ਤਾਂ ਸਪੱਸ਼ਟ ਹੁਕਮ ਦਿੱਤਾ ਸੀ : ਜਿਸ ਭੈ ਬਾਣੀ ਆਦਰ ਨਾ ਧਾਰਾ। ਸੋ ਸਿਖ ਜਾਣਹੁ ਨਹੀਂ ਹਮਾਰਾ।'

ਗੁਰੂ ਗ੍ਰੰਥ ਸਾਹਿਬ ਇਕ ਐਸਾ ਰੂਹਾਨੀ ਥਾਲ ਗੁਰੂ ਅਰਜਨ ਦੇਵ ਜੀ ਨੇ ਪ੍ਰੋਸਿਆ ਹੈ ਜਿਸ ਵਿਚ ਜੀਵਨ ਪਦਵੀ ਪਾਉਣ ਦੀ ਜੁਗਤੀ ਹੈ। ਇਸ ਵਿਚ ਸਿਆਸੀ, ਆਰਥਿਕ, ਸਮਾਜਿਕ, ਧਾਰਮਿਕ, ਪਰਮਾਰਥਿਕ, ਵਿਦਿਅਕ ਤੇ ਹਰ ਇਨਸਾਨੀ ਮਸਲੇ ਦਾ ਹੱਲ ਹੈ। 'ਹਰਿ ਕੇ ਦੁਆਰੈ ਜੋ ਹੋਇ ਬਤੀਤੇ' ਉਸ ਦਾ ਸਿੱਧਾ ਵਰਣਨ ਹੈ। ਸੋ ਦਰ ਜੋ ਸੋ ਪੁਰਖ ਬੈਠਾ ਕਰ ਰਿਹਾ ਹੈ, ਉਸ ਦੀ ਝਲਕ ਹੈ। ਕ੍ਰਿਪਾ ਜਾਂ ਨਦਰ ਹੀ ਛੁਟਕਾਰੇ ਦਾ ਰਾਹ ਹੈ। ਕ੍ਰਿਪਾ ਇਹ ਹੀ ਹੈ ਕਿ ਵਾਹਿਗੁਰੂ ਨਾਮ ਸਿਮਰਨ, ਗੁਰ ਭਗਤੀ ਅਤੇ ਸੇਵਾ ਵਿਚ ਲਗਾ ਦਿੰਦਾ ਹੈ। ਬਾਣੀ ਵਿਚਾਰ ਵਿਚੋਂ ਨਾਮ ਦੀ ਸੂਝ ਪੈਦਾ ਹੁੰਦੀ ਹੈ। ਨਾਮ ਪ੍ਰਗਟ ਹੋ ਜਾਏ ਤਾਂ ਜੀਵਨ ਰਸ-ਮਈ ਹੋ ਜਾਂਦਾ ਹੈ। ਫਿਰ ਉਹ ਕਿਸੇ ਕਰਮ-ਕਾਂਡ ਵਿਚ ਨਹੀਂ ਫਸਦਾ। ਨਾਮੀ ਪੁਰਸ਼ ਬ੍ਰਾਹਮਣਵਾਦ, ਮਾਇਆਧਾਰੀ ਸੁਭਾਅ, ਮਾਇਆ ਦੀ ਪਕੜ, ਸ਼ਰ੍ਹਾ, ਜਾਤ-ਪਾਤ, ਜਿਨਸੀ ਭੇਦ, ਊਚ-ਨੀਚ, ਰੰਗ-ਨਸਲ ਤੋਂ ਉੱਚਾ ਹੋ ਜਾਂਦਾ ਹੈ। ਇਹ ਹੀ ਨਿਰਾਲੀ ਭਗਤਿ ਹੈ ਜਿਸ ਦਾ ਇਸ਼ਾਰਾ ਗੁਰੂ ਅਮਰ ਦਾਸ ਜੀ ਨੇ ਕੀਤਾ ਹੈ। ਉਨ੍ਹਾਂ ਦੇ ਬਚਨ ਹਨ :

**ਆਪਿ ਬਸੰਤ ਜਗਤ ਸਭੁ ਵਾੜੀ।**
**ਨਾਨਕ ਪੂਰੈ ਭਾਗਿ ਭਗਤਿ ਨਿਰਾਲੀ।**

ਪਵਿੱਤਰਤਾ ਅਤੇ ਰੂਹਾਨੀ ਔਜ ਦੇ ਨੁਕਤੇ ਤੋਂ ਤਾਂ ਦੁਨੀਆਂ ਦੇ ਧਰਮਾਂ ਵਿਚ ਇਕ ਮਹਾਨ ਉੱਚਾ ਦਰਜਾ ਹੈ ਹੀ ਪਰ ਸਾਹਿਤਕ ਜਗਤ ਵਿਚ ਵੀ ਗੁਰੂ ਗ੍ਰੰਥ ਸਾਹਿਬ ਦਾ ਰੁਤਬਾ ਚੋਟੀ ਦਾ ਹੈ। ਗਰੀਨਲੀਜ ਨੇ 'ਦੀ ਗੌਸਪਲ ਔਫ਼ ਦੀ ਗੁਰੂ ਗ੍ਰੰਥ ਸਾਹਿਬ' ਵਿਚ ਬਹੁਤ ਸੋਹਣਾ ਲਿਖਿਆ ਹੈ ਕਿ ਬਾਣੀ ਧੁਰ ਅੰਦਰੋਂ ਅਨੁਭਵ ਤੋਂ ਪ੍ਰਕਾਸ਼ਦੀ ਹੈ

---

1. ਭੂਮ ਸੈ ਨਿਤ ਪ੍ਰਤ ਕਰੈ;
ਗੁਰੂ ਗ੍ਰੰਥ ਕੇ ਪਾਸ।
ਗੁਰੂ ਗ੍ਰੰਥ ਭਗਵੰਤ ਸਮ,
ਜਾਨੈਂ ਕਰ ਅਰਦਾਸ। ੪੧। (ਗੁਰ ਬਿਲਾਸ ਪਾਤਸ਼ਾਹੀ ਛੇਵੀਂ)

Sri Satguru Jagjit Singh Ji eLibrary NamdhariElibrary@gmail.com

ਇਸ ਦਾ ਪੜ੍ਹੇ-ਮੁਣੇ ਨਾਲ ਕੋਈ ਸੰਬੰਧ ਨਹੀਂ। ਦੁਨੀਆਂ ਦੀਆਂ ਧਰਮ ਪੁਸਤਕਾਂ ਵਿਚੋਂ ਸ਼ਾਇਦ ਹੀ ਕਿਸੇ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁਲ ਸਾਹਿਤਕ ਖ਼ੂਬਸੂਰਤੀ ਅਤੇ ਲਗਾਤਾਰ ਅਨੁਭਵੀ ਗਿਆਨ ਦੀ ਉਚਿਤਾ ਹੋਵੇ।[1] ਗੁਰੂ ਗ੍ਰੰਥ ਦੀ ਬੋਲੀ ਸਹਿਲੀ ਤੇ ਸੁਗਮ ਹੈ। ਟਰੰਪ ਗੁਰੂ ਗ੍ਰੰਥ ਸਾਹਿਬ ਨੂੰ ਭਾਰਤੀ ਭਾਖਾਵਾਂ ਦਾ ਖ਼ਜ਼ਾਨਾ ਕਹਿੰਦਾ ਹੈ। ਇੱਥੇ ਪ੍ਰੀਤਮ ਦੀ ਬ੍ਰਿਹੋਂ, ਬਬੀਹੇ ਦੀ ਸਦ, ਨਵ-ਵਿਆਹੀ ਦੀਆਂ ਜੋਬਨ ਉਮੰਗਾਂ, ਰੁੱਤਾਂ ਦੀ ਰੰਗੀਲੀ ਛਹਿਬਰ, ਕੁਦਰਤ ਦਾ ਅਨੂਪਮ ਦ੍ਰਿਸ਼, ਭਗਤਾਂ ਦੀ ਤੜਪ, ਭਿੰਨੜੀ ਰੈਣ, ਗੁਰਦਰਸ਼ਨਾਂ ਦੀ ਝਲਕ, ਮਿਥਿਹਾਸਕ ਗਾਥਾ ਤੇ ਉਨ੍ਹਾਂ ਦੀ ਵਰਤੋਂ ਦੇ ਕਈ ਰੰਗ ਮਿਲਦੇ ਹਨ। ਮੈਕਾਲਫ਼ ਦੇ ਸ਼ਬਦਾਂ ਵਿਚ 'ਹੁਨਾਲੇ ਦੀ ਗਰਮੀ, ਸਿਆਲੇ ਦੇ ਕੱਕਰ, ਆਕਾਸ਼ ਦੀ ਜਲਾਲੀ ਸੁੰਦਰਤਾ, ਪਿੰਡਾਂ ਦੇ ਵਸਨੀਕਾਂ ਦੇ ਦੁੱਖਾਂ, ਸਿੱਖਾਂ ਵਿਚ ਗੁਰੂ ਜੀ ਨੂੰ ਕਰਤਾ ਪੁਰਖ ਦੇ ਨਾਮ ਦਾ ਸੁਨੇਹਾ ਪ੍ਰਤੱਖ ਦਿੱਸਦਾ ਸੀ ਅਤੇ ਉਸ ਦਾ ਚਾਉ ਭਰਿਆ ਉਚਾਰ ਇੱਥੇ ਦੇਖਿਆ ਜਾ ਸਕਦਾ ਹੈ।'[2] ਪ੍ਰੋਫ਼ੈਸਰ ਪਿਆਰਾ ਸਿੰਘ ਪਦਮ ਨੇ ਬਹੁਤ ਸੋਹਣਾ ਕਿਹਾ ਸੀ ਕਿ "ਜੇ ਇਸ ਬਾਣੀ ਨੂੰ ਕੋਈ ਗੁਰੂ ਮੰਨ ਨਾ ਵੀ ਪੜ੍ਹਦਾ ਹੋਵੇ, ਉਸ ਨੂੰ ਇਸ ਦੇ ਸਾਹਿਤਕ ਸੁਆਦ ਅੱਗੇ ਸਿਰ ਝੁਕਾਉਣਾ ਪਵੇਗਾ ਤੇ ਇਸ ਨੂੰ ਗੁਰੂ ਮੰਨਣਾ ਹੋਵੇਗਾ।"

ਫਿਰ ਇਹ ਪਹਿਲਾ ਗ੍ਰੰਥ ਹੈ ਜਿਸ ਵਿਚ ਦੇਸ਼ਾਂ ਨਸਲਾਂ ਦੀਆਂ ਸਾਰੀਆਂ ਵਿੱਥਾਂ ਨੂੰ ਮੇਟ ਕੇ ਹਰ ਹਿੰਦੂ, ਮੁਸਲਮਾਨ ਤੇ ਅਖੌਤੀ ਅਛੂਤਾਂ ਦੇ ਪਾਵਨ ਰੂਹਾਨੀ ਬਚਨਾਂ ਨੂੰ ਇਕੱਤਰ ਕਰ ਕੇ ਇਕੋ ਜਿਹਾ ਸਤਿਕਾਰ ਦਿੱਤਾ ਹੈ। ਅਕਬਰ ਨੇ ਇਸ ਦਾ ਸਨਮਾਨ ਕਰਦੇ ਹੋਏ ਇਸ ਅੱਗੇ ਮਹਾਨ, ਪਾਵਨ ਅਤੇ ਵੱਖ-ਵੱਖ ਖ਼ਿਆਲਾਂ ਦੇ ਮੇਲ ਵਾਲਾ ਗ੍ਰੰਥ ਮੰਨ ਕੇ ਸਿਰ ਝੁਕਾਇਆ ਸੀ। ਭਾਈ ਵੀਰ ਸਿੰਘ ਜੀ ਨੇ ਹਵਾਲਾ ਦਿੱਤਾ ਹੈ ਕਿ ਡਾਕਟਰ ਚੌਧਰੀ ਖ਼ੁਦਾ ਦਾਦ ਕਿਹਾ ਕਰਦੇ ਸਨ ਕਿ ਹਰ ਇਕ ਮਜ਼ਹਬ ਦਾ ਟਾਕਰਵਾਂ ਮੁਤਾਲਿਆ (ਕੰਪੈਰੇਟਿਵ ਸਟੱਡੀ) ਕਰਨ ਦਾ ਅਸੂਲ ਗੁਰੂ ਸਾਹਿਬ ਨੇ ਹੀ ਅਰੰਭ ਕੀਤਾ ਸੀ। ਉਨ੍ਹਾਂ ਦੀ ਇਸੇ ਸਿਖਿਆ ਤੋਂ ਫ਼ਜ਼ਲ ਪ੍ਰਭਾਵਿਤ ਹੋਇਆ, ਜਿਸ ਦੀ ਸੁਹਬਤ ਨੇ ਅਕਬਰ ਨੂੰ ਇਹ ਰੰਗਣ ਚਾੜ੍ਹੀ ਸੀ।' ਮੈਕਾਲਫ਼ ਦਾ ਕਹਿਣਾ ਹੈ ਕਿ "ਗੁਰੂ ਗ੍ਰੰਥ ਸਾਹਿਬ ਦੀ ਮਹੱਤਤਾ ਹੋਰ ਪੱਖੋਂ ਵੀ ਹੈ। ਸੰਸਾਰ ਦੇ ਜੋ ਵੱਡੇ-ਵੱਡੇ ਧਰਮਾਂ ਦੇ ਆਗੂ ਹੋਏ ਹਨ, ਉਨ੍ਹਾਂ ਵਿਚੋਂ ਕੋਈ ਵੀ ਆਪਣੀ ਲਿਖੀ ਹੋਈ ਇਕ ਪੰਗਤੀ ਵੀ ਪਿੱਛੇ ਨਹੀਂ ਛੱਡ ਗਿਆ। ਜੋ ਕੁਝ ਉਨ੍ਹਾਂ ਪ੍ਰਚਾਰਿਆ, ਉਸ ਦਾ ਪਤਾ ਸਾਨੂੰ ਜਾਂ ਤਾਂ ਪ੍ਰਚੱਲਤ ਰਵਾਇਤਾਂ ਤੋਂ ਲੱਗਿਆ ਜਾਂ ਹੋਰਨਾਂ ਦੀਆਂ ਲਿਖਤਾਂ ਤੋਂ।

"ਫ਼ੈਸਾਗੋਰਸ ਨੇ ਜੋ ਕੋਈ ਆਪਣਾ ਸਿਧਾਂਤ ਲਿਖਿਆ, ਉਹ ਸਾਡੇ ਤੱਕ ਨਹੀਂ ਪੁੱਜਾ। ਸੁਕਰਾਤ ਦਾ ਪਤਾ ਕੇਵਲ ਅਫ਼ਲਾਤੂਨ (ਪਲੈਟੋ) ਤੇ ਜ਼ੈਨੋਫ਼ਰ ਦੀਆਂ ਲਿਖਤਾਂ ਤੋਂ ਹੀ ਲੱਗਿਆ। ਬੁੱਧ ਆਪਣੀ ਸਿਖਿਆ ਦੀ ਯਾਦ ਆਪਣੀ ਕਿਸੇ ਵੀ ਲਿਖਤ ਵਿਚ ਨਹੀਂ ਛੱਡ ਗਿਆ। ਪੱਛਮੀ ਲੋਕ ਜਿਸ ਨੂੰ ਕਨਫ਼ਿਯੂਸ਼ਿਸ਼ ਕਹਿੰਦੇ ਹਨ, ਆਪਣੇ ਪਿੱਛੇ ਆਪਣੇ

1. Among the world's scriptures few, if any, attain so high literary level or so constant a height of inspiration P.P. (xii)

The Gospel of the Guru Granth Sahib.

2. ਮੈਕਾਲਫ਼—ਦੀ ਰਿਲੀਜਨ ਔਫ਼ ਦੀ ਸਿਖਸ ਜਿਲਦ ਪਹਿਲੀ, ਕਾਂਡ ਪਹਿਲਾ, ਪੰਨਾ ੧੧.

Sri Satguru Jagjit Singh Ji eLibrary NamdhariElibrary@gmail.com

ਸਮਾਜਿਕ ਤੇ ਇਖ਼ਲਾਕੀ ਸਿਧਾਂਤਾਂ ਬਾਰੇ ਕੋਈ ਲਿਖਤ ਨਹੀਂ ਛੱਡ ਗਿਆ। ਈਸਾਈ ਮੱਤ ਦੇ ਬਾਨੀ ਨੇ ਵੀ ਆਪਣੇ ਸਿਧਾਂਤਾਂ ਨੂੰ ਕਿਸੇ ਲਿਖਤੀ ਰੂਪ ਵਿਚ ਪੇਸ਼ ਨਹੀਂ ਕੀਤਾ। ਉਨ੍ਹਾਂ ਸੰਬੰਧੀ ਵੀ ਮੈਥਿਓ, ਲੂਕਾ, ਜੌਨ ਆਦਿ ਦੀਆਂ ਲਿਖਤਾਂ 'ਤੇ ਹੀ ਭਰੋਸਾ ਕਰਨਾ ਪੈਂਦਾ ਹੈ। ਅਰਬ ਦੇ ਪੈਗੰਬਰ ਮੁਹੰਮਦ ਨੇ ਵੀ ਕੁਰਾਨ ਦੇ ਸਪਾਰਿਆਂ ਨੂੰ ਆਪਣੀ ਕਲਮ ਨਾਲ ਨਹੀਂ ਲਿਖਿਆ ਸਗੋਂ ਉਸ ਨੂੰ ਖ਼ਲੀਫ਼ਿਆਂ ਜਾਂ ਨਾਮ ਲੇਵਿਆਂ ਨੇ ਹੀ ਲਿਖਿਆ ਜਾਂ ਇਕੱਠਾ ਕੀਤਾ।"

"ਪਰ ਸਿੱਖ ਗੁਰੂ ਸਾਹਿਬਾਨ ਦੀ ਬਾਣੀ, ਉਨ੍ਹਾਂ ਦੀ ਆਪਣੇ ਹੱਥੀਂ ਲਿਖੀ ਅਤੇ ਸੰਭਾਲੀ ਹੋਈ ਮਿਲਦੀ ਹੈ। ਜੋ ਕੁਝ ਉਪਦੇਸ਼ ਉਨ੍ਹਾਂ ਦਿੱਤੇ, ਉਨ੍ਹਾਂ ਦਾ ਪਤਾ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਤੋਂ ਲਗਦਾ ਹੈ।"

ਹੋਰ, ਸੰਸਾਰ ਦੇ ਅਨ ਧਾਰਮਿਕ ਗ੍ਰੰਥ ਅੰਧ-ਵਿਸ਼ਵਾਸ ਯੁੱਗ ਦੇ ਬੇਜਾਨ ਕਰਮ-ਕਾਂਡ ਤੇ ਫ਼ਾਲਤੂ ਕਿੱਸੇ ਕਹਾਣੀਆਂ ਨਾਲ ਭਰੇ ਹੋਏ ਹਨ ਪਰ ਗੁਰੂ ਗ੍ਰੰਥ ਸਾਹਿਬ ਵਿਚ ਜੀਵਨ ਸਿਧਾਂਤਾਂ 'ਤੇ ਵਿਚਾਰ ਕੀਤੀ ਗਈ ਹੈ। ਸੱਚੀ ਗੱਲ ਤਾਂ ਇਹ ਹੈ ਕਿ ਜਿਉਂ-ਜਿਉਂ ਸਾਇੰਸ ਅੱਗੇ ਵਧ ਰਹੀ ਹੈ, ਗੁਰਬਾਣੀ ਦੀਆਂ ਤੁਕਾਂ ਦੇ ਅਰਥ ਸਮਝ ਗੋਚਰੇ ਹੋ ਰਹੇ ਹਨ। 'ਪਾਤਾਲਾ ਪਾਤਾਲ, ਲਖ ਅਗਾਸਾ ਅਗਾਸ', 'ਪਹਿਲਾ ਪਾਣੀ ਜੀਉ ਹੈ', 'ਮਸਿ ਘਰ ਸੂਰ ਸਮਾਵੈ' ਅਤੇ 'ਪ੍ਰਮਾਣੋ ਪ੍ਰਜਯੰਤ ਆਕਾਸਹਿ।' ਇਸ ਗੁਰੂ ਗ੍ਰੰਥ ਰਾਹੀਂ ਜੀਵਨ ਨਜ਼ਰੀਆ ਕੀ ਰੱਖਿਆ ਜਾਏ, ਇਸ ਦਾ ਗਿਆਨ ਮਿਲਦਾ ਹੈ। ਇੱਥੇ ਨਿਰੀ ਦਿਮਾਗ਼ੀ ਉਧੇੜ-ਬੁਣ ਨਹੀਂ ਹੈ। ਕਿੱਸਾ ਕਹਾਣੀਆਂ ਨਹੀਂ ਹਨ। ਨਾ ਹੀ ਅੰਧ-ਵਿਸ਼ਵਾਸੀ ਕਰਮਾਂ ਦੀ ਪ੍ਰੇਰਨਾ ਹੈ, ਨਾ ਜੋਗੀਆਂ ਵਾਂਗ ਸਿਖਿਆ ਅੰਤਰਮੁਖੀ ਹੈ ਅਤੇ ਨਾ ਹੀ ਪਦਾਰਥਵਾਦੀਆਂ ਵਾਂਗ ਬਾਹਰਮੁਖੀ। ਪਰਵਿਰਤੀ ਨਿਰਵਿਰਤੀ ਦੋਵਾਂ ਨੂੰ ਹਾਠਾ ਕਿਹਾ ਹੈ ਅਸਲ ਰਹਿਬਰੀ ਧਰਮ ਨੇ ਦੇਣੀ ਹੈ।[1]

ਗੁਰੂ ਗ੍ਰੰਥ ਸਾਹਿਬ ਦਾ ਸਮੁੱਚਾ ਮਜ਼ਮੂਨ ਹੈ ਸੱਚ ਦਾ ਸਹੀ ਰੂਪ, ਸੱਚ ਦੀ ਪ੍ਰਾਪਤੀ ਦੇ ਸਾਧਨ, ਜਿਨ੍ਹਾਂ ਸੱਚ ਨੂੰ ਪ੍ਰਾਪਤ ਕਰ ਲਿਆ ਅਤੇ ਜਿਨ੍ਹਾਂ ਪ੍ਰਾਪਤ ਨਹੀਂ ਕੀਤਾ। ਇਨ੍ਹਾਂ ਦੋਹਾਂ ਦੀ ਵਿਸਥਾਰ ਨਾਲ ਵਿਆਖਿਆ ਕੀਤੀ ਗਈ ਹੈ। ਸੰਕੋਚਵੇਂ ਢੰਗ ਨਾਲ ਕਿਹਾ ਜਾ ਸਕਦਾ ਹੈ ਕਿ ਇੱਥੇ 'ਇਕ' ਤੇ 'ਪਸਾਰੇ' ਦੋਵਾਂ ਦਾ ਸਮਤੋਲ ਕਿਵੇਂ ਰੱਖਣਾ ਹੈ, ਉਸ ਦਾ ਵੱਲ ਹੈ : ਗੁਰੂ ਗ੍ਰੰਥ ਸਾਹਿਬ ਦਾ ਅਰੰਭ '੧' ਤੋਂ ਹੈ ਤੇ ਮੁੰਦਾਵਨੀ ਦਾ ਆਖ਼ਰੀ ਸ਼ਬਦ 'ਪਸਾਰੋ' ਹੈ। ਪਸਾਰੇ ਨੂੰ ਵੀ ਨਹੀਂ ਛੱਡਣਾ ਤੇ ਇਕ ਨੂੰ ਵੀ ਨਹੀਂ ਤਿਆਗਣਾ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜੀਵਨ ਰੌ ਹੈ।

ਟਾਇਨਬੀ ਨੇ ਠੀਕ ਕਿਹਾ ਹੈ ਕਿ ਜਦੋਂ ਵੀ ਕਦੇ ਧਰਮਾਂ ਦੀ ਮਹਾ-ਸਭਾ ਹੋਈ, ਗੁਰੂ ਗ੍ਰੰਥ ਸਾਹਿਬ ਦੀ ਆਵਾਜ਼ ਬੜੇ ਗਹੁ ਨਾਲ ਸੁਣੀ ਜਾਏਗੀ ਅਤੇ ਡਾਕਟਰ ਰਾਧਾ ਕ੍ਰਿਸ਼ਨਨ ਨੇ ਕਿਹਾ ਕਿ ਜਦ ਵੀ ਇਹ ਬਾਣੀ ਗੂੰਜੀ, ਸਾਗਰਾਂ ਦੀਆਂ ਵਿੱਥਾਂ ਤੇ ਪਹਾੜਾਂ ਦੀਆਂ ਰੋਕਾਂ ਇਸ ਅੱਗੇ ਮੁੱਕ ਜਾਣਗੀਆਂ। ਪਰਲ ਐੱਸ. ਬੈੱਕ ਨੇ ਵੀ ਇਹੀ ਕਿਹਾ ਸੀ ਜਦ ਵੀ ਕਦੇ ਉਸ 'ਤੇ ਮਾਯੂਸੀ ਦੀ ਲਹਿਰ ਭਾਰੀ ਹੁੰਦੀ ਹੈ, ਇਸ ਗੁਰੂ ਗ੍ਰੰਥ ਦੀ

1. ਪਰਵਿਰਤੀ, ਨਿਰਵਰਤੀ ਦੋਵੇਂ ਹਾਠਾ ਵਿਚ ਧਰਮ ਫਿਰੇ ਰਾਹਬਾਰਿਆ।

Sri Satguru Jagjit Singh Ji eLibrary NamdhariElibrary@gmail.com

ਬਾਣੀ ਉਤਸ਼ਾਹ ਹੋ ਨਿਬੜਦੀ ਹੈ। ਗੁਰੂ ਅਰਜਨ ਦੇਵ ਜੀ ਨੇ ਇਸੇ ਵਿਸ਼ਵਾਸ ਨਾਲ ਕਿਹਾ ਸੀ ਕਿ 'ਇਹ ਵਸਤੁ ਤਜੀ ਨਹ ਜਾਈ, ਨਿਤ ਨਿਤ ਰਖੁ ਉਰਧਾਰਹੁ ॥' ਤਨ ਮਨ ਹਰਿਆ ਇਸੇ ਦੇ ਖਾਣ ਤੇ ਭੁੰਚਨ (ਪਚਾਣ) ਨਾਲ ਹੋਵੇਗਾ। ਇਹ ਵੀ ਬਚਨ ਕੀਤੇ ਸਨ ਕਿ ਸਮੇਂ ਨਾਲ ਇਸ ਦਾ ਪ੍ਰਕਾਸ਼ ਇੰਜ ਸੰਸਾਰ 'ਤੇ ਫੈਲੇਗਾ ਜਿਵੇਂ ਪਾਣੀ ਉੱਤੇ ਤੇਲ ਪਾਇਆਂ ਆਪੇ ਹੀ ਸਭ ਪਾਸੇ ਪਸਰ ਜਾਂਦਾ ਹੈ। ਇਸ ਦੇ ਉਲਥੇ, ਟੀਕੇ ਤੇ ਵਿਆਖਿਆ ਦੁਨੀਆਂ ਦੀ ਹਰ ਬੋਲੀ ਵਿਚ ਹੋਵੇਗੀ :

> **ਸੰਸਕ੍ਰਿਤ ਅਰ ਤੁਰਕਨ ਭਾਸ਼ਾ।**
> **ਇਸ ਮੈਂ ਲਿਖ ਲੇਵਹਿ ਬੁਧਿਰਾਸਾ।**
> **ਸਭ ਉਪਰ ਪਸਰੈ ਇਮ ਮਾਹੀ।**
> **ਜਿਮ ਜਲ ਪਰ ਸੁ ਚਿਕਨਤਾ ਪਾਈ।**

ਗੱਲ ਕੀ ਗੁਰੂ ਗ੍ਰੰਥ ਸਾਹਿਬ ਰਾਗਾਂ ਦਾ ਖ਼ਜ਼ਾਨਾ, ਬੋਲੀਆਂ ਦਾ ਭੰਡਾਰ, ਆਤਮਿਕ ਰਸ ਦਾ ਸਾਗਰ, ਜੀਵਨ ਰਹੱਸ ਦਾ ਖੋਲ੍ਹਣਹਾਰਾ ਹੈ।

## 11

# ਸ਼ਿਕਾਇਤਾਂ

### ਅਕਬਰ ਪਾਸ ਸ਼ਿਕਾਇਤਾਂ

ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝ ਰਹੀ ਸੀ ਕਿ ਕਈ ਭਗਤ, ਕਾਨ੍ਹਾ ਦੀ ਅਗਵਾਈ ਹੇਠ ਆਏ ਸਨ ਅਤੇ ਗੁਰੂ ਜੀ ਨੇ ਉਨ੍ਹਾਂ ਨੂੰ ਰਚਨਾ ਅਨੁਕੂਲ ਨਾ ਜਾਣ ਚਾੜ੍ਹਨ ਤੋਂ ਇਨਕਾਰ ਕਰ ਦਿੱਤਾ ਸੀ। ਬਾਕੀ ਤਾਂ ਚੁੱਪ ਕਰ ਗਏ ਪਰ ਕਾਨ੍ਹਾ ਬਹੁਤ ਤੜਪਿਆ। ਕਾਨ੍ਹਾ ਕਲਾਨੌਰ ਦਾ ਰਹਿਣ ਵਾਲਾ ਸੀ। ਚੰਦੂ ਦੇ ਚਾਚੇ ਦਾ ਪੁੱਤ ਭਰਾ ਸੀ। ਇਸੇ ਆਸ਼ੇ ਨਾਲ ਲਾਹੌਰ ਗਿਆ ਕਿ ਉਥੋਂ ਹੋਰ ਭਗਤਾਂ ਤੇ ਫ਼ਕੀਰਾਂ ਨੂੰ ਨਾਲ ਲੈ ਕੇ ਦਿੱਲੀ ਚੰਦੂ ਕੋਲ ਜਾਏਗਾ ਤੇ ਅਕਬਰ ਪਾਸ ਸ਼ਿਕਾਇਤ ਪਹੁੰਚਾਏਗਾ। ਉਹ ਮਨਸੂਬੇ ਹੀ ਬਣਾ ਰਿਹਾ ਸੀ ਕਿ ਉਸ ਦੀ ਮ੍ਰਿਤੂ ਹੋ ਗਈ।

ਪ੍ਰੋਹਿਤਾਂ ਨੇ ਇਹ ਉਡਾ ਦਿੱਤਾ ਕਿ ਕਾਨ੍ਹਾ ਗੁਰੂ ਜੀ ਨੇ ਹੀ ਮਰਵਾਇਆ ਹੈ ਅਤੇ ਇਕ ਸ਼ਿਕਾਇਤਨਾਮਾ ਬਣਵਾ ਕੇ ਅਕਬਰ ਪਾਸ ਲੈ ਗਏ। ਉਸ ਵਿਚ ਮੁੱਖ ਬਾਤ ਇਹ ਹੀ ਲਿਖੀ ਸੀ ਕਿ ਗੁਰੂ ਅਰਜਨ ਦੇਵ ਜੀ ਇਕ ਗ੍ਰੰਥ ਤਿਆਰ ਕਰ ਰਿਹਾ ਹੈ ਜਿਸ ਵਿਚ ਮੁਸਲਮਾਨ ਪੀਰਾਂ, ਪੈਗੰਬਰਾਂ, ਆਗੂਆਂ ਤੇ ਹਿੰਦੂ ਅਵਤਾਰਾਂ ਤੇ ਦੇਵੀ-ਦੇਵਤਿਆਂ ਦੀ ਨਿੰਦਾ ਕੀਤੀ ਹੈ। ਅਕਬਰ ਨੇ ਸ਼ਿਕਾਇਤਨਾਮੇ ਵੱਲ ਕੋਈ ਧਿਆਨ ਨਾ ਦਿੱਤਾ ਕਿਉਂਕਿ ਆਪ ਅਜੇ ਕੁਝ ਸਾਲ ਹੋਏ ਗੋਇੰਦਵਾਲ ਵਿਖੇ ਗੁਰੂ ਅਰਜਨ ਦੇਵ ਜੀ ਦੇ ਮੁੱਖੋਂ ਬਾਣੀ ਸੁਣ ਗਿਆ ਸੀ ਅਤੇ ਪ੍ਰਭਾਵ ਕਬੂਲਿਆ ਸੀ ਪਰ ਫਿਰ ਵੀ ਤਸੱਲੀ ਕਰਵਾਉਣ ਲਈ ਉਸ ਕਿਹਾ ਕਿ ਉਹ ਛੇਤੀ ਹੀ ਪੰਜਾਬ ਦੇ ਦੌਰੇ 'ਤੇ ਜਾ ਰਿਹਾ ਹੈ, ਪੜਤਾਲ ਆਪੂੰ ਕਰੇਗਾ।

1605 ਈ: ਦੇ ਅਰੰਭ ਵਿਚ ਅਕਬਰ ਬਟਾਲਾ ਆਇਆ। ਉਸ ਨੂੰ ਫਿਰ ਕਿਹਾ ਗਿਆ ਕਿ ਅਰਜਨ ਦੇਵ ਜੀ ਨੂੰ ਹਾਜ਼ਰ ਹੋਣ ਲਈ ਆਖਿਆ ਜਾਏ। ਅਕਬਰ ਗੁਰੂ ਜੀ ਪ੍ਰਤੀ ਅਕੀਦਤ ਦਾ ਭਾਵ ਰੱਖਦਾ ਸੀ। ਇਸ ਲਈ ਉਸ ਨੇ ਸਾਜੀ ਬੀੜ ਦੇ ਦਰਸ਼ਨ ਕਰਨ ਲਈ ਲਿਖਿਆ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਆਦਰ ਨਾਲ ਸੰਗਤਾਂ ਸਮੇਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਨਾਲ ਲੈ ਗਏ। ਲਗਦਾ ਹੈ ਕਈ ਉਤਾਰੇ ਹੋ ਚੁੱਕੇ



Sri Satguru Jagjit Singh Ji eLibrary NamdhariElibrary@gmail.com

ਸਨ। ਅਕਬਰ ਨੇ ਜਦ ਭਰੇ ਦਰਬਾਰ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਸ਼ਬਦ ਸੁਣਾਉਣ ਲਈ ਕਿਹਾ ਤਾਂ ਵਾਕ ਤਿਲੰਗ ਰਾਗ ਦਾ ਆਇਆ ਜੋ ਗੁਰੂ ਅਰਜਨ ਦੇਵ ਜੀ ਦੀ ਆਪਣੀ ਰਚਨਾ ਸੀ। ਸ਼ਬਦ ਸੀ :

**ਖ਼ਾਕ ਨੂਰ ਕਰਦੰ ਆਲਮ ਦੁਨੀਆਇ।**
**ਅਸਮਾਨ ਜਿਮੀ ਦਰਖ਼ਤ ਆਬ ਪੈਦਾਇਸ ਖ਼ੁਦਾਇ। ੧।**
**ਬੰਦੇ ਚਸਮ ਦੀਦੰ ਫ਼ਨਾਇ।**
**ਦੁਨੀਆਂ ਮੁਰਦਾਰ ਖੁਰਦਨੀ ਗਾਫ਼ਲ ਹਵਾਇ। ਰਹਾਉ।**

ਬਾਦਸ਼ਾਹ ਨੇ ਸੁਣਦੇ ਸਾਰ ਹੀ ਕਿਹਾ ਕਿ ਇਹ ਤਾਂ ਰੂਹ ਨੂੰ ਠੰਢ ਪਾਉਣ ਵਾਲੀ ਬਾਣੀ ਹੈ।

ਸ਼ਿਕਾਇਤੀਆਂ ਨੇ ਜਦ ਹੋਰ ਥਾਂ ਤੋਂ ਬਾਣੀ ਪੜ੍ਹਨ ਲਈ ਕਿਹਾ ਤਾਂ ਵਾਕ ਆਇਆ :

**ਅਲਹ ਅਗਮ ਖੁਦਾਈ ਬੰਦੇ।**
**ਛੋਡਿ ਖਿਆਲ ਦੁਨੀਆਂ ਕੇ ਧੰਧੇ।**
**ਹੋਇ ਪੈ ਖਾਕ ਫ਼ਕੀਰ ਮੁਸਾਫਰ**
**ਇਹ ਦਰਵੇਸ ਕਬੂਲ ਦਰਾ।**

ਅਕਬਰ ਤਾਂ ਸੁਣ ਕੇ ਖ਼ੁਸ਼ ਹੋਇਆ ਪਰ ਸ਼ਿਕਾਇਤੀ ਛਿੱਥੇ ਪਏ ਤੇ ਆਪਣੇ ਸਾਹਮਣੇ ਦੱਸੀ ਥਾਂ ਤੋਂ ਵਾਕ ਸੁਣਾਉਣ ਲਈ ਕਿਹਾ ਪਰ ਉਹ ਮੂਰਖ ਕੀ ਜਾਣਦੇ ਸਨ ਕਿ ਗੁੜ ਨੂੰ ਜਿਸ ਪਾਸਿਉਂ ਚੱਕ ਮਾਰੋ ਉਹ ਤਾਂ ਮਿੱਠਾ ਹੀ ਹੈ। ਫਿਰ ਵਾਕ ਕਬੀਰ ਜੀ ਦਾ 'ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ। ਏਕ ਨੂਰ ਤੇ ਸਭ ਜਗ ਉਪਜਿਆ ਕਉਨ ਭਲੇ ਕੋ ਮੰਦੇ ॥' ਆਇਆ। ਬਾਦਸ਼ਾਹ ਇਹ ਵਾਕ ਸੁਣਦੇ ਸਾਰ ਆਪਣੇ ਸਿੰਘਾਸਨ ਤੋਂ ਉਤਰਿਆ ਤੇ ਕਿਹਾ : 'ਯਿਹ ਕਿਤਾਬ ਤੋ ਤਾਜ਼ੀਮ ਕੇ ਲਾਇਕ ਹੈ। ਵਾਹਿਗੁਰੂ ਦੀ ਪ੍ਰੀਤੀ ਤੇ ਬੰਦਗੀ ਤੋਂ ਇਲਾਵਾ ਮੈਨੂੰ ਤਾਂ ਹੋਰ ਕੁਝ ਨਜ਼ਰੀਂ ਨਹੀਂ ਆਇਆ। ਇੱਥੇ ਨਾ ਤਾਂ ਕਿਸੇ ਦੀ ਨਿੰਦਾ ਹੈ ਤੇ ਨਾ ਉਸਤਤਿ।' ਗੁਰੂ ਗ੍ਰੰਥ ਸਾਹਿਬ ਅੱਗੇ ਪੰਜ ਸੌ ਅਸ਼ਰਫ਼ੀਆਂ ਰੱਖ ਮੱਥਾ ਟੇਕਿਆ ਅਤੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੂੰ ਦੁਸ਼ਾਲੇ ਭੇਟ ਕੀਤੇ।[1] ਮੈਕਾਲਫ਼ ਨੇ ਲਿਖਿਆ ਹੈ ਕਿ ਭਾਈ ਗੁਰਦਾਸ ਜੀ ਨੂੰ ਇਹ ਵੀ ਕਿਹਾ ਕਿ ਗੁਰੂ ਅਰਜਨ ਦੇਵ ਜੀ ਨੂੰ ਮੇਰਾ ਸਤਿਕਾਰ ਦੇਣਾ ਅਤੇ ਕਹਿਣਾ ਕਿ ਲਾਹੌਰ ਤੋਂ ਮੁੜਦੇ ਸ੍ਰੀ ਅੰਮ੍ਰਿਤਸਰ ਆਵੇਗਾ। ਫਿਰ ਉਹ ਆਪੂੰ ਅੰਮ੍ਰਿਤਸਰ ਆਇਆ ਵੀ।

### ਅਕਬਰ ਦੀ ਮ੍ਰਿਤੂ

ਇਸ ਤੋਂ ਛੇਤੀ ਪਿੱਛੋਂ ਆਗਰੇ ਪੁੱਜ ਕੇ ਅਕਬਰ ਢਿੱਲਾ ਹੋ ਗਿਆ ਅਤੇ 17 ਅਕਤੂਬਰ 1604 ਨੂੰ ਸੰਸਾਰ ਤੋਂ ਚੜ੍ਹਾਈ ਕਰ ਗਿਆ। ਮਰਦੇ ਸਮੇਂ ਜਿੱਥੇ ਉਸ ਨੇ ਆਪਣਾ ਤਾਜ ਜਹਾਂਗੀਰ ਦੇ ਸਿਰ ਰੱਖਿਆ ਉਥੇ ਇਹ ਵੀ ਹੁਕਮ ਦਿੱਤੇ ਕਿ ਉਸ ਨੂੰ ਕਬਰ ਵਿਚ ਪਾਉਣ ਵੇਲੇ ਸੰਭਾਲ ਰੱਖੀ ਜਾਏ ਕਿ ਉਸ ਦਾ ਸਿਰ ਸੂਰਜ ਵੱਲ ਹੋਵੇ ਤੇ ਪੈਰ ਪੱਛਮ ਵੱਲ। ਸਿਕੰਦਰੀਆ (ਆਗਰੇ ਨੇੜੇ) ਹੁਣ ਵੀ ਉਸ ਨੂੰ ਇਸੇ ਦਿਸ਼ਾ 'ਚ ਪਿਆ ਦੇਖਿਆ ਜਾ ਸਕਦਾ ਹੈ।

---

1. ਬਾਬਾ ਬੁੱਢਾ ਸਾਹਿਬ, ਕ੍ਰਿਤ ਮੰਗਲ ਸਿੰਘ, ਪੰਨਾ 202, ਐਡੀਸ਼ਨ 1916।

Sri Satguru Jagjit Singh Ji eLibrary NamdhariElibrary@gmail.com

ਸਿਰਫ਼ ਇਸ ਹੁਕਮ ਤੋਂ ਹੀ ਅੰਦਾਜ਼ਾ ਲਗਾਉਣਾ ਕਾਫੀ ਹੈ ਕਿ ਅਕਬਰ ਕਿਤਨਾ ਖੁੱਲ੍ਹ ਖ਼ਿਆਲੀਆ ਹੋ ਗਿਆ ਸੀ ਅਤੇ ਇਸਲਾਮੀ ਰਵਾਇਤਾਂ ਨੂੰ ਨਹੀਂ ਸੀ ਮੰਨਦਾ। ਮੁਸਲਮਾਨ ਮੁਰਦਾ ਦਬਾਉਣ ਵੇਲੇ ਸਿਰ ਪੱਛਮ ਵੱਲ ਤੇ ਪੈਰ ਚੜ੍ਹਦੇ ਵੱਲ ਨੂੰ ਰੱਖਦੇ ਹਨ। ਜਹਾਂਗੀਰ ਨੇ ਤਖ਼ਤ ਬੈਠਦੇ ਸਾਰ ਇਸਲਾਮੀ ਰਵਾਇਤਾਂ ਜਾਰੀ ਕਰਨ ਦੇ ਹੁਕਮ ਦੇ ਦਿੱਤੇ।

## ਚੰਦੂ ਦਾ ਰਿਸ਼ਤਾ ਮੋੜਨਾ

ਗੁਰੂ ਹਰਿਗੋਬਿੰਦ ਜੀ ਦਾ ਡੀਲ-ਡੌਲ ਇਤਨਾ ਨਿਕਲ ਆਇਆ ਸੀ ਕਿ ਰਿਸ਼ਤੇ ਦੀਆਂ ਪੁੱਛਾਂ ਹੋਣ ਲੱਗ ਪਈਆਂ ਸਨ। ਸੰਨ 1604 ਦੇ ਅਖ਼ੀਰ ਚੰਦੂ, ਜਿਸ ਨੂੰ ਦਿੱਲੀ ਦਾ ਦੀਵਾਨ ਕਰਕੇ ਲਿਖਿਆ ਹੈ, ਦਾ ਭੇਜਿਆ ਪ੍ਰੋਹਿਤ ਗੁਰੂ ਹਰਿਗੋਬਿੰਦ ਜੀ ਨਾਲ ਰਿਸ਼ਤਾ ਪੱਕਾ ਕਰ ਗਿਆ। ਦਿੱਲੀ ਵਿਖੇ ਸ਼ਗਨ ਭੇਜਣ ਵੇਲੇ, ਚੰਦੂ ਨੇ ਕੁਝ ਉੱਘੇ ਸਿੱਖ ਵੀ ਬੁਲਾਏ ਤੇ ਉਥੇ ਹੰਕਾਰ ਭਰੇ ਸ਼ਬਦ ਬੋਲੇ। ਇਥੋਂ ਤੱਕ ਹੰਕਾਰੀ ਕਹਿ ਗਿਆ : ਪ੍ਰੋਹਿਤ ਜੀ! ਚੰਗਾ ਨਹੀਂ ਜੇ ਕੀਤਾ, ਮੇਰੀ ਲੜਕੀ ਚੁਬਾਰੇ ਦੀ ਇੱਟ ਨਿਆਈਂ ਸੀ, ਤੁਸੀਂ ਮੋਰੀ ਵਾਲੀ ਕੁਲ ਵਿਚ ਲਗਾ ਆਏ ਹੋ :

**ਕਨਿਆ ਈਟ ਚੁਬਾਰੇ ਕੀ ਮਮ**
**ਮੋਰੀ ਸਮ ਕੁਲ ਮਹਿ ਦੀ ਸੋਇ।**

ਅੱਛਾ ਜੋ ਕੀਤਾ ਹੁਣ ਪ੍ਰਵਾਨ ਹੈ। ਸਿੱਖਾਂ ਦੇ ਹਿਰਦੇ ਗੁਰੂ ਨਿੰਦਿਆ ਸੁਣ ਕੇ ਛਲਣੀ ਹੋ ਗਏ ਤੇ ਉਹ ਸ਼ਗਨ ਦੀ ਰਸਮ ਪੂਰੀ ਹੋਣ ਤੋਂ ਪਹਿਲਾਂ ਹੀ ਉੱਠ ਆਏ ਅਤੇ ਇਕ ਚਿੱਠੀ ਗੁਰੂ ਅਰਜਨ ਦੇਵ ਜੀ ਵੱਲ ਲਿਖੀ ਕਿ :

**ਆਪ ਚੁਬਾਰਾ ਬਨਿਓ ਪਾਪੀ।**
**ਗੁਰ ਕਾ ਘਰ ਇਨ ਮੋਰੀ ਥਾਪੀ।**
**ਨਿੰਦੀ ਯਾ ਬਿਧਿ ਉਨ ਗੁਰਗਾਦੀ।**
**ਕੀਏ ਨ ਚਾਹੀਏ ਇਨ ਕੇ ਸ਼ਾਦੀ।**

ਬਿਨ ਸ਼ਰਧਾ ਤੇ ਮੂਰਖ ਬੋਲਦਾ ਰਹਿਆ ਹੈ।

ਇਕ ਸਿਆਣੇ ਸਿੱਖ ਨੂੰ ਅੰਮ੍ਰਿਤਸਰ ਭੇਜ ਦਿੱਤਾ ਕਿ ਸ਼ਗਨ ਪੁੱਜਣ ਤੋਂ ਪਹਿਲਾਂ ਹੀ ਪੁੱਜ ਜਾਵੇ।

ਜਦ ਅਗਲੇ ਦਿਨ ਸ਼ਗਨ ਪੁੱਜਾ ਤਾਂ ਗੁਰੂ ਜੀ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਚਿੱਠੀ ਪੁੱਜਦੇ ਸਾਰ ਮਹਾਰਾਜ ਨੇ ਉੱਘੇ ਸਿੱਖਾਂ ਨੂੰ ਬੁਲਵਾਇਆ ਤੇ ਚਿੱਠੀ ਪੜ੍ਹ ਕੇ ਸੁਣਾਈ। ਭਾਈ ਬੁੱਢਾ ਜੀ, ਭਾਈ ਸਾਲੋ, ਭਾਈ ਗੁਰਦਾਸ ਜੀ ਤੇ ਹੋਰਨਾਂ ਨੇ ਕਿਹਾ ਕਿ ਇਹ ਰਿਸ਼ਤਾ ਪ੍ਰਵਾਨ ਨਹੀਂ ਕਰਨਾ ਚਾਹੀਦਾ।

ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ :

**ਬਾਬੇ ਬੁੱਢੇ ਅਰ ਗੁਰਦਾਸ।**
**ਇਤਿਆਦਿਕ ਸਿਖ ਥੇ ਜੋ ਪਾਸ।**

Sri Satguru Jagjit Singh Ji eLibrary NamdhariElibrary@gmail.com

ਚਿੱਠੀ ਸਭ ਕੋ ਗੁਰੂ ਸੁਣਾਈ।
ਸਭ ਨੇ ਕਿਹੋ, ਨ ਲੇਹੁ ਸਗਾਈ।[1]

ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ ਸਾਰਿਆਂ ਨੇ ਇਹ ਕਿਹਾ : 'ਇਸ ਸਾਕਤ ਦੀ ਲੜਕੀ ਨਹੀਂ ਲੈਣੀ, ਜਿਸ ਨੂੰ ਗੁਰੂ ਪ੍ਰਤੀ ਸ਼ਰਧਾ ਹੀ ਨਹੀਂ ਹੈ :

ਸਾਕਤ ਸੁਤਾ ਨ ਲੇਹਿੰਗੇ,
ਨਹਿ ਸ਼ਰਧਾ ਗੁਰ ਭੌਨ।

ਮਹਾਰਾਜ ਨੇ ਕਿਹਾ : "ਜੇ ਸੰਗਤ ਹੁਕਮ ਕਰ ਰਹੀ ਹੈ, ਮੈਨੂੰ ਪ੍ਰਵਾਨ ਹੈ। ਸਾਨੂੰ ਤਾਂ ਕੋਈ ਨਿਰਹੰਕਾਰੀ ਦੀ ਕੰਨਿਆ ਚਾਹੀਦੀ ਹੈ" :

ਹਮਹਿ ਮਿਲਹਿ ਕੋ ਨਿਰਹੰਕਾਰਾ[2]

ਬਚਨ ਅਜੇ ਮੁੱਖ ਵਿਚ ਹੀ ਸਨ ਕਿ ਡੱਲੇ ਵਾਸੀ ਪ੍ਰਸਿੱਧ ਸਿੱਖ ਭਾਈ ਪਾਰੋ ਦੀ ਸੰਤਾਨ ਵਿਚੋਂ ਭਾਈ ਨਰਾਇਣ ਦਾਸ ਜੀ ਉਠੇ ਕਿ ਉਨ੍ਹਾਂ ਦੀ ਬੱਚੀ ਦਮੋਦਰੀ ਦਾ ਰਿਸ਼ਤਾ ਪ੍ਰਵਾਨ ਕੀਤਾ ਜਾਏ। ਉਸੇ ਵੇਲੇ ਹੀ ਸਗਾਈ ਹੋ ਗਈ। ਸੂਰਜ ਪ੍ਰਕਾਸ਼ ਦਾ ਕਹਿਣਾ ਹੈ ਕਿ ਉਸ ਸਮੇਂ ਦੋ ਇਕੱਠੇ ਉੱਠੇ ਸਨ। ਦੂਜੇ ਭਾਈ ਹਰੀ ਚੰਦ ਜੀ ਸਨ, ਜਿਨ੍ਹਾਂ ਦੀ ਪੁੱਤਰੀ ਦੀ ਉਮਰ ਅਜੇ ਦੋ ਕੁ ਸਾਲ ਦੀ ਸੀ। ਮਹਾਰਾਜ ਨੇ ਦੋਵੇਂ ਰਿਸ਼ਤੇ ਪ੍ਰਵਾਨ ਕਰ ਲਏ ਸਨ। ਬਚਨ ਹੋਇਆ ਸੀ :

ਇਹ ਭੀ ਲੈ ਲੇਹੁ।
ਆਸਾ ਸਿਖਨਿ ਕੀ ਪੂਰੇਹੁ।[3]

ਬਰਾਤ ਡੱਲੇ ਗਈ ਤੇ ਬੜੇ ਚਾਅ ਅਤੇ ਰੀਝਾਂ ਨਾਲ ਗੁਰੂ ਹਰਿਗੋਬਿੰਦ ਜੀ ਦਾ ਅਨੰਦ ਕਾਰਜ ਹੋ ਗਿਆ। ਦੂਜੀ ਦਾ ਸਿਰਫ਼ ਸ਼ਗਨ ਪ੍ਰਵਾਨ ਕੀਤਾ ਅਤੇ ਸ਼ਾਦੀ ਬਹੁਤ ਪਿੱਛੋਂ ਜਾ ਕੇ ਹੋਈ।

ਚੰਦੂ ਨੇ ਬਹੁਤ ਕੋਸ਼ਿਸ਼ ਕੀਤੀ ਕਿ ਰਿਸ਼ਤਾ ਹੋ ਜਾਏ ਪਰ ਮਹਾਰਾਜ ਨੇ ਕਹਿਲਾ ਭੇਜਿਆ ਕਿ ਹੁਣ ਅਸੰਭਵ ਹੈ। ਚੰਦੂ ਨੇ ਹੰਕਾਰ ਫਿਰ ਵੀ ਨਾ ਛੱਡਿਆ, ਸਗੋਂ ਆਪਣੇ ਨਜ਼ਦੀਕੀਆਂ ਨੂੰ ਕਹਿਣ ਲੱਗਾ :

'ਦੇਖੋ ਭਾਈ, ਅਸੀਂ ਸ਼ਾਹੀ ਖਤਰੀ ਪਰਮਾਇਣ ਕਹਾਈ।
ਜਾਣ ਫ਼ਕੀਰ, ਅਸਾਂ ਸ਼ਰੀਕ ਨੂੰ ਭੇਜੀ ਕੁੜਮਾਈ।
ਉਹਨਾਂ ਜੋ ਮੋੜੀ, ਉਨ੍ਹਾਂ ਆਪਣੇ ਆਪ ਨੂੰ ਕੀ ਜਾਤਾ।
ਅਸੀਂ ਉਚਾਂਦੀਏ, ਉਹ ਸੀਰਣ ਨਿਵਾਂਦੀਏ।
ਏਡਾ ਦਿਮਾਗ਼, ਉਨ੍ਹਾਂ ਕੀਤਾ, ਹੋਇ ਪਵਾਂਦੀਏ।'[4]

---

1. ਪੰਨਾ 109, ਪੰਥ ਪ੍ਰਕਾਸ਼, ਕ੍ਰਿਤ ਗਿਆਨੀ ਗਿਆਨ ਸਿੰਘ।
2. ਰਾਸ ੪, ਅੰਸ਼ ੯।
3. ਰਾਸ ੪, ਅੰਸ਼ ੬।
4. ਬੰਸਾਵਲੀ ਨਾਮਾ; ਬਿਰਤਾਂਤ ਗੁਰੂ ਅਰਜਨ ਦੇਵ; ਚਰਣ ੫।

Sri Satguru Jagjit Singh Ji eLibrary NamdhariElibrary@gmail.com

ਮੁਹੰਮਦ ਲਤੀਫ਼ ਲਿਖਦਾ ਹੈ ਕਿ ਚੰਦੂ ਨੇ ਇਕ ਲੱਖ ਰੁਪਿਆ ਗੁਰੂ ਜੀ ਨੂੰ ਭੇਜਿਆ ਕਿ ਰਿਸ਼ਤਾ ਮੰਨ ਲੈਣ, ਪਰ ਗੁਰੂ ਜੀ ਨੇ ਕਹਿਲਾ ਭੇਜਿਆ ਕਿ ਉਨ੍ਹਾਂ ਦੇ ਕਹੇ ਲਫ਼ਜ਼ ਪੱਥਰ 'ਤੇ ਲੀਕ ਹਨ ਜੋ ਮਿਟਾਏ ਨਹੀਂ ਜਾ ਸਕਦੇ। ਜੇ ਸਾਰਾ ਜਗਤ ਵੀ ਦਾਜ ਵਿਚ ਭੇਜੇ ਤਾਂ ਵੀ ਇਹ ਰਿਸ਼ਤਾ ਕਬੂਲ ਨਹੀਂ। ਚੰਦੂ ਨੇ ਪਹਿਲਾਂ ਅਕਬਰ ਪਾਸ ਸ਼ਿਕਾਇਤਾਂ ਕੀਤੀਆਂ। ਅਕਬਰ ਗੁਰੂ ਜੀ ਨੂੰ ਜਾਣਦਾ ਸੀ। ਉਸਨੇ ਜਹਾਂਗੀਰ ਪਾਸ ਵੀ ਚੁਗ਼ਲੀ ਖਾਧੀ। ਖ਼ੁਸ਼ਵਕਤ ਰਾਇ ਦਾ ਕਹਿਣਾ ਹੈ ਕਿ ਰਿਸ਼ਤਾ ਮੋੜਨ ਕਾਰਨ ਚੰਦੂ ਦਾ ਮਨ ਮੈਲਾ ਹੋ ਗਿਆ। ਉਸ ਜਹਾਂਗੀਰ ਪਾਸ ਚੁਗ਼ਲੀ ਖਾਧੀ ਕਿ ਸਾਰੀ ਦੁਨੀਆਂ ਦਾ ਮਾਲ ਧਨ ਗੁਰੂ ਦੇ ਘਰ ਹੈ ਅਤੇ ਦੇਸ਼ ਦੇ ਅਕਸਰ ਰਾਜੇ, ਜ਼ਿਮੀਂਦਾਰ ਗੁਰੂ ਜੀ ਨਾਲ ਮੇਲ-ਜੋਲ ਰੱਖਦੇ ਹਨ। ਭਾਈ ਕੇਸਰ ਸਿੰਘ ਨੇ ਵੀ ਹਵਾਲਾ ਦਿੱਤਾ ਹੈ। 'ਨਿਤ ਨਿਤ ਦੀ ਚੁਗਲੀ ਆਇ ਇਕ ਦਿਨ ਫੁਰੀ।' ਚੰਦੂ ਦਾ ਸਿਵਾਇ ਚੁੱਕ ਦੇਣ ਤੋਂ ਹੋਰ ਕੋਈ ਹਿੱਸਾ ਸ਼ਹਾਦਤ ਵਿਚ ਨਹੀਂ ਲਗਦਾ। ਚੰਦੂ ਦਿੱਲੀ ਦਾ ਰਹਿਣ ਵਾਲਾ ਸੀ ਅਤੇ ਵੱਧ ਤੋਂ ਵੱਧ ਲਾਹੌਰ ਆ ਕੇ ਸ਼ਿਕਾਇਤੀਆਂ ਨਾਲ ਰਲ ਸਕਦਾ ਸੀ।

ਇੱਥੇ ਹੀ ਲਿਖਣਾ ਠੀਕ ਹੋਵੇਗਾ ਕਿ ਜਦ ਗੁਰੂ ਹਰਿਗੋਬਿੰਦ ਜੀ ਦੀ ਸ਼ਖ਼ਸੀਅਤ ਦਾ ਪ੍ਰਭਾਵ ਜਹਾਂਗੀਰ 'ਤੇ ਪਿਆ ਅਤੇ ਕੁੜੱਤਣਾਂ ਘਟੀਆਂ ਤਾਂ ਜਹਾਂਗੀਰ ਨੇ ਸਾਰਾ ਦੋਸ਼ ਹੋਰਨਾਂ 'ਤੇ ਪਾਉਣਾ ਚਾਹਿਆ, ਪਰ ਗੁਰੂ ਹਰਿਗੋਬਿੰਦ ਜੀ ਨੇ ਉਸੇ ਸਮੇਂ ਹੀ ਕਹਿ ਦਿੱਤਾ ਸੀ ਕਿ ਗੁਰੂ ਪਿਤਾ ਦੀ ਸ਼ਹਾਦਤ ਦਾ ਜ਼ਿੰਮੇਵਾਰ ਕੌਣ ਹੈ, ਇਸ ਦਾ ਲੇਖਾ ਖ਼ੁਦਾ ਦੀ ਦਰਗਾਹ ਵਿਚ ਹੀ ਹੋਵੇਗਾ।

**ਇਹ ਲੇਖਾ ਦਰਗਾਹ ਖ਼ੁਦਾਇ।**
**ਤਬ ਲੈ ਹੈਂ ਜਬ ਕਰੇ ਨਿਆਂਇ।**

ਪਕੜੇ ਹੋਏ ਚੰਦੂ ਨੂੰ ਆਪ ਜੀ ਨੇ ਆਜ਼ਾਦ ਵੀ ਕਰ ਦਿੱਤਾ। ਸੋ ਚੰਦੂ ਦਾ ਇਸ ਤੋਂ ਵੱਧ ਸ਼ਹਾਦਤ ਵਿਚ ਹਿੱਸਾ ਦੱਸਣਾ ਵਾਧੂ ਗੱਲ ਹੈ।

## ਬਾਬਾ ਪ੍ਰਿਥੀ ਚੰਦ ਦਾ ਅਕਾਲ ਚਲਾਣਾ

ਬਾਬਾ ਪ੍ਰਿਥੀ ਚੰਦ ਜੀ ਵੱਡੇ ਪੁੱਤਰ ਹੋਣ ਦੇ ਨਾਤੇ ਗੁਰ-ਗੱਦੀ 'ਤੇ ਆਪਣਾ ਹੱਕ ਸਮਝਦੇ ਸਨ। ਉਹ ਭੁੱਲ ਗਏ 'ਬਾਬੇ ਘਰ ਚਾਲ ਨਿਰਾਲੀ' ਹੈ। ਗੁਰ-ਪਿਤਾ ਗੁਰੂ ਰਾਮ ਦਾਸ ਜੀ ਕਈ ਵਾਰੀ ਸਿੱਧੇ ਅਤੇ ਇਸ਼ਾਰਿਆਂ ਨਾਲ ਉਸ ਨੂੰ ਸਮਝਾਂਦੇ ਅਤੇ ਫਿਰ ਬਾਣੀ ਰਾਹੀਂ ਵੀ ਕਹਿ ਚੁੱਕੇ ਸਨ ਕਿ ਕਦੇ ਕਿਸੇ ਨੇ ਦਾਤ ਬਖ਼ੀਲੀ, ਚੁਗ਼ਲੀ ਰਾਹੀਂ ਨਹੀਂ ਪਾਈ।

ਗੁਰੂ ਅਰਜਨ ਜੀ ਨੂੰ ਗੁਰਗੱਦੀ ਮਿਲਣ 'ਤੇ ਬਾਬਾ ਪ੍ਰਿਥੀ ਚੰਦ ਜੀ ਬਹੁਤ ਤੜਪੇ, ਝਗੜੇ ਅਤੇ ਬਿਖੇੜੇ ਪਾਏ ਪਰ ਆਖ਼ਿਰ ਮਨ ਨੂੰ ਸਮਝਾ ਕੇ ਚੁੱਪ ਕਰ ਗਏ ਕਿ ਗੁਰੂ ਅਰਜਨ ਦੇਵ ਜੀ ਘਰ ਕੋਈ ਸੰਤਾਨ ਨਹੀਂ, ਸੋ ਗੁਰਗੱਦੀ ਜੇ ਉਨ੍ਹਾਂ ਨੂੰ ਨਹੀਂ ਮਿਲੀ ਤਾਂ ਉਸ ਦੇ ਬੇਟੇ ਮਿਹਰਬਾਨ ਜੀ ਨੂੰ ਮਿਲ ਜਾਏਗੀ। ਗੁਰੂ ਹਰਿਗੋਬਿੰਦ ਜੀ ਦੇ ਪ੍ਰਕਾਸ਼ ਪਿੱਛੋਂ ਪ੍ਰਿਥੀ ਚੰਦ ਜੀ ਬਹੁਤ ਛਿੱਥੇ ਪੈ ਗਏ। ਸਾਜ਼ਸ਼ਾਂ ਕਰਨ ਲੱਗੇ, ਸਰਕਾਰੀ ਰਸੂਖ਼ ਵਰਤਿਆ, ਹਮਲੇ ਕਰਵਾਏ ਪਰ ਕਿਸੇ ਵਿਚ ਵੀ ਕਾਮਯਾਬੀ ਨਾ ਹੋਈ। ਫਿਰ ਅਕਬਰ

Sri Satguru Jagjit Singh Ji eLibrary NamdhariElibrary@gmail.com

ਦੇ ਦਰਬਾਰ ਸ਼ਿਕਾਇਤਾਂ ਕੀਤੀਆਂ ਪਰ ਸਗੋਂ ਉਲਟ ਅਕਬਰ ਗੁਰੂ ਜੀ ਅੱਗੇ ਅਕੀਦਤ ਦਿਖਲਾ ਕੇ ਮੁੜਿਆ। ਬਾਬਾ ਪ੍ਰਿਥੀ ਚੰਦ ਜੀ ਨੇ ਆਪਣਾ ਡੇਰਾ ਹੇਹਰੀਂ ਬਣਾ ਲਿਆ ਸੀ ਅਤੇ ਇਸ ਉਧੇੜ-ਬੁਣ ਵਿਚ ਉਹ 1606 ਈ: ਦੇ ਅਰੰਭ ਨੂੰ ਕੁਝ ਦਿਨ ਬੀਮਾਰ ਰਹਿ ਕੇ ਚੜ੍ਹਾਈ ਕਰ ਗਏ। ਗੁਰੂ ਅਰਜਨ ਜੀ ਸਸਕਾਰ ਵੇਲੇ ਮੌਜੂਦ ਸਨ। ਜਹਾਂਗੀਰ ਤਖ਼ਤ 'ਤੇ ਬੈਠ ਚੁੱਕਾ ਸੀ। ਜਹਾਂਗੀਰ ਤੱਕ ਵੀ ਰਸਾਈ ਕੀਤੀ ਲਗਦੀ ਹੈ। ਪਰ ਸ਼ਹਾਦਤ ਵਿਚ ਉਨ੍ਹਾਂ ਦਾ ਸਿੱਧਾ ਕੋਈ ਦਖ਼ਲ ਜਾਂ ਹਿੱਸਾ ਨਹੀਂ ਸੀ।

ਸੋਢੀ ਹਰਿ ਜੀ ਨੇ ਗੁਰੂ ਅਰਜਨ ਜੀ ਪਿੱਛੋਂ ਪ੍ਰਿਥੀ ਚੰਦ ਜੀ ਨੂੰ ਤਕਰੀਬਨ 12 ਸਾਲ ਜੀਵਤ ਰੱਖਿਆ ਹੈ ਅਤੇ ਇੱਥੋਂ ਤੱਕ ਲਿਖਿਆ ਕਿ ਗੁਰੂ ਜੀ ਆਪੂੰ ਵੱਡੇ ਭਰਾ ਨੂੰ ਗੱਦੀ ਦੇ ਗਏ ਸਨ। ਉਸ ਦੇ ਇਸ ਲਿਖਣ ਤੋਂ ਪ੍ਰਗਟ ਹੈ ਕਿ ਹਰਿ ਹੀ ਆਪੂੰ ਸਤਵਾਂ ਗੁਰੂ ਬਣਨਾ ਚਾਹੁੰਦਾ ਸੀ ਅਤੇ ਪ੍ਰਿਥੀ ਚੰਦ ਨੂੰ ਛੇਵਾਂ ਦਰਸਾਂਦਾ ਸੀ। ਗੁਰੂ ਅਰਜਨ ਜੀ ਦੀ ਸ਼ਹਾਦਤ ਤੱਕ ਦਾ ਉਹ ਜ਼ਿਕਰ ਨਹੀਂ ਕਰਦਾ। ਸਿਰਫ਼ ਇਹੀ ਲਿਖਦਾ ਹੈ 'ਤਬ ਗੁਰੂ ਅਰਜਨ ਜੀ ਸਚਿ ਖੰਡ ਕਉ ਸਿਧਾਰੇ, ਸੰਮਤ 1663, ਜੇਠ ਸੁਦੀ 4...ਪੀਛੈ ਗੁਰੂ ਸਾਹਿਬ (ਪ੍ਰਿਥੀ ਚੰਦ) ਜੀ, ਭਗਤ ਕਮਾਵਨੇ ਲਾਗਾ॥' ਇਹ ਸਭ ਨਿਰਮੂਲ ਹੈ। ਪ੍ਰਿਥੀ ਚੰਦ ਗੁਰੂ ਅਰਜਨ ਦੇ ਹੁੰਦਿਆਂ ਹੀ ਚੜ੍ਹਾਈ ਕਰ ਗਏ ਸਨ। ਪ੍ਰਿਥੀ ਚੰਦ ਦੇ ਕਿਰਦਾਰ ਨੂੰ ਤਾਂ ਦੱਸਣ ਵਿਚ ਕੋਈ ਹਰਜ ਨਹੀਂ ਪਰ ਸ਼ਹਾਦਤ ਵਿਚ ਉਨ੍ਹਾਂ ਦਾ ਅਤੇ ਚੰਦੂ ਦਾ ਹਿੱਸਾ ਵਧਾ ਚੜ੍ਹਾ ਕੇ ਦੱਸਣਾ ਗੁਰੂ ਜੀ ਦੀ ਮਹਾਨ ਸ਼ਹਾਦਤ ਨੂੰ ਛੁਟਿਆਉਣ ਤੁਲ ਹੈ ਅਤੇ ਘਰੇਲੂ ਝਗੜੇ ਨੂੰ ਕਾਰਨ ਮੰਨ ਲੈਣਾ ਤੇ ਪਰਚਾਰਣਾ ਨੀਵੀਂ ਪੱਧਰ ਦੀ ਗੱਲ ਹੈ। ਇਸ ਸ਼ਹਾਦਤ ਦਾ ਮੂਲ ਤੇ ਇਕੋ-ਇਕ ਕਾਰਣ ਜਹਾਂਗੀਰ, ਉਸ ਦੀ ਨੀਤੀ, ਨਕਸ਼ਬੰਦੀਆਂ ਦੀ ਚੁੱਕ ਅਤੇ ਜਹਾਂਗੀਰ ਦਾ ਆਪਣੇ-ਆਪ ਨੂੰ ਇਸਲਾਮ ਦਾ ਰਾਖਾ ਪ੍ਰਸਿੱਧ ਕਰਨਾ ਸੀ।

Sri Satguru Jagjit Singh Ji eLibrary NamdhariElibrary@gmail.com

# ਸ਼ਹਾਦਤ

ਭਾਈ ਕੇਸਰ ਸਿੰਘ ਛਿੱਬਰ ਨੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਬਹੁਤ ਪਹਿਲਾਂ ਇਹ ਫ਼ਰਮਾ ਦਿੱਤਾ ਸੀ ਕਿ :

> ਲੱਗੇਗਾ ਸੀਸ,
> ਇਹ ਨਿਸਚਾ ਆਇਆ

'ਸਾਡਾ ਲੱਗੇਗਾ ਸੀਸ,
ਇਹ ਨਿਸ਼ਚਾ ਆਇਆ।
ਅਸਾਂ ਹੋਆ ਤੁਰਕਾਂ ਵਿਚ ਜਾਣਾ,
ਉਨ੍ਹਾਂ ਕਰਣੀ ਹੈ ਹੁੱਜਤ,
ਸਰੀਰ ਹੈ ਛੁਟਣਾ ਸੰਸਾ ਨਹੀਂ ਹੋਈ,
ਰਜਾਇ ਖਾਵੰਦ ਦੀ ਹੈ, ਇਸ ਤਰ੍ਹਾਂ ਹੋਈ।'

ਗੱਲ ਬਿਲਕੁੱਲ ਠੀਕ ਹੈ। ਇਹ ਸ਼ਹਾਦਤ ਅਵੱਸ਼ ਹੋਣੀ ਸੀ। ਜੋ ਟੱਕਰ ਬਾਬੇ ਤੇ ਬਾਬਰ ਦੀ ਸੰਨ 1521 ਨੂੰ ਐਮਨਾਬਾਦ ਤੋਂ ਸ਼ੁਰੂ ਹੋਈ ਸੀ, ਇਹ ਉਸਦਾ ਇਕ ਸਿੱਟਾ ਸੀ। ਇਹ ਟੱਕਰ ਜਾਰੀ ਰਹੀ। ਇਹ ਠੀਕ ਰਹੇਗਾ ਕਿ ਉਸ ਦਾ ਥੋੜ੍ਹਾ ਜਿਹਾ ਵਰਨਣ ਇਤਿਹਾਸਕ ਦ੍ਰਿਸ਼ਟੀ ਤੋਂ ਕਰ ਲਿਆ ਜਾਏ।

ਬਾਬਰ ਹਿੰਦੁਸਤਾਨ 'ਤੇ ਧਾਇਆ। ਇਧਰੋਂ ਗੁਰੂ ਨਾਨਕ ਪਠਾਇਆ। ਬਾਬੇ ਤੇ ਬਾਬਰ ਦੀ ਟੱਕਰ ਐਮਨਾਬਾਦ ਤੋਂ ਅਰੰਭ ਹੋ ਗਈ। ਇਹ ਹੀ ਪਿੱਛੋਂ ਬਾਬੇ ਅਤੇ ਬਾਬਰ ਕੇ ਦੀ ਹੋ ਗਈ। ਬਾਬਰ ਐਮਨਾਬਾਦ ਉਜਾੜਿਆ। ਬਾਬੇ ਈਮਾਨ ਦ੍ਰਿੜ੍ਹ ਕਰਾਏ। ਬਾਬਰ ਦਿੱਲੀ ਕਬਜ਼ਾ ਜਮਾਇਆ। ਬਾਬੇ ਨੇ ਦਿਲਾਂ 'ਤੇ ਰਾਜ ਕਮਾਇਆ। ਬਾਬਰ ਨੇ ਜਦ 1528 ਈ: ਵਿਚ ਰਾਣਾ ਸਾਂਗਾ ਦੀ ਹਾਰ ਪਿੱਛੋਂ ਦਿੱਲੀ ਜਸ਼ਨ ਕੀਤਾ ਤਾਂ ਉਸ ਨਕਸ਼ਬੰਦੀਆਂ (ਕੱਟੜਪੰਥੀਆਂ) ਦੇ ਆਗੂ, ਉਬੈਦ-ਉੱਲਾ ਦੇ ਪੰਜਵੇਂ ਪੁੱਤਰ, ਖਵਾਜਾ-ਇ-ਖਵਾਜਗਾਨ ਦੇ ਪੁੱਤਰ, ਖ਼ਵਾਜਾ ਅਬਦੁਲ ਸ਼ਹੀਦ ਅਤੇ ਇਕ ਹੋਰ ਪੋਤਰੇ ਖ਼ਵਾਜਾ ਕਲਾ ਨੂੰ ਦਰਬਾਰ ਵਿਖੇ ਆਪਣੇ ਸੱਜੇ ਪਾਸੇ ਬਿਠਾ ਕੇ ਆਦਰ ਦਿੱਤਾ। ਉਬੈਦ-ਉੱਲਾ ਕਿਹਾ ਕਰਦਾ ਸੀ ਕਿ 'ਜੇ ਪੀਰੀ ਹੀ ਕਰਨੀ ਹੁੰਦੀ ਤਾਂ ਕਿਸੇ ਨੂੰ ਮੁਰੀਦ ਲੱਭਣਾ ਵੀ ਮੁਸ਼ਕਿਲ ਹੋ ਜਾਣਾ ਸੀ। ਪਰ ਸਾਡੇ ਜ਼ਿੰਮੇ ਹੋਰ ਕਾਰਜ ਲੱਗਾ ਹੋਇਆ ਹੈ ਕਿ ਮੁਸਲਮਾਨਾਂ ਦੀ ਦੁਸ਼ਟਾਂ ਤੋਂ



Sri Satguru Jagjit Singh Ji eLibrary NamdhariElibrary@gmail.com

ਰੱਖਿਆ ਕਰੀਏ। ਇਹ ਕਾਰਜ ਬਾਦਸ਼ਾਹਾਂ ਦੀ ਸਹਾਇਤਾ ਨਾਲ ਹੀ ਸਿਰੇ ਚੜ੍ਹ ਸਕਦਾ ਹੈ। ਹਕੂਮਤ ਹਥਿਆਇ ਹੁਕਮਰਾਨਾਂ ਨਾਲ ਮੇਲ-ਜੋਲ ਤੋਂ ਉਨ੍ਹਾਂ ਨੂੰ ਪ੍ਰਭਾਵ ਹੇਠ ਲਿਆ ਕੇ ਮੁਸਲਮਾਨਾਂ ਦੀ ਬੜ੍ਹੌਤੀ ਲਈ ਵਰਤਣਾ, ਇਹ ਹੀ ਸਾਡਾ ਮੁੱਖ ਕੰਮ ਹੈ।' ਇੱਧਰ ਕਰਤਾਰਪੁਰ ਦਰਬਾਰ ਲਗਾ ਕੇ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀਆਂ ਪਰਕਰਮਾ ਕਰ ਅੰਗੇ-ਖੁੱਦ, ਗੁਰੂ ਅੰਗਦ ਬਣਾਇਆ। 'ਨਾਨਕ ਰਾਜ ਚਲਾਇਆ ਸਚੁ ਕੋਟ ਸਤਾਣੀ ਨੀਵ ਦੈ', ਬਲਵੰਡ ਜੀ ਨੇ ਗਾਇਆ। ਇਹ ਪ੍ਰਗਟ ਪਿਆ ਕਰਦਾ ਸੀ ਕਿ ਟੱਕਰਾਂ ਸਖ਼ਤ ਅਤੇ ਲੰਮੇਰੀਆਂ ਹੋਣਗੀਆਂ। ਇਹ ਟੱਕਰ ਵਕਤੀ ਨਹੀਂ, ਪੁਸ਼ਤੀ ਹੋ ਗਈ। ਬਾਬਾ ਬਾਬਰ ਨਾਲ, ਪੋਤਰਾ ਪੋਤਰੇ ਨਾਲ ਅਤੇ ਪੜਪੋਤਰਾ, ਪੜਪੋਤਰੇ ਨਾਲ ਟਕਰਾਇਆ। ਬਾਬਰ ਨੇ ਬਾਬੇ ਨੂੰ ਬੰਦੀ ਪਾਇਆ, ਹਿਮਾਯੂੰ ਨੇ ਗੁਰੂ ਅੰਗਦ ਨੂੰ ਆ ਧਮਕਾਇਆ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ-ਦੇ ਸ਼ਹੀਦ ਕਰਵਾਇਆ ਅਤੇ ਜਹਾਂਗੀਰ ਦੇ ਪੋਤਰੇ ਔਰੰਗਜ਼ੇਬ ਨੇ ਗੁਰੂ ਅਰਜਨ ਦੇਵ ਜੀ ਦੇ ਪੋਤਰੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ।

ਮੈਕਾਲਫ਼ ਨੇ ਸਿੱਖੀ ਲਹਿਰ ਦਾ ਮੁੱਖ ਆਸ਼ਾ ਆਪਣੀਆਂ ਪੁਸਤਕਾਂ ਦੇ ਮੁੱਖ ਪੰਨੇ 'ਤੇ 'ਬੰਦ ਖ਼ਲਾਸ' ਲਿਖਿਆ ਹੈ। ਗੁਰੂ ਪਾਤਸ਼ਾਹ ਪੈਰਾਂ ਵਿਚ ਸਦੀਆਂ ਤੋਂ ਪਏ ਹੋਏ ਹਰ ਪ੍ਰਕਾਰ ਦੇ ਸੰਗਲ, ਭਾਵੇਂ ਉਹ ਸਿਆਸੀ ਸਨ ਜਾਂ ਧਾਰਮਿਕ, ਵਹਿਮਾਂ ਦੇ ਸਨ ਜਾਂ ਵੇਦਾਂ ਦੇ, ਤੋੜਨ ਆਏ ਸਨ।

ਗੁਰੂ ਨਾਨਕ ਦੇਵ ਜੀ ਨੇ ਲੋਧੀਆਂ ਦੀ ਬੁਜ਼ਦਿਲੀ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਬਾਬਰ ਹਮਲਾਵਰ ਨੂੰ ਜਾਬਰ ਤੱਕ ਆਖਿਆ। ਇਹ ਵੀ ਗੁਰੂ ਨਾਨਕ ਹੀ ਸਨ ਜਿਨ੍ਹਾਂ ਪਰਾਈ ਬੋਲੀ ਦੀ ਵਰਤੋਂ ਨੂੰ ਕੋਸਿਆ ਅਤੇ ਮਾਤ ਭਾਸ਼ਾ ਲਈ ਪਿਆਰ ਦਾ ਪ੍ਰਚਾਰ ਕੀਤਾ। ਕੋਈ ਵੀ ਹਕੂਮਤ ਅਜਿਹਾ ਪ੍ਰਚਾਰ ਸਹਾਰ ਨਹੀਂ ਸਕਦੀ। ਬਾਬਰ ਨੇ ਗੁਰੂ ਨਾਨਕ ਨੂੰ ਬੰਦੀ ਪਾਇਆ ਪਰ ਅਜੇ ਉਹ ਆਪ ਸੰਕਟ ਵਿਚ ਸੀ, ਇਸ ਲਈ ਗੁਰੂ ਨੂੰ ਉਸ ਨਾ ਸਿਰਫ਼ ਆਦਰ ਨਾਲ ਰਿਹਾਅ ਕੀਤਾ ਸਗੋਂ ਉਪਦੇਸ਼ ਵੀ ਮੰਗਿਆ।

ਬਾਬਰ ਦਾ ਧਿਆਨ ਦਿੱਲੀ 'ਤੇ ਕਬਜ਼ੇ ਵੱਲ ਸੀ। ਕਬਜ਼ੇ ਉਪਰੰਤ ਵੀ ਉਸ ਦਾ ਸਾਰਾ ਸਮਾਂ ਜੰਗਾਂ ਵਿਚ ਲੰਘਿਆ। ਦੀਨੀ ਭਰਾ ਉਸ ਵੱਲ ਝੁਕ ਰਹੇ ਸਨ। ਨਕਸ਼ਬੰਦੀਆਂ ਨੂੰ ਉਸ ਆਦਰ ਦਿੱਤਾ। ਪਰ ਰਾਜ ਅਜੇ ਪੱਕੇ ਪੈਰਾਂ 'ਤੇ ਖੜ੍ਹਾ ਨਹੀਂ ਸੀ ਹੋਇਆ ਕਿ ਸੰਨ 1530 ਨੂੰ ਬਾਬਰ ਦਾ ਦਿਹਾਂਤ ਹੋ ਗਿਆ।

ਬਾਬਰ ਦਾ ਪੁੱਤਰ ਹਮਾਯੂੰ ਤਖ਼ਤ 'ਤੇ ਬੈਠਾ ਪਰ ਇਤਿਹਾਸਕਾਰ ਲੇਨਪੂਲ ਦੇ ਕਹਿਣ ਅਨੁਸਾਰ ਉਸ ਨਾਂ ਜ਼ਰੂਰ ਖ਼ੁਸ਼ਕਿਸਮਤ (ਹਮਾਯੂੰ) ਧਰਾਇਆ ਹੋਇਆ ਸੀ ਪਰ ਉਸ ਜਿਹਾ ਬਦਕਿਸਮਤ ਕੋਈ ਨਾ ਹੋਇਆ, ਜੋ ਜ਼ਿੰਦਗੀ ਭਰ ਹੀ ਬਦਨਸੀਬੀ ਭੋਗਦਾ ਰਿਹਾ। ਸਾਰੀ ਹਯਾਤੀ ਉਸ ਦੇ ਪੈਰ ਇਕ ਥਾਂ ਟਿਕ ਨਾ ਸਕੇ ਅਤੇ ਇਸੇ ਤਰ੍ਹਾਂ ਲੜਖੜਾਂਦਾ ਹੋਇਆ ਮੌਤ ਦੀ ਗੋਦ ਵਿਚ ਜਾ ਪਿਆ।

ਪਹਿਲਾਂ ਗੁਜਰਾਤ ਦੇ ਬਹਾਦਰ ਸ਼ਾਹ ਨੇ ਹਮਾਯੂੰ ਨੂੰ ਸੁਖ ਦਾ ਸਾਹ ਨਾ ਲੈਣ ਦਿੱਤਾ ਅਤੇ ਫਿਰ ਸ਼ੇਰ ਸ਼ਾਹ ਸੂਰੀ ਨੇ ਉਸ ਨੂੰ ਪਛਾੜ ਕੇ ਹਿੰਦੁਸਤਾਨ ਹੀ ਛੱਡਣ 'ਤੇ ਮਜਬੂਰ ਕਰ ਦਿੱਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਦੀ ਤਾਲੀਮ ਤੋਂ ਉਹ ਜਾਣੂੰ

ਸੀ। ਸ਼ੁਰੂ ਸੰਨ 1540 ਨੂੰ ਹਮਾਯੂੰ ਜਦ ਖਡੂਰ ਸਾਹਿਬ ਨੇੜਿਓਂ ਲੰਘਿਆ ਤਾਂ ਰੋਹ ਵਿਚ ਗੁਰੂ ਅੰਗਦ ਦੇਵ ਜੀ 'ਤੇ ਤਲਵਾਰ ਵੀ ਉਠਾਈ ਪਰ ਉਹ ਰੁਕ ਗਿਆ ਜਦ ਅੱਗੋਂ ਗੁਰੂ ਜੀ ਨੇ ਠਰ੍ਹੰਮੇ ਵਿਚ ਬਚਨ ਕਹੇ। ਸ਼ਹਾਦਤ ਤਾਂ ਉਸ ਵੇਲੇ ਹੀ ਹੋ ਜਾਣੀ ਸੀ ਪਰ ਆਪੂੰ ਮੁਸੀਬਤ ਵਿਚ ਹੋਣ ਕਾਰਨ ਫ਼ਕੀਰ ਦੀ ਆਹ ਦਾ ਭਾਗੀ ਨਹੀਂ ਸੀ ਬਣਨਾ ਚਾਹੁੰਦਾ।

ਪੰਦਰਾਂ ਸਾਲ ਹਮਾਯੂੰ ਦਰ-ਦਰ ਦੀਆਂ ਠੋਕਰਾਂ ਖਾਂਦਾ ਰਿਹਾ। ਈਰਾਨ ਦੇ ਬਾਦਸ਼ਾਹ ਨੇ ਉਸ ਦੀ ਮਦਦ ਕੀਤੀ ਅਤੇ ਸੰਨ 1555 ਨੂੰ ਹਮਾਯੂੰ ਨੇ ਫੇਰ ਹਿੰਦੁਸਤਾਨ 'ਤੇ ਕਬਜ਼ਾ ਜਮਾ ਲਿਆ। ਅਜੇ ਤਖ਼ਤ 'ਤੇ ਬੈਠਿਆਂ ਛੇ ਮਹੀਨੇ ਹੀ ਹੋਏ ਸਨ ਕਿ ਦਿੱਲੀ, ਲਾਇਬ੍ਰੇਰੀ ਦੀਆਂ ਪਉੜੀਆਂ ਤੋਂ ਉਸ ਦਾ ਪੈਰ ਥਿੜਕ ਗਿਆ ਅਤੇ ਐਸਾ ਡਿੱਗਾ ਕਿ ਫੇਰ ਉਠ ਹੀ ਨਾ ਸਕਿਆ। ਹਮਾਯੂੰ ਨੂੰ ਵੀ ਐਸਾ ਮੌਕਾ ਨਾ ਮਿਲ ਸਕਿਆ ਕਿ ਉਹ ਗੁਰੂ ਘਰ ਨਾਲ ਸਿੱਝੇ ਜਾਂ ਉਠਾਈ ਜਾ ਰਹੀ ਆਵਾਜ਼ ਨੂੰ ਬੰਦ ਕਰ ਦੇਵੇ।

ਸੰਨ 1556 ਨੂੰ ਅਕਬਰ ਤਖ਼ਤ 'ਤੇ ਬੈਠਾ। ਕੁਝ ਸਾਲ ਉਸ ਨੂੰ ਸੰਭਲਦੇ ਲੰਘੇ ਪਰ ਫੈਜ਼ੀ ਤੇ ਅਬੁਲ ਫ਼ਜ਼ਲ ਭਰਾਵਾਂ ਦੇ ਪ੍ਰਭਾਵ ਹੇਠਾਂ ਉਸ ਸੁਲਹਕੁਲ ਦੀ ਨੀਤੀ ਅਪਣਾਈ। ਬਦਾਊਨੀ ਜਿਹਾ ਅਕਬਰ ਦਾ ਕੱਟੜ ਵਿਰੋਧੀ ਇਤਿਹਾਸਕਾਰ, ਜੋ ਉਸ ਦੀ ਹਰ ਗੱਲ ਨੂੰ ਨਿੰਦਦਾ ਹੈ, ਪਰ ਸਵੀਕਾਰ ਕਰਦਾ ਹੈ ਕਿ ਅਕਬਰ ਧਾਰਮਿਕ ਖੁੱਲ੍ਹ-ਖ਼ਿਆਲੀਆ ਸੀ ਤੇ ਹਰ ਕੋਈ ਪ੍ਰਭਾਤੇ ਉਸ ਨੂੰ ਸਿਜਦੇ ਵਿਚ ਦੇਖ ਸਕਦਾ ਸੀ। ਉਸ ਅਬਾਦਤ-ਖ਼ਾਨਾ ਵੀ ਬਣਾਇਆ ਜਿੱਥੇ ਸਾਰੇ ਧਰਮਾਂ ਦੇ ਆਗੂਆਂ ਦੇ ਵਿਚਾਰ ਸੁਣਿਆ ਕਰਦਾ ਸੀ। ਸਿੱਖ ਧਰਮ ਦੇ ਮੁਖੀ ਭਾਈ ਗੁਰਦਾਸ ਜੀ ਵੀ ਅਬਾਦਤ-ਖ਼ਾਨੇ ਵਿਚ ਆਪਣੀਆਂ ਵਿਚਾਰਾਂ ਦੱਸਦੇ ਰਹੇ। ਡਾਕਟਰ ਚੌਧਰੀ ਖ਼ੁਦਾਦਾਦ ਤਾਂ ਕਿਹਾ ਕਰਦੇ ਸਨ ਕਿ ਹਰ ਇਕ ਮਜ਼ਹਬ ਦਾ ਟਾਕਰਵਾਂ ਮੁਤਾਲਯਾ (ਕੰਪੈਰੇਟਿਵ ਸਟੱਡੀ) ਕਰਨ ਦਾ ਅਸੂਲ ਅਕਬਰ ਨੇ ਸਿੱਖ ਘਰ ਤੋਂ ਹੀ ਅਪਣਾਇਆ ਸੀ। ਅਕਬਰ ਹੁਣ ਕਹਿਣ ਲੱਗ ਪਿਆ ਸੀ : ਜਜ਼ੀਆ ਪ੍ਰਾਪਤ ਕਰ ਕੇ ਗ਼ਰੀਬਾਂ ਤੇ ਅਧੀਨਾਂ ਨੂੰ ਤੰਗ ਕਰਨਾ ਚੰਗਾ ਪ੍ਰਤੀਤ ਨਹੀਂ ਹੁੰਦਾ।

"ਧਾਰਮਿਕ ਫ਼ਰਕ ਨੂੰ ਮਿਟਾ ਕੇ ਪ੍ਰਮਾਤਮਾ ਦੇ ਸਾਰੇ ਬੰਦਿਆਂ ਨੂੰ ਇਕੋ ਅੱਖ ਨਾਲ ਵੇਖਣਾ ਚਾਹੀਦਾ ਹੈ। ਜਿਵੇਂ ਸੂਰਜ ਦੀ ਰੌਸ਼ਨੀ ਤੋਂ ਭਲੇ, ਬੁਰੇ, ਸਭ ਆਸਤਕ, ਨਾਸਤਕ ਫ਼ੈਜ਼ਯਾਬ ਹੁੰਦੇ ਹਨ, ਤਿਵੇਂ ਬਾਦਸ਼ਾਹ ਵੀ ਪ੍ਰਮਾਤਮਾ ਦੇ ਬੰਦਿਆਂ ਨਾਲ ਇਕ ਸਾਰ ਵਰਤਾਉ ਕਰੇ। ਹਿੰਦੂਆਂ ਮੁਸਲਮਾਨਾਂ ਦਾ ਵੈਰ ਕਿਉਂ ਹੈ, ਜਦ ਕਿ ਇਕ ਹੀ ਪ੍ਰਕਾਸ਼ ਤੋਂ ਮੱਕਾ ਅਤੇ ਮੰਦਰ ਰੌਸ਼ਨ ਹਨ। ਮਾਮਲਾ ਉਗਰਾਹੁਣ ਵਿਚ ਵੀ ਕਰੜਾਈ ਨਾ ਕਰੋ ਕਿਉਂਕਿ ਕਰੜਾਈ ਕਰਨ ਵਾਲਾ ਭੈੜੀ ਮੌਤ ਮਰਦਾ ਹੈ। ਲੋਕਾਂ ਨਾਲ ਨਰਮੀ ਦਾ ਵਰਤਾਓ ਕਰ।"

ਧਰਮ ਸਬੰਧੀ ਐਸੀਆਂ ਵਿਚਾਰਾਂ ਵੀ ਉਹ ਦੇਂਦਾ ਸੀ ਕਿ 'ਅੰਧ ਵਿਸ਼ਵਾਸ ਦੀ ਹਨ੍ਹੇਰੀ ਵਿਚ ਸਤਿ ਦੀ ਭਾਲ ਅਤੇ ਅਸਤਿ ਵਿਚ ਫ਼ਰਕ ਦੱਸਣ ਦਾ ਦੀਵਾ ਬੁਝ ਗਿਆ ਹੈ। ਮਨੁੱਖ ਅਸਲ ਗੱਲ ਨੂੰ ਵਿਚਾਰਨ ਜਾਂ ਧਰਮਾਂ ਨੂੰ ਚੰਗੀ ਤਰ੍ਹਾਂ ਸਮਝਣ ਦੀ ਥਾਂ ਉਨ੍ਹਾਂ ਉੱਤੇ ਸ਼ਰਧਾ ਅਤੇ ਉਨ੍ਹਾਂ ਦੀਆਂ ਰੀਤਾਂ ਨੂੰ ਸੱਚ ਧਰਮ ਸਮਝ ਲੈਂਦਾ ਹੈ ਜੋ ਮਾਤ-

Sri Satguru Jagjit Singh Ji eLibrary NamdhariElibrary@gmail.com

ਪਿਤਾ, ਮਿੱਤਰਾਂ, ਗਵਾਂਢੀਆਂ ਤੋਂ ਉਸ ਸੁਣ ਰੱਖੀਆਂ ਹਨ।'

ਕੱਟੜ ਖ਼ਿਆਲੀਏ ਮੁਸਲਮਾਨ ਅਕਬਰ ਵਿਰੁੱਧ ਪਰਚਾਰ ਕਰਨ ਲੱਗ ਪਏ ਸਨ। ਉਹ ਚਿਸ਼ਤੀ ਸਿਲਸਿਲੇ ਤੋਂ ਪ੍ਰਭਾਵਤ ਸੀ। ਨਕਸ਼ਬੰਦੀਆਂ ਨੂੰ ਉਸ ਨੇੜੇ ਨਾ ਆਉਣ ਦਿੱਤਾ। ਜਹਾਂਗੀਰ ਦੇ ਜਨਮ 'ਤੇ ਅਕਬਰ ਨੇ ਫ਼ਤਹਿਪੁਰ ਸੀਕਰੀ ਤੋਂ ਅਜਮੇਰ ਤੱਕ ਦਾ ਪੈਂਡਾ ਜੋ ਬਾਰਾਂ-ਬਾਰਾਂ ਕੋਹ ਦੇ ਸੱਤ ਪੜਾਅ (ਤਕਰੀਬਨ 125) ਸਨ, ਪੈਦਲ ਤੈਅ ਕੀਤਾ। ਨਾਂ ਵੀ ਸਲੀਮ ਰੱਖਿਆ। ਅਜਮੇਰ ਚਿਸ਼ਤੀ ਪੀਰ ਦਾ ਨਾਂ ਸ਼ੇਖ਼ ਸਲੀਮ ਸੀ।

ਗੁਰੂ ਅਮਰ ਦਾਸ ਜੀ ਅਤੇ ਗੁਰੂ ਰਾਮ ਦਾਸ ਜੀ ਦੇ ਸਮੇਂ ਵਿਰੋਧੀਆਂ ਨੇ ਈਰਖਾ ਕਰ ਕੇ ਅਕਬਰ ਤੱਕ ਸ਼ਿਕਾਇਤਾਂ ਕੀਤੀਆਂ। ਪਰ ਹਰ ਵਾਰੀ ਅਕਬਰ ਨੇ ਈਰਖਾਲੂਆਂ, ਨਿੰਦਕਾਂ ਨੂੰ ਝੂਠਾ ਕੀਤਾ ਸਗੋਂ ਗੁਰੂ ਪਾਤਸ਼ਾਹਾਂ ਦਾ ਆਦਰ ਕੀਤਾ। ਇਥੋਂ ਤੱਕ ਕਿ ਗੁਰੂ ਅਮਰ ਦਾਸ ਜੀ ਦੀ ਲੜਕੀ ਬੀਬੀ ਭਾਨੀ ਦੇ ਨਾਂ ਬੇਨਤੀ ਕਰਕੇ ਜਾਗੀਰ ਵੀ ਲਗਵਾਈ।

ਗੁਰੂ ਅਰਜਨ ਦੇਵ ਜੀ ਅਕਬਰ ਦੇ ਹੁੰਦਿਆਂ ਹੀ ਸੰਨ 1581 ਨੂੰ ਤਖ਼ਤ 'ਤੇ ਬੈਠੇ। ਵਿਰੋਧੀਆਂ ਨੇ ਫਿਰ ਕਈ ਵਾਰੀ ਸ਼ਿਕਾਇਤਾਂ ਕੀਤੀਆਂ ਪਰ ਉਨ੍ਹਾਂ ਦੀ ਦਾਲ ਨਾ ਗਲੀ। ਗੁਰੂ ਗ੍ਰੰਥ ਸਾਹਿਬ ਵਿਰੁੱਧ ਵੀ ਊਜਾਂ ਲਗਾਈਆਂ ਪਰ ਅਕਬਰ ਨੇ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਇਕ ਮਹਾਨ ਸਰਬ ਸਾਂਝਾ ਆਦਰ-ਯੋਗ ਗ੍ਰੰਥ ਕਹਿ ਕੇ ਸਿਰ ਨਿਵਾਇਆ। ਜਹਾਂਗੀਰ ਦਾ ਗੁਰੂ ਘਰ ਸਬੰਧੀ ਵਤੀਰਾ ਅਤੇ ਅਕਬਰ ਦਾ ਗੁਰੂ ਘਰ ਦੇ ਆਦਰ ਦਾ ਟਾਕਰਾ ਤੁਜ਼ਿਕ ਤੇ ਅਕਬਰ-ਨਾਮਾ ਤੋਂ ਹੀ ਹੋ ਜਾਂਦਾ ਹੈ।

ਅਕਬਰ-ਨਾਮਾ ਦੇ ਪੰਨਾ 2514 'ਤੇ ਲਿਖਿਆ ਹੈ ਕਿ ਅਕਬਰ ਹਾਥੀ 'ਤੇ ਸਵਾਰ ਹੋ, ਗੋਇੰਦਵਾਲ ਕੋਲੋਂ ਆਪਣੀ ਜੇਤੂ ਫੌਜ ਸਮੇਤ ਲੰਘਿਆ। ਉਥੋਂ ਹੀ ਦਰਿਆ ਪਾਰ ਕੀਤਾ। ਉਸੇ ਦਿਨ ਬਾਦਸ਼ਾਹ ਗੁਰੂ ਅਰਜਨ ਦੇਵ (ਜੀ) ਦੇ ਡੇਰੇ ਵੀ ਗਿਆ। ਇਹ ਪਿਉ ਦਾਦੇ ਤੋਂ ਹਿੰਦੂਆਂ ਦੇ ਸ਼੍ਰੋਮਣੀ ਨੇਤਾ ਚਲੇ ਆ ਰਹੇ ਹਨ। ਸੁਜਾਨ ਰਾਇ ਭੰਡਾਰੀ ਨੇ ਹੋਰ ਵਿਸਥਾਰ ਨਾਲ ਦਿੱਤਾ ਹੈ ਕਿ ਅਕਬਰ ਗੁਰੂ ਅਰਜਨ ਦੇਵ ਜੀ ਨੂੰ ਮਿਲੇ ਅਤੇ ਬਾਬਾ ਨਾਨਕ ਦੇ ਬ੍ਰਹਮ ਗਿਆਨ ਸਬੰਧੀ ਉਚਾਰਨ ਕੀਤੇ ਸ਼ਬਦ, ਉਨ੍ਹਾਂ ਦੇ ਮੁਖੋਂ ਸੁਣ ਕੇ ਬਹੁਤ ਪ੍ਰਸੰਨ ਹੋਇਆ। ਉਧਰ ਤੁਜ਼ਕਿ ਵਿਚ ਜਹਾਂਗੀਰ ਆਪੂੰ ਲਿਖਦਾ ਹੈ : "ਕਿ ਚੁਨਾਂਚਿ ਬਹੁਤ ਸਾਰੇ ਭੋਲੇ ਹਿੰਦੂਆਂ, ਬਲਕਿ ਮੂਰਖ ਤੇ ਕਮੀਨੇ ਮੁਸਲਮਾਨਾਂ ਨੂੰ ਵੀ ਉਸ (ਗੁਰੂ ਜੀ) ਨੇ ਆਪਣੀ ਰਹੁ-ਰੀਤੀ ਦੇ ਅਨੁਸਾਰੀ ਬਣਾ ਕੇ ਪੀਰੀ ਤੇ ਵਲੀਪੁਣੇ ਦੀ ਉੱਚੀ ਡੌਂਡੀ ਪਿਟਵਾਈ ਹੋਈ ਸੀ। ਸਾਰੇ ਉਸ ਨੂੰ ਗੁਰੂ ਕਹਿੰਦੇ। ਲਾਂਭੇ-ਸ਼ਾਂਭੇ ਤੋਂ ਗੁਆਰ ਤੇ ਗੁਆਰਾਂ ਦੇ ਪੁਜਾਰੀ ਲੋਕ ਉਸ ਪਾਸ ਆਉਂਦੇ ਅਤੇ ਪੂਰੀ ਸ਼ਰਧਾ ਉਸ 'ਤੇ ਪ੍ਰਗਟ ਕਰਦੇ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਜਾਰੀ ਸੀ। ਚਿਰਾਂ ਤੋਂ ਮੇਰਾ ਚਿੱਤ ਸੀ ਕਿ ਕੂੜ ਦੀ ਹੱਟੀ (ਦੁਕਾਨਿ-ਬਾਤਿਲ) ਨੂੰ ਬੰਦ ਕਰ ਦੇਵਾਂ ਜਾਂ ਉਸ ਨੂੰ ਮੁਹੰਮਦੀ ਉਮਤਿ (ਇਸਲਾਮ) ਵਿਚ ਲੈ ਆਵਾਂ।" ਤਰਨਤਾਰਨ ਵਿਖੇ 'ਅਕਵਾਮਿ-ਮੁਖ਼ਤਲਿਫ਼' (ਵੱਖ-ਵੱਖ ਕੌਮਾਂ) ਦੇ ਲੋਕਾਂ ਨੂੰ ਵੱਡੀ ਤਾਦਾਦ ਵਿਚ ਸਿਜਦੇ ਕਰਦੇ ਜਹਾਂਗੀਰ ਦੇਖ ਚੁੱਕਾ ਸੀ, ਇਹ ਭੀ ਜਹਾਂਗੀਰ ਨੂੰ ਚੁੱਭਦਾ ਸੀ।

ਫਿਰ ਅਕਬਰ ਨੇ ਮਰਨ ਵੇਲੇ ਇਹ ਵਸੀਅਤ ਵੀ ਕੀਤੀ ਸੀ ਕਿ ਉਸ ਦੀ ਮ੍ਰਿਤਕ

Sri Satguru Jagjit Singh Ji eLibrary NamdhariElibrary@gmail.com

ਦੇਹ ਨੂੰ ਕਬਰ ਵਿਚ ਪਾਉਣ ਵੇਲੇ ਇਹ ਸੰਭਾਲ ਰੱਖੀ ਜਾਏ ਕਿ ਉਸ ਦਾ ਮੂੰਹ ਸੂਰਜ ਵੱਲ ਹੋਵੇ ਤੇ ਪੈਰ ਪੱਛਮ ਵੱਲ ਅਤੇ ਜਦ ਸਿਕੰਦਰੀਆ ਦਬਾਇਆ ਗਿਆ ਤਾਂ ਅਜਿਹਾ ਕੀਤਾ ਗਿਆ। ਅੱਜ ਵੀ ਉਹ ਇਸੇ ਦਿਸ਼ਾ ਵਿਚ ਲੇਟਿਆ ਦੇਖਿਆ ਜਾ ਸਕਦਾ ਹੈ। ਸੋ ਅਕਬਰ ਦਾ ਸਮਾਂ ਆਦਰ-ਆਸ਼ਤੀ ਦਾ ਸਮਾਂ ਸੀ।

ਅਕਬਰ ਦੀ ਮ੍ਰਿਤੂ 17 ਅਕਤੂਬਰ 1605 ਨੂੰ ਆਗਰੇ ਵਿਖੇ ਹੋਈ। ਸੱਤ ਦਿਨ ਦਾ ਰਾਜ-ਸੋਗ ਮਨਾਇਆ ਗਿਆ ਅਤੇ 24 ਅਕਤੂਬਰ ਨੂੰ ਜਹਾਂਗੀਰ ਤਖ਼ਤ 'ਤੇ ਬੈਠਾ। ਇਤਿਹਾਸ ਵਿਚ ਹੈਰਾਨੀ ਨਾਲ ਪੜ੍ਹਿਆ ਜਾਂਦਾ ਹੈ ਕਿ ਪੂਰੇ ਸੱਤ ਮਹੀਨਿਆਂ ਬਾਅਦ ਉਹ 15 ਮਈ 1606 ਈ: ਗੁਰੂ ਅਰਜਨ ਦੇਵ ਜੀ ਦੇ ਘਰ, ਘਾਟ, ਮਾਲ, ਅਸਬਾਬ ਤੇ ਬੱਚੇ ਜ਼ਬਤ ਤੇ ਗ੍ਰਿਫ਼ਤਾਰ ਕਰਨ ਦਾ ਹੁਕਮ ਦੇਂਦਾ ਹੈ। ਜਹਾਂਗੀਰ ਦੇ ਆਪਣੇ ਸ਼ਬਦਾਂ ਵਿਚ :

"ਮੈਂ ਹੁਕਮ ਦਿੱਤਾ ਕਿ ਉਸ (ਗੁਰੂ ਅਰਜਨ) ਨੂੰ ਹਾਜ਼ਰ ਕੀਤਾ ਜਾਏ ਅਤੇ ਉਸ ਦੇ ਘਰ, ਘਾਟ, ਬੱਚੇ ਮੁਰਤਜ਼ਾ ਖ਼ਾਨ ਦੇ ਹਵਾਲੇ ਕਰ ਦਿੱਤੇ ਜਾਣ। ਉਸ ਦਾ ਮਾਲ ਅਸਬਾਬ ਜ਼ਬਤ ਕਰ ਕੇ ਹੁਕਮ ਦਿੱਤਾ ਕਿ ਉਸ (ਗੁਰੂ ਜੀ) ਨੂੰ ਤਸੀਹੇ (ਯਾਸਾ ਦੇ ਕਾਨੂੰਨ ਅਨੁਸਾਰ) ਦੇ ਕੇ ਕਤਲ ਕੀਤਾ ਜਾਏ।"

ਇਹ ਸਭ ਕੁਝ ਇਤਨੀ ਛੇਤੀ ਹੋ ਗਿਆ ਕਿ ਨਾ ਕਿਸੇ ਸਮਕਾਲੀ ਨੂੰ, ਨਾ ਪਿੱਛੋਂ ਆਏ ਮੁਹਸਨ ਫ਼ਾਨੀ ਨੂੰ ਇਸ ਸ਼ਹਾਦਤ ਦੇ ਅਸਲ ਮੂਲ ਕਾਰਣ ਦਾ ਪਤਾ ਲੱਗ ਸਕਿਆ। ਜਿਨ੍ਹਾਂ ਨੂੰ ਪਤਾ ਸੀ ਉਨ੍ਹਾਂ ਲਿਖਿਆ ਨਾਂਹ। ਭਾਈ ਗੁਰਦਾਸ ਜੀ ਤੱਕ ਨੇ ਕਾਰਣਾਂ ਨੂੰ ਨਾ ਪ੍ਰਗਟਾਇਆ। ਰਹੱਸਮਈ ਢੰਗ ਨਾਲ ਤਸੀਹਿਆਂ ਦਾ ਤਾਂ ਜ਼ਿਕਰ ਕੀਤਾ ਪਰ ਕਾਰਣ ਨਾ ਲਿਖੇ। ਜਹਾਂਗੀਰ ਆਪਣੇ-ਆਪ ਨੂੰ ਦੀਨੀ ਭਰਾਵਾਂ ਵਿਚ ਇਸਲਾਮ ਦਾ ਰਾਖਾ ਕਰ ਕੇ ਪ੍ਰਸਿੱਧ ਹੋਣਾ ਚਾਹੁੰਦਾ ਸੀ। ਉਸ ਆਪਣੀ ਆਤਮ-ਕਥਾ (ਤੁਜ਼ਿਕ) ਵਿਚ ਸਵਿਸਥਾਰ ਲਿਖ ਦਿੱਤਾ ਪਰ ਉਸ ਵੇਲੇ ਸਮੇਂ ਦੀ ਗੋਦ ਪਿਆ ਰਿਹਾ। ਜਦ ਤੁਜ਼ਿਕ ਸਾਹਮਣੇ ਆਈ ਤਾਂ ਸਾਰਾ ਮਾਜਰਾ ਖੁੱਲ੍ਹ ਗਿਆ। ਸਾਖੀਕਾਰ ਪ੍ਰਿਥੀ ਚੰਦ ਅਤੇ ਚੰਦੂ 'ਤੇ ਹੀ ਇਲਜ਼ਾਮ ਧਰਦੇ ਰਹੇ। ਉਂਜ ਗੁਰੂ ਹਰਿਗੋਬਿੰਦ ਜੀ ਨੇ ਜਹਾਂਗੀਰ ਨੂੰ ਕਹਿ ਦਿੱਤਾ ਸੀ ਕਿ ਪਿਤਾ ਜੀ ਦੀ ਸ਼ਹਾਦਤ ਦਾ ਲੇਖਾ ਖ਼ੁਦਾ ਦੀ ਦਰਗਾਹ ਵਿਚ ਹੀ ਹੋਵੇਗਾ।

ਸ੍ਰੀ ਰਾਮ ਸ਼ਰਮਾ ਨੇ ਮੁਗ਼ਲਾਂ ਦੀ ਧਾਰਮਿਕ ਨੀਤੀ ਬਾਰੇ ਲਿਖਿਆ ਹੈ ਕਿ ਜਹਾਂਗੀਰ ਵੇਲੇ ਮੁਗ਼ਲਾਂ ਦੀ ਧਾਰਮਿਕ ਨੀਤੀ ਨੇ ਪੁੱਠੀ ਭਵਾਟੀ ਮਾਰੀ। ਜਹਾਂਗੀਰ ਉਤਨਾ ਖੁੱਲ੍ਹ-ਦਿਲਾ ਨਹੀਂ ਸੀ ਜਿਤਨਾ ਉਸ ਦਾ ਬਾਪ ਅਕਬਰ। ਤਖ਼ਤ 'ਤੇ ਬੈਠਦਿਆਂ ਸਾਰ ਹੀ ਉਸ ਨੇ ਐਲਾਨ ਕੀਤਾ ਕਿ ਉਹ ਇਸਲਾਮ ਦੀ ਰੱਖਿਆ ਕਰੇਗਾ। ਉਹ ਆਪਣੇ ਰਾਜ ਵਿਚ ਅਜਿਹੇ ਕੇਂਦਰ ਨਹੀਂ ਰਹਿਣ ਦੇਵੇਗਾ ਜਿਨ੍ਹਾਂ ਦੀ ਹੋਂਦ ਸਰਕਾਰ ਲਈ ਮਾਰੂ ਅਤੇ ਇਸਲਾਮ ਲਈ ਹਾਨੀਕਾਰਕ ਸਾਬਤ ਹੋਵੇ। ਮੁਸਲਮਾਨ ਦਾ ਧਰਮ ਤਬਦੀਲ ਕਰਨਾ ਉਸ ਨੂੰ ਸੱਲ ਵਾਂਗ ਲਗਦਾ ਸੀ। ਉਸ ਦਾ ਆਪਣੀ ਤੁਜ਼ਿਕ ਵਿਚ 'ਚਿਰਾਂ ਤੋਂ' ਲਿਖਣਾ ਦੱਸਦਾ ਹੈ ਕਿ ਗੁਰੂ ਘਰ ਦੇ ਘੇਰੇ ਨੂੰ ਵਧਦਾ ਉਹ ਦੇਖ ਤਾਂ ਰਹਿਆ ਸੀ ਪਰ ਉਸ ਨੂੰ ਇਕ ਅੱਖ ਨਹੀਂ ਸੀ ਭਾਂਦਾ। ਫਿਰ ਇਸ ਕਿਸਮ ਦਾ ਹਵਾਲਾ ਉਸ ਦੇ ਆਖ਼ਰੀ ਹੁਕਮ ਵਿਚੋਂ ਵੀ ਮਿਲਦਾ ਹੈ ਜਿਸ ਵਿਚ ਉਸ ਲਿਖਿਆ ਮੈਂ ਉਸ ਦੀਆਂ ਕਾਫ਼ਰਾਨਾ ਚਾਲਾਂ ਨੂੰ ਅੱਗੇ ਤੋਂ ਹੀ ਚੰਗੀ ਤਰ੍ਹਾਂ ਜਾਣਦਾ ਸੀ।

Sri Satguru Jagjit Singh Ji eLibrary NamdhariElibrary@gmail.com

ਡਾਕਟਰ ਵਿਲਫ਼ਰੈਡ ਕੈਂਟਵਾਲ ਸਮਿਥ, ਜੋ ਹਾਰਵਰਡ ਯੂਨੀਵਰਸਿਟੀ ਦੇ ਵਿਸ਼ਵ ਦੇ ਸਾਰੇ ਧਰਮਾਂ ਦਾ ਅਧਿਐਨ ਵਾਲੇ ਕੇਂਦਰ ਦੇ ਡਾਇਰੈਕਟਰ ਹਨ, ਦਾ ਕਹਿਣਾ ਹੈ ਕਿ ਸ਼ਰੀਅਤ ਦੀ ਦਾਰ-ਉਲ-ਹਰਬ ਧਾਰਾ ਅਧੀਨ ਬਾਦਸ਼ਾਹ ਇਹ ਜ਼ਿੰਮੇਵਾਰੀ ਸਮਝਦਾ ਹੈ ਕਿ ਜੋ ਮੁਸਲਮਾਨ ਵਰਗਲਾਏ ਜਾਂ ਦਬਾਏ ਜਾ ਰਹੇ ਹੋਣ, ਉਨ੍ਹਾਂ ਦੀ ਮਦਦ 'ਤੇ ਪੁੱਜੇ। ਜਹਾਂਗੀਰ ਨੇ ਹਿੰਦੁਸਤਾਨ ਨੂੰ ਇਕ ਪ੍ਰਕਾਰ ਦਾ ਦਾਰ-ਉਲ ਇਸਲਾਮ ਹੀ ਬਣਾਉਣ ਦਾ ਐਲਾਨ ਕਰ ਦਿੱਤਾ ਸੀ।

ਜਹਾਂਗੀਰ ਦੀ ਲਿਖੀ ਤੁਜ਼ਿਕ ਤੋਂ ਇਹ ਗੱਲ ਵੀ ਪ੍ਰਗਟ ਹੁੰਦੀ ਹੈ ਕਿ ਉਹ ਐਸੇ ਫ਼ਕੀਰਾਂ ਕੋਲ ਜਾ ਕੇ ਖ਼ੁਸ਼ ਹੁੰਦਾ ਸੀ ਜੋ ਸੰਸਾਰ ਤੋਂ ਦੂਰ ਨੱਸੇ ਹੋਏ ਤੇ ਸਮਾਜ ਨਾਲੋਂ ਅਮਲੀ ਤੌਰ 'ਤੇ ਕੱਟੇ ਹੋਏ ਸਨ। ਇਸ ਤੋਂ ਉਲਟ ਗੁਰੂ ਅਰਜਨ ਦੇਵ ਜੀ ਦਾ ਸ਼ਾਹੀ ਠਾਠ ਕਿਵੇਂ ਭਾ ਸਕਦਾ ਸੀ। ਉਹ ਲਿਖਦਾ ਹੈ :

"ਇਕ ਫ਼ਕੀਰ ਕਈ ਸਾਲਾਂ ਤੋਂ ਉਜੈਨ ਦੇ ਜੰਗਲਾਂ ਵਿਚ ਰਹਿ ਰਿਹਾ ਸੀ। ਉਸ ਨੂੰ ਦੇਖਣ ਦੀ ਮੇਰੀ ਤੀਬਰ ਇੱਛਾ ਹੋਈ। ਉਸ ਨੂੰ ਮੈਂ ਆਗਰੇ ਬੁਲਾਉਣ ਦਾ ਵੀ ਸੋਚਿਆ ਪਰ ਡਰ ਗਿਆ ਕਿ ਮਤੇ ਉਹ ਗੁੱਸੇ ਹੋ ਜਾਏ। ਸੋ ਮੈਂ ਆਪੂੰ ਉਜੈਨ ਗਿਆ। ਉਸ ਨੂੰ ਮੈਂ ਮਿਲਣ ਲਈ ਪੈਦਲ ਟੁਰ ਪਿਆ। ਉਸ ਦਾ ਡੇਰਾ ਇਕ ਉੱਚੇ ਟਿੱਬੇ ਤੇ ਗੁਫ਼ਾ ਵਿਚ ਸੀ। ਗੁਫ਼ਾ ਦਾ ਰਾਹ ਇਤਨਾ ਭੀੜਾ ਸੀ ਕਿ ਲਿੱਸਾ ਪਤਲਾ ਪੁਰਸ਼ ਮੁਸ਼ਕਿਲ ਨਾਲ ਅੰਦਰ ਜਾ ਸਕਦਾ ਸੀ। ਉਹ ਸਦਾ ਉਸੇ ਗੁਫ਼ਾ ਵਿਚ ਰਹਿੰਦਾ ਸੀ। ਬਿਸਤਰਾ ਜਾਂ ਚਟਾਈ ਉਸ ਪਾਸ ਕੁਝ ਵੀ ਨਹੀਂ ਸੀ। ਸੱਤ ਘਰਾਂ ਤੋਂ, ਜੋ ਉਸ ਦੇ ਮੁਰੀਦ ਸਨ, ਤਿੰਨ ਘਰਾਂ ਵਿਚੋਂ ਪੰਜ-ਪੰਜ ਰੋਟੀਆਂ ਦੀਆਂ ਗ੍ਰਾਹੀਆਂ ਮੰਗ ਕੇ ਉਸ ਦੀ ਤਲੀ 'ਤੇ ਰੱਖਦੇ ਅਤੇ ਬਿਨਾਂ ਚਬਾਏ ਉਹ ਅੰਦਰ ਲੰਘਾ ਜਾਂਦਾ ਸੀ ਤਾਂ ਜੋ ਉਸ ਨੂੰ ਖਾਣ ਦੇ ਸੁਆਦ ਦਾ ਵੀ ਪਤਾ ਨਾ ਲੱਗੇ। ਮੇਰੀ ਉਸ ਦੀ ਮੁਲਾਕਤ ਛੇ ਘੜੀ ਤੱਕ ਹੋਈ। ਉਹ ਮੇਰੇ ਨਾਲ ਗੂੜ੍ਹੀਆਂ ਤੇ ਰਮਜ਼ ਭਰੀਆਂ ਗੱਲਾਂ ਕਰਦਾ ਰਿਹਾ। ਉਸ ਦੇ ਬਚਨਾਂ ਦਾ ਮੇਰੇ 'ਤੇ ਸੋਹਣਾ ਪ੍ਰਭਾਵ ਪਿਆ। ਮੇਰੇ ਮਿਲਣ 'ਤੇ ਉਹ ਬਹੁਤ ਖ਼ੁਸ਼ ਹੋਇਆ। ਜਿਸ ਵੇਲੇ ਮੇਰੇ ਪਿਤਾ (ਅਕਬਰ) ਅਸੀਰਗੜ੍ਹ ਜਿੱਤ ਕੇ ਆਗਰੇ ਮੁੜ ਰਹੇ ਸਨ ਤਾਂ ਇਸੇ ਥਾਂ ਇਨ੍ਹਾਂ ਦੀ ਇਸ ਫ਼ਕੀਰ ਨਾਲ ਮੁਲਾਕਾਤ ਹੋਈ ਸੀ।"

ਇਹ ਸਭ ਲਿਖਣ ਦਾ ਭਾਵ ਹੈ ਕਿ ਉਹ ਫ਼ਕੀਰਾਂ ਪਾਸ ਪੈਂਡੇ ਦੀਆਂ ਮੁਸ਼ਕਲਾਂ ਝਾਗ ਕੇ ਵੀ ਜਾਂਦਾ ਸੀ। ਉਹ ਗੁਰੂ ਅਰਜਨ ਜੀ ਦੀ ਫ਼ਕੀਰੀ ਤੇ ਅਜ਼ਮਤ ਦਾ ਕਾਇਲ ਸੀ, ਪਰ ਦੇਖਣਾ ਉਨ੍ਹਾਂ ਨੂੰ 'ਮੁਹੰਮਦ ਉਮਤਿ' ਵਿਚ ਚਾਹੁੰਦਾ ਸੀ।

ਤੁਜ਼ਿਕ-ਇ-ਜਹਾਂਗੀਰੀ ਨੂੰ ਰਤਾ ਕੁ ਹੋਰ ਗਹੁ ਨਾਲ ਪੜ੍ਹਿਆਂ ਕਈ ਹੋਰ ਸੱਚਾਈਆਂ ਉਘੜ ਕੇ ਸਾਹਮਣੇ ਆਉਂਦੀਆਂ ਹਨ।

ਆਪਣੇ ਸ਼ਾਹੀ ਮਹੱਲਾਂ ਵਿਚ ਉਹ ਨਿੱਤ ਨਵੀਂ ਸਵੇਰ ਰਾਜਪੂਤਾਂ ਦੀਆਂ ਲੜਕੀਆਂ ਦਾਖ਼ਲ ਕਰੀ ਜਾਂਦਾ ਸੀ, ਪਰ ਜੇ ਕਿਸੇ ਪਿਆਰ ਵੱਸ ਵੀ ਕਿਸੇ ਮੁਸਲਮਾਨ ਲੜਕੀ ਨਾਲ ਵਿਆਹ ਕਰਵਾ ਲਿਆ ਤਾਂ ਉਸ ਪ੍ਰੇਮੀ ਦੀ ਜ਼ਬਾਨ ਕਟਵਾ ਦਿੱਤੀ ਅਤੇ ਤਸੀਹੇ ਦਿੱਤੇ।

ਤੁਜ਼ਿਕ[1] ਦੇ ਪੰਨਾ 12 'ਤੇ ਉਹ ਲਿਖਦਾ ਹੈ ਕਿ ਪਿਤਾ (ਅਕਬਰ) ਨੇ ਮੇਰੀ ਸ਼ਾਦੀ

1. ਤੁਜ਼ਿਕ-ਇ-ਜਹਾਂਗੀਰੀ, ਨਵਲ ਕਿਸ਼ੋਰ ਪ੍ਰੈਸ, ਲਖਨਊ।

Sri Satguru Jagjit Singh Ji eLibrary NamdhariElibrary@gmail.com

ਰਾਜਾ ਭਗਵਾਨ ਦਾਸ ਦੀ ਲੜਕੀ ਨਾਲ ਕੀਤੀ। ਪੰਨਾ 94 'ਤੇ ਉਹ ਲਿਖਦਾ ਹੈ ਕਿ ਪਿਤਾ ਨੇ ਫਿਰ ਮੇਰੀ ਸ਼ਾਦੀ ਰਾਜਾ ਉਦੈ ਸਿੰਘ ਦੀ ਲੜਕੀ ਨਾਲ ਕੀਤੀ। ਪੰਨਾ 117 'ਤੇ ਉਹ ਲਿਖਦਾ ਹੈ : ਮੈਂ ਜਹਾਂਗੀਰ ਨੇ ਆਪਣੀ ਸ਼ਾਦੀ ਜਗਤ ਸਿੰਘ ਦੀ ਲੜਕੀ ਨਾਲ ਕੀਤੀ। ਜਗਤ ਸਿੰਘ ਰਾਜਾ ਮਾਨ ਸਿੰਘ ਦਾ ਪੁੱਤਰ ਸੀ। ਫਿਰ ਪੰਨਾ 124 'ਤੇ ਲਿਖਦਾ ਹੈ ਕਿ ਰਾਮ ਚੰਦਰ ਬੰਦੇਲਾ ਦੀ ਖ਼ਾਹਿਸ਼ 'ਤੇ ਮੈਂ ਉਸਦੀ ਲੜਕੀ ਨਾਲ ਸ਼ਾਦੀ ਕੀਤੀ ਅਤੇ ਸ਼ਾਹੀ-ਮਹੱਲ ਵਿਚ ਦਾਖ਼ਲ ਕੀਤਾ।

ਹੁਣ ਉਸ ਦੇ ਉਲਟ ਪੰਨਾ 107 'ਤੇ ਦਰਜ ਘਟਨਾ ਪੜ੍ਹਨ ਨਾਲ ਸੰਬੰਧ ਰੱਖਦੀ ਹੈ। ਜਹਾਂਗੀਰ ਲਿਖਦਾ ਹੈ "ਰਾਜਾ ਬਿਕ੍ਰਮਾਜੀਤ ਦਾ ਪੁੱਤਰ ਮੇਰੇ ਸਾਹਮਣੇ ਪੇਸ਼ ਕੀਤਾ ਗਿਆ। ਉਸ ਹਰਾਮਜ਼ਾਦੇ ਬਾਰੇ ਮੈਂ ਬਹੁਤ ਕੁਝ ਸੁਣ ਚੁੱਕਾ ਸਾਂ। ਇਕ ਇਹ ਵੀ ਸ਼ਿਕਾਇਤ ਪੁੱਜੀ ਕਿ ਉਸਨੇ ਇਕ ਮੁਸਲਮਾਨ ਕੁੜੀ 'ਭੋਲੀ' ਨੂੰ ਆਪਣੇ ਘਰ ਪਾਇਆ ਹੋਇਆ ਹੈ। ਮੈਂ ਉਸ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ ਤੇ ਉਸ ਦੀ ਜ਼ਬਾਨ ਕੱਟਣ ਦਾ ਹੁਕਮ ਵੀ ਜਾਰੀ ਕੀਤਾ ਅਤੇ ਹੋਰ ਇਹ ਹੁਕਮ ਦਿੱਤਾ ਕਿ ਅੱਗੇ ਤੋਂ ਉਸ ਨੂੰ ਭੰਗੀਆਂ ਨਾਲ ਰੱਖਿਆ ਜਾਵੇ ਅਤੇ ਉਹ ਖਾਣਾ ਵੀ ਉਥੇ ਹੀ ਖਾਏ।" ਜਹਾਂਗੀਰ ਐਂਡ ਜੈਸੂਇਟ ਵਿਚ ਲਿਖਿਆ ਹੈ ਕਿ ਜਦ ਕੋਈ ਮੁਸਲਮਾਨ ਬਣਦਾ ਉਸ ਨੂੰ ਹਾਥੀ 'ਤੇ ਚੜ੍ਹਾ ਜਲੂਸ ਕੱਢਿਆ ਜਾਂਦਾ।[1]

ਫਿਰ ਪੰਨਾ 158 'ਤੇ ਉਸ ਨੇ ਦੋ ਘਟਨਾਵਾਂ ਲਿਖੀਆਂ ਹਨ ਜੋ ਉਸ ਦਾ ਹੋਰ ਤਅੱਸਬੀ ਸੁਭਾਅ ਦਰਸਾਉਣ ਲਈ ਕਾਫ਼ੀ ਹੋਣਗੀਆਂ।

ਉਹ ਲਿਖਦਾ ਹੈ : "ਮੈਂ ਅਜਮੇਰ ਸ਼ਰੀਫ਼ ਲਈ ਬਹੁਤ ਵੱਡਾ ਦੇਗਾ ਬਣਵਾਇਆ ਜਿਸ ਵਿਚ ਪੰਜ ਹਜ਼ਾਰ ਪੁਰਸ਼ਾਂ ਲਈ ਖਾਣਾ ਪੱਕ ਸਕਦਾ ਸੀ। ਫਿਰ ਮੈਂ ਅਜਮੇਰ ਤੋਂ ਤਿੰਨ ਮੀਲ ਇਕ ਤਲਾਬ ਪੁਸ਼ਕਰ 'ਤੇ ਪੁੱਜਾ ਜਿੱਥੇ ਹਿੰਦੂਆਂ ਦਾ ਪਾਵਨ ਤੀਰਥ ਹੈ। ਉਸ ਤਾਲਾਬ 'ਤੇ ਤਿੰਨ ਦਿਨ ਮੁਰਗਾਬੀਆਂ ਦਾ ਸ਼ਿਕਾਰ ਖੇਡਿਆ ਤੇ ਫਿਰ ਮੰਦਰ ਅੰਦਰ ਗਿਆ ਅਤੇ ਇਕ ਬੁੱਤ ਡਿੱਠਾ ਜਿਸ ਦਾ ਸਿਰ ਸੂਰ ਵਰਗਾ ਸੀ ਤੇ ਧੜ ਮਨੁੱਖੀ। ਮੈਂ ਹੁਕਮ ਦਿੱਤਾ ਕਿ ਇਸ ਬੁੱਤ ਦੇ ਟੋਟੇ ਕਰਕੇ ਪਾਣੀ ਵਿਚ ਸੁੱਟ ਦਿੱਤੇ ਜਾਣ। ਇਕ ਹੋਰ ਬੁੱਤ ਵੀ ਭੰਨਿਆ ਜਿੱਥੇ ਜੋਗੀ ਰਹਿੰਦਾ ਸੀ।"

ਇਥੇ ਰਾਜਰਜ਼ ਦੇ ਹਵਾਲੇ ਨਾਲ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਜਹਾਂਗੀਰ ਅਜੀਬ ਸੁਭਾਅ ਦਾ ਮਾਲਕ ਸੀ। ਉਹ ਖੜ੍ਹਾ ਹੋ ਕੇ ਆਪਣੇ ਸਾਹਮਣੇ ਜਿਊਂਦੇ ਮਨੁੱਖਾਂ ਦੀਆਂ ਖੱਲਾਂ ਲੁਹਾਂਦਾ ਦੇਖ ਸਕਦਾ ਸੀ। ਇਕ ਵਾਰੀ ਇਕ ਮਨੁੱਖ ਦੀ ਖੱਲ ਸਿਰਫ਼ ਇਸ ਕਰਕੇ ਲੁਹਾ ਦਿੱਤੀ ਕਿ ਉਸ ਨੇ ਅੱਗੋਂ ਲੰਘ ਕੇ ਸ਼ਿਕਾਰ ਨੂੰ ਡਰਾ ਦਿੱਤਾ ਸੀ। ਉਹ ਅਬੁੱਲ ਫਜ਼ਲ ਜਿਹੇ ਵਿਦਵਾਨ ਨੂੰ ਕਤਲ ਕਰਵਾ ਕੇ ਫ਼ਖ਼ਰ ਮਹਿਸੂਸ ਕਰਦਾ ਸੀ। ਦੂਜੇ ਪਾਸੇ ਉਹ ਹਾਥੀਆਂ ਨੂੰ ਪਾਲਾ ਲੱਗਦਾ ਦੇਖ ਠੰਡੇ ਪਾਣੀ ਦੀ ਥਾਂ ਗਰਮ ਪਾਣੀ ਨਾਲ ਨੁਹਾ ਕੇ ਲੇਫ ਪਾਉਣ ਦਾ ਹੁਕਮ ਦੇਂਦਾ ਸੀ। ਸੁਭਾਅ ਵਿਚ ਟਿਕਾਅ ਨਹੀਂ ਸੀ।

---

1. The newly convert was paraded through the city on an elephant with great state and amid much rejoicing to the great contentment of the moors (Muslim) and the mortification of the gentiles. (Hindus)

Sri Satguru Jagjit Singh Ji eLibrary NamdhariElibrary@gmail.com

ਪ੍ਰਿੰਸਪ, ਸਮਿਥ ਤੇ ਹੋਰ ਇਤਿਹਾਸਕਾਰਾਂ ਨੇ ਇਹ ਹੀ ਲਿਖਿਆ ਹੈ ਕਿ ਤਖ਼ਤ 'ਤੇ ਬੈਠਦੇ ਸਾਰ ਉਸ ਨੇ ਇਸਲਾਮ ਦੇ ਅਸੂਲਾਂ ਨੂੰ ਉਜਾਗਰ ਕੀਤਾ, ਜਿਨ੍ਹਾਂ ਨੂੰ ਅਕਬਰ ਦੇ ਸਮੇਂ ਤਿਲਾਂਜਲੀ ਦੇ ਦਿੱਤੀ ਗਈ ਸੀ। ਗ਼ੈਰ-ਮੁਸਲਮਾਨਾਂ 'ਤੇ ਸਖ਼ਤੀ ਦਾ ਦੌਰ ਅਰੰਭ ਹੋਇਆ।

ਇਕ ਪਾਦਰੀ ਡਬਲਯੂ ਨੇ 'ਸਿੱਖਾਂ ਦੇ ਗੁਰੂ' ਨਾਂ ਦੀ ਪੁਸਤਕ ਦੇ ਪੰਨਾ 38 'ਤੇ ਬਹੁਤ ਹੀ ਢੁੱਕਵਾਂ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਇਸ ਲਈ ਸ਼ਹੀਦ ਕੀਤੇ ਗਏ ਕਿ ਉਹ ਦੀਨਾਂ ਦੀ ਮਦਦ ਕਰਨ 'ਤੇ ਤੁਲੇ ਹੋਏ ਸਨ। ਉਹ ਸੰਗਤ ਦਾ ਹੁਕਮ ਪਾਲਣ 'ਤੇ ਅੜੇ ਰਹੇ। ਉਹ ਦ੍ਰਿੜ੍ਹਤਾ ਨਾਲ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਤਬਦੀਲੀ ਕਰਨ ਤੋਂ ਇਨਕਾਰੀ ਸਨ। ਉਨ੍ਹਾਂ ਜਥੇਬੰਦੀ ਪੱਕੀ ਕੀਤੀ ਤੇ ਪੂਜਾ ਲਈ ਕੇਂਦਰੀ ਮੰਦਰ ਅਸਥਾਪਣ ਕੀਤਾ। ਸਿੱਖਾਂ ਨੂੰ ਗੁਰੂ ਗ੍ਰੰਥ ਵੀ ਬਖ਼ਸ਼ਿਆ ਜਿਸ ਵਿਚ ਉਨ੍ਹਾਂ ਦੀ ਅਗਵਾਈ ਲਈ ਉਪਦੇਸ਼ ਸਨ।

ਸੋ ਸ਼ਹਾਦਤ ਦਾ ਸਭ ਤੋਂ ਵੱਡਾ ਅਤੇ ਮੂਲ ਕਾਰਨ ਜਹਾਂਗੀਰ ਦੀ ਨੀਤੀ ਸੀ ਜੋ ਗੁਰੂ ਨਾਨਕ ਦੇਵ ਜੀ ਦੇ ਨਿੱਤ ਦਿੱਤੇ ਅਤੇ ਦ੍ਰਿੜ੍ਹ ਕਰਾਏ ਜਾ ਰਹੇ ਆਜ਼ਾਦੀ ਦੇ ਉਪਦੇਸ਼ਾਂ ਨੂੰ ਜੋ ਸਿੱਖਾਂ ਨੂੰ ਨਿਰਭੈ ਤੇ ਨਿਰਵੈਰ ਹੋਣ ਲਈ ਪ੍ਰੇਰ ਰਹੇ ਸਨ, ਸਹਾਰ ਨਾ ਸਕੀ। ਕਨਿੰਘਮ ਜਿੱਥੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਹੋਰ ਕਈ ਕਾਰਨ ਦੇਂਦਾ ਹੈ, ਉੱਥੇ ਬਹੁਤ ਸਾਫ਼ ਲਿਖਦਾ ਹੈ ਕਿ ਗੁਰੂ ਨਾਨਕ ਦੇ ਉਪਦੇਸ਼ਾਂ ਨੇ ਜਨਤਾ ਨੂੰ ਹਲੂਣ ਦਿੱਤਾ ਸੀ ਅਤੇ ਗੁਰੂ ਅਰਜਨ ਵੇਲੇ ਗੁਰੂ ਨਾਨਕ ਦੇ ਉਪਦੇਸ਼ਾਂ ਨੇ ਸਿੱਖ ਸੇਵਕਾਂ ਦੇ ਮਨਾਂ ਵਿਚ ਇਕ ਪੱਕੀ ਥਾਂ ਬਣਾ ਲਈ ਸੀ। ਸੋ ਇਹ ਸ਼ਹਾਦਤ ਅਵੱਸ਼ ਸੀ ਅਤੇ ਜਹਾਂਗੀਰ ਕਿਸੇ ਬਹਾਨੇ ਦੀ ਤਲਾਸ਼ ਵਿਚ ਸੀ ਅਤੇ ਉਹ ਬਹਾਨਾ ਉਸਨੂੰ ਖ਼ੁਸਰੋ ਦੀ ਬਗਾਵਤ ਵਿਚੋਂ ਮਿਲ ਗਿਆ। ਨਕਸ਼ਬੰਦੀਆਂ ਦੀ ਚੁੱਕ ਉਸ ਦਾ ਮਨ ਪੱਕਾ ਕਰਨ ਵਿਚ ਸਹਾਇਕ ਹੋ ਰਹੀ ਸੀ। ਸੋ ਇਹ ਦੇਖਣਾ ਵੀ ਠੀਕ ਰਵ੍ਹੇਗਾ ਕਿ ਨਕਸ਼ਬੰਦੀਏ ਕੌਣ ਸਨ ਤੇ ਇਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸੁਣ ਕੇ ਇਤਨੇ ਪ੍ਰਸੰਨ ਕਿਉਂ ਹੋਏ?

ਇਹ ਸਦਾ ਚੇਤੇ ਰਹੇ ਕਿ ਜਿਤਨੇ ਹੋਰ ਕਾਰਨ ਸਨ, ਉਹ ਜਹਾਂਗੀਰ ਦਾ ਮਨ ਬਣਾਉਣ ਲਈ ਹੀ ਸਨ। ਅਸਲ ਜਹਾਂਗੀਰ ਸੀ, ਬਾਕੀ ਪੂਰਕ ਸਨ।

**ਨਕਸ਼ਬੰਦੀਆਂ ਦੀ ਚੁੱਕ ਚੁਕਾਈ**

ਚੁੱਕ ਦੇਣ ਵਾਲਿਆਂ ਵਿਚ ਨਕਸ਼ਬੰਦੀ ਸਿਲਸਿਲਾ ਤੇ ਉਸਦਾ ਆਗੂ ਸ਼ੇਖ਼ ਅਹਿਮਦ ਸਰਹੰਦੀ ਸੀ। ਸ਼ੇਖ਼ ਅਹਿਮਦ ਨੂੰ ਅਮਾਮ-ਰੱਬਾਨੀ ਵੀ ਕਹਿੰਦੇ ਸਨ ਅਤੇ ਆਪਣੇ-ਆਪ ਨੂੰ ਉਹ ਮੁਜੱਦਦ ਅਲਫ਼ਸਾਨੀ (ਇਸਲਾਮ ਦਾ ਰੱਖਿਅਕ) ਕਹਿੰਦਾ ਸੀ। ਉਸ ਦਾ ਜਨਮ 26 ਅਪ੍ਰੈਲ, 1563 ਨੂੰ ਹੋਇਆ ਸੀ। ਡਾਕਟਰ ਮੁਜੀਬ ਨੇ ਇੰਡੀਅਨ ਮੁਸਲਿਮ ਵਿਚ ਲਿਖਿਆ ਹੈ ਕਿ ਜੁਆਨੀ ਦੇ ਮੁਢਲੇ ਸਾਲਾਂ ਵਿਚ ਉਹ ਖੁੱਲ੍ਹੇ ਸੁਭਾਅ ਦਾ ਸੀ ਅਤੇ ਉਸ ਦਾ ਉਠਣ ਬੈਠਣ ਵੀ ਫੈਜ਼ੀ ਅਤੇ ਅਬੁਲਫ਼ਜ਼ਲ ਨਾਲ ਸੀ। ਉਨ੍ਹਾਂ ਦੋਵਾਂ ਭਰਾਵਾਂ ਨੂੰ 'ਤਫ਼ਸੀਰ' ਲਿਖਣ ਵਿਚ ਅਹਿਮਦ ਸਰਹੰਦੀ ਨੇ ਸਹਾਇਤਾ ਵੀ ਦਿੱਤੀ ਸੀ। ਉਸ ਦਾ ਨਿਕਾਹ ਥਾਨੇਸਰ ਦੇ ਅਮੀਰ ਸ਼ੇਖ਼ ਸੁਲਤਾਨ ਦੀ ਲੜਕੀ ਨਾਲ ਹੋਣ ਨਾਲ ਉਸ ਨੂੰ ਬਹੁਤ ਧਨ ਪ੍ਰਾਪਤ ਹੋਇਆ ਸੀ ਅਤੇ ਸਰਹੰਦ ਵਿਚ ਹੀ ਇਕ ਪੱਕੀ ਹਵੇਲੀ ਅਤੇ ਮਸਜਿਦ ਵੀ ਬਣਾ ਲਈ ਸੀ, ਪਰ ਜਦ

ਉਹ ਸੰਨ 1600 ਈ: ਵਿਚ ਖ਼ਵਾਜਾ ਬੱਕੀ ਬਿੱਲਾ ਦਾ ਚੇਲਾ ਬਣਿਆ ਅਤੇ ਬੱਕੀ ਨੇ ਇਹ ਕਹਿ ਦਿੱਤਾ ਕਿ 'ਇਹ (ਅਹਿਮਦ ਸਰਹੰਦੀ) ਇਕ ਅਜਿਹਾ ਦੀਵਾ ਹੈ ਜੋ ਜਹਾਨ ਰੌਸ਼ਨ ਕਰੇਗਾ' ਤਾਂ ਬਹੁਤ ਹੱਦ ਤੱਕ ਉਹ ਅਭਿਮਾਨੀ ਹੋ ਗਿਆ। ਅਹਿਮਦ ਸਰਹੰਦੀ ਨੇ ਇਹ ਪ੍ਰਚਾਰ ਅਰੰਭਿਆ ਕਿ ਅੱਲਾ ਨੇ ਉਸ ਨੂੰ ਇਸਲਾਮ ਦੀ ਰੱਖਿਆ ਲਈ ਭੇਜਿਆ ਹੈ। ਉਸਦੇ ਮੁਰੀਦਾਂ ਦਾ ਪੱਕਾ ਖ਼ਿਆਲ ਸੀ ਕਿ ਉਹ ਵਿਸ਼ਵ ਦਾ 'ਕਯੂਮ' ਹੈ। ਕਯੂਮ ਦਾ ਭਾਵ ਹੁੰਦਾ ਹੈ, ਜਿਸ ਦੇ ਅਧੀਨ ਸਰਵ ਨਾਮ, ਰੂਪ, ਵਸਤੂ, ਗੁਣ, ਧਾਤੂ ਧਰਮ ਹੁੰਦੇ ਹਨ। ਜਿਸ ਦੇ ਜਲਵੇ ਦੇ ਨੂਰ ਨਾਲ ਸਭ ਕਾਇਨਾਤ ਰੌਸ਼ਨ ਹੈ, ਚੌਵਰਕੀਆਂ ਤੇ ਚਿੱਠੀਆਂ ਰਾਹੀਂ ਉਸ ਨੇ ਪ੍ਰਚਾਰ ਅਰੰਭ ਦਿੱਤਾ। ਉਸ ਨੇ ਆਪਣੀਆਂ ਕਈ ਚਿੱਠੀਆਂ ਫ਼ਰੀਦ ਬੁਖ਼ਾਰੀ, ਜਿਸ ਨੂੰ ਜਹਾਂਗੀਰ ਨੇ ਮੁਰਤਜ਼ਾ ਖ਼ਾਨ ਦਾ ਖ਼ਿਤਾਬ ਦਿੱਤਾ ਸੀ ਅਤੇ ਜਿਸ ਨੇ ਗੁਰੂ ਅਰਜਨ ਜੀ ਨੂੰ ਜਹਾਂਗੀਰ ਦੇ ਹੁਕਮ ਨਾਲ ਗ੍ਰਿਫ਼ਤਾਰ ਕਰਕੇ ਸ਼ਹੀਦ ਕੀਤਾ ਸੀ, ਲਿਖੀਆਂ ਹਨ। ਅਹਿਮਦ ਸਰਹੰਦੀ ਕਿਤਨਾ ਕੱਟੜ ਖ਼ਿਆਲੀਆ ਸੀ, ਉਹ ਉਸ ਦੀਆਂ ਚਿੱਠੀਆਂ ਤੋਂ ਪ੍ਰਗਟ ਹੋ ਜਾਏਗਾ। ਇਕ ਚਿੱਠੀ ਵਿਚ ਉਹ ਕਿਸੇ ਹਿਰਦੇ ਰਾਮ ਦੇ ਇਸ ਖ਼ਿਆਲ ਨੂੰ ਨਿੰਦਦਾ ਹੈ ਕਿ ਰਾਮ ਰਹਿਮਾਨ ਇਕ ਹਨ। ਉਹ ਲਿਖਦਾ ਹੈ:

"ਰਾਮ, ਕ੍ਰਿਸ਼ਨ ਆਦਿ ਜੋ ਹਿੰਦੂਆਂ ਦੇ ਪੂਜ ਹਨ, ਉਹ ਅੱਲਾ ਦੀ ਕਮੀਨਾ ਮਖ਼ਲੂਕ ਹਨ। ਉਨ੍ਹਾਂ ਨੇ ਮਾਤਾ ਦੇ ਉਦਰ ਤੋਂ ਜਨਮ ਲਿਆ ਅਤੇ ਪਿਤਾ ਦੇ ਲੁਫ਼ਤੇ ਤੋਂ ਸਨ। ਜਿਹੜਾ ਰਾਮ ਆਪਣੀ ਇਸਤਰੀ ਨੂੰ ਸੰਭਾਲ ਨਹੀਂ ਸਕਿਆ, ਉਹ ਦੂਜਿਆਂ ਦੀ ਕੀ ਸਹਾਇਤਾ ਕਰੇਗਾ। ਸ਼ਰਮ ਦੀ ਗੱਲ ਹੈ ਕਿ ਕੋਈ ਸਾਰੀ ਸ੍ਰਿਸ਼ਟੀ ਦੇ ਰਚਨਹਾਰ ਨੂੰ ਰਾਮ ਤੇ ਕ੍ਰਿਸ਼ਨ ਦੇ ਨਾਮ ਨਾਲ ਯਾਦ ਕਰੇ। ਇਹ ਇਸ ਤਰ੍ਹਾਂ ਹੈ ਕਿ ਕਿਸੇ ਚੱਕਰਵਰਤੀ ਰਾਜੇ ਨੂੰ ਹਰੀਜਨ ਤੇ ਭੰਗੀ ਕਿਹਾ ਜਾਏ। ਰਾਮ ਤੇ ਰਹਿਮਾਨ ਨੂੰ ਇਕ ਸਮਝਣਾ ਮਹਾਂ ਮੂਰਖਤਾ ਹੈ। ਹੁਣ ਇਸ ਦੇ ਟਾਕਰੇ ਗੁਰੂ ਅਰਜਨ ਦਾ ਫ਼ਰਮਾਨ 'ਕਹੁ ਨਾਨਕ ਗੁਰ ਖੋਏ ਭਰਮ, ਏਕੋ ਅੱਲਾਹ ਪਾਰਬ੍ਰਹਮ', ਪੜ੍ਹਿਆਂ ਅਹਿਮਦ ਸਰਹੰਦੀ ਦੀ ਚੁੱਕ ਤੇ ਟੱਕਰ ਦਾ ਪਤਾ ਲੱਗ ਜਾਏਗਾ।"

ਇਕ ਹੋਰ ਚਿੱਠੀ ਜੋ ਉਸਨੇ ਫ਼ਰੀਦ (ਮੁਰਤਜ਼ਾ ਖ਼ਾਨ) ਨੂੰ ਲਿਖੀ, ਵਿਚ ਲਿਖਿਆ:

"ਮੇਰੀ ਇਹੋ ਹੀ ਇੱਛਾ ਹੈ ਕਿ ਖ਼ੁਦਾ-ਦੁਸ਼ਮਣਾਂ ਤੇ ਪੈਗ਼ੰਬਰਾਂ ਦੇ ਵਿਰੋਧੀਆਂ ਨਾਲ ਆਖ਼ਰ ਤੱਕ ਟੱਕਰ ਲਈ ਜਾਏ। ਇਨ੍ਹਾਂ ਦਾ ਜਿਤਨਾ ਤ੍ਰਿਸਕਾਰ ਹੋਵੇ ਥੋੜ੍ਹਾ ਹੈ। ਇਨ੍ਹਾਂ ਦਾ ਮਾਨ ਰੋਜ਼ ਤੋੜਨਾ ਅਵੱਸ਼ ਚਾਹੀਦਾ ਹੈ। ਨਿਸਚੇ ਕਰਕੇ ਜਾਣੋ ਕਿ ਖ਼ੁਦਾ ਨੂੰ ਪ੍ਰਸੰਨ ਕਰਨ ਦਾ ਇਸ ਨਾਲੋਂ ਸੁਗਮ ਸਾਧਨ ਹੋਰ ਕੋਈ ਨਹੀਂ।

ਇਸਲਾਮ ਦੀ ਇੱਜ਼ਤ ਕੁਫ਼ਰ ਤੇ ਕਾਫ਼ਰਾਂ ਦੀ ਖ਼ਵਾਰੀ ਵਿਚ ਹੈ। ਜਿਸ ਨੇ ਅਹਿਲੇ ਕੁਫ਼ਰ ਨੂੰ ਅਜ਼ੀਜ਼ ਰੱਖਿਆ, ਉਸ ਨੇ ਅਹਿਲੇ-ਇਸਲਾਮ ਨੂੰ ਖ਼ਵਾਰ ਕੀਤਾ। ਇਨ੍ਹਾਂ ਨੂੰ ਨੇੜੇ ਵੀ ਲੱਗਣ ਨਹੀਂ ਦੇਣਾ ਚਾਹੀਦਾ। ਕੁੱਤਿਆਂ ਦੀ ਤਰ੍ਹਾਂ ਇਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ।"

ਇਕ ਹੋਰ ਚਿੱਠੀ ਵਿਚ ਮੁਜੱਦਦ ਲਿਖਦਾ ਹੈ:

"ਇਨ੍ਹਾਂ ਝੂਠੇ ਖ਼ੁਦਾਵਾਂ (ਮੂਰਤੀਆਂ) ਨੂੰ ਤੋੜਨਾ ਤੇ ਮਿੱਟੀ ਵਿਚ ਰੁਲਾਣ ਦੀ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਨ੍ਹਾਂ (ਹਿੰਦੂਆਂ) ਲੋਕਾਂ ਦੀ ਬਰਬਾਦੀ ਦੀ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ।

Sri Satguru Jagjit Singh Ji eLibrary NamdhariElibrary@gmail.com

ਹਿੰਦੁਸਤਾਨ ਵਿਚ ਹਿੰਦੂਆਂ ਕੋਲੋਂ ਜਜ਼ੀਆ ਲੈਣਾ ਬੰਦ ਹੋ ਗਿਆ ਸੀ। ਇਸ ਦਾ ਕਾਰਨ ਇਹ ਹੈ ਕਿ ਪਾਤਸ਼ਾਹ (ਅਕਬਰ) ਦੇ ਦਰਬਾਰ ਵਿਚ ਹਿੰਦੂਆਂ ਦੀ ਪੁੱਛ ਹੋਣ ਲੱਗ ਪਈ ਹੈ। ਹਿੰਦੁਸਤਾਨ ਵਿਚ ਗਊ ਬੱਧ ਨਾਲੋਂ ਉੱਤਮ ਇਸਲਾਮੀ ਕਰਮ ਤੇ ਪੁੰਨ ਹੋਰ ਕੋਈ ਨਹੀਂ।"

ਮੁਰਤਜ਼ਾ ਖ਼ਾਨ ਜਹਾਂਗੀਰ ਦੇ ਬਹੁਤ ਹੀ ਨੇੜੇ ਹੋ ਗਿਆ ਸੀ। ਇਕ ਤਾਂ ਉਸਨੇ ਖ਼ੁਸਰੋ ਦੀ ਬਗ਼ਾਵਤ ਨੂੰ ਅੱਗੇ ਹੋ ਕੇ ਦਬਾਇਆ ਸੀ, ਦੂਜੇ ਪੰਜਾਬ ਵਿਚ ਅਮਨ ਅਮਾਨ ਕਾਇਮ ਕੀਤਾ ਸੀ। ਉਸ 'ਤੇ ਜਹਾਂਗੀਰ ਇਤਨਾ ਖ਼ੁਸ਼ ਹੋਇਆ ਸੀ ਕਿ 1611 ਈ: ਨੂੰ ਸਾਰਾ ਪੰਜਾਬ ਹੀ ਜਾਗੀਰ ਵਿਚ ਦੇ ਦਿੱਤਾ ਸੀ। ਮੁਰਤਜ਼ਾ ਖ਼ਾਨ ਨਕਸ਼ਬੰਦੀ ਸੀ। ਸਿੱਧਾ ਮੁਜੱਦਦ ਦੇ ਪ੍ਰਭਾਵ ਹੇਠਾਂ ਸੀ ਅਤੇ ਜਹਾਂਗੀਰ ਉਸ ਕੋਲੋਂ ਪੁੱਛ ਕੇ ਤੁਰਦਾ ਸੀ। ਮੁਜੱਦਦ ਨੇ ਇਸ ਦੇ ਦਿਮਾਗ਼ ਵਿਚ ਪਾ ਦਿੱਤਾ ਸੀ ਕਿ 'ਅਸ਼ ਸ਼ਰਹ ਤਹਤਸ-ਸੈਫ', ਤਲਵਾਰ ਦੇ ਜ਼ੋਰ ਨਾਲ ਹੀ ਕੇਵਲ ਸ਼ਰਹ ਨੂੰ ਉੱਚਾ ਮੁਕਾਮ ਦਿਲਵਾਇਆ ਜਾ ਸਕਦਾ ਹੈ। ਅਹਿਮਦ ਸਰਹੰਦੀ ਨੇ ਦਸੰਬਰ 1605 ਈ: ਨੂੰ ਜਹਾਂਗੀਰ ਦੇ ਤਖ਼ਤ 'ਤੇ ਬੈਠਣ ਦੇ 8 ਹਫ਼ਤਿਆਂ ਬਾਅਦ ਹੀ ਮੁਰਤਜ਼ਾ ਖ਼ਾਨ ਨੂੰ ਲਿਖਿਆ ਸੀ : "ਜੇ ਸ਼ਹਿਨਸ਼ਾਹ (ਜਹਾਂਗੀਰ) ਦੇ ਹੁਣ ਤਖ਼ਤ 'ਤੇ ਬੈਠਦਿਆਂ ਹੀ ਇਸਲਾਮ ਦੇ ਪੈਰ ਹਿੰਦ ਵਿਚ ਜੰਮ ਗਏ ਤਾਂ ਖ਼ੈਰ, ਪਰ ਜੇ ਢਿੱਲ ਮੱਠ ਹੋ ਗਈ ਤਾਂ ਪਿੱਛੋਂ ਡਾਢੀ ਔਖਿਆਈ ਹੋਵੇਗੀ। ਹੁਣ ਜਦ ਕਿ ਸ਼ਾਹ ਦੀ ਕਾਫ਼ਰਾਂ ਨਾਲ ਕੋਈ ਹਮਦਰਦੀ ਨਹੀਂ ਹੈ ਤਾਂ ਮੁਸਲਮਾਨਾਂ ਲਈ ਗ਼ੈਰ-ਇਸਲਾਮੀ ਰਿਵਾਜ ਵਿਚਾਰ ਜਿਹੜੇ ਪ੍ਰਚੱਲਤ ਹੋ ਗਏ ਹਨ, ਸਹਿਣ ਕਰਨਾ ਬੜਾ ਔਖਾ ਹੈ।" ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਅਹਿਮਦ ਸਰਹੰਦੀ ਨੇ ਸ਼ੁਕਰ ਮਨਾਇਆ ਸੀ ਕਿ ਇਕ ਕਾਫ਼ਰ ਘੱਟ ਹੋਇਆ ਹੈ ਅਤੇ ਵਧਾਈ ਭੇਜੀ ਸੀ। ਉਹ ਚਿੱਠੀ ਇਸ ਪ੍ਰਕਾਰ ਸੀ :

ਇਨ੍ਹਾਂ ਦਿਨਾਂ ਵਿਚ ਹੀ ਗੋਇੰਦਵਾਲ ਦੇ ਭ੍ਰਿਸ਼ਟੇ ਹੋਏ ਕਾਫ਼ਰ (ਗੁਰੂ ਅਰਜਨ ਜੀ) ਨੂੰ ਕਤਲ ਕਰ ਦਿੱਤਾ ਗਿਆ ਹੈ, ਇਹ ਬੜੀ ਸ਼ੁੱਭ ਘਟਨਾ ਹੋਈ ਹੈ ਅਤੇ ਇਸ ਨਾਲ ਹਿੰਦੂਆਂ ਨੂੰ ਇਕ ਵੱਡੀ ਸ਼ਿਕੱਸਤ ਹੋਈ ਹੈ। ਉਸ ਨੂੰ ਕਿਸੇ ਕਾਰਨ ਅਤੇ ਬਹਾਨੇ ਨਾਲ ਭੀ ਮਾਰ ਸੁੱਟਣ ਨਾਲ ਕਾਫ਼ਰਾਂ ਦੀ ਬੜੀ ਹਾਨੀ ਹੋਈ ਹੈ ਅਤੇ ਮੁਸਲਮਾਨਾਂ ਲਈ ਇਹ ਮਹਾਨ ਲਾਭ ਦੀ ਗੱਲ ਬਣੀ ਹੈ। ਇਸ ਬੇਈਮਾਨ ਦੇ ਕਤਲ ਹੋਣ ਤੋਂ ਪਹਿਲਾਂ ਮੈਨੂੰ ਇਕ ਦਿਨ ਸੁਪਨਾ ਆਇਆ ਸੀ ਕਿ ਪਾਤਸ਼ਾਹ (ਜਹਾਂਗੀਰ) ਨੇ ਭ੍ਰਿਸ਼ਟ ਅਧਰਮੀ ਦਾ ਸਿਰ ਕੁਚਲ ਦਿੱਤਾ ਹੈ। ਇਸ ਵਿਚ ਸੰਸਾ ਕੋਈ ਨਹੀਂ ਕਿ ਉਹ (ਗੁਰੂ ਅਰਜਨ ਜੀ) ਕਾਫ਼ਰ ਹਿੰਦੂਆਂ ਦਾ ਜਗਤ ਗੁਰੂ ਸੀ ਤੇ ਅਧਾਰਮਿਕ ਰੁਚੀਆਂ ਰੱਖਣ ਵਾਲਿਆਂ ਦਾ ਸ਼ਹਿਨਸ਼ਾਹ ਸੀ।[1]

ਇਕ ਹੋਰ ਵਿਚ ਉਸ ਲਿਖਿਆ ਸੀ ਕਿ ਜਦ ਅੱਜ ਕਾਫ਼ਰ ਗੁਰੂ (ਅਰਜਨ) ਦੇ ਕਤਲ ਦੀ ਖ਼ਬਰ ਸੁਣੀ ਤਾਂ ਇਸਲਾਮ ਦੇ ਪੈਰੋਕਾਰ ਆਪਣਾ ਫ਼ਰਜ਼ ਸਮਝਦੇ ਹਨ ਕਿ ਬਾਦਸ਼ਾਹ ਨੂੰ ਆਪਣੀ ਹਮਾਇਤ ਦਾ ਐਲਾਨ ਕਰਨ ਅਤੇ ਸ਼ਰਹ ਤੇ ਇਸਲਾਮ ਦੇ ਵਾਧੇ

1. ਮਤਭੂਬਾਤ-ਇ-ਇਮਾਮਰਬਾਨੀ, ਦਫ਼ਤਰ ਅੱਵਲ ਹਿੱਸਾ ਸੋਮ, ਪੰਨਾ 95-96 (ਨੂਰ ਕੰਪਨੀ ਲਾਹੌਰ)–ਸਾਚੀ ਸਾਖੀ ਕ੍ਰਿਤ ਕਪੂਰ ਸਿੰਘ ਪੰਨਾ (ii)

Sri Satguru Jagjit Singh Ji eLibrary NamdhariElibrary@gmail.com

ਲਈ ਹੋਰ ਵੱਧ ਚੜ੍ਹ ਸਹਾਇਤਾ ਕਰਨ।[1] ਸ਼ਹਾਦਤ ਨੂੰ ਮਜੱਦਦ ਨੇ 'ਬਿਸਯਰ ਖ਼ੂਬ ਵਾਕਯਾ'[2] ਕਿਹਾ।

ਸੋ ਸਪੱਸ਼ਟ ਹੈ ਕਿ ਗੁਰੂ ਪਾਤਸ਼ਾਹ ਨੂੰ ਸ਼ਹੀਦ ਕਰਨ ਲਈ ਮੁਰਤਜ਼ਾ ਖ਼ਾਨ ਕੋਈ ਬਹਾਨਾ ਘੜਨ ਨੂੰ ਤਿਆਰ ਸੀ ਤੇ ਜਹਾਂਗੀਰ ਉਸ 'ਤੇ ਫੁੱਲ ਚੜ੍ਹਾਉਣ ਲਈ ਉਤਾਵਲਾ ਸੀ। ਉਸ ਦਾ ਆਪਣਾ ਮਨ ਵੀ ਬਹਾਨੇ ਦੀ ਤਲਾਸ਼ ਵਿਚ ਸੀ ਅਤੇ ਉਹ ਬਹਾਨਾ ਖ਼ੁਸਰੋ ਦੀ ਬਗ਼ਾਵਤ ਵੇਲੇ ਮਿਲ ਗਿਆ।

ਮੁਰਤਜ਼ਾ ਖ਼ਾਨ ਬਾਰੇ ਜਹਾਂਗੀਰ ਨੇ ਆਪਣੀ ਤੁਜ਼ਿਕ ਵਿਚ ਲਿਖਿਆ ਹੈ : ਸ਼ੇਖ਼ ਫ਼ਰੀਦ ਮੇਰੇ ਬਾਪ (ਅਕਬਰ) ਦੇ ਰਾਜ ਵਿਚ ਮੀਰ ਬਖ਼ਸ਼ੀ ਸੀ। ਉਸ ਦੇ ਕੰਮਾਂ ਤੋਂ ਖ਼ੁਸ਼ ਹੋ ਕੇ 21 ਮੁਹੱਰਮ, 1105 (ਜੂਨ 1606, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਤੁਰੰਤ ਪਿੱਛੋਂ) ਪੰਜਾਬ ਦਾ, ਜੋ ਮੇਰੇ ਸਾਰਿਆਂ ਮੁਲਕਾਂ ਤੋਂ ਵੱਡਾ ਸੂਬਾ ਸੀ, ਸੂਬੇਦਾਰ ਨਿਯਤ ਕੀਤਾ। ਉਸ ਨੂੰ ਸ਼ਾਲ ਖ਼ਾਸ ਵੀ ਦਿੱਤੀ।" ਕਾਰਨਾਮਾ ਜਹਾਂਗੀਰ ਵਿਚ ਲਿਖਿਆ ਹੈ ਕਿ ਜਹਾਂਗੀਰ ਨੇ ਮੁਰਤਜ਼ਾ ਖ਼ਾਨ ਨੂੰ ਖਿਲਤ, ਸ਼ਮਸ਼ੇਰ ਮਰਸਯ, ਦੁਆਤ ਕਲਮ ਤੇ ਜੜਾਊ ਅੰਗੂਠੀ ਦੇਣ ਵੇਲੇ ਇਹ ਕਹਿ ਕੇ ਉਸ ਦਾ ਮਾਣ ਵਧਾਇਆ ਕਿ ਉਹ (ਜਹਾਂਗੀਰ) ਉਸ ਨੂੰ (ਮੁਰਤਜ਼ਾ ਖ਼ਾਨ) ਸਾਹਿਬ-ਉਲ-ਸੈਫ਼ ਕਲਮ ਮੰਨਦਾ ਹੈ। ਜਹਾਂਗੀਰ ਮੁਰਤਜ਼ਾ ਖ਼ਾਨ 'ਤੇ ਇਤਨਾ ਖ਼ੁਸ਼ ਹੋਇਆ ਸੀ ਕਿ ਸੰਨ 1611 ਨੂੰ ਸਾਰਾ ਪੰਜਾਬ ਹੀ ਉਸ ਨੂੰ ਜਾਗੀਰ ਵਿਚ ਦੇ ਦਿੱਤਾ ਸੀ। ਫਿਰ ਉਸ ਦੀ ਮੌਤ (1617) ਵੇਲੇ ਵੀ ਜਹਾਂਗੀਰ ਨੇ ਬਹੁਤ ਅਫ਼ਸੋਸ ਕੀਤਾ ਸੀ ਅਤੇ ਲਿਖਿਆ : ਉਹ ਮੇਰੀ ਅਸਲ ਦੌਲਤ ਸੀ। ਉਸ ਦੀ ਮੌਤ ਦੀ ਮਾੜੀ ਖ਼ਬਰ ਨਾਲ ਭਾਰੀ ਸਦਮਾ ਹੋਇਆ।

ਸੋ ਸਿੱਧਾ ਭਾਵੇਂ ਕੋਈ ਸੰਬੰਧ ਤੇ ਪ੍ਰਭਾਵ ਮੁਜੱਦਦ, ਜਹਾਂਗੀਰ 'ਤੇ ਨਹੀਂ ਸੀ ਪਰ ਮੁਰਤਜ਼ਾ ਖ਼ਾਨ ਉਸ ਦੇ ਕਬਜ਼ੇ ਵਿਚ ਸੀ ਜਿਸ ਨੇ ਸਾਰਾ ਕਾਰਾ ਕੀਤਾ :

ਉਂਜ ਜਹਾਂਗੀਰ ਲਿਖਦਾ ਹੈ ਕਿ ਉਹ ਆਪੂੰ ਇਸ (ਅਹਿਮਦ ਸਰਹੰਦੀ) ਤੋਂ ਇਤਨਾ ਤੰਗ ਸੀ ਕਿ ਉਸ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ। ਅਹਿਮਦ ਸਰਹੰਦੀ ਅਭਿਮਾਨੀ ਵੀ ਬਹੁਤ ਸੀ। ਇਕ ਵਾਰੀ ਜਦ ਜਹਾਂਗੀਰ ਨੇ ਮੁਰਤਜ਼ਾ ਖ਼ਾਨ ਨੂੰ ਧਰਮ ਸਬੰਧੀ ਰਾਵਾਂ ਦੇਣ ਲਈ ਚਾਰ ਉਲਮਾਵਾਂ ਦੇ ਨਾਂ ਦੱਸਣ ਲਈ ਕਿਹਾ ਤਾਂ ਉਸ ਨੂੰ ਜਦ ਸਰੋਤ ਮਿਲੀ ਤਾਂ ਅਹਿਮਦ ਸਰਹੰਦੀ ਨੇ ਆਪੂੰ ਹੀ ਲਿਖ ਦਿੱਤਾ ਕਿ ਚਾਰ ਉਲਮਾ ਕੀ ਕਰਨਗੇ। ਉਹ ਆਪਸ ਵਿਚ ਚੁੰਝਾਂ ਪਹੁੰਚੇ ਹੀ ਲੜਾਂਦੇ ਰਹਿਣਗੇ। ਚੰਗਾ ਹੋਵੇ ਇਕ ਹੀ ਨਿਯਤ ਕੀਤਾ ਜਾਏ। ਉਸ ਦਾ ਇਸ਼ਾਰਾ ਆਪਣੇ ਵੱਲ ਸੀ। ਇਕ ਚਿੱਠੀ ਵਿਚ ਜਦ ਉਸ ਨੇ ਆਪ ਨੂੰ ਖ਼ਲੀਫ਼ਿਆਂ ਨਾਲੋਂ ਵੱਡਾ ਦਰਸਾਇਆ ਤਾਂ ਰੌਲ਼ਾ ਪੈ ਗਿਆ। ਜਹਾਂਗੀਰ ਨੂੰ ਉਸ ਨੂੰ ਗ੍ਰਿਫ਼ਤਾਰ ਵੀ ਕਰਨਾ ਪਿਆ। ਜਹਾਂਗੀਰ ਤੁਜ਼ਿਕ ਦੇ ਪੰਨਾ 292 'ਤੇ ਲਿਖਦਾ ਹੈ :

"ਮੈਨੂੰ ਦੱਸਿਆ ਗਿਆ ਕਿ ਇਕ ਸ਼ੈਖ਼ ਜੋ ਸ਼ੇਖ ਅਹਿਮਦ ਦੇ ਨਾਲ ਪੁਕਾਰਿਆ ਜਾਂਦਾ ਹੈ, ਨੇ ਧੋਖੇ ਤੇ ਫਰੇਬ ਦਾ ਜਾਲ ਸਰਹੰਦ ਵਿਚ ਵਿਛਾਇਆ ਹੋਇਆ ਹੈ। ਉਸ ਨੇ ਆਪਣੇ

1. ਨਿਰੁਕਤ ਕ੍ਰਿਤ ਡਾਕਟਰ ਬਲਬੀਰ ਸਿੰਘ, ਜਿਲਦ ਦੂਜੀ, ਪੰਨਾ 370
2. An excellent event, a very great achievement.

Sri Satguru Jagjit Singh Ji eLibrary NamdhariElibrary@gmail.com

ਮੁਰੀਦ ਹਰ ਸ਼ਹਿਰ ਤੇ ਕਸਬੇ ਵਿਚ ਭੇਜੇ ਹੋਏ ਹਨ, ਜਿਨ੍ਹਾਂ ਨੂੰ ਉਹ ਖ਼ਲੀਫ਼ਾ ਕਹਿੰਦਾ ਹੈ। ਇਸ ਲਈ ਮੈਂ ਹੁਕਮ ਦਿੱਤਾ ਕਿ ਉਸ ਨੂੰ ਦਰਬਾਰ ਵਿਚ ਹਾਜ਼ਰ ਕੀਤਾ ਜਾਏ ਅਤੇ ਅਦਲ ਬਿਠਾਇਆ ਜਾਏ। ਹੁਕਮ ਅਨੁਸਾਰ ਉਹ ਅਦਬ ਬਜਾਉਣ ਆਇਆ। ਜੋ ਕੁਝ ਵੀ ਮੈਂ ਉਸ ਤੋਂ ਪੁੱਛਿਆ, ਉਸ ਦਾ ਤਸੱਲੀਬਖ਼ਸ਼ ਉੱਤਰ ਉਹ ਨਾ ਦੇ ਸਕਿਆ। ਮੈਨੂੰ ਤਾਂ ਉਹ ਬਹੁਤ ਹੀ ਹੈਂਕੜਬਾਜ਼ ਤੇ ਆਪਣੀ ਹੀ ਧੁਨ ਵਿਚ ਮਸਤ ਨਜ਼ਰੀਂ ਪਿਆ। ਉਸ ਲਈ ਸਭ ਤੋਂ ਚੰਗੀ ਗੱਲ ਮੈਨੂੰ ਇਹ ਲੱਗੀ ਕਿ ਉਸ ਨੂੰ ਸੋਧਣ ਲਈ ਬੰਦੀ ਵਿਚ ਪਾਇਆ ਜਾਏ ਤਾਂ ਕਿ ਉਸਦਾ ਭਖਦਾ ਗੁੱਸਾ ਠੰਢਾ ਹੋ ਜਾਏ ਅਤੇ ਦਿਮਾਗ਼ੀ ਤਵਾਜ਼ਨ ਕਾਇਮ ਹੋ ਸਕੇ। ਇਸੇ ਮੁਤਾਬਕ ਉਸ ਨੂੰ ਅਣੀ ਰਾਇ ਦਾਲਾਨ ਦੇ ਹਵਾਲੇ ਕੀਤਾ ਗਿਆ ਕਿ ਗਵਾਲੀਅਰ ਕੈਦ ਰੱਖੇ। ਇਕ ਸਾਲ ਉਸ ਨੂੰ ਬੰਦੀ ਵਿਚ ਰੱਖਿਆ ਗਿਆ।" ਇਹ ਘਟਨਾ ਜਹਾਂਗੀਰ ਦੇ ਤਖ਼ਤ 'ਤੇ ਬੈਠਣ ਤੋਂ ਚੌਧਵੇਂ ਸਾਲ ਭਾਵ 1619 ਈ: ਦੀ ਹੈ। ਮੁਰਤਜ਼ਾ ਖ਼ਾਨ ਨੂੰ ਗੁਜ਼ਰੇ ਵੀ ਦੋ ਸਾਲ ਹੋ ਗਏ ਸਨ।

ਜਗਾਂਗੀਰ ਦਾ ਇਸ ਅਰਸੇ ਗੁਰੂ ਹਰਿਗੋਬਿੰਦ ਜੀ ਨਾਲ ਚੰਗਾ ਮੇਲ-ਜੋਲ ਹੋ ਗਿਆ ਸੀ। ਇਹ ਸਰਹੰਦੀ ਹੁਣ ਲੱਲਾ ਬੇਗ ਨੂੰ ਚਿੱਠੀਆਂ ਪਾਉਂਦਾ ਰਿਹਾ। ਇਹ ਹੀ ਲੱਲਾ ਬੇਗ ਨਥਾਨਾ ਮਹਿਰਾਜ, ਗੁਰੂ ਹਰਿਗੋਬਿੰਦ ਜੀ ਉੱਤੇ ਫ਼ੌਜਾਂ ਚੜ੍ਹਾ ਕੇ ਲਿਆਇਆ ਸੀ। ਔਰੰਗਜ਼ੇਬ 'ਤੇ ਇਸ ਦੇ ਪੋਤਰੇ ਨੇ ਬਹੁਤ ਪ੍ਰਭਾਵ ਪਾ ਲਿਆ ਸੀ। ਉਸ ਦਾ ਪੋਤਰਾ ਔਰੰਗਜ਼ੇਬ ਪਾਸ ਦੱਖਣ ਹੀ ਟੁਰ ਗਿਆ ਸੀ। ਜਿਸ ਜਮਸ਼ੈਦ ਖ਼ਾਨ ਨੇ ਗੁਰੂ ਗੋਬਿੰਦ ਸਿੰਘ ਜੀ 'ਤੇ ਮਾਰੂ ਹੱਲਾ ਕੀਤਾ ਸੀ, ਉਹ ਜ਼ਰਖਰੀਦ ਜ਼ਰੂਰ ਵਜ਼ੀਰ ਖ਼ਾਨ ਸਰਹੰਦ ਨਵਾਬ ਦਾ ਸੀ, ਪਰ ਮੁਰੀਦ ਇਸੇ ਅਹਿਮਦ ਸਰਹੰਦੀ ਦਾ ਸੀ। ਵਜ਼ੀਰ ਖ਼ਾਨ ਵੀ ਅਹਿਮਦ ਦਾ ਉਪਾਸ਼ਕ ਸੀ। ਇਧਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵੇਲੇ ਮੀਆਂ ਮੀਰ ਜੀ, ਜੋ ਚਿਸ਼ਤੀ ਸਿਲਸਿਲੇ ਦੇ ਆਗੂ ਸਨ, ਬਹੁਤ ਤੜਪੇ ਸਨ। ਪਿੱਛੋਂ ਪੀਰ ਬੁੱਧੂ ਸ਼ਾਹ, ਸ਼ੇਖ਼-ਬਦਰ-ਉਦ-ਦੀਨ ਨੇ ਚਾਰੇ ਬੇਟੇ ਹੀ ਕਲਗੀਧਰ ਦੀ ਆਵਾਜ਼ 'ਤੇ ਕੁਰਬਾਨ ਕਰਵਾ ਦਿੱਤੇ ਸਨ। ਬਸ ਇਹ ਅੰਤਰ ਹੈ ਨਕਸ਼ਬੰਦੀ ਸਿਲਸਿਲੇ ਤੇ ਚਿਸ਼ਤੀ ਦਾ।

## ਖ਼ੁਸਰੋ ਦੀ ਬਗ਼ਾਵਤ

ਖ਼ੁਸਰੋ ਕਿਹਾ ਕਰਦਾ ਸੀ : 'ਗੁਰੂ ਅਰਜਨ ਦੇਵ ਮੇਰੇ ਮੁਰਸ਼ਦ ਹਨ। ਮੈਂ ਜਦ ਵੀ ਉਨ੍ਹਾਂ ਨੂੰ ਮਿਲਿਆ, ਰੂਹਾਨੀਅਤ ਦੇ ਦਰਵਾਜ਼ੇ ਮੇਰੇ 'ਤੇ ਖ਼ੁੱਲ੍ਹ ਗਏ। ਉਨ੍ਹਾਂ ਦੇ ਲੰਗਰ ਵਿਚ ਬੈਠ ਕੇ ਜੋ ਖਾਣਾ ਖਾਧਾ, ਉਸ ਦੀ ਲੱਜ਼ਤ ਅਤੇ ਪਾਕੀਜ਼ਗੀ ਨੂੰ ਮੈਂ ਕਦੇ ਭੁੱਲ ਨਹੀਂ ਸੀ ਸਕਦਾ। ਉਨ੍ਹਾਂ (ਗੁਰੂ ਅਰਜਨ ਦੇਵ ਜੀ) ਦੀ ਸ਼ਖ਼ਸੀਅਤ ਵਿਚ ਮਿਕਨਾਤੀਸੀ ਖਿੱਚ ਹੈ।' ਖ਼ੁਸਰੋ ਜਹਾਂਗੀਰ ਦਾ ਛੋਟਾ ਪੁੱਤਰ ਸੀ। ਸ਼ਹਿਜ਼ਾਦਾ ਖ਼ੁਸਰੋ ਰਾਜਾ ਮਾਨ ਸਿੰਘ ਦੀ ਭੈਣ ਦੀ ਕੁੱਖੋਂ ਪੈਦਾ ਹੋਇਆ ਸੀ। ਖ਼ੁਸਰੋ ਮਿਰਜ਼ਾ ਅਜ਼ੀਜ਼ ਕੋਕਾ ਦੀ ਲੜਕੀ ਨਾਲ ਵਿਆਹਿਆ ਹੋਇਆ ਸੀ। ਸ਼ਕਲ ਦਾ ਬਹੁਤ ਸੋਹਣਾ ਅਤੇ ਆਚਰਨ ਦਾ ਬਹੁਤ ਉੱਚਾ ਸੀ। ਜ਼ਾਤੀ ਜ਼ਿੰਦਗੀ ਬੇਦਾਗ਼ ਸੀ। ਇਕ ਉਹ ਵੀ ਮੌਕਾ ਆਇਆ ਜਦ ਅਕਬਰ ਨੇ ਰਾਜ-ਗੱਦੀ ਖ਼ੁਸਰੋ ਨੂੰ ਦੇਣ ਦਾ ਫ਼ੈਸਲਾ ਕਰ ਲਿਆ। ਸਲੀਮ ਨੇ ਬਗ਼ਾਵਤ ਵੀ ਕੀਤੀ। ਜਦ ਅਕਬਰ ਦੇ ਦੂਜੇ ਪੁੱਤਰ ਦਾਨਿਆਲ ਦਾ ਦਿਹਾਂਤ ਸੰਨ 1604 ਨੂੰ ਹੋ ਗਿਆ ਤਾਂ ਅਕਬਰ ਨੇ ਇਸ ਖ਼ੁਸਰੋ ਨੂੰ ਗੱਦੀ ਦੇਣ ਵਾਲੇ ਖ਼ਿਆਲ ਨੂੰ ਛੱਡ ਦਿੱਤਾ। ਮਿਰਜ਼ਾ ਅਜ਼ੀਜ਼ ਕੋਕਾ ਤੇ ਰਾਜਾ ਮਾਨ ਸਿੰਘ ਚਾਹੁੰਦੇ

Sri Satguru Jagjit Singh Ji eLibrary NamdhariElibrary@gmail.com

ਸਨ ਕਿ ਖ਼ੁਸਰੋ ਤਖ਼ਤ 'ਤੇ ਬੈਠੇ ਪਰ ਅਕਬਰ ਨੇ ਆਪ ਹੀ ਕਹਿ ਦਿੱਤਾ ਕਿ ਤਖ਼ਤ ਸਲੀਮ ਨੂੰ ਦਿੱਤਾ ਜਾਏਗਾ। ਦੋਵੇਂ ਚੁੱਪ ਤਾਂ ਹੋ ਗਏ ਪਰ ਪ੍ਰੇਸ਼ਾਨ ਬਹੁਤ ਹੋਏ। ਮਰਨ ਤੋਂ ਕੁਝ ਦਿਨ ਪਹਿਲਾਂ ਅਕਬਰ ਨੇ ਆਪਣੇ ਹੱਥਾਂ ਨਾਲ ਸਲੀਮ ਦੇ ਸਿਰ 'ਤੇ ਪਗੜੀ ਰੱਖੀ। ਸਲੀਮ ਜਹਾਂਗੀਰ ਦਾ ਨਾਂ ਧਰ ਕੇ ਬਾਦਸ਼ਾਹ ਬਣਿਆ।

ਖ਼ੁਸਰੋ ਦੇ ਸੰਬੰਧ ਫਿਰ ਆਪਣੇ ਪਿਤਾ ਨਾਲ ਚੰਗੇ ਨਾ ਹੋ ਸਕੇ। ਛੇ ਹਫ਼ਤੇ ਪਿੱਛੋਂ ਖ਼ੁਸਰੋ ਨੇ ਬਗ਼ਾਵਤ ਕਰ ਦਿੱਤੀ। ਉਸ ਨੂੰ ਕੈਦ ਕਰ ਲਿਆ ਗਿਆ। ਪਰ ਪੰਜ ਮਹੀਨਿਆਂ ਪਿੱਛੋਂ 6 ਮਾਰਚ, 1606 ਨੂੰ ਖ਼ੁਸਰੋ ਨੇ ਆਪਣੇ 350 ਸਵਾਰਾਂ ਨਾਲ ਦਾਦੇ ਅਕਬਰ ਦੀ ਕਬਰ 'ਤੇ ਫੁੱਲ ਚੜ੍ਹਾਉਣ ਦਾ ਬਹਾਨਾ ਬਣਾਇਆ। ਉਥੋਂ ਮਥਰਾ ਚਲਾ ਗਿਆ ਅਤੇ ਉਥੇ ਹੀ ਹਸਨ ਬੇਗ਼ ਬਦਖ਼ਸ਼ੀ, ਜੋ ਕਾਬਲ ਤੋਂ ਆਇਆ ਸੀ, ਨੇ ਖ਼ੁਸਰੋ ਨੂੰ ਬਗ਼ਾਵਤ ਲਈ ਚੁੱਕਿਆ ਅਤੇ ਪਿਤਾ ਦਾ ਟਾਕਰਾ ਕਰਨ ਲਈ ਕਿਹਾ। ਇਕ ਹੋਰ ਮਦਦ ਕਰਨ ਵਾਲਾ ਅਬਦੁਰ-ਰਹੀਮ ਸੀ।

ਇਹ ਸਾਰੇ ਪੰਜਾਬ ਵੱਲ ਵਧੇ। ਇਸ ਦੇ ਸਾਥੀਆਂ ਨੇ ਕਈ ਪਿੰਡ ਲੁੱਟ ਲਏ ਸਨ। ਖ਼ੁਸਰੋ ਘਬਰਾਇਆ ਹੋਇਆ ਪੰਜਾਬ ਪੁੱਜਾ। ਢਹਿੰਦਾ ਮਨ ਸਹਾਰੇ ਦੀ ਤਲਾਸ਼ ਵਿਚ ਸੀ। ਇਸ ਖਿੱਚੋਤਾਣ ਵਿਚ ਤਰਨਤਾਰਨ ਪੁੱਜਾ। ਕਈ ਵਾਰੀ ਖ਼ੁਸਰੋ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰ ਚੁੱਕਾ ਸੀ। ਲੰਗਰ ਵਿਚ ਉਸ ਪ੍ਰਸ਼ਾਦ ਪਾਇਆ। ਉਥੋਂ ਲਾਹੌਰ ਆਇਆ ਪਰ ਲਾਹੌਰ ਦਾ ਕਿਲ੍ਹੇਦਾਰ ਦਿਲਾਵਰ ਖ਼ਾਨ ਉਸ ਨਾਲ ਨਾ ਮਿਲਿਆ। ਇਨ੍ਹਾਂ ਲਾਹੌਰ ਦੇ ਕਿਲ੍ਹੇ ਦਾ ਘੇਰਾ ਘੱਤ ਲਿਆ।

ਪਰ ਜਦ ਖ਼ਬਰ ਪੁੱਜੀ ਕਿ ਫ਼ਰੀਦ ਖ਼ਾਨ (ਮੁਰਤਜ਼ਾ ਖ਼ਾਨ) ਪਿੱਛਾ ਕਰਨ ਆ ਰਿਹਾ ਹੈ ਤਾਂ ਖ਼ੁਸਰੋ ਨੇ ਉਸ ਨੂੰ ਬਿਆਸ 'ਤੇ ਹੀ ਰੋਕਣਾ ਚਾਹਿਆ ਅਤੇ ਘੇਰਾ ਛੱਡ ਕੇ ਪਿੱਛੇ ਆਇਆ। ਫ਼ਰੀਦ ਖ਼ਾਨ ਨੇ ਗੋਇੰਦਵਾਲ ਤੋਂ ਪੱਤਣ ਪਾਰ ਕੀਤਾ ਅਤੇ ਭੈਰੋਵਾਲ ਨੇੜੇ ਟੱਕਰ ਹੋ ਗਈ। ਜਹਾਂਗੀਰ ਵੀ ਪਿੱਛੇ-ਪਿੱਛੇ ਆ ਰਿਹਾ ਸੀ। ਬਾਰਸ਼ ਹੋ ਜਾਣ ਕਾਰਨ ਉਹ ਸੁਲਤਾਨਪੁਰ ਹੀ ਟਿਕ ਗਿਆ।

ਭੈਰੋਵਾਲ ਦੀ ਨਿੱਕੀ ਪਰ ਤਿੱਖੀ ਝੜਪ ਵਿਚ ਖ਼ੁਸਰੋ ਹਾਰ ਗਿਆ। ਉਸ ਨੇ ਇਹ ਹੀ ਸੁਣਿਆ ਕਿ ਜਹਾਂਗੀਰ ਪਿੱਛੇ ਆ ਰਹਿਆ ਹੈ। ਜਹਾਂਗੀਰ ਰਾਤ ਨੂੰ ਪੁੱਜ ਗਿਆ। ਰਾਤ ਉਸ ਫ਼ਰੀਦ ਦੇ ਖ਼ੈਮੇ ਹੀ ਕੱਟੀ। ਭੈਰੋਵਾਲ ਦਾ ਨਾਂ ਫ਼ਤਹਿਬਾਦ ਰੱਖਿਆ ਅਤੇ ਫ਼ਰੀਦ ਨੂੰ ਛਾਤੀ ਨਾਲ ਲਗਾ ਕੇ 'ਮੁਰਤਜ਼ਾ ਖ਼ਾਨ' ਦਾ ਖ਼ਿਤਾਬ ਦਿੱਤਾ। ਖ਼ੁਸਰੋ ਦਾ ਖ਼ਿਆਲ ਆਗਰੇ ਵੱਲ ਜਾਣ ਦਾ ਸੀ ਪਰ ਰਾਇ ਇਹ ਬਣੀ ਕਿ ਕਾਬਲ ਚੱਲਿਆ ਜਾਏ ਤੇ ਉਥੋਂ ਫ਼ੌਜ ਇਕੱਠੀ ਕਰ ਕੇ ਹਿੰਦੁਸਤਾਨ 'ਤੇ ਹਮਲਾ ਕੀਤਾ ਜਾਏ।

ਸਾਰੇ ਕਾਬਲ ਵੱਲ ਦੌੜੇ, ਰਾਵੀ ਪਾਰ ਹੋਏ। ਜਹਾਂਗੀਰ ਨੇ ਮਊ ਦੇ ਰਾਜਾ ਬਾਸੂ ਨੂੰ ਪਿੱਛਾ ਕਰਨ ਲਈ ਕਿਹਾ। ਮਹਾਬਤ ਖ਼ਾਨ ਨੇ ਮਿਰਜ਼ਾ ਅਲੀ ਅਕਬਰ ਨੂੰ ਸਹਾਇਤਾ ਲਈ ਭੇਜਿਆ। ਸਭ ਪੱਤਣਾਂ ਤੇ ਬੇੜੀਆਂ ਨੂੰ ਸੂਚਨਾ ਭੇਜ ਦਿੱਤੀ ਗਈ। ਜਾਗੀਰਦਾਰਾਂ, ਰਾਖਿਆਂ ਤੇ ਚੌਧਰੀਆਂ ਨੂੰ ਖ਼ਬਰਦਾਰ ਕਰ ਦਿੱਤਾ ਗਿਆ। ਸੋਧਰੇ ਤੋਂ ਚਨਾਬ ਰਾਤ ਵੇਲੇ ਪਾਰ ਕੀਤਾ। ਰੌਲਾ ਪੈਣ 'ਤੇ ਮਲਾਹਾਂ ਚੌਧਰੀ ਨੂੰ ਦੱਸਿਆ ਅਤੇ ਉਸ ਖ਼ੁਸਰੋ ਨੂੰ ਪਛਾਣ ਲਿਆ। ਅਬੁਲ ਕਾਸਿਮ ਅਤੇ ਹਲਾਲ ਖ਼ਾਨ ਖ਼੍ਵਾਜਾ ਸਰਾ ਨੇ ਲਾਹੌਰ ਖ਼ਬਰ ਭੇਜ ਦਿੱਤੀ

Sri Satguru Jagjit Singh Ji eLibrary NamdhariElibrary@gmail.com

ਕਿ ਖ਼ੁਸਰੋ ਪਕੜਿਆ ਗਿਆ ਹੈ। ਜਹਾਂਗੀਰ ਉਸ ਸਮੇਂ ਕਾਮਰਾਨ ਬਾਗ਼ ਉਤਰਿਆ ਹੋਇਆ ਸੀ। ਇਹ ਘਟਨਾ 29 ਅਪ੍ਰੈਲ, 1606 ਈ: ਦੀ ਹੈ।

ਯਾਸਾ[1] ਦੀ ਧਾਰਾ ਅਨੁਸਾਰ ਸ਼ਹਿਜ਼ਾਦੇ ਦੇ ਹੱਥ ਬੰਨ੍ਹ ਕੇ, ਗੁੱਸੇ ਨਾਲ ਲਾਲ ਹੋਏ ਬਾਦਸ਼ਾਹ ਦੇ ਖੱਬੇ ਪਾਸੇ ਖੜ੍ਹਾ ਕੀਤਾ ਗਿਆ। ਹਸਨ ਬੇਗ਼ ਨੂੰ ਖ਼ੁਸਰੋ ਦੇ ਸੱਜੇ ਪਾਸੇ ਅਤੇ ਅਬਦੁਰ ਰਹੀਮ ਨੂੰ ਬੇੜੀਆਂ ਵੀ ਪਾ ਦਿੱਤੀਆਂ ਗਈਆਂ। ਹਸਨ ਬੇਗ਼ ਬੈਲ ਦੀ ਖੱਲ ਵਿਚ ਮੜ੍ਹ ਕੇ ਤੇ ਅਬਦੁਰ ਰਹੀਮ ਨੂੰ ਗਧੇ ਦੀ ਖੱਲ ਵਿਚ ਲਪੇਟ ਕੇ, ਖੋਤੇ 'ਤੇ ਪੁੱਠਾ ਬਿਠਾਲ ਸ਼ਹਿਰ ਵਿਚ ਘੁੰਮਾਇਆ ਗਿਆ। ਅਬਦੁਰ ਰਹੀਮ ਰਾਤ ਭਰ ਹੀ ਜ਼ਿੰਦਾ ਰਿਹਾ ਤੇ ਹਸਨ ਬੇਗ਼ ਚਾਰ ਪਹਿਰਾਂ ਪਿੱਛੋਂ ਦਮ ਤੋੜ ਗਿਆ। ਜਿਨ੍ਹਾਂ ਬਗ਼ਾਵਤ ਵਿਚ ਹਿੱਸਾ ਲਿਆ ਸੀ, ਉਨ੍ਹਾਂ ਨੂੰ ਕਾਮਰਾਨ ਬਾਗ਼ ਲਾਗੇ ਦੋਹਾਂ ਪਾਸੇ ਸੂਲੀਆਂ ਗੱਡ ਕੇ ਲਟਕਾ ਦਿੱਤਾ ਗਿਆ। ਖ਼ੁਸਰੋ ਨੂੰ ਇਨ੍ਹਾਂ ਸੂਲੀਆਂ ਵਿਚਕਾਰ ਲੰਘਾਇਆ ਗਿਆ। ਖ਼ੁਸਰੋ ਨੂੰ ਅੰਨ੍ਹਾ ਜ਼ਰੂਰ ਕੀਤਾ ਗਿਆ ਸੀ ਪਰ ਪੂਰੀ ਤਰ੍ਹਾਂ ਨਹੀਂ। ਕੋਈ ਕੌੜਾ ਰਸ ਅੱਖਾਂ ਵਿਚ ਪਾਇਆ ਗਿਆ ਸੀ। ਵਿਲੀਅਮ ਫਿੰਚ ਦਾ ਇਹ ਮੱਤ ਹੈ ਕਿ ਸ਼ੀਸ਼ਾ ਪਿਘਲਾ ਕੇ ਪਾ ਦਿੱਤਾ ਸੀ। ਕਈ ਕਹਿੰਦੇ ਹਨ ਕਿ ਪੱਟੀ ਬੰਨ੍ਹ ਕੇ ਮੁਹਰ-ਬੰਦ ਕੀਤਾ ਗਿਆ ਸੀ। ਪਿੱਛੋਂ ਖੋਲ੍ਹ ਦਿੱਤੀ ਸੀ ਤੇ ਇਹ ਦੇਖਣ ਲੱਗ ਪਿਆ ਸੀ। ਇਸ ਨੂੰ ਰਿਹਾਅ ਕੀਤਾ ਗਿਆ, ਪਰ ਫਿਰ ਕੈਦ ਪਾ ਲਿਆ ਗਿਆ। ਖ਼ੁੱਰਮ (ਸ਼ਾਹਜਹਾਨ) ਦੀ ਹਿਰਾਸਤ ਵਿਚ ਰੱਖਿਆ ਗਿਆ ਅਤੇ ਉਸ ਨੇ ਖ਼ੁਸਰੋ ਨੂੰ ਕਤਲ ਕਰ ਦਿੱਤਾ।

### ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ

ਖ਼ੁਸਰੋ ਦੀ ਬਗ਼ਾਵਤ ਦਾ ਜਹਾਂਗੀਰ ਨੂੰ ਬਹਾਨਾ ਮਿਲ ਗਿਆ ਕਿ ਉਹ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਸਕੇ। ਗੁਰੂ ਜੀ ਦੇ ਵਿਰੋਧੀ ਦੋਖੀਆਂ ਨੇ ਵੀ ਇਸ ਮੌਕੇ ਤੋਂ ਲਾਭ ਉਠਾ ਕੇ ਜਹਾਂਗੀਰ ਦੇ ਕੰਨ ਭਰੇ। ਮੁਰਤਜ਼ਾ ਖ਼ਾਨ ਤਾਂ ਅੱਗੇ ਹੀ ਜਹਾਂਗੀਰ ਨੂੰ ਗ਼ਲਤ ਇਤਲਾਹਾਂ ਦੇ ਚੁੱਕਾ ਸੀ। ਇਹ ਵੀ ਜਹਾਂਗੀਰ ਦੇ ਕੰਨੀਂ ਪਾਇਆ ਗਿਆ ਕਿ ਗੁਰੂ ਅਰਜਨ ਦੇਵ ਜੀ ਨੇ ਖ਼ੁਸਰੋ ਨੂੰ ਅਸ਼ੀਰਵਾਦ ਦਿੱਤੀ ਹੈ, ਤਿਲਕ ਲਗਾਇਆ ਹੈ ਅਤੇ ਸਹਾਇਤਾ ਦਿੱਤੀ ਹੈ। ਜਹਾਂਗੀਰ ਜਿਸ ਦਾ ਮਨ ਤਾਂ ਅੱਗੇ ਹੀ ਗੁਰੂ ਜੀ ਨੂੰ ਸ਼ਹੀਦ ਕਰਨ ਜਾਂ ਮੁਹੰਮਦੀ ਉਮਤਿ ਵਿਚ ਲਿਆਉਣ ਦਾ ਬਣਿਆ ਹੋਇਆ ਸੀ, ਨੇ ਮੁਰਤਜ਼ਾ ਖ਼ਾਨ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਦਾ ਘਰ ਘਾਟ ਜ਼ਬਤ ਕੀਤਾ ਜਾਏ ਤੇ ਉਨ੍ਹਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਏ। ਤੁਜ਼ਿਕ ਦੇ ਸ਼ਬਦ ਹਨ:

ਕਿ ਇਨ੍ਹਾਂ ਦਿਨਾਂ ਵਿਚ ਖ਼ੁਸਰੋ ਉਸ ਰਾਹ ਤੋਂ ਲੰਘਿਆ। ਇਸ ਪੁਰਸ਼ (ਗੁਰੂ ਅਰਜਨ ਜੀ) ਨੇ ਇਰਾਦਾ ਕੀਤਾ ਕਿ ਉਸ (ਖ਼ੁਸਰੋ) ਨੂੰ ਮਿਲੇ। ਉਸ ਪੜਾਅ 'ਤੇ ਜਿੱਥੇ ਉਸ ਦਾ ਟਿਕਾਣਾ ਸੀ, ਖ਼ੁਸਰੋ ਦਾ ਉਤਾਰਾ ਹੋਇਆ। ਆ ਕੇ ਉਸ ਨੂੰ ਦੇਖਿਆ ਤੇ ਮਿਲਿਆ। ਕਈ ਗੱਲਾਂ ਕੀਤੀਆਂ ਤੇ ਕਈ ਮਾਮਲੇ ਪਹੁੰਚਾਏ ਅਤੇ ਉਸ ਦੇ ਮੱਥੇ 'ਤੇ ਆਪਣੀ ਉਂਗਲੀ ਨਾਲ ਕੇਸਰ ਦਾ, ਜਿਸ ਨੂੰ ਹਿੰਦੂ ਕਸ਼ਕਾ (ਤਿਲਕਾ) ਆਖਦੇ ਤੇ ਸ਼ਗਨ ਸਮਝਦੇ ਹਨ,

1. ਇਹ ਚੰਗੇਜ਼ੀ ਦੰਡਾਵਲੀ ਹੈ ਅਤੇ ਇਸੇ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦਿੱਤੇ ਗਏ ਅਤੇ ਸ਼ਹੀਦ ਕੀਤਾ ਗਿਆ ਸੀ।

Sri Satguru Jagjit Singh Ji eLibrary NamdhariElibrary@gmail.com

ਲਗਾਇਆ। ਜਦ ਇਹ ਖ਼ਬਰ ਮੇਰੇ ਕੰਨਾਂ ਤੱਕ ਪੁੱਜੀ, ਮੈਂ ਉਸ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ, ਮੈਂ ਹੁਕਮ ਦਿੱਤਾ ਕਿ ਉਸਨੂੰ ਹਾਜ਼ਰ ਕਰਨ, ਉਸਦੇ ਘਰ ਬਾਰ ਤੇ ਪੁੱਤਰਾਂ ਨੂੰ ਮੁਰਤਜ਼ਾ ਖ਼ਾਨ ਨੇ ਬਖ਼ਸ਼ ਦਿੱਤਾ, ਉਸ ਦੇ ਮਾਲ ਜਾਇਦਾਦ ਨੂੰ ਜ਼ਬਤ ਕਰ ਕੇ ਮੈਂ ਹੁਕਮ ਦਿੱਤਾ ਕਿ ਸ਼ਾਹੀ ਕਾਨੂੰਨ ਅਨੁਸਾਰ ਉਸਨੂੰ (ਯਾਸਾ) ਕਤਲ ਦੀ ਕਰੜੀ ਸਜ਼ਾ ਦਿੱਤੀ ਜਾਏ।[1]

ਇਤਿਹਾਸ ਦੀ ਕਸਵੱਟੀ 'ਤੇ ਪਰਖਿਆ ਜਾਏ ਤਾਂ ਇਹ ਤਿਲਕ ਲਗਾਉਣ ਵਾਲੀ ਗੱਲ, ਮਦਦ ਕਰਨ ਵਾਲੀ ਊਜ ਅਤੇ ਗੁਰੂ ਜੀ ਦੀ ਉਸ ਨੂੰ ਜਾ ਕੇ ਮਿਲਣ ਵਾਲੀ ਵਾਰਤਾ, ਟਿਕ ਨਹੀਂ ਸਕੇਗੀ। ਇਹ ਤਾਂ ਹੋ ਸਕਦਾ ਹੈ ਕਿ ਉਹ ਮਿਲਣ ਆਇਆ ਹੋਵੇ ਤੇ ਲੰਗਰ ਛਕ ਗਿਆ ਹੋਵੇ, ਪਰ ਗੁਰੂ ਜੀ ਦਾ ਮਿਲਣ ਜਾਣਾ ਤਾਂ ਬਿਲਕੁੱਲ ਵਧਾ ਕੇ ਲਿਖੀ ਗੱਲ ਹੈ। ਫਿਰ ਕਈ ਬਾਦਸ਼ਾਹ, ਰਾਜੇ ਗੁਰੂ ਦੇ ਦਰਸ਼ਨਾਂ ਨੂੰ ਆਉਂਦੇ ਰਹੇ ਹਨ। ਕਦੇ ਗੁਰੂ ਸਾਹਿਬਾਨ ਨੇ ਹਿੰਦੂ ਰੀਤੀ ਅਨੁਸਾਰ ਤਿਲਕ ਨਹੀਂ ਲਗਾਇਆ। ਸਿੱਖ ਘਰ ਦੇ ਖ਼ਿਲਾਫ਼ ਤਾਂ ਸ਼ਿਕਾਇਤਾਂ ਹੀ ਇਹ ਹੁੰਦੀਆਂ ਸਨ ਕਿ ਹਿੰਦੂ ਰੀਤੀ ਛੱਡ ਰਿਹਾ ਹੈ। ਗੁਰੂ ਸ਼ਗਨ ਜਾਂ ਅਪ-ਸ਼ਗਨ ਵੀ ਕਦੇ ਮੰਨਦੇ ਨਹੀਂ ਸਨ। ਇਕ ਹੋਰ ਜ਼ਰੂਰੀ ਨੁਕਤਾ ਹੈ ਕਿ ਜਹਾਂਗੀਰ ਖ਼ੁਸਰੋ ਦੇ ਪਿੱਛੇ-ਪਿੱਛੇ ਲਾਹੌਰ ਆ ਰਿਹਾ ਹੈ। ਰਾਹ ਵਿਚ ਜਿੱਥੇ ਕੋਈ ਦੱਸਦਾ ਹੈ ਜਾਂ ਪਤਾ ਲੱਗਦਾ ਹੈ, ਉਸ ਮੁਤਾਬਿਕ ਖ਼ੁਸਰੋ ਦੀ ਮਦਦ ਕਰਨ ਵਾਲਿਆਂ ਨੂੰ ਸਜ਼ਾਵਾਂ ਤੇ ਖ਼ੁਸਰੋ ਨਾਲ ਨਾ ਵਰਤਣ ਵਾਲਿਆਂ ਨੂੰ ਇਨਾਮ ਅਕਰਾਮ ਦੇਈ ਜਾਂਦਾ ਹੈ। ਉਹ ਕਰਨਾਲ 2 ਅਪ੍ਰੈਲ, 1606 ਈਸਵੀ ਨੂੰ ਪੁੱਜਾ। ਉਸ ਤਾਰੀਖ਼ ਹੇਠਾਂ ਜਹਾਂਗੀਰ ਆਪ ਲਿਖਦਾ ਹੈ ਕਿ ਸ਼ੇਖ਼ ਨਜ਼ਾਮ ਥਾਨੇਸਰੀ, ਜੋ ਆਪਣੇ ਸਮੇਂ ਦਾ ਮਸ਼ਹੂਰ ਦੰਭੀ ਹੈ, ਖ਼ੁਸਰੋ ਨੂੰ ਮਿਲਿਆ ਸੀ, ਉਸ ਨੂੰ ਅਸੀਸਾਂ ਦਿੱਤੀਆਂ ਸਨ ਅਤੇ ਖ਼ੁਸਰੋ ਨੂੰ ਹੋਰ ਪੁੱਠੇ ਰਾਹ ਪਾਇਆ ਸੀ। ਉਹ ਹੀ ਦੰਭੀ (ਨਜ਼ਾਮ ਥਾਨੇਸਰੀ) ਹੁਣ ਮੈਨੂੰ ਮਿਲਣ ਆਇਆ। ਚੂੰਕਿ ਮੈਂ ਖ਼ੁਸਰੋ ਨੂੰ ਅਸੀਸਾਂ ਦੇਣ ਵਾਲੀਆਂ ਗੱਲਾਂ ਸੁਣ ਚੁੱਕਾ ਸਾਂ, ਇਸ ਲਈ ਹੋਰ ਤਾਂ ਕੁਝ ਨਾ ਕਿਹਾ ਪਰ ਰਾਹ ਦਾ ਖ਼ਰਚ ਦੇ ਕੇ ਮੱਕੇ ਭੇਜ ਦਿੱਤਾ। ਇਹ ਲਿਖਤ ਹੋਰ ਸਪੱਸ਼ਟ ਕਰਦੀ ਹੈ ਕਿ ਉਸ ਦਾ ਮਨ ਗੁਰੂ ਘਰ ਤੇ ਗੁਰੂ ਅਰਜਨ ਨੂੰ ਮੁਕਾਉਣ ਦਾ ਬਣਿਆ ਹੋਇਆ ਸੀ। ਜਿਸ ਨੇ ਪੁੱਠੇ ਰਾਹ ਪਾਇਆ ਉਸ ਨੂੰ ਤਾਂ ਰਾਹ ਦਾ ਖ਼ਰਚ ਦੇ ਕੇ ਮੱਕੇ ਭੇਜ ਦਿੱਤਾ। ਜੇ ਮੰਨ ਵੀ ਲਈਏ ਕਿ ਲੰਗਰ ਛਕਾਇਆ, ਜਿਵੇਂ ਸਾਡੇ ਇਤਿਹਾਸਕਾਰ ਕਹਿੰਦੇ ਹਨ ਤਾਂ ਉਸ ਦਾ ਘਰ ਘਾਟ ਜ਼ਬਤ, ਤਸੀਹੇ ਤੇ ਕਤਲ।

ਜਹਾਂਗੀਰ 16 ਅਪ੍ਰੈਲ ਨੂੰ ਸਰਾਂ ਕਾਜ਼ੀਵਾਲੀ ਸੀ ਅਤੇ 17 ਨੂੰ ਸੁਲਤਾਨਪੁਰ। ਦੁਪਹਿਰ ਢਲੇ ਉਸ ਬਿਆਸ ਪਾਰ ਕੀਤਾ ਅਤੇ ਗੋਇੰਦਵਾਲ ਤੋਂ ਹੁੰਦਾ ਰਾਤ ਫ਼ਰੀਦ ਦੇ ਖ਼ੇਮੇ ਭੈਰੋਵਾਲ ਰਿਹਾ, ਜਿੱਥੇ ਖੁਸਰੋ ਨੂੰ ਹਾਰ ਹੋਈ ਸੀ। ਸਵੇਰੇ ਤਰਨਤਾਰਨ ਤੋਂ ਲੰਘਿਆ ਤੇ 'ਅਕਵਾਮ ਮੁਖ਼ਤਲਿਫ਼ ਕਸਰਤ ਸੇ ਉਸ (ਗੁਰੂ ਅਰਜਨ ਦੇਵ) ਦੇ ਸੇਵਕ ਡਿੱਠੇ।' 11 ਅਪ੍ਰੈਲ ਤੋਂ 28 ਅਪ੍ਰੈਲ ਤੱਕ ਉਹ ਜੈਪਾਲ (ਝਬਾਲ) ਰਿਹਾ ਤੇ 30 ਨੂੰ ਲਾਹੌਰ ਪੁੱਜਾ। ਅਗਲੇ ਦਿਨ ਪਹਿਲੀ ਮਈ ਖੁਸਰੋ ਤੇ ਉਸ ਦੇ ਸਾਥੀ ਪਕੜ ਪੇਸ਼ ਕੀਤੇ ਗਏ ਅਤੇ ਸਜ਼ਾਵਾਂ ਸੁਣਾਈਆਂ ਗਈਆਂ। ਉਸ ਸਮੇਂ ਤੱਕ ਕੋਈ ਕਨਸੋ ਨਹੀਂ ਕਿ ਗੁਰੂ ਅਰਜਨ ਜੀ ਨੇ

---

1. ਅਨੁਵਾਦਕ ਭਾਈ ਵੀਰ ਸਿੰਘ, ਅਸ਼ਟ ਗੁਰੂ ਚਮਤਕਾਰ, ਭਾਗ 2, ਪੰਨਾ 89-90

Sri Satguru Jagjit Singh Ji eLibrary NamdhariElibrary@gmail.com

ਖ਼ੁਸਰੋ ਦੀ ਸਹਾਇਤਾ ਕੀਤੀ ਹੈ ਪਰ ਅਚਾਨਕ 20 ਮਈ ਨੂੰ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਜਾਂਦੇ ਹਨ ਅਤੇ 22 ਮਈ ਨੂੰ ਸ੍ਰੀ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤੇ ਜਾਂਦੇ ਹਨ। ਨਾ ਪੁੱਛ ਨਾ ਪੜਤਾਲ, ਨਾ ਦਲੀਲ ਤੇ ਨਾ ਅਪੀਲ। ਫਿਰ ਤਸੀਹੇ ਦੇ ਕੇ 30 ਮਈ ਨੂੰ ਬੱਧੇ ਹੋਏ ਹੀ ਦਰਿਆ ਰਾਵੀ ਵਿਚ ਰੋੜ੍ਹ, ਸ਼ਹੀਦ ਕਰ ਦਿੱਤਾ ਜਾਂਦਾ ਹੈ। ਜਹਾਂਗੀਰ ਇਹ ਸਾਰੀ ਘਟਨਾ ਆਪਣੀ ਤੁਜ਼ਿਕ ਵਿਚ 19 ਜੂਨ, 1606 ਈ: ਦੀ ਤਾਰੀਖ਼ ਹੇਠ ਦਰਜ ਕਰਦਾ ਹੈ। ਬਸ ਜਹਾਂਗੀਰ ਨੂੰ ਇਕੋ ਪੀੜ ਕਿ ਮੁਸਲਮਾਨ ਗੁਰੂ ਅਰਜਨ ਦੇਵ ਜੀ ਦੇ ਕਿਉਂ ਸੇਵਕ ਬਣ ਰਹੇ ਹਨ ਅਤੇ ਵੱਖ-ਵੱਖ ਕੌਮਾਂ ਦੇ ਲੋਕ ਗੁਰੂ ਘਰ ਨਾਲ ਅਥਾਹ ਪਿਆਰ ਤੇ ਅਗਾਧ ਸ਼ਰਧਾ ਕਿਉਂ ਪ੍ਰਗਟਾ ਰਹੇ ਹਨ। ਉਮਦਹ-ਤ-ਤ੍ਵਾਰੀਖ ਦੇ ਦਫ਼ਤਰ ਅੱਵਲ, ਪੰਨਾ 34 'ਤੇ ਵੀ ਇਹ ਲਿਖਿਆ ਹੈ ਕਿ 'ਜਹਾਂਗੀਰ ਨੂੰ ਇਹ ਚੁੱਕ ਦਿੱਤੀ ਕਿ ਗੁਰੂ ਅਰਜਨ ਨਾਮ ਦੇ ਇਕ ਆਦਮੀ ਨੇ ਹਿੰਦੂ ਤੇ ਮੁਸਲਮਾਨਾਂ ਵਿਚ ਇਕ ਤੀਜਾ ਫ਼ਿਰਕਾ ਬਣਾਇਆ ਹੈ। ਇਸਲਾਮ ਦੇ ਕਈ ਤਰੀਕਿਆਂ ਨੂੰ ਮਿਟਾ ਕੇ ਇਸਲਾਮੀ ਰੁਕਨਾਂ ਵਿਚ ਭਾਰੀ ਵਿਰੋਧ ਤੇ ਖ਼ਲਲ ਪਾ ਦਿੱਤੇ ਹਨ। (ਖ਼ੱਲਲੇ ਅਜ਼ੀਮ ਰਾਹਯਾਬ ਰਾਸ਼ਤਹ)। ਹਰ ਰੋਜ਼ ਕੁਛ ਹਿੰਦੂ ਆਦਿਕਾਂ ਵਿਚੋਂ ਉਪ੍ਰੋਕਤ ਗੁਰੂ ਦੀ ਤਾਬਿਆਦਾਰੀ ਦੀ ਰੱਸੀ ਆਪਣੀ ਜਾਨ ਦੀ ਗਰਦਨ ਵਿਚ ਪਾ ਰਹੇ ਹਨ (ਸਿੱਖ ਬਣ ਰਹੇ ਹਨ) ਜੇ ਕਦੇ ਬਾਦਸ਼ਾਹ ਹਜ਼ੂਰ ਇਸ ਦਾ ਬੰਦੋਬਸਤ ਕਰਨ ਤਾਂ ਚੰਗਾ ਹੈ, ਨਹੀਂ ਤਾਂ ਇਸ ਤੋਂ ਪਿੱਛੋਂ ਥੋੜ੍ਹਾ ਸਮਾਂ ਗੁਜ਼ਰ ਜਾਣ 'ਤੇ ਸਲਤਨਤ ਤੇ ਇਸਲਾਮ ਦਾ ਕੰਮ ਢਹਿ-ਢੇਰੀ ਹੋ ਜਾਇਗਾ।'

ਗੁਰੂ ਜੀ ਵੀ ਜਾਣਦੇ ਸਨ ਕਿ ਅੱਗੋਂ ਕੀ ਹੋਣ ਵਾਲਾ ਹੈ। ਜਹਾਂਗੀਰ ਦੇ ਖ਼ਿਆਲਾਂ ਦੀ

**ਗੁਰੂ ਹਰਿਗੋਬਿੰਦ ਜੀ ਨੂੰ ਗੁਰਗੱਦੀ**

ਸਰੋਤ ਉਨ੍ਹਾਂ ਤੱਕ ਪੁੱਜ ਰਹੀ ਸੀ। ਉਹ ਜਾਣਦੇ ਸਨ ਕਿ ਟੱਕਰ ਅਵੱਸ਼ ਹੈ ਅਤੇ 'ਸਰੀਰ ਹੈ ਛੁਟਣਾ ਸੰਸਾ ਨਹੀਂ ਕੋਈ।' ਇਸ ਲਈ ਉਨ੍ਹਾਂ ਸਭ ਮੁਖੀ ਸਿੱਖਾਂ, ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰਨਾਂ ਨੂੰ ਬੁਲਾ ਲਿਆ ਅਤੇ ਗੁਰਗੱਦੀ ਦੀ ਜ਼ਿੰਮੇਵਾਰੀ 15 ਮਈ, 1606 ਈ: ਨੂੰ ਗੁਰੂ ਹਰਿਗੋਬਿੰਦ ਜੀ ਨੂੰ ਸੌਂਪੀ। ਇਕ ਰਵਾਇਤ ਅਨੁਸਾਰ ਬਾਬਾ ਬੁੱਢਾ ਜੀ ਨੇ ਤਿਲਕ ਲਗਾਇਆ। ਗੁਰੂ ਅਰਜਨ ਜੀ ਨੇ ਉਸ ਵੇਲੇ ਇਹ ਆਗਿਆ ਵੀ ਕੀਤੀ ਕਿ ਉਨ੍ਹਾਂ ਦਾ ਤੁਰਕਾਂ ਵਿਚ ਜਾਣਾ ਹੋਇਆ ਤੇ ਉਨ੍ਹਾਂ ਹੁੱਜਤ ਕਰਨੀ ਹੈ, ਸਾਡਾ ਸੀਸ ਲੱਗੇਗਾ, ਤੁਸੀਂ ਦੁਆਬੇ ਵਿਚ ਚਲੇ ਜਾਣਾ। ਸੋ ਬਾਲ ਬੱਚੇ ਗ੍ਰਿਫ਼ਤਾਰ ਕਰਨ ਵਾਲਾ ਹੁਕਮ ਬਜਾ ਨਾ ਲਿਜਾਇਆ ਜਾ ਸਕਿਆ। ਸੀ. ਐੱਚ. ਪੇਨ ਦੇ ਲਿਖੇ ਅਨੁਸਾਰ ਇਹ ਹੁਕਮ ਵੀ ਕੀਤਾ ਕਿ ਸਿੱਖ ਸੇਵਕਾਂ ਦਾ, ਬਗ਼ੈਰ ਸ਼ਸਤਰ ਅਪਣਾਏ ਬਣੇ ਰਹਿਣਾ ਕਠਿਨ ਹੈ। ਗੁਰੂ ਹਰਿਗੋਬਿੰਦ ਜੀ ਨੂੰ ਸਪੱਸ਼ਟ ਆਗਿਆ ਵਜੋਂ ਕਿਹਾ ਸੀ :

ਬੇਟਾ, ਕਰੜੇ ਸਮੇਂ ਆ ਰਹੇ ਹਨ। ਬਦੀ ਦੀਆਂ ਤਾਕਤਾਂ ਆਪਣਾ ਮੂੰਹ ਖੋਲ੍ਹੀ ਮਨੁੱਖ ਦੇ ਮੁੱਢਲੇ ਹੱਕਾਂ ਦੇ ਖੋਹਣ ਦੇ ਆਹਰ ਵਿਚ ਲੱਗੀਆਂ ਹਨ। ਗੁਰੂ ਨਾਨਕ ਦਾ ਘਰ ਸੱਚ, ਪ੍ਰੇਮ, ਅਣਖ ਅਤੇ ਆਜ਼ਾਦੀ ਦਾ ਰਾਖਾ ਰਿਹਾ ਹੈ। ਲੋਕਾਂ ਨੂੰ ਬੰਧਨਾਂ ਤੋਂ ਛੁਡਵਾਉਣ ਦਾ ਕਾਰਜ ਅਸਾਂ ਪੂਰੇ ਅਮਨ ਤੇ ਸ਼ਾਂਤਮਈ ਢੰਗ ਨਾਲ ਕੀਤਾ ਹੈ, ਪਰ ਹੁਣ ਸਮੇਂ ਹੋਰ ਆ ਗਏ ਹਨ। ਆਪਣੇ ਕੀਤੇ ਅੱਤਿਆਚਾਰਾਂ ਨੂੰ ਵੇਖ-ਵੇਖ ਕੇ ਮੁਗ਼ਲਾਂ ਦੀ ਆਤਮਾ ਆਪਣਾ

Sri Satguru Jagjit Singh Ji eLibrary NamdhariElibrary@gmail.com

ਮਨੁੱਖੀ ਸਰੂਪ ਤੇ ਸੁਭਾਅ ਗਵਾ ਬੈਠੀ ਹੈ। ਹੋ ਸਕਦਾ ਹੈ ਕਿ ਇਸ ਨੂੰ ਜਗਾਇਆ ਜਾ ਸਕੇ ਅਤੇ ਇਸ ਦੇ ਦਬਾ-ਦਬ ਉੱਡ ਰਹੇ ਮਨੁੱਖੀ ਸੁਭਾਅ ਨੂੰ ਫਿਰ ਕਾਇਮ ਕੀਤਾ ਜਾ ਸਕੇ। ਇਨ੍ਹਾਂ ਮੁਗਲਾਂ ਦੀ ਆਤਮਾ ਪਸ਼ੂ ਵਾਂਗਰ ਹੋ ਗਈ ਹੈ। ਸ਼ਾਇਦ ਅਜੇ ਵੀ ਇਨਸਾਨੀ ਜਾਮੇ ਵਿਚ ਆ ਸਕੇ। ਮੈਂ ਜਾਂਦਾ ਹਾਂ ਅਤੇ ਜਹਾਂਗੀਰ ਨੂੰ ਜਾ ਕੇ ਦੱਸਦਾ ਹਾਂ ਕਿ ਇਕ ਪਾਸੇ ਉਸ ਦੇ ਹੁਕਮ ਨਾਲ ਕੀ-ਕੀ ਅੱਤਿਆਚਾਰ ਹੋ ਸਕਦੇ ਹਨ ਅਤੇ ਦੂਜੇ ਪਾਸੇ ਰੱਬ ਤੇ ਰੱਬ ਦੇ ਬੰਦਿਆਂ ਦੇ ਪਿਆਰ ਦੀ ਖ਼ਾਤਰ ਕੀ-ਕੀ ਤਸੀਹੇ ਝੱਲੇ ਜਾ ਸਕਦੇ ਹਨ। ਸ਼ਾਇਦ ਕੀਤੀ ਦਾ ਨਜ਼ਾਰਾ ਦੇਖ ਕੇ ਮੁਗ਼ਲਾਂ ਦੀ ਆਤਮਾ ਜਾਗ ਪਵੇ। ਪਰ ਜੇ ਸ਼ਾਂਤਮਈ ਰਹਿ ਕੇ, ਸਰੀਰਕ ਦੁੱਖ ਝੱਲਣ ਦਾ ਤਰੀਕਾ ਕਾਮਯਾਬ ਨਾ ਹੋਇਆ ਤਾਂ ਸਮਝ ਲੈਣਾ ਕਿ ਮੁਗ਼ਲਾਂ ਦੀ ਆਤਮਾ ਪੂਰਨ ਤੌਰ 'ਤੇ ਮਨੁੱਖੀ ਸੁਭਾਅ ਛੱਡ ਚੁੱਕੀ ਹੈ ਅਤੇ ਪਸ਼ੂ ਭਾਵ ਵਿਚ ਟੁਰ ਗਈ ਹੈ। ਫਿਰ ਇਨ੍ਹਾਂ ਦੀ ਆਤਮਾ ਨੂੰ ਮਨੁੱਖੀ ਸੁਭਾਅ ਵਿਚ ਵਟਾਉਣ ਦੀ ਖ਼ਾਤਰ ਦੁੱਖ ਝੱਲਣੇ ਇਤਨੇ ਹੀ ਬੇਅਰਥ ਹੋਣਗੇ ਜਿਤਨੇ ਕਿ ਸਿੰਙਾਂ ਵਾਲੇ ਜੰਗਲੀ ਜਾਨਵਰ ਅੱਗੇ ਲੰਮੇ ਪੈ ਕੇ ਉਸ ਦਾ ਪਸ਼ੂ ਸੁਭਾਅ ਵਟਾਉਣ ਦਾ ਯਤਨ ਬੇਅਰਥ ਹੁੰਦਾ ਹੈ। ਸਮਾਂ ਆ ਰਿਹਾ ਹੈ ਕਿ ਭਲਾਈ ਤੇ ਬਦੀ ਦੀਆਂ ਤਾਕਤਾਂ ਦੀ ਮੁੱਠ-ਭੇੜ ਹੋਵੇਗੀ। ਇਸ ਲਈ ਕਮਰ-ਕੱਸੇ ਕਰ ਲਵੋ। ਆਪ ਸ਼ਸਤ੍ਰ ਪਹਿਨੋ ਅਤੇ ਸਿੱਖਾਂ ਨੂੰ ਵੀ ਐਸਾ ਕਰਨ ਦੀ ਪ੍ਰੇਰਨਾ ਕਰੋ। ਜ਼ਾਲਮਾਂ ਨਾਲ ਡਟ ਕੇ ਜੂਝੋ ਅਤੇ ਤਦ ਤੱਕ ਡਟੇ ਰਹਿਣਾ ਜਦ ਤੱਕ ਇਹ ਸੁਧਰ ਨਾ ਜਾਣ ਜਾਂ ਮੁੱਕ ਨਾ ਜਾਣ। ਸਮਕਾਲੀ ਢਾਡੀਆਂ ਨੱਥਾ ਮੱਲ ਤੇ ਅਬਦੁਲ ਨੇ ਜੋ ਤਖ਼ਤ ਨਸ਼ੀਨੀ ਦੀ ਵਾਰ ਗਾਈ ਹੈ ਉਹ ਵੀ ਇਸੇ ਗੱਲ ਦਾ ਸੰਕੇਤ ਕਰਦੀ ਹੈ। ਵਾਰ ਦੀ ਪਉੜੀ ਸੀ :

**ਦੋ ਤਲਵਾਰੀਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।**
**ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ।**
**ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ਼ ਬਖ਼ੀਰ ਜੀ।**
**ਨਾਲ ਸਿਪਾਹੀ ਨੀਲ ਨਾਲ, ਮਾਰ ਦੁਸ਼ਟਾਂ ਕਰੇ ਤ.ਗੀਰ ਜੀ।**
**ਪੱਗ ਤੇਰੀ ਕੀ ਜਹਾਂਗੀਰ ਦੀ।**

ਮਾਤਾ ਗੰਗਾ ਜੀ ਨੂੰ ਉਚੇਚਾ ਸੰਬੋਧਨ ਕਰ ਕੇ ਕਿਹਾ : ਇਹ ਦੇਹੀ ਸਦਾ ਨਹੀਂ ਰਹਿਣੀ, ਇਸ ਲਈ ਕੋਈ ਵੀ ਸੂਝਵਾਨ ਇਸ ਨਾਲ ਪਿਆਰ ਨਹੀਂ ਕਰ ਸਕਦਾ। ਜੋ ਉਪਜਿਆ ਹੈ ਉਸ ਬਿਨਸ ਜਾਣਾ ਹੈ। ਦੇਹੀ ਨਾਲ ਪ੍ਰੀਤ ਕਰਨੀ ਭੁੱਲ ਹੈ। ਤੁਸਾਂ ਸਾਡੇ ਪਿੱਛੇ ਕੋਈ ਸੋਗ ਨਹੀਂ ਕਰਨਾ। ਆਪਣੇ ਸਰੀਰ ਨਾਲੋਂ ਆਪਣੀ ਆਤਮਾ ਨੂੰ ਵਿਛੋੜਨ ਦਾ ਆਪ ਨੇ ਜਤਨ ਨਹੀਂ ਕਰਨਾ।

ਗੁਰੂ ਅਰਜਨ ਦੇਵ ਨੂੰ ਜੀ 22 ਮਈ, 1606 ਈ: ਨੂੰ ਸ੍ਰੀ ਅੰਮ੍ਰਿਤਸਰ ਤੋਂ ਹੀ ਮੁਰਤਜ਼ਾ ਖ਼ਾਨ ਨੇ ਗ੍ਰਿਫ਼ਤਾਰ ਕੀਤਾ। ਗੁਰੂ ਹੁਕਮ ਅਨੁਸਾਰ ਗੁਰੂ ਹਰਿਗੋਬਿੰਦ ਜੀ ਡੱਲਾ (ਦੁਆਬਾ) ਚਲੇ ਗਏ ਸਨ। ਗੁਰੂ ਅਰਜਨ ਜੀ ਨਾਲ ਉਸ ਸਮੇਂ ਪੰਜ ਪ੍ਰਸਿੱਧ ਸਿੱਖ ਚੌਧਰੀ ਲੰਘਾਹਾ, ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਜੇਠਾ ਅਤੇ ਭਾਈ ਪਿਰਾਣਾ ਜੀ ਆਪੂੰ ਹੀ ਚੱਲ ਪਏ। ਇਨ੍ਹਾਂ ਸਿੱਖਾਂ ਨੂੰ ਗੁਰੂ ਜੀ ਨੇ ਆਪ ਹੀ ਲਾਹੌਰ ਤੋਂ ਮੁੜਨ ਦਾ ਹੁਕਮ ਦੇ ਦਿੱਤਾ ਸੀ ਅਤੇ ਗੁਰੂ ਹਰਿਗੋਬਿੰਦ ਜੀ ਦੀ ਸ਼ਰਨ ਜਾਣ ਲਈ ਕਿਹਾ ਸੀ।

**ਸ਼ਹੀਦੀ ਬੱਧੇ ਹੋਏ ਹੀ ਦਿੱਤੇ ਨਦੀ ਰੁੜ੍ਹਾਇ**—ਗੁਰੂ ਅਰਜਨ ਦੇਵ ਜੀ ਨੂੰ ਲਾਹੌਰ

Sri Satguru Jagjit Singh Ji eLibrary NamdhariElibrary@gmail.com

ਜਹਾਂਗੀਰ ਦੇ ਦਰਬਾਰ ਪੇਸ਼ ਕੀਤਾ ਗਿਆ। ਬੰਸਾਵਲੀ-ਨਾਮਾ ਦੇ ਸ਼ਬਦਾਂ ਵਿਚ :

**ਸਾਹਿਬ ਟੇਕ ਮੱਥਾ (ਅੰਮ੍ਰਿਤਸਰ ਤੋਂ) ਵਿਦਿਆ ਹੋਇ ਗਏ।**
**ਦੁਸ਼ਤ ਚਉਕੜ ਵਿਚਿ ਆਵਤ ਭਏ।**
**ਜਵਾਬ ਸਵਾਲ ਬਹੁਤਾ ਹੀ ਹੋਇਆ।**
**ਭਏ ਕੈਦ, ਸੂਮ ਪਾਇਆ, ਸੁਖ ਸਭ ਖੋਇਆ।**

ਮਹਾਰਾਜ ਨੇ ਹਰ ਉਠਾਏ ਸਵਾਲ ਦਾ ਇਹ ਉੱਤਰ ਦਿੱਤਾ ਕਿ ਉਹ ਉਨ੍ਹਾਂ ਦੇ ਕਿਸੇ ਵਰਤਾਉ ਤੋਂ ਭੈਅ ਨਹੀਂ ਖਾਂਦੇ, ਇਹ ਸਭ ਭਾਣੇ ਵਿਚ ਹੀ ਹੋ ਰਿਹਾ ਹੈ। ਇਹ ਕਸ਼ਟ, ਜਿਨ੍ਹਾਂ ਦਾ ਬਾਰ-ਬਾਰ ਡਰਾਵਾ ਦਿੱਤਾ ਜਾ ਰਿਹਾ ਹੈ, ਸਗੋਂ ਅਨੰਦ ਦੇਂਦੇ ਹਨ। ਖ਼ੁਸਰੋ ਨੂੰ ਪ੍ਰਸ਼ਾਦ ਛਕਾਉਣ ਦੀ ਗੱਲ ਕਹੀ ਜਾ ਰਹੀ ਹੈ, ਇਹ ਉਹ ਹੀ ਲੰਗਰ ਹੈ ਜਿੱਥੇ ਤੇਰਾ ਪਿਤਾ ਖਾ ਗਿਆ ਤੇ ਜੇ ਅੱਜ ਤੇਰਾ ਪੁੱਤਰ ਖਾ ਗਿਆ ਤਾਂ ਕਿਹੜੀ ਆਫ਼ਤ ਆ ਗਈ। ਜਹਾਂਗੀਰ ਨੇ ਜਦ ਗੁਰੂ ਗ੍ਰੰਥ ਸਾਹਿਬ ਵਿਚ ਮੁਹੰਮਦ ਸਾਹਿਬ ਦੀ ਉਸਤਤ ਦੇ ਕੁਝ ਸ਼ਬਦ ਪਾਉਣ ਲਈ ਕਿਹਾ ਤਾਂ ਆਪ ਜੀ ਨੇ ਕਿਹਾ ਕਿ ਇਹ ਕਦਾਚਿਤ ਨਹੀਂ ਹੋ ਸਕਦਾ। ਇਹ 'ਧੁਰ ਕੀ ਬਾਣੀ' ਹੈ। ਇਸ ਵਿਚ ਰਲਾ ਕੋਈ ਵੀ ਨਹੀਂ ਪਾ ਸਕਦਾ। ਸੱਚ-ਸੱਚ ਹੈ ਅਤੇ ਕਦੇ ਬਦਲਿਆ ਨਹੀਂ। ਫਿਰ ਮੈਕਾਲਫ਼ ਕਹਿੰਦਾ ਹੈ ਕਿ ਰਿਸ਼ਤਾ ਮੋੜਨ ਵਾਲੀ ਗੱਲ ਕਹੀ ਗਈ ਤਾਂ ਆਪ ਜੀ ਨੇ ਇਹ ਬਚਨ ਹੀ ਕਹੇ :

**ਸੁਤ ਤ੍ਰਿਯ ਧਨ ਤਨ ਆਦਿ ਸਭ ਤਜਿਤ ਨ ਲਾਵੋ ਦੇਰਿ।**
**ਸਿਖ ਬਚਨ ਕੋ ਤਿਆਗਬੋ, ਤਉ ਨ ਹਮ ਤੇ ਹੇਰਿ।**

ਆਖ਼ਿਰ ਮੁਹੰਮਦੀ ਉਮਤਿ ਵਿਚ ਦਾਖ਼ਲ ਹੋਣ ਲਈ ਜਦ ਕਿਹਾ ਤਾਂ ਆਪ ਜੀ ਦਾ ਕਹਿਣਾ ਸੀ ਕਿ ਇਹ ਸਰੀਰ ਤਾਂ ਨਾਸ਼ਵੰਤ ਹੈ। ਸਾਡਾ ਮੂਲ ਮੰਤਰ ਸੱਚ ਦਾ ਪ੍ਰਕਾਸ਼ ਕਰਨਾ ਹੈ ਅਤੇ ਝੂਠ ਦਾ ਨਾਸ਼ ਕਰਨਾ ਅਤੇ ਜੇ ਇਸੇ ਮਨੋਰਥ ਨੂੰ ਪੂਰਿਆਂ ਕਰਦਿਆਂ ਇਹ ਖ਼ਾਕੀ ਸਰੀਰ ਜਾਂਦਾ ਹੈ ਤਾਂ ਅਸੀਂ ਚੰਗੇ ਭਾਗ ਸਮਝਾਂਗੇ।

ਜੁਰਮਾਨੇ ਦੀ ਗੱਲ ਮੁਹਸਨ ਫ਼ਾਨੀ ਨੇ ਕਿਧਰੋਂ ਬਾਹਰੋਂ ਸੁਣ ਕੇ ਹੀ ਲਿਖੀ ਹੈ। ਪ੍ਰਤੀਤ ਇਹ ਹੀ ਹੁੰਦਾ ਹੈ ਕਿ ਬਾਹਰ ਅਦਲ ਦਾ ਢੰਡੋਰਾ ਦੇਣ ਵਾਲੇ ਜਹਾਂਗੀਰ ਨੇ ਇਹ ਫੈਲਾਇਆ ਹੋਵੇਗਾ ਕਿ ਗੁਰੂ ਨੇ ਬਗ਼ਾਵਤ ਵਿਚ ਹਿੱਸਾ ਲਿਆ ਸੀ ਅਤੇ ਇਸ ਲਈ ਜੁਰਮਾਨਾ ਕੀਤਾ ਗਿਆ। ਜੁਰਮਾਨਾ ਉਨ੍ਹਾਂ ਤਾਰਿਆ ਨਹੀਂ, ਸੋ ਸ਼ਹੀਦ ਕੀਤੇ ਗਏ।

ਮੁਹਸਨ ਫ਼ਾਨੀ ਦੇ ਸ਼ਬਦ ਹਨ : 'ਗੁਰੂ ਅਰਜਨ ਨੇ ਬਾਦਸ਼ਾਹ ਦੇ ਪੁੱਤਰ ਖ਼ੁਸਰੋ ਨੂੰ, ਜਿਸ ਨੇ ਬਾਪ ਵਿਰੁੱਧ ਬਗ਼ਾਵਤ ਕੀਤੀ ਸੀ, ਅਸ਼ੀਰਵਾਦ ਦਿੱਤੀ। ਜਦ ਖ਼ੁਸਰੋ ਪਕੜਿਆ ਗਿਆ ਤਾਂ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਜੀ ਨੂੰ ਸਜ਼ਾ ਦਿੱਤੀ ਤੇ ਭਾਰੀ ਜੁਰਮਾਨਾ ਕੀਤਾ। ਗੁਰੂ ਜੀ ਨੇ ਉਹ ਜੁਰਮਾਨਾ ਨਾ ਭਰਿਆ। ਉਸ ਕਾਰਨ ਗੁਰੂ ਜੀ ਨੂੰ ਲਾਹੌਰ ਕੈਦ ਕੀਤਾ ਗਿਆ ਅਤੇ ਜਿੱਥੇ ਗਰਮੀ ਤੇ ਤਸੀਹਿਆਂ ਕਾਰਨ ਉਹ ਸ਼ਹੀਦ ਹੋਏ।' ਇਕ ਹੋਰ ਗੱਲ, ਇਹ ਭੁਲੇਖਾ ਤੁਜ਼ਿਕ ਦੇ ਉਸ ਅਗਲੇ ਪੈਰੇ ਤੋਂ ਲਗਦਾ ਹੈ ਜੋ ਗੁਰੂ ਜੀ ਨੂੰ ਸ਼ਹੀਦ ਕਰਨ ਦੇ ਹੁਕਮ ਬਾਅਦ ਲਿਖਿਆ ਗਿਆ। ਇਹ ਜੁਰਮਾਨਾ ਅੰਬਾ ਨਾਮੀ ਇਕ ਹੋਰ ਸ਼ਖ਼ਸ 'ਤੇ ਕੀਤਾ ਗਿਆ ਸੀ ਜਿਸ ਦੇ ਇਕ ਸਾਥੀ ਰਾਜੂ ਨੂੰ ਫਾਂਸੀ ਦਿੱਤੀ ਗਈ। ਇਹ ਅੰਬਾ ਕੋਈ ਪ੍ਰਸਿੱਧ ਵਿਅਕਤੀ ਨਹੀਂ ਸੀ ਪਰ ਬਾਦਸ਼ਾਹ ਦਾ ਉਨ੍ਹਾਂ ਦੋਵਾਂ ਦੀ ਸਜ਼ਾ ਸਬੰਧੀ ਹੁਕਮ,

Sri Satguru Jagjit Singh Ji eLibrary NamdhariElibrary@gmail.com

ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਨਾਲ ਹੀ ਇਕੋ ਫ਼ਿਕਰੇ ਵਿਚ ਲਿਖਣ ਨਾਲ ਭੁਲੇਖਾ ਪਿਆ ਤੇ ਮੁਹਸਨ ਫ਼ਾਨੀ ਉਸੇ ਭੁਲੇਖੇ ਵਿਚ ਉਹ ਸਭ ਕੁਝ ਲਿਖ ਗਿਆ। ਫਿਰ ਅੰਬਾ ਨੂੰ ਜੁਰਮਾਨਾ ਦੋ ਲੱਖ ਹੀ ਹੋਇਆ ਸੀ ਤੇ ਜਹਾਂਗੀਰ ਨੇ ਇਕ ਲੱਖ ਪੰਝੀ ਹਜ਼ਾਰ ਦੀ ਵਸੂਲੀ ਦਾ ਵੀ ਜ਼ਿਕਰ ਕੀਤਾ ਹੈ।

ਮੁਹਸਨ ਫ਼ਾਨੀ ਦੀ ਲਿਖਤ ਨੂੰ ਲੈ ਕੇ ਸਰ ਜਾਦੂ ਨਾਥ ਸਰਕਾਰ ਨੇ ਬਹੁਤ ਗ਼ਲਤ ਸਿੱਟੇ ਕੱਢੇ। ਉਸ ਦਾ ਇਹ ਲਿਖਣਾ ਕਿ ਗੁਰੂ ਅਰਜਨ ਸਾਹਿਬ ਨੂੰ ਇਹ ਰਵਾਇਤੀ ਸਜ਼ਾ ਰਾਜਸੀ ਅਪਰਾਧਾਂ ਕਾਰਨ ਮਿਲੀ ਅਤੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਕੋਈ ਵੱਖਰੀ ਜਾਂ ਅਸਾਧਾਰਣ ਗੱਲ ਨਹੀਂ ਸੀ, ਕਿਉਂਕਿ ਉਨ੍ਹਾਂ ਦਿਨਾਂ ਵਿਚ ਜੁਰਮਾਨਾ ਜਾਂ ਮਾਲੀਆ ਨਾ ਤਾਰਨ ਵਾਲਿਆਂ ਨੂੰ ਇਹੋ ਜਿਹੀਆਂ ਸਜ਼ਾਵਾਂ ਦਿੱਤੀਆਂ ਹੀ ਜਾਂਦੀਆਂ ਸਨ। ਜਾਦੂ ਨਾਥ, ਜੋ ਆਪਣੇ ਤਵਾਰੀਖ਼ੀ ਸਿੱਟੇ ਸਦਾ ਸਮਕਾਲੀ ਸੋਮਿਆਂ ਤੋਂ ਕੱਢਦਾ ਹੈ, ਇੱਥੇ ਬਹੁਤ ਵੱਡੀ ਚੂਕ ਖਾ ਗਿਆ। ਜੇ ਗੁਰੂ ਅਰਜਨ ਦੇਵ ਜੀ ਨੂੰ ਜੁਰਮਾਨਾ ਹੋਇਆ ਹੁੰਦਾ ਤਾਂ ਜਹਾਂਗੀਰ ਜ਼ਰੂਰ ਜ਼ਿਕਰ ਕਰਦਾ। ਜੇ ਉਹ ਅੰਬਾ 'ਤੇ ਕੀਤੇ ਜੁਰਮਾਨੇ ਦਾ ਵਰਣਨ ਕਰ ਸਕਦਾ ਹੈ ਤਾਂ ਇੱਥੇ ਵੀ ਉਹ ਕਰਦਾ। ਜਾਦੂ ਨਾਥ ਸਰਕਾਰ ਦਾ ਐਸਾ ਲਿਖਣਾ ਇਤਿਹਾਸ ਨਾਲ ਬੇਇਨਸਾਫ਼ੀ ਤੇ ਸੱਚ ਸੂਝ ਤੋਂ ਪਰ੍ਹੇ ਹਟਣ ਵਾਲੀ ਗੱਲ ਹੈ। ਇੰਦੂ ਭੂਸ਼ਨ ਬੈਨਰਜੀ ਨੇ ਠੀਕ ਲਿਖਿਆ ਹੈ ਕਿ ਐਸਾ ਸਿੱਟਾ ਕੱਢਣਾ 'ਮਤਿ ਦਾ ਪਤਿਤਪੁਣਾ' (ਪਰਵੈਰਸਟੀ ਔਫ਼ ਜਜਮੈਂਟ) ਹੈ। ਬੈਨਰਜੀ ਲਿਖਦਾ ਹੈ : 'ਮੇਰੀ ਨਜ਼ਰ ਵਿਚ ਗੁਰੂ ਅਰਜਨ ਦੇਵ ਜੀ ਨੂੰ ਮਾਮਲਾ ਤਾਰਨ ਦੀ ਸਮਰੱਥਾ ਜਾਂ ਜਾਣ-ਬੁੱਝ ਕੇ ਨਾ ਤਾਰਨ ਕਰ ਕੇ ਸ਼ਹੀਦ ਕੀਤੇ ਜਾਣ ਨੂੰ ਉਸ ਵੇਲੇ ਰਿਵਾਜ ਅਨੁਸਾਰ ਠੀਕ ਸਮਝਣਾ ਅਤੇ ਹੋਰ ਸਾਰੇ ਕਾਰਨਾਂ ਵੱਲ ਧਿਆਨ ਨਾ ਦੇਣਾ, ਜੋ ਸ਼ਹਾਦਤ ਕਰਾਉਣ ਵਿਚ ਸਹਾਇਕ ਹੋਏ, ਸੱਚ ਨੂੰ ਝੂਠ ਬਣਾ ਕੇ ਪੇਸ਼ ਕਰਨ ਸਮਾਨ ਹੈ, ਸੋ ਕਿਸੇ ਵੀ ਇਤਿਹਾਸਕਾਰ ਨੂੰ ਖਿਮਾ ਨਹੀਂ ਕੀਤਾ ਜਾ ਸਕਦਾ।' ਜਹਾਂਗੀਰ ਨੂੰ ਸੱਚਾ ਪਾਤਸ਼ਾਹ, ਗੱਦੀ, ਤਖ਼ਤ ਅਤੇ ਸੰਗਤ ਦੇ ਸ਼ਬਦਾਂ ਵਿਚੋਂ ਬਗ਼ਾਵਤ ਦੀ ਬੂ ਆ ਰਹੀ ਸੀ।

ਪਹਿਲਾਂ ਬਾਹਰ ਜੇਠ ਹਾੜ ਦੀ ਤਪੀ ਰੇਤ ਵਿਚ ਬਿਠਲਾ ਤਸੀਹੇ ਦਿੱਤੇ ਗਏ। ਦੁੱਖ ਸਹਾਰਦੇ ਰਹੇ ਪਰ ਮੁੱਖ ਤੋਂ ਇਹ ਹੀ ਉਚਾਰਦੇ ਰਹੇ :

**ਏਕਾ ਨਿਰਭਉ ਬਾਤ ਸੁਨੀ।**
**ਸੋ ਸੁਖੀਆ ਸੋ ਸਦਾ ਸੁਹੇਲਾ**
**ਜੋ ਗੁਰ ਮਿਲਿ ਗਾਇ ਗੁਨੀ।**[1]

'ਇਹ ਸਾਕਾ ਹੁੰਦਾ ਸੁਣ ਮੀਆਂ ਮੀਰ ਜੀ ਭੱਜੇ ਆਏ। ਜਹਾਂਗੀਰ ਨੂੰ ਕਿਹਾ ਪਰ ਉਸ ਅੱਖਾਂ 'ਤੇ ਤੁਅੱਸਬ ਦੀ ਪੱਟੀ ਬੰਨ੍ਹੀ ਹੋਈ ਸੀ। ਗੁਰੂ ਅਰਜਨ ਦੇਵ ਜੀ ਨੂੰ ਫਿਰ ਉਬਲਦੇ ਪਾਣੀ ਦੀ ਦੇਗ ਵਿਚ ਬਿਠਾਇਆ ਪਰ ਆਪ ਜੀ ਉਸੇ ਤਰ੍ਹਾਂ ਅਡੋਲ ਰਹੇ :

**ਤਨ ਪੀਰਾ ਤੇ ਡਿਗੀ ਨ ਸੋਈ।**
**ਮੇਰੁ ਹਿਲਾਇ ਨ ਜਿਮ ਨਰ ਕੋਈ।'**[2]

---

1. ਮਾਰੂ ਮਹਲਾ ੫, ਘਰ ੨
2. ਰਾਸ ੪, ਅੰਸ਼ ੩੧.

Sri Satguru Jagjit Singh Ji eLibrary NamdhariElibrary@gmail.com

ਮੀਆਂ ਮੀਰ ਜੀ, ਉਥੇ ਪੁੱਜੇ ਜਿੱਥੇ ਗੁਰੂ ਜੀ ਤਸੀਹੇ ਸਹਾਰ ਰਹੇ ਸਨ ਅਤੇ ਦਿੱਲੀ ਅਤੇ ਲਾਹੌਰ ਦੀ ਇੱਟ ਨਾਲ ਇੱਟ ਵਜਾਉਣ ਦਾ ਇਸ਼ਾਰਾ ਕੀਤਾ। ਗੁਰੂ ਜੀ ਨੇ ਉਸੇ ਠਰੰਮੇ ਵਿਚ ਕਿਹਾ ਕਿ 'ਕੀ ਹੋਇਆ ਜੇ ਤਨ ਤਪ ਰਿਹਾ ਹੈ। ਸਾਈਂ ਦੇ ਪਿਆਰਿਆਂ ਨੂੰ ਭਾਣੇ ਵਿਚ ਹੀ ਰਸ ਮਾਣਨਾ ਚਾਹੀਦਾ ਹੈ। ਦੁੱਖ ਰਤਾ ਵੀ ਨਹੀਂ ਹੈ। ਸਰੀਰ ਤੇ ਸੰਸਾਰ ਝੂਠ ਹੈ। ਆਤਮਾ ਨਿਰਲੇਪ ਹੈ :

**ਆਤਮਾ ਸਦਾ ਅਸੰਗ ਹੈ**
**ਤਨ ਮਿਥਯਾ ਪਰਪੰਚ।**[1]

"ਇਹ ਕਸ਼ਟ ਇਸ ਲਈ ਸਹਾਰ ਰਹੇ ਹਾਂ, ਵਾਹਿਗੁਰੂ ਦੇ ਸੱਚੇ ਨਾਮ ਦੇ ਪ੍ਰਚਾਰ ਕਰਨ ਵਾਲਿਆਂ ਲਈ ਆਦਰਸ਼ ਬਣ ਜਾਏ। ਜਦ ਕਦੇ ਕਿਸੇ 'ਤੇ ਕਸ਼ਟ ਆਵੇ ਤਾਂ ਭਾਣਾ ਮਿੱਠਾ ਕਰ ਕੇ ਮੰਨੇ। ਵਾਹਿਗੁਰੂ ਨੂੰ ਬੁਰਾ ਭਲਾ ਨਾ ਆਖਣ। ਡੋਲ ਨਾ ਜਾਣ। ਆਮ ਮਨੁੱਖਾਂ ਦੀ ਅਗਵਾਈ ਲਈ ਉੱਚੇ ਆਦਰਸ਼ ਦੀ ਹੀ ਲੋੜ ਹੁੰਦੀ ਹੈ। 'ਮਾਣ ਹੁੰਦੇ ਹੋਏ ਨਿਮਾਣਾ, ਤਾਣ ਹੁੰਦੇ ਹੋਏ ਨਿਤਾਣਾ' ਭਗਤਾਂ ਨੂੰ ਸੋਭਦਾ ਹੈ। ਆਤਮਕ ਸ਼ਕਤੀ ਨੂੰ ਸਰੀਰ ਦੀ ਰੱਖਿਆ ਲਈ ਨਹੀਂ ਵਰਤਣਾ ਚਾਹੀਦਾ।" ਮੀਆਂ ਮੀਰ ਜੀ ਇਹ ਕਹਿੰਦੇ ਹੋਏ ਸਿਰ ਨਿਵਾ ਵਾਪਸ ਆਏ ਕਿ ਜੋ ਤੁਸਾਂ ਸੁਖਮਨੀ ਵਿਚ ਉਚਾਰਿਆ ਹੈ, ਉਸ ਨੂੰ ਠੀਕ ਸਾਬਤ ਕਰ ਦਿੱਤਾ ਹੈ :

**ਰਹੇ ਬਦੇਹੀ ਹੋਇ ਦ੍ਰਿੜ**
**ਬ੍ਰਹਮ ਗਿਆਨੀ ਨੀਕ।**
**ਜੋ ਬਰਨਿਓ ਮਧ ਸੁਖਮਨੀ**
**ਪਾਲ ਦਿਖਾਲਿਓ ਠੀਕ।**

ਫਿਰ ਤੱਤੇ ਤਵੇ 'ਤੇ ਬਿਠਾਲਿਆ ਗਿਆ ਤੇ ਗਰਮ ਰੇਤਾ ਝੁਲਸੇ ਹੋਏ ਸਰੀਰ 'ਤੇ ਪਾਇਆ ਗਿਆ, ਪਰ ਗੁਰੂ ਜੀ, 'ਬੈਠੇ ਰਹੇ ਅਬੋਲ ਅਡੋਲ।' ਅਤੇ ਜੋ ਨਹੀਂ ਜਰਿਆ ਜਾ ਸਕਦਾ ਉਸ ਨੂੰ ਵੀ ਜਰ ਲੈਣ ਦੀ ਹੱਦ ਦਰਸਾ ਦਿੱਤੀ :

**ਅਜਰ ਜਰਨ ਕੀ ਔਧ ਜਨਾਈ।**
**ਇਤੇ ਕਸ਼ਟ ਤੇ ਨਹੀਂ ਦਿਖਾਈ।**[2]

ਹੁਣ ਸਾਰੀ ਦੇਹ ਹੀ ਫਲੂਹਾਂ ਨਾਲ ਭਰ ਗਈ : 'ਪਰੇ ਫਲੂਹੇ ਸਗਰੀ ਦੇਹੀ।' ਪਰ ਆਪ ਜੀ ਇਹ ਹੀ ਫ਼ਰਮਾਂਦੇ ਰਹੇ :

**ਦੁਸ਼ਟ ਕਸ਼ਟ ਯਹਿ ਤਨ ਕੋ ਦੇਹੈਂ**
**ਹਮ ਸਾਖੀ ਨਯਾਰੇ ਦਰਸੈ ਹੈਂ।**[3]

ਇਸ ਤਰ੍ਹਾਂ ਪੰਜ ਦਿਨ ਤਸੀਹੇ ਦਿੱਤੇ ਜਾਂਦੇ ਰਹੇ। 'ਪੰਜ ਦਿਵਸ ਬੀਤੇ ਇਸ ਭਾਤੀ',

---

1. ਗਿਆਨੀ ਗਿਆਨ ਸਿੰਘ—ਪੰਥ ਪ੍ਰਕਾਸ਼
2. ਸੂਰਜ ਪ੍ਰਕਾਸ਼, ਰਾਸ ੪, ਅੰਸ਼ ੩੫
3. ਪੰਥ ਪ੍ਰਕਾਸ਼, ਕ੍ਰਿਤ ਗਿਆਨੀ ਗਿਆਨ ਸਿੰਘ—ਪੰਨਾ 670

Sri Satguru Jagjit Singh Ji eLibrary NamdhariElibrary@gmail.com

ਛੇਵੇਂ ਦਿਨ ਭਾਵ 30 ਮਈ, 1606 ਈ: ਨੂੰ ਹੋਰ ਤਸੀਹੇ ਦੇਣ ਲਈ ਰਾਵੀ ਦੇ ਤੱਟ 'ਤੇ ਲੈ ਗਏ ਤੇ :

**ਬੱਧੇ ਹੋਇ ਹੀ ਦਿਤੇ ਨਦੀ ਰੁੜ੍ਹਾਇ**
**ਸੰਮਤ ਸੋਲਾਂ ਸੈ ਤ੍ਰਹੈਟ, ਜੇਠ ਮਹੀਨੇ,**
**ਚੰਨੇ ਚਾਣਨੀ ਚਉਥ, ਜਲ ਵਹਾਇ ਲੀਨੇ।**[1]

ਇਹ ਦਰਸਾ ਗਏ ਕਿ ਕੇਲੇ ਵਿਚੋਂ ਫਲ, ਤਿਲਾਂ ਵਿਚੋਂ ਤੇਲ, ਹਾਥੀ ਦੇ ਦੰਦ ਇਕ ਵਾਰ ਹੀ ਨਿਕਲਦੇ ਹਨ। ਸ਼ੇਰ ਤੇ ਸ਼ੇਰਨੀ ਦਾ ਸਪਰਸ਼ ਤੇ ਮਹਾਂਪੁਰਸ਼ ਦਾ ਵਾਕ ਇਕ ਵਾਰ ਹੀ ਹੁੰਦਾ ਹੈ। ਸੋ ਇਸ਼ਨਾਨ ਕਰਨ ਦੀ ਆਗਿਆ ਮੰਗਣ ਵਾਲੀ ਗੱਲ ਵੀ ਨਿਰਮੂਲ ਹੈ। ਭਾਈ ਰਤਨ ਸਿੰਘ ਜੀ ਭੰਗੂ ਨੇ ਗਵਾਹੀ ਭਰੀ ਹੈ :

**ਕਿ ਗੁਰੂ ਅਰਜਨ ਦਰੀਆਇ ਨ ਬੋੜਯੋ।**
**ਕਿ ਗੁਰੂ ਤੇਗ ਬਹਾਦਰ ਸੀਸ ਨ ਤੋਰਯੋ।**
**ਕਿ ਸਾਹਿਬਜ਼ਾਦੇ ਨਾਹਿ ਮਰਵਾਏ।**
**ਸ਼ੀਰ ਖੋਰ ਤੇਹਿ ਨਾਹਿ ਕੁਹਾਇ।**

ਭੰਗੂ ਜੀ ਪ੍ਰਸ਼ਨ ਕਰਦੇ ਹਨ ਕਿ ਇਸ ਤੋਂ ਮੁਗ਼ਲ ਕਿਵੇਂ ਇਨਕਾਰੀ ਹੋ ਸਕਦੇ ਹਨ ਕਿ ਉਨ੍ਹਾਂ ਗੁਰੂ ਅਰਜਨ ਜੀ ਨੂੰ ਦਰਿਆ ਵਿਚ ਰੋੜ੍ਹਿਆ। ਕੀ ਉਨ੍ਹਾਂ ਗੁਰੂ ਤੇਗ਼ ਬਹਾਦਰ ਨੂੰ ਸ਼ਹੀਦ ਨਹੀਂ ਕੀਤਾ, ਵੱਡੇ ਸਾਹਿਬਜ਼ਾਦੇ ਜੰਗ ਵਿਚ ਨਹੀਂ ਮਾਰੇ ਅਤੇ ਦੁੱਧ ਪੀਣੇ ਮਾਸੂਮ ਬੱਚੇ ਕੁਹ ਕੇ ਨਹੀਂ ਮਾਰੇ? ਮੁਨਸ਼ੀ ਸੋਹਣ ਲਾਲ ਸੂਰੀ ਨੇ ਵੀ ਇਹ ਹੀ ਲਿਖਿਆ ਹੈ ਕਿ 'ਕੁਝ ਤਸੀਹੇ ਦੇਣ ਦੇ ਮਗਰੋਂ ਉਸ ਮਹਾਂਪੁਰਸ਼ (ਗੁਰੂ ਅਰਜਨ ਜੀ) ਨੂੰ ਉਨ੍ਹਾਂ (ਮੁਗ਼ਲਾਂ) ਨੇ ਦਰਿਆ ਰਾਵੀ ਵਿਚ ਸੁੱਟਿਆ।'

ਇਕ ਸਮਕਾਲੀ ਪਾਦਰੀ ਨੇ ਵੀ ਲਿਖਿਆ ਹੈ : 'ਹਦੋਂ ਵੱਧ ਸ਼ਰਾਬ ਪੀਣ ਦੀ ਵਾਦੀ ਹੋਣ ਕਾਰਨ ਜਹਾਂਗੀਰ ਦੀ ਦਿਮਾਗ਼ੀ ਹਾਲਤ ਵਿਗੜ ਗਈ ਸੀ। ਉਸ ਦੇ ਖ਼ੁਸ਼ਾਮਦੀ ਅਤੇ ਖ਼ਾਸ ਕਰ ਕੇ ਮਜ਼੍ਹਬੀ ਦਿਵਾਨਿਆਂ ਨੇ ਉਸ ਦੀ ਇਸ ਹਾਲਤ ਤੋਂ ਲਾਭ ਉਠਾਂਦੇ ਹੋਏ ਉਸ ਨੂੰ ਵਰਗ਼ਲਾ ਕੇ, ਉਸ ਰਾਹ 'ਤੇ ਪਾ ਦਿੱਤਾ ਜਿਹੜਾ ਕਿ ਉਸ ਪਿੱਛੋਂ ਉਸ ਦੀ ਬਦਨਾਮੀ ਦਾ ਕਾਰਨ ਬਣਿਆ। ਗੁਰੂ ਅਰਜਨ ਜੀ ਨੂੰ ਜਦੋਂ ਜਹਾਂਗੀਰ ਦੇ ਹੁਕਮ ਨਾਲ ਤਸੀਹੇ ਦਿੱਤੇ ਜਾ ਰਹੇ ਸਨ ਤਾਂ ਮੈਂ ਉਥੇ (ਲਾਹੌਰ) ਮੌਜੂਦ ਸਾਂ। ਮੈਂ ਕਈ ਵਾਰੀ ਗੁਰੂ ਜੀ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਮੈਨੂੰ ਮਿਲਣ ਨਾ ਦਿੱਤਾ ਗਿਆ। ਜਹਾਂਗੀਰ ਨੂੰ ਕਾਜ਼ੀਆਂ ਨੇ ਹੀ ਗੁਮਰਾਹ ਕੀਤਾ ਸੀ। ਜਹਾਂਗੀਰ ਨੂੰ ਬਦਨਾਮ ਕਰਾਇਆ ਤੇ ਇਕ ਮਹਾਨ ਪੁਰਸ਼ ਦੀ ਮੌਤ ਦਾ ਕਾਰਨ ਬਣਿਆ।' ਬਦਨਾਮ ਤਾਂ ਹੋਣਾ ਹੀ ਸੀ ਕਿਉਂਕਿ ਇਸੇ ਲਾਹੌਰ ਨੂੰ ਗੁਰੂ ਜੀ ਨੇ ਕਾਲ ਦੇ ਸਮੇਂ ਆਪਣਾ ਸਭ ਕੁਝ ਵਾਰ ਕੇ ਦੁੱਖ ਹਰੇ ਸਨ। ਅੱਜ ਲਾਹੌਰ ਨਿਵਾਸੀ ਖੜ੍ਹੇ ਸਨ ਪਰ ਤਰਾਹ-ਤਰਾਹ ਕਰ ਰਹੇ ਸਨ। ਉਮਦਹ-ਤ-ਤਵਾਰੀਖ਼ ਦੇ ਲਿਖਾਰੀ ਨੇ ਵੀ ਇਹੀ ਲਿਖਿਆ ਹੈ ਕਿ ਸ਼ਹਾਦਤ ਨੂੰ ਲਿਖਣ ਲੱਗਿਆਂ

1. ਬੰਸਾਵਲੀ-ਨਾਮਾ, ਬ੍ਰਿਤਾਂਤ ਗੁਰੂ ਅਰਜਨ ਦੇਵ, ਚਰਨ ਪੰਜਵਾਂ

Sri Satguru Jagjit Singh Ji eLibrary NamdhariElibrary@gmail.com

ਕਲਮ ਲਹੂ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਹੈ ਅਤੇ ਜਾਨ ਹੈਰਾਨ ਹੁੰਦੀ ਹੈ।[1]

ਇਕ ਪੁਰਤਗਾਲੀ ਪਾਦਰੀ ਸੇਂਟ ਜੈਰੋਮ ਜ਼ੇਵੀਅਰ ਨੇ ਸਤੰਬਰ 25, ਸੰਨ 1606 ਈ., ਸ਼ਹਾਦਤ ਤੋਂ ਤਕਰੀਬਨ ਚਾਰ ਮਹੀਨਿਆਂ ਪਿੱਛੋਂ ਲਾਹੌਰ ਤੋਂ ਲਿਖਿਆ :

ਰੋਜ਼ ਨਵੇਂ ਸੂਰਜ ਇਸ ਮਹਾਂਪੁਰਸ਼ (ਗੁਰੂ ਅਰਜਨ ਦੇਵ) ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਫਿਰ ਹੁਕਮ ਭੇਜਿਆ ਕਿ ਹੋਰ ਜ਼ੁਲਮ ਢਾਹੋ। ਖਾਣਾ ਤੱਕ ਨਾ ਦਿੱਤਾ। ਹਜ਼ਾਰਾਂ ਹੀ ਢੰਗਾਂ ਨਾਲ ਅਨਾਦਰ ਕੀਤਾ। ਇਸ ਤਰ੍ਹਾਂ ਜ਼ੁਲਮਾਂ, ਤਸੀਹਿਆਂ ਤੇ ਅਨਾਦਰਾਂ ਨੂੰ ਨਾ ਸਹਾਰਦੇ ਨੇਕ ਗੁਰੂ ਦੀ ਸ਼ਹੀਦੀ ਹੋ ਗਈ।[2]

ਭਾਈ ਗੁਰਦਾਸ ਜੀ ਨੇ ਵੀ ਆਪਣੇ ਰਹੱਸਮਈ ਢੰਗ ਨਾਲ ਲਿਖਿਆ ਹੈ ਕਿ ਉਹ ਗੁਰੂ ਅਰਜਨ ਜੀ ਤੋਂ ਕੁਰਬਾਨ ਹਨ, ਜਿਨ੍ਹਾਂ ਦੀ ਇਹ ਅਚਰਜ ਕਰਨੀ ਸੀ। ਉਹ ਤੱਤੇ ਤਵਿਆਂ 'ਤੇ ਬੈਠੇ, ਕਸ਼ਟ ਸਹਾਰੇ ਪਰ ਇਸ ਤਰ੍ਹਾਂ ਨਿਰਵਾਨ ਰਹੇ ਜਿਵੇਂ ਮੱਛੀ ਪਾਣੀ ਵਿਚ ਰਹਿੰਦੀ ਹੈ, ਜਿਵੇਂ ਪਤੰਗਾ ਜਲਦੀ ਸ਼ਮ੍ਹਾਂ ਦੇਖ ਹੱਸ ਆਪਾ ਵਾਰਨ ਲਈ ਨੱਸ ਉੱਠਦਾ ਹੈ ਜਾਂ ਜਿਵੇਂ ਹਿਰਨ ਰਤਾ ਭਰ ਪਰਵਾਹ ਨਹੀਂ ਕਰਦਾ ਪਰ ਸ਼ਬਦ ਦੀ ਧੁਨੀ ਸੁਣ ਤੀਰ ਤੱਕ ਖਾਣ ਲਈ ਉੱਠ ਦੌੜਦਾ ਹੈ। ਸ਼ਬਦ ਦੀ ਰੱਖਿਆ ਕਰਦੇ ਗੁਰੂ ਕੁਰਬਾਨ ਹੋ ਗਏ। ਅਕਾਲ ਚਲਾਣੇ ਤੋਂ ਪਹਿਲੀ ਰਾਤ ਬੜੀ ਹੀ ਕਸ਼ਟ ਭਰੀ ਸੀ ਪਰ ਉਹ ਰਾਤ ਵੀ ਗੁਰੂ ਜੀ ਦੀ ਭਵਰ ਵਾਂਗ ਵਾਹਿਗੁਰੂ ਦੇ ਚਰਨ ਕਮਲਾਂ ਨਾਲ ਜੁੜੇ ਰਹਿ ਕੇ ਸੁਖਾਂ ਦੇ ਡੱਬੇ ਵਿਚ ਹੀ ਬੀਤੀ। ਅੰਤਮ ਸਵਾਸਾਂ ਤੱਕ ਗੁਰੂ ਪੰਜਵੇਂ ਬਬੀਹੇ ਦੀ ਤਰ੍ਹਾਂ ਪੁਕਾਰ ਕੇ ਆਪਣੇ ਆਦਰਸ਼ ਦਾ ਢੰਡੋਰਾ ਦਿੰਦੇ ਰਹੇ। ਐਸੇ ਗੁਰੂ ਤੋਂ ਕਿਉਂ ਨਾ ਕੁਰਬਾਨ ਹੋਇਆ ਜਾਏ। ਪਉੜੀ ਦੀਆਂ ਤੁਕਾਂ ਇਸ ਪ੍ਰਕਾਰ ਹਨ :

**ਰਹਿੰਦੇ ਗੁਰੂ ਦਰੀਆਉ ਵਿਚ ਮੀਨ ਕੁਲੀਨ ਹੇਤੁ ਨਿਰਬਾਣੀ।**
**ਦਰਸ਼ਨ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤ ਸਮਾਣੀ।**
**ਸ਼ਬਦ ਸੁਰਤਿ ਲਿਵ ਮ੍ਰਿਗ ਜਯੋਂ, ਭੀੜ ਪਈ ਚਿਤ ਅਵਰ ਨ ਆਣੀ।**
**ਚਰਨ ਕਵਲ ਮਿਲਿ ਭਵਰ ਜਯੋਂ ਸੁਖ ਸੰਪਟ ਵਿਚ ਰੈਣਿ ਵਿਹਾਣੀ।**
**ਗੁਰ ਉਪਦੇਸ ਨ ਵਿਸਰੈ, ਬਾਬੀਹੇ ਜਿਉਂ ਆਖਿ ਵਖਾਣੀ।**
**ਗੁਰਮੁਖ ਸੁਖ ਫਲੁ ਪ੍ਰੇਮ ਰਸ ਸਹਿਜ ਸਮਾਧਿ ਸਾਧ ਸੰਗਿ ਜਾਣੀ।**
**ਗੁਰੂ ਅਰਜਨ ਵਿਟਹੁ ਕੁਰਬਾਣੀ। ੨੩।** *(ਵਾਰ ੨੪ਵੀਂ)*

---

1. ਕਲਮ ਤਹਿਰੀਰੇ ਆਂ ਖ਼ੂੰ ਫ਼ਿਸ਼ਾਂ
ਵ ਦੀਦਹ ਗਿਰਿਯਾਂ
ਵ ਦਿਲ ਬਿਰਿਯਾਂ,
ਵ ਜਾਨ ਹੈਰਾਂ ਮੇ ਬਾਸ਼ੰਦ

2. In that way their good POPE died, overwhelmed by the sufferings, torments and dishonours.
[ESSAYS IN HONOUR OF Dr. GANDA SINGH—DOCUMENT ON GURU ARJUN DEV'S MARTYRDOM. P.P. 116.]

Sri Satguru Jagjit Singh Ji eLibrary NamdhariElibrary@gmail.com

ਕਲਮ ਲਹੂ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਹੈ ਅਤੇ ਜਾਨ ਹੈਰਾਨ ਹੁੰਦੀ ਹੈ।[1]

ਇਕ ਪੁਰਤਗਾਲੀ ਪਾਦਰੀ ਸੇਂਟ ਜੈਰੋਮ ਜ਼ੇਵੀਯਰ ਨੇ ਸਤੰਬਰ 25, ਸੰਨ 1606 ਈ., ਸ਼ਹਾਦਤ ਤੋਂ ਤਕਰੀਬਨ ਚਾਰ ਮਹੀਨਿਆਂ ਪਿੱਛੋਂ ਲਾਹੌਰ ਤੋਂ ਲਿਖਿਆ :

ਰੋਜ਼ ਨਵੇਂ ਸੂਰਜ ਇਸ ਮਹਾਂਪੁਰਸ਼ (ਗੁਰੂ ਅਰਜਨ ਦੇਵ) ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਫਿਰ ਹੁਕਮ ਭੇਜਿਆ ਕਿ ਹੋਰ ਜ਼ੁਲਮ ਢਾਹੋ। ਖਾਣਾ ਤੱਕ ਨਾ ਦਿੱਤਾ। ਹਜ਼ਾਰਾਂ ਹੀ ਢੰਗਾਂ ਨਾਲ ਅਨਾਦਰ ਕੀਤਾ। ਇਸ ਤਰ੍ਹਾਂ ਜ਼ੁਲਮਾਂ, ਤਸੀਹਿਆਂ ਤੇ ਅਨਾਦਰਾਂ ਨੂੰ ਨਾ ਸਹਾਰਦੇ ਨੇਕ ਗੁਰੂ ਦੀ ਸ਼ਹੀਦੀ ਹੋ ਗਈ।[2]

ਭਾਈ ਗੁਰਦਾਸ ਜੀ ਨੇ ਵੀ ਆਪਣੇ ਰਹੱਸਮਈ ਢੰਗ ਨਾਲ ਲਿਖਿਆ ਹੈ ਕਿ ਉਹ ਗੁਰੂ ਅਰਜਨ ਜੀ ਤੋਂ ਕੁਰਬਾਨ ਹਨ, ਜਿਨ੍ਹਾਂ ਦੀ ਇਹ ਅਚਰਜ ਕਰਨੀ ਸੀ। ਉਹ ਤੱਤੇ ਤਵਿਆਂ 'ਤੇ ਬੈਠੇ, ਕਸ਼ਟ ਸਹਾਰੇ ਪਰ ਇਸ ਤਰ੍ਹਾਂ ਨਿਰਵਾਨ ਰਹੇ ਜਿਵੇਂ ਮੱਛੀ ਪਾਣੀ ਵਿਚ ਰਹਿੰਦੀ ਹੈ, ਜਿਵੇਂ ਪਤੰਗਾ ਜਲਦੀ ਸ਼ਮ੍ਹਾਂ ਦੇਖ ਹੱਸ ਆਪਾ ਵਾਰਨ ਲਈ ਨੱਸ ਉੱਠਦਾ ਹੈ ਜਾਂ ਜਿਵੇਂ ਹਿਰਨ ਰਤਾ ਭਰ ਪਰਵਾਹ ਨਹੀਂ ਕਰਦਾ ਪਰ ਸ਼ਬਦ ਦੀ ਧੁਨੀ ਸੁਣ ਤੀਰ ਤੱਕ ਖਾਣ ਲਈ ਉੱਠ ਦੌੜਦਾ ਹੈ। ਸ਼ਬਦ ਦੀ ਰੱਖਿਆ ਕਰਦੇ ਗੁਰੂ ਕੁਰਬਾਨ ਹੋ ਗਏ। ਅਕਾਲ ਚਲਾਣੇ ਤੋਂ ਪਹਿਲੀ ਰਾਤ ਬੜੀ ਹੀ ਕਸ਼ਟ ਭਰੀ ਸੀ ਪਰ ਉਹ ਰਾਤ ਵੀ ਗੁਰੂ ਜੀ ਦੀ ਭਵਰ ਵਾਂਗ ਵਾਹਿਗੁਰੂ ਦੇ ਚਰਨ ਕਮਲਾਂ ਨਾਲ ਜੁੜੇ ਰਹਿ ਕੇ ਸੁਖਾਂ ਦੇ ਡੱਬੇ ਵਿਚ ਹੀ ਬੀਤੀ। ਅੰਤਮ ਸਵਾਸਾਂ ਤੱਕ ਗੁਰੂ ਪੰਜਵੇਂ ਬਬੀਹੇ ਦੀ ਤਰ੍ਹਾਂ ਪੁਕਾਰ ਕੇ ਆਪਣੇ ਆਦਰਸ਼ ਦਾ ਢੰਡੋਰਾ ਦਿੰਦੇ ਰਹੇ। ਐਸੇ ਗੁਰੂ ਤੋਂ ਕਿਉਂ ਨਾ ਕੁਰਬਾਨ ਹੋਇਆ ਜਾਏ। ਪਉੜੀ ਦੀਆਂ ਤੁਕਾਂ ਇਸ ਪ੍ਰਕਾਰ ਹਨ :

**ਰਹਿੰਦੇ ਗੁਰੂ ਦਰੀਆਉ ਵਿਚ ਮੀਨ ਕੁਲੀਨ ਹੇਤੁ ਨਿਰਬਾਣੀ।**
**ਦਰਸ਼ਨ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤ ਸਮਾਣੀ।**
**ਸ਼ਬਦ ਸੁਰਤਿ ਲਿਵ ਮ੍ਰਿਗ ਜਯੋਂ, ਭੀੜ ਪਈ ਚਿਤ ਅਵਰ ਨ ਆਣੀ।**
**ਚਰਨ ਕਵਲ ਮਿਲਿ ਭਵਰ ਜਯੋਂ ਸੁਖ ਸੰਪਟ ਵਿਚ ਰੈਣਿ ਵਿਹਾਣੀ।**
**ਗੁਰ ਉਪਦੇਸ ਨ ਵਿਸਰੈ, ਬਾਬੀਹੇ ਜਿਉਂ ਆਖਿ ਵਖਾਣੀ।**
**ਗੁਰਮੁਖ ਸੁਖ ਫਲੁ ਪ੍ਰੇਮ ਰਸ ਸਹਿਜ ਸਮਾਧਿ ਸਾਧ ਸੰਗਿ ਜਾਣੀ।**
**ਗੁਰੂ ਅਰਜਨ ਵਿਟਹੁ ਕੁਰਬਾਣੀ। ੨੩।** *(ਵਾਰ ੨੪ਵੀਂ)*

---

1. ਕਲਮ ਤਹਿਰੀਰੇ ਆਂ ਖ਼ੂੰ ਫ਼ਿਸ਼ਾਂ
ਵ ਦੀਦਹ ਗਿਰਿਯਾਂ
ਵ ਦਿਲ ਬਿਰਿਯਾਂ,
ਵ ਜਾਨ ਹੈਰਾਂ ਮੇ ਬਾਸ਼ੰਦ

2. In that way their good POPE died, overwhelmed by the sufferings, torments and dishonours.
[ESSAYS IN HONOUR OF Dr. GANDA SINGH—DOCUMENT ON GURU ARJUN DEV'S MARTYRDOM. P.P. 116.]

Sri Satguru Jagjit Singh Ji eLibrary NamdhariElibrary@gmail.com

ਸ਼ਹੀਦ ਕੀ ਜੋ ਮੌਤ ਹੈ, ਕੌਮ ਕੀ ਹਯਾਤ ਹੈ—ਕਿਸੇ ਬਹੁਤ ਸੋਹਣਾ ਲਿਖਿਆ ਹੈ ਕਿ :

'ਸ਼ਹੀਦ ਕੀ ਜੋ ਮੌਤ ਹੈ, ਵੁਹ ਕੌਮ ਕੀ ਹਯਾਤ ਹੈ
ਹਯਾਤ ਤੋ ਹਯਾਤ ਹੈ, ਮੌਤ ਭੀ ਹਯਾਤ ਹੈ।'

ਗੁਰੂ ਅਰਜਨ ਦੇਵ ਜੀ ਦਾ ਸਾਰਾ ਜੀਵਨ ਕੌਮ ਲਈ ਜ਼ਿੰਦਗੀ-ਦਾਤਾ ਸੀ ਅਤੇ ਇਹ ਸ਼ਹੀਦੀ ਤਾਂ ਸਦਾ ਜੀਵਨ ਬਖ਼ਸ਼ਦੀ ਰਹੇਗੀ। ਕਹਿੰਦੇ ਹਨ ਕਿ ਖ਼ੂਨ ਨੂੰ ਬਹੁਤ ਵਿਆਜ ਲੱਗਿਆ ਕਰਦਾ ਹੈ। ਸ਼ਹੀਦ ਦੀ ਮੌਤ ਕਦੀ ਅਜਾਈਂ ਨਹੀਂ ਜਾਂਦੀ। ਇਸ ਸ਼ਹਾਦਤ ਨੇ ਸਿੱਖ ਇਤਿਹਾਸ 'ਤੇ ਅਮਿਟ ਛਾਪ ਛੱਡੀ ਹੈ। ਇਤਨਾ ਪ੍ਰਭਾਵ ਇਸ ਸ਼ਹਾਦਤ ਨੇ ਛੱਡਿਆ ਕਿ ਲਤੀਫ਼, ਟਰੰਪ ਤੇ ਹੋਰ ਸਾਰੇ ਇਤਿਹਾਸਕਾਰ ਇਸ ਨੂੰ ਸਿੱਖ ਇਤਿਹਾਸ ਵਿਚ ਮੋੜ ਵਤ (ਟਰਨਿੰਗ ਪੁਆਇੰਟ) ਕਹਿੰਦੇ ਹਨ। ਭਾਵੇਂ ਮੋੜ ਵਾਲੀ ਕੋਈ ਗੱਲ ਨਹੀਂ ਸੀ ਕਿਉਂਕਿ ਸਭ ਮਿੱਥੇ ਹੋਏ ਤੇ ਦਿੱਤੇ ਹੁਕਮ ਮੁਤਾਬਿਕ ਹੋ ਰਿਹਾ ਸੀ। ਗੁਰੂ ਅਰਜਨ ਜੀ ਨੇ ਬਹੁਤ ਪਹਿਲਾਂ ਹੀ ਹੁਕਮ ਕਰ ਦਿੱਤੇ ਸਨ ਕਿ ਉਨ੍ਹਾਂ ਕ੍ਰਿਪਾਨਾਂ ਪਹਿਨਣੀਆਂ ਹਨ, ਪਰ ਹਰਿਗੋਬਿੰਦ ਦਾ ਰੂਪ ਧਾਰ ਕੇ ਪਹਿਨਣੀਆਂ ਹਨ। ਸ਼ਬਦ ਦੀ ਪ੍ਰੀਤੀ ਕਰ ਪੀਰ ਦੀ ਪੀਰੀ ਖਿੱਚ ਲੈਣੀ ਹੈ ਅਤੇ ਸ਼ਸਤਰਾਂ ਦੀ ਵਿੱਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ। ਸਿਰਫ਼ ਹੁਣ ਇਤਨਾ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਯੁੱਗ ਦੇ ਨਾਲ ਹੁਣ ਕੁਰਬਾਨੀ ਯੁੱਗ ਸ਼ੁਰੂ ਹੋ ਗਿਆ ਸੀ। ਡਾਕਟਰ ਗੋਕਲ ਚੰਦ ਨਾਰੰਗ ਨੇ ਠੀਕ ਲਿਖਿਆ ਹੈ ਕਿ ਸਿੱਖਾਂ ਉੱਤੇ ਤਸੀਹਿਆਂ ਦਾ ਕਾਂਡ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਹੀ ਸ਼ੁਰੂ ਹੋਇਆ। ਗੁਰੂ ਜੀ ਦੀ ਸ਼ਹਾਦਤ ਉਪਰੰਤ ਅਸੀਂ ਸਿੱਖ ਇਤਿਹਾਸ ਵਿਚ ਹਕੂਮਤ ਵਲੋਂ ਦਿੱਤੇ ਡਰਾਵਿਆਂ, ਜੁਰਮਾਨਿਆਂ, ਗ੍ਰਿਫ਼ਤਾਰੀਆਂ, ਘਰ-ਘਾਟ ਜ਼ਬਤ ਕਰਨ, ਤਸੀਹੇ ਦੇਣ, ਸੂਲੀ ਚਾੜ੍ਹਨ, ਕਤਲੇ-ਆਮ ਕਰਨ, ਬੰਦ-ਬੰਦ ਕੱਟਣ, ਆਰੇ ਨਾਲ ਚੀਰਨ, ਚਰਖੜੀਆਂ 'ਤੇ ਚਾੜ੍ਹਨ ਦਾ ਵਰਨਣ ਨਿੱਤ ਪੜ੍ਹਦੇ ਹਾਂ। ਜਜ਼ਬਾ ਇਤਨਾ ਭਰ ਦਿੱਤਾ ਗਿਆ ਸੀ ਕਿ ਸਿੱਖ ਹੱਸ-ਹੱਸ ਤਸੀਹੇ ਝੱਲਦੇ ਪਰ ਸਿੱਖੀ ਨੂੰ ਆਂਚ ਨਾ ਆਉਣ ਦਿੰਦੇ। ਗੁਰੂ ਅਰਜਨ ਜੀ ਦੇ ਪਾਵਨ ਖ਼ੂਨ ਦੀਆਂ ਬੂੰਦਾਂ ਜੋ ਲਾਹੌਰ ਦੇ ਰੇਤਲੇ ਥਲਾਂ ਵਿਚ ਰਾਵੀ ਕਿਨਾਰੇ ਡਿੱਗੀਆਂ ਸਨ, ਸਿੱਖੀ ਦਾ ਸਿਰੜੀ ਬੂਟਾ ਉਸੇ ਦੀ ਉਪਜ ਹੈ। 'ਪਹਿਲਾਂ ਮਰਨ ਕਬੂਲ, ਜੀਵਨ ਕੀ ਛਡਿ ਆਸ' ਸਿੱਖੀ ਵਿਚ ਦਾਖ਼ਲ ਹੋਣ ਲਈ ਪਹਿਲਾ ਕਦਮ ਬਣ ਗਿਆ। ਸੈਂਕੜੇ ਨਹੀਂ, ਲੱਖਾਂ ਛਲਾਂਗਾਂ ਮਾਰ ਇਸ ਸਿੱਖੀ ਦੇ ਦਾਇਰੇ ਵਿਚ ਦਾਖ਼ਲ ਹੁੰਦੇ ਰਹੇ। ਇਹ ਕਰਾਮਾਤ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੈ। ਪਰਜਾ ਦਾ ਰੰਗ ਹੀ ਬਦਲ ਗਿਆ।

ਇਸ ਸ਼ਹਾਦਤ ਨੇ ਕੌਮ ਵਿਚ ਭਾਣਾ ਮਿੱਠਾ ਮੰਨਣ ਦਾ ਜਜ਼ਬਾ ਇਤਨਾ ਭਰਿਆ ਕਿ ਕਦੇ ਸਿੱਖ ਨੇ ਤਸੀਹੇ ਝੱਲਦੇ ਸ਼ਿਕਵੇ, ਸ਼ਿਕਾਇਤਾਂ ਜਾਂ ਉਲਾਹਮੇ ਨਾ ਦਿੱਤੇ। ਆਪ ਜੀ ਦੇ ਪੂਰਨੇ ਸਨ ਕਿ ਜੋ ਕੁਝ ਆਵੇ ਸਹੋ, ਸਹਾਰੋ, ਕਸ਼ਟ ਝੱਲੋ ਪਰ ਆਦਰਸ਼ ਦਾ ਪੱਲਾ ਨਾ ਛੱਡੋ। ਬੇਅਣਖੇ ਜੀਵਨ ਨਾਲੋਂ ਅਣਖ ਭਰੀ ਮੌਤ ਨੂੰ ਤਰਜੀਹ ਦਿਉ। ਸੱਚ ਪਹਿਲੀ ਵਾਰੀ ਜਥੇਬੰਦ ਹੋਣਾ ਸ਼ੁਰੂ ਹੋਇਆ ਤੇ ਸੱਚ 'ਤੇ ਖੜ੍ਹੀ ਸੰਗਤ ਅਤੇ ਫਿਰ ਪੰਥ

Sri Satguru Jagjit Singh Ji eLibrary NamdhariElibrary@gmail.com

ਨੇ ਬੁਰਾਈਆਂ ਦਾ ਟਾਕਰਾ ਕੀਤਾ। ਕਮਜ਼ੋਰਾਂ ਨੂੰ ਲਤਾੜਿਆ ਜਾਂਦਾ ਦੇਖ ਕੇ ਸਿੱਖਾਂ ਦੇ ਜਜ਼ਬੇ ਜਾਗ ਪੈਂਦੇ ਸਨ ਅਤੇ ਸਿੱਖ ਨਿਆਸਰਿਆਂ ਨੂੰ ਆਸਰਾ ਤੇ ਨਿਥਾਵਿਆਂ ਨੂੰ ਥਾਂ ਦੇਣ ਲਈ ਬਲਦੀ ਅੱਗ ਵਿਚ ਵੀ ਕੁੱਦ ਪੈਂਦੇ ਸਨ।

ਜਿਸ ਵੇਲੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਯਾਦ ਪੱਕਿਆਂ ਕਰਨ ਲਈ ਲਾਹੌਰ ਰਾਵੀ ਕਿਨਾਰੇ, ਕਿਲ੍ਹੇ ਸਾਹਮਣੇ ਦੇਹੁਰਾ ਸਾਹਿਬ (ਡੇਰਾ ਸਾਹਿਬ) ਉਸਾਰਿਆ ਗਿਆ ਤਾਂ ਕਿਸੇ ਵਿਦਵਾਨ ਨੇ ਉਸ ਥਾਂ ਗੁਰੂ ਮਹਾਰਾਜ ਦੀ ਹੀ ਉਚਾਰੀ ਹੋਈ ਬਾਣੀ ਸੋਰਠਿ ਰਾਗ ਦਾ ਸ਼ਬਦ ਲਿਖਿਆ, ਜੋ ਗੁਰੂ ਮਹਾਰਾਜ ਦੀ ਦਿੱਤੀ ਕੁਰਬਾਨੀ, ਉਨ੍ਹਾਂ ਦੇ ਇਸਤਕਲਾਲ ਦੀ ਦਾਸਤਾਨ ਤਾਂ ਦੱਸਦਾ ਹੀ ਹੈ, ਪਰ ਨਾਲ ਇਹ ਵੀ ਦਰਸਾ ਰਿਹਾ ਹੈ ਕਿ ਇਸੇ ਸ਼ਹਾਦਤ ਦਾ ਸਦਕਾ ਗੁਰੂ ਨਾਨਕ ਦੇ ਉਪਦੇਸ਼ਾਂ ਦਾ ਝੰਡਾ ਸਾਰੇ ਸੰਸਾਰ 'ਤੇ ਝੁੱਲਿਆ ਤੇ ਗੁਰੂ ਨਾਨਕ ਦੀ ਵਡਿਆਈ, ਜੋ ਕਿਹਾ ਉਹ ਕਰ ਦਿਖਾਇਆ, ਸਾਰੇ ਜਗਤ ਪ੍ਰਗਟ ਹੋਈ :

**ਸੁਣੀ ਅਰਦਾਸਿ ਸੁਆਮੀ ਮੇਰੈ**
**ਸਰਬ ਕਲਾ ਬਣਿ ਆਈ॥**
**ਪ੍ਰਗਟ ਭਈ ਸਗਲੇ ਜੁਗ ਅੰਤਰਿ**
**ਗੁਰ ਨਾਨਕ ਕੀ ਵਡਿਆਈ॥ ੪॥ ੧੧॥**

*(ਸੋਰਠਿ ਮਹਲਾ ੫, ਪੰਨਾ ੬੧੧)*

Sri Satguru Jagjit Singh Ji eLibrary NamdhariElibrary@gmail.com

<13>

# ਪਰਤਖੁ ਹਰਿ
# ਸਮੁੱਚੇ ਜੀਵਨ 'ਤੇ ਝਾਤ

---

ਗੋਇੰਦਵਾਲ ਵਿਖੇ, ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਮਿਲਣ ਵੇਲੇ

**ਗੁਰੂ ਅਰਜੁਨੁ ਪੁਰਖੁ ਪ੍ਰਮਾਣੁ**

ਆਏ ਗਿਆਰਾਂ ਭੱਟਾਂ ਨੇ ਪਹਿਲੀ ਝਲਕ ਵਿਚ ਹੀ ਪੰਚਮ ਪਾਤਸ਼ਾਹ ਨੂੰ ਗੰਗਾ ਵਾਂਗ ਪਾਵਨ, ਸਾਗਰ ਵਾਂਗ ਸ਼ਾਂਤ, ਚੰਦਨ ਵਾਂਗ ਠੰਡਾ ਅਤੇ ਬਿਛ ਵਾਂਗ ਸਹਜ ਅਵਸਥਾ ਵਿਚ ਵਿਚਰਦੇ ਦੇਖਿਆ ਸੀ। ਕੈਸਾ ਸੋਹਣਾ ਭੱਟਾਂ ਉਚਾਰਿਆ : ਤੂੰ ਕੈਸਾ ਵਡਭਾਗਾ ਹੈਂ, ਜਿਸ ਮਨ ਨੂੰ ਪ੍ਰਫੁਲਤ ਕੀਤਾ ਹੋਇਆ ਹੈ, ਮਨ ਨੂੰ ਉੱਚਾ ਕਰ ਲਿਆ ਹੈ ਅਤੇ ਮਾਣਕ ਵਰਗੇ ਸੱਚੇ ਮਨ ਨੂੰ ਸੰਤੋਖ ਦੇ ਘਰ ਟਿਕਾਇਆ ਹੋਇਆ ਹੈ। ਗੁਰੂ ਰਾਮ ਦਾਸ ਨੇ ਹੀ ਤੁਹਾਡੇ ਹਿਰਦੇ ਨਾਮ ਦ੍ਰਿੜ੍ਹ ਕੀਤਾ ਹੈ :

> **ਬਡਭਾਗੀ ਉਨ ਮਾਨਿਅਉ, ਰਿਦਿ ਸਬਦੁ ਬਸਾਯਉ।**
> **ਮਨ ਮਾਣਕੁ ਸੰਤੋਖਿਅਉ, ਗੁਰਿ ਨਾਮ ਦ੍ਰਿੜਾਯਉ।**

ਗੁਰੂ ਅਰਜਨ ਦੇਵ ਜੀ ਦੇ ਸਬੰਧ ਵਿਚ ਭੱਟਾਂ ਨੇ ਕੁਲ 21 ਸਵੱਈਏ ਉਚਾਰੇ ਹਨ। ਇਨ੍ਹਾਂ ਵਿਚੋਂ 12 ਸਵੱਈਏ ਕਲ੍ਹਸਹਾਰ ਜੀ ਦੇ ਹਨ, ਮਥੁਰਾ ਜੀ ਦੇ 7 ਅਤੇ ਬਾਕੀ ਦੇ ਦੋ ਹਰਿਬੰਸ ਜੀ ਦੇ ਹਨ। ਭੱਟਾਂ ਨੇ ਇਤਿਹਾਸ ਹੀ ਲਿਖਿਆ ਹੈ । ਕਿਸੇ ਥਾਂ ਵੀ ਅਤਿ-ਕਥਨੀ ਤੋਂ ਕੰਮ ਨਹੀਂ ਲਿਆ। ਹਾਂ, ਕਿਧਰੇ ਗੱਲ ਨਿਖੇੜਨ ਲਈ ਜਾਂ ਸਪੱਸ਼ਟ ਕਰਨ ਲਈ ਪੁਰਾਣਿਕ ਹਵਾਲੇ ਜ਼ਰੂਰ ਦਿੱਤੇ ਹਨ। ਜਿਵੇਂ ਅਰਜਨ ਸ਼ਬਦ ਦੀ ਵਰਤੋਂ ਕਰਦੇ ਮਹਾਂਭਾਰਤ ਦੇ ਅਰਜਨ ਦਾ ਜ਼ਿਕਰ ਕਰ ਦੇਣਾ ਕਿ ਗੁਰੂ ਅਰਜਨ ਦੇਵ ਜੀ ਅਕਾਲਪੁਰਖ ਰੂਪ ਹਨ, ਮਹਾਂਭਾਰਤ ਦੇ ਅਰਜਨ ਵਾਂਗ ਕਦੇ ਵੀ ਪੈਰ ਪਿਛਾਂਹ ਪਰਤਾਉਣ ਵਾਲੇ ਨਹੀਂ ਹਨ। ਕਾਮਾਦਿਕ ਵੈਰੀ ਗੁਰੂ ਅਰਜਨ ਦੇਵ ਜੀ 'ਤੇ ਕਦੇ ਹਾਵੀ ਨਹੀਂ ਹੋ ਸਕਦੇ। ਇਸ ਤਰ੍ਹਾਂ ਰਾਜ ਵਿਚ ਜੋਗ ਕਮਾਂਦੇ ਨੂੰ ਦੇਖ, ਉਨ੍ਹਾਂ 'ਜਨਕ' ਸ਼ਬਦ ਵਰਤ ਲਿਆ।

ਇੱਥੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਜਾਂ ਸਾਰੇ ਹੀ ਗੁਰੂ



Sri Satguru Jagjit Singh Ji eLibrary NamdhariElibrary@gmail.com

ਸਾਹਿਬ ਜੀਵਨ, ਹਯਾਤ ਵਿਚ ਹੀ ਗੋਬਿੰਦ ਰੂਪ ਮੰਨੇ ਗਏ। ਗਵਾਹੀ ਵੀ ਹੈ :

**ਸਿਖੀ ਅਤੈ ਸੰਗਤੀ ਪਾਰਬ੍ਰਹਮ ਕਰ ਨਮਸਕਾਰਿਆ।**

ਭੱਟ ਕਲ੍ਸਹਾਰ ਦਾ ਇਹ ਲਿਖਣਾ ਕਿ 'ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ' ਇਕ ਇਤਿਹਾਸਕ ਸੱਚਾਈ ਹੈ। ਇਹ ਹੀ ਪਹਿਲੇ ਗੁਰੂ ਸਨ ਜੋ ਗੁਰੂ ਗੋਦ ਵਿਚ ਪਲ ਵੱਡੇ ਹੋ ਰਹੇ ਸਨ। ਗੁਰੂ ਰਾਮ ਦਾਸ ਜੀ ਨੇ ਵੀ ਇਹ ਕਹਿ ਦਿੱਤਾ ਸੀ : ਇਸ ਨੂੰ ਟਿੱਕਾ ਦਿੱਤਾ ਵਡਿਆਈ ਦਾ ਨਾਨੇ।

ਗੁਰੂ ਅਰਜਨ ਦੇਵ ਜੀ ਨੂੰ ਰਾਜ-ਜੋਗ ਕਮਾਂਦੇ ਦੇਖ ਇਹ ਭੱਟ ਸ਼੍ਰੇਣੀ ਬਹੁਤ ਹੀ ਪ੍ਰਭਾਵਤ ਹੋਈ ਸੀ। ਗ੍ਰਹਿਸਤੀ ਹੋ ਕੇ, ਸੰਸਾਰੀ ਕਾਰਜ ਕਰਦੇ ਨਾਮ ਨਾ ਵਿਸਰਨ ਦੇਣਾ, ਨਾਮ ਵਿਚ ਰੰਗੇ ਰਹਿਣਾ, ਉਨ੍ਹਾਂ ਲਈ ਅਸਚਰਜਮਈ ਗੱਲ ਸੀ। ਉਨ੍ਹਾਂ ਲਿਖਿਆ :

**ਭਗਤਿ ਜੋਗ ਕੌ ਜੈਤਵਾਰੁ, ਹਰਿ ਜਨਕੁ ਉਪਾਯਉ॥ ੧॥**

ਲੰਮੇਰੇ ਹਿੰਦੂ ਇਤਿਹਾਸ ਵਿਚ ਇਕ ਜਨਕ ਹੀ ਹੋਇਆ ਹੈ ਜਿਸ ਰਾਜ ਕਮਾਂਦਿਆਂ ਜਗਤ ਨੂੰ ਮਿੱਥਿਆ ਮੰਨਿਆ ਹੈ। ਉਸ ਦਾ 'ਨਾਂ' ਲੈਂਦੇ ਹੋਏ ਕਹਿੰਦੇ ਹਨ ਕਿ ਤੁਸਾਂ ਤਾਂ ਇਸ ਕਲਿਯੁਗ ਵਿਚ ਸਤਿਯੁਗ ਦਾ ਸਮਾਂ ਬੰਨ੍ਹ ਦਿੱਤਾ ਹੈ। 'ਜਨਕ ਰਾਜ ਬਰਤਾਇਆ, ਸਤਯੁਗ ਆਲੀਣਾ।' ਉਹ ਕਹਿੰਦੇ ਹਨ ਕਿ ਅਸਾਂ ਕੰਵਲ ਫੁੱਲ ਵਾਲਾ ਖੇਲ ਦੇਖਿਆ ਹੈ। ਮਨ ਨੂੰ ਉਸ ਮਾਇਆ ਤੋਂ ਬਹੁਤ ਉੱਚਾ ਕਰ ਲਿਆ ਹੈ। ਭੱਟ ਮਥਰਾ ਜੀ ਕਹਿੰਦੇ ਹਨ ਕਿ ਓਪਰੀ ਨਜ਼ਰ ਵਾਲਾ ਭੁਲੇਖਾ ਖਾ ਜਾਏਗਾ। ਉਹ ਗੁਰੂ ਅਰਜਨ ਦੇਵ ਜੀ ਨੂੰ ਮਾਇਆ ਵਿਚ ਹੀ ਵਿਚਰਦੇ ਸਮਝੇਗਾ। ਇਕ ਸਾਧਾਰਨ ਗ੍ਰਹਿਸਤੀ ਹੀ ਸਮਝੇਗਾ। 'ਪੈ ਦੇਖੀਅਤ ਧਾਮ ਸਿਉ।' ਪਰ ਜਿਸ ਜ਼ਰਾ ਨੇੜਿਓਂ ਹੋ ਤੱਕਿਆ, ਉਸ ਦੇਖਿਆ ਕਿ ਹਰ ਸਮੇਂ ਹਰੀ ਦਾ ਰਸ ਹੀ ਪੀ ਰਹੇ ਹਨ। ਕਿਧਰੇ ਹੋਰ ਧਿਆਨ ਉਨ੍ਹਾਂ ਦਾ ਖੁੱਭਦਾ ਹੀ ਨਹੀਂ :

**ਅਪਰੰਪਰ ਪੁਰਖ ਸਿਉ ਪ੍ਰੇਮ ਲਾਗੋ,**<br>**ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ॥ ੩॥**

ਇਹ ਹੈ ਇਸ ਕਲਿਯੁਗ ਵਿਚ ਇਕ ਨਿਰਾਲੀ ਸਿਫ਼ਤ ਵਾਲਾ ਗੁਰੂ, ਜਿਸ ਬਾਰੇ ਭੱਟ ਕਹਿੰਦੇ ਹਨ ਕਿ ਅਸੀਂ ਟੋਲਦੇ-ਟੋਲਦੇ ਥੱਕ ਗਏ। ਨਿਰੀ ਕਹਿਤ ਹੀ ਕਹਿਤ ਸੁਣੀ ਸੀ, ਇੱਥੇ ਰਹਿਤ ਹੈ, ਕਰਨੀ ਹੈ।

ਗੁਰੂ ਅਰਜਨ ਦੇਵ ਜੀ ਨੇ ਆਪ ਵੀ ਇਕ ਥਾਵੇਂ ਕਿਹਾ ਹੈ ਕਿ ਉਨ੍ਹਾਂ ਦਾ ਰਾਜ-ਜੋਗ ਕਮਾਉਣਾ ਐਸਾ ਹੈ ਕਿ ਉਨ੍ਹਾਂ ਪਹਿਲਾਂ ਚਿੱਤ ਨੂੰ ਸ਼ਾਂਤ ਕੀਤਾ ਤੇ ਫਿਰ ਸ਼ਾਂਤ ਰੱਖਿਆ। ਘਰ ਤੇ ਜੰਗਲ ਨੂੰ ਇਕ ਸਮਾਨ ਜਾਤਾ। ਮਾਇਆ ਅਟਕਾ ਨਾ ਸਕੀ। ਅੰਦਰ ਸਿਰਫ਼ ਇਕ ਵਾਹਿਗੁਰੂ ਪਿਰ ਨਾਲ ਪਿਆਰ ਰੱਖਿਆ। ਬਾਹਰ ਦੁਨੀਆਂ ਨਾਲ ਠਾਠਾ ਬਾਗਾ। ਹਰ ਜਗਤ ਦੇ ਜੀਵ, ਪ੍ਰਾਣੀ ਨਾਲ ਸਾਹਿਬ ਸਲਾਮਤੀ ਰੱਖੀ। ਫਿਰ ਕਦੇ ਉਲਾਰ ਨਾ ਹੋਣ ਦਿੱਤਾ। ਅੰਦਰ ਕਦੇ ਪਿਰ ਨਾਲੋਂ ਨਾ ਟੁੱਟਿਆ ਤੇ ਬਾਹਰ ਦੀ ਕੋਈ ਵਸਤੂ ਅੰਦਰ ਨਾ ਜਾਣ ਦਿੱਤੀ। ਭਾਵ ਸਮਾਜਿਕ ਪਹਿਲੂ ਵੀ ਨਾ ਛੱਡਿਆ ਅਤੇ ਪ੍ਰਾਪਤ ਪ੍ਰਮਾਰਥਿਕ ਉੱਚਤਾ ਨਾਲ ਇਰਦ-ਗਿਰਦ ਉੱਚਾ ਕਰਦਾ ਰਿਹਾ। ਲੋਕਾਂ ਵਿਚ ਰਹਿ ਕੇ ਲੋਕਾਂ ਦੀ ਵਾਹ-ਵਾਹ ਵਿਚ ਨਾ ਗਵਾਚਿਆ :

Sri Satguru Jagjit Singh Ji eLibrary NamdhariElibrary@gmail.com

ਥਿਰ ਥਿਰ ਚਿਤ ਥਿਰ ਹਾਂ।
ਬਨੁ ਗ੍ਰਿਹੁ ਸਮਸਰਿ ਹਾਂ।
ਅੰਤਰਿ ਏਕ ਪਿਰ ਹਾਂ।
ਬਾਹਰਿ ਅਨੇਕ ਧਰਿ ਹਾਂ।
ਰਾਜਨ ਜੋਗੁ ਕਰਿ ਹਾਂ।
ਕਹੁ ਨਾਨਕ ਲੋਕ ਅਲੋਗੀ ਰੀ ਸਖੀ॥ ੨॥

*(ਆਸਾ ਮਹਲਾ ੫, ਪੰਨਾ ੪੦੯)*

ਇਕ ਹੋਰ ਸ਼ਬਦ 'ਪੁਰਖੁ ਪ੍ਰਮਾਣੁ' ਗੁਰੂ ਅਰਜਨ ਦੇਵ ਜੀ ਦੀ ਉਪਮਾ ਵਿਚ ਭੱਟਾਂ ਨੇ ਵਰਤਿਆ ਹੈ, ਉਨ੍ਹਾਂ ਦੇ ਕਹਿਣ ਦਾ ਭਾਵ ਹੈ ਕਿ ਗੁਰੂ ਅਰਜਨ ਦੇਵ ਜੀ ਨਮੂਨੇ ਦੇ ਪੁਰਸ਼ ਹਨ, ਉਹ ਸੰਕਟ ਤੋਂ ਨੱਸਣ ਵਾਲੇ ਨਹੀਂ, ਆਦਰਸ਼ 'ਤੇ ਡਟਣ ਵਾਲੇ ਹਨ। ਉਨ੍ਹਾਂ ਹੱਥ ਹਥਿਆਰ ਨਾਮ ਹੈ। ਨਮੂਨੇ ਦੇ ਪੁਰਸ਼ ਦਾ ਕੁਝ ਨਕਸ਼ਾ ਆਪ ਹੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਵਿਚ ਉਲੀਕਿਆ ਹੈ। ਉਹ ਆਦਰਸ਼ਕ ਮਨੁੱਖ ਨੂੰ ਬ੍ਰਹਮ ਗਿਆਨੀ ਕਹਿੰਦੇ ਹਨ। ਮਹਿਮਾ ਪ੍ਰਕਾਸ਼ ਨੇ ਠੀਕ ਲਿਖਿਆ ਹੈ ਕਿ ਗੁਰੂ ਅਰਜਨ ਜੀ ਨੇ ਜੋ ਆਪੂੰ ਸੁਖਮਨੀ ਵਿਚ ਲਿਖਿਆ ਸੀ, ਉਹ ਤਸੀਹੇ ਸਹਾਰ ਤੇ ਸ਼ਹੀਦੀ ਲੈ ਕਰ ਦਿਖਾਇਆ :

ਰਹੇ ਬਦੇਹੀ ਹੋਇ ਦ੍ਰਿੜ
ਬ੍ਰਹਮ ਗਿਆਨੀ ਨੀਕ।
ਜੋ ਬਰਨਿਓ ਮਧ ਸੁਖਮਨੀ
ਪਾਲ ਦਿਖਾਇਓ ਠੀਕ।

ਬ੍ਰਹਮ ਗਿਆਨੀ ਦੀ ਵੱਡੀ ਸਿਫ਼ਤ ਹੈ ਕਿ 'ਮਨਿ ਤੇ ਮੁਖਿ ਵਿਚ ਸੱਚ ਹੁੰਦਾ ਹੈ।' ਭੱਟ ਕਹਿੰਦੇ ਹਨ ਕਿ ਗੁਰੂ ਅਰਜਨ ਦੇਵ ਜੀ ਆਪ ਸੱਚ ਰੂਪੀ ਨੀਂਹ ਉਸਾਰ ਕੇ ਗੁਰੂ ਅਰਜਨ ਦੇਵ ਜੀ ਵਿਚ ਲੀਨ ਹੋ ਗਏ ਹਨ। ਗੁਰੂ ਅਰਜਨ ਦੇਵ ਸੱਚ ਦਾ ਹੀ ਰੂਪ ਹੈ :

ਗੁਰੂ ਨਾਨਕ ਸਚ ਨੀਵ ਸਾਜਿ,
ਸਤਿਗੁਰ ਸੰਗਿ ਲੀਣਾ[1]॥ ੩॥

ਮਥੁਰਾ ਜੀ ਵੀ ਇਸੇ ਪਰਥਾਇ ਕਹਿੰਦੇ ਹਨ ਕਿ ਗੁਰੂ ਅਰਜਨ ਜੀ ਨੇ ਸਤਿ, ਸੰਤੋਖ ਨੂੰ ਹਿਰਦੇ ਧਾਰਨ ਕੀਤਾ ਹੋਇਆ ਹੈ। ਹਰੀ ਉਨ੍ਹਾਂ ਦੇ ਅੰਦਰ ਟਿਕਿਆ ਹੋਇਆ ਹੈ :

ਸਤਿ ਰੂਪ ਸਤਿਨਾਮ, ਸਤਿ ਸੰਤੋਖੁ ਧਰਿਓ ਉਰਿ॥ ੨॥

ਆਦਰਸ਼ਕ ਮਨੁੱਖ ਕਿਸੇ ਦਾ ਬੁਰਾ ਨਹੀਂ ਚਿਤਵਦਾ ਅਤੇ ਉਸ ਦੀ ਨਜ਼ਰ ਸਭ 'ਤੇ ਇਕੋ ਜਿਹੀ ਰਹਿੰਦੀ ਹੈ। ਉਹ ਗ਼ਰੀਬ-ਅਮੀਰ, ਊਚ-ਨੀਚ, ਜਾਤ-ਪਾਤ, ਗੋਰੇ-ਕਾਲੇ, ਪੂਰਬ-ਪੱਛਮ ਦੀਆਂ ਦਰਾੜਾਂ ਵਿਚ ਨਹੀਂ ਫਸਦਾ। ਉਸ ਦੀ ਦ੍ਰਿਸ਼ਟੀ ਸਮਾਨ ਹੈ। ਉਹ ਧੀਰਜਵਾਨ ਹੁੰਦਾ ਹੈ। ਉਹ ਉਦਾਰ ਚਿੱਤ ਹੁੰਦਾ ਹੈ। ਉਸ ਦਾ ਜੇਰਾ ਰੁੱਖਾਂ ਸਮਾਨ ਹੁੰਦਾ ਹੈ।

ਇੱਧਰ ਭੱਟ ਕਹਿੰਦੇ ਹਨ ਕਿ ਗੁਰੂ ਅਰਜਨ ਦੇਵ ਜੀ ਹਰੀ ਵਾਂਗੂੰ ਉਦਾਰਚਿਤ ਹਨ। ਧੀਰਜ ਨੂੰ ਉਨ੍ਹਾਂ ਆਪਣਾ ਧਰਮ ਬਣਾਇਆ ਹੋਇਆ ਹੈ। ਗੁਰਮਤਿ ਦਾ ਉਨ੍ਹਾਂ ਡੂੰਘਾ

1. ਕਲ੍ਹਸਹਾਰ

Sri Satguru Jagjit Singh Ji eLibrary NamdhariElibrary@gmail.com

ਅਧਿਐਨ ਕੀਤਾ ਹੈ। ਪਰਾਏ ਦੁੱਖ ਨੂੰ ਦੂਰ ਕਰਨ ਲਈ ਸਭ ਕੁਝ ਵਾਰਨ ਲਈ ਤੱਤਪਰ ਰਹਿੰਦੇ ਹਨ। ਟੇਕ ਉਨ੍ਹਾਂ ਸ਼ਬਦ ਦੀ ਰੱਖੀ ਹੋਈ ਹੈ। ਹਉਮੈ ਨੇੜੇ ਨਹੀਂ ਆਉਣ ਦਿੱਤੀ।

**ਧ੍ਰੰਮ ਧੀਰ, ਗੁਰਮਤਿ ਗੰਭੀਰ ਪਰ ਦੁਖ ਬਿਸਾਰਣੁ॥**
**ਸਬਦ ਸਾਰੁ, ਹਰਿ ਸਮ ਉਦਾਰੁ, ਅਹੰਮੇਵ ਨਿਵਾਰਣੁ॥**

ਗੁਰੂ ਅਰਜਨ ਦੇਵ ਜੀ ਦੀ ਦ੍ਰਿਸ਼ਟੀ ਵਿਚ ਕਦੇ ਫ਼ਰਕ ਨਹੀਂ ਪਿਆ। ਇਕ ਰਸ ਹਨ। ਉਨ੍ਹਾਂ ਤਾਂ ਆਤਮਿਕ ਅਡੋਲਤਾ ਦਾ ਚੰਦੋਆ ਤਾਣਿਆ ਹੋਇਆ ਹੈ। ਸਹਜ ਰੰਗ ਵਿਚ ਆਨੰਦ ਲੈ ਰਹੇ ਹਨ।

ਭੱਟਾਂ ਨੇ, 'ਸਹਿਜ ਚੰਦੋਆ ਤਾਣਿਅਉ', 'ਸੰਤੋਖ ਸਮਾਚਰਿਓ', 'ਮਨ ਮਾਣਿਕ ਸੰਤੋਖਿਅਉ' ਦੇ ਸ਼ਬਦ ਵਰਤੇ ਹਨ।

ਪੰਜਵੇਂ ਪਾਤਸ਼ਾਹ ਦਾ ਸਮੁੱਚਾ ਜੀਵਨ ਇਨ੍ਹਾਂ ਕਥਨਾਂ ਦੀ ਵਿਆਖਿਆ ਹੀ ਹੈ। ਭਾਬੀਆਂ ਦੇ ਤਾਅਨੇ, ਸ਼ਰੀਕਾਂ ਦੇ ਮਿਹਣੇ, ਭਰਾਵਾਂ ਦੀ ਈਰਖਾ, ਪ੍ਰੋਹਿਤਾਂ ਦੀਆਂ ਚੁਗਲੀਆਂ, ਬ੍ਰਾਹਮਣਾਂ ਦਾ ਵੈਰ, ਹਕੂਮਤ ਦਾ ਅਤਾਬ ਅਤੇ ਕਈ ਹੋਰ ਰੁਕਾਵਟਾਂ ਨੇ ਇਸ 'ਪ੍ਰਮਾਣ ਪੁਰਖ' ਨੂੰ ਝੁਕਣਾ, ਡੋਲਣਾ ਤਾਂ ਇਕ ਪਾਸੇ ਝੁਰਨ ਤੱਕ ਨਾ ਦਿੱਤਾ। ਬਾਲਕ ਗੁਰੂ ਹਰਿਗੋਬਿੰਦ ਜੀ ਦੇ ਘਾਤ ਦੇ ਚਾਹਵਾਨਾਂ ਹੋਛੇ ਹਥਿਆਰ ਤੱਕ ਵਰਤੇ, ਪਰ ਗੁਰੂ ਜੀ ਨੇ ਕਿਸੇ ਨੂੰ ਮੰਦਾ ਤੱਕ ਨਾ ਆਖਿਆ। ਸਗੋਂ ਵੱਡਾ ਭਰਾ ਪ੍ਰਿਥੀ ਚੰਦ ਜਦ ਬੀਮਾਰ ਹੋ ਗਿਆ ਤਾਂ ਅਰਦਾਸ ਕੀਤੀ ਕਿ ਉਹ ਨਰੋਆ ਰਹੇ।

ਸੱਚੀ ਗੱਲ ਤਾਂ ਇਹ ਹੈ ਕਿ ਸਭ ਵਿਰੋਧੀ ਤੱਤ ਤੱਤੇ ਸਨ। ਵੱਡਾ ਭਰਾ ਤੱਤਾ, ਮਹਾਂਦੇਵ ਜੀ ਤੱਤੇ, ਸ਼ਰੀਕਾ ਤੱਤਾ, ਸੁਲਹੀ ਤੱਤਾ, ਸੁਲਭੀ ਤੱਤਾ, ਅਮਾਨਤ ਖ਼ਾਨ ਤੱਤਾ, ਬੀਰਬਲ ਤੱਤਾ, ਖ਼ੁੱਰਮ (ਸ਼ਾਹ ਜਹਾਨ) ਤੱਤਾ, ਚੰਦੂ ਤੱਤਾ, ਭਗਤ ਕਾਨ੍ਹਾ ਤੱਤਾ, ਕੁਲੀ ਖ਼ਾਨ ਤੱਤਾ, ਮੁਰਤਜ਼ਾ ਖ਼ਾਨ ਤੱਤਾ, ਨਕਸ਼ਬੰਦੀ ਤੱਤੇ, ਮੁਜੱਦਦ ਤੱਤਾ, ਪਾਣੀ ਤੱਤਾ, ਰੇਤ ਤੱਤੀ, ਤਵੀ ਤੱਤੀ, ਦੇਗ ਤੱਤੀ, ਰੇਤ ਪਾਉਣ ਵਾਲਾ ਤੱਤਾ, ਜਹਾਂਗੀਰ ਤੱਤਾ, ਪਰ ਸਿਰਫ਼ ਇਕ ਠੰਢਾ ਸੀ ਤਾਂ ਕੇਵਲ ਗੁਰੂ ਅਰਜਨ ਦੇਵ ਜੀ ਪਾਤਸ਼ਾਹ।

'ਪ੍ਰਮਾਣੁ ਪੁਰਖ' ਸਦਾ ਨਿਰਮਲ ਹੈ। ਉਸ ਪਾਸ ਬੈਠਿਆਂ ਹੀ ਪਾਪ ਨੱਸਦੇ ਲਗਦੇ ਹਨ। ਇੰਜ ਲਗਦੇ ਹਨ, ਜਿਵੇਂ ਇਸ਼ਨਾਨ ਹੋ ਰਿਹਾ ਹੈ :

**'ਅਜੈ ਗੰਗ ਜਲ ਅਟਲ, ਸਿੱਖ ਸੰਗਤਿ ਸਭ ਨਾਵੈ॥'**

ਉਸ ਦੇ ਕਰਮ ਵੀ ਨਿਰਮਲ ਹੁੰਦੇ ਹਨ। ਉਹ ਸਦਾ ਖੇੜੇ ਵਿਚ ਰਹਿੰਦਾ ਹੈ। ਸਾਰੀ ਸ੍ਰਿਸ਼ਟੀ ਨੂੰ ਸੱਜਣ ਕਰ ਕੇ ਜਾਣਦਾ ਹੈ। ਹੰਕਾਰ ਨੂੰ ਨੇੜੇ ਨਹੀਂ ਢੁੱਕਣ ਦਿੰਦਾ। ਹੁੰਦਾ ਸਭ ਤੋਂ ਉੱਚਾ ਹੈ, ਪਰ ਮਨ ਕਰਕੇ ਨੀਵਾਂ ਰਹਿੰਦਾ ਹੈ। ਮਤਿ ਉੱਚੀ ਤੇ ਮਨ ਨੀਵਾਂ ਰੱਖਣਾ ਉਸ ਦਾ ਸੁਭਾਅ ਹੁੰਦਾ ਹੈ। ਕਲ੍ਹਸਹਾਰ ਕਹਿੰਦੇ ਹਨ ਕਿ ਨਿਰਮਲ ਬੁੱਧੀ ਗੁਰੂ ਅਰਜਨ ਜੀ ਵਿਚ ਸਮਾਈ ਹੋਈ ਹੈ।

'ਬਿਮਲ ਬੁਧਿ ਸਤਿਗੁਰੁ ਸਮਾਣਿਉ, ਅਹੰਮੇਵ, ਨਿਵਾਰਣੁ,' 'ਮਹਾਦਾਨਿ', 'ਸੀਤਲ ਸੁਖ ਦਾਤਉ', 'ਬਾਸਨਾ ਤੇ ਬਾਹਰਿ' ਦੇ ਹੋਰ ਸ਼ਬਦ ਹਨ ਜੋ ਭੱਟ ਵਰਤਦੇ ਰਹੇ ਹਨ।

ਪੰਜਵੇਂ ਪਾਤਸ਼ਾਹ ਦਾ ਸਮੁੱਚਾ ਜੀਵਨ ਪ੍ਰਤੱਖ ਪ੍ਰਮਾਣ ਹੈ ਕਿ ਉਨ੍ਹਾਂ ਨੇ ਇਨ੍ਹਾਂ ਸਾਰੀਆਂ

Sri Satguru Jagjit Singh Ji eLibrary NamdhariElibrary@gmail.com

ਸਿਫ਼ਤਾਂ ਨੂੰ ਆਪਣਾ ਖ਼ਜ਼ਾਨਾ ਬਣਾਇਆ ਹੋਇਆ ਸੀ। ਭੱਟ ਹੰਸਾਂ ਨੇ ਰਤਨਾਂ ਦੀ ਪਰਖ ਇਕ ਚੋਗ ਵਿਚ ਕਰ ਲਈ।

ਮਥੁਰਾ ਜੀ ਕਹਿੰਦੇ ਹਨ ਕਿ ਗੁਰੂ ਜੀ ਦੀ ਦ੍ਰਿਸ਼ਟੀ ਵਿਚੋਂ ਵੀ ਅੰਮ੍ਰਿਤ ਝਰਦਾ ਹੈ। ਉਨ੍ਹਾਂ ਦੇ ਸ਼ਬਦ ਵੀ ਅੰਮ੍ਰਿਤ ਹਨ। ਉਨ੍ਹਾਂ ਦਾ ਵਾਸਾ ਹਰ ਸਮੇਂ ਨਾਮ ਵਿਚ ਹੈ। ਪੂਰੇ ਵੈਰਾਗ-ਵਾਨ ਹਨ। ਹਰੀ ਦੇ ਪਿਆਰ ਦੇ ਭਿੱਜੇ ਹੋਏ ਹਨ :

ਬਾਸੁਰ ਰਯਨਿ, ਬਾਸ ਜਾ ਕੋ ਹਿਤੁ ਨਾਮ ਸਿਉ।
ਪਰਮ ਅਤੀਤ, ਪਰਮੇਸਰ ਕੇ ਰੰਗਿ ਰੰਗੋ...॥ ੩॥

ਕਲ੍ਯਸਹਾਰ ਜੀ ਵੀ ਇਹ ਹੀ ਫ਼ਰਮਾਂਦੇ ਹਨ ਕਿ ਸੂਰਮਾ ਗੁਰੂ ਬਚਨਾਂ ਨਾਲ ਅੰਮ੍ਰਿਤ ਦੀ ਵਰਖਾ ਕਰ ਰਿਹਾ ਹੈ :

'ਅਮਿਓ ਰਸਨਾ, ਬਦਨ ਬਰਦਾਤਿ॥'

ਫਿਰ ਭੱਟ ਕਹਿੰਦੇ ਹਨ ਕਿ ਗਿਆਨ ਨਾਲ ਗੁਰੂ ਜੀ ਦਾ ਜੀਵਨ ਚਮਕ ਰਿਹਾ ਹੈ :

'ਜਨਕਹ ਕਲਸੁ ਦੀਪਾਇਅਉ॥'

ਗੁਰੂ ਅਰਜਨ ਜੀ ਹਰੀ ਤੋਂ ਵੱਖਰੇ ਨਹੀਂ ਹਨ। ਪੂਰਨ ਬ੍ਰਹਮ ਹਰੀ ਨੇ ਗੁਰੂ ਅਰਜਨ ਜੀ ਦੇ ਹਿਰਦੇ ਵਿਚ ਪ੍ਰਤੱਖ ਤੌਰ 'ਤੇ ਨਿਵਾਸ ਕੀਤਾ ਹੈ :

ਪਰਤਛਿ ਰਿਦੈ ਗੁਰੁ ਅਰਜਨ ਕੈ,
ਹਰਿ ਪੂਰਨ ਬ੍ਰਹਮਿ ਨਿਵਾਸ ਲੀਅਉ।

ਗੁਰੂ ਅਰਜਨ ਜੀ ਸਦਾ ਪਰਉਪਕਾਰ ਵਿਚ ਜੁੱਟੇ ਰਹਿੰਦੇ ਹਨ। ਸਭ ਕੁਝ ਵੰਡੀ ਟੁਰੀ ਜਾਂਦੇ ਹਨ :

'ਮਹਾਂ ਦਾਨਿ, ਸਤਿਗੁਰ ਗਿਆਨਿ, ਮਨਿ ਚਾਉ ਨ ਹੁਟੈ॥'

ਗੁਰੂ ਅਰਜਨ ਜੀ ਦਾ ਸੇਵਾ ਤੇ ਪਰਉਪਕਾਰ ਦਾ ਚਾਅ ਮੱਠਾ ਨਹੀਂ ਪੈਂਦਾ। ਸਭ ਨੂੰ ਸੁਖਾਲਾ ਰਾਹ ਦਰਸਾ ਰਹੇ ਹਨ। 'ਕਲਿਜੁਗ ਜਹਾਜ਼ ਅਰਜੁਨੁ ਗੁਰੂ।' 'ਗੁਰੂ ਅਰਜਨ ਜੀ ਮਤਿ ਗੰਭੀਰ, ਦੂਰ-ਦ੍ਰਿਸ਼ਟੀ ਵਾਲੇ, ਭਰਮ, ਵਹਿਮ ਤੇ ਭਟਕਣਾ ਦੂਰ ਕਰਨ ਵਾਲੇ', 'ਭ੍ਰਮੁ ਭਾਂਤਿ ਦਹਣੁ' ਖੇਲ ਗੂੜਿਉ, ਅਸਚਰਜ ਭਯ ਭੰਜਨ ਅਤੇ ਅਪਾਰ ਹਨ। ਇਸ ਜਗਤ ਦੇ ਹਨੇਰੇ ਵਿਚ ਗੁਰੂ ਅਰਜਨ ਜੀ ਦੀ ਤਾਲੀਮ ਤੋਂ ਬਿਨਾਂ ਹੋਰ ਕੋਈ ਚਾਨਣਾ ਨਹੀਂ। ਘੋਰ ਸਮੁੰਦਰ ਵਿਚ ਉਨ੍ਹਾਂ ਦਾ ਨਾਮ ਹੀ ਚਾਨਣਾ ਹੈ। ਜੋ ਕੋਈ ਉਨ੍ਹਾਂ ਦੇ ਪੈਰ ਚਿੰਨ੍ਹਾਂ 'ਤੇ ਟੁਰੇਗਾ, ਪਾਏ ਪੂਰਨਿਆਂ ਤੇ ਲਿਖੇਗਾ : ਉਹ ਸਮੁੰਦਰ ਵਿਚ ਗੋਤੇ ਨਹੀਂ ਖਾਣ ਲੱਗਾ ਤੇ ਕਾਮਯਾਬ ਹੋ ਨਿਕਲੇਗਾ। ਹੇ ਜੀਵ! ਇਸ ਰਾਹ ਨੂੰ ਛੱਡ ਹੋਰ ਕਿਧਰੇ ਨਾ ਜਾਵੀਂ :

ਜਗ ਅਉਰੁ ਨ ਯਾਹਿ ਮਹਾਤਮ ਮੈ
ਅਵਤਾਰ ਉਜਾਗਰੁ ਆਨਿ ਕੀਅਉ॥

Sri Satguru Jagjit Singh Ji eLibrary NamdhariElibrary@gmail.com

ਤਿਨ ਕੇ ਦੂਖ ਕੋਟਿਕ ਦੂਰ ਗਏ
ਮਥੁਰਾ ਜਿਨੁ ਅੰਮ੍ਰਿਤ ਨਾਮੁ ਪੀਅਉ॥
ਇਹ ਪਧਤਿ ਤੇ ਮਤ ਚੂਕਹਿ ਰੇ ਮਨ
ਭੇਦ ਬਿਭੇਦ ਨ ਜਾਨਿ ਬੀਅਉ॥ ੫॥

ਆਦਰਸ਼ਕ ਮਨੁੱਖ ਪ੍ਰਮੇਸ਼ਰ ਤੁਲ ਹੀ ਹੁੰਦਾ ਹੈ, 'ਬ੍ਰਹਮ ਗਿਆਨੀ ਆਪਿ ਪ੍ਰਮੇਸਰ', ਸੁਖਮਨੀ ਸਾਹਿਬ ਵਿਚ ਆਇਆ ਹੈ। ਭੱਟ ਵੀ ਇਹ ਹੀ ਕਹਿੰਦੇ ਹਨ ਕਿ ਜੋ ਹਰੀ ਪੈਦਾ ਨਹੀਂ ਹੁੰਦਾ, ਉਹ ਗੁਰੂ ਅਰਜਨ ਜੀ ਰੂਪ ਵਿਚ ਸੰਸਾਰ 'ਤੇ ਆਇਆ ਹੈ ਕਿਉਂਕਿ ਪਰਮੇਸ਼ਰ ਵਾਲੀਆਂ ਸਾਰੀਆਂ ਸਿਫ਼ਤਾਂ ਉਨ੍ਹਾਂ ਵਿਚ ਹਨ। 'ਆਜੋਨੀ ਸੰਭਵਿਅਉ' ਅਤੇ 'ਅਸੰਭਉ ਉਦਵਿਅਉ, ਪੁਰਖ ਪੂਰਨ ਬਿਧਾਤਉ।' ਗੱਲ ਮੁਕਾਂਦੇ ਹੋਏ ਮਥੁਰਾ ਜੀ ਕਹਿੰਦੇ ਹਨ ਕਿ ਗੁਰੂ ਅਰਜਨ ਜੀ ਵਿਚਾਰ ਜੋਤ ਰੂਪ ਹੋ ਕੇ ਧਰਤੀ, ਆਕਾਸ਼, ਨੌਂ ਖੰਡਾਂ ਵਿਚ ਵਿਆਪ ਰਹੇ ਹਨ। ਸੋ ਇਹ ਹੀ ਗੱਲ ਸੰਸਾਰ ਤੱਕ ਪੁੱਜੀ ਕਿ ਗੁਰੂ ਅਰਜਨ ਜੀ ਸਾਖਿਆਤ ਅਕਾਲ ਪੁਰਖ ਹੈ, ਕੋਈ ਅੰਤਰ ਨਹੀਂ ਹੈ :

ਧਰਨਿ ਗਗਨ ਨਵਖੰਡ ਮਹਿ
ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ, ਕਛੁ ਭੇਦ ਨਹੀਂ
ਗੁਰੁ ਅਰਜੁਨੁ ਪਰਤਖੵ ਹਰਿ॥ ੭॥

ਭੱਟਾਂ ਨੇ ਜੋ ਡਿੱਠਾ, ਉਹ ਦਰਸਾਇਆ। ਭਾਈ ਗੁਰਦਾਸ ਜੀ ਨੇ ਵੀ ਜੋ ਗੁਰੂ ਅਰਜਨ ਜੀ ਦਾ ਪ੍ਰਭਾਵ ਕਬੂਲਿਆ, ਆਪਣੀਆਂ ਵਾਰਾਂ ਵਿਚ ਲਿਖਿਆ। ਵਾਰ ਤੀਜੀ ਦੀ ਪਉੜੀ ਬਾਰ੍ਹਵੀਂ ਵਿਚ ਭਾਈ ਜੀ ਲਿਖਦੇ ਹਨ ਕਿ ਗੁਰੂ ਅਰਜਨ ਜੀ ਦੀ ਨਿਰਮਾਣ ਸੇਵਾ ਦੇਖ ਕੇ, ਗੁਰੂ ਰਾਮ ਦਾਸ ਜੀ ਨੇ ਉਨ੍ਹਾਂ ਨੂੰ ਨਾਲ ਮਿਲਾ ਲਿਆ :

ਗੁਰੂ ਅਰਜਨ ਕਰ ਸੇਉ, ਦੋਐ ਢੋਇਆ। ੧੨। ੩।

ਅਤੇ ਫਿਰ ਉਨ੍ਹਾਂ ਨੂੰ ਉਹੀ ਰੌਸ਼ਨੀ ਬਖ਼ਸ਼ ਦਿੱਤੀ ਜਿਸ ਦੇ ਉਹ ਮਾਲਕ ਸਨ। ਇਹ ਇੰਜ ਹੋਇਆ, ਜਿਵੇਂ ਇਕ ਜਗਦਾ ਦੀਵਾ ਆਪਣੀ ਲਾਟ ਨਾਲ ਦੂਜੇ ਨੂੰ ਪ੍ਰਜਵਲਤ ਕਰ ਦਿੰਦਾ ਹੈ।

ਜੋਤੀ ਜੋਤ ਸਮੋਇ ਦੀਪੁ ਦੀਪਾਇਆ। ੧੧। ੩।

ਫਿਰ ਭਾਈ ਗੁਰਦਾਸ ਜੀ ਨੇ ਵਾਰ 24ਵੀਂ ਦੀਆਂ ਪੰਜ ਪਉੜੀਆਂ ਵਿਚ ਨੇੜਿਓਂ ਦੇਖੇ ਗੁਰੂ ਅਰਜਨ ਜੀ ਬਾਰੇ ਕੁਝ ਹੋਰ ਵਿਸਥਾਰ ਦਿੱਤਾ ਹੈ। ਇਹਨਾਂ ਪਉੜੀਆਂ ਰਾਹੀਂ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ 'ਤੇ ਇਕ ਨਵੇਕਲਾ ਚਾਨਣਾ ਪੈਂਦਾ ਹੈ ਅਤੇ ਨਿਰਾਲੀ ਛਬਿ ਉਭਰ ਕੇ ਸਾਹਮਣੇ ਆਉਂਦੀ ਹੈ।

ਪਉੜੀ 18ਵੀਂ ਵਿਚ ਭਾਈ ਸਾਹਿਬ ਕਹਿੰਦੇ ਹਨ ਕਿ ਗੁਰੂ ਅਰਜਨ ਦੇਵ ਜੀ ਦੇ ਗੁਣਾਂ ਦਾ ਬਿਆਨ ਕਰਨਾ ਕਠਿਨ ਜਿਹਾ ਕੰਮ ਹੈ। ਉਹ ਮਾਇਆ ਤੋਂ ਉੱਚੇ ਹਨ, ਸ਼ਾਂਤ ਚਿੱਤ ਹਨ, ਚਿੰਤਾ ਵਾਲੀ ਸ਼ੈਅ ਉਨ੍ਹਾਂ ਦੇ ਨੇੜੇ ਨਹੀਂ ਆ ਸਕਦੀ, ਮੌਤ 'ਤੇ ਉਨ੍ਹਾਂ ਜਿੱਤ ਪ੍ਰਾਪਤ ਕਰ ਲਈ ਹੈ ਅਤੇ ਆਤਮਾ ਉੱਚੀ ਉਡਾਰੀ ਲਗਾ ਗਗਨਾਂ ਨੂੰ ਛੂਹ ਰਹੀ ਹੈ :

Sri Satguru Jagjit Singh Ji eLibrary NamdhariElibrary@gmail.com

ਅਲਖ ਨਿਰੰਜਨ ਆਖਿਐ, ਅਕਲ ਅਜੋਨਿ, ਅਕਾਲ, ਅਪਾਰਾ।

ਗੁਰੂ ਪੰਜਵੇਂ ਦੀ ਆਤਮਾ ਚੰਨ ਨਾਲੋਂ ਵੀ ਵੱਧ ਰੌਸ਼ਨ ਹੈ। ਠੀਕ ਗੱਲ ਤਾਂ ਇਹ ਹੈ ਕਿ ਸੂਰਜ ਨਾਲੋਂ ਵੀ ਵੱਧ ਚਮਕਦੀ ਹੈ, ਪਰਮਾਤਮਾ ਨੂੰ ਜੇ ਕੋਈ ਪਿਆਰਾ ਲੱਗ ਰਿਹਾ ਹੈ ਤਾਂ ਗੁਰੂ ਅਰਜਨ ਦੇਵ ਜੀ ਹੀ ਹਨ :

ਰਵਿ ਸਸਿ ਜੋਤਿ ਉਦੋਤ ਲੰਘਿ
ਪਰਮ ਜੋਤਿ ਪਰਮੇਸੁਰ ਪਿਆਰਾ।

ਇਧਰ ਗੁਰੂ ਅਰਜਨ ਜੀ ਵੀ ਸਦਾ ਵਾਹਿਗੁਰੂ ਦੇ ਨਾਮ ਵਿਚ ਲੀਨ ਰਹਿੰਦੇ ਹਨ ਭਾਵ ਖਿੱਚ ਦੋਵਾਂ ਪਾਸੇ ਹੈ। ਵਾਹਿਗੁਰੂ ਦੀ ਜੋਤ ਉਨ੍ਹਾਂ ਵਿਚ ਜਗਮਗਾ ਰਹੀ ਹੈ। ਇਸ ਸਦਕਾ ਉਹ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਹਰ ਕੋਈ ਜੋ ਵੀ ਉਨ੍ਹਾਂ ਦੇ ਦਰਸ਼ਨ ਕਰਦਾ ਹੈ, ਉਪਮਾ ਹੀ ਕਰਦਾ ਜਾਂਦਾ ਹੈ :

ਜਗ ਮਗ ਜੋਤਿ ਨਿਰੰਤਰੀ
ਜਗਜੀਵਨ ਜਗ ਜੈ ਜੈ ਕਾਰਾ।

ਹਰ ਕੋਈ ਗੁਰੂ ਜੀ ਦੀ ਆਤਮਿਕ ਉੱਚਤਾ ਨੂੰ ਦੇਖ ਸਿਰ ਝੁਕਾਂਦਾ ਹੈ ਅਤੇ ਜਿਨ੍ਹਾਂ ਨੂੰ ਸੋਝੀ ਆ ਗਈ ਹੈ, ਉਹ ਗੁਰੂ ਅਰਜਨ ਜੀ ਦੇ ਪੂਰਨਿਆਂ ਉੱਤੇ ਟੁਰ ਕੇ ਕਾਮਯਾਬ ਹੋ ਰਹੇ ਹਨ :

ਨਮਸਕਾਰ ਸੰਸਾਰ ਵਿਚ,
ਆਦਿ ਪੁਰਖ ਆਦੇਸੁ ਉਧਾਰਾ॥

ਇਕ ਗੁਰੂ ਅਰਜਨ ਜੀ ਹਨ, ਜਿਨ੍ਹਾਂ ਦੇ ਦੁਆਰੇ ਹਰ ਜਾਤੀ, ਹਰ ਧਰਮ ਲਈ ਖੁੱਲ੍ਹੇ ਹਨ। ਹਰ ਵਰਣ ਦਾ ਪੁਰਸ਼, ਇਸਤ੍ਰੀ ਗੁਰੂ ਜੀ ਕੋਲੋਂ ਉਪਦੇਸ਼ ਲੈ ਜੀਵਨ ਜਾਚ ਸਿੱਖ ਰਿਹਾ ਹੈ। ਵੇਦਾਂ ਦੇ ਵਕਤਾ, ਸ਼ਾਸਤਰਾਂ ਦੇ ਗਿਆਤਾ, ਵੱਖ-ਵੱਖ ਅਕੀਦੇ ਰੱਖਣ ਵਾਲੇ ਵੀ ਉਨ੍ਹਾਂ ਦੀ ਪਾਵਨ ਸ਼ਖ਼ਸੀਅਤ ਵੱਲ ਖਿੱਚੇ ਚਲੇ ਆ ਰਹੇ ਹਨ ਅਤੇ ਸਿੱਖੀ ਦਾ ਆਨੰਦ ਮਾਣ ਆਚਾਰਵੰਤ ਹੋ ਰਹੇ ਹਨ :

ਚਾਰਿ ਵਰਨ ਛਿਆ ਦਰਸ਼ਨਾਂ,
ਗੁਰਮੁਖਿ ਮਾਰਗਿ ਸਚੁ ਆਚਾਰਾ।

ਜੋ ਉਨ੍ਹਾਂ ਪਾਸ ਆਉਂਦੇ ਹਨ, ਗੁਰੂ ਜੀ ਉਨ੍ਹਾਂ ਸਾਰਿਆਂ ਨੂੰ ਵਾਹਿਗੁਰੂ ਨਾਲ ਜੁੜਨ, ਜ਼ਿੰਦਗੀ ਦੇਣ ਲਈ ਹੈ, ਨਾ ਕਿ ਨਿੱਜ ਸੁਆਰਥ ਲਈ ਅਤੇ ਸਦਾ ਪਵਿੱਤਰ ਰਹਿਣ ਵਾਲਾ ਦੱਸ ਕੇ ਮਨ ਦੀ ਮਤਿ ਤੋਂ ਉਤਾਂਹ ਉੱਠ ਸੰਸਾਰ ਸਾਗਰ ਤੋਂ ਪਾਰ ਲੰਘਾ ਰਹੇ ਹਨ।

ਪੰਜਵੇਂ ਪਾਤਸ਼ਾਹ ਨੇ ਆਪ ਸੱਚ ਪਛਾਣ ਲਿਆ ਹੈ ਅਤੇ ਉਸ ਸੱਚੇ ਦੀ ਘਾੜਤ ਘੜਨ ਦਾ ਵੱਲ ਦੱਸ ਕੇ ਲੋਕਾਈ ਨੂੰ ਸਿੱਧੇ ਰਾਹ ਪਾ ਰਹੇ ਹਨ :

ਨਾਮ ਦਾਨ ਇਸ਼ਨਾਨ ਦ੍ਰਿੜ੍ਹ
ਗੁਰਮੁਖ ਭਾਇ ਭਗਤ ਨਿਸਤਾਰਾ।
ਗੁਰੂ ਅਰਜਨੁ ਸਚੁ ਸਿਰਜਣਹਾਰਾ। ੮। ੨੪।

Sri Satguru Jagjit Singh Ji eLibrary NamdhariElibrary@gmail.com

ਇਸੇ 24ਵੀਂ ਵਾਰ ਦੀ 19ਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਅਰਜਨ ਜੀ, ਗੁਰੂ ਨਾਨਕ ਦੀ ਪਾਵਨ ਗੱਦੀ 'ਤੇ ਬਿਰਾਜ ਕੇ ਆਪਣੇ ਬਜ਼ੁਰਗਾਂ ਦੀ ਦਿੱਤੀ ਰੌਸ਼ਨੀ ਨੂੰ ਸਭ ਪਾਸੇ ਫੈਲਾ ਰਹੇ ਹਨ ਅਤੇ ਸ਼ਬਦ ਦੇ ਚਾਨਣ ਨਾਲ ਹੀ ਅਟਕਿਆਂ ਭਟਕਿਆਂ ਨੂੰ ਰਾਹ ਦਰਸਾ ਰਹੇ ਹਨ। ਗੁਰੂ ਅਰਜਨ ਜੀ ਦਾ ਕੰਮ ਡਿੱਗਦੀਆਂ ਸੁਰਤਾਂ ਨੂੰ ਉੱਪਰ ਉਠਾ ਕੇ ਇੱਜ਼ਤ ਬਖ਼ਸ਼ਣਾ ਹੈ :

**ਤਖਤੁ ਬਖਤੁ ਲੈ ਮਲਿਆ।**
**ਸ਼ਬਦ ਸੁਰਤਿ ਵਾਪਾਰਿ ਸਪਤਾ।**

ਗੁਰੂ ਅਰਜਨ ਦੇਵ ਜੀ ਨੇ ਇਕ ਹੋਰ ਕਮਾਲ ਇਹ ਕੀਤਾ ਹੈ ਕਿ ਰੂਹਾਨੀਅਤ ਦਾ ਖ਼ਜ਼ਾਨਾ (ਗੁਰੂ) ਗ੍ਰੰਥ ਸਾਹਿਬ ਤਿਆਰ ਕਰ ਦਿੱਤਾ ਹੈ। ਐਸੀ ਰਹਿਮਤ ਕਰ ਕੇ ਵੀ ਉਹ ਚੁੱਪ ਨਹੀਂ ਬੈਠ ਗਏ, ਸਗੋਂ ਸਦਾ ਕੀਰਤਨ ਵਿਚ ਜੁੜੇ ਰਹਿੰਦੇ ਹਨ ਅਤੇ ਗੁਰਬਾਣੀ ਦੇ ਗੂਹਜ ਭਾਵ ਸੇਵਕਾਂ ਨੂੰ ਸਮਝਾਂਦੇ ਹਨ ਅਤੇ ਸਿੱਖਾਂ ਨੂੰ ਉਸੇ ਵਿਚ ਰੰਗੀ ਜਾਂਦੇ ਹਨ, ਜਿਸ ਵਿਚ ਆਪ ਰੰਗੇ ਹੋਏ ਹਨ :

**ਗੁਰਬਾਣੀ ਭੰਡਾਰ ਭਰਿ,**
**ਕੀਰਤਨੁ ਕਥਾ ਰਹੇ ਰੰਗ ਰਤਾ।**

ਭਾਈ ਗੁਰਦਾਸ ਜੀ ਫਿਰ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਦੀ ਆਤਮਾ ਸਦਾ ਇਕ ਰਸ ਅਨੰਦ ਬਿਖੇਰਦੀ ਰਹਿੰਦੀ ਹੈ। ਇੰਜ ਲਗਦਾ ਹੈ ਕਿ ਜਿਵੇਂ ਅੰਮ੍ਰਿਤ ਦੀ ਇਕ ਧਾਰਾ ਨਿਰੰਤਰ ਵਹਿ ਰਹੀ ਹੈ। ਪੰਜਵੇਂ ਪਾਤਸ਼ਾਹ ਦਾ ਅੰਤਰਲਾ ਇਕ ਅਲੌਕਿਕ ਅਨੰਦ ਵਿਚ ਟਿਕਿਆ ਰਹਿੰਦਾ ਹੈ :

**ਧੁਨਿ ਅਨਹਦਿ ਨਿਝਰੁ ਝਰੈ, ਪੂਰਨ ਪ੍ਰੇਮ ਅਮਿਓ ਰਸ ਮਤਾ।**

ਗੁਰੂ ਜੀ ਕਾਮਯਾਬੀ ਦਾ ਰਾਹ ਕੋਈ ਤਪ ਤਪੱਸਿਆ ਨਹੀਂ ਦੱਸਦੇ, ਸਿਰਫ਼ ਸਾਧ ਸੰਗਤਿ ਵਿਚ ਜੁੜਨ 'ਤੇ ਹੀ ਜ਼ੋਰ ਦਿੰਦੇ ਹਨ ਅਤੇ ਫ਼ਰਮਾਂਦੇ ਹਨ ਕਿ ਸੰਗਤਿ ਵਿਚੋਂ ਹੀ ਨਾਮ ਪਦਾਰਥ ਵਾਲਾ, ਨਫ਼ੇ ਵਾਲਾ ਸੌਦਾ ਮਿਲਦਾ ਹੈ। ਉਹ ਇਤਨੇ ਨਿਰਮਾਣ ਹਨ ਕਿ ਕਦੇ ਨਿੱਜੀ ਪ੍ਰਕਾਸ਼ ਜਾਂ ਨਿੱਜ ਨਾਲ ਹੀ ਜੁੜਨ ਦੀ ਗੱਲ ਨਹੀਂ ਕਰਦੇ, ਸਾਧ ਸੰਗਤਿ ਦੀ ਹੀ ਮਹੱਤਤਾ ਦ੍ਰਿੜ੍ਹਾਉਂਦੇ ਹਨ :

**ਸਾਧ ਸੰਗਤਿ, ਗੁਰ ਸਭਾ ਰਤਨ ਪਦਾਰਥ ਵਣਜ ਸਹੱਤਾ।**

ਪੰਜਵੇਂ ਨਾਨਕ ਦੀ ਪਾਵਨ ਸ਼ਖ਼ਸੀਅਤ ਸੱਚ ਦਾ ਪ੍ਰਕਾਸ਼ ਹੈ। ਉਨ੍ਹਾਂ ਦੀ ਰੂਹਾਨੀ ਸਲਤਨਤ ਦੀ ਛਾਪ ਵੀ ਸੱਚ ਹੈ। ਸੱਚ ਹੀ ਉਨ੍ਹਾਂ ਦੀ ਤਾਕਤ ਹੈ, ਸ਼ਕਤੀ ਹੈ। ਸੱਚ ਹੀ ਉਹ ਪਰਚਾਰਦੇ ਹਨ, ਭਾਵੇਂ ਉਸ ਲਈ ਕਿਤਨੇ ਦੁੱਖੜੇ ਝੱਲਣੇ ਪੈਣ। ਜਗਤ ਦੇ ਸਾਰੇ ਰਾਜ ਤਾਂ ਮੁੱਕ ਜਾਣਗੇ, ਪਰ ਗੁਰੂ ਜੀ ਦਾ ਸਾਜਿਆ ਸੱਚ-ਰਾਜ ਸਦਾ ਸਥਿਰ ਹੈ ਅਤੇ ਇਹ ਸਦਾ ਸਰੇਸ਼ਟ ਰਹੇਗਾ।

**ਸਚ ਨੀਸਾਣੁ, ਦੀਬਾਣੁ ਸਚ, ਸਚ ਤਾਣ, ਸਚ ਮਾਣ ਮਹਤਾ।**
**ਅਬਚਲੁ ਰਾਜ ਹੋਇਆ ਸਣਖਤਾ॥ ੧੯॥ ੨੪॥**

ਇਸੇ ਵਾਰ ਦੀ ਅਗਲੀ ਵੀਹਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਹੋਰ ਉਪਮਾ

Sri Satguru Jagjit Singh Ji eLibrary NamdhariElibrary@gmail.com

ਤੇ ਪ੍ਰਤਿਭਾ ਦਰਸਾਂਦੇ ਕਹਿੰਦੇ ਹਨ ਕਿ ਗੁਰੂ ਜੀ ਦੀ ਐਸੀ ਆਭਾ ਹੈ ਕਿ ਉੱਤਰ, ਦੱਖਣ, ਪੂਰਬ ਤੇ ਪੱਛਮ ਚਾਰੇ ਦਿਸ਼ਾਵਾਂ ਤੋਂ ਸੱਚ ਦੇ ਢੂੰਡਾਊ ਅਨੇਕਾਂ ਦੀ ਗਿਣਤੀ ਵਿਚ ਗੁਰੂ ਅਰਜਨ ਦੇਵ ਜੀ ਵੱਲ ਖਿੱਚੇ ਤੁਰੇ ਆ ਰਹੇ ਹਨ ਅਤੇ ਉਨ੍ਹਾਂ ਦਾ ਸਿੱਖ ਹੋਣ ਤੇ ਸਿੱਖੀ ਲੈਣ ਲਈ ਬੇਨਤੀਆਂ ਕਰ ਰਹੇ ਹਨ :

**ਚਾਰੇ ਚਕ ਨਿਵਾਇਓਨ, ਸਿਖ ਸੰਗਤਿ ਆਵੈ ਅਣਗਤਾ।**

ਸਿੱਖ ਜਥੇਬੰਦੀ ਉਨ੍ਹਾਂ ਐਸੀ ਮੁਕੰਮਲ ਕਰ ਦਿੱਤੀ ਹੈ ਕਿ ਹਰ ਇਕ ਸਵਾਲ ਦਾ ਉੱਤਰ ਉਸ ਪਾਸ ਹੈ। ਜੋ ਵੀ ਇਸ ਵਿਚ ਸ਼ਾਮਿਲ ਹੁੰਦਾ ਹੈ, ਉਸ ਦੀਆਂ ਨਾ ਸਿਰਫ਼ ਸਰੀਰਕ ਲੋੜਾਂ ਪੂਰੀਆਂ ਹੁੰਦੀਆਂ ਹਨ, ਸਗੋਂ ਆਤਮਕ ਭੁੱਖ ਦੂਰ ਹੁੰਦੀ ਹੈ। ਰੂਹ ਨੂੰ ਸ਼ਬਦ ਦੀ ਖ਼ੁਰਾਕ ਇੱਥੇ ਮਿਲਦੀ ਹੈ :

**ਲੰਗਰੁ ਚਲੈ, ਗੁਰ ਸ਼ਬਦਿ, ਪੂਰੇ ਪੂਰੀ ਬਨੀ ਬਣਤਾ।**

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ, ਦੋਵੇਂ ਹਲਤ ਤੇ ਪਲਤ ਦੇ ਪੱਖ ਪੂਰਨ ਕਰ ਕੇ, ਮਾਇਆ ਵਿਚ ਹੀ ਉਦਾਸ ਕਰਕੇ ਕਲਜੁਗ ਵਿਚ ਇਕ ਨਹੀਂ, ਅਸੰਖ ਹੀ ਜਨਕ ਪੈਦਾ ਕਰ ਦਿੱਤੇ ਹਨ। ਹਰ ਸਿੱਖ ਹੀ 'ਜਨਕ ਰੂਪ'[1] ਹੈ। ਹਰ ਸਿੱਖ ਪਰਉਪਕਾਰ ਦੀ ਮੂਰਤ ਹੈ, ਸਹਿਜ ਵਿਚ ਵਿਚਰ ਰਿਹਾ ਹੈ, ਗੁਰਮਤਿ ਦੇ ਰਾਹ 'ਤੇ ਤੁਰ ਰਹਿਆ ਹੈ। ਸਿੱਖਾਂ ਨੂੰ ਸੁਖਾਂ ਦਾ ਖ਼ਜ਼ਾਨਾ ਮਿਲ ਗਿਆ ਹੈ ਅਤੇ ਮੁਕਤੀ ਪੈਰ ਚੁੰਮ ਰਹੀ ਹੈ :

**ਮਾਇਆ ਵਿਚਿ ਉਦਾਸੁ ਕਰਿ, ਗੁਰੁ ਸਿਖ ਜਨਕ ਅਸੰਖ ਭਗਤਾ।**
**ਗੁਰਮਤਿ ਸੁ ਫਲ ਸਹਜ ਸੁਗੱਤਾ। ੨੦। ੨੪।**

ਪਉੜੀ 21ਵੀਂ ਵਿਚ ਭਾਈ ਜੀ ਲਿਖਦੇ ਹਨ ਕਿ ਦੁੱਖ ਵਿਚ ਗੁਰੂ ਅਰਜਨ ਦੇਵ ਜੀ ਕਦੇ ਝੁਰਦੇ ਨਹੀਂ ਅਤੇ ਖ਼ੁਸ਼ੀ ਵਿਚ ਹੱਦ-ਬੰਨਾ ਟੱਪਦੇ ਨਹੀਂ। ਸਦਾ ਸਹਜ ਵਿਚ ਰਹਿੰਦੇ ਹਨ। ਇਤਨੀ ਖਿੱਚ-ਮਈ ਉਨ੍ਹਾਂ ਦੀ ਸ਼ਖ਼ਸੀਅਤ ਹੈ ਕਿ ਇਕ ਤੱਕਣੀ ਨਾਲ ਹੀ ਦੂਜੇ ਨੂੰ ਵੱਸ ਕਰ ਲੈਂਦੇ ਹਨ।

**ਹਰਖੁ ਸੋਗਹੁ ਬਾਹਿਰਾ, ਹਰਣ ਭਰਣ ਸਮਰਥੁ ਸਰੰਦਾ।**

ਸੰਸਾਰੀ ਖ਼ਾਹਿਸ਼ਾਂ ਨੂੰ ਕਦੇ ਵੀ ਉਨ੍ਹਾਂ ਨੇ ਸਾਰੀ ਜ਼ਿੰਦਗੀ ਆਪਣੇ ਉੱਤੇ ਕਾਬੂ ਨਹੀਂ ਪੈਣ ਦਿੱਤਾ। ਭੈਅ ਉਨ੍ਹਾਂ ਦੇ ਲਾਗੇ ਨਹੀਂ, ਗੁੱਸੇ ਵਿਚ ਉਨ੍ਹਾਂ ਨੂੰ ਕਦੇ ਕਿਸੇ ਦੇਖਿਆ ਨਹੀਂ, ਗ੍ਰਿਹਸਤੀ ਹੁੰਦਿਆਂ ਵੀ ਮਾਇਆ ਉਨ੍ਹਾਂ ਨੂੰ ਗ੍ਰਸ ਨਹੀਂ ਸਕੀ। ਖਿਮਾ ਰੂਪ ਉਨ੍ਹਾਂ ਦਾ ਸੁਭਾਅ ਹੈ ਅਤੇ ਸਬਰ, ਸੰਤੋਖ ਅਤੇ ਸ਼ਾਂਤੀ ਦੀ ਉਹ ਮੂਰਤ ਹਨ :

**ਰਸ ਕਸ ਰੂਪ ਨ ਰੇਖਿ ਵਿਚਿ ਰਾਗ ਰੰਗ ਨਿਰਲੇਪ ਰਹੰਦਾ।**

ਸੱਚੀ ਗੱਲ ਤਾਂ ਇਹ ਹੈ ਕਿ ਕੋਈ ਵਿਚਾਰ, ਅਕਲ, ਸ਼ਕਤ, ਬੋਲ ਜਾਂ ਲੇਖ ਉਹਨਾਂ ਦਾ ਵਰਨਣ ਨਹੀਂ ਕਰ ਸਕਦਾ। ਉਹ ਅਪਹੁੰਚ ਹਨ, ਅਗੋਚਰ ਹਨ :

**ਗੋਸਟ ਗਿਆਨ ਅਗੋਚਰਾ, ਬੁਧਿ, ਬਲ ਬਚਨ ਬਿਬੇਕ ਨ ਛੰਦਾ।**

ਐਸੇ ਪਾਵਨ ਸੁਭਾਅ ਤੇ ਦ੍ਰਿੜ੍ਹ ਕਰਮ ਵਾਲੇ ਗੁਰੂ ਅਰਜਨ ਦੇਵ ਜੀ ਨੇ ਲਾਹੌਰ

1. 'ਜਨਕ ਸੋਇ ਜਿਨਿ ਜਾਣਿਆ', ਰੱਬੀ ਭੱਟਾਂ ਹੀ ਫ਼ਰਮਾਇਆ ਹੈ।

Sri Satguru Jagjit Singh Ji eLibrary NamdhariElibrary@gmail.com

ਗੁਰੂ ਅਰਜਨ ਦੇਵ ਜੀ ਉਚੇਰੀ ਦਰਗਾਹ ਦਾ ਲਾਡਲਾ ਅਤੇ ਬੇਨਜ਼ੀਰ ਦਰਬਾਰ ਦਾ ਪਿਆਰਾ ਹੈ। ਉਹ ਰੱਬ ਵਿਚ ਹੈ ਅਤੇ ਰੱਬ ਉਸ ਦੀ ਜ਼ਾਤ ਵਿਚ ਹੈ। ਪੁੱਜੇ ਹੋਏ ਲੋਕ ਵੀ ਉਸ ਦੀ ਧੂੜ ਲੈਣ ਲਈ ਤਰਸਦੇ ਹਨ।

ਫਿਰ ਭਾਈ ਸਾਹਿਬ ਅਰਜਨ (ਅਲਫ਼, ਰੇ, ਜੀਮ, ਨੂਨ) ਦੇ ਹਰ ਅੱਖਰ ਨੂੰ ਲੈ ਕੇ ਵਡਿਆਈ ਕਰਦੇ ਕਹਿੰਦੇ ਹਨ ਕਿ ਸੰਸਾਰ ਨੂੰ ਇਕ ਲੜੀ ਵਿਚ ਪਰੋਈ ਰੱਖਣ ਵਾਲੀ ਰੱਬ ਦੀ ਏਕਤਾ ਨੂੰ ਦਰਸਾਉਣ ਵਾਲੇ ਅਰਜੁਨ ਨਾਮ ਦਾ 'ਅਲਿਫ਼' ਹਰ ਨਿਰਾਸੇ ਤੇ ਧ੍ਰਿਕਾਰੇ ਨੂੰ ਸਹਾਇਤਾ ਦੇਣ ਵਾਲਾ ਹੈ ਅਤੇ ਉਸ ਦੇ ਨਾਮ ਦੀ ਖ਼ੁਸ਼ੀ ਵਧਾਉਣ ਵਾਲੀ 'ਰੇ' ਹਰ ਥੱਕੇ ਟੁੱਟੇ ਨਿਮਾਣੇ ਦਾ ਮਿੱਤਰ ਹੈ। ਉਸ ਦੀ ਰੱਬੀ ਸੁਗੰਧੀ ਵਾਲੀ 'ਜੀਮ' ਪੱਕੇ ਸਿਦਕਵਾਨਾਂ ਦੀ ਰੂਹ ਨੂੰ ਤਾਜ਼ਗੀ ਬਖ਼ਸ਼ਣ ਵਾਲੀ ਹੈ ਅਤੇ ਬਖ਼ਸ਼ਿਸ਼ ਦਾ ਸਾਥੀ 'ਨੂਨ' ਸ਼ਰਧਾਵਾਨਾਂ ਨੂੰ ਨਿਵਾਜਣ ਵਾਲਾ ਹੈ।

ਹੋਰ ਵਡਿਆਈਆਂ ਕਰਦੇ ਕਹਿੰਦੇ ਹਨ ਕਿ ਗੁਰੂ ਅਰਜਨ ਜੀ ਬਖ਼ਸ਼ਿਸ਼ ਅਤੇ ਵਡਿਆਈ ਦਾ ਰੂਪ ਹੈ। ਰੱਬੀ ਸ਼ਾਨ ਦੀ ਅਸਲੀਅਤ ਦਾ ਢੂੰਢਣਹਾਰਾ ਹੈ, ਉਸ ਦਾ ਸਾਰਾ ਵਜੂਦ ਰੱਬੀ ਰਹਿਮਤ ਦਾ ਝਲਕਾਰਾ ਹੈ[1] ਅਤੇ ਸਦੀਵੀ ਨੇਕ ਗੁਣਾਂ ਨੂੰ ਵਧਾਉਣ ਵਾਲਾ ਹੈ। ਦੋ ਜਹਾਨ ਕੀ, ਲੱਖਾਂ ਹੀ ਉਸਦੇ ਮੁਰੀਦ ਹਨ। ਸਾਰੇ ਹੀ ਉਸਦੀ ਮਿਹਰ ਦੇ ਅੰਮ੍ਰਿਤ ਰੂਪੀ ਘੁੱਟ ਪੀਣ ਵਾਲੇ ਹਨ। ਰੱਬੀ ਵਿਚਾਰ ਵਾਲੀ ਬਾਣੀ ਉਸ ਤੋਂ ਉਤਰਦੀ ਹੈ। ਸਿਦਕ ਭਰੋਸੇ ਵਾਲੇ ਗਿਆਨ ਭਰਪੂਰ ਸ਼ਬਦ ਵੀ ਉਸੇ ਦੇ ਹਨ। ਰੱਬੀ ਗਿਆਨ ਗੋਸ਼ਟ ਨੂੰ ਉਸ ਤੋਂ ਚਮਕ ਦਮਕ ਪ੍ਰਾਪਤ ਹੈ। ਰੱਬੀ ਹੁਸਨ ਨੂੰ ਉਸ ਤੋਂ ਨਿਖਾਰ ਅਤੇ ਖੇੜਾ ਆਉਂਦਾ ਹੈ :

**ਜਲਾਇ ਮਕਾਲਿ ਹੱਕ ਆਮਦ ਅਜ਼ੋ।**
**ਫ਼ਰੋਗਿ ਜਮਾਲ ਹੱਕ ਆਮਦ ਅਜ਼ੋ। ੭੯।** *(ਗੰਜ-ਨਾਮਾ)*

ਭਾਈ ਸੰਤੋਖ ਸਿੰਘ ਜੀ ਨੇ ਵੀ ਇਸੇ ਸੁਰ ਵਿਚ ਲਿਖਿਆ ਹੈ :

ਐਸਾ ਅਚਰਜ ਰੂਪ ਧਾਰ ਕੇ ਗੁਰੂ ਅਰਜਨ ਦੇਵ ਜੀ ਜਗਤ ਵਿਚ ਆ ਕੇ ਪ੍ਰਕਾਸ਼ ਦੇ ਰਹੇ ਹਨ ਕਿ ਪ੍ਰਮਾਣ ਨਹੀਂ ਜਾਣਿਆ ਜਾ ਸਕਦਾ ਕਿ ਆਪਣੇ ਪ੍ਰਕਾਸ਼ ਦਾ ਕਿਤਨਾ ਕੁ ਵਿਸਥਾਰ ਹੈ :

**ਅਰਜ ਨ ਜਾਨਯੋ ਜਾਇ, ਕੇਤੋ ਹੈ ਬਿਥਾਰ ਤੇਰੋ**
**ਐਸੋ ਰੂਪ ਧਾਰਿ ਆਇ, ਰਾਜੈਂ ਗੁਰੂ ਅਰਜਨ।**

ਆਪਣੇ ਦਾਸਾਂ ਦੀਆਂ ਅਰਜ਼ਾਂ ਸੁਣ ਕੇ ਉਨ੍ਹਾਂ ਨੂੰ ਮਨ ਮੰਗੀ ਮੁਰਾਦ ਦਾ ਦਾਨ ਦੇਂਦੇ ਹਨ। ਮੋਹ ਨੂੰ ਮਾਰਨ ਲਈ ਗੁਰੂ ਅਰਜਨ ਜੀ ਦੇ ਵਾਕ ਅਰਜਨ ਦੇ ਤੀਰਾਂ ਵਾਂਗ ਹਨ :

**ਅਰਜਨ ਸੁਨਤਿ ਸੁ ਦਾਸਨ ਕੇ ਦਾਨ ਦੇਤਿ**
**ਮੋਹ ਕੋ ਬਿਦਾਰਬੇ ਕੋ ਬਾਕ ਸਰ ਅਰਜਨ।**

ਜੋ ਸ਼ਤਰੂ ਆਪ ਦੇ ਦਾਸ ਹੋ ਗਏ ਉਨ੍ਹਾਂ ਨੇ ਮੁਕਤੀ ਦੇ ਸਾਰੇ ਪਦ ਪ੍ਰਾਪਤ ਕਰ

---
1. ਵਜੂਦਸ਼ ਹਮਾ ਰਹਿਮਤਿ ਈਜ਼ਦੀ।

Sri Satguru Jagjit Singh Ji eLibrary NamdhariElibrary@gmail.com

ਲਏ। ਜਿੱਥੇ ਵੀ ਦੈਵੀ ਕੰਮਾਂ ਨੂੰ ਅਟਕਾਂ ਪਈਆਂ, ਆਪ ਜੀ ਦਾ ਪਾਵਨ ਸਰੀਰ ਇਉਂ ਉਖੇੜ ਦੇਣ ਵਾਲਾ ਹੋ ਕੇ ਲੱਗਾ, ਜਿਵੇਂ ਕ੍ਰਿਸ਼ਨ ਦਾ ਸਰੀਰ ਯਮਲਾਰਜਨ ਨੂੰ ਲੱਗਾ ਸੀ। ਇਹ ਦੋ ਬ੍ਰਿਛ ਸਨ ਜਿਨ੍ਹਾਂ ਨਾਲ ਜਸੋਧਾ ਨੇ ਕ੍ਰਿਸ਼ਨ ਜੀ ਨੂੰ ਬੰਨ੍ਹਿਆ ਸੀ ਅਤੇ ਉਨ੍ਹਾਂ ਉਖਾੜ ਸੁੱਟੇ ਸਨ। ਕਹਿੰਦੇ ਹਨ ਕਿ ਇਹ ਕੋਈ ਦਰੱਖਤ ਨਹੀਂ ਸਨ, ਕੁਬੇਰ ਦੇ ਪੁੱਤਰ ਸਨ ਜੋ ਮਦ ਪੀ ਕੇ ਖਰੂਦ ਮਚਾਂਦੇ ਸਨ ਤੇ ਨਾਰਦ ਨੇ ਜੜ ਕਰ ਦਿੱਤਾ ਸੀ। ਭਾਵ ਮਾਇਆ ਮਦ ਵਿਚ ਮੱਤਿਆਂ ਨੂੰ ਗੁਰੂ ਜੀ ਉਖੇੜ ਸੁੱਟਦੇ ਹਨ :

ਅਰਿਜਨ ਭਏ ਮਨ ਮੋਖ ਪਦ ਲਏ
ਤਿਨ ਸਯਾਮ ਘਟ ਤਨੁ ਹੋਇ ਤੋਰੇ ਜਮਲਾਰਜਨ।

ਗਿਆਨੀ ਗਿਆਨ ਸਿੰਘ ਜੀ ਨੇ 'ਅਰਜਨ' ਸ਼ਬਦ ਦੀ ਟੇਕ ਲੈ ਕੇ ਖ਼ੂਬ ਲਿਖਿਆ ਹੈ ਕਿ ਗੁਰੂ ਅਰਜਨ ਜੀ ਦਾ ਕੋਈ ਪਾਰਾਵਾਰ ਨਹੀਂ; ਉਹ ਲਿਖਦੇ ਹਨ :

ਦੇਵਤਿਆਂ ਦੇ (ਅਰਜਨ) ਕਲਪ ਬ੍ਰਿਛ ਵਾਂਗ ਕਾਮਨਾ ਪੂਰੀਆਂ ਕਰਨ ਵਾਲੇ ਅਤੇ (ਅਰਜਨ) ਦਾਸਾਂ ਦੇ ਸੇਵਨ ਯੋਗ ਹਨ। ਕਉ ਬ੍ਰਿਛ (ਅਰਜਨ) ਵਰਗੇ ਹਨ। ਮਨੋਰਥਾਂ ਨੂੰ ਪੂਰਾ ਕਰਨ ਵਾਲੇ (ਅਰਜਨ) ਹਨ, ਜਿਨ੍ਹਾਂ ਦੇ ਗੁਣਾਂ ਦੀ ਚੌੜਾਈ ਤੇ ਲੰਬਾਈ (ਅਰਜ) ਮਾਪੀ ਨਹੀਂ ਜਾ ਸਕਦੀ। ਉਦਮ ਦੇ ਮੁੱਢ (ਅਰਜਨ) ਹਨ। ਵੈਰੀ ਜਨਾਂ ਲਈ (ਅਰਜਨ) ਦੁਖਦਾਈ ਪਰ ਸ਼ੁੱਧ ਅੰਤਹ ਕਰਨ ਵਾਲਿਆਂ ਲਈ (ਅਰਜਨ) ਸੁੰਦਰ ਸਰੂਪ ਹਨ। ਸਾਧ ਸੰਗਤ ਰੂਪੀ ਮਾਨਸਰੋਵਰ ਦੇ ਉਜਲ ਹੰਸ (ਅਰਜਨ) ਹਨ। ਅਰਜਨ ਦੇ ਤੀਰਾਂ ਵਰਗੀ ਬਾਣੀ ਦੇ ਬੱਦਲ (ਅਰਜਨ) ਵਾਂਗ ਬਰਖਾ ਕਰ ਕੇ ਕਾਮਾਦਿਕ ਵੈਰੀ (ਅਰਜਨ) ਜਨਾਂ ਨੂੰ ਚੂਰਨ ਕਰ ਦੇਂਦੇ ਹਨ। ਉਨ੍ਹਾਂ ਦੇ ਅਨੇਕਾਂ ਨਿਰਮਲ ਗੁਣ (ਅਰਜਨ) ਹਨ ਅਤੇ ਉਹ ਪਰਾਏ ਜਨਾਂ ਦੀਆਂ ਬੇਨਤੀਆਂ (ਅਰਜਨ) ਨੂੰ ਸੁਣਨਾ ਵੀ ਆਪਣਾ ਜ਼ਰੂਰੀ ਫ਼ਰਜ਼ ਸਮਝਦੇ ਹਨ :

ਅਰਜਨ ਦੇਵੰ, ਅਰਜਨ ਸੇਵੰ,
ਅਰਜਨ ਜੇਵੰ, ਅਰਜਨ ਪੂਰੈ।
ਅਰਜਨ ਤੂਲੰ, ਅਰਜਨ ਮੂਲੰ,
ਅਰਿਜਨ ਸੂਲਦ, ਅਰਜਨ ਰੂਰੈ।
ਅਰਜਨ ਮਾਨਸ, ਅਰਜਨਿ ਬਾਨਿਸ,
ਅਰਜਨ ਠਾਰਨ, ਅਰਿਜਨ ਚੂਰੇ।
ਤਾਂ ਗੁਰੂ ਅਰਜਨ ਕੇ ਗੁਨ ਅਰਜਨ,
ਅਰਜਨ ਫ਼ਰਿਜਨ ਫ਼ਰਜ਼ ਜ਼ਰੂਰੈ।[1]

ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਸਮੇਂ ਹੀ ਸਿੱਖੀ ਨੇ ਇਕ ਅਥਾਹ ਉੱਨਤੀ ਕੀਤੀ। ਗ੍ਰੀਨ ਲੀਜ਼ ਨੇ ਆਪਣੀ ਪੁਸਤਕ, 'ਦੀ ਗੌਸਪਲ ਆਫ਼ ਗੁਰੂ ਗ੍ਰੰਥ ਸਾਹਿਬ' ਵਿਚ, ਬਹੁਤ ਹੀ ਸੁੰਦਰ ਸ਼ਬਦਾਂ ਵਿਚ ਲਿਖਿਆ ਹੈ ਕਿ ਜਿਸ ਤਰ੍ਹਾਂ ਉਮਰ ਬਿਨ ਖ਼ਿਤਾਬ ਦੀ ਸ਼ਖਸੀਅਤ ਮੁਸਲਮਾਨਾਂ ਨੂੰ ਪਿਆਰੀ ਹੈ, ਇਸੇ

1. ਪੰਨਾ ੧੩੦, ਸ੍ਰੀ ਗੁਰ ਪੰਥ ਪ੍ਰਕਾਸ਼।

Sri Satguru Jagjit Singh Ji eLibrary NamdhariElibrary@gmail.com

ਤਰ੍ਹਾਂ ਗੁਰੂ ਅਰਜਨ ਸਿੱਖਾਂ ਨੂੰ ਪਿਆਰਾ ਹੈ। ਗੁਰੂ ਅਰਜਨ ਦੇਵ ਜੀ ਇਕ ਵੱਡੇ-ਨੀਤੀਵੇਤਾ, ਸ਼ਾਂਤ ਸੁਭਾਅ ਵਾਲੇ ਜਥੇਦਾਰ, ਚਿੰਤਕ ਅਤੇ ਉੱਚ-ਕੋਟੀ ਦੇ ਕਵੀ ਸਨ। ਵੱਡੇ ਭਰਾਵਾਂ ਦੇ ਗੁਸੈਲ ਸੁਭਾਅ ਸਾਹਮਣੇ ਉਹਨਾਂ ਦਾ ਸਦਾ ਨਿਮਰ ਰਹਿਣਾ ਤੇ ਮਿੱਠ-ਬੋਲੜਾ ਹੋਣਾ ਹੀ ਉਨ੍ਹਾਂ ਦੀ ਵਡਿਆਈ ਦਰਸਾਉਣ ਲਈ ਕਾਫ਼ੀ ਹੈ। ਉਨ੍ਹਾਂ ਦੀ ਬਾਣੀ ਇਕ ਵਹਿੰਦੇ ਰੂਹਾਨੀ ਚਸ਼ਮੇ[1] ਵਾਂਗ ਹੈ ਜਿਸ ਦੀ ਸੁਰੀਲੀ ਸੁਰ ਹਰ ਕਿਸੇ ਨੂੰ ਮੋਹ ਲੈਂਦੀ ਹੈ। ਬੋਲੀ ਖ਼ੂਬ ਸਰਲ ਰੱਖਦੇ ਹਨ, ਕਿਧਰੇ ਵੀ ਅਸਪੱਸ਼ਟਤਾ ਨਹੀਂ। ਬਾਰ-ਬਾਰ ਦੁਹਰਾਇਆਂ ਵੀ ਉਹ ਨਿੱਤ ਨਵੀਂ ਲਗਦੀ ਹੈ। ਉਨ੍ਹਾਂ ਦੀ ਬਾਣੀ ਦੀ ਇਕ ਟੇਕ, ਅਟੁੱਟ, ਪ੍ਰੇਮ, ਭਗਤੀ ਤੇ ਚਿਰ ਵਿਛੋੜੇ ਦੀ ਕਸਕ ਬਾਅਦ ਪਿਆਰੇ ਦੇ ਮਿਲਾਪ ਦਾ ਸੁਆਦ ਹੈ।[2]

ਡਾਕਟਰ ਗੋਕਲ ਚੰਦ ਨਾਰੰਗ ਨੇ ਵੀ ਇਹ ਹੀ ਲਿਖਿਆ ਹੈ ਕਿ ਹੁਣ ਲੋਕਾਂ ਸਾਹਮਣੇ ਉਹ ਗੁਰ ਵਿਅਕਤੀ ਆਇਆ, ਜੋ ਜਨਮਤ ਕਵੀ, ਅਮਲੀ ਚਿੰਤਕ, ਵੱਡਾ ਜਥੇਦਾਰ ਅਤੇ ਇਕ ਨੀਤੀਵੇਤਾ ਸੀ। ਗੁਰੂ ਅਰਜਨ ਦੇਵ ਜੀ ਉਨ੍ਹਾਂ ਸਭ ਸਿਫ਼ਤਾਂ ਦੇ ਮਾਲਕ ਸਨ ਜੋ ਕਿਸੇ ਕੌਮ ਦੀ ਉਸਾਰੀ ਵੇਲੇ ਆਗੂ ਵਿਚ ਹੋਣੀਆਂ ਲੋੜੀਂਦੀਆਂ ਹਨ। ਕਨਿੰਘਮ ਦਾ ਕਹਿਣਾ ਹੈ ਕਿ ਸ਼ਾਇਦ ਗੁਰੂ ਅਰਜਨ ਦੇਵ ਜੀ ਹੀ ਇਕ ਐਸੇ ਪਹਿਲੇ ਗੁਰੂ ਸਨ, ਜਿਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੂੰ ਨੀਝ ਲਾ ਵਾਚਿਆ ਤੇ ਗੱਲ ਜਾਣ ਲਈ ਕਿ ਉਨ੍ਹਾਂ ਦੇ ਉਪਦੇਸ਼ ਜੀਵਨ ਦੀ ਨਿੱਤ ਕਿਰਿਆ ਵਿਚ ਸਹਿਲੇ ਵਰਤੇ ਜਾ ਸਕਦੇ ਹਨ। ਭਾਵ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਨੂੰ ਅਮਲੀ ਜਾਮਾ ਪਹਿਨਾਇਆ। ਲਤੀਫ਼ ਵੀ ਇਸੇ ਪ੍ਰਸੰਗ ਵਿਚ ਕਹਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਉਮਾਹ ਨਾਲ ਭਰੇ ਜਜ਼ਬੇ ਵਾਲੇ ਗੁਰੂ ਸਨ। ਉਨ੍ਹਾਂ ਨੇ ਨਿਸ਼ਾਨਾ ਬਹੁਤ ਉੱਚਾ ਮਿੱਥਿਆ ਹੋਇਆ ਸੀ। ਸਿੱਖ ਕੌਮ ਨੂੰ ਜਥੇਬੰਦ ਕੀਤਾ ਅਤੇ ਆਤਮਿਕ ਉੱਨਤੀ ਲਈ ਭਰਪੂਰ ਉਪਰਾਲੇ ਕੀਤੇ। ਸੀ. ਐਚ. ਪੇਨ ਤੇ ਜੀ. ਬੀ. ਸਕਾਟ ਵੀ ਇਹ ਹੀ ਕਹਿੰਦੇ ਹਨ ਕਿ 'ਗੁਰੂ ਅਰਜਨ ਜੀ, ਜੋ ਸਿੱਖਾਂ ਦੇ ਪੰਜਵੇਂ ਗੁਰੂ ਹਨ, ਨੇ ਗੁਰੂ ਨਾਨਕ ਦੇ ਉਪਦੇਸ਼ਾਂ ਨੂੰ ਸਹੀ ਅਰਥਾਂ ਵਿਚ ਸਮਝਿਆ ਤੇ ਉਨ੍ਹਾਂ ਦੇ ਠੀਕ-ਠਾਕ ਪ੍ਰਚਾਰ ਦਾ ਜ਼ਿੰਮਾ ਆਪਣੇ ਸਿਰ ਲਿਆ।' ਕੌਮ ਆਪਣੇ ਪੈਰਾਂ 'ਤੇ ਖੜ੍ਹੀ ਹੋ ਗਈ। ਦੂਰੋਂ-ਦੂਰੋਂ ਸਿੱਖ ਆ ਕੇ ਜੀਵਨ ਜੁਗਤ ਸਿੱਖਦੇ। ਅਨੇਕਾਂ ਹੀ ਪਾਰ ਹੋਏ। ਅਨੇਕਾਂ ਦੇ ਦੁੱਖ ਹਰੇ। ਅਨੇਕਾਂ ਨੂੰ ਆਤਮਕ ਸੋਝੀ ਮਿਲੀ।

ਆਪ ਜੀ ਦਾ ਉਪਦੇਸ਼ ਢੰਗ ਇਤਨਾ ਸਰਲ, ਸਾਦਾ ਅਤੇ ਮਿੱਠਾ ਸੀ ਕਿ ਇਕ ਬਚਨ ਸੁਣ ਕੇ ਹੀ ਸੁਣਨ ਵਾਲੇ ਦੀ ਨਿਸ਼ਾ, ਤ੍ਰਿਪਤੀ ਹੋ ਜਾਂਦੀ ਸੀ। ਭਾਈ ਗੁਰਦਾਸ ਜੀ ਨੇ ਵਾਰ ਗਿਆਰ੍ਹਵੀਂ ਵਿਚ ਕਈ ਸਿੱਖਾਂ ਦਾ ਜ਼ਿਕਰ ਕੀਤਾ ਹੈ।

ਭਾਈ ਮੰਝ ਨੂੰ ਸਿਰਫ਼ ਇਤਨਾ ਕਿਹਾ ਕਿ 'ਸਿੱਖੀ 'ਤੇ ਸਿੱਖੀ ਨਹੀਂ ਟਿਕਦੀ' ਤਾਂ ਉਸ ਰਮਜ਼ ਸਮਝ ਲਈ ਕਿ ਸਿੱਖੀ ਪਾਉਣ ਲਈ ਸਭ ਆਸਰੇ ਪਰਨੇ ਛੱਡਣੇ ਪੈਂਦੇ ਹਨ। ਭਾਈ ਬਹਿਲੋ ਜੀ ਨੂੰ ਕੇਵਲ ਇਤਨਾ ਹੀ ਆਖਿਆ ਕਿ ਸ਼ਰਧਾ ਹੀ ਮੂਲ ਹੈ। ਇਹ

---

1. ਗੋਸਪਲ ਆਫ਼ ਗੁਰੂ ਗ੍ਰੰਥ ਸਾਹਿਬ, ਪੰਨਾ xxix
2. His themes are ever love, devotion, and union with the Beloved after the long agony of separation.

Sri Satguru Jagjit Singh Ji eLibrary NamdhariElibrary@gmail.com